☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ





## ਦੂਜਾ ਭਾਗ







http://nehklankharshabad.com/

## ✪ ਤਤਕਰਾ ✪






| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੧੫ ਵਿਸਾਖ ੨੦੦੯ ਬਿਕ੍ਰਮੀ | ਰਣਜੀਤ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੦੦੧ |
| ੧੭ ਵਿਸਾਖ ੨੦੦੯ ਬਿਕ੍ਰਮੀ | ਮਾਤਾ ਬਿਸ਼ਨ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੦੧੩ |
| ੦੫ ਜੇਠ ੨੦੦੯ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਹਿ | ਬੁੱਗੇ | ਅੰਮ੍ਰਿਤਸਰ | ੦੨੦ |
| ੦੬ ਜੇਠ ੨੦੦੯ ਬਿਕ੍ਰਮੀ | | ਬੁੱਗੇ | ਅੰਮ੍ਰਿਤਸਰ | ੦੬੫ |
| ੦੬ ਜੇਠ ੨੦੦੯ ਬਿਕ੍ਰਮੀ | ਪ੍ਰੇਮ ਸਿੰਘ ਰਾਤ ਦੇ ਸਮੇਂ | ਬੁੱਗੇ | ਅੰਮ੍ਰਿਤਸਰ | ੦੮੩ |
| ੦੮ ਜੇਠ ੨੦੦੯ ਬਿਕ੍ਰਮੀ | ਬਿਸ਼ਨ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੦੯੭ |
| ੧੮ ਜੇਠ ੨੦੦੯ ਬਿਕ੍ਰਮੀ | ਲਛਮਣ ਸਿੰਘ ਦੇ ਗ੍ਰਹਿ | ਦਿੱਲੀ | ਦਿੱਲੀ | ੧੧੩ |
| ਪਹਿਲੀ ਸਾਵਣ ੨੦੦੯ ਬਿਕ੍ਰਮੀ | | ਮੇਰਠ ਛਾਉਣੀ | ਮੇਰਠ | ੧੩੬ |
| ੧੫ ਸਾਵਣ ੨੦੦੯ ਬਿਕ੍ਰਮੀ | | ਮੇਰਠ ਛਾਉਣੀ | ਮੇਰਠ | ੧੬੮ |
| ੨੧ ਸਾਵਣ ੨੦੦੯ ਬਿਕ੍ਰਮੀ | ਮਾਤਾ ਬਿਸ਼ਨ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੧੯੦ |
| ੨੨ ਸਾਵਣ ੨੦੦੯ ਬਿਕ੍ਰਮੀ | ਮਾਤਾ ਰਣਜੀਤ ਕੌਰ ਦੇ | ਜੇਠੂਵਾਲ | ਅੰਮ੍ਰਿਤਸਰ | ੧੯੫ |
| ੨੩ ਸਾਵਣ ੨੦੦੯ ਬਿਕ੍ਰਮੀ | | ਜੇਠੂਵਾਲ | ਅੰਮ੍ਰਿਤਸਰ | ੨੦੪ |
| ੨੪ ਸਾਵਣ ੨੦੦੯ ਬਿਕ੍ਰਮੀ | ਮਾਤਾ ਬਿਸ਼ਨ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੨੨੨ |
| ੨੪ ਸਾਵਣ ੨੦੦੯ ਬਿਕ੍ਰਮੀ | ਰਣਜੀਤ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੨੩੧ |
| ੧੪ ਭਾਦਰੋਂ ੨੦੦੯ ਬਿਕ੍ਰਮੀ | | ਮੇਰਠ ਛਾਉਣੀ | ਮੇਰਠ | ੨੩੭ |
| ੧੭ ਭਾਦਰੋਂ ੨੦੦੯ ਬਿਕ੍ਰਮੀ | | ਮੇਰਠ ਛਾਉਣੀ | ਮੇਰਠ | ੨੬੬ |
| ੦੪ ਕੱਤਕ ੨੦੦੯ ਬਿਕ੍ਰਮੀ | ਮਾਤਾ ਬਿਸ਼ਨ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੨੮੯ |
| ੦੫ ਕੱਤਕ ੨੦੦੯ ਬਿਕ੍ਰਮੀ | ਮਾਤਾ ਬਿਸ਼ਨ ਕੌਰ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੨੯੯ |
| ਪਹਿਲੀ ਮਾਘ ੨੦੦੯ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਹਿ | ਬੁੱਗੇ | ਅੰਮ੍ਰਿਤਸਰ | ੩੧੫ |
| ੦੨ ਮਾਘ ੨੦੦੯ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਹਿ | ਬੁੱਗੇ | ਅੰਮ੍ਰਿਤਸਰ | ੩੭੬ |






| | | | |
|---|---|---|---|
| ੧੭ ਚੇਤ ੨੦੧੦ ਬਿਕ੍ਰਮੀ | ਮੇਰਠ ਛਾਉਣੀ | ਮੇਰਠ | ੩੮੪ |
| ੧੯ ਚੇਤ ੨੦੧੦ ਬਿਕ੍ਰਮੀ | ਮੇਰਠ ਛਾਉਣੀ | ਮੇਰਠ | ੪੦੬ |
| ਪਹਿਲੀ ਜੇਠ ੨੦੧੦ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੪੩੭ |









2







ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ





## * ੧੫ ਵਿਸਾਖ ੨੦੦੯ ਬਿਕ੍ਰਮੀ ਰਣਜੀਤ ਕੌਰ ਦੇ ਗ੍ਰਹਿ ਪਿੰਡ ਜੇਠੂਵਾਲ *

ਗੁਰ ਕਿਰਪਾ ਜਨ ਸੇਵ ਕਮਾਏ । ਗੁਰ ਕਿਰਪਾ ਜਨ, ਦਰ ਆਏ । ਗੁਰ ਕਿਰਪਾ ਗੁਰਸਿਖ ਗੁਰ ਮਾਰਗ ਲਾਏ । ਗੁਰ ਕਿਰਪਾ ਘਰ ਨੌਂ ਨਿਧ ਉਪਜਾਏ । ਗੁਰ ਕਿਰਪਾ ਰਿਧ ਸਿਧ ਗੁਰ ਵਸ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸੇਵਾ ਲਾਏ । ਗੁਰ ਕਿਰਪਾ ਗੁਰ ਹੋਏ ਰਖਵਾਲਾ । ਗੁਰ ਕਿਰਪਾ ਗੁਰ ਸਦ ਪ੍ਰਿਤਪਾਲਾ । ਗੁਰ ਕਿਰਪਾ ਗੁਰ ਜੋਤ ਜਗਾਏ ਗੁਰਸਿਖ ਜਵਾਲਾ । ਗੁਰ ਕਿਰਪਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਆਪ ਰਖਵਾਲਾ । ਪ੍ਰਭ ਕਿਰਪਾ ਕਰ ਭਰੇ ਭੰਡਾਰੇ । ਕਰ ਕਿਰਪਾ ਦੇਵੇ ਸ਼ਬਦ ਅਧਾਰੇ । ਗੁਰ ਕਿਰਪਾ ਗੁਰਸਿਖ ਆਏ ਪ੍ਰਭ ਚਰਨ ਦਵਾਰੇ । ਗੁਰ ਕਿਰਪਾ ਗੁਰਸਿਖ ਗੁਰ ਚਰਨ ਨਿਮਸਕਾਰੇ । ਗੁਰਮੁਖ ਸਾਚਾ ਗੁਰ ਪੂਰਾ ਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਭੰਜਨ ਦੁਖ ਨਿਵਾਰੇ । ਪ੍ਰਭ ਕਿਰਪਾ ਗੁਰ ਵਡ ਮਿਹਰਵਾਨ । ਗੁਰ ਕਿਰਪਾ ਜੀਵ ਉਪਜੇ ਗੁਰ ਚਰਨ ਧਿਆਨ । ਗੁਰ ਕਿਰਪਾ ਗੁਰਸਿਖ ਕਰੇ ਚਰਨ ਅਸ਼ਨਾਨ । ਗੁਰ ਕਿਰਪਾ ਗੁਰ ਦੇਵੇ ਸੋਹੰ ਨਾਮ ਨਿਧਾਨ । ਗੁਰ ਕਿਰਪਾ ਪ੍ਰਭ ਪਾਇਆ ਵਡ ਬਲਵਾਨ । ਗੁਰ ਪੂਰਾ ਗੁਰਸਿਖ ਸਾਚਾ ਸ਼ਬਦ ਮੇਲ ਮਿਲਾਣ । ਗੁਰ ਪੂਰਾ ਗੁਰਸਿਖ ਦਰ ਪਾਈਏ ਆਤਮ ਬ੍ਰਹਮ ਗਿਆਨ । ਗੁਰਮੁਖ ਪੂਰਾ ਮੇਟੇ ਆਤਮ ਅੰਧ ਅਗਿਆਨ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਜੋਤ ਸਰੂਪੀ ਆਣ । ਗੁਰ ਪੂਰਾ ਗੁਰ ਦਇਆ ਕਮਾਏ । ਗੁਰ ਪੂਰਾ ਗੁਰਸਿਖ ਦਰਸ ਦਿਖਾਏ । ਗੁਰ ਕਿਰਪਾ ਗੁਰਸਿਖ ਹਰਸ ਮਿਟਾਏ । ਗੁਰ ਕਿਰਪਾ ਗੁਰਸਿਖ ਆਤਮ ਮੇਘ ਬਰਸਾਏ । ਗੁਰ ਕਿਰਪਾ ਗੁਰਸਿਖ ਆਤਮ ਤ੍ਰਿਖਾ ਮਿਟਾਏ । ਗੁਰ ਪੂਰਾ ਗੁਰਮੁਖ ਸਾਚੇ ਲੇਖ ਲਿਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣੀ ਸੇਵਾ ਲਾਏ । ਗੁਰ ਪੂਰਾ ਗੁਰ ਸੂਰਾ । ਲਿਖਾਵੇ ਕਰਾਵੇ ਸ਼ਬਦ ਪੂਰਾ । ਗੁਰਮੁਖ ਦੇਵੇ ਨਾਉਂ ਮੇਵਾ । ਗੁਰ ਪੂਰਾ ਸ਼ਬਦ ਅਨਹਦ ਤੂਰਾ । ਆਤਮ ਕਰੇ ਭਰਪੂਰਾ । ਵਡਿਆਈ ਦੇਵੇ ਵਿਚ ਦੇਵੀ ਦੇਵਾ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਿਰਥਾ ਜਾਏ ਨਾ ਤੇਰੀ ਸੇਵਾ । ਗੁਰ ਪੂਰਾ ਸਿਖ ਚਰਨੀ ਲਾਗ । ਗੁਰ ਪੂਰਾ ਗੁਰਸਿਖ ਲਗਾਏ ਭਾਗ । ਗੁਰ ਪੂਰਾ ਸੋਹੰ ਸ਼ਬਦ ਉਪਜਾਏ ਸਾਚਾ ਰਾਗ । ਗੁਰ ਪੂਰਾ ਆਤਮ ਯਤ ਰਖਾਏ, ਤ੍ਰਿਸ਼ਨਾ ਕਾਮ ਨਾ ਪੋਹੇ ਆਗ । ਗੁਰ ਪੂਰਾ ਗੁਰਚਰਨ ਸੁਹਾਏ, ਲਗਾਏ ਸਿਖ ਜਿਉਂ ਬਾਸ਼ਕ ਨਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖ

ਚਰਨੀ ਲਾਗ । ਗੁਰ ਪੂਰਾ ਜੀਵ ਜੰਤ ਉਪਾਏ । ਗੁਰ ਪੂਰਾ ਗੁਰਸਿਖ ਨੀਵ ਰਖਾਏ । ਗੁਰ ਪੂਰਾ ਗੁਰਮੁਖ ਸਾਚੇ ਬੂਝ ਬੁਝਾਏ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਮੇਲ ਮਿਲਾਏ । ਗੁਰ ਪੂਰਾ ਗਹਿਰ ਗੰਭੀਰ । ਗੁਰ ਪੂਰਾ ਆਤਮ ਦੇਵੇ ਗੁਰਸਿਖ ਧੀਰ । ਗੁਰ ਪੂਰਾ ਰੱਖੇ ਪਤਿ ਅੰਤਕਾਲ ਨਾ ਲੱਥੇ ਚੀਰ । ਗੁਰਮੁਖ ਪਿਲਾਏ ਪ੍ਰਭ ਅੰਮ੍ਰਿਤ ਸਾਚਾ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰ ਨਾ ਜਾਣੇ ਸਾਧ ਸੰਤ ਫ਼ਕੀਰ । ਗੁਰ ਪੂਰਾ ਕਲ ਜਾਮਾ ਪਾਏ । ਗੁਰ ਪੂਰਾ ਭੇਖ ਧਾਰੀ ਸਰਬ ਭੁਲਾਏ । ਗੁਰਮੁਖਾਂ ਪ੍ਰਭ ਪੂਰਾ ਦਿਸ ਨਾ ਆਏ । ਗੁਰ ਪੂਰਾ ਜੋਤ ਅਧਾਰੀ ਜੋਤ ਰਹਾਏ । ਗੁਰ ਪੂਰਾ ਪ੍ਰਭ ਗਿਰਧਾਰੀ ਜਾਮਾ ਮਾਤਲੋਕ ਵਿਚ ਪਾਏ । ਗੁਰ ਪੂਰਾ ਗੁਰ ਚਰਨ ਬਣਾਏ । ਹਰਿ ਕਾ ਦਵਾਰ ਗੁਰਸਿਖ ਵਿਰਲਾ ਨਾਵ੍ਹਣ ਜਾਏ । ਗੁਰ ਪੂਰਾ ਹਉਮੇ ਰੋਗ ਸੋਹੰ ਕਰੇ ਕਾਰੀ, ਆਤਮ ਰੋਗ ਸਰਬ ਮਿਟਾਏ । ਗੁਰ ਪੂਰਾ ਵਡ ਦਾਤਾ ਵਡ ਭੰਡਾਰੀ, ਨਾਮ ਦਾਨ ਦਰ ਭਿਛਿਆ ਪਾਏ । ਗੁਰ ਪੂਰਾ ਗੁਰਮੁਖ ਸਾਚੇ ਆਤਮ ਜੋਤ ਜਗਾਈ, ਗੁਰ ਪੂਰਾ ਗੁਰਸਿਖ ਸਮਾਏ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਭਿਖਿਆ ਪਾਏ । ਗੁਰ ਪੂਰਾ ਗੁਰਮੁਖ ਸਾਚੇ ਲੇਖ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖਾਂ ਪੂਰਨ ਆਸ ਕਰਾਏ । ਗੁਰ ਪੂਰਾ ਗੁਰ ਭਗਤ ਉਧਾਰੇ । ਗੁਰ ਪੂਰਾ ਬ੍ਰਹਮ ਵਿਚਾਰੇ । ਗੁਰ ਪੂਰਾ ਗੁਰ ਜੋਤ ਅਧਾਰੇ । ਗੁਰ ਪੂਰਾ ਸਾਚਾ ਵਿਵਹਾਰੇ । ਗੁਰ ਪੂਰਾ ਗੁਰਸਿਖ ਸਾਚੇ ਪੰਚਮ ਜੇਠ ਸਾਚੇ ਤਿਵਹਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਵਿਚ ਮਾਤ ਉਤਾਰੇ । ਆਵੇ ਪੰਚਮ ਪੰਚਮ ਪੰਚਮ ਮੁੱਖ । ਸਾਧ ਸੰਗਤ ਦਿਸਾਵੇ ਸਾਚਾ ਸੁਖ । ਪਰਗਟ ਜੋਤ ਨਿਹਕਲੰਕ ਅੰਮ੍ਰਿਤ ਚੁਆਏ ਮੁਖ । ਆਤਮ ਮਿਟਾਏ ਸਰਬ ਸ਼ੰਕ, ਸੁਫਲ ਕਰਾਏ ਮਾਤ ਕੁੱਖ । ਏਕ ਲਗਾਵੇ ਆਪਨੇ ਅੰਕ, ਜਗਤ ਤ੍ਰਿਸਨਾ ਮਿਟਾਵੇ ਭੁੱਖ । ਮਹਾਰਾਜ ਸ਼ੇਰ ਸਿੰਘ ਗੁਰਸਿਖ ਤਰਾਵੇ, ਗਰਭਵਾਸ ਨਾ ਉਪਜੇ ਉਲਟਾ ਰੁੱਖ । ਗੁਰ ਪੂਰਾ ਗੁਰ ਦਾਤਾਰ । ਗੁਰ ਪੂਰਾ ਦੁਖੀਆਂ ਭੁਖਿਆਂ ਪਾਵੇ ਸਾਰ । ਗੁਰ ਪੂਰਾ ਭੋਗ ਲਗਾਏ ਰੁੱਖਿਆਂ ਸੁੱਖਿਆਂ, ਗੁਰਸਿਖਾਂ ਜਾਏ ਤਾਰ । ਗੁਰ ਪੂਰਾ ਭਾਗ ਲਗਾਏ ਦੁਖੀਆਂ, ਸਰਬ ਜਾਏ ਪੈਜ ਸਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਜਲ ਕਰੇ ਮੁਖੀਆਂ, ਜੋ ਜਨ ਆਏ ਦਰਬਾਰ । ਗੁਰ ਪੂਰਾ ਪੂਰਨ ਮਤਿ ਪਾਏ । ਗੁਰ ਪੂਰਾ ਗੁਰਮੁਖ ਸਾਚੇ ਸਾਚਾ ਸਤਿ ਰਖਾਏ । ਗੁਰ ਪੂਰਾ ਆਤਮ ਯਤ, ਸੋਹੰ ਬੀਜ ਬਿਜਾਏ । ਗੁਰ ਪੂਰਾ ਗੁਰਸਿਖ ਰੱਖੇ ਪੱਤ, ਚਾਰ ਯਾਰਾਂ ਚੋਬਦਾਰ ਬਣਾਏ । ਏਕਾ ਉਪਜਾਵੇ ਚਲਾਵੇ ਸੋਹੰ ਤਤ, ਮਹਾਰਾਜ ਸ਼ੇਰ ਸਿੰਘ ਨਾਉਂ ਰਖਾਵੇ । ਪੂਰਾ ਗੁਰ ਪੂਰਨ ਉਪਦੇਸ਼ । ਪੂਰਾ ਗੁਰ ਜੋਤ ਸਰੂਪੀ ਕੀਆ ਵੇਸ । ਗੁਰ ਪੂਰਾ ਕਲਜੁਗ ਜਾਮਾ ਪਾਇਆ ਗੁਰਸਿਖ ਸਮਾਇਆ ਝੂਠੀ ਕਾਇਆ ਵਟਾਇਆ ਭੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਨਾ ਜਾਣੇ ਦਰ ਖੜੇ ਬ੍ਰਹਮਾ ਵਿਸ਼ਨ ਮਹੇਸ਼ । ਗੁਰ ਪੂਰਾ ਵਡ ਵਡਿਆਈ । ਗੁਰ ਪੂਰਾ ਸ੍ਰਿਸ਼ਟ ਭੁਲਾਈ । ਗੁਰ ਪੂਰਾ ਸਾਧ ਸੰਗਤ ਸਾਚਾ ਸਤਿ ਰਖਾਈ । ਗੁਰ ਪੂਰਾ ਅੰਤਕਾਲ ਕਲ ਸਰਬ ਭ੍ਰਿਸ਼ਟ ਕਰਾਈ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸਾਚੇ ਮਾਰਗ ਦੇਵੇ ਲਾਈ । ਗੁਰ ਪੂਰਾ ਸਚ ਮਾਰਗ ਲਾਏ । ਗੁਰ ਪੂਰਾ ਸਾਰੰਗ ਧਰ ਆਪ ਅਖਵਾਏ । ਗੁਰ ਪੂਰਾ ਗੁਰਦੇਵ ਆਪ ਆਪਨੀ ਕਲ ਪਰਗਟਾਏ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਚਲਾਏ । ਗੁਰ ਪੂਰਾ ਸਚ ਸ਼ਬਦ ਲਿਖਾਏ । ਗੁਰ ਪੂਰਾ ਸ੍ਰਿਸ਼ਟ ਸਬਾਈ ਏਕਾ ਮਾਰਗ ਲਾਏ ।

ਗੁਰ ਪੂਰਾ ਸੋਹੰ ਸਾਚਾ ਨਾਮ ਚਾਰ ਵਰਨ ਰਖਾਏ । ਗੁਰ ਪੂਰਾ ਮਾਤ ਸਾਚਾ ਥਾਉਂ ਚਰਨ ਧਰ ਜਾਏ ਸੁਹਾਏ । ਸਾਚਾ ਗੁਰ ਅਗੰਮ ਅਥਾਹੋ, ਨਿਹਕਲੰਕ ਜੋਤ ਸਰੂਪੀ ਕਲ ਜਾਮਾ ਪਾਏ । ਗੁਰ ਪੂਰਾ ਰਾਓ ਰੰਕ ਇਕ ਕਰਾਏ, ਆਪਣਾ ਹੁਕਮ ਆਪ ਵਰਤਾਏ । ਗੁਰ ਪੂਰਾ ਬੈਠੇ ਆਪ ਅਡੋਲ ਅਟੰਕ ਜੇ ਕੋਈ ਦੇਖੇ ਦਿਸ ਨਾ ਆਏ । ਗੁਰਸਿਖ ਪੂਰੇ ਜੋਤ ਸਰੂਪੀ ਲਾਏ ਤਨਕ, ਆਪ ਆਪਣਾ ਦਰਸ ਦਿਖਾਏ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਲ ਆਪਣੀ ਸੇਵਾ ਲਾਏ । ਗੁਰ ਪੂਰਾ ਸੱਜਣ ਸੁਹੇਲਾ । ਗੁਰ ਪੂਰਾ ਵਿਛੜਿਆਂ ਕਲ ਕਰਾਇਆ ਮੇਲਾ । ਗੁਰ ਪੂਰਾ ਪਾਰਬ੍ਰਹਮ ਪਰਮੇਸ਼ਵਰ ਅਚਰਜ ਖੇਲ ਆਪ ਪ੍ਰਭ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਾਚਾ ਪ੍ਰਭ ਮਿਲਣ ਦਾ ਵੇਲਾ । ਗੁਰ ਪੂਰਾ ਗੁਰ ਮੇਲ ਮਿਲਾਏ । ਗੁਰ ਪੂਰਾ ਅਚਰਜ ਖੇਲ ਕਲ ਆਪ ਕਰਾਏ । ਗੁਰ ਪੂਰਾ ਬਿਨ ਅਗਨ ਤੇਲ ਜੋਤ ਸਰੂਪੀ ਸ੍ਰਿਸ਼ਟ ਜਲਾਏ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਜਗਤ ਵਰਤਾਏ । ਗੁਰ ਪੂਰਾ ਅਚਰਜ ਖੇਲ ਕਰਾਏ । ਗੁਰ ਪੂਰਾ ਸ੍ਰਿਸ਼ਟ ਸਬਾਈ ਆਪ ਸਮਾਏ । ਗੁਰ ਪੂਰਾ ਜਾਮਾ ਧਾਰ ਨਿਹਕਲੰਕ ਆਪ ਆਪਣਾ ਵਕ਼ਤ ਸੁਹਾਏ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਡੰਕ ਵਜਾਏ । ਗੁਰ ਪੂਰੇ ਨਾਦ ਧੁਨ ਵਜਾਇਆ । ਗੁਰ ਪੂਰੇ ਗੁਰਮੁਖ ਸਾਚੇ ਆਤਮ ਸੁੰਨ ਸਮਾਧ ਖੁਲ੍ਹਾਇਆ । ਗੁਰ ਪੂਰੇ ਗੁਰਸਿਖ ਕਲ ਵਿਰਲੇ ਲਾਧ, ਆਪਣੀ ਸੇਵ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣਾ ਝੋਲੀ ਪਾਇਆ । ਗੁਰ ਪੂਰਾ ਸਚ ਫਲ ਦਵਾਏ । ਗੁਰ ਪੂਰਾ ਗੁਰਸਿਖ ਕਰ ਦਰਸ ਸਦ ਬਲ ਬਲ ਜਾਏ । ਗੁਰ ਪੂਰਾ ਗੁਰਸਿਖ ਆਤਮ ਮੇਘ ਬਰਸਾਏ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਦਰਸ ਸੰਸਾ ਰੋਗ ਗਵਾਏ । ਗੁਰ ਪੂਰਾ ਸੰਸਾ ਰੋਗ ਗਵਾਇਆ । ਗੁਰ ਪੂਰਾ ਸੋਹੰ ਸਾਚਾ ਜੋਗ ਕਮਾਇਆ । ਗੁਰ ਪੂਰਾ ਗੁਰਸਿਖ ਤੀਨ ਲੋਕ ਵਡਿਆਇਆ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਜਗਤ ਨਾ ਪੋਹੇ ਮਾਇਆ । ਗੁਰ ਪੂਰਾ ਮਾਇਆ ਅਗਨ ਜਲਾਏ । ਗੁਰ ਪੂਰਾ ਗੁਰਸਿਖ ਪੂਰੇ ਆਤਮ ਆਪਣੀ ਜੋਤ ਜਗਾਏ । ਗੁਰ ਪੂਰਾ ਗੁਰਸਿਖ ਸਦ ਰਸਨਾ ਵਾਚੇ ਪ੍ਰਭ ਸਰਬ ਸੋਤ ਖੁਲ੍ਹਾਏ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤੀ ਮੇਲ ਮਿਲਾਏ । ਗੁਰ ਪੂਰਾ ਆਤਮ ਜੋਤ ਜਗਾਏ । ਗੁਰ ਪੂਰਾ ਗੁਰਸਿਖ ਸਾਚੇ ਸਦ ਰਹਾਏ । ਗੁਰ ਪੂਰਾ ਸਰਬ ਕਲਾ ਭਰਪੂਰਾ, ਗੁਰਮੁਖ ਸਾਚੇ ਰਿਹਾ ਸਮਾਏ । ਗੁਰ ਪੂਰਾ ਵਡ ਨੂਰੀ ਨੂਰਾ ਏਕਾ ਜੋਤ ਏਕਾ ਰੰਗ ਕਰਾਏ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਬੁਧ ਬਿਬੇਕ ਕਰਾਏ । ਗੁਰ ਪੂਰਾ ਗੁਰਸਿਖ ਬਿਬੇਕ । ਗੁਰ ਪੂਰਾ ਏਕਾ ਬਖ਼ਸ਼ੇ ਚਰਨ ਟੇਕ । ਗੁਰ ਪੂਰਾ ਏਕਾ ਏਕ ਅਕਾਰ ਸੋਹੰ ਦੇਵੇ ਨਾਮ ਏਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਅਗਨ ਲਾਵੇ ਸੇਕ । ਗੁਰ ਪੂਰਾ ਸਾਂਤਕ ਸੀਤਲਾ । ਗੁਰ ਪੂਰਾ ਸਾਚਾ ਮੀਤਲਾ । ਗੁਰ ਪੂਰਾ ਗੁਰਸਿਖ ਚਰਨ ਲਾਗ ਗੁਰਮੁਖ ਮਾਨਸ ਜਨਮ ਜੀਤਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਵੇ ਸਾਚੀ ਰੀਤਲਾ । ਸੋਹੰ ਸ਼ਬਦ ਜਗ ਸਾਚੀ ਰੀਤੀ । ਗੁਰ ਪੂਰਾ ਗੁਰਸਿਖਾਂ ਆਤਮ ਕਰੇ ਪੁਨੀਤੀ । ਗੁਰ ਪੂਰਾ ਕਰ ਦਰਸ ਗੁਰਮੁਖ ਸਾਚੇ ਕਾਇਆ ਸੀਤਲ ਕੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਜੀਆਂ ਦੀ ਪਰਖੀ ਨੀਤੀ । ਗੁਰ ਪੂਰਾ ਕਰਮ ਉਜਾਗਰ । ਗੁਰ ਪੂਰਾ ਵਡ ਵਡ ਸਾਗਰ । ਗੁਰ ਪੂਰਾ ਸਤਿ ਸਤਿ ਸਤਿ ਨਾਗਰ । ਗੁਰ ਪੂਰਾ ਗੁਰਸਿਖਾਂ ਜੋਤ

ਜਗਾਏ ਝੂਠੀ ਦੇਹ ਗਾਗਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰਾਏ ਨਿਰਮਲ ਕਰਮ ਉਜਾਗਰ । ਗੁਰ ਪੂਰਾ ਸਦ ਨਿਰਾਹਾਰਾ । ਗੁਰ ਪੂਰਾ ਕਰ ਕਿਰਪਾ ਗੁਰਸਿਖ ਪਾਰ ਉਤਾਰਾ । ਗੁਰ ਪੂਰਾ ਆਦਿ ਅੰਤ ਕੋਇ ਨਾ ਜਾਣੇ ਵਡ ਪਾਰਾਵਾਰਾ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਚਰਨ ਰਖਾਵੇ ਸਾਚਾ ਦਵਾਰਾ । ਗੁਰ ਪੂਰਾ ਸਚ ਦਵਾਰ । ਗੁਰ ਪੂਰਾ ਪਾਰ ਉਤਾਰਨਹਾਰ । ਗੁਰ ਪੂਰਾ ਦੇਵੇ ਵਡਿਆਈ ਸਰਬ ਸੰਸਾਰ । ਗੁਰ ਪੂਰਾ ਪਰਗਟੇ ਜੋਤ ਨਿਹਕਲੰਕ ਅਵਤਾਰ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਜਾਏ ਤਾਰ । ਗੁਰ ਪੂਰਾ ਦੁਖ ਭੰਜਨ । ਗੁਰ ਪੂਰਾ ਚਰਨ ਧੂੜ ਦੇਵੇ ਸਾਚਾ ਅੰਜਨ । ਗੁਰ ਪੂਰਾ ਗੁਰ ਦਰਸ ਜੀਵ ਸਾਚਾ ਜਗ ਮਜਨ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਾਕ ਸੈਣ ਸੱਜਣ । ਗੁਰ ਪੂਰਾ ਸਾਚਾ ਸਨਬੰਧ । ਗੁਰ ਪੂਰਾ ਆਤਮ ਮਿਟਾਵੇ ਅਗਿਆਨ ਅੰਧ । ਗੁਰ ਪੂਰਾ ਹੋਏ ਸਹਾਏ, ਜਮ ਨੇੜ ਨਾ ਆਏ ਸਰਬ ਕਟਾਏ ਫੰਦ । ਗੁਰ ਪੂਰਾ ਹੋਏ ਸਹਾਏ ਦਰਸ ਦਿਖਾਏ ਗੁਰਸਿਖ ਉਪਜਾਏ ਸਚਾ ਚੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਦਰਦ ਮਿਟਾਏ ਆਤਮ ਉਪਜਾਏ ਪਰਮਾਨੰਦ । ਗੁਰ ਪੂਰਾ ਸੁਖ ਉਪਜਾਏ । ਗੁਰ ਪੂਰਾ ਦਰਦ ਦੁਖ ਮਿਟਾਏ । ਗੁਰ ਪੂਰਾ ਕਲਜੁਗ ਭੁੱਖ ਗਵਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਸਾਚਾ ਸੁਖਮ ਸੁਖ ਉਪਜਾਏ । ਗੁਰ ਸਾਚਾ ਸੁਖ ਉਪਜਾਏ । ਸਤਿਜੁਗ ਸਾਚਾ ਮਾਰਗ ਲਾਏ । ਗੁਰ ਪੂਰਾ ਦੁਖ ਦਰਦ ਮਿਟਾਏ । ਗੁਰ ਪੂਰਾ ਕਲਜੁਗ ਅੰਤਮ ਅੰਤ ਕਰਾਏ । ਗੁਰ ਪੂਰਾ ਸਾਂਤਕ ਸਤਿ ਵਰਤਾਏ । ਗੁਰ ਪੂਰਾ ਕਲਜੁਗ ਝੂਠਾ ਖੇਲ ਮਿਟਾਏ । ਗੁਰ ਪੂਰਾ ਗੁਰਮੁਖ ਸਾਚੇ ਨਾਮ ਦ੍ਰਿੜਾਏ । ਸੋਹੰ ਸਾਚਾ ਨਾਮ ਸਦ ਰਸਨਾ ਗਾਏ । ਗੁਰ ਪੂਰਾ ਮਦਿਰਾ ਮਾਸ ਨਸ਼ਟ ਕਰਾਏ । ਅੰਤਕਾਲ ਕਲ ਕੋਇ ਰਹਿਣ ਨਾ ਪਾਏ । ਗੁਰ ਸਾਚਾ ਸਤਿ ਸੰਤੋਖ ਗੁਰਸਿਖ ਰਖਾਏ । ਦਰ ਦਰ ਭਿੱਖ ਕੋਇ ਮੰਗਣ ਨਾ ਜਾਏ । ਗੁਰ ਪੂਰਾ ਕਲਜੁਗ ਵਿਖ ਆਪ ਗਵਾਏ । ਗੁਰ ਪੂਰਾ ਸੋਹੰ ਸਾਚੀ ਰੰਗਣ ਰੰਗਾਏ । ਗੁਰ ਪੂਰਾ ਗੁਰਸਿਖ ਸਾਚੇ ਅੰਗਣ ਲਗਾਏ । ਗੁਰ ਪੂਰਾ ਗੁਰਸਿਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੇਵਾ ਲਾਏ । ਗੁਰ ਪੂਰਾ ਸੇਵ ਕਮਾਓ । ਗੁਰ ਪੂਰਾ ਕਰ ਦਰਸ ਆਤਮ ਤ੍ਰਿਪਤਾਓ । ਗੁਰ ਪੂਰਾ ਮਾਨਸ ਜਨਮ ਸੁਫਲ ਕਰਾਓ । ਗੁਰ ਪੂਰਾ ਲੱਖ ਚੁਰਾਸੀ ਗੇੜ ਕਟਾਓ । ਗੁਰ ਪੂਰਾ ਆਤਮ ਨੇੜ ਸਦ ਨੇੜ ਵਸਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰਮੁਖ ਸਾਚੇ ਅੰਤਕਾਲ ਕਲ ਤਰ ਜਾਓ । ਸਾਚਾ ਗੁਰ ਦਇਆ ਧਾਰੀ । ਪੂਰਨ ਗੁਰ ਸਦਾ ਨਿਮਸਕਾਰੀ । ਸਾਚੇ ਗੁਰ ਚਰਨ ਬਲਿਹਾਰੀ । ਕਲਜੁਗ ਆਏ ਪੈਜ ਸਵਾਰੀ । ਸਾਚੀ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਰੰਕਾਰੀ । ਸਾਚਾ ਪ੍ਰਭ ਜੋਤ ਨਿਰੰਕਾਰ । ਸਾਚਾ ਪ੍ਰਭ ਜੋਤ ਸਰੂਪੀ ਕਰੇ ਅਕਾਰ । ਸਾਚਾ ਗੁਰ ਸੰਤ ਮਨੀ ਸਿੰਘ ਪ੍ਰਭ ਸਾਚੇ ਦੀਆ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੀਆ ਚਰਨ ਪਿਆਰ । ਸਾਚਾ ਗੁਰ ਸਰਬ ਗੁਣ । ਪ੍ਰਭ ਅਬਿਨਾਸ਼ੀ ਚਰਨ ਲਗਾਏ ਗੁਰਮੁਖ ਚੁਣ । ਸਾਚਾ ਗੁਰ ਸੋਹੰ ਸ਼ਬਦ ਉਪਜਾਵੇ ਧੁਨ । ਗੁਰਮੁਖ ਵਿਰਲਾ ਲਏ ਕੰਨ ਸੁਣ । ਸਾਚਾ ਗੁਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਜਗਾਏ ਜੀਵ ਜੰਤਾਂ ਵਿਚੋਂ ਚੁਣ । ਗੁਰ ਪੂਰਾ ਏਕਾ ਜੋਤ । ਗੁਰ ਪੂਰਾ ਗੁਰਸਿਖਾਂ ਚਲਾਵੇ ਏਕਾ ਗੋਤ । ਗੁਰ ਪੂਰਾ ਕਰ ਦਰਸ ਆਤਮ ਮੈਲ ਜਾਏ ਸਭ ਧੋਤ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਜਗਾਏ ਆਤਮ ਜੋਤ । ਗੁਰਸਿਖਾਂ ਆਤਮ ਜੋਤ ਜਗਾਏ ।


੪ ੦੨

ਗੁਰ ਪੂਰਾ ਸੋਹੰ ਸਾਚਾ ਜਾਪ ਜਪਾਏ । ਗੁਰ ਪੂਰਾ ਗੁਰਸਿਖ ਸੇਵਾ ਵਿਚ ਘਿਰਤ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੀਪਕ ਜੋਤ ਜਗਾਏ । ਗੁਰ ਪੂਰਾ ਗੁਰਸਿਖ ਤਰਾਵੇ । ਗੁਰ ਪੂਰਾ ਆਤਮ ਤ੍ਰਿਖਾ ਮਿਟਾਵੇ । ਗੁਰ ਪੂਰਾ ਗੁਰਸਿਖ ਰਿਖ ਮੁਨ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ । ਗੁਰ ਪੂਰਾ ਗੁਰਸਿਖ ਤਾਰੇ । ਗੁਰ ਪੂਰਾ ਕਲ ਖੇਲ ਅਪਾਰੇ । ਗੁਰ ਪੂਰਾ ਗੁਰਮੁਖ ਹਿਰਦੇ ਜੋਤ ਅਧਾਰੇ । ਗੁਰ ਪੂਰਾ ਏਕਾ ਜੋਤ ਜਗਾਏ ਏਕਾ ਏਕੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਧਾਰੇ । ਗੁਰ ਪੂਰਾ ਦਇਆ ਕਮਾਏ । ਗੁਰ ਪੂਰਾ ਗੁਰਸਿਖ ਸਾਚੇ ਸੇਵ ਲਗਾਏ । ਗੁਰ ਪੂਰਾ ਗੁਰਸਿਖ ਵਡ ਦੇਵੀ ਦੇਵ ਬਣਾਏ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ । ਗੁਰ ਪੂਰਾ ਗੁਰਸਿਖ ਭੰਡਾਰਾ । ਗੁਰ ਪੂਰਾ ਦੇਵੇ ਨਾਮ ਅਧਾਰਾ । ਗੁਰ ਪੂਰਾ ਗੁਰਮੁਖ ਸਾਚੇ ਆਤਮ ਜੋਤ ਕਰੇ ਉਜਿਆਰਾ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਅਵਤਾਰਾ । ਗੁਰ ਪੂਰਾ ਵਡ ਦੇਵੀ ਦੇਵ । ਗੁਰ ਪੂਰਾ ਗੁਰਸਿਖ ਲਗਾਵੇ ਆਪਣੀ ਸੇਵ । ਗੁਰ ਪੂਰਾ ਸੋਹੰ ਦੇਵੇ ਸਾਚਾ ਨਾਉਂ ਆਤਮ ਸਾਚਾ ਮੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਨਾ ਪਾਵੇ ਭੇਵ । ਕਲਜੁਗ ਜੀਵ ਪ੍ਰਭ ਭੁਲਾਇਆ । ਆਪ ਆਪਣਾ ਪ੍ਰਭ ਛੁਪਾਇਆ । ਜੋਤ ਸਰੂਪੀ ਕਲ ਜਾਮਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਨਿਹਕਲੰਕ ਕਲ ਜਾਮਾ ਧਾਰਿਆ । ਗੁਰਮੁਖ ਵਿਰਲੇ ਕਿਸੇ ਪੂਰਨ ਪਰਮੇਸ਼ਵਰ ਵਿਚਾਰਿਆ । ਸਾਚਾ ਪ੍ਰਭ ਮਹਾਨ ਰਾਮੇਸ਼ਵਰ ਨਾ ਦੀਸੇ ਨਿਰਾਧਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਜਾਮਾ ਘਨਕਪੁਰੀ ਵਿਚ ਧਾਰਿਆ । ਗੁਰ ਪੂਰਾ ਗੁਰਸਿਖ ਵਡਿਆਈ । ਗੁਰ ਪੂਰਾ ਗੁਰਸਿਖ ਤਰਾਈ । ਗੁਰ ਪੂਰਾ ਸੋਹੰ ਸਾਚੀ ਭਿੱਖ ਦਵਾਈ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਲਏ ਤਰਾਈ । ਗੁਰ ਪੂਰਾ ਸਤਿਗੁਰ ਸੂਰਾ ਸੋਹੰ ਸ਼ਬਦ ਜਪਾਏ ਆਤਮ ਜੋਤ ਜਗਾਏ ਸਾਚੀ ਨੂਰਾ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰਾ । ਗੁਰ ਪੂਰਾ ਗੁਰ ਮਾਣ ਰਖਾਏ । ਗੁਰ ਪੂਰਾ ਗੁਰਮੁਖ ਤਰਾਏ । ਗੁਰ ਪੂਰਾ ਆਤਮ ਭੁੱਖ ਮਿਟਾਏ । ਗੁਰ ਪੂਰਾ ਨਿਜ ਘਰ ਸੁਖ ਉਪਜਾਏ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚੀ ਭਿਖਿਆ ਪਾਏ । ਗੁਰ ਪੂਰਾ ਸਦ ਬਲਿਹਾਰ । ਗੁਰ ਪੂਰਾ ਦੇਵੇ ਜੋਤ ਅਧਾਰ । ਗੁਰ ਪੂਰਾ ਏਕਾ ਜੋਤ ਕਰੇ ਅਕਾਰ । ਗੁਰ ਪੂਰਾ ਮਾਨਸ ਜਨਮ ਜਾਏ ਸੁਧਾਰ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬੇੜਾ ਲਾਵੇ ਪਾਰ । ਗੁਰ ਪੂਰਾ ਸਚ ਦੇਵੇ ਗਿਆਨ । ਗੁਰ ਪੂਰਾ ਏਕਾ ਬਖ਼ਸ਼ੇ ਚਰਨ ਧਿਆਨ । ਗੁਰ ਪੂਰਾ ਗੁਰਮੁਖ ਦੇਵੇ ਸੋਹੰ ਸਚ ਗਿਆਨ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਸਾਧ ਸੰਗਤ ਬਖ਼ਸ਼ੇ ਚਰਨ ਧਿਆਨ । ਗੁਰ ਪੂਰਾ ਕਾਰਜ ਸਿੱਧ । ਗੁਰ ਪੂਰਾ ਗੁਰਸਿਖ ਉਪਜਾਵੇ ਨੌਂ ਨਿਧ । ਗੁਰ ਪੂਰਾ ਗੁਰਮੁਖ ਉਪਜਾਵੇ ਸ਼ਬਦ ਚਲਾਵੇ ਗੁਰ ਮਿਲਣ ਦੀ ਸਾਚੀ ਬਿਧ । ਗੁਰ ਪੂਰਾ ਸੋਹੰ ਸ਼ਬਦ ਉਪਾਵੇ । ਗੁਰ ਪੂਰਾ ਏਕਾ ਜੋਤ ਅਕਾਰ ਰਖਾਵੇ । ਗੁਰ ਪੂਰਾ ਸ਼ਬਦ ਅਧਾਰ ਧੀਰ ਧਰਾਵੇ । ਗੁਰ ਪੂਰਾ ਅੰਮ੍ਰਿਤ ਝਿਰਨਾ ਨੀਰ ਵਹਾਵੇ । ਗੁਰ ਪੂਰਾ ਗੁਰਮੁਖ ਸਾਚੇ ਅੰਮ੍ਰਿਤ ਸਾਚਾ ਸੀਰ ਪਿਲਾਵੇ । ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਤੀਰ ਚਲਾਵੇ । ਸੋਹੰ ਸਾਚਾ ਤੀਰ ਚਲਾਇਆ । ਸਾਚੇ ਪ੍ਰਭ ਕਲ ਕਰਮ ਕਮਾਇਆ । ਕਲਜੁਗ ਅਧਰਮ

ਸਰਬ ਮੇਟ ਮਿਟਾਇਆ । ਜੀਵ ਕੁਕਰਮੀ ਕੋਇ ਰਹਿਣ ਨਾ ਪਾਇਆ । ਏਕਾ ਬ੍ਰਹਮ ਏਕਾ ਧਰਮ ਜਗਤ ਚਲਾਇਆ । ਏਕਾ ਵਰਨ ਆਪ ਉਪਾਇਆ । ਚਾਰ ਵਰਨ ਪ੍ਰਭ ਸਰਨ ਲਗਾਇਆ । ਕਾਰਨ ਕਰਨ ਇਕ ਖੇਲ ਰਚਾਇਆ । ਤਾਰਨ ਤਰਨ ਸਤਿਜੁਗ ਸਾਚਾ ਮਾਰਗ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਜਪਾਇਆ । ਆਪ ਆਪਣਾ ਪ੍ਰਭ ਉਪਾਏ । ਜੋਤ ਸਰੂਪੀ ਜੋਤ ਪਰਗਟਾਏ । ਚਾਰ ਵਰਨ ਇਕ ਗੋਤ ਕਰਾਏ । ਏਕਾ ਜੋਤ ਜੀਵ ਜੰਤ ਧਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ । ਏਕਾ ਜੋਤ ਜਗਤ ਅਧਾਰੀ । ਏਕਾ ਜੋਤ ਪ੍ਰਭ ਨਿਰੰਕਾਰੀ । ਏਕਾ ਜੋਤ ਵਡ ਸੰਸਾਰੀ । ਏਕਾ ਜੋਤ ਪ੍ਰਭ ਨਿਰਾਹਾਰੀ । ਏਕਾ ਜੋਤ ਭਗਤ ਵਛਲ ਆਪ ਗਿਰਧਾਰੀ । ਏਕਾ ਜੋਤ ਨਿਹਕਲੰਕ ਨਰਾਇਣ ਨਰ ਅਵਤਾਰੀ । ਏਕਾ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਖੇਲ ਕਰੇ ਅਪਾਰੀ । ਸਾਚਾ ਪ੍ਰਭ ਸਾਚਾ ਰਾਗ । ਗੁਰਮੁਖ ਸਾਚੇ ਪ੍ਰਭ ਚਰਨ ਲਾਗ । ਵੇਲਾ ਅੰਤਕਾਲ ਕਲ ਉਠ ਉਠ ਉਠ ਜਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਪਕੜੇ ਤੇਰੀ ਵਾਗ । ਅੰਤਕਾਲ ਕਲ ਆਇਆ ਮਾਤ ਅੰਤ । ਪ੍ਰਭ ਅਬਿਨਾਸ਼ੀ ਮਾਇਆ ਪਾਈ ਜਗਤ ਬੇਅੰਤ । ਸਰਬ ਘਟ ਵਾਸੀ ਗੁਰਮੁਖ ਵਿਰਲੇ ਜਗਾਏ ਸੰਤ । ਏਕਾ ਸ਼ਬਦ ਦੇਵੇ ਰਹਿਰਾਸੀ, ਦੇਵੇ ਦਰਸ ਬੈਠ ਇਕੰਤ । ਕਲਜੁਗ ਜੀਵ ਹੋਏ ਮਦਿਰਾ ਮਾਸੀ, ਨਜ਼ਰ ਨਾ ਆਏ ਸਾਚਾ ਕੰਤ । ਪਰਗਟੇ ਜੋਤ ਘਨਕਪੁਰ ਵਾਸੀ, ਸਤਿਜੁਗ ਬਣਾਏ ਸਾਚੀ ਬਣਤ । ਸਤਿਜੁਗ ਸਾਚੀ ਬਣਤ ਬਣਾਏ । ਆਪ ਅਗਣਤ ਮਹਿੰਮਾ ਗਣੀ ਨਾ ਜਾਏ । ਗੁਰਮੁਖ ਸਾਚੇ ਸੰਤ ਪ੍ਰਭ ਵਿਚ ਮਾਤ ਉਪਜਾਏ । ਬੇਮੁਖ ਜੀਵ ਜੰਤ ਪ੍ਰਭ ਅੰਤਮ ਅੰਤ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਬਣਤ ਬਣਾਏ । ਸਤਿਜੁਗ ਸਾਚੇ ਪ੍ਰਭ ਜਨਮ ਦਵਾਇਆ । ਸਤਿ ਪੁਰਖਾਂ ਸਤਿ ਸਤਿ ਸਤਿਵਾਦ ਰਖਾਇਆ । ਆਤਮ ਮਿਟਾਈ ਤ੍ਰਿਖਾ ਜੋਤ ਸਰੂਪੀ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਮਸਤੂਆਣੇ ਲੇਖ ਲਿਖਾਇਆ । ਮਸਤੂਆਣੇ ਪ੍ਰਭ ਚਰਨ ਟਿਕਾਏ । ਗੁਰਸਿਖ ਸੁਘੜ ਸਿਆਣੇ ਪ੍ਰਭ ਪਕੜ ਉਠਾਏ । ਕਲਜੁਗ ਜੀਵ ਬੇਮੁਖ ਪ੍ਰਭ ਸਾਚੇ ਖ਼ਾਕ ਰੁਲਾਏ । ਅੰਤਕਾਲ ਕਲ ਭੁੰਨੇ ਜਿਉਂ ਭਠਿਆਲੇ ਦਾਣੇ, ਕੋਈ ਸਾਰ ਨਾ ਪਾਏ । ਗੁਰਮੁਖ ਵਿਰਲਾ ਕੋਈ ਸਾਚਾ ਰੰਗ ਮਾਣੇ, ਨਿਹਕਲੰਕ ਜਨ ਸਰਨੀ ਆਏ । ਨਿਹਕਲੰਕ ਜੋਤ ਸਰੂਪੀ ਪਹਰਿਆ ਬਾਣੇ, ਗੁਰਮੁਖ ਸਾਚੇ ਸਚ ਸਮਾਏ । ਮਾਣ ਗਵਾਏ ਸਭ ਰਾਜੇ ਰਾਣੇ, ਗੁਰ ਪੂਰਾ ਆਪਣੀ ਸਰਨ ਲਗਾਏ । ਏਕਾ ਜੋਤ ਜਗੇ ਮਹਾਨੇ, ਕਲਜੁਗ ਅੰਧੇਰ ਸਰਬ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਮਸਤੂਆਣੇ ਲੇਖ ਲਿਖਾਏ । ਮਸਤੂਆਣੇ ਪ੍ਰਭ ਲਿਖਾਵੇ ਲੇਖਾ । ਜੋਤ ਸਰੂਪੀ ਪਹਰਿਆ ਭੇਖਾ । ਸ੍ਰਿਸ਼ਟ ਸਬਾਈ ਰਹੀ ਵੇਖੀ ਵੇਖਾ । ਪ੍ਰਭ ਅਬਿਨਾਸ਼ੀ ਜਗਤ ਭੁਲਾਇਆ ਪਾਏ ਭਰਮ ਭੁਲੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਵੇ ਕਲਜੁਗ ਮਿਟਾਏ ਝੂਠੀ ਰੇਖਾ । ਮਸਤੂਆਣੇ ਭਾਗ ਲਗਾਏ । ਗੁਰਮੁਖਾਂ ਸਾਚੇ ਸੰਤ ਪ੍ਰਭ ਸਾਚੇ ਆਤਮ ਜਾਗ ਲਗਾਏ । ਸੋਹੰ ਸਾਚਾ ਨਾਦ ਧੁਨ ਉਪਜਾਏ । ਸ਼ਬਦ ਚਲਾਏ ਬੋਧ ਅਗਾਧ, ਅਗਾਧ ਬੋਧ ਸ਼ਬਦ ਲਿਖਾਏ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਰਸਨਾ ਅਰਾਧ, ਵੇਲੇ ਅੰਤ ਹੋਏ ਸਹਾਏ । ਆਤਮ ਮਿਟਾਵੇ ਸਰਬ ਵਿਵਾਦ, ਏਕਾ ਜੋਤ ਦੇਹ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣੇ ਭਾਗ ਲਗਾਏ । ਮਸਤੂਆਣੇ ਪ੍ਰਭ ਚਰਨ ਟਿਕਾਣਾ । ਵਾਹ ਵਾਹ ਸਾਚਾ ਸਮਾਂ ਸੁਹਾਣਾ । ਕਲਜੁਗ ਅੰਤਮ

ਅੰਤ ਪ੍ਰਭ ਝੂਠਾ ਖੇਲ ਮਿਟਾਣਾ । ਗੁਰਮੁਖ ਸਾਚੇ ਸੰਤ ਕਲ, ਆਤਮ ਸਾਚਾ ਦੀਪ ਜਗਾਣਾ । ਵਿਚ ਵਡਿਆਈ ਜੀਵ ਜੰਤ ਕਲ ਸੋਹੰ ਸਾਚਾ ਰਾਗ ਉਪਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣਾ ਸਾਚਾ ਧਾਮ ਉਪਜਾਣਾ । ਸਾਚਾ ਧਾਮ ਸੱਚਾ ਦਰਬਾਰਾ । ਧਰੇ ਚਰਨ ਨਿਹਕਲੰਕ ਅਵਤਾਰਾ । ਆਵੇ ਸਰਨ ਚਾਰ ਵਰਨ ਪ੍ਰਭ ਦੇਵੇ ਮੋਖ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਉਪਜਾਵੇ ਸਾਚਾ ਧਾਮ ਨਿਆਰਾ । ਏਕਾ ਧਾਮ ਪ੍ਰਭ ਉਪਜਾਏ । ਏਕਾ ਨਾਮ ਜਗਤ ਰਖਾਏ । ਅੱਠ ਸੱਠ ਤੀਰਥ ਮੇਟ ਮਿਟਾਏ । ਨਿਰਮਲ ਨੀਰਥ ਪ੍ਰਭ ਚਰਨ ਰਖਾਏ । ਗੁਰਮੁਖ ਆਤਮ ਰਸ ਸੀਰਥ ਪ੍ਰਭ ਮੁਖ ਚੁਆਏ । ਸਤਿਜੁਗ ਸਾਚਾ ਤੀਰਥ ਪ੍ਰਭ ਏਕ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣੇ ਭਾਗ ਲਗਾਏ । ਮਸਤੂਆਣਾ ਪ੍ਰਭ ਉਪਾਇਆ । ਸਾਚੇ ਸੰਤ ਲੇਖ ਲਿਖਾਇਆ । ਨੇਤਰ ਪੇਖ ਮੇਖ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਆਪ ਸੁਹਾਇਆ । ਸਾਚਾ ਧਾਮ ਪ੍ਰਭ ਉਪਾਏ । ਏਕਾ ਨਾਮ ਜਗਤ ਧਰਾਏ । ਪੂਰਨ ਕਾਮ ਪ੍ਰਭ ਆਪ ਕਰਾਏ । ਘਨਈਆ ਸ਼ਾਮ ਜੋਤ ਪਰਗਟਾਏ । ਰਮਈਆ ਰਾਮ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ । ਜਾਮਾ ਪਾਏ ਅੰਤ ਕਲ । ਸ੍ਰਿਸ਼ਟ ਭੁਲਾਈ ਕਰ ਵਲ ਛਲ । ਸਾਚੇ ਪ੍ਰਭ ਜਾਈਏ ਸਦ ਬਲ ਬਲ । ਗੁਰਮੁਖ ਸਾਚੇ ਦਇਆ ਕਮਾਏ, ਚਰਨ ਆਏ ਚਲ ਚਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਕਤ ਲਿਆਏ, ਸਮਾਂ ਸੁਹਾਏ ਜੋਤ ਪਰਗਟਾਏ ਨਾ ਲਾਏ ਘੜੀ ਪਲ । ਆਇਆ ਵਕਤ ਵਕਤ ਅਖ਼ੀਰ । ਸੋਹੰ ਸ਼ਬਦ ਪ੍ਰਭ ਚਲਾਇਆ ਤੀਰ । ਕਲਜੁਗ ਵੇਲਾ ਅੰਤ, ਕੋਈ ਨਾ ਦੇਵੇ ਧੀਰ । ਪ੍ਰਭ ਅਬਿਨਾਸ਼ੀ ਸਾਚਾ ਕੰਤ, ਸਰਬ ਮਿਟਾਵੇ ਪੈਗ਼ੰਬਰ ਪੀਰ ਫ਼ਕੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਖਿਚਾਵੇ ਸੱਠ ਅੱਠ ਅੱਠ ਸੱਠ ਤੀਰਥ ਨੀਰ । ਸਾਚਾ ਪ੍ਰਭ ਜੋਤ ਜਗਾਏ । ਕਲਜੁਗ ਵੇਲਾ ਅੰਤ ਕਰਾਏ । ਆਪ ਆਪਣੀ ਬਣਤ ਬਣਾਏ । ਸਾਚੇ ਸੰਤ ਮਸਤੂਆਣੇ ਜਾਏ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਏ । ਜੋਤ ਸਰੂਪੀ ਪ੍ਰਭ ਦਰਸ ਦਿਖਾਣਾ । ਵਡ ਵਡ ਸੰਤ ਪ੍ਰਭ ਮਾਣ ਗਵਾਣਾ । ਆਪ ਆਪਣਾ ਪ੍ਰਭ ਉਪਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਸਦ ਰਸਨਾ ਗਾਣਾ । ਚਾਰ ਵਰਨ ਪ੍ਰਭ ਰਸਨਾ ਗਾਏ । ਏਕਾ ਬਰਨ ਜਗਤ ਕਰਾਏ । ਅਵਤਾਰ ਨਰ ਹੋਏ ਸਹਾਏ । ਕਰਤਾ ਕਰ ਸਭ ਕਿਛ ਆਪ ਕਰਾਏ । ਧਰਤਾ ਧਰ ਸਤਿ ਧਰਮ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣੇ ਮਾਣ ਦਵਾਏ । ਮਸਤੂਆਣਾ ਮੋਖ ਦਵਾਰ । ਚਾਰ ਵਰਨ ਹੋਏ ਅਧਾਰ । ਸਾਚਾ ਉਪਜੇ ਸਚ ਦਰਬਾਰ । ਜੋਤ ਪਰਗਟਾਏ ਨਿਹਕਲੰਕ ਅਵਤਾਰ । ਜੀਵ ਜੰਤ ਰਸਨਾ ਗਾਏ, ਮਾਤਲੋਕ ਆਏ ਪ੍ਰਭ ਜਾਮਾ ਧਾਰ । ਬੇਮੁਖ ਜੀਵ ਰਹੇ ਬਿਲਲਾਏ, ਸਾਚਾ ਪ੍ਰਭ ਨਾ ਪਾਈ ਸਾਰ । ਅੰਤਕਾਲ ਕਲ ਕਰੇ ਹਾਏ ਹਾਏ, ਧਰਮ ਰਾਏ ਕਰੇ ਖੁਆਰ । ਗੁਰਮੁਖ ਸਾਚੇ ਪ੍ਰਭ ਸਰਨਾਏ, ਬਾਂਹੋ ਪਕੜ ਪ੍ਰਭ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੇਵੇ ਦਰਸ ਅਪਾਰ । ਜੋਤ ਸਰੂਪੀ ਪ੍ਰਭ ਦਰਸ ਦਿਖਾਏ । ਕਰ ਦਰਸ ਗੁਰਸਿਖ ਤਰ ਜਾਏ । ਗੁਰਮੁਖ ਸਾਚਾ ਪ੍ਰਭ ਸਾਚਾ ਦਇਆ ਕਮਾਏ । ਬੇਮੁਖ ਜੀਵ ਭਾਂਡਾ ਕਾਚਾ, ਅੰਤਕਾਲ ਪ੍ਰਭ ਭੰਨ ਵਖਾਏ । ਗੁਰਮੁਖ ਸਾਚਾ ਪ੍ਰਭ ਹਿਰਦੇ ਵਾਚੇ, ਸਾਚਾ ਦੀਪਕ ਪ੍ਰਭ ਦੇ ਜਗਾਏ । ਬੇਮੁਖ ਦਰ ਆਏ ਨਾਚੇ, ਸਾਚਾ ਪ੍ਰਭ ਸਾਰ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰ ਕਿਰਪਾ ਗੁਰਸਿਖ ਤਰਾਏ ।

ਗੁਰਸਿਖ ਉਧਰੇ ਮਸਤੂਆਨੇ । ਆਤਮ ਜੋਤ ਜਗੇ ਮਹਾਨੇ । ਏਕਾ ਦੇਵੇ ਵਡਿਆਈ ਬਿਰਧ ਬਾਲ ਅੰਞਾਣੇ । ਦਰ ਆਏ ਪ੍ਰਭ ਪਤਿ ਰਖਾਈ, ਗੁਰਸਿਖ ਹੋਏ ਸੁਘੜ ਸਿਆਨੇ । ਸੋਹੰ ਨਾਮ ਵਿਚ ਵਸਤ ਟਿਕਾਈ, ਆਤਮ ਜੋਤ ਜਗਾਈ ਮਹਾਨੇ । ਸਾਚੀ ਬਸਤੀ ਦੇਹ ਬਣਾਈ, ਬੈਠਾ ਵਿਚ ਆਪ ਭਗਵਾਨੇ । ਮਸਤੂਆਨੇ ਰੰਗ ਮਸਤ ਕਰਾਈ, ਪ੍ਰਭ ਸਾਚਾ ਦੇਵੇ ਜਗਤ ਵਡਿਆਈ, ਆਪਣੀ ਮਹਿੰਮਾ ਆਪ ਵਖਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਖੇਲ ਵਰਤਾਏ ਮਸਤੂਆਨੇ । ਮਸਤੂਆਣਾ ਮਾਤ ਉਪਜਾਇਆ । ਜ਼ਾਤ ਪਾਤ ਪ੍ਰਭ ਮੇਟ ਮਿਟਾਇਆ । ਦਿਵਸ ਰਾਤ ਪ੍ਰਭ ਇਕ ਕਰਾਇਆ । ਸਾਚਾ ਨਾਤ ਗੁਰ ਚਰਨ ਰਖਾਇਆ । ਵਡਾ ਪ੍ਰਭ ਵਡੀ ਦਾਤ ਸੋਹੰ ਝੋਲੀ ਪਾਇਆ । ਸਾਚੀ ਦੇਵੇ ਕਰਾਮਾਤ, ਸਵਾਸ ਸਵਾਸ ਜੀਵ ਰਸਨਾ ਗਾਇਆ । ਹਿਰਦੇ ਤੋੜੇ ਭੰਬੀਰੀ ਪਾਤ, ਜੋਤ ਸਰੂਪੀ ਪ੍ਰਭ ਨਜ਼ਰੀ ਆਇਆ । ਕਲਜੁਗ ਜੀਵ ਅੰਦਰ ਮਾਰ ਝਾਤ, ਜੋਤ ਸਰੂਪੀ ਪ੍ਰਭ ਡੇਰਾ ਲਾਇਆ । ਅੰਤਕਾਲ ਕਲ ਕੋਈ ਨਾ ਪੁੱਛੇ ਵਾਤ, ਸਾਚਾ ਪ੍ਰਭ ਮਨੋਂ ਭੁਲਾਇਆ । ਮਾਨਸ ਜਨਮ ਪ੍ਰਭ ਸਾਚੇ ਦੀ ਸਾਚੀ ਦਾਤ, ਲੱਖ ਚੁਰਾਸੀ ਵਿਚੋਂ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਮਿਟਾਏ ਜ਼ਾਤ ਪਾਤ, ਮਸਤੂਆਨੇ ਜਾਏ ਚਰਨ ਟਿਕਾਇਆ । ਸਤਿਜੁਗ ਸਾਚਾ ਮਾਤ ਪ੍ਰਭ ਆਪ ਲਗਾਏ । ਚਾਰ ਵਰਨ ਕਰ ਏਕਾ ਨਾਤ ਭੈਣ ਭਰਾ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚੀ ਦਾਤ ਸਤਿਜੁਗ ਝੋਲੀ ਪਾਏ । ਸੋਹੰ ਦੇਵੇ ਸਤਿ ਗਿਆਨ । ਆਤਮ ਦੇਵੇ ਚਰਨ ਧਿਆਨ । ਗੁਰਮੁਖ ਵਿਰਲਾ ਸੁਣੇ ਜਿਸ ਪ੍ਰਭ ਮਿਹਰਵਾਨ । ਸਾਚਾ ਵਰ ਦਰ ਪ੍ਰਭ ਘਰ ਲੇਵੇ, ਕਿਰਪਾ ਕਰੇ ਪ੍ਰਭ ਮਹਾਨ । ਸਾਚਾ ਨਾਮ ਅੰਮ੍ਰਿਤ ਫਲ ਆਤਮ ਰਸ ਮੇਵੇ, ਗੁਰਮੁਖ ਸਾਚੇ ਸਦ ਸਦ ਗਾਣ । ਦੇਵੇ ਦਰਸ ਪ੍ਰਭ ਅਲਖ ਅਭੇਵੇ, ਗੁਣਵੰਤ ਗੁਣੀ ਨਿਧਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਨੇ ਜਗਾਏ ਜੋਤ । ਮਸਤੂਆਣਾ ਪ੍ਰਭ ਉਪਾ ਕੇ । ਰਾਓ ਰੰਕਾਂ ਸਰਨ ਲਗਾ ਕੇ । ਥਾਇਨ ਬੰਕ ਪ੍ਰਭ ਆਪ ਸੁਹਾ ਕੇ । ਏਕਾ ਅੰਕ ਸੋਹੰ ਸਾਚਾ ਸ਼ਬਦ ਉਪਜਾ ਕੇ । ਸਾਚਾ ਡੰਕ ਚਾਰ ਕੁੰਟ ਚਾਰ ਵਰਨ ਵਜਾ ਕੇ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਮਸਤੂਆਨੇ ਜਾਏ ਜੋਤ ਜਗਾ ਕੇ । ਜਗਾਏ ਜੋਤ ਮਸਤੂਆਨੇ । ਵਰਤੇ ਵਰਤਾਏ ਆਪਣੇ ਭਾਣੇ । ਜੀਵ ਜੰਤ ਵਡੇ ਵਡ ਸੰਤ ਪ੍ਰਭ ਸਰਬ ਮਾਣ ਗਵਾਣੇ । ਆਦਿ ਅੰਤ ਪ੍ਰਭ ਸਾਚਾ ਤਾਰੇ ਕੰਤ, ਜੋ ਜਨ ਹੋਏ ਨਿਮਾਣੇ । ਆਪ ਬਣਾਏ ਸਾਚੀ ਬਣਤ, ਤਖ਼ਤੋਂ ਲਾਹੇ ਰਾਜੇ ਰਾਣੇ । ਵਿਚ ਮਿਲਾਏ ਜੀਵ ਜੰਤ, ਊਚ ਨੀਚ ਪ੍ਰਭ ਭੇਵ ਮਿਟਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਨੇ ਸਾਚਾ ਮਾਣ ਦਵਾਣੇ । ਸਾਚਾ ਮਾਣ ਪ੍ਰਭ ਦਵਾਏ । ਸਾਚਾ ਧਾਮ ਜਗਤ ਉਪਾਏ । ਬਿਰਧਾਂ ਬਾਲਾਂ ਪ੍ਰਭ ਆਪ ਤਰਾਏ । ਵਡ ਸੁਘੜ ਸਿਆਣਿਆਂ ਪ੍ਰਭ ਸਰਨ ਲਗਾਏ । ਰੰਕ ਰਾਜਾਨ ਦਰ ਸੇਵ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਗਿਆਨ ਦਵਾਏ । ਰਾਓ ਰੰਕ ਪ੍ਰਭ ਚਰਨ ਦਵਾਰ । ਸੋਹੰ ਸ਼ਬਦ ਕਲ ਦੇਵੇ ਤਾਰ । ਵੇਲੇ ਅੰਤ ਨਾ ਆਵੇ ਹਾਰ । ਗੁਰਮੁਖ ਸਾਚੇ ਸ਼ਬਦ ਅਧਾਰ । ਆਤਮ ਉਪਜਾਵੇ ਸਾਚੀ ਧੁਨਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਜਾਣੇ ਸਾਰ । ਸਰਬ ਜਨਾਂ ਪ੍ਰਭ ਆਪੇ ਜਾਣੇ । ਊਚ ਨੀਚ ਪ੍ਰਭ ਆਪ ਕਰਾਣੇ । ਨੀਚੋ ਨੀਚ ਪ੍ਰਭ ਸਦ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਏਕਾ ਸੰਗ ਏਕਾ ਮੰਗ ਏਕਾ ਅੰਗ ਜਗਤ ਰਖਾਣੇ । ਏਕਾ ਰੰਗ ਪ੍ਰਭ ਰੰਗਾਇਆ । ਸਾਚਾ ਸੰਗ ਗੁਰ ਚਰਨ ਬਣਾਇਆ । ਜਾਇਣ ਪਾਰ ਲੰਘ, ਗੁਰ ਚਰਨੀ ਸੀਸ ਨਿਵਾਇਆ । ਸਦਾ ਸਹਾਈ ਅੰਗ ਸੰਗ, ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕਦੇ ਮਰੇ ਨਾ ਜਾਇਆ । ਸਾਚਾ ਪ੍ਰਭ ਸਦਾ ਅੰਗ ਸੰਗ । ਭਗਤ ਜਨਾਂ ਪ੍ਰਭ ਆਤਮ ਰੰਗ । ਅੰਮ੍ਰਿਤ ਝਿਰਨਾ
ਪ੍ਰਭ ਦੇਹ ਝਿਰਾਏ ਗੰਗ । ਗੁਰਮੁਖ ਵਿਰਲਾ ਕਲ ਸ਼ੌਹ ਦਰਿਆ ਜਾਏ ਲੰਘ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਅੰਗ
ਸੰਗ । ਸਾਚਾ ਪ੍ਰਭ ਸਦਾ ਸਹਾਈ । ਆਦਿ ਅੰਤ ਜਿਸ ਬਣਤ ਬਣਾਈ । ਬੈਠ ਇਕੰਤ ਹੋਇਆ ਰਬਵਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਕਲਜੁਗ ਜੀਵ ਭੇਵ ਨਾ ਪਾਈ । ਕਲਜੁਗ ਜੀਵ ਭੇਵ ਨਾ ਜਾਣਿਆ । ਜੋਤ ਸਰੂਪੀ ਨਾ ਪ੍ਰਭ ਪਛਾਣਿਆਂ । ਸਾਚਾ ਰੰਗ ਪ੍ਰਭ ਦਰ
ਨਾ ਮਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਮਸਤੂਆਣਿਆ । ਮਸਤੂਆਣੇ ਪ੍ਰਭ ਭਉ ਚੁਕਾਣਾ । ਜੋਤ ਸਰੂਪੀ ਪ੍ਰਭ
ਦਰਸ ਦਿਖਾਣਾ । ਭੁੱਖੀਆਂ ਦੁਖੀਆਂ ਪ੍ਰਭ ਚਰਨ ਲਗਾਣਾ । ਕਲਜੁਗ ਜੀਵ ਰੁੱਲਿਆ ਪ੍ਰਭ ਅੰਮ੍ਰਿਤ ਮੁਖ ਚੁਆਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਰਾਓ ਰੰਕ ਏਕਾ ਰੰਗ ਰੰਗਾਣਾ । ਏਕਾ ਰੰਗ ਪ੍ਰਭ ਵਰਤਾਰ । ਸੋਹੰ ਸ਼ਬਦ ਪ੍ਰਭ ਭਰੇ ਭੰਡਾਰ । ਸਾਧ ਸੰਗਤ ਪ੍ਰਭ ਜਾਏ ਤਾਰ ।
ਆਦਿਨ ਅੰਤ ਨਾ ਕੋਈ ਪਾਏ ਸਾਰ । ਸਾਧਨ ਸੰਤ ਪ੍ਰਭ ਸਾਚਾ ਜੋਤ ਕਰੇ ਅਕਾਰ । ਬੈਠਾ ਇਕੰਤ ਦੇਵੇ ਦਰਸ ਨੈਣ ਮੁੰਧਾਰ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਆਏ ਜਾਮਾ ਧਾਰ । ਮਸਤੂਆਣਾ ਮੁਖ ਰਖਾਇਆ । ਧਰਤੀ ਮਾਤ ਸੁਖ ਉਪਜਾਇਆ । ਸਾਚਾ ਪਿਤ ਆਪ
ਅਖਵਾਇਆ । ਅਨਾਥਾਂ ਹਿਤ ਪ੍ਰਭ ਅੰਮ੍ਰਿਤ ਮੇਘ ਵਰਸਾਇਆ । ਪਾਰਬ੍ਰਹਮ ਅਚੁੱਤ ਜੋਤ ਸਰੂਪੀ ਦੀਪ ਜਗਾਇਆ । ਸਤਿਜੁਗ ਬਣਾਏ ਸਾਚੇ ਸੁੱਤ,
ਮਸਤੂਆਣੇ ਜਿਸ ਸੀਸ ਝੁਕਾਇਆ । ਆਪ ਸੁਹਾਏ ਸਾਚੀ ਰੁੱਤ, ਨਿਹਕਲੰਕ ਜਿਸ ਚਰਨ ਲਗਾਇਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ
ਲਿਖਾਏ ਲੇਖ, ਲਿਖਿਆ ਲੇਖ ਆਪ ਮਿਟਾਇਆ । ਲਿਖਿਆ ਲੇਖ ਆਪ ਮਿਟਾਏ । ਕਲਜੁਗ ਭੇਖ ਨਸ਼ਟ ਕਰਾਏ । ਝੂਠੀ ਰੇਖ ਰਹਿਣ ਨਾ
ਪਾਏ । ਪੀਰ ਪੈਗ਼ੰਬਰ ਔਲੀਏ ਸ਼ੇਖ਼ ਪ੍ਰਭ ਦੇ ਖਪਾਏ । ਸੰਤ ਮਨੀ ਸਿੰਘ ਲਗਾਈ ਸਾਚੀ ਮੇਖ ਨਿਹਕਲੰਕ ਦੇ ਉਪਜਾਏ । ਗੁਰਮੁਖ ਸਾਚੇ ਵਿਚ
ਮਾਤ ਵੇਖ, ਆਪਣੀ ਸਰਨ ਲਗਾਏ । ਗੁਰਮੁਖ ਸਾਚੇ ਦਰ ਸਾਚੇ ਲੇਖ, ਪ੍ਰਭ ਸਾਚਾ ਧੁਰੋਂ ਲਿਖਾਏ । ਜੋਤ ਸਰੂਪੀ ਪ੍ਰਭ ਕਾ ਭੇਖ, ਗੁਰਮੁਖ
ਵਿਰਲਾ ਪਾਏ । ਸ੍ਰਿਸ਼ਟ ਸਬਾਈ ਰਹੀ ਵੇਖਾ ਵੇਖ, ਨਿਹਕਲੰਕ ਕਲ ਮਾਇਆ ਪਾਏ । ਨਿਹਕਲੰਕ ਕਲ ਜਾਮਾ ਪਾਇਆ । ਸਾਚਾ ਡੰਕ ਆਪ
ਵਜਾਇਆ । ਏਕਾ ਅੰਕ ਪ੍ਰਭ ਸ਼ਬਦ ਉਪਾਇਆ । ਮਿਟਾਏ ਸ਼ੰਕ ਜੋ ਜਨ ਸਰਨਾਈ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ
ਰੰਕ ਅੰਤਕਾਲ ਇਕ ਕਰਾਇਆ । ਇਕ ਕਰਾਏ ਰਾਓ ਰੰਕ । ਸੋਹੰ ਸਾਚਾ ਸ਼ਬਦ ਚਲਾਏ ਸਾਚਾ ਡੰਕ । ਗੁਰਮੁਖ ਉਪਜਾਏ ਜਿਉਂ ਰਾਜਾ ਜਨਕ ।
ਏਕਾ ਨਾਉਂ ਧਰਾਏ ਏਕਾ ਅੰਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਲਾਏ ਤਨਕ । ਜੋਤ ਸਰੂਪੀ ਜੋਤ ਜਗਾਏ । ਆਤਮ
ਚਿੰਤਾ ਸੋਗ ਮਿਟਾਏ । ਹਉਮੇ ਵਿਚੋਂ ਰੋਗ ਗਵਾਏ । ਪਰਗਟ ਜੋਤ ਦਰਸ ਅਮੋਘ ਦਿਖਾਏ । ਸੋਹੰ ਸਾਚਾ ਜੋਗ ਪ੍ਰਭ ਚਾਰ ਵਰਨ ਮੁਖ ਰਖਾਏ ।
ਆਤਮ ਰਸ ਸਾਚਾ ਭੋਗ, ਸਵਾਸ ਸਵਾਸ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਦਇਆ ਕਮਾਏ । ਦਇਆ
ਕਮਾਏ ਗੁਰ ਗੋਬਿੰਦ । ਸੇਵ ਲਗਾਏ ਸੁਰਪਤ ਰਾਜਾ ਇੰਦ । ਸਰਨ ਲਗਾਏ ਪ੍ਰਭ ਸਾਚਾ ਵਾਲੀ ਹਿੰਦ । ਵਡ ਭੂਪਨ ਭੂਪ ਅਖਵਾਏ, ਗੁਰਮੁਖਾਂ
ਮਿਟਾਏ ਆਤਮ ਚਿੰਦ । ਪ੍ਰਭ ਪੂਰਨ ਰੂਪ ਵਟਾਏ ਵਡ ਸੂਰਾ ਵਡ ਮਰਗਿੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੇਮੁਖ ਦਰ ਆਇਣ ਜਾਇਣ

ਨਿੰਦ । ਵਡਾ ਪ੍ਰਭ ਭੂਪਨ ਭੂਪਾ । ਜੋਤ ਸਰੂਪੀ ਵਡ ਸਰੂਪਾ । ਨਿਹਕਲੰਕ ਨਾ ਦੀਸੇ ਰੰਗ ਰੂਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਜੋਤ ਏਕ ਗੋਤ ਸਤਿ ਸਰੂਪਾ । ਏਕਾ ਜੋਤ ਜਗਤ ਅਕਾਰ । ਤੀਨ ਲੋਕ ਪ੍ਰਭ ਵਰਤਾਰ । ਜੁਗੋ ਜੁਗ ਵਿਚ ਮਾਤ ਆਏ ਜਾਮਾ ਧਾਰ । ਅੰਤਕਾਲ ਕਲ ਧਰੀ ਜੋਤ ਆਪ ਕਰਤਾਰ । ਏਕ ਕਰਾਏ ਗੋਤ ਇਕ ਜਗਾਏ ਜੋਤ ਪ੍ਰਭ ਸਾਚਾ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਰੇ ਅਪਾਰ । ਏਕਾ ਜੋਤ ਜਗਤ ਜਗਾਏ । ਏਕਾ ਜੋਤ ਜੀਵ ਜੰਤ ਰਹਾਏ । ਏਕਾ ਜੋਤ ਪ੍ਰਭ ਆਪਣੀ ਆਪ ਉਪਜਾਏ । ਏਕਾ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣੇ ਦੇ ਟਿਕਾਏ । ਮਸਤੂਆਣੇ ਮਾਣ ਦਵਾਏ । ਰਾਣਾ ਸੰਗਰੂਰ ਸਰਨ ਲਗਾਏ । ਸਰਬ ਕਲਾ ਭਰਪੂਰ, ਪ੍ਰਭ ਦਰਸ ਦਿਖਾਏ । ਆਤਮ ਦੇਵੇ ਸਾਚਾ ਨੂਰ, ਪ੍ਰਭ ਸਾਚਾ ਜੋਤ ਜਗਾਏ । ਨਾ ਦਿਸੇ ਦੂਰ, ਨੇਤਨ ਨੇਤ ਇਕ ਦਿਸਾਏ । ਕਲਜੁਗ ਤਜਾਏ ਮਾਇਆ ਕੂੜ, ਹੋਏ ਨਿਮਾਣਾ ਪ੍ਰਭ ਸੇਵ ਕਮਾਏ । ਪ੍ਰਭ ਸਾਚਾ ਬਖ਼ਸ਼ੇ ਚਰਨ ਧੂੜ, ਗੁਰਸਿਖ ਹੋਏ ਲੈ ਮਸਤਕ ਲਾਏ । ਪ੍ਰਭ ਆਤਮ ਰੰਗ ਚੜ੍ਹਾਏ ਗੂੜ੍ਹ । ਚੜ੍ਹੇ ਰੰਗ ਫਿਰ ਉਤਰ ਨਾ ਜਾਏ । ਕਲਜੁਗ ਜੀਵ ਹੋਏ ਮੂੜ੍ਹ, ਜੋਤ ਸਰੂਪੀ ਪ੍ਰਭ ਨਜ਼ਰ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਸ਼ਬਦ ਬਣਾਇਆ ਬੂੜ । ਰਾਣਾ ਸੰਗਰੂਰ ਸੇਵ ਕਮਾਏ । ਪ੍ਰਭ ਚਰਨ ਧੂੜ ਆਤਮ ਤ੍ਰਿਪਤਾਏ । ਵਡ ਦਾਤਾ ਸੂਰ ਪ੍ਰਭ ਆਪਣੀ ਦਇਆ ਕਮਾਏ । ਧਰੇ ਜੋਤ ਕੋਹਤੂਰ, ਦੀਪਕ ਸਾਚਾ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਸਤੂਆਣੇ ਮਸਤ ਰਖਾਏ । ਮਸਤੂਆਣ ਮਸਤ ਦਿਖਾਇਆ । ਰਾਣਾ ਸੰਗਰੂਰ ਪ੍ਰਭ ਸਰਨ ਲਗਾਇਆ । ਸ਼ਬਦ ਉਪਜਾਂਏ ਅਨਹਦ, ਅਨਹਦ ਸਾਚਾ ਰਾਗ ਸੁਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਸਮਾਇਆ । ਜੋਤ ਸਰੂਪੀ ਪ੍ਰਭ ਵਿਚ ਸਮਾਵੇ । ਸਾਚਾ ਸ਼ਬਦ ਪ੍ਰਭ ਧੁਨ ਉਪਜਾਵੇ । ਆਤਮ ਸੁੰਨ ਪ੍ਰਭ ਆਪ ਖੁਲ੍ਹਾਵੇ । ਰੁਣ ਝੁਣ ਦਿਵਸ ਰੈਣ ਰਖਾਵੇ । ਗੁਰਮੁਖ ਗੁਰ ਸਾਚਾ ਚੁਣ ਆਪਣੀ ਸਰਨ ਲਗਾਵੇ । ਏਕਾ ਦੇਵੇ ਸੋਹੰ ਨਾਮ ਸਾਚਾ ਗੁਣ ਰਸਨਾ ਜਪ ਆਤਮ ਸੁਖ ਪਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਗਤ ਤ੍ਰਿਸਨਾ ਭੁੱਖ ਮਿਟਾਵੇ । ਜਗਤ ਤ੍ਰਿਸਨਾ ਪ੍ਰਭ ਮਿਟਾਏ । ਵਡ ਬ੍ਰਹਮਾ ਵਿਸ਼ਨ ਆਪ ਦਿਸਾਏ । ਸਾਵਲ ਕ੍ਰਿਸ਼ਨਾ ਜੋਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਾਣਾ ਸੰਗਰੂਰ ਮਾਣ ਰਖਾਏ । ਮਾਣ ਰਖਾਇਆ ਆਪ ਪ੍ਰਭ, ਕਿਰਪਾ ਕਰ । ਮਾਣ ਰਖਾਇਆ ਆਪ ਪ੍ਰਭ, ਸਿਰ ਹੱਥ ਧਰ । ਮਾਣ ਰਖਾਇਆ ਆਪ ਪ੍ਰਭ, ਸੋਹੰ ਦੇਵੇ ਸਾਚਾ ਵਰ । ਮਾਣ ਰਖਾਇਆ ਆਪ ਪ੍ਰਭ, ਦੇਵੇ ਦਰਸ ਨਿਹਕਲੰਕ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਿਸਾਵੇ ਸਾਚਾ ਵਰ ਘਰ । ਸਾਚਾ ਘਰ ਸਚ ਦਰ ਵਸਿਆ । ਸਾਚਾ ਦਰ ਵਿਰਲੇ ਗੁਰਮੁਖ ਪ੍ਰਭ ਦੱਸਿਆ ਗੁਰਮੁਖ ਸਾਚਾ ਕਰ ਦਰਸ ਜਾਏ ਤਰ, ਹੋਏ ਜੋਤ ਪ੍ਰਕਾਸ਼ ਕੋਟ ਰਵ ਸਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਦਰ ਘਰ ਸਾਚਾ ਪ੍ਰਭ ਵਿਚ ਵਸਿਆ । ਸਾਚਾ ਪ੍ਰਭ ਸੱਚਾ ਦਰਬਾਰੀ । ਜੋਤ ਸਰੂਪ ਪ੍ਰਭ ਜੋਤ ਨਿਰੰਕਾਰੀ । ਵਡਾ ਭੂਪ ਸਦ ਨਿਰਹਾਰੀ । ਨਾ ਰੰਗ ਨਾ ਰੂਪ ਪ੍ਰਭ ਪ੍ਰਭ ਨਿਰਾਧਾਰੀ । ਸਤਿ ਸਰੂਪ ਜੀਵ ਜੰਤ ਅਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਕਰੇ ਖੇਲ ਅਪਾਰੀ । ਅਪਰ ਅਪਾਰ ਪ੍ਰਭ ਖੇਲ ਰਚਾਇਆ । ਗੁਰਮੁਖ ਵਿਰਲੇ ਕਲ ਵਿਚਾਰ, ਜੋਤ ਸਰੂਪੀ ਮੇਲ ਮਿਲਾਇਆ । ਅੰਮ੍ਰਿਤ ਝਿਰਨਾ ਝਿਰੇ ਅਪਾਰ, ਅੰਮ੍ਰਿਤ ਮੇਘ ਪ੍ਰਭ ਆਪ ਵਰਸਾਇਆ । ਏਕਾ ਮਾਣ ਰਖਾਏ ਸਰਬ ਸੰਸਾਰ, ਏਕਾ

ਦੂਜਾ ਪ੍ਰਭ ਭਉ ਚੁਕਾਇਆ । ਏਕਾ ਗੋਤ ਸਰਬ ਕਰਾਇਆ । ਧਰੇ ਜੋਤ ਨਿਹਕਲੰਕ ਅਵਤਾਰ, ਮਹਾਰਾਜ ਸ਼ੇਰ ਸਿੰਘ ਨਾਉਂ ਧਰਾਇਆ । ਆਪਣਾ ਨਾਮ ਜਗਤ ਧਰਾਏ । ਝੂਠੀ ਕਾਇਆ ਜਗਤ ਤਜਾਏ । ਜੋਤ ਸਰੂਪੀ ਜੋਤ ਸਮਾਏ । ਗੁਰਸਿਖ ਸਾਚੇ ਬੈਠਾ ਆਸਣ ਲਾਏ । ਨਾੜੀ ਬਹੱਤਰ ਬੰਦ ਕਰਾਏ । ਏਕਾ ਵੱਤਰ ਆਤਮ ਸੋਹੰ ਬੀਜ ਬਿਜਾਏ । ਸਾਚਾ ਸਾਕ ਸੱਜਣ ਮਿਤਰ ਸੋਹੰ ਪ੍ਰਭ ਜਾਏ ਜਗਤ ਧਰਾਏ । ਵਡ ਵਡ ਆਪ ਮਾਤ ਪਿਤ ਹੋਏ ਸਹਾਈ ਜੋਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਏ । ਆਪਣੀ ਦਇਆ ਆਪ ਕਮਾਏ । ਸਾਚੀ ਮਈਆ ਧਰਤ ਮਾਤ ਬਣਾਏ । ਸਾਚੀ ਨੱਈਆ ਜਗਤ ਰਖਾਏ । ਸਾਚਾ ਬੀਆ ਬੀਜ ਬਿਜਾਏ । ਸਤਿਜੁਗ ਸਾਚਾ ਦੀਆ ਪ੍ਰਭ ਆਪ ਜਗਾਏ । ਪ੍ਰਭ ਮਿਲਣ ਕਾ ਸਾਚਾ ਹੀਆ, ਮਦਿਰਾ ਮਾਸ ਜੀਵ ਰਸਨਾ ਤਜਾਏ । ਸਾਚਾ ਨਾਮ ਮਹਾਂ ਰਸ ਪੀਆ, ਸਵਾਸ ਸਵਾਸ ਸੋਹੰ ਗਾਏ । ਨਿਰਮਲ ਹੋਇਆ ਕਲਜੁਗ ਜੀਆ, ਜੋਤ ਸਰੂਪੀ ਪ੍ਰਭ ਦਰਸ ਦਿਖਾਏ । ਲਹਿਣਾ ਦੇਵੇ ਪੂਰਬ ਜਨਮ ਜੋ ਬੀਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਦਇਆ ਕਮਾਏ । ਸਾਚਾ ਲਹਿਣਾ ਗੁਰ ਦਰ ਲੈਣਾ । ਝੂਠੇ ਵਹਿਣ ਜੀਵ ਨਹੀਂ ਵਹਿਣਾ । ਪ੍ਰਭ ਕਾ ਭਾਣਾ ਸਿਰ ਤੇ ਸਹਿਣਾ । ਸੋਹੰ ਦੇਵੇ ਪ੍ਰਭ ਸਾਚਾ ਗਹਿਣਾ । ਏਕਾ ਜੋਤ ਧਰੇ ਨਿਹਕਲੰਕ ਨਰਾਇਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖ ਦਰਸ ਦਿਖਾਵੇ ਤੀਜੇ ਨੈਣਾ । ਏਕਾ ਦੂਜਾ ਭਉ ਚੁਕਾਇਆ । ਤੀਜਾ ਨੈਣ ਪ੍ਰਭ ਖੁਲ੍ਹਾਇਆ । ਅੰਮ੍ਰਿਤ ਆਤਮ ਵਹਿਣ ਗੁਰਸਿਖ ਵਹਾਇਆ । ਗੁਰ ਚਰਨ ਸਾਧ ਸੰਤ ਸਾਚੇ ਬਹਿਣ, ਮਾਨਸ ਜਨਮ ਸੁਫਲ ਕਰਾਇਆ । ਸਾਚਾ ਲਹਿਣਾ ਪ੍ਰਭ ਦਰ ਲੈਣ, ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਸ੍ਰਿਸ਼ਟ ਸਬਾਈ ਝੂਠੇ ਸਾਕ ਸੱਜਣ ਭਾਈ ਭੈਣ, ਵੇਲੇ ਅੰਤ ਨਾ ਕੋਇ ਸਹਾਇਆ । ਝੂਠਾ ਮੇਲ ਝੂਠਾ ਲੈਣ ਦੇਣ, ਮਾਇਆ ਮਮਤਾ ਜਗਤ ਬੰਧਾਇਆ । ਝੂਠੇ ਜੀਵ ਅੰਤ ਪਾ ਰੋਵਣ ਵੈਣ, ਸਗਲਾ ਸੰਗ ਪ੍ਰਭ ਤਜਾਇਆ । ਬੇਮੁਖ ਜੀਵ ਦੁਖ ਡਾਹਢਾ ਸਹਿਣ, ਰਾਏ ਧਰਮ ਦੇ ਸਜਾਇਆ । ਗੁਰਮੁਖ ਸਾਚੇ ਪ੍ਰਭ ਚਰਨੀ ਪੈਣ, ਸਾਚੇ ਪ੍ਰਭ ਚਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰਗਹਿ ਸਾਚੀ ਮਾਣ ਦਵਾਇਆ । ਦਰਗਹਿ ਸਾਚੀ ਪ੍ਰਭ ਦਰਬਾਰਾ । ਜੋਤ ਸਰੂਪੀ ਪ੍ਰਭ ਅਕਾਰਾ । ਬੈਠਾ ਅਡੋਲ ਪ੍ਰਭ ਨਿਰਾਧਾਰਾ । ਆਪ ਅਡੋਲ ਜਗਤ ਅਧਾਰਾ । ਦੇਵੇ ਪੜਦੇ ਖੋਲ੍ਹ ਗੁਰ ਚਰਨ ਜਨ ਕਰਨ ਨਿਮਸਕਾਰਾ । ਪ੍ਰਭ ਵਸੇ ਕੋਲ, ਮੂਰਖ ਮੁਗਧ ਨਾ ਪਾਏ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਇਆ ਕਮਾਏ ਆਪ ਮਿਟਾਏ ਅੰਧ ਅੰਧਿਆਰਾ । ਅੰਧ ਅੰਧਿਆਰ ਪ੍ਰਭ ਆਪ ਮਿਟਾਏ । ਕਰ ਜੋਤ ਅਕਾਰ ਦੀਪਕ ਦੇ ਜਗਾਏ । ਦੇਵੇ ਸ਼ਬਦ ਅਧਾਰ, ਪ੍ਰਭ ਦਵਾਰ ਦਸਮ ਖੁਲ੍ਹਾਏ । ਅਨਹਦ ਧੁਨ ਉਪਜੇ ਧੁਨਕਾਰ, ਪ੍ਰਭ ਸਾਚੀ ਧੁਨ ਉਪਜਾਏ । ਗੁਰਮੁਖ ਸਾਚਾ ਪਾਏ ਸਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਦਇਆ ਕਮਾਏ । ਦਇਆ ਕਮਾਏ ਦਇਆਵਾਨ । ਸਾਚਾ ਪ੍ਰਭ ਵਡ ਮਿਹਰਵਾਨ । ਆਪ ਖੁਲ੍ਹਾਏ ਕਵਲ ਨਭ, ਅੰਮ੍ਰਿਤ ਝਿਰਨਾ ਪ੍ਰਭ ਝਿਰਾਣ । ਦਰਸ ਦਿਖਾਏ ਪਰਗਟ ਝੱਬ, ਜੋਤ ਸਰੂਪੀ ਜੋਤ ਮਹਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਬਖ਼ਸ਼ੇ ਚਰਨ ਧਿਆਨ । ਏਕਾ ਦੇਵੇ ਚਰਨ ਧਿਆਨਾ । ਗੁਰਮੁਖ ਸਾਚੇ ਪ੍ਰਭ ਸਰਨ ਲਗਾਣਾ । ਗੁਰਮੁਖ ਸਾਚੇ ਪ੍ਰਭ ਹਿਰਦੇ ਵਾਚੇ ਸਚ ਸਚ ਸਚ ਰਖਾਣਾ । ਸੋਹੰ ਸ਼ਬਦ ਜਨ ਹਿਰਦੇ ਵਾਚੇ, ਦੇਵੇ ਦਰਸ ਆਪ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਤੋੜੇ ਅਭਿਮਾਨਾ । ਸਰਬ ਜਨਾਂ ਤੋੜੇ ਅਭਿਮਾਨ । ਵਡਾ ਪ੍ਰਭ ਬਲੀ

ਬਲਵਾਨ । ਗੁਰਮੁਖ ਸਾਚੇ ਪ੍ਰਭ ਸਾਚਾ ਦੇਵੇ ਮਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਣਵੰਤ ਗੁਣੀ ਨਿਧਾਨ । ਗੁਣ ਨਿਧਾਨ ਜਨ ਵਿਰਲਾ ਜਾਣੇ । ਚਤੁਰ ਸੁਜਾਨ ਸਤਿ ਪੁਰਖ ਸਮਾਣੇ । ਵਡ ਵਿਦਵਾਨ ਆਤਮ ਰੰਗ ਮਾਣੇ । ਜੋਤ ਜਗਤ ਮਹਾਨ ਧਰੇ ਆਪ ਭਗਵਾਨੇ । ਨਿਹਕਲੰਕ ਬਲੀ ਬਲਵਾਨ, ਸਰਬ ਸ੍ਰਿਸ਼ਟ ਆਪ ਭੁਲਾਣੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਖੇਲ ਆਪ ਵਰਤਾਣੇ । ਸਾਚਾ ਖੇਲ ਪ੍ਰਭ ਵਰਤਾਏ । ਦੋ ਫਾੜ ਸ੍ਰਿਸ਼ਟ ਕਰਾਏ । ਦਾੜ੍ਹਾਂ ਹੇਠ ਪ੍ਰਭ ਆਪ ਚਬਾਏ । ਕੌੜੇ ਰੇਠ ਪ੍ਰਭ ਆਪ ਖਪਾਏ । ਮਹੀਨੇ ਜੇਠ ਪ੍ਰਭ ਕਹਿਰ ਵਰਤਾਏ । ਵਡ ਵਡ ਸੇਠ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਬਣਤ ਬਣਾਏ । ਆਪ ਬਣਾਏ ਕਿਰਪਾ ਕਰ । ਧਰੇ ਜੋਤ ਅਵਤਾਰ ਨਰ । ਜੋਤ ਖਿਚਾਏ ਅੰਮ੍ਰਿਤ ਸਰ । ਮਸਤੂਆਣੇ ਜਾਏ ਭੰਡਾਰੇ ਭਰ । ਚਾਰ ਵਰਨ ਚਲ ਆਇਣ ਦਰ । ਸ੍ਰਿਸ਼ਟ ਸਬਾਈ ਏਕ ਬਣਾਇਆ ਸੱਚਾ ਘਰ । ਏਕਾ ਜੋਤ ਜਗਾਏ ਅਵਤਾਰ ਨਰ । ਬ੍ਰਹਮ ਸਮਗਰੀ ਪਾਈ ਸੋਹੰ ਦੀਆ ਸਾਚਾ ਵਰ । ਸਤਿਜੁਗ ਮਿਲੀ ਵਡਿਆਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਉਪਾਇਆ ਸਾਚਾ ਘਰ । ਸਾਚਾ ਪ੍ਰਭ ਦੇਵੇ ਵਡਿਆਈ । ਚਾਰ ਵਰਨ ਪ੍ਰਭ ਦਰ ਖੁਲ੍ਹਾਈ । ਕਰ ਦਰਸ ਗੁਰਮੁਖ ਸਾਚੇ ਹਰਨ ਫਰਨ ਖੁਲ੍ਹਾਈ । ਸੋਹੰ ਸ਼ਬਦ ਜਨ ਰਸਨਾ ਵਾਚੇ ਸਵਾਸ ਸਵਾਸ ਪ੍ਰਭ ਸਵਾਸ ਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਈ । ਜੋਤ ਸਰੂਪੀ ਦਰਸ ਦਿਖਾ ਕੇ । ਸਤਿ ਸਤਿ ਸਤਿ ਵਰਤਾ ਕੇ । ਯਤ ਯਤ ਯਤ ਪ੍ਰਭ ਆਪ ਰਖਾ ਕੇ । ਤਤ ਤਤ ਪ੍ਰਭ ਸੋਹੰ ਤਤ ਚਲਾ ਕੇ । ਬਣਤ ਬਣਤ ਬਣਤ ਪ੍ਰਭ ਆਪਣੀ ਬਣਤ ਬਣਾ ਕੇ । ਗਤ ਮਿਤ ਮਿਤ ਗਤ ਜਨ ਭਗਤਾਂ ਜਾਏ ਜਣਾ ਕੇ । ਗੁਰਮੁਖ ਸਾਚੇ ਸੰਤ ਪ੍ਰਭ ਸਤਿਜੁਗ ਟਿਕਾ ਕੇ । ਆਪ ਬਣਾਏ ਸਾਚੀ ਬਣਤ ਸਾਚੀ ਧੁਨ ਉਪਜਾ ਕੇ । ਦੇਵੇ ਦਰਸ ਸਾਚਾ ਕੰਤ, ਜੋਤ ਸਰੂਪੀ ਜੋਤ ਪਰਗਟਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਾਏ ਤਰਾ ਕੇ । ਤਾਰਨਹਾਰ ਪ੍ਰਭ ਸਮਰਥ । ਜਨ ਭਗਤਾਂ ਰੱਖੇ ਦੇ ਕਰ ਹੱਥ । ਆਤਮ ਦੇਵੇ ਸੋਹੰ ਸਾਚੀ ਵੱਥ । ਸਾਚਾ ਸ਼ਬਦ ਚਲਾਇਆ ਗੁਰ ਸੰਗਤ ਚੜ੍ਹਾਏ ਸਾਚੇ ਰਥ । ਆਤਮ ਦੇਵੇ ਸੋਹੰ ਸਾਚੀ ਵੱਥ । ਸਤਿਜੁਗ ਸਾਚਾ ਮਾਰਗ ਲਾਇਆ, ਪ੍ਰਭ ਕੀ ਮਹਿੰਮਾ ਬੜੀ ਅਕਥ । ਚਾਰ ਵਰਨ ਇਕ ਕਰਾਇਆ, ਰਾਜਿਆਂ ਰਾਣਿਆਂ ਪ੍ਰਭ ਪਾਈ ਨੱਥ । ਜੋਤ ਸਰੂਪੀ ਪ੍ਰਭ ਸਮਾਇਆ, ਗੁਰਮੁਖ ਵਿਰਲਾ ਪਾਵੇ ਪ੍ਰਭ ਸਾਚੇ ਦੀ ਸਾਚੀ ਵੱਥ । ਨਾ ਕਦੇ ਮਰੇ ਨਾ ਜਾਇਆ, ਜੋਤ ਸਰੂਪੀ ਪ੍ਰਭ ਸਦਾ ਸਮਰਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰ ਦਰਸ ਜੀਵ ਆਤਮ ਦੁਖੜੇ ਜਾਇਣ ਲੱਥ । ਆਤਮ ਦੁਖ ਪ੍ਰਭ ਮਿਟਾਏ । ਏਕਾ ਸੁਖ ਪ੍ਰਭ ਉਪਜਾਏ । ਜਗਤ ਭੁੱਖ ਪ੍ਰਭ ਤ੍ਰਿਸਨਾ ਜਲਾਏ । ਮਾਤ ਗਰਭ ਉਲਟਾ ਰੁੱਖ ਫਿਰ ਵਾਸ ਨਾ ਪਾਏ । ਕਰ ਦਰਸ ਜਨ ਉਤਰੇ ਭੁੱਖ, ਨਿਹਕਲੰਕ ਕਲ ਜਾਮਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰ ਖੇਲ ਚਤੁਰਭੁਜ ਕਹਾਏ । ਸਾਚਾ ਪ੍ਰਭ ਜਗਤ ਦੀਵਾਨਾ । ਕਲਜੁਗ ਮਾਇਆ ਜਗਤ ਭੁਲਾਣਾ । ਹਉਮੇ ਰੋਗ ਪ੍ਰਭ ਵਡ ਲਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਵਿਰਲੇ ਬੂਝ ਬੁਝਾਣਾ । ਸੋ ਜਨ ਬੂਝੇ ਜਿਸ ਆਪ ਬੁਝਾਏ । ਗੁਰਮੁਖ ਵਿਰਲੇ ਦਰ ਸਾਚਾ ਸੁਝੇ । ਜਿਸ ਜਨ ਦਇਆ ਕਮਾਏ । ਗੁਰ ਚਰਨ ਪ੍ਰੀਤੀ ਪ੍ਰਭ ਦਰ ਲੂਝੇ, ਲੱਖ ਚੁਰਾਸੀ ਗੇੜ ਕਟਾਏ । ਦੇ ਦਰਸ ਪ੍ਰਭ ਭੇਵ ਖੁਲ੍ਹਾਵੇ ਗੁਝੇ, ਆਤਮ ਭਰਮ ਸਰਬ ਮਿਟਾਏ । ਦਇਆ ਕਰੇ ਦਰ ਘਰ ਸਾਚਾ ਸੂਝੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਜ਼ਰੀ

ਆਏ । ਗੁਰਮੁਖ ਸਾਚੇ ਸਚ ਧਿਆਨਾ । ਸਾਚਾ ਪ੍ਰਭ ਦੇਵੇ ਸ਼ਬਦ ਗਿਆਨਾ ਹਿਰਦੇ ਵਾਚੇ ਸਚ ਸਚ ਪ੍ਰਭ ਦੇਵੇ ਜੋਤ ਮਹਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਭਗਤ ਦੇਵੇ ਵਡਿਆਈ ਵਿਸ਼ਨੂੰ ਭਗਵਾਨਾ ।

### * ੧੭ ਵਿਸਾਖ ੨੦੦੯ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ *

ਗੁਰਸਿਖ ਪ੍ਰਭ ਆਪ ਤਰਾਏ । ਗੁਰਮੁਖ ਸਾਚੇ ਗੁਰਸਿਖ ਬਣਾਏ । ਗੁਰਮੁਖ ਗੁਰ ਮੁਨ ਰਿਖ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨੀ ਲਗਾਏ । ਗੁਰਮੁਖ ਪ੍ਰਭ ਸਰਨ ਲਗਾਏ । ਆਤਮ ਭਿੱਖ ਪ੍ਰਭ ਨਾਮ ਪਾਏ । ਜਗਤ ਤ੍ਰਿਸਨਾ ਪ੍ਰਭ ਦੇ ਮਿਟਾਏ । ਕਾਹਨਾ ਕ੍ਰਿਸ਼ਨਾ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਕਲ ਤਰਾਏ । ਗੁਰਮੁਖ ਗੁਰ ਦਰ ਪਾਏ । ਕਰ ਦਰਸ ਆਤਮ ਤ੍ਰਿਪਤਾਏ । ਗੁਰਮੁਖ ਹਉਮੇ ਮਮਤਾ ਰੋਗ ਗਵਾਏ । ਗੁਰਮੁਖ ਗੁਰ ਪੂਰਾ ਆਤਮ ਸੋਗ ਸਰਬ ਮਿਟਾਵੇ । ਗੁਰਸਿਖ ਗੁਰ ਸਾਚਾ ਜੋਤ ਸਰੂਪੀ ਸਦ ਸਮਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਕਲ ਆਪ ਵਰਤਾਵੇ । ਜੋਤ ਸਰੂਪੀ ਗੁਰਸਿਖ ਸਮਾਇਆ । ਗੁਰਮੁਖਾਂ ਪ੍ਰਭ ਭਉ ਚੁਕਾਇਆ । ਗੁਰਮੁਖਾਂ ਜੁਗੋ ਜੁਗ ਪ੍ਰਭ ਸੇਵ ਲਗਾਇਆ । ਗੁਰਮੁਖਾਂ ਸੋਹੰ ਫਲ ਸਾਚੀ ਚੋਗ ਚੁਗਾਇਆ । ਗੁਰਮੁਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣਾ ਨਾਮ ਜਪਾਇਆ । ਗੁਰਮੁਖਾਂ ਪ੍ਰਭ ਬੂਝ ਬੁਝਾਏ । ਗੁਰਮੁਖਾਂ ਪ੍ਰਭ ਭੇਵ ਦੂਜ ਚੁਕਾਏ । ਗੁਰਮੁਖਾਂ ਪ੍ਰਭ ਏਕਾ ਸੂਝ ਚਰਨ ਰਖਾਏ । ਗੁਰਮੁਖਾਂ ਬੂਝ ਨਿਹਕਲੰਕ ਸਰਨ ਲਗਾਏ । ਗੁਰਮੁਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਮੇਲ ਮਿਲਾਏ । ਗੁਰਮੁਖਾਂ ਪ੍ਰਭ ਮੇਲ ਮਿਲਾਇਆ । ਮਾਤਲੋਕ ਪ੍ਰਭ ਆਪ ਵਡਿਆਇਆ । ਗੁਰਮੁਖਾਂ ਗੁਰ ਦਇਆ ਕਮਾਇਆ । ਬਾਂਹੋਂ ਪਕੜ ਗੁਰ ਚਰਨ ਲਗਾਇਆ । ਗੁਰਮੁਖਾਂ ਪ੍ਰਭ ਲਾਹੀ ਮਾਇਆ । ਆਪ ਆਪਣੇ ਜਿਹਾ ਕਰਾਇਆ । ਗੁਰਮੁਖਾਂ ਪ੍ਰਭ ਰੋਗ ਚੁਕਾਇਆ । ਸੋਹੰ ਸਾਚਾ ਜੋਗ ਦਵਾਇਆ । ਗੁਰਮੁਖਾਂ ਦਰਸ ਅਮੋਘ ਪ੍ਰਭ ਆਪ ਦਿਖਾਇਆ । ਸਾਚਾ ਰਸ ਭੋਗ ਆਤਮ ਸੰਸਾ ਸਰਬ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਮੇਲ ਮਿਲਾਇਆ । ਗੁਰਮੁਖਾਂ ਗੁਰ ਦੇਵੇ ਧੀਰ । ਜੋਤ ਪਰਗਟਾਵੇ ਨਿਹਕਲੰਕ ਵਡ ਪੀਰਨ ਪੀਰ । ਗੁਰਮੁਖਾਂ ਪ੍ਰਭ ਆਤਮ ਕੁੰਡਾ ਖੁਲ੍ਹਾਵੇ ਸੋਹੰ ਲਾਵੇ ਤੀਰ । ਗੁਰਮੁਖਾਂ ਪ੍ਰਭ ਭਰੇ ਭੰਡਾਰੇ ਅੰਮ੍ਰਿਤ ਵੰਡ, ਜਿਉਂ ਬਾਲਕ ਮਾਤਾ ਸੀਰ । ਸ੍ਰਿਸ਼ਟ ਸਬਾਈ ਹੋਏ ਖੰਡ ਖੰਡ, ਚਾਰ ਕੁੰਟ ਪੈ ਜਾਏ ਵਹੀਰ । ਬੇਮੁਖਾਂ ਆਤਮ ਹੋਈ ਰੰਡ, ਅੰਤਕਾਲ ਕਲ ਲੱਥੇ ਚੀਰ । ਏਕਾ ਜੋਤ ਜਗਾਏ ਨਵ ਖੰਡ, ਪ੍ਰਭ ਮਾਣ ਗਵਾਏ ਗੌਸ ਔਲੀਏ ਪੀਰ ਫ਼ਕੀਰ । ਨਿਹਕਲੰਕ ਪਰਗਟੇ ਜੋਤ ਵਿਚ ਵਰਭੰਡ, ਹੋਏ ਨਾ ਸਹਾਈ ਕੋਈ ਦਸਤਗੀਰ । ਕਲਜੁਗ ਮੇਟ ਮਿਟਾਏ ਸਰਬ ਭੇਖ ਪਖੰਡ, ਸੋਹੰ ਦੇਵੇ ਆਤਮ ਧੀਰ । ਸਾਚਾ ਸ਼ਬਦ ਚੰਡ ਪਰਚੰਡ, ਕਲਜੁਗ ਕਰੇ ਅੰਤ ਅਖ਼ੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੰਤਕਾਲ ਕਲ ਗੁਰਮੁਖਾਂ ਕੱਟੇ ਭੀੜ । ਗੁਰਮੁਖ ਗੁਰ ਏਕਾ ਰੰਗ । ਪ੍ਰਭ ਦਰ ਮੰਗੇ ਸਾਚੀ ਮੰਗ । ਸਾਚਾ ਪ੍ਰਭ ਆਤਮ ਚਾੜ੍ਹੇ ਸਾਚਾ ਰੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਪਾਰ ਜਾਏ ਲੰਘ । ਸਾਚਾ ਪ੍ਰਭ ਪਾਰ ਲੰਘਾਏ । ਗੁਰਸਿਖਾਂ ਬੇੜਾ ਬੰਨ੍ਹ ਵਖਾਏ । ਸਾਚਾ ਰਾਗ ਪ੍ਰਭ ਕੰਨ ਸੁਣਾਏ । ਪਕੜੇ

ਵਾਗ ਸਚ ਮਾਰਗ ਪਾਏ । ਲਾਗੇ ਨਾ ਦਾਗ਼ ਨਿਹਕਲੰਕ ਸਚ ਤੇਰੀ ਸਰਨਾਏ । ਗੁਰਮੁਖ ਵਿਰਲੇ ਕਲ ਗਏ ਜਾਗ, ਬੇਮੁਖ ਗੂੜੀ ਨੀਂਦ ਸਵਾਏ । ਗੁਰਸਿਖ ਵਡ ਵਡ ਭਾਗ, ਪ੍ਰਭ ਆਪਣੀ ਸੇਵਾ ਲਾਏ । ਸ਼ਬਦ ਲਿਖਾਇਆ ਪਹਿਲੀ ਮਾਘ, ਸਤਿਜੁਗ ਸਾਚੇ ਜਨਮ ਦਵਾਏ । ਕਲਜੁਗ ਜੀਵ ਹੋਏ ਹੰਸੋਂ ਕਾਗ, ਸਾਚਾ ਪ੍ਰਭ ਗਏ ਭੁਲਾਏ । ਸੇਜ ਤਜਾਏ ਬਾਸ਼ਕ ਨਾਗ, ਪ੍ਰਭ ਵਿਚ ਮਾਤ ਦੇ ਆਏ । ਭੋਗ ਲਗਾਏ ਜਿਉਂ ਬਿਦਰ ਅਲੂਣੇ ਸਾਗ, ਦੁਰਯੋਧਨ ਮਾਣ ਗਵਾਏ । ਨਿਮਾਣਿਆਂ ਨਿਤਾਣਿਆਂ ਸੋਹੰ ਸ਼ਬਦ ਸੁਣਾਵੇ ਰਾਗ, ਸਾਚੀ ਧੁਨ ਉਪਜਾਏ । ਕਲਜੁਗ ਜੀਵ ਮਾਇਆ ਤ੍ਰਿਸਨਾ ਜਲਾਏ ਆਗ, ਕੋਇ ਨਾ ਹੋਏ ਸਹਾਏ । ਅੰਤ ਗੁਰਮੁਖ ਵਿਰਲੇ ਕਲ ਗਏ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਇਆ ਕਮਾਏ । ਗੁਰਮੁਖ ਗੁਰ ਉਪਜਾਏ ਪੂਰਾ । ਏਕਾ ਮਾਰਗ ਲਾਏ ਸ਼ਬਦ ਚਲਾਏ ਅਨਹਦ ਤੂਰਾ । ਭਾਰਤ ਜੋਤ ਜਗਾਏ ਨੇਹਕਲੰਕ ਵਡ ਸੂਰਾ । ਰਾਓ ਰੰਕ ਸਰਨ ਲਗਾਏ, ਸ਼ਬਦ ਲਿਖਾਏ ਨਾ ਹੋਏ ਅਧੂਰਾ । ਪ੍ਰਭ ਹਰਨ ਫਰਨ ਖੁਲ੍ਹਾਏ, ਸੋਹੰ ਦੇਵੇ ਸਤਿ ਸਰੂਰਾ । ਪ੍ਰਭ ਜਨਮ ਮਰਨ ਕਟਾਏ, ਅੰਤਕਾਲ ਗੁਰ ਸਤਿਗੁਰ ਪੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਜੋਤ ਜਗਾਏ ਦੇਵੇ ਨੂਰਾ । ਗੁਰਮੁਖਾਂ ਪ੍ਰਭ ਜੋਤ ਜਗਈਆ । ਸੋਹੰ ਚੜ੍ਹਾਏ ਸਾਚੀ ਨਈਆ । ਧਰਤ ਮਾਤ ਜਗਤ ਮਈਆ । ਭੈਣ ਭਰਾ ਚਾਰ ਵਰਨ ਕਰਈਆ । ਆਤਮ ਸ਼ਾਂਤ ਪ੍ਰਭ ਕਰਈਆ । ਬੈਠ ਇਕੰਤ ਜੋਤ ਸਰੂਪੀ ਜੋਤ ਜਗਈਆ । ਕਲ ਸਾਚਾ ਨਾਤ, ਨਿਹਕਲੰਕ ਸਰਨਈਆ । ਪ੍ਰਭ ਵਾਸ ਕਟਾਏ ਗਰਭ ਮਾਤ, ਜੋਤੀ ਜੋਤ ਮਿਲਈਆ । ਸੋਹੰ ਦੇਵੇ ਸਾਚੀ ਦਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਦਾਤ ਸਰਬ ਦਵਈਆ । ਸਾਚਾ ਦਾਨ ਗੁਰ ਦਰਬਾਰੇ । ਸਾਚਾ ਪ੍ਰਭ ਭਰੇ ਭੰਡਾਰੇ । ਜੋ ਜਨ ਆਏ ਗੁਰ ਚਰਨ ਦਵਾਰੇ । ਸਰਧਾ ਪੂਰ ਪ੍ਰਭ ਆਤਮ ਦੁਖ ਨਿਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪੈਜ ਸਵਾਰੇ । ਗੁਰਮੁਖਾਂ ਹਰਿ ਕਾਜ ਸਵਾਰ । ਦੇਵੇ ਵਡਿਆਈ ਵਿਚ ਸੰਸਾਰ । ਗੁਰਮੁਖਾਂ ਪ੍ਰਭ ਜੋਤ ਅਧਾਰ । ਹੋਏ ਸਹਾਈ ਭਗਤ ਵਛਲ ਆਪ ਗਿਰਧਾਰ । ਗੁਰਸਿਖਾਂ ਪ੍ਰਭ ਕਰਮ ਵਿਚਾਰ । ਏਕਾ ਦਿਸਾਇਆ ਸਚ ਦਰਬਾਰ । ਧਰੇ ਜੋਤ ਨਿਹਕਲੰਕ ਨਰ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪ੍ਰਭ ਜਾਏ ਤਾਰ । ਗੁਰਮੁਖਾਂ ਪ੍ਰਭ ਤਾਰਨਹਾਰਾ । ਬੇਮੁਖਾਂ ਪ੍ਰਭ ਕਰੇ ਖੁਆਰਾ । ਸੋਹੰ ਸ਼ਬਦ ਚਲਾਏ ਖੰਡਾ ਦੋ ਧਾਰਾ । ਵਿਚ ਦੇਹ ਦੋ ਫਾੜ ਕਰਾਏ, ਸਾਚਾ ਸ਼ਬਦ ਰੱਖੇ ਸਿਰ ਆਰਾ । ਸ੍ਰਿਸ਼ਟ ਸਬਾਈ ਲਏ ਮਾਰ, ਚਾਰ ਕੁੰਟ ਚਲੇ ਖੂਨ ਫੁਹਾਰਾ । ਸ੍ਰਿਸ਼ਟ ਸਬਾਈ ਚਬਾਈ ਦਾੜ੍ਹ, ਪ੍ਰਭ ਸਾਚੇ ਦੀ ਸਾਚੀ ਕਾਰਾ । ਗੁਰਮੁਖ ਸਾਚੇ ਮਾਤ ਉਪਜਾਏ ਲਾੜ, ਸੋਹੰ ਦੇਵੇ ਸਾਚੀ ਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚੇ ਸ਼ਬਦ ਚਲਾਏ ਸਾਚੀ ਧਾਰਾ । ਸਾਚਾ ਸ਼ਬਦ ਸਾਚੀ ਧਾਰ । ਸਾਚੀ ਜੋਤ ਸਾਚਾ ਆਕਾਰ । ਏਕਾ ਜੋਤ ਏਕਾ ਅਧਾਰ । ਖੋਲ੍ਹੇ ਸੋਤ ਜਨ ਆਏ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਾਲੀ ਭਰੇ ਭੰਡਾਰ । ਸਾਚਾ ਪ੍ਰਭ ਵਡ ਭੰਡਾਰੀ । ਗੁਰਮੁਖ ਚਲ ਆਇਣ ਦਵਾਰੀ । ਆਤਮ ਸੁਖ ਉਪਜਾਵੇ ਨਿਹਕਲੰਕ ਨਰ ਅਵਤਾਰੀ । ਹਉਮੇ ਰੋਗ ਗਵਾਏ ਸਾਚਾ ਨਾਮ ਆਤਮ ਦੇ ਅਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਜਾਏ ਪੈਜ ਸਵਾਰੀ । ਗੁਰਸਿਖਾਂ ਗੁਰ ਉਪਦੇਸਿਆ । ਜੋਤ ਸਰੂਪੀ ਕੀਆ ਵੇਸਿਆ । ਸਾਰ ਨਾ ਜਾਣੇ ਨਾ ਕੋਇ ਵਖਾਣੇ ਭੇਵ ਨਾ ਪਾਏ ਬ੍ਰਹਮਾ ਵਿਸ਼ਨ ਮਹੇਸ਼ਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪ੍ਰਭ ਸਾਚੇ ਕੋ ਸਦਾ ਆਦੇਸਿਆ । ਸਾਚਾ

ਪ੍ਰਭ ਸਦਾ ਆਦੇਸ । ਆਵੇ ਜਾਵੇ ਜਗਤ ਕਰਾਵੇ ਸਾਚਾ ਵੇਸ । ਭਗਤ ਜਨ ਜੋਤ ਪਰਗਟਾਵੇ, ਮਾਣ ਦਵਾਏ ਮਾਝਾ ਦੇਸ । ਗੁਰਮੁਖ ਉਪਜਾਏ ਸਰਨ ਲਗਾਏ, ਜੋਤ ਸਰੂਪੀ ਸਦ ਪਰਵੇਸ । ਪਕੜ ਉਠਾਵੇ ਅਗਨ ਜੋਤ ਲਗਾਏ, ਚਰਨ ਲਗਾਵੇ ਵਡ ਵਡ ਮਰਗੇਸ਼ । ਕਲਜੁਗ ਜੀਆਂ ਦੋਸ਼ ਲਗਾਵੇ, ਜੋਤ ਸਰੂਪੀ ਕੀਆ ਭੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਸਾਚਾ ਘਰ ਸਚ ਦਿਸਾਵੇ ਸਾਚਾ ਦੇਸ । ਸਾਚਾ ਪ੍ਰਭ ਸਾਚਾ ਰਾਹ । ਸਾਚਾ ਪ੍ਰਭ ਸਦ ਸਦ ਬੇਪਰਵਾਹ । ਆਦਿ ਅੰਤ ਜੀਵ ਜਾਣੇ ਕੋਈ ਨਾ । ਸਾਧ ਸੰਤ ਬਣਾਏ ਬਣਤ, ਆਤਮ ਸਾਚੀ ਜੋਤ ਜਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਨਿਹਕਲੰਕ ਧਰਾਏ ਨਾਂ । ਨਿਹਕਲੰਕ ਕਲ ਨਾਉਂ ਧਰਾਇਆ । ਏਕਾ ਡੰਕ ਆਪ ਵਜਾਇਆ । ਦਵਾਰ ਬੰਕ ਪ੍ਰਭ ਸਰਬ ਸੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰੀ ਕਲ ਜਾਮਾ ਪਾਇਆ । ਘਨਕਪੁਰੀ ਕਲ ਜਾਮਾ ਧਾਰ । ਨਿਹਕਲੰਕ ਆਏ ਸਚ ਅਵਤਾਰ । ਸ਼ਬਦ ਲਿਖਾਏ ਜਗਤ ਵਰਤਾਏ, ਆਪ ਆਪਣੀ ਪਾਏ ਸਾਰ । ਵਾਕ ਭਵਿਖਤ ਸਤਿ ਕਰਾਏ, ਸਾਚੇ ਲੇਖ ਜਗਤ ਲਿਖਾਏ, ਸੋਹੰ ਸ਼ਬਦ ਚਲਾਏ ਕਟਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਆਏ ਜਾਮਾ ਧਾਰ । ਜਾਮਾ ਧਾਰੇ ਪੁਰੀ ਘਨਕ । ਆਵੇ ਜਾਵੇ ਜੋਤ ਪਰਗਟਾਵੇ ਵਿਚ ਮਾਤ ਬਾਰ ਅੰਕ । ਗੁਰਸਿਖ ਸਮਾਵੇ ਦਰਸ ਦਿਖਾਵੇ, ਜੋਤ ਸਰੂਪੀ ਲਾਵੇ ਤਨਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਤਮ ਭਰਮ ਚੁਕਾਵੇ, ਸੰਸਾ ਰੋਗ ਮਿਟਾਵੇ ਮਨਕ । ਮਨ ਕਾ ਰੋਗ ਪ੍ਰਭ ਚੁਕਾਏ । ਆਤਮ ਸੋਗ ਕੋਈ ਰਹਿਣ ਨਾ ਪਾਏ । ਸਾਚਾ ਰਸ ਭੋਗ ਪ੍ਰਭ ਸੇਵ ਕਮਾਏ । ਹੋਏ ਨਾ ਕਦੇ ਵਿਜੋਗ, ਸੋਹੰ ਸ਼ਬਦ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਏ । ਸਾਚਾ ਪ੍ਰਭ ਦਇਆਵਾਨ । ਮੇਲ ਮਿਲਾਏ ਭਗਤ ਭਗਵਾਨ । ਸਾਚਾ ਪ੍ਰਭ ਸੋਹੰ ਦੇਵੇ ਸਾਚਾ ਦਾਨ । ਸਾਚਾ ਪ੍ਰਭ ਏਕਾ ਬਖ਼ਸ਼ੇ ਚਰਨ ਧਿਆਨ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਡ ਗੁਣੀ ਨਿਧਾਨ । ਗੁਣ ਨਿਧਾਨ ਗੁਣ ਕਿਸੇ ਨਾ ਜਾਣਿਆਂ । ਗੁਰਮੁਖ ਚਤੁਰ ਸੁਜਾਨ ਰੰਗ ਸਾਚਾ ਮਾਣਿਆਂ । ਸਾਚਾ ਪ੍ਰਭ ਸਦ ਮਿਹਰਵਾਨ, ਆਪ ਆਪਣੇ ਚਲਾਏ ਭਾਣਿਆਂ । ਭਗਤ ਜਨਾਂ ਹਰਿ ਦੇਵੇ ਮਾਣਿਆਂ । ਜਨ ਆਏ ਚਰਨ ਹੋਏ ਨਿਮਾਣਿਆਂ । ਆਵਣ ਜਾਵਣ ਚੁਕਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆਂ । ਆਵਣ ਜਾਵਣ ਪ੍ਰਭ ਕਟਾਇਆ । ਅੰਮ੍ਰਿਤ ਮੇਘ ਸਾਵਣ ਵਰਸਾਇਆ । ਸੋਹੰ ਸਾਚੀ ਦੇਗ ਪ੍ਰਭ ਸਚ ਭੰਡਾਰ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿਜੁਗ ਸੋਹੰ ਸਾਚਾ ਜਾਮ ਪਿਲਾਇਆ । ਸੋਹੰ ਸਾਚਾ ਸਾਚੀ ਜੀਤ । ਸੋਹੰ ਉਪਜਾਵੇ ਪ੍ਰਭ ਚਰਨ ਪ੍ਰੀਤ । ਸੋਹੰ ਤਰਾਵੇ ਭੁਲ ਬਖ਼ਸ਼ਾਵੇ ਜੋ ਗਈ ਬੀਤ । ਗੁਰਮੁਖ ਵਿਰਲਾ ਰਸਨਾ ਗਾਵੇ, ਅੰਮ੍ਰਿਤ ਆਤਮ ਤੀਰਥ ਨਾਵ੍ਹੇ, ਦੇਵੇ ਦਰਸ ਪ੍ਰਭ ਸਾਚਾ ਮੀਤ । ਸੱਜਣ ਸੁਹੇਲਾ ਗੁਰਸਿਖਾਂ ਕਰਾਏ ਸਾਚਾ ਮੇਲਾ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਜੀਵ ਹੱਥ ਨਾ ਆਵੇ ਵੇਲਾ ਜੋ ਗਿਆ ਬੀਤ । ਵੇਲਾ ਗਿਆ ਹੱਥ ਨਾ ਆਣਾ । ਸ੍ਰਿਸ਼ਟ ਸਬਾਈ ਅੰਤ ਪਛਤਾਣਾ । ਦੇ ਮਿਟਾਏ ਸਭ ਰਾਜਾ ਰਾਣਾ । ਭਗਤ ਸਹਾਈ ਰੈਣ ਸਬਾਈ ਪ੍ਰਭ ਸਾਚਾ ਰਸਨਾ ਗਾਣਾ । ਵੱਜੀ ਵਧਾਈ ਮਿਲੀ ਵਡਿਆਈ ਨਿਹਕਲੰਕ ਚਰਨ ਸੀਸ ਝੁਕਾਣਾ । ਸਾਧ ਸੰਗਤ ਸਦ ਰਸਨਾ ਗਾਈ, ਪੂਰਨ ਮਤਿ ਪ੍ਰਭ ਸਾਚੇ ਪਾਈ, ਸ਼ਬਦ ਚਲਾਏ ਵਿਚ ਸਵਾਸ ਪਵਣਾ । ਆਤਮ ਸਵਾਸ ਪਵਣ ਝੁਲਾਰ । ਸਾਚਾ ਸ਼ਬਦ ਸੱਚੀ ਧੁਨਕਾਰ । ਪੂਰਾ ਗੁਰ ਪੂਰਨ ਭਰੇ ਭੰਡਾਰ । ਮਹਾਰਾਜ ਸ਼ੇਰ ਸਿੰਘ

ਸਤਿਗੁਰ ਸਾਚਾ, ਸ਼ਬਦ ਸੁਰਤ ਦੇ ਜਾਏ ਤਾਰ । ਸੁਰਤ ਸ਼ਬਦ ਪ੍ਰਭ ਮੇਲ ਮਿਲਾਇਆ । ਆਤਮ ਧੁਨ ਪ੍ਰਭ ਉਪਜਾਇਆ । ਬਜਰ ਕਪਾਟ ਪ੍ਰਭ ਜੰਦਾ ਆਪ ਤੁੜਾਇਆ । ਗੁਰਮੁਖ ਸਾਚੇ ਵਿਚ ਲਲਾਟ, ਦੀਪਕ ਜੋਤ ਜਗਾਇਆ । ਸਾਚਾ ਨਾਉਂ ਨਾ ਵਿਕੇ ਹਾਟ, ਪ੍ਰਭ ਦਰ ਮਿਲੇ ਦੂਣ ਸਵਾਇਆ । ਸਾਚਾ ਸ਼ਬਦ ਜੀਵ ਸਦ ਰਸਨਾ ਰਾਟ, ਦੇਵੇ ਦਰਸ ਆਪ ਰਘੁਰਾਇਆ । ਗੁਰਮੁਖ ਵਿਰਲੇ ਪ੍ਰਭ ਲਿਆ ਲਾਧ, ਨਿਹਕਲੰਕ ਵੇਲੇ ਅੰਤ ਹੋਏ ਸਹਾਇਆ । ਦੇਵੇ ਵਡਿਆਈ ਵਿਚ ਸੰਤਨ ਸਾਧ, ਜੋ ਜਨ ਆਏ ਸਰਨਾਇਆ । ਪ੍ਰਭ ਸ਼ਬਦ ਲਿਖਾਏ ਬੋਧ ਅਗਾਧ, ਅਗਾਧ ਬੋਧ ਬੋਧ ਅਗਾਧ ਪ੍ਰਭ ਆਪ ਅਖਵਾਇਆ । ਸ੍ਰਿਸ਼ਟ ਸਬਾਈ ਅੰਤਮ ਪ੍ਰਭ ਸੋਧ, ਸਾਚਾ ਦੀਪਕ ਮਸਤੂਆਣੇ ਪ੍ਰਭ ਜਾਏ ਜੋਤ ਜਗਾਇਆ । ਵਡ ਦਾਤਾ ਵਡ ਸੂਰ ਵਡ ਜੋਧਨ ਜੋਧ, ਵਡ ਬੋਧ ਗਿਆਨੀਆਂ ਧਿਆਨੀਆਂ ਪ੍ਰਭ ਦੇਵੇ ਮਾਣ ਸਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਵਿਚ ਮਾਤ ਮਾਣ ਦਵਾਇਆ । ਸਾਧ ਸੰਗਤ ਪ੍ਰਭ ਕਿਰਪਾ ਕਰ । ਗੁਰ ਸੰਗਤ ਦੇਵੇ ਪ੍ਰਭ ਸਾਚਾ ਵਰ । ਸਾਧ ਸੰਗਤ ਪ੍ਰਭ ਜੋਤ ਧਰ । ਗੁਰ ਸੰਗਤ ਤਰਾਏ ਅਵਤਾਰ ਨਰ । ਸਾਧ ਸੰਗਤ ਪ੍ਰਭ ਰੋਗ ਹਰ । ਗੁਰ ਸੰਗਤ ਪ੍ਰਭ ਕਿਰਪਾ ਜਾਏ ਕਰ । ਸਾਧ ਸੰਗਤ ਗੁਰ ਚਰਨ ਲਾਗ ਜਾਏ ਤਰ । ਗੁਰ ਸੰਗਤ ਰੰਗਤ ਰੰਗਾਏ ਨਾਮ ਸਾਚੇ ਸਰ । ਗੁਰ ਸੰਗਤ ਸੰਸਾ ਭਉ ਚੁਕਾਏ ਡਰ । ਗੁਰ ਸੰਗਤ ਦਿਖਾਵੇ ਸਾਚਾ ਘਰ । ਸਾਧ ਸੰਗਤ ਖੁਲ੍ਹਾਵੇ ਪ੍ਰਭ ਆਤਮ ਸਾਚਾ ਦਰ । ਗੁਰ ਸੰਗਤ ਪ੍ਰਭ ਮੇਲ ਮਿਲਾਵੇ ਦਰਸ ਦਿਖਾਵੇ, ਜੋਤ ਸਰੂਪੀ ਜੋਤ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰ ਸੰਗਤ ਕਿਰਪਾ ਜਾਏ ਕਰ । ਸਾਧ ਸੰਗਤ ਗੁਰ ਸਾਚਾ ਮਾਣ । ਗੁਰ ਸੰਗਤ ਬਖ਼ਸ਼ੇ ਏਕਾ ਚਰਨ ਧਿਆਨ । ਸਾਧ ਸੰਗਤ ਆਤਮ ਗਵਾਏ ਸਰਬ ਅਭਿਮਾਨ । ਗੁਰ ਸੰਗਤ ਸੋਹੰ ਦੇਵੇ ਗੁਰ ਸਾਚਾ ਦਾਨ । ਸਾਧ ਸੰਗਤ ਦਰ ਆਈ ਮੰਗਤ, ਦੇਵੇ ਦਰਸ ਆਪ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਰਬ ਜਨਾਂ ਦਾ ਜਾਣੀ ਜਾਣ । ਸਾਧ ਸੰਗਤ ਪ੍ਰਭ ਸਾਚਾ ਸੰਗ । ਗੁਰ ਸੰਗਤ ਪ੍ਰਭ ਰੱਖੇ ਅੰਗ । ਸਾਧ ਸੰਗਤ ਕਲ ਜਾਏ ਪਾਰ ਲੰਘ । ਗੁਰ ਸੰਗਤ ਮਾਨਸ ਜਨਮ ਨਾ ਹੋਏ ਭੰਗ । ਸਾਧ ਸੰਗਤ ਸਾਚਾ ਪ੍ਰਭ ਦਰ ਘਰ ਸਾਚਾ ਮੰਗ । ਗੁਰ ਸੰਗਤ ਦਿਸਾਵੇ ਪ੍ਰਭ ਊਚਾ ਦਰ, ਗੁਰਸਿਖ ਮੂਲ ਨਾ ਸੰਗ । ਗੁਰ ਸੰਗਤ ਅੰਮ੍ਰਿਤ ਝਿਰਨਾ ਝਿਰਾਏ ਗੰਗ । ਗੁਰ ਸੰਗਤ ਪ੍ਰਭ ਹੋਏ ਸਹਾਈ ਕੱਟੇ ਭੁੱਖ ਨੰਗ । ਗੁਰ ਸੰਗਤ ਚੜ੍ਹਾਏ ਪ੍ਰਭ ਸੋਹੰ ਮਜੀਠੀ ਰੰਗ । ਬੇਮੁਖ ਜੀਵ ਭੰਨਾਏ ਕਲ ਜਿਉਂ ਝੂਠੀ ਕੱਚ ਵੰਗ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਹੋਏ ਸਹਾਈ ਸਦਾ ਅੰਗ ਸੰਗ । ਸਾਧ ਸੰਗਤ ਪ੍ਰਭ ਸਦ ਪ੍ਰਿਤਪਾਲ । ਗੁਰ ਸੰਗਤ ਪ੍ਰਭ ਸਾਰ ਸਮਾਲ । ਸਾਧ ਸੰਗਤ ਚਰਨ ਪ੍ਰੀਤੀ ਨਿਭੇ ਨਾਲ । ਗੁਰ ਸੰਗਤ ਪ੍ਰਭ ਪਰਖੀ ਨੀਤੀ ਆਤਮ ਵੇਖੇ ਸਾਚਾ ਲਾਲ । ਸਾਧ ਸੰਗਤ ਸਦਾ ਜਗ ਜੀਤੀ, ਮੁੱਖ ਰਖਾਇਆ ਸਿੰਘ ਪਾਲ । ਕਲਜੁਗ ਔਧ ਅੰਤ ਅੰਤ ਅੰਤ ਕਲ ਬੀਤੀ, ਕਿਰਪਾ ਕਰੇ ਦੀਨ ਦਿਆਲ । ਸਾਧ ਸੰਗਤ ਪ੍ਰਭ ਕਾਇਆ ਸੀਤਲ ਕੀਤੀ, ਭਗਤ ਰੱਛਕ ਦੀਨ ਦਿਆਲ । ਗੁਰ ਸੰਗਤ ਸਦ ਰਹੇ ਜਗ ਜੀਤੀ, ਪ੍ਰਭ ਤੋੜੇ ਜਗਤ ਜੰਜਾਲ । ਸਾਧ ਸੰਗਤ ਆਤਮ ਰਸ ਗੁਰ ਚਰਨ ਦਰ ਪੀਤੀ, ਸੋਹੰ ਦੇਵੇ ਸੱਚਾ ਧਨ ਮਾਲ । ਗੁਰ ਸੰਗਤ ਸਦਾ ਜਗ ਅਤੀਤੀ, ਆਤਮ ਦੀਪਕ ਪ੍ਰਭ ਦੇਵੇ ਬਾਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਦਿ ਅੰਤ ਹੋਏ ਆਪ ਰਖਵਾਲ । ਸਾਧ ਸੰਗਤ ਪ੍ਰਭ ਆਪੇ ਰਾਖੇ । ਗੁਰ ਸੰਗਤ ਦਰ ਸਾਚਾ ਭਾਖੇ । ਸਾਧ ਸੰਗਤ ਲੇਖ ਲਿਖਾਏ ਅਲੱਖਣਾ ਅਲਾਖੇ । ਗੁਰ ਸੰਗਤ ਪ੍ਰਭ ਮੇਲ ਮਿਲਾਏ,

੧੯

ਮੇਟ ਵਖਾਏ ਜੋ ਲਿਖੀ ਬਿਧਨਾ ਮਾਥੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਧ ਸੰਗਤ ਤੇਰਾ ਸਗਲਾ ਸਾਥੇ । ਸਾਧ ਸੰਗਤ ਤੇਰਾ ਸਗਲਾ ਸਾਥ । ਗੁਰ ਸੰਗਤ ਤਰਾਏ ਤ੍ਰੈਲੋਕੀ ਨਾਥ । ਸਾਧ ਸੰਗਤ ਰੱਖੇ ਦੇ ਕਰ ਹਾਥ । ਗੁਰ ਸੰਗਤ ਲੇਖ ਲਿਖਾਏ ਪਰਗਟ ਵਿਚ ਮਾਥ । ਸਾਧ ਸੰਗਤ ਪ੍ਰਭ ਸ਼ਬਦ ਜਣਾਏ, ਸੋਹੰ ਸਾਚੀ ਗਾਥ । ਗੁਰ ਸੰਗਤ ਪ੍ਰਭ ਸ਼ਬਦ ਚੜ੍ਹਾਏ, ਚਲਾਇਆ ਸਾਚਾ ਰਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਸਗਲਾ ਸਾਥ । ਸਾਧ ਸੰਗਤ ਪ੍ਰਭ ਸਗਲਾ ਸਾਥੀ । ਗੁਰ ਸੰਗਤ ਮਿਲਿਆ ਪ੍ਰਭ ਨਾਥ ਅਨਾਥੀ । ਸਾਧ ਸੰਗਤ ਕਰ ਦਰਸ ਪਾਏ ਵਸਤ ਸੋਹੰ ਸਾਚੀ ਵਾਥੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਕਲਾ ਸਮਰਥ, ਮਹਿੰਮਾ ਅਕਥ ਅਕਾਥੀ । ਆਪ ਅਕਥ ਨਾ ਕਥਿਆ ਜਾਏ । ਸੋਹੰ ਸਾਚਾ ਰਥ ਪ੍ਰਭ ਜਗਤ ਚਲਾਏ । ਜੀਵ ਜੰਤ ਪ੍ਰਭ ਸਾਚੀ ਗਥ, ਸਵਾਸ ਸਵਾਸ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਕਲਾ ਸਮਰਥ, ਗੁਰ ਸੰਗਤ ਆਣ ਤਰਾਏ । ਗੁਰ ਸੰਗਤ ਪ੍ਰਭ ਆਣ ਤਰਾਈ । ਗੁਰ ਸੰਗਤ ਪ੍ਰਭ ਰਹੇ ਸਰਨਾਈ । ਸਾਧ ਸੰਗਤ ਪ੍ਰਭ ਪੂਰਨ ਮਤ ਪਾਈ । ਗੁਰ ਸੰਗਤ ਮਨ ਵੱਜੀ ਵਧਾਈ । ਗੁਰ ਪੂਰੇ ਗੁਰ ਸੰਗਤ ਜੋਤ ਪਰਗਟਾਈ । ਸਾਧ ਸੰਗਤ ਪ੍ਰਭ ਮਿਲਿਆ ਸਰਬ ਸੁੱਖਦਾਈ । ਗੁਰ ਸੰਗਤ ਦੇਵੇ ਨਾਮ ਵਡਿਆਈ । ਸਾਧ ਸੰਗਤ ਪ੍ਰਭ ਬਣਾਏ ਭੈਣਾਂ ਭਾਈ । ਗੁਰ ਸੰਗਤ ਪ੍ਰਭ ਰਿਹਾ ਸਮਾਈ । ਸਾਧ ਸੰਗਤ ਪ੍ਰਭ ਰਚਨ ਰਚਾਈ । ਗੁਰ ਸੰਗਤ ਪ੍ਰਭ ਲੋਹਾ ਕੰਚਨ ਬਣਾਈ । ਸਾਧ ਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਦੇਵੇ ਆਪ ਸਰਨਾਈ । ਸਾਧ ਸੰਗਤ ਪ੍ਰਭ ਸਰਨਾਈ । ਗੁਰ ਸੰਗਤ ਪ੍ਰਭ ਚਰਨ ਲਗਾਈ । ਸਾਧ ਸੰਗਤ ਹਰਿ ਹਰਿ ਹਰਿ ਸਦ ਰਸਨਾ ਗਾਈ । ਗੁਰ ਸੰਗਤ ਪ੍ਰਭ ਅਬਿਨਾਸ਼ੀ ਚਲ ਘਰ ਆਈ । ਸਾਧ ਸੰਗਤ ਸਚ ਧਾਮ ਸੁਹਾਈ । ਗੁਰ ਸੰਗਤ ਰੈਣ ਸਬਾਈ ਪ੍ਰਭ ਰਸਨਾ ਗਾਈ । ਸਾਧ ਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਵਛ ਸਰੂਪ ਦਰਸ ਦਿਖਾਈ । ਸਾਧ ਸੰਗਤ ਪ੍ਰਭ ਸਾਚਾ ਜਾਣ । ਸਾਚਾ ਪ੍ਰਭ ਚਰਨ ਧੂੜ ਦੇਵੇ ਇਸ਼ਨਾਨ । ਸਾਧ ਸੰਗਤ ਦਰ ਸਾਚਾ ਪ੍ਰਭ ਸਾਚਾ ਦੇਵੇ ਦਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਣਵੰਤ ਗੁਣੀ ਨਿਧਾਨ । ਸਾਧ ਸੰਗਤ ਗੁਰ ਸਤਿਗੁਰ ਪਾਇਆ । ਸਾਧ ਸੰਗਤ ਸਾਚਾ ਲੇਖ ਧੁਰੋਂ ਪ੍ਰਭ ਲਿਖਾਇਆ । ਸਾਧ ਸੰਗਤ ਪ੍ਰਭ ਕਲਜੁਗ ਵੇਖ ਚਰਨ ਸੇਵ ਲਗਾਇਆ । ਸਾਧ ਸੰਗਤ ਜੋਤ ਸਰੂਪੀ ਜਣਾਵੇ ਭੇਖ, ਦੇ ਦਰਸ ਚਿੰਤਾ ਰੋਗ ਮਿਟਾਇਆ । ਸਾਧ ਸੰਗਤ ਵਡਿਆਈ ਵਡ ਨਰੇਸ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਦਇਆ ਕਮਾਇਆ । ਸਾਧ ਸੰਗਤ ਗੁਰ ਪੂਰਾ ਪਾਇਆ । ਗੁਰ ਸੰਗਤ ਪ੍ਰਭ ਹੋਏ ਸਹਾਇਆ । ਸਾਧ ਸੰਗਤ ਦੁਖ ਰੋਗ ਮਿਟਾਇਆ । ਗੁਰ ਸੰਗਤ ਵਿਜੋਗ ਚੁਕਾਇਆ । ਸਾਧ ਸੰਗਤ ਹਉਮੇ ਰੋਗ ਨੇੜ ਨਾ ਆਇਆ । ਗੁਰ ਸੰਗਤ ਪ੍ਰਭ ਚਰਨ ਜੋੜ, ਦਰਗਹਿ ਸਾਚੀ ਮਾਣ ਦਵਾਇਆ । ਸਾਧ ਸੰਗਤ ਪ੍ਰਭ ਸਾਚੇ ਦੀ ਸਾਚੀ ਲੋੜ, ਵੇਲੇ ਅੰਤ ਹੋਏ ਸਹਾਇਆ । ਸਾਧ ਸੰਗਤ ਪ੍ਰਭ ਹੋਏ ਸਹਾਈ । ਗੁਰ ਸੰਗਤ ਪ੍ਰਭ ਦਰਗਹਿ ਮਾਣ ਦਵਾਈ । ਸਾਧ ਸੰਗਤ ਸਚ ਧਾਮ ਬਹਾਈ । ਗੁਰ ਸੰਗਤ ਬਖ਼ਸ਼ੇ ਆਪ ਰਘੁਰਾਈ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਸਚਖੰਡ ਨਿਵਾਸ ਰਖਾਈ । ਸਾਧ ਸੰਗਤ ਧਾਮ ਨਿਆਰਾ । ਗੁਰ ਸੰਗਤ ਸਚਖੰਡ ਮੁਨਾਰਾ । ਸਾਧ ਸੰਗਤ ਏਕਾ ਜੋਤ ਅਕਾਰਾ । ਗੁਰ ਸੰਗਤ ਏਕਾ ਗੋਤ ਏਕਾ ਦਿਸੇ ਨਿਰੰਕਾਰਾ । ਸਾਧ ਸੰਗਤ ਘਰ ਸਾਚੇ ਦੇਵੇ ਅੰਮ੍ਰਿਤ ਭੰਡਾਰਾ । ਗੁਰ ਸੰਗਤ ਪ੍ਰਭ ਦੇਵੇ ਖੋਲ੍ਹ ਦਸਮ ਦਵਾਰਾ । ਗੁਰ

ਸੰਗਤ ਪ੍ਰਭ ਦੇਵੇ ਪਵਨ ਹੁਲਾਰਾ । ਸਾਧ ਸੰਗਤ ਜੋਤ ਸਰੂਪੀ ਸਦ ਰੱਖੇ ਆਪ ਪਸਾਰਾ । ਗੁਰ ਸੰਗਤ ਗੁਰ ਸਦ ਸਦ ਸਦ ਬਲਿਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸਚਖੰਡ ਦਵਾਰਾ । ਏਕਾ ਜੋਤ ਪ੍ਰਭ ਅਕਾਰਾ । ਬੈਠਾ ਅਡੋਲ ਆਪ ਨਿਰਾਧਾਰਾ । ਰਿਹਾ ਤੋਲ ਸਰਬ ਸੰਸਾਰਾ । ਪ੍ਰਭ ਅਨਮੋਲ ਜੀਵ ਨਾ ਪਾਇਣ ਸਾਰਾ । ਗੁਰ ਸੰਗਤ ਦੇਵੇ ਪੜਦੇ ਖੋਲ੍ਹ, ਚਲ ਆਇਣ ਸਚ ਦਰਬਾਰਾ । ਸੋਹੰ ਸ਼ਬਦ ਵਜਾਏ ਢੋਲ, ਉਪਜੇ ਧੁਨਕਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਤਰਾਵੇ ਰਖਾਵੇ ਚਰਨ ਦਵਾਰਾ । ਸਾਧ ਸੰਗਤ ਗੁਰ ਚਰਨ ਬਲਿਹਾਰੇ । ਗੁਰ ਸੰਗਤ ਪ੍ਰਭ ਪੈਜ ਸਵਾਰੇ । ਸਾਧ ਸੰਗਤ ਜੁਗੋ ਜੁਗ ਪ੍ਰਭ ਸਾਚਾ ਤਾਰੇ । ਗੁਰ ਸੰਗਤ ਵਡ ਵਡਿਆਈ ਦੇਵੇ ਆਪ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਰੱਖੇ ਪਤਿ, ਸਾਧ ਸੰਗਤ ਜਿਉਂ ਰਾਣੀ ਤਾਰਾ ਹਰੀ ਚੰਦ ਨਾਰੇ । ਕਿਰਪਾ ਕਰੇ ਆਪ ਗਿਰਧਾਰ । ਏਕਾ ਜੋਤ ਜਗਤ ਕਰੇ ਅਕਾਰ । ਮਾਤਲੋਕ ਆਏ ਜਾਮਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਅਵਤਾਰ । ਮਾਤਲੋਕ ਪ੍ਰਭ ਜਾਮਾ ਪਾਏ । ਭਗਤ ਜਨਾਂ ਪ੍ਰਭ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਾਮਾ ਮਾਤਲੋਕ ਵਿਚ ਪਾਏ । ਸਾਚਾ ਪ੍ਰਭ ਬਣਤ ਬਣਾਏ । ਸਾਚਾ ਸੋਹੰ ਸ਼ਬਦ ਚਲਾਏ । ਕਲਜੁਗ ਮਦਿਰਾ ਮਾਸ ਅੰਤ ਕਰਾਏ । ਗੁਰਮੁਖ ਸਾਚੇ ਸੰਤ ਸੋਹੰ ਰਸਨਾ ਪਿਲਾਏ । ਆਪ ਆਪਣਾ ਦਰਸ ਦਿਖਾਏ । ਭਗਤ ਵਛਲ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਜਗਾਏ । ਭਗਤ ਵਛਲ ਗੁਣ ਨਿਧਾਨਾ । ਬੇਮੁਖਾਂ ਪ੍ਰਭ ਕਰੇ ਬੇਹਾਲਾ । ਆਤਮ ਅਗਨ ਲਗਾਏ ਜਿਉਂ ਜੋਤ ਜਵਾਲਾ । ਗੁਰਮੁਖਾਂ ਪ੍ਰਭ ਸਦ ਰਖਵਾਲਾ । ਸਾਚਾ ਪ੍ਰਭ ਸਾਚਾ ਘਰ । ਗੁਰਮੁਖ ਮੰਗੇ ਸਾਚਾ ਵਰ । ਕਲਜੁਗ ਮਾਨਸ ਜਨਮ ਨਾ ਜਾਏ ਹਰ । ਪ੍ਰਭ ਪੁਜਾਏ ਸਾਚਾ ਘਰ । ਸਾਚਾ ਘਰ ਸੱਚਾ ਘਰ ਬਾਹਰ । ਸਾਚਾ ਜਗਤ ਕਰੇ ਅਕਾਰ । ਤੀਨ ਲੋਕ ਇਕ ਆਧਾਰ । ਮਾਤਲੋਕ ਪ੍ਰਭ ਵਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਪ ਨਿਰੰਕਾਰ । ਪ੍ਰਭ ਜੋਤ ਕੋਈ ਭੇਵ ਨਾ ਪਾਵੇ । ਗੁਰਮੁਖ ਸਾਚੇ ਪ੍ਰਭ ਦਇਆ ਕਮਾਵੇ । ਆਪ ਆਪਣਾ ਦਰਸ ਦਿਖਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਿਰ ਘਰ ਵਾਸੀ ਥਿਰ ਘਰ ਰਹਾਵੇ । ਦਰ ਘਰ ਪ੍ਰਭ ਆਪ ਬਣਾਇਆ । ਦੁਖ ਭੁੱਖ ਪ੍ਰਭ ਸਰਬ ਗਵਾਇਆ । ਸਚ ਦਾਨ ਪ੍ਰਭ ਝੋਲੀ ਪਾਇਆ । ਰਸਨ ਸਵਾਸ ਸਵਾਸ ਚਲਾਇਆ । ਗੁਰਮੁਖ ਆਤਮ ਸਦ ਵਾਸ ਰਖਾਇਆ । ਮਹਾਰਾਜ ਸ਼ੇਰ ਸਿੰਘ ਦਇਆ ਕਰੇ ਏਕਾ ਦਰਸ ਨਿਹਕਲੰਕ ਦਰਸਾਇਆ । ਨਿਹਕਲੰਕ ਦਰਸ ਦਿਖਾਵੇ । ਆਤਮ ਸਾਚੀ ਜੋਤ ਜਗਾਵੇ । ਆਤਮ ਤ੍ਰਿਖਾ ਸਰਬ ਮਿਟਾਵੇ । ਪਰਗਟ ਜੋਤ ਦਰਸ ਦਿਖਾਵੇ । ਸਾਧ ਸੰਗਤ ਸਦਾ ਸੰਗ ਰਹਾਵੇ । ਨਿਜਾਨੰਦ ਅੰਮ੍ਰਿਤ ਮੇਘ ਵਰਸਾਵੇ । ਨਾਭ ਕਵਲ ਪ੍ਰਭ ਮੁਖ ਖੁਲ੍ਹਾਵੇ । ਏਕਾ ਬੂੰਦ ਕਵਲ ਟਿਕਾਵੇ । ਦਸਮ ਦਵਾਰ ਪ੍ਰਭ ਖੋਲ੍ਹ ਵਖਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਜਗਾਵੇ । ਜੋਤ ਸਰੂਪੀ ਜੋਤ ਜਗਾਇਆ । ਆਪ ਆਪਣਾ ਭੇਦ ਖੁਲ੍ਹਾਇਆ । ਸੋਹੰ ਸਾਚਾ ਸ਼ਬਦ ਚਲਾਇਆ । ਸੋਹੰ ਸਾਚਾ ਨਾਦ ਵਜਾਇਆ । ਬੋਧ ਅਗਾਧ ਪ੍ਰਭ ਸ਼ਬਦ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲ ਮਾਹਿ ਆਇਆ । ਜੋਤ ਨਿਰੰਜਣ ਵਿਚ ਮਾਤ ਦੇ ਆਏ । ਦੁਖੀ ਜੀਵ ਜਗਤ ਬਿਲਲਾਏ । ਪ੍ਰਭ ਅਬਿਨਾਸ਼ੀ ਨਜ਼ਰ ਨਾ ਆਏ । ਆਪ ਆਪਣੀ ਬਣਤ ਬਣਾਏ । ਲੱਖ ਚੁਰਾਸੀ ਗੇੜ ਲਿਖਾਏ । ਅੰਤਕਾਲ ਧਰਮ ਰਾਏ ਦੇ ਸਜਾਏ । ਮਹਾਰਾਜ ਸ਼ੇਰ ਸਿੰਘ ਸਦ ਨਿਵਾਸ ਰਖਾਏ । ਗੁਰਸਿਖ

ਪ੍ਰਭ ਬਣਤ ਬਣਾਏ । ਆਤਮ ਸਾਚੀ ਜੋਤ ਜਗਾਏ । ਸੋਹੰ ਸ਼ਬਦ ਧੁਨ ਉਪਜਾਏ । ਨਿਜ ਘਰ ਵਾਸੀ ਨਿਜ ਮਾਹਿ ਸਮਾਏ । ਗੁਰਮੁਖ ਵਿਰਲੇ ਪ੍ਰਭ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਨੀ ਜੋਤ ਜਗਾਏ । ਨਿਹਕਲੰਕ ਕਲ ਅਵਤਾਰੇ । ਮਾਤਲੋਕ ਪ੍ਰਭ ਜਾਮਾ ਧਾਰੇ । ਸ੍ਰਿਸ਼ਟ ਸਬਾਈ ਕਰੇ ਖੁਆਰੇ । ਏਕਾ ਜੋਤ ਜਗੇ ਨਿਰੰਕਾਰੇ । ਸੋਹੰ ਸ਼ਬਦ ਚਲੇ ਖੰਡਾ ਦੋ ਧਾਰੇ । ਕਲਜੁਗ ਜੀਆਂ ਪਾਰ ਉਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕੋਇ ਨਾ ਪਾਵੇ ਸਾਰੇ । ਸਾਚਾ ਪ੍ਰਭ ਕਿਰਪਾ ਧਾਰ । ਜੋਤ ਨਿਰੰਜਣ ਮਾਤ ਕਰੇ ਅਕਾਰ । ਸਿੰਘਾਸਣ ਬੈਠੇ ਜੋਤ ਸਰੂਪ ਨਿਰਾਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਖੇਲ ਕਰੇ ਅਪਾਰ । ਕਲਜੁਗ ਪ੍ਰਭ ਖੇਲ ਖਲਾਉਣਾ । ਜੋਤ ਸਰੂਪੀ ਜਾਮਾ ਪਾਉਣਾ । ਕਲਜੁਗ ਜੀਵਾਂ ਭਰਮ ਭੁਲਾਉਣਾ । ਗੁਰਮੁਖ ਸਾਚੇ ਮਾਨਸ ਜਨਮ ਸੁਫਲ ਕਰਾਏ । ਨਿਹਕਲੰਕ ਚਰਨੀਂ ਸੀਸ ਨਿਵਾਉਣਾ । ਕਲਜੁਗ ਜੀਵ ਰਹੇ ਵੇਖਾ ਵੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਬਾਣ ਲਗਾਉਣਾ । ਸ਼ਬਦ ਬਾਣ ਪ੍ਰਭ ਲਗਾਏ । ਚਾਰ ਕੁੰਟ ਹਾਹਾਕਾਰ ਕਰਾਏ । ਕਲਜੁਗ ਜੀਵ ਸਰਬ ਬਿਲਲਾਏ । ਦੁਖ ਭੁੱਖ ਸਰਬ ਸਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਨੀ ਖੇਲ ਆਪ ਵਰਤਾਏ । ਸਾਚਾ ਪ੍ਰਭ ਖੇਲ ਵਰਤਾਏ । ਕਲਜੁਗ ਅੰਤਮ ਅੰਤ ਕਰਾਏ । ਗੁਰਮੁਖ ਵਿਰਲੇ ਸੰਤ ਪ੍ਰਭ ਚਰਨ ਲਗਾਏ । ਦੇਵੇ ਵਡਿਆਈ ਵਿਚ ਜੀਵ ਜੰਤ ਜਿਸ ਆਪਨਾ ਭੇਵ ਖੁਲ੍ਹਾਏ । ਗੁਰਸਿਖ ਮਿਲਿਆ ਸਾਚਾ ਕੰਤ, ਜੋਤ ਸਰੂਪੀ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਮਾਣ ਦਵਾਏ । ਘਨਕਪੁਰੀ ਮਿਲੇ ਵਡਿਆਈ । ਪ੍ਰਭ ਅਬਿਨਾਸ਼ੀ ਜੋਤ ਜਗਾਈ । ਜੋਤ ਨਿਰੰਜਣ ਪ੍ਰਭ ਮਾਤ ਪਰਗਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ, ਕਲ ਜਾਮਾ ਪਾਈ । ਘਨਕਪੁਰ ਧਾਮ ਨਿਆਰਾ । ਘਨਕਪੁਰ ਹਰਿ ਕਾ ਦਵਾਰਾ । ਘਨਕਪੁਰ ਚਾਰ ਵਰਨ ਦਿਸਾਵੇ ਸਾਚਾ ਦਰਬਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਅਗੰਮ ਅਪਾਰਾ । ਘਨਕਪੁਰ ਪ੍ਰਭ ਦੇ ਵਡਿਆਇਆ । ਸਤਿਜੁਗ ਸਾਚਾ ਮਾਣ ਦਵਾਇਆ । ਚਾਰ ਵਰਨ ਇਕ ਧਾਮ ਬਹਾਇਆ । ਪੂਰਨ ਕਰਮ ਪ੍ਰਭ ਆਪ ਕਰਾਇਆ । ਘਨਈਆ ਸ਼ਾਮ ਵਿਚ ਮਾਤ ਦੇ ਆਇਆ । ਰਮਈਆ ਰਾਮ ਨਿਹਕਲੰਕ ਨਾਮ ਧਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰੀ ਪ੍ਰਭ ਭਾਗ ਲਗਾਇਆ । ਆਪ ਆਪਨੀ ਜੋਤ ਪਰਗਟਾਏ । ਸੰਤ ਮਨੀ ਸਿੰਘ ਦਰਸ ਦਿਖਾਏ । ਨੇਤਰ ਤੀਜਾ ਖੋਲ੍ਹ ਵਖਾਏ । ਸਤਿਗੁਰ ਗੁਰ ਸਤਿ ਇਕ ਜੋਤ ਰਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਉਪਜਾਏ । ਸੋਹੰ ਸ਼ਬਦ ਚਲੇ ਅਬਿਨਾਸ਼ਾ । ਸੋਹੰ ਸਰਬ ਚਲੇ ਸਵਾਸਾ । ਪ੍ਰਭ ਅਬਿਨਾਸ਼ੀ ਕੀਆ ਵਾਸਾ । ਚਰਨ ਪ੍ਰੀਤੀ ਦੇਵੇ ਸਾਚੀ ਰਹਿਰਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਕਰੇ ਬੰਦ ਖਲਾਸਾ । ਸੰਤ ਜਨਾਂ ਪ੍ਰਭ ਧੁਨ ਉਪਜਾਏ । ਸੰਤ ਜਨਾਂ ਪ੍ਰਭ ਸੇਵਾ ਲਾਏ । ਸੰਤ ਜਨਾਂ ਪ੍ਰਭ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਨੀ ਸੇਵਾ ਲਾਏ । ਸਾਚਾ ਸੰਤ ਪ੍ਰਭ ਆਪ ਉਧਾਰੇ । ਕਿਰਪਾ ਕਰੇ ਆਪ ਗਿਰਧਾਰੇ । ਆਤਮ ਦੇਵੇ ਸ਼ਬਦ ਅਧਾਰੇ । ਕਰੋੜ ਤੇਤੀਸ ਖੜੇ ਰਹਿਣ ਦਵਾਰੇ । ਦੇਵੀ ਦੇਵ ਹੋਏ ਚਰਨ ਪਨਿਹਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਦੇਵੇ ਨਾਮ ਅਧਾਰੇ । ਸੋਹੰ ਸ਼ਬਦ ਅਧਾਰ ਦੇ, ਪ੍ਰਭ ਸ਼ਾਂਤ ਕਰਾਇਆ । ਗੁਰਮੁਖ ਸਾਚੇ ਦਰਸ ਅਪਾਰ ਦੇ, ਪ੍ਰਭ ਆਪਨੀ ਸਰਨ ਲਗਾਇਆ । ਬੇਮੁਖ ਦਰ ਘਰ ਆਏ ਨਾਚੇ, ਸਾਚਾ ਪ੍ਰਭ ਨਜ਼ਰ

ਨਾ ਆਇਆ । ਗੁਰਮੁਖ ਵਿਰਲਾ ਸੋਹੰ ਰਸਨਾ ਵਾਚੇ, ਆਤਮ ਪ੍ਰਭ ਸਾਚੀ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਗਿਆਨ ਅੰਧੇਰ ਸਰਬ ਮਿਟਾਇਆ । ਅਗਿਆਨ ਅੰਧੇਰ ਪ੍ਰਭ ਮਿਟਾਇਆ । ਜੋਤ ਸਰੂਪੀ ਵਿਚ ਸਮਾਇਆ । ਗੁਰਮੁਖ ਸਾਚੇ ਸਦ ਪ੍ਰਭ ਦਇਆ ਕਮਾਇਆ । ਹੋਇਆ ਮੇਲ ਭਗਤ ਭਗਵੰਤ, ਸੰਤ ਮਨੀ ਸਿੰਘ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰਸ ਦਿਖਾਇਆ । ਸੰਤ ਮਨੀ ਸਿੰਘ ਦਰਸ ਦਿਖਾਇਆ । ਆਤਮ ਸਾਚੀ ਜੋਤ ਜਗਾਇਆ । ਭਰਮ ਭੁਲੇਖਾ ਸਾਰਾ ਲਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚੀ ਧੁਨ ਸ਼ਬਦ ਉਪਜਾਇਆ । ਸਾਚਾ ਪ੍ਰਭ ਧੁਨ ਉਪਜਾਏ । ਜੋਤ ਸਰੂਪੀ ਸ਼ਬਦ ਚਲਾਏ । ਕਲਜੁਗ ਜੀਵ ਲੇਖ ਲਿਖਾਏ । ਕਲਜੁਗ ਝੂਠਾ ਭੇਖ ਮਿਟਾਏ । ਸਤਿਜੁਗ ਸਾਚਾ ਮਾਰਗ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰੀ ਵਿਚ ਜਾਮਾ ਪਾਏ । ਸਾਚਾ ਪ੍ਰਭ ਕਰਮ ਕਮਾਏ । ਝੂਠੀ ਦੇਹ ਜਗਤ ਤਜਾਏ । ਜੋਤ ਸਰੂਪੀ ਵਿਚ ਸਿਖ ਸਮਾਏ । ਬੇਮੁਖਾਂ ਪ੍ਰਭ ਦਿਸ ਨਾ ਆਏ । ਗੁਰਮੁਖਾਂ ਪ੍ਰਭ ਦਰਸ ਦਿਖਾਏ । ਮਦਿਰਾ ਮਾਸ ਜੋ ਜਨ ਤਜਾਏ । ਸੋਹੰ ਸਵਾਸ ਸਵਾਸ ਸਦ ਰਸਨਾ ਗਾਏ । ਪ੍ਰਭ ਅਬਿਨਾਸ਼ ਜੋਤ ਸਰੂਪ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸ ਪੁਜਾਏ । ਊਚਾ ਦਰ ਊਚਾ ਦਰਬਾਰਾ । ਏਕਾ ਜੋਤ ਏਕੰਕਾਰਾ । ਨਿਰਮਲ ਜੋਤ ਜਗੇ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਜਨਾਂ ਦੀ ਜਾਣੇ ਸਾਰਾ । ਸਰਬ ਜਨਾਂ ਪ੍ਰਭ ਜਾਣੇ ਸਾਰ । ਪ੍ਰਭ ਅਬਿਨਾਸ਼ੀ ਰੂਪ ਅਪਾਰ । ਜੀਵ ਜੰਤ ਜੋਤ ਅਧਾਰ । ਏਕਾ ਆਪ ਏਕੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਆਪ ਸੱਚਾ ਦਰਬਾਰ ।





## * ੫ ਜੇਠ ੨੦੦੯ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਹਿ ਪਿੰਡ ਬੁੱਗੀਂ ਜ਼ਿਲਾ ਅੰਮ੍ਰਿਤਸਰ *

ਗੁਰ ਦਰ ਸਚ ਦਰਬਾਰ । ਧਰੇ ਜੋਤ ਆਪ ਨਿਰੰਕਾਰ । ਵਰਨ ਗੋਤ ਨਾ ਕੋਈ ਪਾਏ ਸਾਰ । ਏਕਾ ਜੋਤ ਆਦਿ ਅੰਤ ਏਕਾ ਏਕੰਕਾਰ । ਏਕਾ ਜੋਤ ਏਕਾ ਕਰੇ ਅਕਾਰ । ਏਕਾ ਜੋਤ ਜੁਗੋ ਜੁਗ ਮਾਤ ਲਏ ਅਵਤਾਰ । ਏਕਾ ਜੋਤ ਪਾਰਬ੍ਰਹਮ ਕਰੇ ਖੇਲ ਅਪਰ ਅਪਾਰ । ਏਕਾ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੂਰਖ ਮੁਗਧ ਨਾ ਕਰਨ ਵਿਚਾਰ । ਏਕਾ ਜੋਤ ਪ੍ਰਭ ਆਪ ਜਗਾਏ । ਏਕਾ ਜੋਤ ਪ੍ਰਭ ਆਪ ਬਣਾਏ । ਏਕਾ ਜੋਤ ਪ੍ਰਭ ਏਕ ਲਿਖਾਏ । ਗੁਰਮੁਖ ਸਾਚੇ ਤੇਰੀ ਆਤਮ ਜੋਤ ਆਣ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਬਾਂਹੋਂ ਪਕੜ ਆਣ ਤਰਾਏ । ਏਕਾ ਜੋਤ ਜਗਤ ਪਿਤ । ਆਵੇ ਜਾਵੇ ਨਿਤ ਨਵਿਤ । ਜੀਵ ਨਾ ਜਾਣੇ ਪ੍ਰਭ ਗਤ ਮਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੁਗਤ ਜਗਤ । ਜੋਤ ਸਰੂਪੀ ਜਗਤ ਜਗਈਆ । ਆਪ ਆਪਣੀ ਚਲਾਏ ਨਈਆ । ਸਤਿਜੁਗ ਸਾਚਾ ਮਾਰਗ ਲਗਈਆ । ਚਾਰ ਵਰਨ ਏਕਾ ਕਰਾਏ ਭੈਣਾਂ ਭਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਵਿਚ ਮਾਤ ਧਰਈਆ । ਸੋਹੰ ਨਾਮ ਜਗਤ ਟਿਕਾਏ । ਵਰਨ ਗੋਤ ਪ੍ਰਭ ਸਰਬ ਮਿਟਾਏ । ਏਕਾ ਜੋਤ ਚਾਰ ਵਰਨ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਏ । ਚਾਰ ਵਰਨ ਪ੍ਰਭ ਜੋਤ ਜਗਾਏ । ਸਤਿਗੁਰ ਸਾਚਾ ਸਾਚੇ ਮਾਰਗ ਜਾਏ ਲਾਏ । ਆਪ ਆਪਣੀ ਬਣਤ ਜਾਏ ਬਣਾਏ । ਮਹਿੰਮਾ

ਅਗਣਤ ਸਤਿਗੁਰ ਸਤਿਜੁਗ ਸਾਚੇ ਜਾਏ ਲੇਖ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਾਮਾ ਮਾਤਲੋਕ ਵਿਚ ਪਾਏ । ਮਾਤਲੋਕ ਪ੍ਰਭ ਜਾਮਾ ਧਾਰੇ । ਪਰਗਟਾਵੇ ਜੋਤ ਨਿਹਕਲੰਕ ਅਵਤਾਰੇ । ਸ਼ਬਦ ਲਿਖਾਵੇ ਵਰਤਾਵੇ ਅਪਰ ਅਪਾਰੇ । ਕਲਜੁਗ ਜੀਵ ਸਾਰ ਨਾ ਪਾਇਣ, ਬੇਮੁਖ ਨਾ ਆਇਣ ਦਰ ਦਰਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੰਚਮ ਜੇਠ ਜਾਮਾ ਮਾਤਲੋਕ ਵਿਚ ਧਾਰੇ । ਪੰਚਮ ਰੈਣੜੀਏ ਤੈਨੂੰ ਮਿਲੇ ਵਧਾਈ । ਪ੍ਰਭ ਅਬਿਨਾਸ਼ੀ ਦਏ ਵਡਿਆਈ । ਭਿੰਨੀ ਰੈਣੜੀਏ ਤੇਰੀ ਰੁੱਤ ਸੁਹਾਈ । ਨਿਹਕਲੰਕ ਮਾਤ ਜੋਤ ਪਰਗਟਾਈ । ਭਿੰਨੀ ਰੈਣੜੀਏ ਤੇਰੀ ਕਲ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਜਗਾਈ । ਭਿੰਨੀ ਰੈਣੜੀਏ ਪ੍ਰਭ ਭਏ ਦਿਆਲਾ । ਭਿੰਨੀ ਰੈਣੜੀਏ ਮਾਤ ਆਏ ਗੁਰ ਗੋਪਾਲਾ । ਭਿੰਨੀ ਰੈਣੜੀਏ ਸਾਚੇ ਪ੍ਰਭ ਸਾਚ ਦੀਪਕ ਰੈਣ ਅੰਧੇਰੀ ਬਾਲਾ । ਭਿੰਨੀ ਰੈਣੜੀਏ ਜੋਤ ਸਰੂਪੀ ਜੋਤ ਪ੍ਰਭ ਭਏ ਆਪ ਕਿਰਪਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਇਆ ਭਗਤ ਰਖਵਾਲਾ । ਭਿੰਨੀ ਰੈਣੜੀ ਵਕਤ ਸੁਹਾਇਆ । ਜੋਤ ਸਰੂਪੀ ਜੋਤ ਪ੍ਰਭ ਵਿਚ ਮਾਤ ਦੀਪਕ ਜੋਤ ਜਗਾਇਆ । ਕਲਜੁਗ ਜੀਵ ਰਹੇ ਕਲ ਸੋਤ, ਦਰ ਘਰ ਆਏ ਗੁਰਸਿਖ ਪ੍ਰਭ ਆਏ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਿੰਨੀ ਰੈਣ ਸੁਹਾਏ ਲੋਕਮਾਤ ਪ੍ਰਭ ਭਾਗ ਲਗਾਇਆ । ਰੈਣ ਭਿੰਨੜੀ ਵਕਤ ਵਿਚਾਰੇ । ਜੋਤ ਸਰੂਪੀ ਜੋਤ ਪ੍ਰਭ ਸਾਚੀ ਜੋਤ ਵਿਚ ਮਾਤ ਅਕਾਰੇ । ਆਵੇ ਜਾਵੇ ਜੋਤ ਜਗਾਵੇ ਪ੍ਰਭ ਸਾਚਾ ਵਿਚ ਸੰਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਅਚਰਜ ਖੇਲ ਕਰੇ ਅਪਾਰੇ । ਅਚਰਜ ਖੇਲ ਆਪ ਪ੍ਰਭ ਕਰਿਆ । ਜੋਤ ਸਰੂਪੀ ਜਾਮਾ ਧਰਿਆ । ਗੁਰਮੁਖ ਵਿਰਲੇ ਪ੍ਰਭ ਸਾਚਾ ਕਲਜੁਗ ਵਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਰਿਆ । ਪ੍ਰਭ ਕਾ ਅੰਤ ਨਾ ਪਾਏ ਕੋਇ । ਜੀਵ ਜੰਤ ਸਭ ਰਹੇ ਸੋਏ । ਗੁਰਮੁਖ ਸਾਚੇ ਸੰਤ ਖੋਲ੍ਹੇ ਤੀਨੇ ਲੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਭਗਵੰਤ ਵਾਲੀ ਜਹਾਨਾਂ ਦੋਏ । ਸਾਚਾ ਪ੍ਰਭ ਸਤਿ ਵਰਤਾਏ । ਆਪਣੀ ਬਣਤ ਆਪ ਬਣਾਏ । ਗੁਣੀ ਗਣਤ ਨਾ ਗਣਿਆ ਜਾਏ । ਕੋਟਨ ਕੋਟ ਕੋਟ ਕੋਟ ਸਾਧ ਸੰਤ ਦਿਵਸ ਰੈਣ ਰਹੇ ਰਸਨਾ ਗਾਏ । ਬੈਠਾ ਆਪ ਇਕੰਤ, ਬੇਮੁਖਾਂ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਜੁਗਾਦਿ ਜੁਗਾਦਿ ਆਦਿ ਲੋਕਮਾਤ ਸਦ ਆਵੇ ਜਾਏ । ਸਾਚਾ ਪ੍ਰਭ ਆਦਿ ਜੁਗਾਦੀ । ਸਾਚਾ ਪ੍ਰਭ ਸਦਾ ਬ੍ਰਹਿਮਾਦੀ । ਏਕਾ ਧੁਨ ਉਪਜਾਏ ਪ੍ਰਭ ਨਾਦ ਅਨਾਦੀ । ਖੋਲ੍ਹੇ ਸੁਨ ਜੋਤ ਸਰੂਪ, ਜੀਵ ਜੰਤ ਸਦਾ ਵਿਸਮਾਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਕਲ ਵਿਰਲੇ ਗੁਰਮੁਖ ਲਾਧੀ । ਜੋਤ ਸਰੂਪ ਪ੍ਰਭ ਜਾਮਾ ਧਾਰ । ਏਕਾ ਜੋਤ ਕਰੇ ਜਗਤ ਅਕਾਰ । ਏਕਾ ਗੋਤ ਕਰਾਏ ਸਰਬ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਨਰਾਇਣ ਨਰ ਅਵਤਾਰ । ਨਰਾਇਣ ਨਰ ਆਪ ਅਖਵਾਏ । ਸਗਲੀ ਸੈਣ ਆਪ ਤਰਾਏ । ਗੁਰਮੁਖ ਖੁਲ੍ਹਾਏ ਤੀਜਾ ਨੈਣ, ਆਤਮ ਸਾਚੀ ਜੋਤ ਜਗਾਏ । ਵਿਰਲੇ ਗੁਰਮੁਖ ਕਲ ਸਾਧ ਸੰਗਤ ਮਿਲ ਬਹਿਣ, ਪਰਗਟ ਜੋਤ ਨਿਹਕਲੰਕ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚੇ ਸੰਤ ਲਏ ਤਰਾਏ । ਦੇਵੇ ਦਰਸ ਆਪ ਇਕੰਤਾ । ਮਿਟਾਏ ਹਰਸ ਗੁਰਮੁਖ ਸਾਚੇ ਸੰਤਾ । ਦੇਵੇ ਵਡਿਆਈ ਵਿਚ ਮਾਤ ਸਰਬ ਜੀਵ ਜੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ ਮਾਤ ਬੇਅੰਤਾ । ਕਲਜੁਗ ਕੀਆ ਖੇਲ ਅਪਾਰਾ । ਜੋਤ ਸਰੂਪੀ ਕੀਆ ਪਸਾਰਾ । ਬੇਮੁਖਾਂ ਆਤਮ ਅੰਧ ਅੰਧਿਆਰਾ । ਗੁਰਮੁਖ ਸਾਚੇ ਪ੍ਰਭ ਆਤਮ ਜੋਤ ਕੀਆ ਉਜਿਆਰਾ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਸਾਚਾ ਦਰ ਸੱਚਾ ਦਰਬਾਰਾ । ਸਾਚਾ ਦਰ ਸੱਚਾ ਦਰਬਾਰਾ । ਵਸੇ ਆਪ ਪ੍ਰਭ ਨਿਰੰਕਾਰਾ । ਮੂਰਖ ਮੁਗਧ ਨਾ ਕਰਨ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਜਾਣੇ ਸਾਰਾ । ਆਪ ਪ੍ਰਭ ਜੋਤੀ ਜੋਤ । ਗੁਰਮੁਖ ਜਗਾਏ ਬੇਮੁਖ ਰਹੇ ਦਰ ਸੋਤ । ਗੁਰਮੁਖਾਂ ਨਹਾਏ ਆਤਮ ਤੀਰਥ ਬੇਮੁਖ ਲਗਾਇਣ ਨਰਕੀ ਗੋਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਏਕਾ ਜੋਤ ਜੋਤ ਸਰੂਪੀ ਜੋਤ । ਜੋਤ ਸਰੂਪੀ ਜਗਤ ਵਿਹਾਰਾ । ਪ੍ਰਭ ਸਾਚੇ ਦੀ ਸਾਚੀ ਕਾਰਾ । ਆਵੇ ਜਗਤ ਵਾਰੋ ਵਾਰਾ । ਗੁਰਮੁਖ ਵਿਰਲਾ ਪ੍ਰਭ ਕਰੇ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੇਮੁਖਾਂ ਚਲਾਏ ਖੰਡਾ ਦੋ ਧਾਰਾ । ਸੋਹੰ ਖੰਡਾ ਪ੍ਰਭ ਹੱਥ ਫੜਿਆ । ਬੇਮੁਖਾਂ ਪ੍ਰਭ ਵਿਚ ਮਾਤ ਦੇਵੇ ਭੰਨ ਜੋ ਘੜਿਆ । ਗੁਰਮੁਖ ਸਾਚਾ ਨਿਹਕਲੰਕ ਸੋਹੰ ਤੇਰਾ ਪੜ੍ਹਿਆ । ਸਾਚਾ ਨਾਮ ਰਸਨਾ ਜਪ, ਵਿਚ ਬੈਕੁੰਠੀ ਵੜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਦਰ ਆਗੇ ਖੜਿਆ । ਸੱਚਾ ਘਰ ਸੱਚਾ ਦਰਬਾਰਾ । ਜਿਥੇ ਵਸੇ ਆਪ ਨਿਰੰਕਾਰਾ । ਏਕਾ ਜੋਤ ਹੋਏ ਉਜਿਆਰਾ । ਏਕਾ ਸ਼ਬਦ ਸੱਚੀ ਧੁਨਕਾਰਾ । ਏਕਾ ਜੋਤ ਜਗਤ ਪਸਾਰਾ । ਏਕਮ ਏਕੇ ਆਪ ਏਕ ਕੀਆ ਅਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਪ ਨਿਰੰਕਾਰਾ । ਏਕਾ ਜੋਤ ਪ੍ਰਭ ਨਿਰੰਕਾਰ । ਤੀਨ ਲੋਕ ਕਰੇ ਅਕਾਰ । ਜੋਤ ਸਰੂਪੀ ਜੋਤ ਪ੍ਰਭ ਵਿਚ ਪਤਾਲ ਨੈਣ ਮੁੰਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਮਾਤ ਆਏ ਵਾਰੋ ਵਾਰ । ਏਕਾ ਜੋਤ ਜਗਤ ਅਕਾਰੇ । ਏਕਾ ਜੋਤ ਪ੍ਰਭ ਗਿਰਧਾਰੇ । ਏਕਾ ਜੋਤ ਸਰਬ ਸਿਕਦਾਰੇ । ਏਕਾ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਨ ਲੋਕ ਹੋਏ ਪਨਿਹਾਰੇ । ਏਕਾ ਜੋਤ ਜਗਤ ਜਗਾਏ । ਏਕਾ ਜੋਤ ਜੀਵ ਜੰਤ ਬਣਾਏ । ਏਕਾ ਜੋਤ ਮਾਤ ਪਤਾਲ ਅਕਾਸ਼ ਰਹਾਏ । ਏਕਾ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਰਹਾਏ । ਏਕਾ ਜੋਤ ਜਗਤ ਅਕਾਰ । ਏਕਾ ਜੋਤ ਜਗਤ ਅਧਾਰ । ਏਕਾ ਜੋਤ ਪਸਰ ਪਸਾਰ । ਏਕਾ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਿਰੰਕਾਰ । ਏਕਾ ਜੋਤ ਜਗਤ ਸਮਾਨਾ । ਏਕਾ ਜੋਤ ਸਰਬ ਕਾ ਗਿਆਨਾ । ਏਕਾ ਜੋਤ ਪੁਰਖ ਸੁਜਾਨਾ । ਏਕਾ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਏਕਾ ਜੋਤ ਆਪ ਗਿਰਧਾਰਾ । ਏਕਾ ਜੋਤ ਜਗਾਏ ਸਰਬ ਸੰਸਾਰਾ । ਜੋਤ ਸਰੂਪੀ ਜੋਤ ਟਿਕਾਏ ਮੇਟ ਵਖਾਏ ਅੰਧ ਅੰਧਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਸਰਬ ਪਸਾਰਾ । ਜੋਤ ਸਰੂਪੀ ਜੋਤ ਮਹਾਨੇ । ਜੋਤ ਸਰੂਪੀ ਜਗਤ ਰਹਾਨੇ । ਜੋਤ ਸਰੂਪੀ ਪਰਗਟ ਜੋਤ, ਆਤਮ ਦੇਵੇ ਸ਼ਬਦ ਮਹਾਨੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਜੋਤ ਜਗਾਏ ਵਿਸ਼ਨੂੰ ਭਗਵਾਨੇ । ਏਕ ਜੋਤ ਆਪ ਅਕਾਰ । ਏਕਾ ਜੋਤ ਵਿਚ ਮਾਤ ਪ੍ਰਭ ਆਏ ਵਾਰੋ ਵਾਰ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰ । ਪਰਗਟ ਜੋਤ ਜਾਏ ਬਲ ਦਵਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਜੋਤ ਆਪ ਨਿਰੰਕਾਰ । ਬਲ ਦਵਾਰ ਪ੍ਰਭ ਜਾਏ ਮੰਗਿਆ । ਬਾਵਨ ਰੂਪ ਧਾਰ ਪ੍ਰਭ ਲਾਏ ਅੰਗਿਆ । ਝੂਠਾ ਦੇਖ ਜਗਤ ਪਸਾਰ ਪ੍ਰਭ ਚਰਨ ਨਿਵਾਰ ਭਵਜਲ ਪਾਰ ਲੰਘਿਆ । ਜੋਤ ਸਰੂਪੀ ਜੋਤ ਅਕਾਰ, ਅਛਲ ਅਛੱਲ ਕਰੇ ਕਰਾਏ ਜੀਵ ਭੁਲਾਏ ਨਾ ਕਦੇ ਸੰਗਿਆ । ਅਛਲ ਅਛੱਲ ਨਾ ਛਲਿਆ ਜਾਏ । ਵਲ ਛਲ ਆਪ ਕਰਾਏ । ਪਰਗਟਾਏ ਜੋਤ ਨਾ ਲਾਏ ਪਲ, ਭਗਤ ਜਨਾਂ ਪ੍ਰਭ ਹੋਏ ਸਹਾਏ । ਸ੍ਰਿਸ਼ਟ ਸਬਾਈ ਜਾਏ ਹਲ, ਆਪਣੀ ਕਲ ਆਪ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ

ਜੁਗੋ ਜੁਗ ਵਿਚ ਮਾਤ ਦੇ ਆਏ । ਸਾਚਾ ਪ੍ਰਭ ਸਾਚੀ ਕਾਰੇ । ਜੁਗੋ ਜੁਗ ਜੋਤ ਸਰੂਪੀ ਜਾਮਾ ਵਿਚ ਮਾਤ ਦੇ ਧਾਰੇ । ਜਗਤ ਜੋਤ ਅਕਾਰ ਕਰ ਭਇਓ ਰਾਮ ਅਵਤਾਰੇ । ਜਨ ਭਗਤ ਉਧਾਰ ਕਰ, ਰਾਵਣ ਜਾਏ ਸੰਘਾਰੇ । ਸਾਚੀ ਜੋਤ ਜਗਤ ਅਕਾਰ ਕਰ, ਜਾਮਾ ਵਿਚ ਲੋਕਮਾਤ ਦੇ ਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਜੋਤ ਆਦਿ ਅੰਤ ਨਿਰੰਕਾਰੇ । ਸਾਚੀ ਜੋਤ ਮਾਤ ਅਕਾਰ । ਦੁਆਪਰ ਆਏ ਕ੍ਰਿਸ਼ਨ ਮੁਰਾਰ । ਘਨਈਆ ਕਾਹਨ ਆਪ ਗਿਰਧਾਰ । ਰਮਈਆ ਰਾਮ ਜੋਤ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਜੋਤ ਨਿਰੰਕਾਰ । ਜਗਾਏ ਜੋਤ ਰਮਈਆ ਰਾਮਾ । ਨਾਉਂ ਧਰਾਏ ਘਨਈਆ ਸ਼ਾਮਾ । ਜਗਤ ਆਏ ਪੂਰ ਕਰਾਏ ਪ੍ਰਭ ਆਪਨਾ ਕਾਮਾ । ਏਕਾ ਜੋਤ ਜੋਤ ਨਿਰੰਕਾਰ, ਜੁਗੋ ਜੁਗ ਜੋਤ ਸਰੂਪੀ ਪਹਰਿਆ ਬਾਣਾ । ਜੋਤ ਸਾਚੀ ਸਚ ਅਕਾਰਾ । ਆਇਆ ਅਥਰਬਣ ਜਗਤ ਵਿਕਾਰਾ । ਅੱਲਾ ਅਲਾਹੂ ਨੂਰ ਹੋਇਆ ਉਜਿਆਰਾ । ਸਾਚਾ ਪ੍ਰਭ ਖੇਲ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਅਭੇਦਾ । ਸਾਚਾ ਪ੍ਰਭ ਸਦਾ ਅਭੇਦਾ । ਪ੍ਰਭ ਕਾ ਭੇਵ ਨਾ ਪਾਇਣ ਵੇਦਾ । ਵੇਦੀ ਵੇਦ ਆਪ ਵਡ ਵੇਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਅਛਲ ਅਛੇਦਾ । ਅਥਰਬਣ ਐੜਾ ਅਲਾਇਆ । ਅੱਲਾ ਅਲਾਹੂ ਨੂਰ ਉਪਾਇਆ । ਐੜਾ ਅੱਖਰ ਮੁੱਖ ਰੱਖ, ਪ੍ਰਭ ਕਲਜੁਗ ਲੇਖ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਖ ਵਟਾਇਆ । ਐੜਾ ਅਲਾਹੀ ਨੂਰ ਉਪਾ । ਈਸਾ ਮੂਸਾ ਪ੍ਰਭ ਦਿਤੀ ਜੋਤ ਜਗਾ । ਜੋਤ ਸਰੂਪੀ ਭੇਖ ਧਰ, ਸ੍ਰਿਸ਼ਟ ਸਬਾਈ ਲਈ ਭੁਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਝੂਠੇ ਧੰਦੇ ਲਏ ਲਗਾ । ਈਸਾ ਮੂਸਾ ਪ੍ਰਭ ਉਪਾਇਆ । ਆਪ ਆਪਣਾ ਪੂਤ ਬਣਾਇਆ । ਏਕਾ ਸੂਤ ਪੇਟਾ ਤਾਣਾ ਆਪ ਅਖਵਾਇਆ । ਵਿਚ ਅੰਧ ਕੂਪ ਪ੍ਰਭ ਸਾਚੇ ਦੀਪ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਕਲਜੁਗ ਖੇਲ ਰਚਾਇਆ । ਈਸਾ ਮੂਸਾ ਪ੍ਰਭ ਉਪਾਏ । ਕਲਜੁਗ ਝੂਠਾ ਖੇਲ ਮਿਟਾਏ । ਵਡ ਪੀਰ ਪੈਗ਼ੰਬਰ ਔਲੀਏ ਪ੍ਰਭ ਝੂਠੇ ਧੰਦੇ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚਾਰ ਬੱਤੀ ਹਜ਼ਾਰ ਵਿਚ ਅੰਧਕਾਰ ਰਖਾਏ । ਕਲਜੁਗ ਵੇਲਾ ਅੰਤ ਬਣਾਈ ਬਣਤ, ਕਲ ਆਪਨੀ ਜੋਤ ਪਰਗਟਾਏ । ਗੁਰਮੁਖ ਸਾਚੇ ਸੰਤ ਜਨ, ਪ੍ਰਭ ਸਾਚਾ ਸ਼ਬਦ ਜਣਾਏ । ਆਪਨੀ ਬਣਤ ਆਪ ਬਣਾਏ । ਬਣ ਮਲਾਹ ਆਪ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਕਰਨ ਦੀ ਝੂਠੀ ਦੇਹ ਰਚਾਏ । ਈਸਾ ਮੂਸਾ ਜਾਮਾ ਪਾਇਆ । ਕਲਜੁਗ ਮਾਇਆ ਵਿਚ ਭੁਲਾਇਆ । ਗੁਰਮੁਖਾਂ ਗੁਰ ਦਰਸ ਦਿਖਾਇਆ । ਆਪ ਆਪਨਾ ਭੇਦ ਛੁਪਾਇਆ । ਗੁਰਮੁਖਾਂ ਪ੍ਰਭ ਵਿਚ ਸਮਾਇਆ । ਹਉਮੇ ਵਿਚੋਂ ਰੋਗ ਗਵਾਇਆ । ਗੁਰਮੁਖਾਂ ਪ੍ਰਭ ਅੰਧ ਅੰਧੇਰ ਗਵਾਇਆ । ਆਤਮ ਸਾਚਾ ਦੀਪਕ ਜੋਤ ਜਗਾਇਆ । ਗੁਰਮੁਖਾਂ ਗੁਰ ਦਰ ਹਰਿ ਹਰਿ ਹਰਿ ਮੰਗਲ ਗਾਇਆ । ਜੋਤ ਸਰੂਪੀ ਜੋਤ ਪ੍ਰਭ, ਪਰਗਟ ਹੋਏ ਦਰਸ ਦਿਖਾਇਆ । ਗੁਰਸਿਖਾਂ ਦੇਵੇ ਪ੍ਰਭ ਵਡਿਆਈ । ਗੁਰ ਦਰ ਆਏ ਪ੍ਰਭ ਸਾਚਾ ਰਸਨਾ ਗਾਈ । ਸਾਚਾ ਦਰ ਸਾਚਾ ਘਰ ਸਾਚਾ ਵਰ ਵਿਚ ਮਾਤ ਦੇ ਪਾਈ । ਅਵਤਾਰ ਨਰ ਜਨ ਸਰਨੀ ਪੜ, ਵੇਲੇ ਅੰਤ ਹੋਏ ਸਹਾਈ । ਆਦਿ ਅੰਤ ਪ੍ਰਭ ਸਹਾਰਾ । ਸਾਚਾ ਪ੍ਰਭ ਦੇਵੇ ਮੋਖ ਦਵਾਰਾ । ਗੁਰਮੁਖ ਸਾਚੇ ਕਵਲ ਨਭ ਅੰਮ੍ਰਿਤ ਝਿਰਨਾ ਝਿਰੇ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੋਕਮਾਤ ਬਣਾਏ ਸਚਖੰਡ ਦਵਾਰਾ । ਖੰਡ ਸਚ ਦਵਾਰ ਪ੍ਰਭ ਬਣਾਇਆ । ਕ੍ਰਿਸ਼ਨ ਮੁਰਾਰ ਜੋਤ ਸਰੂਪੀ ਭੇਖ ਵਟਾਇਆ । ਜੋਤ ਸਰੂਪ

ਆਪ ਕਰਤਾਰ ਵਿਚ ਮਾਤ ਦੇ ਆਇਆ । ਦੁੱਤਰ ਤਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਰਘੁਰਾਇਆ । ਸਾਚਾ ਪ੍ਰਭ ਸਚ ਵਰਤੰਤ । ਜੋਤ ਨਿਰਾਲਮ ਪ੍ਰਭ ਭਗਵੰਤ । ਕਲਜੁਗ ਭੁਲਾਏ ਸਾਰੀ ਆਲਮ, ਗੁਰਮੁਖ ਜਗਾਏ ਵਿਰਲੇ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠਾ ਅਡੋਲ ਆਪ ਇਕੰਤ । ਆਪ ਅਤੋਲ ਜਗਤ ਤੁਲਾਏ । ਆਪ ਅਭੁੱਲ ਸ੍ਰਿਸ਼ਟ ਭੁਲਾਏ । ਵਡ ਅਮੁਲ ਨਾ ਕਿਸੇ ਜਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਕਰਾਏ । ਅੰਤਮ ਖੇਲ ਅਪ ਪ੍ਰਭ ਕਰਾਉਣਾ । ਆਪਣਾ ਭੇਦ ਆਪ ਪ੍ਰਭ ਖੁਲ੍ਹੌਣਾ । ਆਪਣੀ ਸੇਵ ਗੁਰਸਿਖ ਲਗਾਉਣਾ । ਵਡ ਵਡ ਵਡ ਦੇਵੀ ਦੇਵ, ਗੁਰਮੁਖ ਸਾਚਾ ਪ੍ਰਭ ਉਪਜਾਉਣਾ । ਅਲਖ ਅਭੇਵ ਮਾਤ ਆਪ ਪ੍ਰਭ ਅਖਵਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਸਨਾ ਗਾਉਣਾ । ਸਾਚਾ ਪ੍ਰਭ ਅਲਖ ਅਭੇਵਾ । ਭੇਵ ਨਾ ਪਾਏ ਦੇਵੀ ਦੇਵਾ । ਗੁਰਮੁਖ ਸਾਚੇ ਸਾਚਾ ਪ੍ਰਭ ਬਖ਼ਸ਼ੇ ਚਰਨ ਸੇਵਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੰਮ੍ਰਿਤ ਦੇਵੇ ਸਾਚਾ ਫਲ ਸੋਹੰ ਮੇਵਾ । ਸਾਚਾ ਨਾਉਂ ਜਗਤ ਭੰਡਾਰਾ । ਖੰਡ ਸਚ ਪ੍ਰਭ ਸਾਚੇ ਕਾ ਸਚ ਦਵਾਰਾ । ਕੋਟਨ ਕੋਟ ਕੋਟ ਮੰਗਣ ਖੜੇ ਦਵਾਰਾ । ਕਦੇ ਨਾ ਆਵੇ ਤੋਟ, ਸਾਚਾ ਪ੍ਰਭ ਆਦਿ ਅੰਤ ਸਦਾ ਜਗਤ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਆਪ ਨਿਰੰਕਾਰਾ । ਨਿਰੰਕਾਰ ਆਪ ਨਿਰੰਕਾਰੀ । ਏਕਾ ਜੋਤ ਤੀਨ ਲੋਕ ਕਰੇ ਸਿਕਦਾਰੀ । ਸ੍ਰਿਸ਼ਟ ਸਬਾਈ ਪ੍ਰਭ ਚਰਨ ਪਨਿਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਕਰੇ ਖੁਆਰੀ । ਕਲਜੁਗ ਤੇਰਾ ਅੰਤ ਕਰਾਇਆ । ਈਸਾ ਮੂਸਾ ਵਿਚ ਮਾਤ ਉਪਾਇਆ । ਝੂਠੇ ਧੰਦੇ ਵਿਚ ਜਗਤ ਲਗਾਇਆ । ਛੁਰੀ ਕਟਾਰ ਪ੍ਰਭ ਹੱਥ ਫੜਾਇਆ । ਗਊ ਗਰੀਬ ਉਪਰ ਸੀਸ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਖੇਲ ਮਿਟਾਇਆ । ਅਚਰਜ ਖੇਲ ਪ੍ਰਭ ਆਪ ਬਣਾਈ । ਅਥਰਬਣ ਮਾਣ ਜਗਤ ਦਵਾਈ । ਕਲਜੁਗ ਅੰਤਮ ਅੰਤਕਾਲ ਪ੍ਰਭ ਸਾਚੀ ਬਿਧ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਜੀਵ ਖੇਲ ਨਾ ਜਾਣੇ ਰਾਈ । ਝੂਠਾ ਮਾਰਗ ਜਗਤ ਲਗਾ ਕੇ । ਆਪਣੀ ਰਚਨਾ ਆਪ ਰਚਾ ਕੇ । ਝੂਠੇ ਧੰਦੇ ਜਗਤ ਲਗਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਜਾਏ ਆਪ ਖਿਲਾ ਕੇ । ਝੂਠਾ ਜਗਤ ਝੂਠਾ ਅਡੰਬਰ । ਆਪ ਉਪਾਏ ਪੀਰ ਪੈਗ਼ੰਬਰ । ਅੰਤਮ ਅੰਤਕਾਲ ਝੂਠਾ ਕਰੇ ਸੁਵੰਬਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਸਭ ਭਰਤੰਬਰ । ਆਪਣੀ ਬਣਤ ਆਪ ਬਣਾਏ । ਆਪਣਾ ਭੇਦ ਨਾ ਕਿਸੇ ਜਣਾਏ । ਜੀਵ ਜੰਤ ਕੋਈ ਸਾਰ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖੇ ਜਗਤ ਭੁਲਾਏ । ਕਲਜੁਗ ਜੀਵ ਸੁਰਤ ਭੁਲਾਈ । ਆਪਣਾ ਬੈਠੇ ਮੂਲ ਗਵਾਈ । ਦਿਵਸ ਰੈਣ ਰੈਣ ਦਿਵਸ ਕੁਕਰਮ ਰਹੇ ਕਮਾਈ । ਸਤਿ ਸਤਿ ਯਤ ਯਤ ਆਪਣਾ ਆਪ ਰਹੇ ਗਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਅੰਤ ਦੇ ਸਜਾਈ । ਐੜਾ ਅਥਰਬਣ ਅਲਾਹੀ ਨੂਰ । ਪ੍ਰਭ ਅਬਿਨਾਸ਼ੀ ਜੋਤ ਸਰੂਪ । ਸਰਬ ਜਨਾਂ ਪ੍ਰਭ ਆਸਾ ਪੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਸਦ ਹਿਰਦੇ ਵਸੇ, ਬੇਮੁਖਾਂ ਦਿਸੇ ਦੂਰ । ਅੰਮ੍ਰਿਤ ਵੇਲਾ ਵਕਤ ਸੁਹੰਜਣਾ । ਜੋਤ ਜਗਾਏ ਪ੍ਰਭ ਨਿਰੰਜਣਾ । ਵਕਤ ਸੁਹਾਏ ਪ੍ਰਭ ਭੈ ਭੰਜਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰਾ ਸਾਚਾ ਸਾਕ ਸੈਣ ਸੱਜਣਾ । ਅੰਮ੍ਰਿਤ ਵੇਲਾ ਅੰਮ੍ਰਿਤ ਭਰਿਆ । ਗੁਰਮੁਖ ਸਾਚਾ ਪ੍ਰਭ ਦਰ ਖਰਿਆ । ਜੋਤ ਪਰਗਟਾਏ ਜਗਾਏ ਅਵਤਾਰ ਨਰਿਆ । ਵਕਤ ਸੁਹਾਏ


੨੪

ਪੈਜ ਰਖਾਏ ਗੁਰ ਸਰਨ ਆਏ ਜਨ ਤਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਸਾ ਵਰਿਆ । ਅੰਮ੍ਰਿਤ ਵੇਲਾ ਅੰਮ੍ਰਿਤ ਧਾਰ । ਗੁਰਮੁਖਾਂ ਦੇਵੇ ਚਰਨ ਪਿਆਰ । ਸਾਚਾ ਗੁਰ ਗੁਰਮੁਖ ਸਾਚਾ ਪਾਵੇ ਸਾਰ । ਸਾਚੀ ਦੇਵੇ ਨਾਮ ਭਿੱਖ, ਜਨ ਮੰਗਣ ਖੜੇ ਦਵਾਰ । ਭਗਤ ਜਨਾਂ ਲੇਖ ਸਾਚੇ ਲਿਖ, ਮਾਨਸ ਜਨਮ ਜਾਏ ਸੁਧਾਰ । ਆਤਮ ਮਿਟਾਏ ਸਾਰੀ ਭੁੱਖ, ਅੰਮ੍ਰਿਤ ਬਰਖੇ ਕਿਰਪਾ ਧਾਰ । ਗੁਰਮੁਖ ਮਿਟਾਏ ਆਤਮ ਤ੍ਰਿਖ, ਦੇਵੇ ਦਰਸ ਆਪ ਕਰਤਾਰ । ਗੁਰਮੁਖ ਸਾਚੇ ਸਾਚੇ ਸਿੱਖ, ਚਲ ਆਇਣ ਪ੍ਰਭ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਬਰਖੇ ਕਿਰਪਾ ਧਾਰ । ਅੰਮ੍ਰਿਤ ਵੇਲਾ ਅੰਮ੍ਰਿਤ ਭਰਿਆ । ਕਰ ਦਰਸ ਪ੍ਰਭ ਗੁਰਮੁਖ ਵਿਰਲਾ ਕਲਜੁਗ ਹਰਿਆ । ਗੁਰਮੁਖ ਵਿਰਲੇ ਪ੍ਰਭ ਅਬਿਨਾਸ਼ੀ ਦਰ ਘਰ ਆਏ ਵਿਰਲੇ ਵਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟੇ ਥਿਰ ਘਰਿਆ । ਥਿਰ ਘਰ ਵਾਸੀ ਥਿਰ ਘਰ ਵਾਸ । ਏਕਾ ਜੋਤ ਪ੍ਰਭ ਅਬਿਨਾਸ਼ । ਸਰਬ ਘਟ ਮਾਤਲੋਕ ਜੋਤ ਪਰਕਾਸ਼ । ਪਰਗਟ ਹੋਏ ਪ੍ਰਭ ਅਬਿਨਾਸ਼ੇ । ਕਲਜੁਗ ਅੰਧੇਰ ਸਰਬ ਵਿਨਾਸੇ । ਨਿਹਕਲੰਕ ਜੋਤ ਸਰੂਪੀ ਕੀਏ ਵਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਸਦ ਦਾਸਨ ਦਾਸੇ । ਦਾਸਨ ਦਾਸ ਆਪ ਭਗਵਾਨ । ਵਾਸਨ ਵਾਸ ਸਰਬ ਜਹਾਨ । ਨਾਸਨ ਨਾਸ ਕਰੇ ਕਲਜੁਗ ਜੀਵ ਬੇਈਮਾਨ । ਨਿਰਾਸਨ ਨਿਰਾਸ ਕਰੇ ਪਰਗਟ ਜੋਤ ਚਤੁਰ ਸੁਜਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਵਡ ਬਲੀ ਬਲਵਾਨ । ਵਡਾ ਪ੍ਰਭ ਬਲੀ ਬਲਵਾਨਾ । ਜੋਤ ਪਰਗਟਾਵੇ ਘਨਈਆ ਕਾਹਨਾ । ਏਕਾ ਜੋਤ ਜਗਾਏ ਰਮਈਆ ਰਾਮਾ ਸ਼ਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਪਹਰਿਆ ਜਾਮਾ । ਸਾਚਾ ਪ੍ਰਭ ਜਾਮਾ ਧਾਰੇ । ਜਨ ਭਗਤ ਸੁਹਣ ਪ੍ਰਭ ਚਰਨ ਦਵਾਰੇ । ਸਾਚਾ ਮਾਣ ਦਵਾਏ ਜਿਉਂ ਧਰੂ ਦਰਬਾਰੇ । ਪ੍ਰਹਿਲਾਦ ਮਾਣ ਰਖਾਇਆ ਨਰ ਸਿੰਘ ਰੂਪ ਆਪ ਪ੍ਰਭ ਧਾਰੇ । ਬਾਵਨ ਭੇਖ ਧਾਰ, ਚਾਰ ਵੇਦ ਮੁਖ ਪਾਠ ਉਚਾਰੇ । ਚੱਕਰ ਸੁਦਰਸ਼ਨ ਬਾਣ ਮਾਰ, ਦੁਰਬਾਸਾ ਹੰਕਾਰ ਨਿਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਮਾਤਲੋਕ ਵਿਚ ਧਾਰੇ । ਸਾਚਾ ਪ੍ਰਭ ਵਕ਼ਤ ਸੁਹਾਏ । ਮਾਤਲੋਕ ਪ੍ਰਭ ਜੋਤ ਜਗਾਏ । ਜਨ ਭਗਤ ਪ੍ਰਭ ਦਰ ਲਿਆਏ । ਅਵਤਾਰ ਨਰ ਦਇਆ ਕਮਾਏ । ਭੰਡਾਰੇ ਭਰ ਪ੍ਰਭ ਸੇਵਾ ਲਾਏ । ਆਤਮ ਦਰ ਪ੍ਰਭ ਦੇ ਖੁਲ੍ਹਾਏ । ਅੰਮ੍ਰਿਤ ਸਰ ਪ੍ਰਭ ਝਿਰਨਾ ਦੇ ਝਿਰਾਏ । ਸਰਨ ਪਰ ਗੁਰਸਿਖ ਤਰ ਜਾਏ । ਜਨਕ ਭਗਤ ਤੀਨ ਲੋਕ ਵਡਿਆਏ । ਰਾਣੀ ਤਾਰਾ ਤਾਰ, ਸਾਧ ਸੰਗਤ ਪ੍ਰਭ ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਆਪ ਸਹਾਏ । ਗੁਰਮੁਖਾਂ ਦੇਵੇ ਪ੍ਰਭ ਚਰਨ ਪਿਆਰ । ਜੋਤ ਜਗਾਏ ਪ੍ਰਭ ਅਗੰਮ ਅਪਾਰ । ਵਸੇ ਵਿਚ ਆਪ ਨਿਰੰਕਾਰ । ਏਕਾ ਜੋਤ ਆਪ ਪਸਾਰ । ਜੁਗੋ ਜੁਗ ਆਏ ਵਾਰੋ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕ੍ਰਿਸ਼ਨ ਮੁਰਾਰ । ਸਾਚਾ ਪ੍ਰਭ ਕ੍ਰਿਸ਼ਨ ਮੁਰਾਰੀ । ਭਗਤ ਜਨਾਂ ਪ੍ਰਭ ਪਾਰ ਉਤਾਰੀ । ਦੁਰਯੋਧਨ ਗਵਾਏ ਮਾਣ, ਝੁੱਗੀ ਬਿਦਰ ਜਾਏ ਪੈਜ ਸਵਾਰੀ । ਸੁਦਾਮੇ ਦੇਵੇ ਮਾਣ, ਚਰਨੀ ਡਿਗੇ ਆਪ ਮੁਰਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪ ਪ੍ਰਭ ਬਨਵਾਰੀ । ਕਿਰਪਾ ਕਰੇ ਆਪ ਬਨਵਾਰਿਆ । ਆਏ ਚਰਨ ਪ੍ਰਭ ਨਿਮਸਕਾਰਿਆ । ਦੇਵੇ ਮਾਣ ਜਗਤ ਅਪਾਰਿਆ । ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਮਾਣ ਰਖਾਏ ਵਿਚ ਸੰਸਾਰਿਆ । ਸਾਚਾ ਪ੍ਰਭ ਸਚ ਦਵਾਰਾ । ਲੇਖ ਲਿਖਾਏ ਪ੍ਰਭ ਅਪਰ ਅਪਾਰਾ । ਨਾਮਦੇਵ ਪ੍ਰਭ ਸਾਚੇ ਤਾਰਾ । ਲੇਖ ਲਿਖਾਏ ਲੇਖੇ, ਵਰਤੇ ਵਰਤਾਏ ਕਰਾਏ ਸਾਚੀ ਕਾਰਾ ।

ਏਕਾ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤਲੋਕ ਆਵੇ ਜਾਵੇ ਵਾਰੋ ਵਾਰਾ । ਜੈ ਦੇਵ ਪ੍ਰਭ ਤਰਾਇਆ । ਸਾਚਾ ਲੇਖ ਪ੍ਰਭ ਆਪ ਕਰਾਇਆ । ਨਾਮ ਦੇਵ ਮਾਣ ਦਵਾਇਆ । ਪਰਗਟ ਜੋਤ ਦਰ ਘਰ ਆਏ ਪ੍ਰਭ ਭੋਗ ਲਗਾਇਆ । ਵਡ ਵਡ ਵਡ ਪ੍ਰਭ ਸਿਰ ਛਤਰ ਝੁਲਾਇਆ । ਆਪ ਦੇਹੁਰਾ ਫੇਰਿਆ, ਸਰਬ ਜੀਆਂ ਦਾ ਮਾਣ ਗਵਾਇਆ । ਜੋਤ ਸਰੂਪੀ ਜੋਤ ਪ੍ਰਭ ਜੁਗੋ ਜੁਗ ਜਗਤ ਹਿਤ ਵਿਚ ਮਾਤ ਦੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਜਾਮਾ ਮਾਤਲੋਕ ਵਿਚ ਪਾਇਆ । ਮਾਤਲੋਕ ਪ੍ਰਭ ਜਾਮਾ ਧਰਿਆ । ਸਰਨ ਲਾਗ ਗੁਰਮੁਖ ਵਿਰਲਾ ਤਰਿਆ । ਦੇ ਦਰਸ ਪ੍ਰਭ ਆਤਮ ਕੀਨਾ ਹਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਾਮਾ ਮਾਤਲੋਕ ਵਿਚ ਧਰਿਆ । ਮਾਤਲੋਕ ਪ੍ਰਭ ਜਾਮਾ ਪਾਏ । ਓਅੰਕਾਰ ਜੋਤ ਜਗਾਏ । ਵਿਚ ਸੰਸਾਰ ਹੋਏ ਰੁਸ਼ਨਾਏ । ਅੰਧ ਅੰਧਿਆਰ ਸਰਬ ਮਿਟ ਜਾਏ । ਦਰ ਦਰਬਾਰ ਕਰੋੜ ਤੇਤੀਸ ਰਖਾਏ । ਨਰ ਅਵਤਾਰ ਚੌਥੇ ਜੁਗ ਜਾਮਾ ਵਿਚ ਮਾਤ ਦੇ ਪਾਏ । ਹਰਿ ਭਗਤ ਅਧਾਰ, ਨਿਹਕਲੰਕ ਕਲ ਜਾਮਾ ਪਾਏ । ਸ੍ਰਿਸ਼ਟ ਖੁਆਰ ਅੰਤਮ ਪ੍ਰਭ ਕਰਾਏ । ਹਾਹਾਕਾਰ ਵਿਚ ਕੁੰਟ ਚਾਰ ਮੱਚ ਜਾਏ । ਆਪ ਨਿਰੰਕਾਰ ਸਦ ਅਡੋਲ, ਸ੍ਰਿਸ਼ਟ ਸਬਾਈ ਆਪ ਡੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਜੋਤ ਮਾਤ ਪਰਗਟਾਏ । ਮਾਤਲੋਕ ਪ੍ਰਭ ਜੋਤ ਜਗਾ ਕੇ । ਜਨ ਭਗਤ ਪ੍ਰਭ ਸੰਗ ਉਪਾ ਕੇ । ਸਾਚੀ ਬਣਤ ਪ੍ਰਭ ਜਾਏ ਬਣਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਵਿਚ ਮਾਤ ਦੇ ਪਾ ਕੇ । ਲੋਕਮਾਤ ਪ੍ਰਭ ਵਕਤ ਸੁਹਾਇਆ । ਉਨੀਂ ਸੌ ਪੰਜਾਹ ਬਿਕ੍ਰਮੀ ਲੇਖ ਲਿਖਾਇਆ । ਸਾਚਾ ਵਕਤ ਵੇਖ, ਮਾਤਲੋਕ ਪ੍ਰਭ ਜੋਤ ਜਗਾਇਆ । ਜੋਤ ਸਰੂਪੀ ਕੀਨਾ ਭੇਖ, ਸ੍ਰਿਸ਼ਟ ਸਬਾਈ ਤਾਈਂ ਭੁਲਾਇਆ । ਕਲਜੁਗ ਜੀਵ ਰਹੇ ਵੇਖਾ ਵੇਖ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਬੇਮੁਖ ਜੀਵਾਂ ਉਲਟੀ ਰੇਖ, ਪ੍ਰਭ ਗੂੜ੍ਹੀ ਨੀਂਦ ਸਵਾਇਆ । ਗੁਰਮੁਖ ਸਾਚੇ ਆਤਮ ਵੇਖ, ਪ੍ਰਭ ਦਰ ਆਏ ਸੀਸ ਝੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਵਿਚ ਮਾਤ ਦੇ ਪਾਇਆ । ਮਾਤਲੋਕ ਹੋਏ ਅਕਾਰਾ । ਜਗੇ ਜੋਤ ਅਗੰਮ ਅਪਾਰਾ । ਧਰੇ ਜੋਤ ਆਪ ਪ੍ਰਭ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕੀਆ ਪਸਾਰਾ । ਸਾਚਾ ਪ੍ਰਭ ਪਸਰ ਪਸਾਰੇ । ਆਵੇ ਜਾਵੇ ਵਾਰੋ ਵਾਰੇ । ਕਲਜੁਗ ਜੀਵ ਹੋਏ ਮੂਰਖ ਮੁਗਧ ਗਵਾਰੇ । ਗੁਰਮੁਖ ਵਿਰਲੇ ਆਤਮ ਰਸ ਪੀਵ, ਆਤਮ ਜੋਤ ਕਰੇ ਉਜਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਰੇ ਅਪਾਰੇ । ਅਚਰਜ ਖੇਲ ਪ੍ਰਭ ਅਪਾਰ । ਪਰਗਟਾਈ ਜੋਤ ਵਿਚ ਸੰਸਾਰ । ਬੇਮੁਖ ਦਰ ਜਾਇਣ ਰੋਤ, ਨਜ਼ਰ ਨਾ ਆਵੇ ਨੈਣ ਮੁੰਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਆਏ ਜਾਮਾ ਧਾਰ । ਸਾਚਾ ਪ੍ਰਭ ਜਾਮਾ ਧਾਰੇ । ਗੁਰ ਗੋਬਿੰਦ ਸਚ ਬਚਨ ਲਿਖਾਰੇ । ਵੇਲੇ ਅੰਤ ਪਰਗਟੇ ਨਿਹਕਲੰਕ ਨਰਾਇਣ ਨਰ ਅਵਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜਾਣੇ ਸਾਰੇ । ਗੁਰ ਗੋਬਿੰਦ ਸਤਿ ਬਚਨ ਲਿਖਾਇਆ । ਨਿਹਕਲੰਕ ਸਰਬ ਸਮਰਥ ਅੰਤ ਜਾਮਾ ਪਾਇਆ । ਜੋਤ ਸਰੂਪੀ ਜੋਤ ਧਰਾਇਆ । ਗੁਰਮੁਖ ਵੇਖੇ ਬੇਮੁਖਾਂ ਪ੍ਰਭ ਦਿਸ ਨਾ ਆਇਆ । ਮਾਨਸ ਜਨਮ ਲਗਾਏ ਲੇਖੇ, ਚਰਨ ਆਏ ਜਿਸ ਸੀਸ ਝੁਕਾਇਆ । ਜੋ ਜਨ ਰਹੇ ਭਰਮ ਭੁਲੇਖੇ, ਪ੍ਰਭ ਨਰਕ ਨਿਵਾਸ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਵਿਚ ਮਾਤ ਦੇ ਪਾਇਆ । ਵਕ਼ਤ ਸੁਹਾਇਆ ਆਪ ਪ੍ਰਭ, ਕਲਜੁਗ ਜਾਮਾ ਪਾਏ । ਵਕ਼ਤ ਸੁਹਾਇਆ ਆਪ ਪ੍ਰਭ, ਆਪਣੀ ਜੋਤ ਪਰਗਟਾਏ । ਵਕ਼ਤ

ਸੁਹਾਇਆ ਆਪ ਪ੍ਰਭ, ਕਲਜੁਗ ਅੰਧੇਰ ਮਿਟਾਏ । ਵਕਤ ਸੁਹਾਇਆ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਨਾਉਂ ਰਖਾਏ । ਵਕਤ ਸੁਹਾਇਆ ਆਪ ਪ੍ਰਭ, ਵਿਚ ਮਾਤ ਪ੍ਰਭ ਭਾਗ ਲਗਾਏ । ਵਕਤ ਸੁਹਾਇਆ ਆਪ ਪ੍ਰਭ, ਗੁਰਮੁਖ ਸਾਚੇ ਆਤਮ ਜਾਗ ਲਗਾਏ । ਵਕਤ ਸੁਹਾਇਆ ਆਪ ਪ੍ਰਭ, ਗੁਰਮੁਖਾਂ ਹਉਮੇ ਅਗਨ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤਲੋਕ ਵਿਚ ਪਾਏ । ਮਾਤਲੋਕ ਪ੍ਰਭ ਸਾਚਾ ਆਇਆ । ਪੰਚਮ ਜੇਠ ਮੁਖ ਰਖਾਇਆ । ਘਨਕਪੁਰੀ ਪ੍ਰਭ ਭਾਗ ਲਗਾਇਆ । ਮਾਤਾ ਤਾਬੋ ਕੁੱਖ ਸੁਫਲ ਕਰਾਇਆ । ਸਿੰਘ ਜਵੰਦ ਨਾਮ ਵਡਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਨਾਮ ਧਰਾਇਆ । ਘਨਕਪੁਰੀ ਪ੍ਰਭ ਭਾਗ ਲਗਾਏ । ਆਪ ਆਪਣੀ ਜੋਤ ਪਰਗਟਾਏ । ਦੇਵੀ ਦੇਵ ਪ੍ਰਭ ਸਰਨ ਲਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਵਿਚ ਮਾਤ ਦੇ ਪਾਏ । ਪੁਰੀ ਘਨਕ ਧਾਮ ਨਿਆਰਾ । ਸਤਿਜੁਗ ਉਪਜਾਵੇ ਪ੍ਰਭ ਵਿਚ ਸੰਸਾਰਾ । ਜੋਤ ਜਗਾਵੇ ਪ੍ਰਭ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਨਿਹਕਲੰਕ ਅਵਤਾਰਾ । ਘਨਕਪੁਰੀ ਪ੍ਰਭ ਜੋਤ ਜਗਾਏ । ਵਾਕ ਭਵਿਖਤ ਪ੍ਰਭ ਸਤਿ ਕਰਾਏ । ਲਿਖਾਈ ਲਿਖਤ ਪ੍ਰਭ ਆਪ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਮਾਤ ਪਰਗਟਾਏ । ਏਕਾ ਓਟ ਨਿਹਕਲੰਕ ਰਖਾ ਕੇ । ਸ਼ਬਦ ਜੋਤ ਗੁਰ ਡੰਕ ਵਜਾ ਕੇ । ਕੋਟਨ ਕੋਟ ਪ੍ਰਭ ਸਰਨ ਲਗਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾ ਕੇ । ਜਾਮਾ ਮਾਤਲੋਕ ਵਿਚ ਪਾ ਕੇ । ਸਾਚੇ ਪ੍ਰਭ ਜਾਮਾ ਪਾਇਆ । ਪ੍ਰਭ ਅਬਿਨਾਸ਼ੀ ਆਪਣਾ ਆਪ ਉਪਾਇਆ । ਆਵਣ ਜਾਣ ਇਕ ਖੇਲ ਰਚਾਇਆ । ਕਲਜੁਗ ਜੀਆਂ ਭਰਮ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਵਿਚ ਛੁਪਾਇਆ । ਆਪਣਾ ਆਪ ਪ੍ਰਭ ਛੁਪਾਏ । ਬੇਮੁਖਾਂ ਪ੍ਰਭ ਦਿਸ ਨਾ ਆਏ । ਆਤਮ ਵਸ ਰਸਨਾ ਰਸ, ਮਦਿਰਾ ਮਾਸ ਮੁਖ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਦਿਸ ਨਾ ਆਏ । ਕਲ ਜੀਵ ਅੰਧ ਅੰਧਿਆਰੇ । ਸਾਚਾ ਸ਼ਬਦ ਭੁੱਲੇ ਗਵਾਰੇ । ਸੁਣਾਇਆ ਸਿਧ ਨਾਨਕ ਨਿਰੰਕਾਰੇ । ਮੰਗਿਆ ਦਾਨ ਪ੍ਰਭ ਭਗਤ ਭਗਵਾਨ, ਏਕਾ ਸ਼ਬਦ ਅਧਾਰੇ । ਏਕਾ ਸ਼ਬਦ ਜਗਤ ਵਰਤਾਰੇ । ਸਤਿਨਾਮ ਗੁਰ ਭਰੇ ਭੰਡਾਰੇ । ਚਾਰ ਕੁੰਟ ਆਪ ਵਰਤਾਰੇ । ਕਲਜੁਗ ਜੀਵ ਹੋਏ ਗਵਾਰੇ । ਸਾਚਾ ਪ੍ਰਭ ਮਨੋ ਵਿਸਾਰੇ । ਰਸਨਾ ਕਰਨ ਸਰਬ ਵਿਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਅੰਤ ਖੁਆਰੇ । ਗੁਰਮੁਖਾਂ ਪ੍ਰਭ ਦਇਆ ਕਮਾਏ । ਸਾਚੀ ਧੁਨ ਸ਼ਬਦ ਉਪਜਾਏ । ਸ਼ਬਦ ਸੁਰਤ ਮੇਲ ਮਿਲਾਏ । ਗੁਰਮੁਖ ਸਾਚੇ ਬੂਝ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਂਹੋਂ ਪਕੜ ਲਏ ਤਰਾਏ । ਬਾਂਹੋਂ ਪਕੜ ਪ੍ਰਭ ਆਪ ਉਠਾਏ । ਗੁਰਮੁਖ ਵਿਰਲੇ ਪ੍ਰਭ ਜਗਾਏ । ਏਕਾ ਧੁਨ ਸ਼ਬਦ ਸੁਣਾਏ । ਆਤਮ ਸੁੰਨ ਖੋਲ੍ਹ ਵਖਾਏ । ਨਿਹਕਲੰਕ ਤੇਰੇ ਕਵਣ ਗੁਣ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਘਨਕਪੁਰੀ ਕਲ ਜਾਮਾ ਪਾਏ । ਸਾਚੇ ਪ੍ਰਭ ਜਾਮਾ ਪਾਇਆ । ਗੁਰਮੁਖਾਂ ਪ੍ਰਭ ਆਪ ਉਪਾਇਆ । ਆਪ ਆਪਣੇ ਜਿਹਾ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਆਪ ਰੰਗਾਇਆ । ਆਪਣੇ ਰੰਗ ਆਪ ਰੰਗਾਏ । ਆਤਮ ਸਾਚੀ ਜੋਤ ਜਗਾਏ । ਗੁਣਵੰਤ ਗੁਣ ਆਪ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਆਪਣੀ ਦਇਆ ਆਪ ਪ੍ਰਭ ਧਾਰੀ । ਧਰੇ ਜੋਤ ਕਲ ਵਡ ਸੰਸਾਰੀ । ਗੁਰਮੁਖ ਵਿਰਲੇ ਕਲ ਆਇਣ ਤੇਰੇ ਚਰਨ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਸਰਬ ਜੀਆਂ ਦੀ ਪੈਜ ਸਵਾਰੀ । ਸਰਬ ਜੀਆਂ ਦੀ ਪੈਜ ਸਵਾਰ । ਗੁਰਮੁਖਾਂ ਦੇਵੇ ਚਰਨ ਪਿਆਰ । ਆਤਮ ਜੋਤ ਕਰੇ ਉਜਿਆਰ । ਸੋਹੰ ਸ਼ਬਦ ਉਪਜਾਵੇ ਸਾਚੀ ਧੁਨਕਾਰ । ਗਊ ਗਰੀਬ ਪ੍ਰਭ ਸੁਣੀ ਪੁਕਾਰ । ਸੰਤ ਜਨ ਬਿਲਲਾਇਣ ਪ੍ਰਭ ਚਰਨ ਦਵਾਰ । ਕਲਜੁਗ ਜੀਵ ਰਖਾਇਣ ਮਦਿਰਾ ਮਾਸ ਰਸਨ ਆਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਆਏ ਜਾਮਾ ਧਾਰ । ਪ੍ਰਭ ਦਰ ਆਏ ਜੀਵ ਜੰਤ ਪੁਕਾਰੇ । ਅੰਤਮ ਅੰਤ ਕਾਲ ਕਲ ਹੋਏ ਦੁਖਿਆਰੇ । ਗਊ ਮਾਤ ਦਰ ਦਵਾਰ ਕਰੇ ਪੁਕਾਰੇ । ਝੱਲੀ ਨਾ ਜਾਏ ਛੁਰੀ ਕਟਾਰੇ । ਬਣੇ ਗਵਾਲਾ ਦੁਆਪਰ ਕ੍ਰਿਸ਼ਨ ਮੁਰਾਰੇ । ਕਲਜੁਗ ਜੀਵ ਹੋਏ ਦੁਸ਼ਟ ਦੁਰਾਚਾਰੇ । ਈਸਾ ਮੂਸਾ ਉਮਤੀ, ਪ੍ਰਭ ਕਰੇ ਖੁਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰੇ । ਦੁਖੀਆਂ ਜੀਆਂ ਪ੍ਰਭ ਪਾਏ ਸਾਰੇ । ਹੰਕਾਰੀਆਂ ਪ੍ਰਭ ਹੰਕਾਰ ਨਿਵਾਰੇ । ਸੋਹੰ ਸ਼ਬਦ ਚਲਾਏ ਖੰਡਾ ਦੋ ਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਲਜੁਗ ਤਾਰੇ । ਸਾਚਾ ਮਾਰਗ ਨਾਨਕ ਗੁਰ ਲਾਇਆ । ਮੰਤਰ ਨਾਮ ਸਤਿ ਮੁਖ ਰਖਾਇਆ । ਰੱਖੀ ਆਪ ਪਤਿ ਪ੍ਰਭ ਦਰ ਮੰਗਿਆ ਪ੍ਰਭ ਹੋਏ ਸੁਹਾਇਆ । ਕਲਜੁਗ ਜੀਆਂ ਅੰਤਕਾਲ ਕਲ ਆਪਣਾ ਆਪ ਗਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਵਿਚ ਮਾਤ ਦੇ ਪਾਇਆ । ਗੁਰ ਦਸ ਰਹੇ ਜਣਾਏ । ਏਕਾ ਰਾਹ ਜਗਤ ਚਲਾਏ । ਸਤਿ ਸਤਿ ਸਤਿ ਆਤਮ ਧੀਰ ਰਖਾਏ । ਯਤ ਯਤ ਯਤ ਸਾਚਾ ਯਤ ਨਾਉਂ ਰਖਾਏ । ਪਤਿ ਪਤਿ ਪਤਿ ਪ੍ਰਭ ਆਪ ਰਖਾਏ । ਗਤ ਮਿਤ ਮਿਤ ਗਤ ਸਰਬ ਜਨਾਂ ਦੀ ਆਪ ਜਣਾਏ । ਕਲਜੁਗ ਜੀਵ ਭੁੱਲੇ ਤਤ, ਸਾਚਾ ਗੁਰ ਜੋ ਗਏ ਬਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਜੋਤ ਸਰੂਪੀ ਜਾਮਾ ਪਾਏ । ਸਾਚਾ ਮਾਰਗ ਜਗਤ ਚਲਾਇਆ । ਕਲਜੁਗ ਜੀਵਾਂ ਆਪ ਭੁਲਾਇਆ । ਆਪਣਾ ਬੀਆ ਆਪ ਵੱਢ ਖਾਇਆ । ਅੰਤਕਾਲ ਨਾ ਕੋਈ ਚਲੇ ਹੀਆ, ਪ੍ਰਭ ਅਬਿਨਾਸ਼ੀ ਦੇ ਸਜਾਇਆ । ਆਤਮ ਜੋਤ ਬੁਝਾਈ ਦੀਆ, ਅੰਧ ਅੰਧੇਰ ਦੇ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦੇ ਸਜਾਇਆ । ਕਲਜੁਗ ਜੀਵ ਦੁਸ਼ਟ ਦੁਰਾਚਾਰ । ਭੁੱਲੇ ਰਾਮ ਇਕ ਕਰਤਾਰ । ਸਾਚਾ ਛਡਿਆ ਜਗਤ ਵਿਹਾਰ । ਨਿਮਾਣਿਆਂ ਨਿਤਾਣਿਆਂ ਕਰਨ ਦੁਖਿਆਰ । ਸਰਬ ਸਮਾਣਿਆਂ ਵੇਲੇ ਅੰਤ ਪਾਵੇ ਸਾਰ । ਰਾਜੇ ਰਾਣਿਆਂ ਪ੍ਰਭ ਸਾਚਾ ਕਰੇ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰੇ ਜੋਤ ਆਪ ਕਰਤਾਰ । ਸਾਚੇ ਪਭ ਜੋਤ ਜਗਾਈ । ਪੰਚਮ ਜੇਠ ਰੁੱਤ ਸੁਹਾਈ । ਕਲਜੁਗ ਜੀਵ ਕੌੜੇ ਰੇਠ ਪ੍ਰਭ ਦਰ ਨਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਦੇ ਸਜਾਈ । ਪੰਚਮ ਜੇਠ ਜਗਤ ਵਡਿਆਏ । ਪ੍ਰਭ ਅਬਿਨਾਸ਼ੀ ਜੋਤ ਪਰਗਟਾਏ । ਆਪ ਆਪਣਾ ਨਾਉਂ ਧਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰੀ ਵਿਚ ਜਾਮਾ ਪਾਏ । ਪੰਚਮ ਤੇਰੀ ਵਡ ਵਡਿਆਈ । ਪੰਚਮ ਤੇਰੀ ਸਰਬ ਸਰਨਾਈ । ਪੰਚਮ ਪ੍ਰਭ ਮੁਖ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਵਿਚ ਸਦ ਰਿਹਾ ਸਮਾਈ । ਪੰਚਮ ਪ੍ਰਭ ਲੇਖ ਲਿਖਾਏ । ਪੰਚਮ ਪੰਚਮ ਪ੍ਰਭ ਸਾਚਾ ਮਾਰਗ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਦਰਸ ਦਿਖਾਏ । ਪੰਚਮ ਪ੍ਰਭ ਪੰਚਮ ਆਇਆ । ਪੰਚਮ ਸਾਚਾ ਮੁਖ ਰਖਾਇਆ । ਪੰਚਮ ਮਾਰ ਪੰਚਮ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਦਰਸ ਦਿਖਾਇਆ । ਪੰਚਮ ਪ੍ਰਭ ਬਣਤ ਬਣਾਏ । ਪੰਚਮ ਪ੍ਰਭ ਜੋਤ ਪਰਗਟਾਏ । ਪੰਚਮ ਆਏ ਗੁਰਸਿਖ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

੨੮
੦੨

ਭਗਵਾਨ, ਪੰਚਮ ਜੇਠ ਨਿਹਕਲੰਕ ਕਲ ਜਾਮਾ ਪਾਏ । ਪੰਚਮ ਜੇਠ ਹਰਿ ਹਰਿ ਹਰਿ ਪ੍ਰਭ ਆਇਆ । ਪੰਚਮ ਜੇਠ ਦਰ ਦਰ ਪ੍ਰਭ ਦਰ ਸੁਹਾਇਆ । ਪੰਚਮ ਜੇਠ ਨਾਰੀ ਨਰ, ਦਰ ਮੰਗਲ ਗਾਇਆ । ਪੰਚਮ ਜੇਠ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਜਾਮਾ ਪਾਇਆ । ਪੰਚਮ ਜੇਠ ਤੋੜੇ ਜਨ । ਹਉਮੇ ਰੋਗ ਨਿਵਾਰੇ ਤਨ । ਸੋਹੰ ਸ਼ਬਦ ਉਪਜਾਵੇ ਕੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਬੇੜਾ ਜਾਏ ਬੰਨ੍ਹ । ਸਾਚਾ ਗੁਰ ਸਚ ਘਰ ਆਇਆ । ਸਾਚਾ ਧਾਮ ਪ੍ਰਭ ਆਪ ਸੁਹਾਇਆ । ਸਾਚਾ ਨਾਮ ਵਿਚ ਜਗਤ ਰਖਾਇਆ । ਸਾਚਾ ਕਾਮ ਪ੍ਰਭ ਆਪ ਕਰਾਇਆ । ਸਾਚਾ ਜਾਮ ਗੁਰ ਸ਼ਬਦ ਪਿਲਾਇਆ । ਘਨਈਆ ਸ਼ਾਮ ਪਰਗਟ ਜੋਤ ਦਰਸ ਦਿਖਾਇਆ । ਰਮਈਆ ਰਾਮ ਵਿਚ ਮਾਤ ਦੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਜਾਏ ਉਠਾਇਆ । ਬਾਲ ਅਵਸਥਾ ਖੇਲ ਅਪਾਰਾ । ਕਲਜੁਗ ਜੀਵ ਨਾ ਪਾਵੇ ਸਾਰਾ । ਸਾਚਾ ਸੰਤ ਸੱਚੀ ਸ਼ਬਦ ਉਪਜੇ ਧੁਨਕਾਰਾ । ਜਗੇ ਜੋਤ ਝੂਠੀ ਦੇਹ ਮਹਿਲ ਮੁਨਾਰਾ । ਸੁਰਤ, ਸ਼ਬਦ ਸ਼ਬਦ ਸੁਰਤ ਖੋਲ੍ਹ ਦੇਵੇ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਦੇਵੇ ਜੋਤ ਅਧਾਰਾ । ਜੋਤ ਸਰੂਪੀ ਮੇਲ ਮਿਲਾਇਆ । ਸੰਤ ਮਨੀ ਸਿੰਘ ਮਾਣ ਦਵਾਇਆ । ਆਪਣਾ ਭੇਵ ਆਪ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਸਰਨ ਲਗਾਇਆ । ਆਪਣੀ ਸਰਨ ਆਪ ਪ੍ਰਭ ਲਾਏ । ਆਤਮ ਸਾਚੀ ਜੋਤ ਜਗਾਏ । ਅਗਿਆਨ ਅੰਧ ਦੇ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਵਛ ਸਰੂਪ ਦਰਸ ਦਿਖਾਏ । ਸੰਤ ਮਨੀ ਸਿੰਘ ਆਤਮ ਤ੍ਰਿਪਤਾਸੀ । ਮਿਲਿਆ ਪ੍ਰਭ ਘਨਕਪੁਰ ਵਾਸੀ । ਆਤਮ ਉਤਰੀ ਸਰਬ ਉਦਾਸੀ । ਮਿਲਿਆ ਪ੍ਰਭ ਸਰਬ ਘਟ ਵਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਨਾਮ ਜਪਾਏ ਸ੍ਰਿਸ਼ਟ ਸਭ ਦਾਸੀ । ਸਾਚੇ ਪ੍ਰਭ ਜੋਤ ਜਗਾਈ । ਆਪ ਆਪਣੀ ਬੂਝ ਬੁਝਾਈ । ਆਤਮ ਦੂਜੇ ਦੂਜ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਦੇ ਜਣਾਈ । ਸਾਚਾ ਸ਼ਬਦ ਆਪ ਜਣਾਇਆ । ਨਿਹਕਲੰਕ ਵਿਚ ਮਾਤ ਦੇ ਆਇਆ । ਸ਼ਾਮ ਰੂਪ ਪ੍ਰਭ ਨਜ਼ਰ ਨਾ ਆਇਆ । ਵਡ ਵਡ ਭੂਪ ਪ੍ਰਭ ਆਪ ਅਖਵਾਇਆ । ਨਾ ਰੰਗ ਰੂਪ ਬੇਮੁਖਾਂ ਦਿਸ ਨਾ ਆਇਆ । ਏਕਾ ਸਤਿ ਸਰੂਪ ਪ੍ਰਭ ਏਕਾ ਜੋਤ ਜਗਾਇਆ । ਗੁਰਮੁਖ ਸਾਚੇ ਤੇਰੀ ਦੇਹ ਵਿਚ ਅੰਧ ਕੂਪ, ਜੋਤ ਸਰੂਪੀ ਦੀਪ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਪਕੜ ਉਠਾਇਆ । ਸੰਤ ਮਨੀ ਸਿੰਘ ਪ੍ਰਭ ਸ਼ਬਦ ਜਣਾਏ । ਦਿਵਸ ਰੈਣ ਰੈਣ ਦਿਵਸ ਬਹਿਣ ਨਾ ਪਾਏ । ਮੁਖੋਂ ਸਕੇ ਨਾ ਕਹਿਣ ਜੋ ਪ੍ਰਭ ਸੁਣਾਏ । ਆਪ ਜਣਾਏ ਜਨ ਗਾਇਣ ਗਾਣ, ਮਹਾਰਾਜ ਸ਼ੇਰ ਸਿੰਘ ਦਇਆ ਕਮਾਏ । ਸਾਚੇ ਸੰਤ ਪ੍ਰਭ ਕਿਰਪਾਧਾਰੀ । ਦਿਸੇ ਬਾਲ ਅਵਸਥਾ ਨੈਣ ਮੁੰਧਾਰੀ । ਸਾਚਾ ਰਸਤਾ ਗੁਰ ਚਰਨ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਕ੍ਰਿਸ਼ਨ ਮੁਰਾਰੀ । ਸ਼ਾਮ ਰੂਪ ਪ੍ਰਭ ਦਰਸ ਦਿਖਾਇਆ । ਸਾਵਲ ਸੁੰਦਰ ਪ੍ਰਭ ਰੂਪ ਵਟਾਇਆ । ਕਵਲ ਨੈਣ ਪ੍ਰਭ ਨਜ਼ਰੀ ਆਇਆ । ਸੁੰਦਰ ਕੁੰਡਲ ਮੁਕਟ ਬੈਨ, ਸਿਰ ਹੱਥ ਟਿਕਾਇਆ । ਸਾਚੇ ਸੰਤ ਦਰ ਲਹਿਣਾ ਲੈਣ, ਪ੍ਰਭ ਅਬਿਨਾਸ਼ੀ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਸਰਨ ਲਗਾਇਆ । ਸਾਚੇ ਸੰਤ ਪ੍ਰਭ ਸਤਿ ਕਰ ਮਾਨਿਆਂ । ਚਲਿਆ ਆਪ ਪ੍ਰਭ ਦੇ ਭਾਣਿਆਂ । ਆਇਆ ਦਰ ਹੋਏ ਨਿਮਾਣਿਆਂ । ਪਾਇਆ ਮਾਣ ਵਿਚ ਸੁਘੜ ਸਿਆਣਿਆਂ । ਜਾਣੀ ਜਾਣ ਆਪਣਾ ਬਿਰਦ ਆਪ ਪਛਾਣਿਆਂ । ਭਗਤ ਭਗਵਾਨ ਇਕ ਰੰਗ ਸਮਾਣਿਆਂ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭੇਵ ਗੁਰਮੁਖ ਵਿਰਲੇ ਕਲ ਪਛਾਣਿਆਂ । ਸੰਤ ਮਨੀ ਸਿੰਘ ਆਏ ਦਰ । ਸਾਚਾ ਪ੍ਰਭ ਲਏ ਵਰ । ਬਾਲ ਅਵਸਥਾ ਸਰਨੀ ਪਰ । ਗੁਰਮੁਖ ਸਾਚੇ ਮਿਲਿਆ ਸਾਚਾ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਜੋਤ ਜਗਾਏ ਅਵਤਾਰ ਨਰ । ਬਾਲ ਅਵਸਥਾ ਖੇਲ ਅਪਾਰ । ਸੰਤ ਮਨੀ ਸਿੰਘ ਏਕਾ ਜਾਣੇ ਰੰਗ ਕਰਤਾਰ । ਕਲਜੁਗ ਜੀਵ ਭੁੱਲੇ ਸਰਬ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾ ਦਿਸਾਵੇ ਬੁਝਾਵੇ ਸਾਚਾ ਸਚ ਦਵਾਰ । ਸਾਚਾ ਸੰਤ ਸੇਵ ਕਮਾਏ । ਦਿਵਸ ਰੈਣ ਪ੍ਰਭ ਰਸਨਾ ਗਾਏ । ਦਰਸ ਪੇਖੇ ਨੈਣ ਆਤਮ ਤ੍ਰਿਪਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰਿਹਾ ਸਮਾਏ । ਸੰਤ ਮਨੀ ਸਿੰਘ ਸਤਿ ਕਰ ਜਾਣੋ । ਆਤਮ ਗਿਆ ਸਰਬ ਮਾਣੋ । ਏਕਾ ਉਪਜੇ ਸ਼ਬਦ ਕਾਨੋ । ਮਹਾਰਾਜ ਸ਼ੇਰ ਸਿੰਘ ਦੇਵੇ ਸ਼ਬਦ ਵਡਿਆਈ ਨਾ ਲਗੇ ਸੰਨੋ । ਸ਼ਬਦ ਧੰਨ ਗੁਰ ਦਰ ਪਾਇਆ । ਤਨ ਮਨ ਹਰਾ ਕਰਾਇਆ । ਸੁਣ ਕੰਨ ਧੁਨ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਸੁੰਨ ਖੁਲ੍ਹਾਇਆ । ਖੁਲ੍ਹੇ ਸੁੰਨ ਉਪਜੇ ਧੁੰਨ । ਪ੍ਰਭ ਸਾਚੇ ਦੀ ਸਾਚੀ ਰੁਣ ਝੁਣ । ਆਪ ਸੁਣਾਏ ਜਗਾਏ ਗੁਰਮੁਖ ਵਿਰਲੇ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਜੀਵ ਨਾ ਜਾਨਣ ਤੇਰੇ ਗੁਣ । ਪ੍ਰਭ ਗੁਣ ਜੀਵ ਕਿਆ ਜਾਣੇ । ਸੋ ਜਾਣੇ ਜਿਸ ਆਪ ਪਛਾਣੇ । ਜਗਤ ਭੁਲਾਏ ਰਾਜੇ ਰਾਣੇ । ਰਾਓ ਰੰਕ ਪ੍ਰਭ ਆਪ ਮਿਟਾਣੇ । ਮਿਟਾਏ ਸ਼ੰਕ ਪ੍ਰਭ ਸ਼ਬਦ ਲਿਖਾਣੇ । ਵਜਾਏ ਡੰਕ ਸੋਹੰ ਸ਼ਬਦ ਜੈ ਜੈ ਜੈਕਾਰ ਕਰਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਆਪਣੇ ਭਾਣੇ । ਸੰਤ ਮਨੀ ਸਿੰਘ ਸ਼ਬਦ ਜਣਾਇਆ । ਆਪ ਆਪਣਾ ਭੇਦ ਖੁਲ੍ਹਾਇਆ । ਦੇਵੀਆਂ ਦੇਵ ਘਨਕਪੁਰੀ ਚਲ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਸੀਸ ਲਗਾਇਆ । ਮਾਤਲੋਕ ਅਵਤਾਰ ਧਰ । ਕਰੇ ਖੇਲ ਅਪਾਰ ਅਪਰ । ਸਾਚਾ ਪ੍ਰਭ ਤਾਰਨ ਤਰ । ਗੁਰਮੁਖ ਵਿਰਲੇ ਆਇਣ ਦਰ । ਬੇਮੁਖ ਕਲਜੁਗ ਜੀਵ ਜਾਇਣ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਅਵਤਾਰ ਨਰ । ਸਾਚਾ ਗੁਰ ਸੱਚਾ ਫ਼ਰਮਾਣ । ਸੱਚਾ ਕਰਮ ਸੱਚਾ ਵਰਤਾਣ । ਸੱਚਾ ਧਰਮ ਪ੍ਰਭ ਚਲਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਰਖਾਏ ਆਣ । ਸੰਤ ਮਨੀ ਸਿੰਘ ਪ੍ਰਭ ਸ਼ਬਦ ਜਣਾਏ । ਆਪ ਆਪਣਾ ਹੁਕਮ ਸੁਣਾਏ । ਏਕਾ ਹੁਕਮ ਜਗਤ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਸਰਬ ਮਾਣ ਗਵਾਏ । ਸਾਚੇ ਸੰਤ ਪ੍ਰਭ ਹੁਕਮ ਸੁਣਾਇਆ । ਅੰਮ੍ਰਿਤ ਸਰ ਦਾ ਰਾਹ ਬਤਾਇਆ । ਸੰਤ ਮਨੀ ਸਿੰਘ ਸਤਿ ਕਮਾਇਆ । ਗੁਰਮੁਖ ਸਾਚੇ ਪ੍ਰਭ ਸੀਸ ਉਠਾਇਆ । ਸਚ ਘਰ ਜਾਏ ਪ੍ਰਭ ਜਾਏ ਟਿਕਾਇਆ । ਪੰਚਮ ਗੁਰ ਅਰਜਨ ਜੋ ਸ਼ਬਦ ਲਿਖਾਇਆ । ਹਰਿ ਜੂ ਹਰਿ ਮੰਦਰ ਪ੍ਰਭ ਸਾਚਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਇਆ । ਬਾਲ ਅਵਸਥਾ ਪ੍ਰਭ ਖੇਲ ਕਰਾਈ । ਮੰਜੀ ਸਾਹਿਬ ਚਰਨ ਟਿਕਾਈ । ਲਿਖਤ ਭਵਿਖਤ ਸਤਿ ਵਰਤਾਈ । ਕਲਜੁਗ ਜੀਵ ਸਾਰ ਨਾ ਪਾਈ । ਪੂਰਨ ਸੰਤ ਪ੍ਰਭ ਬੂਝ ਬੁਝਾਈ । ਨਿਹਕਲੰਕ ਕਲ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਅੰਤ ਦੇ ਸਜਾਈ । ਮੰਜੀ ਸਾਹਿਬ ਚਰਨ ਪ੍ਰਭ ਧਰਿਆ । ਸਾਚਾ ਸੰਤ ਪ੍ਰਭ ਸਰਨੀ ਪਰਿਆ । ਸਰ ਅੰਮ੍ਰਿਤ ਵਡ ਸਰ ਸਰਿਆ । ਵੇਲਾ ਅੰਤ ਅੰਤਕਾਲ ਬੇਮੁਖਾਂ ਹਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਫਲ ਕੁਕਰਮ ਕਰਮ ਜੀਵ ਜੋ ਕਰਿਆ । ਅੰਮ੍ਰਿਤ ਸਰ ਦੇ ਉਠੇ ਪੁਜਾਰੀ । ਕਲਜੁਗ ਜੀਵ ਦੁਸ਼ਟ


੩੦ ੦੨

ਦੁਰਾਚਾਰੀ । ਆਤਮ ਹੋਈ ਅੰਧ ਅੰਧਿਆਰੀ । ਦਿਸ ਨਾ ਆਏ ਜੋਤ ਨਿਰੰਕਾਰੀ । ਮਾਤਲੋਕ ਆਏ ਜਾਮਾ ਧਾਰੀ । ਬੇਮੁਖਾਂ ਆਤਮ ਹੋਏ ਹੰਕਾਰੀ । ਸੰਤ ਆਏ ਕਰਨ ਖੁਆਰੀ । ਬਾਂਹੋਂ ਪਕੜ ਦਰ ਦੁਰਕਾਰੀ । ਸਰ ਅੰਮ੍ਰਿਤ ਹੋਈ ਹਾਹਾਕਾਰੀ । ਵੇਖਣ ਆਏ ਸਰਬ ਨਰ ਨਾਰੀ । ਪ੍ਰਭ ਸਾਚੇ ਖੇਲ ਕਰੀ ਅਪਾਰੀ । ਕਾਸਦ ਮੰਗਾਇਆ ਆਪ ਗਿਰਧਾਰੀ । ਖੋਹੇ ਪਰ ਅਪਰ ਅਪਾਰੀ । ਜੀਵ ਜੰਤਾਂ ਮਾਇਆ ਪ੍ਰਭ ਪਸਾਰੀ । ਆਤਮ ਵਿਚ ਕਰਨ ਵਿਚਾਰੀ । ਪ੍ਰਭ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਜੀਵ ਨਾ ਪਾਇਣ ਸਾਰੀ । ਸਾਚਾ ਪ੍ਰਭ ਸਾਰ ਨਾ ਪਾਈ । ਆਪ ਆਪਣਾ ਰਿਹਾ ਛੁਪਾਈ । ਕਲਜੁਗ ਜੀਵ ਭਰਮ ਭੁਲਾਈ । ਪ੍ਰਭ ਸਾਚਾ ਸਚ ਵਡਿਆਈ । ਨਿਹਕਲੰਕ ਕਲ ਜਾਮਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲ ਨਾਉਂ ਧਰਾਈ । ਸਾਚਾ ਗੁਰ ਸਚ ਘਰ ਆਇਆ । ਦਰ ਘਰ ਸਾਚੇ ਚਰਨ ਟਿਕਾਇਆ । ਆਪਣਾ ਬਚਨ ਸਤਿ ਕਰਾਇਆ । ਬੇਮੁਖਾਂ ਬਾਂਹੋਂ ਪਕੜ ਪ੍ਰਭ ਬਾਹਰ ਕਢਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਇਆ । ਸੰਤ ਮਨੀ ਸਿੰਘ ਹੁਕਮ ਸੁਣਾਇਆ । ਨਿਹਕਲੰਕ ਵਿਚ ਮਾਤ ਦੇ ਆਇਆ । ਆਪੇ ਆਪ ਕਰੇ ਕਰਾਇਆ । ਸਰ ਅੰਮ੍ਰਿਤ ਸਰਾਫ ਦੇ, ਸਾਚੇ ਸੰਤ ਪ੍ਰਭ ਚਰਨੀ ਸੀਸ ਝੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਸਰ ਅੰਮ੍ਰਿਤ ਥੇਹ ਕਰਾਇਆ । ਸਾਚੇ ਸੰਤ ਕਲਮ ਉਠਾਈ । ਪ੍ਰਭ ਅਬਿਨਾਸ਼ੀ ਸ਼ਬਦ ਜਣਾਈ । ਸਰ ਅੰਮ੍ਰਿਤ ਦੀ ਲਿਖਤ ਲਿਖਾਈ । ਪ੍ਰੇਤ ਜੂਨ ਮਹੰਤ ਬਣਾਈ । ਸਰ ਅੰਮ੍ਰਿਤ ਥੋੜਾ ਥੋੜਾ ਢਾਹੀ । ਵਿਚ ਨਿਵਾਸ ਖੰਡਰ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਸ਼ਟ ਦੁਰਾਚਾਰਾਂ ਦੇ ਸਜਾਈ । ਅੰਮ੍ਰਿਤ ਸਰ ਥੋੜਾ ਥੋੜਾ ਢਾਹਿਆ । ਸੰਤ ਮਨੀ ਸਿੰਘ ਲੇਖ ਲਿਖਾਇਆ । ਸਾਚਾ ਭੇਖ ਨਿਹਕਲੰਕ ਵਟਾਇਆ । ਵੇਖਾ ਵੇਖ ਜਗਤ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਪਾਇਆ । ਸਾਚਾ ਖੇਲ ਪ੍ਰਭ ਵਰਤੰਤ । ਪੂਰ ਕਰਾਏ ਬਚਨ ਪੂਰਨ ਭਗਵੰਤ । ਸ਼ਬਦ ਜਣਾਏ ਮੁਖ ਰਖਾਏ ਗੁਰਮੁਖ ਸਾਚੇ ਸੰਤ । ਕਲਜੁਗ ਜੀਵ ਹੋਏ ਅੰਞਾਣੇ, ਪ੍ਰਭ ਮਾਇਆ ਪਾਈ ਬੇਅੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਭੇਦ ਨਾ ਜਾਣੇ ਕੋਈ ਜੀਵ ਜੰਤ । ਜੀਵ ਜੰਤ ਹੋਏ ਅੰਞਾਣੇ । ਪ੍ਰਭ ਅਬਿਨਾਸ਼ੀ ਭੇਵ ਨਾ ਪਾਣੇ । ਦੇਵੇ ਵਡਿਆਈ ਜੋ ਜਨ ਚਲੇ ਪ੍ਰਭ ਕੇ ਭਾਣੇ । ਸਾਚਾ ਪ੍ਰਭ ਦੇਵੇ ਮਾਣੇ । ਬੇਮੁਖਾਂ ਭੁੰਨੇ ਜਿਉਂ ਭਠਿਆਲੇ ਦਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਖ਼ਤੋ ਲਾਹੇ ਰਾਜੇ ਰਾਣੇ । ਅੰਮ੍ਰਿਤ ਸਰ ਸਾਚਾ ਸਰ । ਬੇਮੁਖ ਨਾ ਬੂਝਿਆ ਸਾਚਾ ਦਰ । ਰਾਮਦਾਸ ਬਚਨ ਗਏ ਹਰ । ਕਲਜੁਗ ਅੰਤਮ ਅੰਤ ਆਪਣਾ ਕੀਆ ਲੈਣ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਣਾ ਲੈਣ ਜਰ । ਕਲਜੁਗ ਜੀਵ ਹੋਏ ਨਿਧਾਨ । ਖਾਇਣ ਲੱਗੇ ਪੂਜਾ ਧਾਨ । ਆਪ ਗਵਾਇਆ ਪ੍ਰਭ ਦਾ ਮਾਣ । ਏਕਾ ਛੱਡਿਆ ਚਰਨ ਧਿਆਨ । ਆਤਮ ਹੋਈ ਸੁੰਞ ਮਸਾਣ । ਅੰਤਕਾਲ ਕਲ ਫਿਰਨ ਜਿਉਂ ਸੁੰਞੇ ਘਰ ਕਾਉਨ । ਦਰਗਹਿ ਸਾਚੀ ਸਚ ਘਰ ਕੋਈ ਨਾ ਦੇਵੇ ਮਾਣ । ਪਰਗਟਾਏ ਜੋਤ ਅਵਤਾਰ ਨਰ, ਜਨ ਭਗਤਾਂ ਕਰੇ ਆਪ ਪਛਾਣ । ਕਲਜੁਗ ਜੀਵ ਰਸਨ ਵਿਕਾਰੀ । ਸਾਚਾ ਗੁਰ ਦਰਬਾਰ ਸਾਚਾ ਵਸੇ ਆਪ ਦਰਬਾਰੀ । ਬੇਮੁਖ ਜੀਵ ਅੰਧ ਅਗਿਆਨ, ਮਦਿਰਾ ਮਾਸ, ਦਰ ਘਰ ਕਰਨ ਰਸਨ ਆਹਾਰੀ । ਆਤਮ ਚਲਿਆ ਵਿਕਾਰ, ਵਿਸ਼ੇ ਵਿਕਾਰਾਂ ਵਿਚ ਖੁਆਰੀ । ਗੁਰ ਅਰਜਨ ਤੇਰਾ ਦਰ ਦਰਬਾਰ, ਕਲਜੁਗ ਜੀਵਾਂ ਅੰਤਕਾਲ ਕਲ ਗਈ ਮਤਿ ਮਾਰੀ । ਭੁੱਲੇ ਸਰਬ ਜੀਵ ਅੰਞਾਣ, ਮੂਰਖ ਜੀਵ ਹੋਏ ਨਰ

ਨਾਰੀ । ਜੋਤ ਸਰੂਪ ਵੇਲੇ ਅੰਤਕਾਲ ਕਰੇ ਸਰਬ ਖਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਗੁਰ ਸ਼ਬਦ ਜਣਾਇਆ । ਲਿਖਿਆ ਧੁਰੋਂ ਆਪ ਉਪਜਾਇਆ । ਸਾਚੀ ਸੁਰ ਪ੍ਰਭ ਰਾਗ ਉਪਾਇਆ । ਵਾਸੀ ਘਨਕਪੁਰ ਵਿਚ ਮਾਤ ਦੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਕਰਾਇਆ । ਸਾਚਾ ਪ੍ਰਭ ਰੰਗ ਕਰਤਾਰ । ਵਰਤੇ ਵਰਤਾਵੇ ਵਿਚ ਸੰਸਾਰ । ਕਰੇ ਕਰਾਵੇ ਸਚ ਵਿਹਾਰ । ਜੋਤ ਸਰੂਪੀ ਪਰਗਟ ਜੋਤ, ਨਿਹਕਲੰਕ ਅਵਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੰਤ ਮਨੀ ਸਿੰਘ ਦੇਵੇ ਤਾਰ । ਸੰਤ ਮਨੀ ਸਿੰਘ ਆਪ ਤਰਾਇਆ । ਆਪ ਆਪਣੇ ਮਾਰਗ ਲਾਇਆ । ਸਾਚਾ ਸ਼ਬਦ ਪ੍ਰਭ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਅਨੰਦ ਦਾ ਹੁਕਮ ਸੁਣਾਇਆ । ਸੰਤ ਮਨੀ ਸਿੰਘ ਸਤਿ ਕਰ ਮੰਨਿਆ । ਸਾਚਾ ਸ਼ਬਦ ਸਾਚਾ ਗੁਰ ਬੇੜਾ ਬੰਨਿਆ । ਗੁਰਮੁਖ ਸਾਚੇ ਜਾਏ ਤਰ, ਕਲਜੁਗ ਜੀਵ ਅੰਤਕਾਲ ਕਲ ਹੋਏ ਅੰਨ੍ਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਵਿਰਲੇ ਮੰਨਿਆ । ਸਾਚਾ ਪ੍ਰਭ ਸਚ ਘਰ ਆਇਆ । ਸੰਤ ਮਨੀ ਸਿੰਘ ਸੰਗ ਰਲਾਇਆ ਪੁਰੀ ਅਨੰਦ ਆ ਡੇਰਾ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਕਰਮ ਕਮਾਇਆ । ਸਾਚਾ ਸ਼ਬਦ ਸਤਿ ਜਣਾਏ । ਆਪ ਆਪਣੀ ਜੋਤ ਪਰਗਟਾਏ । ਨਿਹਕਲੰਕ ਨਾਉਂ ਧਰਾਏ । ਜਗਤ ਪਿਤ ਆਪ ਅਖਵਾਏ । ਭਗਤਨ ਹਿਤ ਕਲ ਜਾਮਾ ਪਾਏ । ਪੁਰੀ ਅਨੰਦ ਭਾਗ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਾਲ ਅਵਸਥਾ ਦਇਆ ਕਮਾਏ । ਪੁਰੀ ਅਨੰਦ ਆਪ ਪ੍ਰਭ ਆਏ । ਆਪਣਾ ਧਾਮ ਆਪ ਸੁਹਾਏ । ਗੁਰ ਗੋਬਿੰਦ ਵਾਕ ਭਵਿਖਤ ਸਤਿ ਕਰਾਏ । ਲਿਖਾਈ ਲਿਖਤ ਨਿਹਕਲੰਕ ਭੁਗਤਾਏ । ਸਾਚੀ ਬਣਤ ਜਗਤ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਏ । ਆਪ ਆਪਣੀ ਜੋਤ ਪਰਗਟਾ ਕੇ । ਆਪਣਾ ਬਿਰਦ ਰੱਖੇ ਆ ਕੇ । ਗੁਰ ਗੋਬਿੰਦ ਜਿਥੇ ਗਿਆ ਗਵਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਫਿਰ ਉਪਜਾ ਕੇ । ਗੁਰ ਗੋਬਿੰਦ ਇਹ ਓਟ ਰਖਾਈ । ਨਿਹਕਲੰਕ ਪ੍ਰਭ ਜਾਮਾ ਪਾਈ । ਪੂਰਨ ਭਗਵੰਤ ਏਕਾ ਜੋਤ ਆਪ ਰਘੁਰਾਈ । ਸਾਚੇ ਸੰਤ ਪ੍ਰਭ ਦੇਵੇ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਖੇਲ ਆਪ ਬਣਾਈ । ਸੰਤ ਮਨੀ ਸਿੰਘ ਕਰਮ ਕਮਾਇਆ । ਸਤਿਗੁਰ ਸਾਚਾ ਕੰਧ ਉਠਾਇਆ । ਪੁਰੀ ਅਨੰਦ ਵਿਚ ਫਿਰਾਇਆ । ਕਲਗੀਧਰ ਅਵਤਾਰ ਕਲ ਆਇਆ । ਕਲਜੁਗ ਜੀਆਂ ਪ੍ਰਭ ਪੜਦਾ ਪਾਇਆ । ਬੇਮੁਖਾਂ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਆਪ ਛੁਪਾਇਆ । ਸੰਤ ਮਨੀ ਸਿੰਘ ਪੱਲਾ ਫੇਰ । ਸ਼ਬਦ ਜਣਾਏ ਸੁਣਾਏ ਤਿੰਨ ਤਿੰਨ ਵੇਰ । ਪ੍ਰਭ ਅਬਿਨਾਸ਼ੀ ਜੋਤ ਪਰਗਟਾਏ ਵਕ਼ਤ ਲਿਆਵੇ ਰਾਓ ਰੰਕ ਚਰਨ ਲਗਾਏ ਘੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਕਰੇ ਰੁਸ਼ਨਾਏ ਨਾ ਲਾਏ ਦੇਰ । ਸਾਚਾ ਸੰਤ ਹੁਕਮ ਸੁਣਾਏ । ਕਲਜੁਗ ਜੀਵ ਆਏ ਹੱਸੇ ਹਸ ਘਰ ਜਾਏ । ਪ੍ਰਭ ਅਬਿਨਾਸ਼ੀ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਪੜਦਾ ਪਾਏ । ਮਾਇਆ ਪੜਦਾ ਪ੍ਰਭ ਨੇ ਪਾਇਆ । ਦੂਈ ਦਵੈਤ ਵਿਚ ਭੁਲਾਇਆ । ਝੂਠੀ ਜਮਾਇਤ ਵਿਚ ਰੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣਾ ਆਪ ਛੁਪਾਇਆ । ਸੰਤ ਮਨੀ ਸਿੰਘ ਉਚ ਪੁਕਾਰੇ । ਕਲਗੀਧਰ ਆਇਆ ਅਵਤਾਰੇ । ਏਕਾ ਜੋਤ ਆਪ ਨਿਰੰਕਾਰੇ । ਮਾਤਲੋਕ ਪਰਗਟੇ ਨੈਣ ਮੁੰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਕ੍ਰਿਸ਼ਨ ਮੁਰਾਰੇ । ਸੰਤ ਮਨੀ

ਸਿੰਘ ਦਏ ਦੁਹਾਈ । ਪੁਰੀ ਅਨੰਦ ਦੀ ਸੁਣੇ ਲੋਕਾਈ । ਪ੍ਰਭ ਅਬਿਨਾਸ਼ੀ ਸਾਰ ਨਾ ਪਾਈ । ਆਵੇ ਜਾਵੇ ਵੇਖੇ ਹੱਸ ਹੱਸ ਉਠ ਉਠ ਘਰ ਤੁਰ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲਜੁਗ ਦੇ ਸਜਾਈ । ਸਾਚੇ ਪ੍ਰਭ ਸਤਿ ਕਰਮ ਕਮਾਇਆ । ਸੰਤ ਮਨੀ ਸਿੰਘ ਸ਼ਬਦ ਉਪਜਾਇਆ । ਨੀਲਾ ਚੋਲਾ ਆਪ ਰੰਗਾਇਆ । ਸਾਚੇ ਸੰਤ ਤਨ ਪਹਿਨਾਇਆ । ਬਾਂਹੋਂ ਪਕੜ ਸੀਸ ਉਠਾਇਆ । ਕੂਚੋ ਕੂਚ ਆਪ ਫਿਰਾਇਆ । ਅਮਾਮ ਮਹਿੰਦੀ ਵਿਚ ਮਾਤ ਦੇ ਆਇਆ । ਉਮਤ ਮੁਹੰਮਦੀ ਸਾਰ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਸਾਚਾ ਪ੍ਰਭ ਦਇਆ ਕਮਾਏ । ਆਪ ਆਪਣੀ ਜੋਤ ਪਰਗਟਾਏ । ਦੀਨ ਮੁਹੰਮਦੀ ਆਪ ਉਪਾਏ । ਵਡ ਵਡ ਮੁਹੰਮਦ ਅਹਿਮਦ ਏਕਾ ਨਾਮ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਖੇਲ ਮਿਟਾਏ । ਸਾਚਾ ਪ੍ਰਭ ਸਰਬ ਉਪਾਏ । ਆਪ ਆਪਣਾ ਵਿਚ ਟਿਕਾਏ । ਆਪੇ ਵਿਚ ਆਪੇ ਬਾਹਰ ਰਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਏਕਾ ਰੰਗ ਰੰਗਾਏ । ਅੰਤਮ ਪੀਰ ਮੁਹੰਮਦ ਉਪਾਇਆ । ਦੋ ਸ਼ੰਬਾ ਦਿਵਸ ਲਿਖਾਇਆ । ਨੌਂ ਰਬੀਉਲ ਅਵਲ ਨਾਮ ਧਰਾਇਆ । ਪੰਜ ਸੌ ਇਕੱਤਰ ਈਸਵੀ ਜਗਤ ਉਪਾਇਆ । ਏਕਾ ਜੋਤ ਏਕਾ ਅਕਾਰ ਵਿਚ ਮਾਤ ਕਰਾਇਆ । ਵਿਚ ਸੰਸਾਰ ਦੀਨ ਮੁਹੰਮਦੀ ਪ੍ਰਭ ਆਪ ਉਪਾਇਆ । ਦੀਨ ਮੁਹੰਮਦੀ ਆਪ ਉਪਾਇਆ । ਜੋਤ ਸਰੂਪੀ ਸੀਰ ਪਿਲਾਇਆ । ਜੋਤ ਸਰੂਪੀ ਧੀਰ ਧਰਾਇਆ । ਵਡ ਪੀਰਨ ਪੀਰ ਆਪ ਅਖਵਾਇਆ । ਸਾਚਾ ਪੀਰ ਆਤਮ ਰਖਾਏ ਸਤਿ । ਸਾਚੇ ਮਾਰਗ ਲਾਏ ਪ੍ਰਭ ਸਾਚਾ ਰੱਖੇ ਪਤਿ । ਸਾਚਾ ਵਣਜ ਕਰਾਏ ਆਪ ਬੁਝਾਏ ਆਪਣਾ ਤਤ । ਵਾਲੀ ਦੋ ਜਹਾਨ ਰੱਖ ਵਖਾਏ ਜੋ ਜਾਣੇ ਮਿਤ ਗਤ । ਸਿੱਧੇ ਮਾਰਗ ਪ੍ਰਭ ਸਾਚੇ ਲਾਇਆ । ਆਪ ਆਪਣਾ ਰਾਹ ਬਤਾਇਆ । ਕਲਜੁਗ ਜੀਵ ਝੂਠੇ ਧੰਦੇ ਵਿਚ ਫਸਾਇਆ । ਆਪ ਪੁਟਾਏ ਕਲਜੁਗ ਨੀਵ, ਅੰਤਮ ਕਰਨ ਦੀ ਬਣਤ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਪ ਰਘੁਰਾਇਆ । ਨੂਰ ਮੁਹੰਮਦੀ ਆਪ ਉਪਾ । ਏਕਾ ਨੂਰ ਸਾਚੀ ਜੋਤ ਪ੍ਰਭ ਆਤਮ ਦਏ ਜਗਾ । ਉਪਜੇ ਤੂਰ ਬਖ਼ਸ਼ੇ, ਏਕ ਧੁਨ ਵਜਾ । ਨਾ ਦਿਸੇ ਦੂਰ, ਪ੍ਰਭ ਸਦਾ ਹਜ਼ੂਰ, ਪ੍ਰਭ ਆਪਣਾ ਆਪ ਰਿਹਾ ਵਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਰਿਹਾ ਜਗਾ । ਏਕਾ ਜੋਤ ਆਪ ਜਗਾਏ । ਦੀਨ ਮੁਹੰਮਦੀ ਇਕ ਚਲਾਏ । ਚਾਰ ਯਾਰਾਂ ਸੰਗ ਰਲਾਏ । ਜੋਤ ਸਰੂਪੀ ਜੋਤ ਪ੍ਰਭ ਆਪ ਆਪਣੀ ਦਇਆ ਕਮਾਏ । ਚਾਲੀ ਬਰਸ ਦੁਖ ਉਠਾਇਆ । ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਦਿਵਸ ਰੈਣ ਰੈਣ ਦਿਵਸ ਸਦ ਰਸਨਾ ਗਾਇਆ । ਛੇ ਸੌ ਗਿਆਰਾਂ ਈਸਵੀ ਪ੍ਰਭ ਦਇਆ ਕਮਾਇਆ । ਏਕਾ ਸ਼ਬਦ ਧੁਨ ਪ੍ਰਭ ਸਾਚੇ ਆਪ ਉਪਜਾਇਆ । ਖੋਲ੍ਹ ਵਖਾਈ ਆਤਮ ਸੁੰਨ, ਨੂਰੋ ਨੂਰ ਕਰਾਇਆ । ਜੋਤ ਸਰੂਪੀ ਜੋਤ ਹਰਿ ਸਭ ਥਾਈਂ ਹੋਏ ਸਹਾਇਆ । ਚਾਲੀ ਬਰਸ ਦੁਖ ਉਠਾਏ । ਜਗਤ ਭੁੱਖ ਬਹੁਤ ਸਤਾਏ । ਜਗਤ ਮਨੁੱਖ ਦੇਣ ਸਜਾਏ । ਏਕਾ ਸੁਖ ਪ੍ਰਭ ਸਾਚਾ ਰਸਨਾ ਗਾਏ । ਉਤਰੇ ਭੁੱਖ ਜੋਤ ਸਰੂਪੀ ਜੋਤ ਪ੍ਰਭ ਦਰਸ਼ਨ ਪਾਏ । ਹੋਈ ਅਵਸਥਾ ਚਾਲੀ ਸਾਲ । ਦਇਆ ਕੀਨੀ ਪ੍ਰਭ ਕਿਰਪਾਲ । ਆਤਮ ਦੀਪਕ ਦੀਆ ਬਾਲ । ਜੋਤ ਸਰੂਪੀ ਜੋਤ ਪ੍ਰਭ ਆਪਣਾ ਬਿਰਦ ਸੰਭਾਲ । ਐੜਾ ਅਥਰਬਣ ਅਲਾਹੂ ਨੂਰ । ਸਰਬ ਕਲਾ ਪ੍ਰਭ ਕੀਆ ਭਰਪੂਰ । ਆਤਮ ਜੋਤ ਜਗਾਈ ਕੋਹਤੂਰ । ਏਕਾ ਦੇਵੇ ਸਤਿ ਸਰੂਰ । ਹੋਏ ਸਰਬ ਸਹਾਈ ਸਰਬ ਜਨਾਂ ਦੀ ਆਸਾ ਪੂਰ । ਵਡੀ ਵਡ ਵਡਿਆਈ, ਪ੍ਰਭ ਦਰ ਹਜ਼ੂਰ । ਜਿਸ ਜਨ ਪ੍ਰਭ

ਪਤਿ ਰਖਾਈ, ਸੋ ਜਨ ਵਡ ਸੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਏਕਾ ਨੂਰ । ਏਕਾ ਨੂਰ ਆਤਮ ਧਰਿਆ । ਸਰਬ ਕਲਾ ਭਰਪੂਰ, ਆਪ ਆਪਣੇ ਜਿਹਾ ਕਰਿਆ । ਦੀਨ ਮੁਹੰਮਦੀ ਵਡ ਜੋਧਾ ਸੂਰ, ਕਰ ਦਰਸ ਪ੍ਰਭ ਸਾਚਾ ਤਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੰਤ ਨਾ ਪਾਰਾਵਰਿਆ । ਅੰਤਨ ਅੰਤ ਹੋਏ ਦੁਖ ਭਾਰੀ । ਸ਼ਤਰੂ ਕਰਨ ਮੁਹੰਮਦ ਖੁਆਰੀ । ਛੱਡਿਆ ਮੱਕਾ ਹੋਏ ਲਾਚਾਰੀ । ਮਦੀਨੇ ਆਇਆ ਸ਼ਾਹ ਦਵਾਰੀ । ਕਾਅਬੇ ਡੇਰਾ ਲਾਇਆ, ਵਡ ਹੋਈ ਦੁਸ਼ਵਾਰੀ । ਪ੍ਰਭ ਸਾਚਾ ਦਇਆ ਕਮਾਇਆ । ਆਤਮ ਦੇਵੇ ਸ਼ਬਦ ਗਿਆਨਾ, ਹਉਮੇ ਲੱਥੀ ਤਨੋਂ ਬਿਮਾਰੀ । ਸਾਚਾ ਸਾਹਿਬ ਰਸਨਾ ਗਾਇਆ, ਆਤਮ ਜੋਤ ਹੋਈ ਉਜਿਆਰੀ । ਪ੍ਰਭ ਅਬਿਨਾਸ਼ੀ ਘਰ ਮੇਂ ਪਾਇਆ, ਵਡੀ ਹੋਈ ਜਗਤ ਸਿਕਦਾਰੀ । ਵਿਚ ਸ੍ਰਿਸ਼ਟੀ ਮਾਣ ਰਖਾਇਆ, ਰੱਖੇ ਲਾਜ ਆਪ ਵਡ ਮੁਰਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲ ਖੇਲ ਰਚਾਇਆ, ਏਕਾ ਜੋਤ ਆਪ ਨਿਰੰਕਾਰੀ । ਸਾਚਾ ਮਾਰਗ ਮੁਹੰਮਦ ਚਲਾਇਆ । ਚਾਰ ਯਾਰਾਂ ਸੰਗ ਰਲਾਇਆ । ਏਕਾ ਵਕਤ ਜਗਤ ਭੁਲਾਇਆ । ਕਲਜੁਗ ਜੀਵ ਸਰਬ ਡੁਲਾਇਆ । ਆਪਣਾ ਮੂਲ ਆਪ ਗਵਾਇਆ । ਸਦੀ ਚੌਧਵੀਂ ਅੰਤਮ ਅੰਤ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪ ਰਚਾਇਆ । ਸਦੀ ਚੌਧਵੀਂ ਹੋਏ ਅਖ਼ੀਰ । ਦੀਨ ਮੁਹੰਮਦੀ ਪਏ ਵਹੀਰ । ਚਾਰ ਕੁੰਟ ਨਾ ਕੋਇ ਦੇਵੇ ਇਸ ਨੂੰ ਧੀਰ । ਨਾ ਕੋਈ ਸਹਾਈ ਪੀਰ ਪੈਗ਼ੰਬਰ ਔਲੀਆ ਪੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਇਆ ਤੀਰ । ਅੰਤਕਾਲ ਅੰਤ ਲਿਖਾਇਆ । ਸਾਚਾ ਵਕਤ ਭਗਤ ਜਣਾਇਆ । ਵੇਲਾ ਵਕਤ ਨਾ ਕਿਸੇ ਲੰਘਾਇਆ । ਬਣਾਏ ਬਣਤ ਜਿਸ ਜਗਤ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਦੇ ਸਜਾਇਆ । ਵੇਲੇ ਅੰਤ ਕੌਣ ਛੁਡਾਏ । ਆਪ ਮੁਹੰਮਦ ਰਿਹਾ ਲਿਖਾਏ । ਜੋਤ ਸਰੂਪੀ ਜੋਤ ਆਪਣਾ ਨੂਰ ਉਪਾਏ । ਨੂਰ ਨੂਰ ਨੂਰ ਪ੍ਰਭ ਵਿਚ ਮਾਤ ਦੇ ਆਏ । ਸਰਬ ਕਲਾ ਭਰਪੂਰ ਏਕਾ ਜੋਤ ਜਗਾਏ । ਜੋਤ ਜਗਾਏ ਜਿਉਂ ਕੋਹਤੂਰ, ਬੇਮੁਖਾਂ ਦਿਸ ਨਾ ਆਏ । ਨਿਹਕਲੰਕ ਅਵਤਾਰ ਨਰ, ਆਪਣਾ ਭੇਖ ਆਪ ਵਟਾਏ । ਵੇਲਾ ਅੰਤ ਅੰਤ ਕਲ ਆਏ । ਅਹਿਮਦ ਮੁਹੰਮਦ ਰਹੇ ਜਣਾਏ । ਪੀਰ ਪੈਗ਼ੰਬਰ ਸੱਯਦ ਕੋਈ ਰਹਿਣ ਨਾ ਪਾਏ । ਜੋਤ ਸਰੂਪੀ ਜੋਤ ਅਲਾਹੂ ਜੋਤ ਉਪਾਏ । ਅਮਾਮ ਮਹਿੰਦੀ ਪ੍ਰਭ ਨਾਮ ਰਖਾਏ । ਏਕਾ ਸਾਚਾ ਨੂਰ ਬੇਮੁਖਾਂ ਦੇ ਸਜਾਏ । ਆਪੇ ਅਮਾਮ ਆਪੇ ਸ਼ਾਮ ਆਪੇ ਰਾਮ ਆਪ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚੀ ਜੋਤ ਜਗਾਏ । ਮਾਤਲੋਕ ਵਕਤ ਵਿਚਾਰ । ਆਵੇ ਜਾਵੇ ਵਾਰੋ ਵਾਰ । ਪੁਰੀ ਅਨੰਦ ਕਰ ਖੇਲ ਅਪਾਰ । ਨੀਲਾ ਰੰਗ ਕੀਆ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗ ਰੰਗਾਏ ਨੀਲਾ ਸਿਰ ਦਸਤਾਰ । ਅਨੰਦ ਪੁਰ ਭਏ ਅਨੰਦਾ । ਪਰਗਟੇ ਜੋਤ ਗੁਰ ਗੋਬਿੰਦਾ । ਦੁਰਮਤ ਮੈਲ ਜਾਏ ਧੋਤ, ਜੋ ਜਨ ਆਏ ਸਰਨ ਲਗੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪਤਤ ਪਾਵਨ ਸਦ ਬਖ਼ਸ਼ਿੰਦਾ । ਪਤਤ ਪਾਪੀ ਪ੍ਰਭ ਉਧਾਰੇ । ਚਰਨ ਆਏ ਜੋ ਨਿਮਸਕਾਰੇ । ਗੁਣ ਅਵਗੁਣ ਪ੍ਰਭ ਨਾ ਚਿਤਾਰੇ । ਗੁਰਮੁਖ ਜਨ ਪ੍ਰਭ ਪਾਰ ਉਤਾਰੇ । ਕਲਜੁਗ ਬੇਮੁਖ ਜੀਵ ਨਾ ਪਾਇਣ ਸਾਰੇ । ਵੇਲਾ ਅੰਤ ਆਏ ਹੁਣ, ਸ਼ਬਦ ਚਲਾਏ ਖੰਡਾ ਦੋ ਧਾਰੇ । ਕਵਣ ਜਾਣੇ ਨਿਹਕਲੰਕ ਤੇਰੇ ਗੁਣ, ਸ੍ਰਿਸ਼ਟ ਸਬਾਈ ਹੋਏ ਦੋ ਫਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਨ ਜੋਤ ਵਿਚ ਸਾੜੇ । ਬੇਮੁਖ ਕਲ ਆਏ ਹਾਰ । ਸੋਹੰ ਖੰਡਾ ਚਲੇ ਦੋ ਧਾਰ । ਜੀਵ ਜੰਤ ਹੋਏ ਖਵਾਰ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਮਾਰੇ ਮਾਰ । ਸਾਚਾ ਸ਼ਬਦ ਪ੍ਰਭ ਚਲਾਇਆ । ਸੋਹੰ ਖੰਡਾ ਹੱਥ ਉਠਾਇਆ । ਏਕਾ ਡੰਡਾ ਸਿਰ ਲਗਾਇਆ । ਆਤਮ ਰੰਡਾ ਜਗਤ ਕਰਾਇਆ । ਗੁਰਮੁਖ ਸਾਚੇ ਵਿਚ ਨਵ ਖੰਡਾ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਬ੍ਰਹਿਮੰਡਾਂ ਗੁਰਸਿਖ ਬਹਾਇਆ । ਖੰਡ ਬ੍ਰਹਿਮੰਡ ਪ੍ਰਭ ਉਲਟਾਏ ਸਚ ਘਰ ਵਸੇ । ਗੁਰਮੁਖ ਸਾਚੇ ਆਤਮ ਜੋਤ ਜਗਾਏ ਕੋਟ ਰਵ ਸੱਸੇ । ਬੇਮੁਖ ਦਰ ਆਇਣ ਜਾਇਣ ਡਰ ਡਰ ਨੱਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਅੰਧੇਰ ਰਖਾਏ ਜਿਉਂ ਚੰਦ ਮੱਸੇ । ਗੁਰਮੁਖ ਆਤਮ ਉਜਿਆਰ । ਬੇਮੁਖ ਕਲ ਹੋਇਣ ਖੁਆਰ । ਗੁਰਮੁਖ ਸ਼ਬਦ ਧੁਨਕਾਰ । ਬੇਮੁਖ ਪ੍ਰਭ ਦਰ ਦੁਰਕਾਰ । ਗੁਰਮੁਖ ਖੋਲ੍ਹੇ ਪ੍ਰਭ ਦਸਮ ਦਵਾਰ । ਬੇਮੁਖ ਆਤਮ ਅੰਧ ਅੰਧਿਆਰ । ਗੁਰਮੁਖ ਜੋਤ ਜਗੇ ਅਪਰ ਅਪਾਰ । ਬੇਮੁਖ ਡੁੱਬੇ ਲਹਿੰਦੀ ਧਾਰ । ਗੁਰਮੁਖ ਅੰਤਕਾਲ ਕਲ ਉਤਰੇ ਪਾਰ । ਜੋਤ ਸਰੂਪੀ ਪ੍ਰਭ ਖੇਲ ਨਿਆਰ । ਆਪ ਆਪਣਾ ਕੀਆ ਪਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਜਾਏ ਪੈਜ ਸਵਾਰ । ਆਪਣੀ ਸਾਰ ਆਪੇ ਜਾਣੇ । ਕਲਜੁਗ ਜੀਵ ਹੋਏ ਅੰਞਾਣੇ । ਗੁਰਮੁਖ ਸਾਚੇ ਸੁਘੜ ਸਿਆਣੇ । ਪ੍ਰਭ ਸਾਚਾ ਸਾਚਾ ਰੰਗ ਸਦਾ ਹੀ ਮਾਣੇ । ਦੇਵੇ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ । ਜੋਤ ਸਰੂਪ ਪ੍ਰਭ ਦਰਸ ਕਰ । ਗੁਰਮੁਖ ਸਾਚਾ ਜਾਏ ਤਰ । ਏਕਾ ਦਿਸਾਏ ਸਾਚਾ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਦੇਵੇ ਸਾਚਾ ਵਰ । ਗੁਰਮੁਖ ਸਚ ਰਾਹ ਚਲਾਏ । ਆਪ ਆਪਣੀ ਸੇਵਾ ਲਾਏ । ਮਾਨਸ ਜਨਮ ਸੁਫਲ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਸਚ ਘਰ ਦਿਸਾਏ । ਸਾਚਾ ਘਰ ਸਚਖੰਡ ਦਵਾਰ । ਜਿਥੇ ਵਸੇ ਆਪ ਕਰਤਾਰ । ਏਕਾ ਏਕ ਅਕਾਰ । ਬੈਠਾ ਅਡੋਲ ਆਪ ਨਿਰਾਧਾਰ । ਕਲਜੁਗ ਜੀਵ ਨਾ ਪਾਇਣ ਸਾਰ । ਮਾਤਲੋਕ ਆਏ ਪ੍ਰਭ ਜਾਮਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਪਕੜ ਬਾਹੋਂ ਕਲ ਜਾਏ ਤਾਰ । ਤਾਰਨਹਾਰ ਆਪ ਸਮਰਥ । ਗੁਰਮੁਖਾਂ ਰੱਖੇ ਦੇ ਕਰ ਹੱਥ । ਬੇਮੁਖਾਂ ਪ੍ਰਭ ਪਾਏ ਨੱਥ । ਸੋਹੰ ਸ਼ਬਦ ਚਲਾਏ ਸਾਚਾ ਰਥ । ਸਾਚਾ ਪ੍ਰਭ ਮਹਿੰਮਾ ਅਕਥ । ਸ੍ਰਿਸ਼ਟ ਸਬਾਈ ਹੋਈ ਸੱਥ । ਅੰਤਕਾਲ ਪਰਗਟ ਜੋਤ ਪ੍ਰਭ ਸ੍ਰਿਸ਼ਟ ਸਬਾਈ ਜਾਏ ਮਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਕਲਾ ਸਮਰਥ । ਸਰਬ ਕਲਾ ਵਡ ਭਰਪੂਰਾ । ਵਡਾ ਗੁਰ ਆਪ ਵਡ ਸੂਰਾ । ਸ਼ਬਦ ਲਿਖਾਏ ਵਰਤਾਏ ਨਾ ਹੋਏ ਅਧੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਤਮ ਜੋਤ ਜਗਾਏ ਮਿਟਾਏ ਸਗਲ ਵਸੂਰਾ । ਸਾਚੇ ਸੰਤ ਗੁਰ ਕੀਨੀ ਦਇਆ । ਜੋਤ ਸਰੂਪ ਸਦਾ ਦਿਸ ਰਿਹਾ । ਏਕਾ ਜੋਤ ਪਰਕਾਸ਼ ਝੂਠੀ ਦੇਹ ਭਇਆ । ਪੰਚਮ ਹੋਏ ਨਾਸ ਪ੍ਰਭ ਸਾਚਾ ਨਾਉਂ ਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਵਿਚ ਸਮਾਇਆ । ਆਪ ਆਪਣੇ ਵਿਚ ਸਮਾਇਆ । ਆਪ ਆਪਣਾ ਪ੍ਰਭ ਉਪਾਇਆ । ਆਪ ਆਪਣਾ ਨਾਉਂ ਧਰਾਇਆ । ਆਪ ਆਪਣਾ ਭੇਖ ਵਟਾਇਆ । ਆਪ ਆਪਣਾ ਲੇਖ ਲਿਖਾਇਆ । ਕਲਜੁਗ ਜੀਵ ਜਗਤ ਵੇਖ ਪ੍ਰਭ ਦਏ ਸਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਵਿਚ ਮਾਤ ਦੇ ਪਾਇਆ । ਪੰਚਮ ਜੇਠ ਸ਼ਬਦ ਜਣਾਏ । ਵਡ ਵਡ ਸੇਠ ਪ੍ਰਭ ਨਸ਼ਟ ਕਰਾਏ । ਕੌੜੇ ਰੇਠ ਪ੍ਰਭ ਪੀੜ ਪਿੜਾਏ । ਜੋਤ ਸਰੂਪੀ ਦਾੜ੍ਹਾ ਹੇਠ ਆਪ ਚਬਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਉਲਟੀ ਲੱਠ ਆਪ ਗਿੜਾਏ । ਪੰਚਮ ਜੇਠ ਪ੍ਰਭ ਸਾਜਨ ਸਾਜਾ । ਆਪਣੇ ਆਪ ਬਣੇ ਵਡ ਰਾਜਾ । ਆਪ ਆਪਣੇ ਸੀਸ

੩੫
੦੨

ਸਿਰ ਰੱਖੇ ਤਾਜਾ । ਗਊ ਗਰੀਬ ਸੁਣ ਪੁਕਾਰ ਵਿਚ ਮਾਤ ਆਏ ਗਰੀਬ ਨਿਵਾਜਾ । ਵਡ ਵਡ ਸ਼ਾਹੂਕਾਰ ਪ੍ਰਭ ਖੋਲ੍ਹੇ ਪਾਜਾ । ਨਿਮਾਣਿਆਂ ਨਿਤਾਣਿਆਂ ਪ੍ਰਭ ਜਾਏ ਤਾਰ, ਸਾਚਾ ਆਪਣਾ ਰੱਖੇ ਆਪ ਲਾਜਾ । ਗੁਰਮੁਖਾਂ ਦੇਵੇ ਚਰਨ ਪਿਆਰ, ਅਨਹਦ ਧੁਨ ਉਪਜਾਵੇ ਸਾਚਾ ਰਾਗਾ । ਏਕਾ ਦੇਵੇ ਸ਼ਬਦ ਅਧਾਰ, ਨਿਹਕਲੰਕ ਜੋਤ ਪਰਗਟਾਏ ਵਿਚ ਮਾਝਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਪ੍ਰਭ ਸਾਜਨ ਸਾਜਾ । ਪੰਚਮ ਜੇਠ ਵਕ਼ਤ ਸੁਹਾਇਆ । ਆਪਣਾ ਆਪ ਜਗਤ ਉਪਾਇਆ । ਜਨ ਭਗਤਾਂ ਸਾਚਾ ਲੇਖ ਲਿਖਾਇਆ । ਪ੍ਰਭ ਦਾ ਵਾਕ ਸਦਾ ਭਵਿਖਤ, ਜੀਵ ਨਾ ਜਾਣੇ ਨਾ ਪ੍ਰਭ ਜਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ । ਪੰਚਮ ਜੇਠ ਜਗਤ ਪ੍ਰਭ ਆਏ । ਗੁਰਮੁਖ ਸਾਚੇ ਆਪ ਉਪਜਾਏ । ਮਾਤਲੋਕ ਪ੍ਰਭ ਆਪ ਵਡਿਆਏ । ਆਪ ਆਪਣੇ ਕਾਜ ਰਚਾਏ । ਵਡ ਵਡ ਰਾਜਨ ਰਾਜ ਪ੍ਰਭ ਖ਼ਾਕ ਰੁਲਾਏ । ਆਪ ਸਾਜੇ ਸਾਰੇ ਸਾਜ, ਊਚੇ ਨੀਚ ਪ੍ਰਭ ਨੀਚੋਂ ਊਚ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਲਿਖਤ ਲਿਖਾਏ । ਸਾਚਾ ਪ੍ਰਭ ਸਾਚਾ ਲੇਖ ਜੋਤ ਸਰੂਪੀ ਪ੍ਰਭ ਕਾ ਭੇਖ । ਸ੍ਰਿਸ਼ਟ ਸਬਾਈ ਪ੍ਰਭ ਹੱਥ ਰੇਖ । ਬੈਠਾ ਅਡੋਲ ਵਿਚ ਰਿਹਾ ਵੇਖ । ਪਹਿਲੀ ਮਾਘ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਲਗਾਈ ਸਾਚੀ ਮੇਖ । ਸਾਚੇ ਪ੍ਰਭ ਸਤਿਜੁਗ ਲਾਇਆ । ਨਿਮਾਣਿਆਂ ਨਿਤਾਣਿਆਂ ਪ੍ਰਭ ਗਲੇ ਲਗਾਇਆ । ਰਾਓ ਉਮਰਾਓ ਖ਼ਾਕ ਰੁਲਾਇਆ । ਵਡੇ ਵਡੇ ਸ਼ਾਹੋ ਕਿਤੇ ਥਾਉਂ ਨਾ ਪਾਇਆ । ਸਾਚਾ ਪ੍ਰਭ ਅਗੰਮ ਅਥਾਹੋ, ਜੋਤ ਸਰੂਪੀ ਵਿਚ ਮਾਤ ਦੇ ਆਇਆ । ਜੁਗੋ ਜੁਗ ਬੇਪਰਵਾਹ ਆਪ ਆਪਣਾ ਖੇਲ ਰਚਾਇਆ । ਕੋਈ ਨਾ ਲਵੇ ਉਭੇ ਸਾਹ, ਸੋਹੰ ਖੰਡਾ ਹੱਥ ਉਠਾਇਆ । ਚਾਰ ਕੁੰਟ ਚਾਰ ਵਰਨ ਕਰਨ ਵਾਹ, ਵਾਹਵਾ ਵਾਹਵਾ ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਇਆ । ਪੰਚਮ ਜੇਠ ਸ਼ਬਦ ਜਣਾਏ । ਆਪਣਾ ਭੇਦ ਆਪ ਖੁਲ੍ਹਾਏ । ਅਛਲ ਅਛੇਦ ਵਿਚ ਮਾਤ ਦੇ ਆਏ । ਚਾਰ ਵੇਦ ਭੇਦ ਨਾ ਪਾਏ । ਜੋਤ ਸਰੂਪ ਜੋਤ ਪ੍ਰਭ ਸਰਬ ਰਿਹਾ ਸਮਾਏ । ਸ੍ਰਿਸ਼ਟ ਸਬਾਈ ਹੋਏ ਖੇਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਕਰਾਏ । ਪੰਚਮ ਜੇਠ ਪੰਚਮ ਵਡਿਆਇਆ । ਪੰਚਮ ਪ੍ਰਭ ਮੁਖ ਰਖਾਇਆ । ਰਾਜਨ ਰਾਜ ਪ੍ਰਭ ਪੰਚਮ ਜਣਾਇਆ । ਸਾਜਨ ਸਾਜ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿਜੁਗ ਸਾਚੇ ਸਿਰ ਪੰਚਮ ਤਾਜ ਰਖਾਇਆ । ਪੰਚਮ ਹੋਏ ਤੇਰੀ ਸਿਕਦਾਰੀ । ਪੰਚਮ ਪ੍ਰਭ ਪੈਜ ਸਵਾਰੀ । ਪੰਚਮ ਲੇਖ ਲਿਖਾਏ ਆਪ ਗਿਰਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਦੇਵੇ ਸੋਹੰ ਸਤਿਜੁਗ ਸਾਚੀ ਸਿਕਦਾਰੀ । ਸੋਹੰ ਸ਼ਬਦ ਜਗਤ ਪਰਕਾਸ਼ੇ । ਕਲਜੁਗ ਅੰਧੇਰ ਸਰਬ ਵਿਨਾਸੇ । ਏਕਾ ਜੋਤ ਜਗੇ ਅਬਿਨਾਸ਼ੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਗਾਏ ਸਵਾਸ ਸਵਾਸੇ । ਸਵਾਸ ਸਵਾਸ ਗਾਓ ਪ੍ਰਭ ਅਬਿਨਾਸ਼ੀ, ਸੋਹੰ ਧੁਨ ਉਪਜਾਵਣਾ । ਆਇਆ ਪ੍ਰਭ ਸਰਬ ਘਟ ਵਾਸੀ, ਸ੍ਰਿਸ਼ਟ ਸਬਾਈ ਏਕਾ ਮਾਰਗ ਲਾਵਣਾ । ਪਰਗਟ ਜੋਤ ਘਨਕਪੁਰ ਵਾਸੀ, ਆਪਣਾ ਨਾਮ ਜਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਕਲ ਨਾਉਂ ਧਰਾਵਣਾ । ਸੋਹੰ ਸ਼ਬਦ ਜਗਤ ਚਲਾਏ । ਵਰਨ ਚਾਰ ਪ੍ਰਭ ਦੇ ਸੁਣਾਏ । ਏਕਾ ਸਰਨ ਨਿਹਕਲੰਕ ਰਖਾਏ । ਤਾਰਨ ਤਰਨ ਪ੍ਰਭ ਆਪ ਹੋ ਜਾਏ । ਪੰਚਮ ਜੇਠ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਭੇਤ ਖੁਲ੍ਹਾਏ । ਪੰਚਮ ਜੇਠ ਪੰਚਮ ਜੀਆ । ਪੰਚਮ ਨਾਮ ਪੰਚਮ ਵਰ ਦੀਆ । ਪੰਚਮ ਪੰਚਮ ਸੋਹੰ ਸਾਚਾ ਬੀਆ । ਪੰਚਮ ਪੰਚਮ ਪੰਚਮ ਆਤਮ ਅੰਮ੍ਰਿਤ ਰਸ ਪੀਆ । ਗੁਰਮੁਖ ਸਾਚੇ ਅੰਮ੍ਰਿਤ ਰਸ ਪੰਚਮ

੩੭ ੦੨

ਕੀਆ ਨਿਰਮਲ ਜੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਇਆ ਦੀਆ । ਆਤਮ ਜੋਤ ਹੋਏ ਉਜਿਆਰੀ । ਗੁਰਮੁਖ ਸਾਚੇ ਪ੍ਰਭ ਪੈਜ ਸਵਾਰੀ । ਆਪ ਖੋਲ੍ਹੇ ਪ੍ਰਭ ਦਸਮ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰਹਾਰੀ । ਸਾਚਾ ਪ੍ਰਭ ਸਦ ਨਿਰਾਹਾਰਾ । ਜੋਤ ਸਰੂਪ ਆਪ ਕਰਤਾਰਾ । ਕਰੇ ਮਾਤ ਆਪ ਪਸਾਰਾ । ਦੇਵੇ ਦਾਨ ਜੀਵ ਜੰਤਾਂ ਨਾਮ ਅਧਾਰਾ । ਵਡ ਕਰਾਮਾਤ ਸੋਹੰ ਰਸਨ ਉਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਦਿਸਾਏ ਸਾਚਾ ਦਰ ਦਰਬਾਰਾ । ਸਾਚਾ ਦਰ ਵਡ ਦਰਬਾਰ । ਚਾਰ ਵਰਨ ਇਕ ਅਧਾਰ । ਸਾਚੀ ਸਰਨ ਨਿਹਕਲੰਕ ਅਵਤਾਰ । ਜ਼ਾਤ ਪਾਤ ਪ੍ਰਭ ਦਏ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰਵੇ ਕਰਤਾਰ । ਸਾਚਾ ਪ੍ਰਭ ਸਰਨ ਲਗਾਏ । ਵਰਨ ਬਰਨ ਸਰਬ ਹਟਾਏ । ਰਾਓ ਰੰਕ ਇਕ ਕਰਾਏ । ਸੋਹੰ ਸਾਚਾ ਡੰਕ ਪ੍ਰਭ ਆਪ ਵਜਾਏ । ਏਕਮ ਏਕੰਕਾਰ ਏਕਾ ਨਾਮ ਰਖਾਏ । ਆਤਮ ਮਿਟਾਏ ਸਰਬ ਸ਼ੰਕ, ਜੋ ਜਨ ਬੂਝ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਖੇਲ ਰਚਾਏ । ਪੰਚਮ ਜੇਠ ਪੰਚਮ ਪਾਇਆ । ਪੰਚਮ ਵਿਚ ਪ੍ਰਭ ਆਪ ਵਸਾਇਆ । ਪੰਚਮ ਤਾਜ ਪ੍ਰਭ ਆਪ ਪਹਿਨਾਇਆ । ਸਵਾਰੇ ਕਾਜ ਹੋਏ ਸਹਾਇਆ । ਰੱਖੇ ਲਾਜ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਸੁਖਦਾਇਆ । ਸਾਚਾ ਪ੍ਰਭ ਸਰਬ ਸੁਖਦਾਈ । ਗੁਰਮੁਖ ਸਾਚੇ ਵੱਜੀ ਵਧਾਈ । ਦਿਵਸ ਰੈਣ ਰੈਣ ਦਿਵਸ ਪ੍ਰਭ ਸਾਚਾ ਰਸਨਾ ਗਾਈ । ਗੁਰਮੁਖ ਸਾਚੇ ਲਹਿਣਾ ਲੈਣ, ਚਲ ਆਏ ਪ੍ਰਭ ਸਰਨਾਈ । ਬੇਮੁਖ ਆਏ ਦਰ ਗਏ ਮੁਖ ਭਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਜਨਾਂ ਵਿਚ ਰਿਹਾ ਸਮਾਈ । ਗੁਰ ਕਾ ਸ਼ਬਦ ਸਰਬ ਗੁਣ । ਗੁਰ ਕਾ ਸ਼ਬਦ ਉਪਜਾਵੇ ਸਾਚੀ ਧੁਨ । ਗੁਰ ਕਾ ਸ਼ਬਦ ਗੁਰ ਦਰ ਆਏ ਸੁਣ । ਗੁਰ ਕਾ ਸ਼ਬਦ ਮੇਲ ਮਿਲਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਗੁਰਮੁਖ ਚੁਣ । ਗੁਰ ਕਾ ਸ਼ਬਦ ਗੁਰਸਿਖ ਤਰਾਏ । ਆਤਮ ਰੰਗ ਮਜੀਠ ਚੜ੍ਹਾਏ । ਗੁਰ ਸ਼ਬਦ ਮੇਲ ਮਿਲਾਏ । ਗੁਰ ਸ਼ਬਦ ਗੁਰਸਿਖ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਸਰਨ ਲਗਾਏ । ਗੁਰ ਸ਼ਬਦ ਗੁਰ ਦਰ ਪਾਓ । ਆਤਮ ਸੰਸਾ ਰੋਗ ਮਿਟਾਓ । ਏਕਾ ਸ਼ਬਦ ਨਿਜਾਨੰਦ ਉਪਜਾਓ । ਪਰਮਾਨੰਦ ਗੁਰਸਿਖ ਸਮਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਆਤਮ ਤ੍ਰਿਪਤਾਓ । ਗੁਰ ਦਰਸ ਸਭ ਰੋਗ ਵਿਨਾਸੇ । ਗੁਰ ਦਰਸ ਗੁਰਮੁਖ ਹੋਏ ਜਿਉਂ ਕੰਚਨ ਪਾਸੇ । ਗੁਰ ਦਰਸ ਗੁਰਮੁਖ ਸਾਚੇ ਆਤਮ ਸਾਚੀ ਜੋਤ ਪਰਕਾਸੇ । ਗੁਰ ਦਰਸ ਅਗਿਆਨ ਅੰਧੇਰ ਸਰਬ ਦੇਹ ਵਿਨਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੇ ਬੰਦ ਖਲਾਸੇ । ਗੁਰ ਸ਼ਬਦ ਗੁਰਸਿਖ ਕਮਾਵਣਾ । ਸਾਚਾ ਨਾਮ ਰਿਦੇ ਵਸਾਵਣਾ । ਸੋਹੰ ਸਾਚਾ ਜਾਮ ਆਪ ਪਿਲਾਵਣਾ । ਪੂਰਨ ਕਾਮ ਵਿਚ ਮਾਤ ਕਰਾਵਣਾ । ਸਤਿਜੁਗ ਸਾਚਾ ਸਚ ਸਚ ਵਰਤਾਵਣਾ । ਰਾਓ ਰੰਕ ਪ੍ਰਭ ਇਕ ਕਰਾਵਣਾ । ਏਕਾ ਡੰਕ ਸੋਹੰ ਸ਼ਬਦ ਚਾਰ ਕੁੰਟ ਵਜਾਵਣਾ । ਚਾਰ ਕੁੰਟ ਚਾਰ ਵਰਨ ਪ੍ਰਭ ਬਾਂਹੋਂ ਪਕੜ ਉਠਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਵਣਾ । ਅੰਤਕਾਲ ਕਲਜੁਗ ਆਏ । ਪ੍ਰਭ ਅਬਿਨਾਸ਼ੀ ਖੇਲ ਰਚਾਏ । ਪਾਰ ਬਿਆਸੋਂ ਚਰਨ ਟਿਕਾਏ । ਅੰਧ ਅੰਧਿਆਰ ਸ੍ਰਿਸ਼ਟ ਹੋ ਜਾਏ । ਵਡ ਜੋਧੇ ਜੋਧ ਪ੍ਰਭ ਪਕੜ ਉਠਾਏ । ਹੰਕਾਰੀਆਂ ਪ੍ਰਭ ਲਏ ਸੋਧ, ਅਗਨ ਮੇਘ ਵਰਸਾਏ । ਆਪ ਬਣੇ ਅਗਾਧ ਬੋਧ, ਬੋਧ ਅਗਾਧ ਪ੍ਰਭ ਸ਼ਬਦ ਲਿਖਾਏ । ਸ੍ਰਿਸ਼ਟ ਸਬਾਈ ਲਏ ਸੋਧ, ਸਿੰਘਾਸਣ

ਡੇਰਾ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਲ ਰਚਾਏ । ਪਾਰ ਬਿਅਸੋਂ ਚਰਨ ਧਰ । ਅੰਤਮ ਖੇਲ ਪ੍ਰਭ ਜਾਏ ਕਰ । ਮਾਝਾ ਦੇਸ ਜਾਏ ਹਰ । ਚਰਨ ਲਾਗ ਦੋਆਬ ਜਾਏ ਤਰ । ਸਾਚੇ ਪ੍ਰਭ ਸਰਬ ਗੁਣਾਂ ਭਰਪੂਰ, ਮਸਤੂਆਣਾ ਉਪਜਾਏ ਸਾਚਾ ਸਰ । ਮਸਤੂਆਣਾ ਮੋਖ ਦਵਾਰ । ਧਰੇ ਜੋਤ ਆਪ ਕਰਤਾਰ ਨਿਹਕਲੰਕ ਅਵਤਾਰ । ਜੋਤ ਜਗੇ ਅਗੰਮ ਅਪਾਰ । ਰਾਓ ਰੰਕ ਪ੍ਰਭ ਕਰੇ ਖੁਆਰ । ਸੁਹਾਏ ਬੰਕ ਜਿਸ ਜਾਏ ਦਵਾਰ । ਵਜਾਏ ਡੰਕ ਸ਼ਬਦ ਧੁਨਕਾਰ । ਏਕਾ ਅੰਕ ਰੂਪ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੀ ਸਰਕਾਰ । ਸਾਚਾ ਪ੍ਰਭ ਸੱਚੀ ਸਰਕਾਰਾ । ਆਪ ਚਲਾਏ ਜਗਤ ਵਿਹਾਰਾ । ਰਾਜਸ ਕਰੇ ਆਪ ਵਰਤਾਰਾ । ਆਪ ਲੇਖ ਲਿਖਾਏ ਸਤਿਜੁਗ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਚਲਾਏ ਸਾਚੀ ਕਾਰਾ । ਮਸਤੂਆਣੇ ਚਰਨ ਟਿਕਾਏ । ਸਾਧਾਂ ਸੰਤਾਂ ਮਾਣ ਦਵਾਏ । ਹੰਕਾਰੀਆਂ ਮਦਿਰਾ ਮਾਸ ਅਹਾਰੀਆਂ ਪ੍ਰਭ ਪਕੜ ਉਠਾਏ । ਜਗਤ ਕਰੇ ਖੁਆਰੀਆਂ, ਦਰ ਮੰਗਣ ਭਿੱਖ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਮਸਤੂਆਣੇ ਜੋਤ ਜਗਾਏ । ਮਸਤੂਆਣੇ ਜੋਤ ਜਗਾ । ਰਾਣਾ ਸੰਗਰੂਰ ਪ੍ਰਭ ਲਏ ਉਠਾ । ਜੋਤ ਸਰੂਪੀ ਜੋਤ ਪ੍ਰਭ ਆਪਣਾ ਦਰਸ ਦਏ ਦਿਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਸਰਨ ਲਏ ਲਗਾ । ਆਪ ਆਪਣੀ ਸਰਨ ਲਗਾਏ । ਆਤਮ ਸਾਚੀ ਜੋਤ ਜਗਾਏ । ਅਗਿਆਨ ਅੰਧੇਰ ਸਰਬ ਮਿਟਾਏ । ਸੰਞ ਸਵੇਰ ਪ੍ਰਭ ਇਕ ਕਰਾਏ । ਏਕਾ ਜੋਤ ਦੀਪ ਜਗਾਏ । ਖੋਲ੍ਹੇ ਸੋਤ ਹੋਏ ਰੁਸ਼ਨਾਏ । ਦੁਰਮਤ ਮੈਲ ਧੋਤ ਪ੍ਰਭ ਨਿਰਮਲ ਕਰਾਏ । ਅੰਮ੍ਰਿਤ ਆਤਮ ਪ੍ਰਭ ਦਰ ਰਸ ਪੀਤ, ਆਤਮ ਸ਼ਾਂਤ ਕਰਾਏ । ਆਪਣੀ ਭੁਲ ਬਖ਼ਸ਼ਾਏ ਜੋ ਪਿਛੇ ਕੀਤੀ, ਆਗੇ ਪ੍ਰਭ ਮਾਰਗ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਪ੍ਰਭ ਦਰਸ਼ਨ ਪਾਏ । ਸਾਚਾ ਪ੍ਰਭ ਸਤਿ ਵਰਤਾਏ । ਸਚ ਸੁੱਚ ਵਿਚ ਦੇਹ ਵਸਾਏ । ਗੁਰਮੁਖ ਸਾਚੇ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਏ । ਆਪ ਆਪਣਾ ਸਿਰ ਹੱਥ ਟਿਕਾਏ । ਤੀਨ ਲੋਕ ਦੀ ਬੂਝ ਬੁਝਾਏ । ਏਕਾ ਦੂਜ ਸਰਬ ਮਿਟਾਏ । ਗਿਆਨ ਗੋਝ ਭੇਵ ਚੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਣਾ ਸੰਗਰੂਰ ਦਇਆ ਕਮਾਏ । ਰਾਣਾ ਸੰਗਰੂਰ ਦਰ ਮਾਣ ਦਵਾਏ । ਸੰਤ ਮਨੀ ਸਿੰਘ ਜੋਤ ਜਗਾਏ । ਸਾਚਾ ਤਿਲਕ ਵਿਚ ਲਲਾਟ ਲਗਾਏ । ਸਤਿਜੁਗ ਸਾਚਾ ਗੁਰ ਉਪਜਾਏ । ਚਾਰ ਵਰਨ ਸਰਨ ਲਗਾਏ । ਆਪ ਆਪਣੀ ਦਇਆ ਕਮਾਏ । ਏਕਾ ਜੋਤ ਪ੍ਰਭ ਵਿਚ ਦੇਹ ਜਗਾਏ । ਵਰਨ ਗੋਤ ਜਗਤ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣਾ ਸਾਚਾ ਧਾਮ ਉਪਜਾਏ । ਸੰਤ ਮਨੀ ਸਿੰਘ ਮਿਲੇ ਵਡਿਆਈ । ਸਤਿਜੁਗ ਸਾਚੇ ਪ੍ਰਭ ਬਣਤ ਬਣਾਈ । ਚਾਰ ਵਰਨ ਆਇਣ ਸਰਨਾਈ । ਹਰਨ ਫਰਨ ਪ੍ਰਭ ਦੇ ਖੁਲ੍ਹਾਈ । ਚਰਨ ਆਏ ਜੋ ਜਨ ਬਖ਼ਸ਼ਾਈ । ਚਾਰ ਕੁੰਟ ਤੇਰੇ ਨਾਮ ਦੁਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦੇ ਵਡਿਆਈ । ਚਾਰ ਕੁੰਟ ਪਾਏ ਆਣ । ਕਲਜੁਗ ਚੁਕਾਏ ਝੂਠੀ ਕਾਣ । ਏਕਾ ਸ਼ਬਦ ਸੋਹੰ ਬਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦਾ ਜਾਣੀ ਜਾਣ । ਸੰਤ ਮਨੀ ਸਿੰਘ ਜੋਤ ਜਗਾਏ । ਰਾਓ ਉਮਰਾਓ ਸਰਨ ਲਗਾਏ । ਜੋਤ ਸਰੂਪੀ ਵਿਚ ਸਮਾਏ । ਤੀਨ ਲੋਕ ਪ੍ਰਭ ਵਡਿਆਏ । ਸਤਿਜੁਗ ਸਾਚਾ ਸੀਸ ਛਤਰ ਝੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚੀ ਦਇਆ ਆਪ ਕਮਾਏ । ਸਾਚਾ ਕਰਮ ਆਪ ਕਮਾ । ਰਾਣਾ

ਸੰਗਰੂਰ ਸੰਗ ਰਲਾ । ਆਪਣਾ ਬਾਣਾ ਪ੍ਰਭ ਲਏ ਬਦਲਾ । ਸਾਚਾ ਭਾਣਾ ਜਗਤ ਵਰਤਾ । ਅੰਨ੍ਹਾ ਕਾਣਾ ਇਕ ਥਾਂ ਬਹਾ । ਸੁਘੜ ਸਿਆਣਾ
ਚਰਨ ਲਗਾ । ਰਾਜਾ ਰਾਣਾ ਸਭ ਤਖ਼ਤੋਂ ਲਾਹ । ਵਡ ਵਡ ਮਹਾਰਾਣਾ ਆਪ ਅਖਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ
ਸ਼ਬਦ ਵਿਚ ਮਾਤ ਦਏ ਚਲਾ । ਮਸਤੂਆਣੇ ਮਾਣ ਦਵਾਏ । ਆਪ ਆਪਣਾ ਚਰਨ ਉਠਾਏ । ਸਾਧ ਸੰਗਤ ਸੰਗ ਰਲਾਏ । ਵਡ ਵਡ ਸਾਚੇ
ਸੰਤ ਪ੍ਰਭ ਸ਼ਬਦ ਸੁਣਾਏ । ਬੈਠੇ ਇਕੰਤ ਜੋ ਲਿਵ ਲਾਏ । ਪ੍ਰਭ ਕੀ ਮਹਿੰਮਾ ਬੜੀ ਅਗਣਤ, ਨੀਚੋ ਨੀਚ ਊਚੋ ਊਚ ਆਪ ਅਖਵਾਏ । ਆਪ
ਬਣਾਏ ਸਰਬ ਦੀ ਬਣਤ, ਅੰਡਜ ਜੇਰਜ ਉਤਭੁਜ ਸੇਤਜ ਰਿਹਾ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਮੇਲ ਮਿਲਾਏ ।
ਸਾਚਾ ਵਕਤ ਵਕ਼ਤ ਸੁਹਾਵਣਾ । ਜਮਨ ਕਿਨਾਰੇ ਪ੍ਰਭ ਚਰਨ ਟਿਕਾਵਣਾ । ਵਡ ਵਡ ਦਰਬਾਰ ਪ੍ਰਭ ਆਪ ਲਗਾਵਣਾ । ਸਚ ਸਚ ਸਿਕਦਾਰ
ਆਪ ਅਖਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸੰਤ ਜਨ ਸੁਰਤ ਸ਼ਬਦ ਪ੍ਰਭ ਆਪ ਜਗਾਵਣਾ । ਸੁਰਤ ਸ਼ਬਦ ਪ੍ਰਭ
ਸੰਤ ਜਗਾਏ । ਏਕਾ ਸ਼ਬਦ ਆਪ ਉਪਜਾਏ । ਸਾਚਾ ਰਾਗ ਸਾਚੀ ਧੁਨ ਉਪਜਾਏ । ਖੁਲ੍ਹੇ ਸੁੰਨ ਉਠੇ ਜਨ ਜਿਨ ਪ੍ਰਭ ਦਇਆ ਕਮਾਏ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਚਰਜ ਖੇਲ ਜਮਨ ਕਿਨਾਰੇ ਆਪ ਕਰਾਏ । ਜਮਨ ਕਿਨਾਰੇ ਪ੍ਰਭ ਜੋਤ ਅਕਾਰ । ਏਕਾ ਸ਼ਬਦ ਪ੍ਰਭ ਰੱਖੇ ਗੁੰਜਾਰ ।
ਬੇਮੁਖ ਜੀਵ ਨਾ ਪਾਇਣ ਸਾਰ । ਮਦਿਰਾ ਮਾਸੀ ਨਾ ਆਇਣ ਚਰਨ ਦਵਾਰ । ਰਾਓ ਰੰਕ ਨਾ ਪ੍ਰਭ ਕਰੇ ਵਿਚਾਰ । ਨਿਮਾਣਿਆਂ ਨਿਤਾਣਿਆਂ
ਪ੍ਰਭ ਬਾਂਹੋਂ ਪਕੜ ਕਲ ਜਾਏ ਤਾਰ । ਰਾਜੇ ਰਾਣਿਆਂ ਪ੍ਰਭ ਦੇਵੇ ਦਰ ਦੁਰਕਾਰ । ਚਲ ਆਏ ਸਰਨ ਹੋਏ ਨਿਮਾਣਿਆਂ, ਪ੍ਰਭ ਬੇੜਾ ਕਰ ਜਾਏ
ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪਰਗਟੇ ਜੋਤ ਨਿਹਕਲੰਕ ਨਰਾਇਣ ਨਰ ਅਵਤਾਰ । ਨਿਹਕਲੰਕ ਜੋਤ ਜਗਾਏ । ਜਮਨ ਕਿਨਾਰੇ
ਸਾਚਾ ਧਾਮ ਉਪਜਾਏ । ਸਾਚਾ ਪ੍ਰਭ ਵਡ ਕਰਮ ਕਮਾਏ । ਸਾਚਾ ਪ੍ਰਭ ਦਰਬਾਰ ਜਾ ਲਗਾਏ । ਸਾਧ ਸੰਗਤ ਪ੍ਰਭ ਸੰਗ ਰਲਾਏ । ਵਡ ਵਡ
ਪ੍ਰਭ ਸਾਧਨ ਸੰਤ ਸ਼ਬਦ ਜਣਾਏ । ਆਪ ਪ੍ਰਭ ਭਗਵੰਤ ਸਾਚਾ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਪਰਗਟ
ਜੋਤ ਗੁਰਮੁਖ ਸਾਚੇ ਦਰਸ ਦਿਖਾਏ । ਸਾਚਾ ਪ੍ਰਭ ਸਚ ਕਰਮ ਕਮਾਏ । ਆਪਣੀ ਖੇਲ ਆਪ ਰਚਾਏ । ਜੋਤ ਸਰੂਪੀ ਭੇਖ ਵਟਾਏ । ਮਾਇਆ
ਸੁਖ ਆਪ ਪ੍ਰਭ ਉਪਾਏ । ਵਾਲੀ ਹਿੰਦ ਦਰਸ ਦਿਖਾਏ । ਦਰਸ ਦਿਖਾਏ ਭੈ ਰਖਾਏ ਦਿਸ ਨਾ ਆਏ । ਰੋਏ ਘਿਗਆਏ ਪ੍ਰਭ ਪਰਗਟ ਹੋਏ
ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਵੇਲਾ ਅੰਤਮ ਅੰਤ ਕਰਾਏ । ਵਾਲੀ ਹਿੰਦ ਪ੍ਰਭ ਦਰਸ ਦਿਖਾਏ । ਜੋਤ ਸਰੂਪੀ
ਜੋਤ ਜਗਾਏ । ਆਪ ਆਪਣਾ ਭੇਵ ਚੁਕਾਏ । ਭੁਲ ਭੁਲ ਰੁਲ ਰੁਲ ਪ੍ਰਭ ਦਰ ਪਾਏ । ਖੁਲ੍ਹ ਖੁਲ੍ਹ ਪ੍ਰਭ ਸ਼ਬਦ ਜਣਾਏ । ਅਤੁੱਲ ਅਤੁੱਲ ਪ੍ਰਭ
ਆਪ ਤੁਲਾਏ । ਪਾਰਬ੍ਰਹਮ ਅਚਰਜ ਖੇਲ ਕਲ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਸਰਨ ਲਗਾਏ । ਵਾਲੀ
ਹਿੰਦ ਸਰਨ ਲਗਾਵਣਾ । ਆਪ ਆਪਣਾ ਪ੍ਰਭ ਪਰਗਟਾਵਣਾ । ਸਾਚਾ ਸਚ ਦਰਬਾਰ ਦਿਲੀ ਸ਼ਹਿਰ ਲਗਾਵਣਾ । ਚਾਰ ਵਰਨ ਸਤਿਜੁਗ ਸਾਚਾ
ਪ੍ਰਭ ਰਾਹ ਬਤਾਵਣਾ । ਸੋਹੰ ਸਾਚਾ ਸ਼ਬਦ ਸੁਣਾਵਣਾ । ਚਾਰ ਵਰਨ ਪ੍ਰਭ ਏਕਾ ਮਾਰਗ ਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਾਓ
ਰੰਕ ਊਚ ਨੀਚ ਇਕ ਕਰਾਵਣਾ । ਸਾਚਾ ਮਾਰਗ ਪ੍ਰਭ ਚਲਾਏ । ਜਗਤ ਲੇਖ ਪ੍ਰਭ ਆਪ ਲਿਖਾਏ । ਗੁਰਮੁਖ ਸਾਚੇ ਵੇਖ ਪ੍ਰਭ ਸਰਨ ਲਗਾਏ ।

ਜੋਤ ਸਰੂਪੀ ਕੀਆ ਭੇਸ, ਪ੍ਰਭ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਦਇਆ ਆਪ ਕਮਾਏ । ਸਚ ਸੁੱਚ ਸਚ ਵਰਤਾਇਆ । ਸਾਚੇ ਮਾਰਗ ਜਗਤ ਲਗਾਇਆ । ਦੁਖ ਭੁੱਖ ਪ੍ਰਭ ਰੋਗ ਮਿਟਾਇਆ । ਆਤਮ ਸੁਖ ਪ੍ਰਭ ਆਪ ਉਪਜਾਇਆ । ਸੁਫਲ ਕਰਾਏ ਮਾਤ ਕੁੱਖ, ਸੋਹੰ ਸ਼ਬਦ ਜਿਨ ਰਸਨਾ ਗਾਇਆ । ਵਾਸ ਨਾ ਹੋਏ ਉਲਟਾ ਰੁੱਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਰਭ ਵਾਸ ਕਟਾਇਆ । ਸਾਚਾ ਪ੍ਰਭ ਵਡ ਸਿਕਦਾਰਾ । ਆਪਣੇ ਰੰਗ ਆਪ ਮੁਰਾਰਾ । ਸੋਹੰ ਦਾਨ ਦੇਵੇ ਅਧਾਰਾ । ਜਨ ਭਗਤਾਂ ਪ੍ਰਭ ਭਰੇ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਤ ਬਣਾਏ ਸੱਚੀ ਸਰਕਾਰਾ । ਸਾਚਾ ਪ੍ਰਭ ਸੱਚੀ ਸਰਕਾਰ । ਕਲਜੁਗ ਝੂਠਾ ਮਿਟਾਵੇ ਪ੍ਰਭ ਪਸਰ ਪਸਾਰ । ਬੇਮੁਖਾਂ ਪ੍ਰਭ ਠੂਠਾ ਹੱਥ ਫੜਾਏ, ਦਰ ਦਰ ਫਿਰਨ ਭਿਖਾਰ । ਪ੍ਰਭ ਰੂਠਾ ਫਿਰ ਮਨਾਏ, ਜਨ ਹੋਏ ਨਿਮਾਣਾ ਚਰਨ ਕਰੇ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਕਰੇ ਵਰਤਾਰ । ਸਚ ਸਚ ਜਗਤ ਵਰਤੰਤ । ਸਾਚੀ ਜੋਤ ਜਗਾਏ ਪ੍ਰਭ ਭਗਵੰਤ । ਗੁਰਮੁਖ ਪਕੜ ਉਠਾਏ ਵਿਚ ਮਾਤ ਸਾਚੇ ਸੰਤ । ਪ੍ਰਭ ਸਾਚਾ ਹੁਕਮ ਸੁਣਾਏ ਪ੍ਰਭ ਬੈਠ ਆਪ ਇਕੰਤ । ਵਿਚ ਜਗਤ ਦੂਤ ਭਜਾਏ, ਆਪ ਆਪਣੀ ਬਣਾਏ ਬਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਰਨ ਲਗਾਏ ਸਾਚੇ ਸੰਤ । ਆਪ ਆਪਣਾ ਭੇਵ ਖੁਲ੍ਹਾ ਕੇ । ਸਾਚਾ ਮਾਣ ਜਗਤ ਦਵਾ ਕੇ । ਚਾਰ ਕੁੰਟ ਆਇਣ ਧਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਆਪੇ ਜਾਏ ਜਪਾ ਕੇ । ਚਾਰ ਕੁੰਟ ਦੂਤ ਉਠਾਏ । ਆਪ ਆਪਣਾ ਹੁਕਮ ਸੁਣਾਏ । ਸਾਚੀ ਬੂਝ ਆਪ ਬੁਝਾਏ । ਏਕਾ ਦੂਜਾ ਭਉ ਚੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲੂਝ ਗੁਰਮੁਖ ਸਾਚਾ ਆਤਮ ਰਸ ਪਾਏ । ਸਾਚਾ ਗੁਰ ਕਰਮ ਲਿਖਾਏ । ਧੁਰੋਂ ਲਿਖਿਆ ਮੇਟ ਵਖਾਏ । ਸਾਚੇ ਲੇਖ ਗੁਰਸਿਖ ਲਿਖਾਏ । ਆਪ ਆਪਣੇ ਨੇਤਰ ਪੇਖ, ਗੁਰਸਿਖ ਤਰ ਜਾਏ । ਜੋ ਜਨ ਆਏ ਝੂਠਾ ਵੇਸ ਕਰ, ਨਰਕ ਨਿਵਾਸ ਪ੍ਰਭ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਰਿਹਾ ਲਿਖਾਏ । ਸਾਚਾ ਸ਼ਬਦ ਸਚ ਚਲਾਇਆ । ਸਾਚੀ ਬਣਤ ਪ੍ਰਭ ਆਪ ਬਣਾਇਆ । ਖੰਡ ਬ੍ਰਹਿਮੰਡ ਪ੍ਰਭ ਦੇ ਉਲਟਾਇਆ । ਵਿਚ ਵਰਭੰਡ ਹਾਹਾਕਾਰ ਮਚਾਇਆ । ਵਿਚ ਨਵ ਖੰਡ ਸੋਹੰ ਸ਼ਬਦ ਜੈ ਜੈ ਜੈਕਾਰ ਕਰਾਇਆ । ਸਾਚਾ ਸ਼ਬਦ ਜਗਤ ਪ੍ਰਭ ਵੰਡ, ਆਪਣਾ ਬਿਰਦ ਰਖਾਇਆ । ਬੇਮੁਖਾਂ ਪ੍ਰਭ ਲਾਏ ਡੰਡ, ਅੰਤ ਨਰਕ ਨਿਵਾਸ ਰਖਾਇਆ । ਸੋਹੰ ਸਾਚਾ ਨਾਉਂ ਸਾਧ ਸੰਗਤ ਪ੍ਰਭ ਜਾਏ ਵੰਡ, ਪੰਚਮ ਜੇਠ ਕਰਮ ਕਮਾਇਆ । ਖੰਡ ਬ੍ਰਹਿਮੰਡ ਪ੍ਰਭ ਉਲਟਾਏ । ਵਿਚ ਵਰਭੰਡ ਪ੍ਰਭ ਆਪ ਸਮਾਏ । ਅੰਤਮ ਕਲ ਪ੍ਰਭ ਖੇਲ ਰਚਾਏ । ਵਕਤ ਨਾ ਜਾਏ ਟਲ, ਪ੍ਰਭ ਸ਼ਬਦ ਲਿਖਾਏ । ਸ੍ਰਿਸ਼ਟ ਸਬਾਈ ਜਾਏ ਹਲ, ਜਲ ਥਲ ਕਰਾਏ । ਪਰਗਟਾਏ ਜੋਤ ਨਿਹਕਲੰਕ, ਮਹੀਨਾ ਜੇਠ ਕਹਿਰ ਵਰਤਾਏ । ਜੇਠ ਮਹੀਨਾ ਵਰਤੇ ਕਹਿਰ । ਨਾ ਕੋਈ ਗਾਵੇ ਨਾ ਕੋਈ ਰਾਵੇ ਸ਼ਾਇਰ । ਆਪ ਆਪਣਾ ਭੇਦ ਖੁਲ੍ਹਾਵੇ, ਸ੍ਰਿਸ਼ਟ ਖਪਾਏ, ਗੁਰਸਿਖ ਤਰਾਵੇ ਕਰਕੇ ਮਿਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਲਿਆਵੇ ਨਾ ਲਾਵੇ ਦੇਰ । ਅੰਤਮ ਵੇਲਾ ਅੰਤ ਕਰ ਜਾਵਣਾ । ਸਚ ਸਚ ਵਰਤਾਏ, ਪ੍ਰਭ ਸਾਚਾ ਆਪਣਾ ਭਾਣਾ । ਚਾਰ ਵਰਨ ਇਕ ਥਾਉਂ ਬਹਾਏ, ਨਾ ਕੋਈ ਦੀਸੇ ਰਾਜਾ ਰਾਣਾ । ਇਕ ਕਰਾਏ ਰਾਓ ਰੰਕ, ਜੋਤ ਸਰੂਪੀ ਵਿਚ ਸਮਾਣਾ । ਪ੍ਰਭ ਸੋਹੰ ਸ਼ਬਦ ਚਲਾਏ, ਪ੍ਰਭ ਝੂਠਾ ਭੇਖ ਕਲ ਮਿਟਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਡੰਕ ਸੋਹੰ ਸ਼ਬਦ ਵਜਾਣਾ । ਝੂਠਾ ਭੇਖ ਜਗਤ ਮਿਟਾਣਾ ।

ਆਪ ਆਪਣਾ ਮਾਰਗ ਲਾਣਾ । ਹੁਕਮ ਦੇਵੇ ਵਾਲੀ ਦੋ ਜਹਾਨਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਗੁਰਮੁਖਾਂ ਪ੍ਰਭ ਲਿਖਤ ਲਿਖਾਈ । ਵਿਚ ਮਾਤ ਦੇਵੇ ਵਡਿਆਈ । ਸਾਚੇ ਧਾਮ ਪ੍ਰਭ ਮਾਣ ਦਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮਲੋਕ ਬ੍ਰਹਮਾ ਲਏ ਉਠਾਈ । ਬ੍ਰਹਮਾ ਬ੍ਰਹਮਲੋਕ ਤਜਾਏ । ਵੇਲਾ ਅੰਤਮ ਅੰਤ ਕਰਾਏ । ਪ੍ਰਭ ਸਾਚੇ ਦੀ ਸਾਚੀ ਖੇਲ, ਆਪ ਆਪਣੀ ਰਿਹਾ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮਲੋਕ ਦੇ ਉਲਟਾਏ । ਅੰਤਮ ਵੇਲਾ ਅੰਤ ਕਰ । ਬ੍ਰਹਮਾ ਜਾਏ ਸਾਚੇ ਘਰ । ਗੁਰਮੁਖ ਬਹਾਏ ਸਾਚੇ ਦਰ । ਮਾਣ ਦਵਾਏ ਜਗਤ, ਆਪ ਦਵਾਏ ਸਾਚਾ ਵਰ । ਸ੍ਰਿਸ਼ਟ ਸਬਾਈ ਹੱਥ ਫੜਾਏ, ਆਪਣਾ ਸਿਰ ਹੱਥ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਪਾਲ ਬਹਾਇਆ ਸਾਚੇ ਘਰ । ਸਾਚਾ ਸਿਖ ਸਚ ਘਰ ਬਹਾਇਆ । ਬ੍ਰਹਮ ਸਰੂਪ ਬ੍ਰਹਮ ਸਮਾਇਆ । ਸਚ ਬ੍ਰਹਮਾ ਆਪ ਤਰਾਇਆ । ਸਚ ਧਰਮ ਪ੍ਰਭ ਆਪ ਚਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਇਆ । ਸਤਿਜੁਗ ਸਾਚਾ ਮਾਰਗ ਲਾ ਕੇ । ਆਪ ਆਪਣੀ ਦਇਆ ਕਮਾ ਕੇ । ਅੰਤਮ ਅੰਤ ਧਰੂ ਕਰਾ ਕੇ । ਦਰ ਦਰਬਾਨ ਪ੍ਰਭ ਪਰੇ ਹਟਾ ਕੇ । ਜੁਗ ਚੌਥੇ ਅੰਤਮ ਖੇਲ ਸਚ ਕਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੰਡ ਬ੍ਰਹਿਮੰਡ ਜਾਏ ਉਲਟਾ ਕੇ । ਵੇਲਾ ਅੰਤ ਹੋਈ ਅਖ਼ੀਰ । ਹਟਿਆ ਦਰ ਦਰਬਾਨ, ਪ੍ਰਭ ਸਾਚੇ ਦੀਨੀ ਧੀਰ । ਵਿਚ ਮਿਲਿਆ ਜੋਤ ਮਹਾਨ, ਪ੍ਰਭ ਸਾਚੇ ਸਚ ਪਿਲਾਇਆ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਕਰਾਏ ਅੰਤ ਅਖ਼ੀਰ । ਸਤਿਜੁਗ ਸਾਚਾ ਸਚ ਵਰਤਾਇਆ । ਗੁਰਮੁਖ ਸਾਚਾ ਸਚ ਧਾਮ ਬਹਾਇਆ । ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਜੋਤ ਸਰੂਪੀ ਜੋਤ ਪ੍ਰਭ ਗੁਰਮੁਖ ਸਾਚੇ ਵਿਚ ਮਿਲਾਇਆ । ਗੁਰ ਸਿਖ ਸਿਖ ਗੁਰ ਇਕ ਰੰਗ ਸਮਾਇਆ । ਜੋਤ ਸਰੂਪੀ ਜੋਤ ਪ੍ਰਭ, ਦਰ ਘਰ ਸਾਚੇ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਿੰਘ ਸਵਰਨ ਆਪਣੀ ਸੇਵਾ ਲਾਇਆ । ਗੁਰਮੁਖ ਸਾਚਾ ਗੁਰ ਦਰ ਬਹਾਏ । ਸਾਚਾ ਦਰ ਦਰਬਾਨ ਸਚਖੰਡ ਬਹਾਏ । ਮਿਲਿਆ ਮੇਲ ਧਰੂ ਭਗਵਾਨ ਵਿਚ ਜੋਤੀ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣ ਦਵਾਏ । ਗੁਰਸਿਖ ਸਾਚਾ ਸਚ ਘਰ ਆਇਆ । ਪ੍ਰਭ ਅਬਿਨਾਸ਼ੀ ਦਰਸ਼ਨ ਪਾਇਆ । ਅੰਤਮ ਅੰਤ ਹੋਈ ਬੰਦ ਖਲਾਸੀ, ਨਾ ਮਰੇ ਨਾ ਜਾਇਆ । ਮਾਨਸ ਜਨਮ ਹੋਏ ਰਹਿਰਾਸੀ, ਪ੍ਰਭ ਚਰਨੀ ਸੀਸ ਨਿਵਾਇਆ । ਗੁਰਮੁਖ ਆਤਮ ਪ੍ਰਭ ਦਰਸ ਪਿਆਸੀ, ਕਰ ਦਰਸ ਆਤਮ ਤ੍ਰਿਪਤਾਇਆ । ਦੇਵੇ ਦਰਸ ਘਨਕਪੁਰ ਵਾਸੀ, ਜੋਤ ਸਰੂਪੀ ਗੁਰਸਿਖ ਸਮਾਇਆ । ਜੋਤ ਸਰੂਪੀ ਗੁਰਸਿਖ ਸਮਾਏ । ਬਿਨ ਰੰਗ ਰੂਪ ਪ੍ਰਭ ਦਿਸ ਨਾ ਆਏ । ਸਤਿ ਸਰੂਪੀ ਰਿਹਾ ਜੋਤ ਜਗਾਏ । ਵਿਚ ਅੰਧ ਕੂਪੀ ਸਾਚੀ ਜੋਤ ਕਰੇ ਰੁਸ਼ਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚੀ ਦਇਆ ਆਪ ਕਮਾਏ । ਖੰਡ ਬ੍ਰਹਿਮੰਡ ਵਰਭੰਡ ਸਮਾਇਆ । ਵਿਚ ਨਵ ਖੰਡ ਪ੍ਰਭ ਜੋਤ ਜਗਾਇਆ । ਆਪ ਅਖੰਡ ਸਭ ਜਗਤ ਖੰਡਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਝੂਠਾ ਭਾਂਡਾ ਭੰਨ ਵਖਾਇਆ । ਕਲਜੁਗ ਝੂਠਾ ਝੂਠੇ ਜੀਵ ਜੰਤ । ਪ੍ਰਭ ਜੋਤ ਮਹਾਨੇ ਸਚ ਪਛਾਣੇ ਸਚ ਵਖਾਣੇ ਪ੍ਰਭ ਸਾਚਾ ਕੰਤ । ਗੁਰਮੁਖ ਸਾਚੇ ਆਪ ਬਣਾਏ ਸਾਚੇ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਣ ਨਿਧਾਨ ਆਪ ਬਣਾਏ ਆਪਣੀ ਬਣਤ । ਗੁਰਮੁਖਾਂ ਰੰਗੇ ਏਕਾ ਰੰਗ । ਪ੍ਰਭ ਦਰ ਮੰਗੇ ਸਾਚੀ ਮੰਗ । ਸਦਾ ਸਹਾਈ ਅੰਗ ਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਵਡ ਸੂਰਾ ਸਰਬੰਗ । ਵਡ ਸੂਰਾ ਵਡ ਸਿਕਦਾਰਾ । ਗੁਰਮੁਖਾਂ ਪ੍ਰਭ ਤਾਰਨਹਾਰਾ । ਏਕਾ ਦੇਵੇ ਨਾਮ ਅਧਾਰਾ । ਸਾਚਾ ਪ੍ਰਭ ਭਰੇ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਪਾਵੇ ਸਾਰਾ । ਸਾਚਾ ਪ੍ਰਭ ਸਚ ਭੰਡਾਰਾ । ਸਾਚਾ ਪ੍ਰਭ ਸਚ ਦਵਾਰਾ । ਸਾਚਾ ਪ੍ਰਭ ਸਾਚਾ ਦੇਵੇ ਨਾਮ ਅਧਾਰਾ । ਗੁਰਮੁਖ ਸਾਚੇ ਸਾਚਾ ਕਰ ਵਣਜ ਵਪਾਰਾ । ਝੂਠੀ ਦੁਨੀਆਂ ਜਗਤ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪ ਜੋਤ ਨਿਰੰਕਾਰਾ । ਗੁਰਸਿਖਾਂ ਪ੍ਰਭ ਬਣਤ ਬਣਾਏ । ਗੁਰਸਿਖਾਂ ਪ੍ਰਭ ਜੋਤ ਜਗਾਏ । ਗੁਰਸਿਖਾਂ ਪ੍ਰਭ ਆਣ ਤਰਾਏ । ਗੁਰਸਿਖਾਂ ਪ੍ਰਭ ਤ੍ਰਿਖਾ ਮਿਟਾਏ । ਗੁਰਸਿਖਾਂ ਪ੍ਰਭ ਸਰਨ ਲਗਾਏ । ਗੁਰਸਿਖਾਂ ਪ੍ਰਭ ਹਰਨ ਫਰਨ ਖੁਲ੍ਹਾਏ । ਗੁਰਸਿਖਾਂ ਜੋਤ ਸਰੂਪੀ ਪ੍ਰਭ ਮੇਲ ਮਿਲਾਏ । ਗੁਰਸਿਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸੇਵਾ ਲਾਏ । ਏਕਾ ਜੋਤ ਪ੍ਰਭ ਅਕਾਰ । ਏਕਾ ਜੋਤ ਪ੍ਰਭ ਨਿਰੰਕਾਰ । ਏਕਾ ਜੋਤ ਪ੍ਰਭ ਨਿਰਾਹਾਰ । ਏਕਾ ਜੋਤ ਸਦ ਨਿਰਾਧਾਰ । ਏਕਾ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕੰਕਾਰ । ਏਕਾ ਜੋਤ ਪ੍ਰਭ ਜਗਾਏ । ਜੀਵ ਜੰਤ ਬਣਤ ਬਣਾਏ । ਵਿਚ ਵਿਸਮੰਤ ਰਿਹਾ ਸਮਾਏ । ਆਪ ਭਗਵੰਤ ਦਿਸ ਨਾ ਆਏ । ਗੁਰਮੁਖ ਸਾਚੇ ਤੇਰੀ ਸਾਚੀ ਬਣਤ ਪ੍ਰਭ ਆਪ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਵਿਚ ਜਾਮਾ ਪਾਏ । ਸਾਚੀ ਜੋਤ ਮਾਤ ਅਕਾਰੇ । ਜਗੇ ਜੋਤ ਅਗੰਮ ਅਪਾਰੇ । ਜੋਤ ਸਰੂਪ ਗੁਰਸਿਖ ਪਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਲ ਕਰੇ ਅਪਾਰੇ । ਜੋਤ ਸਰੂਪੀ ਗੁਰਸਿਖ ਸਮਾਇਆ । ਰੰਗ ਰੂਪ ਪ੍ਰਭ ਦਿਸ ਨਾ ਆਇਆ । ਬੇਮੁਖਾਂ ਆਤਮ ਦਿਸ ਨਾ ਆਇਆ । ਗੁਰਮੁਖਾਂ ਸਾਚੇ ਨਾਮ ਦਾਨ ਦਰ ਮੰਗਣ ਆਇਆ । ਕਿਰਪਾ ਕਰ ਪ੍ਰਭ ਭਗਵਾਨ, ਸਾਚੀ ਦਾਤ ਪ੍ਰਭ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਇਆ । ਗੁਰਮੁਖ ਸਾਚੇ ਆਪ ਉਪਾਏ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਏਕਾ ਜੋਤ ਵਿਚ ਟਿਕਾਏ । ਏਕਾ ਗੋਤ ਆਪ ਬਣਾਏ । ਮੈਲ ਧੋਤ ਸੁਰਪਤ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਏ । ਗੁਰ ਪੂਰਾ ਚਰਨ ਬਲਿਹਾਰ । ਗੁਰਮੁਖ ਸਾਚੇ ਪ੍ਰਭ ਜਾਏ ਤਾਰ । ਪ੍ਰਭ ਸਾਚੇ ਦੀ ਸਾਚੀ ਕਾਰ । ਜੁਗੋ ਜੁਗ ਵਿਚ ਮਾਤ ਲਏ ਅਵਤਾਰ । ਜੋਤੀ ਜੋਤ ਜੋਤ ਪ੍ਰਭ, ਏਕਾ ਜੋਤ ਕਰੇ ਅਕਾਰ । ਭਗਤ ਜਨਾਂ ਪ੍ਰਭ ਪਾਏ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਅਵਤਾਰ । ਏਕਾ ਜੋਤ ਏਕਾ ਪ੍ਰਭ ਏਕਾ ਕਰੇ ਅਕਾਰੇ । ਸਾਚਾ ਦੇਵੇ ਨਾਮ ਅਧਾਰੇ । ਪਰਗਟ ਜੋਤ ਜੋਤ ਸਰੂਪ ਪ੍ਰਭ ਸਾਚਾ ਦਰਸ ਦਿਖਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਰੰਕਾਰੇ । ਗੁਰਮੁਖ ਸਾਚੇ ਪ੍ਰਭ ਆਪਣਾ ਭੇਦ ਖੁਲ੍ਹਾਏ । ਗੁਰਮੁਖ ਸਾਚੇ ਪ੍ਰਭ ਤੀਜਾ ਨੈਣ ਖੋਲ੍ਹ ਵਖਾਏ । ਗੁਰਮੁਖ ਸਾਚੇ ਲਹਿਣਾ ਲੈਣ, ਪ੍ਰਭ ਦਰ ਤੇ ਆਏ । ਪ੍ਰਭ ਸਾਚਾ ਸੱਜਣ ਸਾਕ ਸੈਣ, ਜੀਵ ਝੂਠੇ ਭਾਈ ਭੈਣ, ਵੇਲੇ ਅੰਤ ਨਾ ਕੋਇ ਸਹਾਏ । ਭਾਣਾ ਪ੍ਰਭ ਕਾ ਸਭ ਜਨ ਸਹਿਣ, ਵੇਲੇ ਅੰਤ ਨਾ ਕੋਇ ਛੁਡਾਏ । ਗੁਰਮੁਖ ਸਾਚੇ ਗੁਰ ਸ਼ਰਨੀ ਪੈਣ, ਪਰਗਟ ਜੋਤ ਪ੍ਰਭ ਵੇਲੇ ਅੰਤ ਦਰਸ ਦਿਖਾਏ । ਕਰ ਦਰਸ ਗੁਰਸਿਖ ਪ੍ਰਭ ਸਾਚੇ ਨੈਣ, ਵਿਚ ਬਬਾਣ ਲਏ ਬਿਠਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਜੋਤ ਧਰ ਵਿਚ ਜੋਤੀ ਮੇਲ ਮਿਲਾਏ । ਪੂਰੇ ਗੁਰ ਇਹ ਵਡਿਆਈ । ਗੁਰਮੁਖਾਂ ਪ੍ਰਭ ਲਏ ਤਰਾਈ । ਆਤਮ ਤ੍ਰਿਖਾ ਪ੍ਰਭ ਲਏ ਬੁਝਾਈ । ਸਾਚੀ ਭਿਖਿਆ ਸੋਹੰ ਨਾਮ ਪ੍ਰਭ ਝੋਲੀ ਪਾਈ । ਆਤਮ ਉਤਰੀ ਤ੍ਰਿਖਾ, ਗੁਰਮੁਖ

ਸਾਚੇ ਸੋਹੰ ਸਵਾਸ ਸਵਾਸ ਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਮਾਤ ਦੇਵੇ ਵਡਿਆਈ । ਗੁਰਮੁਖ ਵਡਿਆਏ ਆਪੇ ਆਪ । ਪ੍ਰਭ ਅਬਿਨਾਸ਼ੀ ਆਤਮ ਮਾਰੇ ਤੀਨੋ ਤਾਪ । ਕੋਟਨ ਕੋਟ ਕੋਟ ਪ੍ਰਭ ਦੇ ਦਰਸ ਉਤਾਰੇ ਪਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਮਾਈ ਬਾਪ । ਸ੍ਰਿਸ਼ਟ ਸਬਾਈ ਪ੍ਰਭ ਆਪ ਉਪਾਏ । ਆਪ ਅਤੁੱਲ ਅਡੁੱਲ ਅਛਲ ਅਛੱਲ ਨਾ ਛਲਿਆ ਜਾਏ । ਬੇਮੁਖ ਕਿਆ ਜਾਣੇ ਕਿਸ ਰੰਗ ਸਮਾਏ । ਗੁਰਮੁਖ ਵਖਾਣੇ ਜਿਸ ਰਿਹਾ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਰਗਟ ਜੋਤ ਦਰਸ ਦਿਖਾਏ । ਗੁਰਮੁਖਾਂ ਪ੍ਰਭ ਸਰਨ ਲਗਾਈ । ਮੇਲ ਮਿਲਾਇਆ ਆਪ ਪ੍ਰਭ, ਗੁਰਮੁਖ ਸਾਚੇ ਦੇ ਵਡਿਆਈ । ਗੁਰ ਬਹਾਈ ਦਰ ਸਾਧ ਸੰਗਤ ਪ੍ਰੀਤ ਦੇਵੇ ਚਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਚਖੰਡ ਨਿਵਾਸ ਰਖਾਈ । ਸਚਖੰਡ ਸਾਚਾ ਧਾਮ । ਜਗੇ ਜੋਤ ਏਕਾ ਰਾਮ । ਗੁਰਮੁਖ ਗਾਏ ਸੋਹੰ ਏਕਾ ਨਾਮ । ਪ੍ਰਭ ਪਿਲਾਏ ਅੰਮ੍ਰਿਤ ਸਾਚਾ ਜਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਪੂਰ ਕਰਾਏ ਕਾਮ । ਪੂਰਨ ਕਾਮ ਆਪ ਕਰ । ਦੇਵੇ ਵਡਿਆਈ ਨਿਹਕਲੰਕ ਅਵਤਾਰ ਨਰ । ਅੰਮ੍ਰਿਤ ਝਿਰਨਾ ਝਿਰਾਏ ਸਾਚਾ ਸਰ । ਗੁਰਮੁਖ ਸਾਚੇ ਪ੍ਰਭ ਸਰਨੀ ਆਏ ਪਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੰਮ੍ਰਿਤ ਆਤਮ ਝਿਰਨਾ ਝਿਰਾਏ ਸਾਚਾ ਸਰ । ਅੰਮ੍ਰਿਤ ਸਰ ਤੀਰਥ ਨਹਾਓ । ਆਤਮ ਸਾਚੀ ਜੋਤ ਜਗਾਓ । ਬੁਝੀ ਦੀਪਕ ਗੁਰ ਨਾਉਂ ਜਗਾਓ । ਚਰਨ ਲਾਗ ਨਿਜਾਨੰਦ ਉਪਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਸਾਧ ਸੰਗਤ ਅੰਤਕਾਲ ਕਲਜੁਗ ਤਰ ਜਾਓ । ਸਾਚਾ ਗੁਰ ਤਾਰਨਹਾਰ । ਮੂਰਖ ਮੁਗਧ ਨਾ ਕਰਨ ਵਿਚਾਰ । ਗੁਰਮੁਖ ਸਾਚੇ ਪਾਇਣ ਗੁਰ ਪੂਰੇ ਕੀ ਸਾਰ । ਗੁਰਮੁਖ ਸਾਚੇ ਖੋਲ੍ਹ ਦੇਵੇ ਪ੍ਰਭ ਦਸਮ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਏਕਾ ਏਕੰਕਾਰ । ਏਕੰਕਾਰ ਏਕਾ ਅਕਾਰ । ਗੁਰਮੁਖ ਸਾਚੇ ਤੇਰੀ ਦੇਹੀ ਕਰੇ ਪਸਾਰ । ਮੇਟ ਵਖਾਏ ਪ੍ਰਭ ਸਾਰਾ ਅੰਧ ਅੰਧਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰਮੁਖ ਸਾਚੇ ਤੇਰਾ ਬੇੜਾ ਹੋ ਜਾਏ ਪਾਰ । ਪ੍ਰਭ ਦਰਸ ਗੁਰਸਿਖ ਪਾਓ । ਆਤਮ ਸੰਸਾ ਡਰ ਗਵਾਓ । ਸ਼ਬਦ ਗੁਣ ਗੁਣ ਸ਼ਬਦ ਪ੍ਰਭ ਸਾਚੇ ਕਾ ਰਸਨਾ ਗਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਦੂਜਾ ਭਉ ਚੁਕਾਓ । ਏਕਾ ਦੂਜਾ ਪ੍ਰਭ ਭਉ ਚੁਕਾਏ । ਚੌਥਾ ਤੀਜਾ ਕੋਈ ਰਹਿਣ ਨਾ ਪਾਏ । ਚਾਰ ਵੇਦ ਪ੍ਰਭ ਅੰਤ ਕਰਾਏ । ਛੇ ਸ਼ਾਸਤਰ ਪ੍ਰਭ ਮੇਟ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸੋਹੰ ਸਾਚਾ ਸ਼ਬਦ ਉਪਜਾਏ । ਸੋਹੰ ਸ਼ਬਦ ਪ੍ਰਭ ਉਪਜਾਵਣਾ । ਅੱਠ ਸੱਠ ਤੀਰਥ ਮੇਟ ਮਿਟਾਵਣਾ । ਜੋਤ ਸਰੂਪੀ ਜੋਤ ਪ੍ਰਭ ਸਰਬ ਜੋਤ ਖਿਚਾਵਣਾ । ਏਕਾ ਏਕੰਮ ਆਪ ਪ੍ਰਭ, ਏਕਾ ਆਪਣਾ ਆਪ ਉਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਨਾਉਂ ਏਕਾ ਥਾਉਂ ਸਤਿਜੁਗ ਸਾਚੇ ਲਾਵਣਾ । ਗੋਦਾਵਰੀ ਪ੍ਰਭ ਗੋਦ ਸੁਲਾਏ । ਅੰਤਮ ਅੰਤ ਗੁਰ ਗੋਬਿੰਦ ਚਰਨ ਟਿਕਾਏ । ਵੇਲੇ ਅੰਤ ਦਸਮ ਗੁਰ ਇਹ ਸ਼ਬਦ ਅਲਾਏ । ਆਪਣੀ ਜੋਤ ਆਪੇ ਆਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਿਚ ਮਾਝੇ ਦੇਸ ਧਰਾਏ । ਗੁਰ ਗੋਬਿੰਦ ਇਹ ਸ਼ਬਦ ਲਿਖਾਇਆ । ਆਪਣਾ ਅੰਤਮ ਅੰਤ ਦਿਸਾਇਆ । ਨਿਹਕਲੰਕ ਦੀ ਓਟ ਰਖਾਇਆ । ਅੰਤਕਾਲ ਕਲਜੁਗ ਪਰਗਟ ਜੋਤ, ਫਤਹਿ ਡੰਕ ਪ੍ਰਭ ਆਏ ਵਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਹੋਏ ਸਹਾਇਆ । ਸਾਚੇ ਪ੍ਰਭ ਕਰਮ ਕਮਾਇਆ । ਅੰਤਕਾਲ ਕਲ ਜੋਤ ਸਰੂਪੀ ਜੋਤ

ਪਰਗਟਾਇਆ । ਪ੍ਰਭ ਅਬਿਨਾਸ਼ੀ ਬੇਮੁਖਾਂ ਕਲ ਦਿਸ ਨਾ ਆਇਆ । ਲਿਖਿਆ ਲੇਖ ਪ੍ਰਭ ਸਾਚੇ ਸਤਿ ਸਤਿ ਸਤਿ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਾਮਾ ਘਨਕਪੁਰੀ ਵਿਚ ਪਾਇਆ । ਸਾਚਾ ਪ੍ਰਭ ਸਚ ਘਰ ਆਏ । ਦੁਖੀਆਂ ਜੀਵ ਦਰ ਦਰ ਬਿਲਲਾਏ । ਆਤਮ ਦੁਖ ਪ੍ਰਭ ਦੇ ਗਵਾਏ । ਤ੍ਰਿਸਨਾ ਭੁੱਖ ਦੇ ਮਿਟਾਏ । ਏਕਾ ਸੁਖ ਆਤਮ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੁਖ ਦਲਿੱਦਰ ਦਏ ਗਵਾਏ । ਦੁਖ ਦਰਦ ਪ੍ਰਭ ਨਿਵਾਰੇ । ਸਾਚੇ ਸ਼ਬਦ ਪ੍ਰਭ ਭਰੇ ਭੰਡਾਰੇ । ਹਉਮੇ ਕੱਢੇ ਪ੍ਰਭ ਵਿਕਾਰੇ । ਏਕਾ ਜੋਤ ਕਰੇ ਉਜਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਚਰਨ ਕਰੇ ਨਿਮਸਕਾਰੇ । ਚਿੰਤਾ ਰੋਗ ਆਤਮ ਸੋਗ ਪ੍ਰਭ ਮਿਟਾਏ । ਦੇ ਦਰਸ ਅਮੋਘ, ਪ੍ਰਭ ਆਤਮ ਧੀਰ ਧਰਾਏ । ਨੇੜ ਨਾ ਆਵੇ ਚਿੰਤਾ ਰੋਗ, ਜਨ ਸਾਚਾ ਸ਼ਬਦ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਮੁਖ ਰਖਾਏ । ਰੋਗਨ ਰੋਗ ਜੀਵ ਵਡ ਰੋਗੀ । ਪ੍ਰਭ ਮਿਟਾਏ ਆਤਮ ਚਿੰਤਾ ਨਾ ਹੋਏ ਸੋਗੀ । ਆਪ ਬਣਾਏ ਸਾਚੀ ਬਣਤ, ਨਾ ਰਹੇ ਵਿਜੋਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਦੇਵੇ ਨਾਮ, ਅੰਮ੍ਰਿਤ ਰਸ ਗੁਰਮੁਖ ਸਾਚੇ ਭੋਗੀ । ਅੰਮ੍ਰਿਤ ਰਸ ਆਤਮ ਤ੍ਰਿਪਤਾਏ । ਪ੍ਰਭ ਅਬਿਨਾਸ਼ੀ ਹੋਏ ਵਸ, ਜੋ ਜਨ ਰਸਨਾ ਗਾਏ । ਬੇਮੁਖ ਦਰ ਤੋਂ ਜਾਇਣ ਨੱਸ, ਸਾਚਾ ਪ੍ਰਭ ਦਿਸ ਨਾ ਆਏ । ਸੋਹੰ ਬਾਣ ਪ੍ਰਭ ਮਾਰੇ ਕਸ, ਝੂਠ ਜੂਠ ਰਹਿਣ ਨਾ ਪਾਏ । ਨਿਹਕਲੰਕ ਵਿਚ ਮਾਤ ਆਪਣੀ ਜੋਤ ਜਗਾਏ । ਸਤਿਗੁਰ ਸਾਚਾ ਸਾਚਾ ਰਾਹ ਜਾਏ ਦੱਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਰੋਗ ਸਰਬ ਮਿਟਾਏ । ਮਿਟਿਆ ਰੋਗ ਆਇਆ ਸੁਖ । ਗਇਆ ਸੋਗ ਉਤਰੀ ਭੁੱਖ । ਮਿਲਿਆ ਜੋਗ ਉਜਲ ਮੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਜੀਵ ਸਾਂਤਕ ਵਰਤਾਏ ਸਾਚਾ ਸੁਖ । ਸਾਂਤਕ ਵਰਤੇ ਸਤਿ ਵਰਤਾਰ । ਸਾਂਤਕ ਰੂਪ ਆਪ ਕਰਤਾਰ । ਸਾਂਤਕ ਸਤਿ ਸਤਿ ਸਤਿ ਕਰੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਂਤਕ ਦੇਵੇ ਇਕ ਅਧਾਰ । ਤਾਮਸ ਰਾਜਸ ਪ੍ਰਭ ਮਨੋਂ ਤਜਾਇਆ । ਰਜੋ ਤਮੋ ਨੇੜ ਨਾ ਆਇਆ । ਸਤੋ ਗੁਣ ਪ੍ਰਭ ਸਤਿ ਸਮਾਇਆ । ਸਾਂਤਕ ਸਾਚਾ ਰੂਪ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੈਠ ਅਡੋਲ ਗੁਰਮੁਖ ਸਾਚੇ ਵਿਚ ਆਪਣਾ ਆਪ ਟਿਕਾਇਆ । ਸਾਂਤਕ ਤੇਰਾ ਸਤਿ ਵਰਤਾਰ । ਪ੍ਰਭ ਸਾਚਾ ਤੇਰੇ ਭਰੇ ਭੰਡਾਰ । ਮਾਤਲੋਕ ਕਦੇ ਨਾ ਆਏ ਹਾਰ । ਲੋਕ ਪਰਲੋਕ ਗੁਰਮੁਖ ਸਾਚਾ ਆਪਣਾ ਜਾਏ ਸੁਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਤਮ ਦੇਵੇ ਸਾਚਾ ਸਾਂਤਕ ਅਧਾਰ । ਸਾਂਤਕ ਸਾਚਾ ਸਤਿ ਸਰੂਪ । ਦੇਵੇ ਪ੍ਰਭ ਸਾਚਾ ਭੂਪ । ਸਾਂਤਕ ਵਰਤੇ ਸਤਿ ਸਤਿ ਨਾ ਲਾਗੇ ਦੂਖ । ਕਰ ਦਰਸ ਸਤਿ ਸਰੂਪ । ਦੇਵੇ ਪ੍ਰਭ ਸਾਚਾ ਭੂਪ । ਕਰ ਦਰਸ ਗੁਰ ਜੀਵ ਉਤਰੇ ਤੇਰੀ ਭੂਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪੁਚਾਵੇ ਸਾਚਾ ਸੂਖ । ਭੂਖ ਨਿਵਾਰੇ ਆਪ ਪ੍ਰਭ, ਜਿਸ ਦਇਆ ਕਮਾਏ । ਭੂਖ ਨਿਵਾਰੇ ਆਪ ਪ੍ਰਭ, ਹੋਏ ਅੰਤ ਸਹਾਏ । ਭੂਖ ਨਿਵਾਰੇ ਆਪ ਪ੍ਰਭ, ਅੰਮ੍ਰਿਤ ਮੁਖ ਚੁਆਏ । ਭੂਖ ਨਿਵਾਰੇ ਆਪ ਪ੍ਰਭ, ਸਾਚਾ ਸ਼ਬਦ ਮਨ ਵਸਾਏ । ਭੂਖ ਨਿਵਾਰੇ ਆਪ ਪ੍ਰਭ, ਨਾਮ ਦਾਨ ਦਰ ਭਿਛਿਆ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੂਖਮ ਸੂਖ ਸੂਖ ਸੁਖਦਾਏ । ਸੁਖਦਾਇਕ ਆਪ ਪ੍ਰਿਤਪਾਲਾ । ਸਰਬ ਪ੍ਰਿਤਪਾਲਕ ਹੋਏ ਆਪ ਰਖਵਾਲਾ । ਵਡ ਘਾਲ ਗੁਰਮੁਖ ਵਿਚ ਮਾਤ ਦੇ ਘਾਲਾ । ਵਡ ਵਡ ਦਾਇਕ, ਪ੍ਰਭ ਹੋਏ ਆਪ ਦਿਆਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਤੇਰਾ ਹੋਏ ਆਪ


੪੪
੦੨

ਰਖਵਾਲਾ । ਸਾਚਾ ਪ੍ਰਭ ਹੋਏ ਸਹਾਇਆ । ਸਾਚਾ ਪ੍ਰਭ ਗੁਰ ਸਾਚੇ ਮੇਲ ਮਿਲਾਇਆ । ਗੁਰਮੁਖ ਸਾਚਾ ਪ੍ਰਭ ਸਾਚੇ ਦੀ ਸਰਨਾਈ ਆਇਆ । ਸਾਚਾ ਪ੍ਰਭ ਸਾਚਾ ਘਰ ਸਚਖੰਡ ਗੁਰ ਧਾਮ ਉਪਾਇਆ । ਗੁਰਮੁਖ ਸਾਚੇ ਸਾਚੇ ਘਰ ਪ੍ਰਭ ਮਾਣ ਦਵਾਇਆ । ਏਕਾ ਜੋਤ ਅਕਾਰ ਕਰ, ਏਕਾ ਦੀਪ ਜਗਾਇਆ । ਏਕਾ ਜੋਤ ਪਰਕਾਸ਼ ਕਰ, ਪ੍ਰਭ ਸਾਚਾ ਥਾਨ ਸੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਮੇਲ ਮਿਲਾਇਆ । ਜੋਤ ਸਰੂਪੀ ਮੇਲ ਮਿਲਾਏ । ਆਵਣ ਜਾਵਣ ਗੇੜ ਕਟਾਏ । ਲੱਖ ਚੁਰਾਸੀ ਫੇਰ ਨਾ ਆਏ । ਮਾਤ ਗਰਭ ਨਾ ਵਾਸ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਪਰਗਟ ਜੋਤ ਦਰਸ ਦਿਖਾਏ । ਏਕਾ ਜੋਤ ਏਕਾ ਅਕਾਰ । ਜਨਮ ਨਾ ਪਾਵੇ ਦੂਜੀ ਵਾਰ । ਆਪ ਉਪਾਵੇ ਸੱਚੀ ਸਰਕਾਰ । ਆਵੇ ਜਾਵੇ ਆਪ ਪ੍ਰਭ ਮਾਤਲੋਕ ਲਏ ਅਵਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਨ ਭਗਤਾਂ ਜਾਏ ਤਾਰ । ਭਗਤ ਜਨਾਂ ਪ੍ਰਭ ਸਦਾ ਬਲਿਹਾਰੇ । ਦੁੱਖ ਭੁੱਖ ਪ੍ਰਭ ਰੋਗ ਨਿਵਾਰੇ । ਆਤਮ ਸੁਖ ਪ੍ਰਭ ਆਪ ਉਪਜਾਏ । ਸੁਫਲ ਕੁੱਖ ਮਾਤ ਕਰਾਏ । ਮਾਤਲੋਕ ਪ੍ਰਭ ਜਨਮ ਦਵਾਏ । ਗੁਰਮੁਖ ਸਾਚੇ ਜਨ ਭਗਤ ਪ੍ਰਭ ਆਪਣੀ ਸਰਨ ਲਗਾਏ । ਪਰਗਟ ਜੋਤ ਨਿਹਕਲੰਕ ਜਾਮੇ ਬਹੱਤਰ ਭਗਤ ਜਨ ਜਾਏ ਆਪ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੰਤਮ ਅੰਤ ਆਪਣੀ ਬਣਤ ਬਣਾਏ । ਸਾਚਾ ਸੰਤ ਮੁੱਖ ਰਖਾਇਆ । ਸੰਤ ਮਨੀ ਸਿੰਘ ਨਾਮ ਵਡਿਆਇਆ । ਸਤਿਜੁਗ ਸਾਚਾ ਸਤਿਗੁਰ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾਇਆ । ਮਾਤਲੋਕ ਪ੍ਰਭ ਜਨ ਭਗਤ ਉਧਾਰੇ । ਮਾਤਲੋਕ ਆਏ ਪ੍ਰਭ ਆਪ ਨਿਰੰਕਾਰੇ । ਕੋਇ ਨਾ ਜਾਣੇ ਪ੍ਰਭ ਖੇਲ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਉਤਾਰੇ । ਸਾਚਾ ਸਿਖ ਬਲੀ ਬਲਵਾਨ । ਸਾਚਾ ਪ੍ਰਭ ਵਾਲੀ ਦੋ ਜਹਾਨ । ਤਨ ਮਨ ਧਨ ਕੀਆ ਕੁਰਬਾਨ । ਦੇਵੇ ਵਡਿਆਈ,, ਮਹਾਰਾਜ ਸ਼ੇਰ ਸਿੰਘ ਪਰਗਟ ਜੋਤ ਵਿਸ਼ਨੂੰ ਭਗਵਾਨ । ਗੁਰਮੁਖ ਸਾਚੇ ਸੇਵ ਕਮਾਈ । ਬੁਧ ਸਿੰਘ ਮਿਲੀ ਵਡਿਆਈ । ਬਾਲੇ ਚੱਕ ਧਾਮ ਸੁਹਾਈ । ਨਿਹਕਲੰਕ ਕਲ ਚਰਨ ਟਿਕਾਈ । ਮਾਇਆ ਪਾਏ ਜਗਤ ਭੁਲਾਈ । ਸਾਚੇ ਲੇਖ ਵੇਖ ਗੁਰਸਿਖ ਚਰਨ ਲਗਾਈ । ਸਾਚੀ ਮੇਖ ਜਗਤ ਲਗਾਈ । ਤਨ ਮਨ ਧਨ ਪ੍ਰਭ ਬਲ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਲੇਖ ਪ੍ਰਭ ਆਪ ਲਿਖਾਈ । ਸਾਚਾ ਪ੍ਰਭ ਲੇਖ ਲਿਖਾਏ । ਜਨ ਭਗਤ ਆਪ ਵਡਿਆਏ । ਆਪ ਅਗਣਤ ਬਣਤ ਬਣਾਏ । ਜੀਵ ਜੰਤ ਪ੍ਰਭ ਮੁੱਖ ਰਖਾਏ । ਸਤਿਜੁਗ ਸਾਚਾ ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਾਰ ਜੁਗ ਤੇਰਾ ਨਾਮ ਰਖਾਏ । ਸਾਚਾ ਪ੍ਰਭ ਲੇਖ ਲਿਖਈਆ । ਨਾ ਕੋਈ ਮੇਟੇ ਮੇਟ ਮਿਟਈਆ । ਆਪ ਚੜ੍ਹਾਏ ਸਾਚੀ ਨਈਆ । ਸਾਚਾ ਦਰ ਦਵਾਰ ਪ੍ਰਭ ਆਪ ਦਵਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਚਖੰਡ ਨਿਵਾਸ ਰਖਈਆ । ਗੁਰਸਿਖ ਸਚਖੰਡ ਦਵਾਰ, ਏਕਾ ਦੇਵੇ ਜੋਤ ਅਧਾਰ, ਆਪੇ ਆਪ ਪ੍ਰਭ ਰਘੁਰਾਇਆ । ਹੋਏ ਸਦਾ ਸਹਾਰ, ਏਕਾ ਜੋਤ ਡਗਮਗਾਇਆ । ਬੈਠਾ ਰਹੇ ਆਪ ਨਿਰਾਧਾਰ, ਰਸਨਾ ਜਪ ਜਪ ਜੀਵ ਮਾਨਸ ਜਨਮ ਨਾ ਆਵੇ ਹਾਰ । ਆਪ ਬੋਲੇ ਬੋਲ ਬੁਲਾਏ ਕਰਤਾਰ, ਬਿਨ ਬੋਲੇ ਜੀਵ ਜੰਤ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਪਾਏ ਸਾਰ । ਗੁਰ ਸੰਗਤ ਪੰਚਮ ਵਡਿਆਈ । ਸਾਧ ਸੰਗਤ ਪ੍ਰਭ ਹੋਏ ਸਹਾਈ । ਗੁਰ ਸੰਗਤ ਪ੍ਰਭ ਬਣਤ ਬਣਾਈ । ਸਾਧ ਸੰਗਤ ਪ੍ਰਭ ਲਾਜ ਰਖਾਈ । ਸਾਧ ਸੰਗਤ ਤੇਰੀ ਧੰਨ ਕਮਾਈ । ਸਾਧ

ਸੰਗਤ ਪ੍ਰਭ ਸੇਵ ਕਮਾਈ । ਗੁਰ ਸੰਗਤ ਪ੍ਰਭ ਬੂਝ ਬੁਝਾਈ । ਸਾਧ ਸੰਗਤ ਮਾਰਗ ਪਾਈ । ਗੁਰ ਸੰਗਤ ਨਵ ਨਿਧ ਪਾਈ । ਸਾਧ ਸੰਗਤ ਪ੍ਰਭ ਆਤਮ ਸਰੂਰ ਰਖਾਈ । ਗੁਰ ਸੰਗਤ ਦੁੱਧ ਪੁੱਤ ਫਲ ਸਾਚਾ ਪਾਈ । ਗੁਰ ਸੰਗਤ ਮੂਲ ਆਪਣਾ ਨਾ ਕਲ ਗਵਾਈ । ਸਾਧ ਸੰਗਤ ਸੋਹੰ ਸਾਚਾ ਨਾਉਂ ਸਦ ਰਸਨਾ ਗਾਈ । ਗੁਰ ਸੰਗਤ ਮਿਲੇ ਸਾਚਾ ਥਾਉਂ, ਪ੍ਰਭ ਅਬਿਨਾਸ਼ੀ ਸੇਵ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਹੋਏ ਸਹਾਈ । ਸਾਧ ਸੰਗਤ ਕਲ ਸਾਚੇ ਗੁਣ । ਗੁਰ ਸੰਗਤ ਪ੍ਰਭ ਲਏ ਚੁਣ । ਸਾਧ ਸੰਗਤ ਸਾਚਾ ਸ਼ਬਦ ਪ੍ਰਭ ਸਾਚੇ ਕਾ ਸੁਣ । ਗੁਰ ਸੰਗਤ ਉਪਜਾਵੇ ਸਾਚੀ ਧੁਨ । ਸਾਧ ਸੰਗਤ ਪ੍ਰਭ ਮੇਲ ਮਿਲਾਏ, ਗੁਰਮੁਖ ਸਾਚੇ ਚੁਣ । ਗੁਰ ਸੰਗਤ ਦਰਸ ਦਿਖਾਏ, ਪੈਜ ਰਖਾਏ ਜੋਤ ਸਰੂਪੀ ਪਵਣ । ਗੁਰ ਸੰਗਤ ਪ੍ਰਭ ਨਾ ਵਿਚਾਰ ਅਵਗੁਣ ਗੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਮੇਘ ਬਰਸਾਏ ਜਿਉਂ ਬਰਸੇ ਸਵਣ । ਅੰਮ੍ਰਿਤ ਬਰਸੇ ਸਾਚਾ ਸੀਰ । ਗੁਰਮੁਖਾਂ ਆਤਮ ਕੱਢੇ ਪੀਰ । ਏਕਾ ਸ਼ਬਦ ਪ੍ਰਭ ਰਖਾਏ ਆਤਮ ਧੀਰ । ਅੰਮ੍ਰਿਤ ਸਾਚਾ ਮੁਖ ਚੁਆਏ ਜਿਉਂ ਬਾਲਕ ਮਾਤਾ ਸੀਰ । ਮਾਤ ਕੁੱਖ ਪ੍ਰਭ ਸੁਫਲ ਕਰਾਏ, ਸੋਹੰ ਸ਼ਬਦ ਚਲਾਏ ਪ੍ਰਭ ਸਾਚਾ ਤੀਰ । ਬੇਮੁਖਾਂ ਪ੍ਰਭ ਨਸ਼ਟ ਕਰਾਏ ਚਾਰ ਕੁੰਟ ਪਾਏ ਵਹੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧਰਾਏ ਨੀਰ । ਸਾਧ ਸੰਗਤ ਵਕਤ ਅਖ਼ੀਰ । ਸਾਚਾ ਪ੍ਰਭ ਹੋਏ ਸਹਾਈ ਦੇਵੇ ਧੀਰ । ਬੇਮੁਖਾਂ ਅੰਤਕਾਲ ਕਲ ਵੇਖੋ ਲੱਥੇ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਗਹਿਰ ਗੰਭੀਰ । ਸਾਚਾ ਪ੍ਰਭ ਸਚ ਦਰ ਮੰਗ । ਪ੍ਰਭ ਆਤਮ ਚਾੜ੍ਹੇ ਸਾਚਾ ਰੰਗ । ਵਡ ਦਾਤਾ ਵਡ ਗੁਰ ਸੂਰਾ ਸਰਬੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰਸ ਦਾਨ ਦਰ ਮੰਗ । ਸਾਚਾ ਪ੍ਰਭ ਦਰਸ ਸਦ ਪਾਓ । ਜਨਮ ਮਰਨ ਦਾ ਗੇੜ ਚੁਕਾਓ । ਏਕਾ ਜੋਤ ਜੋਤ ਮਿਲ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਸਮਾਓ । ਸਾਚਾ ਸਿਖ ਗੁਰ ਵਿਚ ਸਮਾਏ । ਆਤਮ ਤ੍ਰਿਖ ਪ੍ਰਭ ਆਪ ਮਿਟਾਏ । ਸਾਚੀ ਭਿੱਖ ਪ੍ਰਭ ਅੰਮ੍ਰਿਤ ਮੁਖ ਚੁਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਤਮ ਸਾਚੀ ਜੋਤ ਜਗਾਏ । ਜੋਤ ਪਰਗਟਾਏ ਕਾਹਨਾ ਸਾਵਲ ਸੁੰਦਰਾ । ਪ੍ਰਭ ਝੂਠਾ ਭੇਖ ਮਿਟਾਏ, ਜੋ ਪਾਏ ਫਿਰਨ ਮੁੰਦਰਾ । ਪ੍ਰਭ ਸਾਚੀ ਜੋਤ ਜਗਾਏ, ਚਰਨ ਲਗਾਏ ਗੋਰਖ ਮਛੰਦਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਪਕੜ ਚਰਨ ਲਗਾਏ ਕਰੋੜ ਤੇਤੀਸ ਸੁਰਪਤ ਰਾਜਾ ਇੰਦਰਾ । ਸਰਬ ਦੇਵੇ ਪ੍ਰਭ ਇਕ ਸਰਨਾਈ । ਇਕੀਸ ਬੀਸ ਭੇਖ ਮਿਟਾਈ । ਏਕਾ ਛਤਰ ਸੀਸ ਝੁਲਾਈ । ਚਾਰ ਕੁੰਟ ਸੋਹੰ ਤੇਰੇ ਨਾਮ ਦੁਹਾਈ । ਬਿਰਧ ਬਾਲ ਜਵਾਨ ਸਭ ਰਸਨਾ ਗਾਈ । ਏਕਾ ਪੂਜਨ ਭਗਵਾਨ, ਦੂਸਰ ਕੋਈ ਰਹਿਣ ਨਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਨਾਮ ਜਗਤ ਰਖਾਈ । ਏਕ ਚਲਾਏ ਸਾਚਾ ਨਾਉਂ । ਆਪ ਉਪਜਾਏ ਸਭਨੀ ਥਾਉਂ । ਪ੍ਰਭ ਜਾਏ ਜੋਤ ਪਰਗਟਾਏ ਮਾਣ ਰਖਾਏ ਜਗਤ ਗੁੜਗਾਉਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦ ਸਦ ਬਲ ਜਾਓ । ਸਦਾ ਸਦਾ ਪ੍ਰਭ ਬਲਿਹਾਰ । ਏਕਾ ਦੇਵੇ ਚਰਨ ਪਿਆਰ । ਹਉਮੇ ਮਮਤਾ ਦੇਵੇ ਮਾਰ । ਅਨੂਪ ਰੂਪ ਦੇਵੇ ਦਰਸ ਆਪ ਕਰਤਾਰ । ਸਤਿ ਸਰੂਪ ਜੋਤ ਅਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਤਮ ਸੂਖਮ ਨਿਰ ਵਿਕਾਰ । ਆਤਮ ਸੂਖ ਆਪ ਉਪਜਈਆ । ਦੂਖਮ ਭੂਖਮ ਪ੍ਰਭ ਮਿਟਈਆ । ਵਡ ਵਡ ਸੂਖਮ ਪ੍ਰਭ ਸੂਖ ਦਵਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਚੜ੍ਹਾਏ ਏਕਾ ਨਈਆ । ਏਕਾ

ਟੇਕਾ ਸਾਚਾ ਨਾਂ । ਚਾਰ ਵਰਨ ਅੱਠ ਸੱਠ ਤੀਰਥ ਮੱਕਾ ਮਦੀਨਾ ਨਾ ਕੋਈ ਦੀਸੇ ਦੂਜਾ ਥਾਂ । ਏਕਾ ਲੇਖਾ ਪ੍ਰਭ ਦਰਸ਼ਨ ਪੇਖਾ, ਬਾਕੀ ਰਹੇ ਨਾ ਨਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਬਲ ਬਲ ਜਾਂ । ਆਪਣਾ ਲੇਖਾ ਆਪ ਚੁਕਾਏ । ਭੇਖੀ ਭੇਖਾ ਸਰਬ ਭੇਖ ਮਿਟਾਏ । ਵੇਖੀ ਵੇਖਾ ਸਭ ਕੁਛ ਵੇਖ, ਕਲਜੁਗ ਜੀਵ ਵੇਖ ਵਖਾਏ । ਗੁਰਮੁਖ ਸਾਚੇ ਨੇਤਰ ਪੇਖਾ । ਭਗਤ ਵਛਲ ਪ੍ਰਭ ਘਰ ਆਣ ਤਰਾਏ । ਸਾਚੀ ਰੇਖਾ ਪ੍ਰਭ ਵਿਚ ਮਾਤ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਮ ਧਰਮ ਦੋਏ ਮਾਤ ਉਪਾਏ । ਸਾਚਾ ਕਰਮ ਪ੍ਰਭ ਕਮਾਵਣਾ । ਏਕਾ ਧਰਮ ਜਗਤ ਚਲਾਵਣਾ । ਏਕਾ ਬ੍ਰਹਮ ਬ੍ਰਹਮ ਸਰੂਪ ਦਿਖਾਵਣਾ । ਏਕਾ ਜਨਮ ਜੀਵ ਜੰਤ ਦਵਾਵਣਾ । ਏਕਾ ਚਰਨ ਪ੍ਰਭ ਦਰ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਪਣਾ ਆਪ ਵਿਚ ਟਿਕਾਵਣਾ । ਸਰਬ ਜੰਤ ਜੀਵ ਏਕਾ ਜ਼ਾਤ । ਊਚ ਨੀਚ ਨਾ ਕੋਈ ਪਾਤ । ਸਾਚਾ ਪ੍ਰਭ ਧਰੇ ਜੋਤ ਸਤਿ ਸਰੂਪ ਵਿਚ ਮਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਏਕਾ ਦੇਵਾਂ ਸੋਹੰ ਸਾਚੀ ਦਾਤ । ਸੋਹੰ ਦਾਤ ਗੁਰ ਦਰ ਪਾਓ । ਦਰ ਦਰ ਮੰਗਣ ਦੀ ਆਸ ਮਿਟਾਓ । ਏਕਾ ਨਾਮ ਸਵਾਸ ਸਵਾਸ ਸਰਬ ਜੀਵ ਗਾਓ । ਸਾਚਾ ਪ੍ਰਭ ਹੋਏ ਦਾਸ, ਕਰ ਦਰਸ ਆਤਮ ਤ੍ਰਿਪਤਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਰੱਖੇ ਵਾਸ, ਕਲਜੁਗ ਜੀਵ ਭੁਲ ਨਾ ਜਾਓ । ਕਲਜੁਗ ਭੁੱਲੇ ਜੀਵ ਅੰਵਾਣੇ । ਗੁਰਮੁਖ ਵਿਰਲੇ ਸੁਘੜ ਸਿਆਣੇ । ਵੇਲਾ ਅੰਤ ਅੰਤਕਾਲ ਭੁੱਜਣ ਜਿਉਂ ਭਠਿਆਲੇ ਦਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਆਪਣੇ ਭਾਣੇ । ਸਚ ਭੱਠ ਪ੍ਰਭ ਵਡਾ ਭਠਿਆਲ । ਜੋਤ ਸਰੂਪੀ ਅਗਨ ਪ੍ਰਭ ਸਾਚਾ ਦੇਵੇ ਬਾਲ । ਸ੍ਰਿਸ਼ਟ ਸਬਾਈ ਹੋਈ ਅੰਧੇਰੀ ਰਾਤ, ਗੁਰਮੁਖਾਂ ਪ੍ਰਭ ਰੱਖੇ ਚਰਨਾਂ ਨਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਸ਼ਬਦ ਧਨ ਮਾਲ । ਸ਼ਬਦ ਧੁਨ ਸਚ ਦਰਬਾਰਾ । ਕਰ ਕਰ ਗੁਰਸਿਖ ਆਤਮ ਹੋਏ ਉਜਿਆਰਾ । ਸਾਚਾ ਨਾਮ ਸਾਚਾ ਕਾਮ ਸਾਚਾ ਜਗਤ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰਾ । ਆਦਿ ਅੰਤ ਅੰਤ ਆਦਿ ਨਾ ਕਿਸੇ ਜਣਾਇਆ । ਜਾਪ ਤਾਪ ਜੁਗੋ ਜੁਗ ਪ੍ਰਭ ਅਪਣਾ ਆਪ ਉਪਾਇਆ । ਪਤਤ ਪਾਪੀ ਪਾਪਣ ਪਾਪ ਜੁਗੋ ਜੁਗ ਖਪਾਇਆ । ਸ੍ਰਿਸ਼ਟ ਸਬਾਈ ਮਾਈ ਬਾਪ, ਆਪ ਆਪਣਾ ਬਿਰਦ ਰਖਾਇਆ । ਆਪ ਆਪਣਾ ਬਿਰਦ ਰਖਾਏ । ਜਿਉਂ ਭਾਵੇ ਤਿਉਂ ਜਗਤ ਚਲਾਏ । ਜੋ ਜਨ ਰਸਨਾ ਗਾਵੇ ਆਤਮ ਤ੍ਰਿਪਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਪੂਰਨ ਆਸ ਕਰਾਏ । ਪੂਰਨ ਆਸ ਗੁਰ ਦਰ ਹੋਏ । ਪੂਰਾ ਭਰਵਾਸਾ ਭੁੱਖ ਰਹੇ ਨਾ ਕੋਇ । ਜਪ ਜੀਵ ਸਵਾਸ ਸਵਾਸਾਂ ਪ੍ਰਭ ਆਤਮ ਤ੍ਰਿਖਾ ਮਿਟਾਏ । ਕੱਟੇ ਵਾਸਣ ਪ੍ਰਭ ਗਰਭ ਵਾਸਾ, ਜਨਮ ਮਰਨ ਵਿਚ ਫੇਰ ਨਾ ਆਏ । ਮਹਾਰਾਜ ਸ਼ੇਰ ਸਿੰਘ ਸਰਬ ਘਟ ਵਾਸਾ, ਅੰਤਕਾਲ ਅੰਤਮ ਅੰਤ ਆਪ ਸਹਾਏ । ਅੰਤਕਾਲ ਪ੍ਰਭ ਹੋਏ ਸਹਾਇਆ । ਹਰਿ ਜਨ ਸਾਚਾ ਸੰਤ ਪ੍ਰਭ ਆਣ ਤਰਾਇਆ । ਆਪ ਬਣਾਏ ਗੁਰਮੁਖ ਬਣਤ ਜੋਤ ਸਰੂਪੀ ਦਰਸ ਦਿਖਾਇਆ । ਜੋਤ ਸਰੂਪ ਜੋਤ ਜਗਾਏ । ਜੋਤ ਸਰੂਪ ਜੋਤ ਜਗਤ ਧਰਾਏ । ਜੋਤ ਸਰੂਪ ਆਪਣਾ ਖੇਲ ਆਪ ਵਰਤਾਏ । ਜੋਤ ਸਰੂਪ ਵਿਛੜਿਆਂ ਕਲ ਮੇਲ ਮਿਲਾਏ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਝੂਠਾ ਭੇਖ ਮਿਟਾਏ । ਜੋਤ ਸਰੂਪ ਜੋਤ ਅਧਾਰੀ । ਜੋਤ ਸਰੂਪ ਵਡ ਸੰਸਾਰੀ । ਜੋਤ ਸਰੂਪ ਭਗਤ ਉਧਾਰੀ । ਜੋਤ ਸਰੂਪ ਸ੍ਰਿਸ਼ਟ ਸਬਾਈ ਕਰੇ ਚਰਨ ਪਨਿਹਾਰੀ । ਜੋਤ ਸਰੂਪ ਪਰਗਟੇ ਜੋਤ, ਏਕਾ ਕ੍ਰਿਸ਼ਨ ਮੁਰਾਰੀ । ਜੋਤ ਸਰੂਪ

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਾਮ ਅਧਾਰੀ । ਜੋਤ ਸਰੂਪ ਜਗਤ ਪਿਤ ਆਇਆ । ਜੋਤ ਸਰੂਪ ਏਕਾ ਸਾਚਾ ਨਾਮ ਚਲਾਇਆ । ਜੋਤ ਸਰੂਪ ਸੱਚੋ ਸਚ ਸਚ ਸਚ ਜਗਤ ਧਰਾਇਆ । ਜੋਤ ਸਰੂਪ ਆਪੇ ਵਰਤੇ । ਜੋਤ ਸਰੂਪ ਪਰਗਟੇ ਵਿਚ ਮਾਤ ਧਰਤੇ । ਜੋਤ ਸਰੂਪ ਜੋਤ ਪ੍ਰਭ ਖੇਲ ਜਾਣੇ ਕੋਇ ਨਾ ਕਰਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਜੋਤ ਜਗਾਏ ਵਡ ਵਡ ਕਰਤੇ । ਜੋਤ ਸਰੂਪ ਵਡਾ ਵਡ ਨਰ । ਜੋਤ ਸਰੂਪ ਮਾਤਲੋਕ ਜੋਤ ਦਏ ਧਰ । ਜੋਤ ਸਰੂਪ ਗੁਰਮੁਖ ਸਾਚੇ ਦਰ ਦਰ ਆਏ ਦਰਸ ਪ੍ਰਭ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਵਰ ਘਰ । ਜੋਤ ਸਰੂਪ ਸਚ ਘਰ ਆਇਆ । ਜੋਤ ਸਰੂਪ ਆਪਣਾ ਆਪ ਮਾਤ ਪਰਗਟਾਇਆ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਨੂਰ ਉਪਾਇਆ । ਜੋਤ ਸਰੂਪ ਸਰਬ ਕਾ ਗਿਆਤਾ । ਜੋਤ ਸਰੂਪ ਸਰਬ ਪਿਤ ਮਾਤਾ । ਜੋਤ ਸਰੂਪ ਜਨ ਭਗਤਾਂ ਦੇਵੇ ਸਾਚੀ ਦਾਤਾ । ਜੋਤ ਸਰੂਪ ਗੁਰਮੁਖ ਵਿਰਲੇ ਕਲ ਪਛਾਤਾ । ਜੋਤ ਸਰੂਪ ਚਾਰ ਵਰਨ ਕਰਾਏ ਏਕਾ ਭੈਣ ਭਰਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਜੀਆਂ ਕਾ ਆਪੇ ਦਾਤਾ । ਜੋਤ ਸਰੂਪ ਸਰਬ ਗੁਣ ਜਾਣੇ । ਜੋਤ ਸਰੂਪ ਆਪ ਚਲਾਏ ਆਪਣੇ ਭਾਣੇ । ਜੋਤ ਸਰੂਪ ਬਾਂਹੋਂ ਪਕੜ ਗੁਰਸਿਖ ਉਠਾਣੇ । ਜੋਤ ਸਰੂਪ ਆਪ ਆਪਣੇ ਚਰਨ ਲਗਾਣੇ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ । ਜੋਤ ਸਰੂਪ ਸਾਚਾ ਦੇਵੇ ਨਾਮ ਅਧਾਰ । ਜੋਤ ਸਰੂਪ ਗੁਰਸਿਖ ਦੇਵੇ ਚਰਨ ਪਿਆਰ । ਗੁਰ ਚਰਨ ਹਰਿ ਕਾ ਦਵਾਰ । ਗੁਰ ਚਰਨ ਗੁਰਸਿਖ ਤਾਰਨਹਾਰ । ਗੁਰ ਚਰਨ ਦੁਤਰ ਜਾਏ ਤਾਰ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਦੇਵੇ ਪਿਆਰ ਸਰਬ ਨਰ ਨਾਰ । ਜੋਤ ਸਰੂਪ ਸਚ ਪ੍ਰੀਤੀ । ਜੋਤ ਸਰੂਪ ਗੁਰਸਿਖ ਦੇਵੇ ਸਾਚੀ ਨੀਤੀ । ਜੋਤ ਸਰੂਪ ਗੁਰਸਿਖ ਚਰਨ ਲਾਗੇ ਸਰਬਜੀਤ ਸਦਾ ਜਗ ਜੀਤੀ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਾਇਆ ਸੀਤਲ ਕੀਤੀ । ਜੋਤ ਸਰੂਪ ਮੇਲ ਮਿਲਾਏ ਭਗਤ ਭਗਵਾਨਾ । ਜੋਤ ਸਰੂਪ ਏਕਾ ਸ਼ਬਦ ਧੁਨ ਸੁਣਾਏ ਕਾਨਾ । ਗੁਰਮੁਖ ਸਾਚੇ ਪ੍ਰਭ ਆਤਮ ਦਵਾਏ ਪ੍ਰਭ ਗਿਆਨਾ । ਜੋਤ ਸਰੂਪ ਸੰਸਾ ਰੋਗ ਮਿਟਾਏ, ਦਰਸ ਦਿਖਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਗੁਰ ਚਰਨ ਦੋਏ ਜੀਵ ਜੋੜ । ਗੁਰ ਚਰਨ ਗੁਰਮੁਖ ਸਾਚੇ ਆਦਿ ਅੰਤ ਲੋੜ । ਗੁਰ ਚਰਨ ਜੋ ਜਨ ਪਰਸੇ ਪ੍ਰਭ ਦੇਹੀ ਕੱਟੇ ਰੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਿਛੜਿਆਂ ਮੇਲ ਮਿਲਾਇਆ ਸਾਚਾ ਜੋੜ । ਗੁਰ ਚਰਨ ਗੁਰ ਦਰ ਪਰਸ । ਗੁਰ ਚਰਨ ਆਤਮ ਮਿਟਾਏ ਸਾਰੀ ਹਰਸ । ਗੁਰ ਚਰਨ ਆਤਮ ਮੇਘ ਰਿਹਾ ਦਰ ਬਰਸ । ਗੁਰ ਚਰਨ ਗੁਰਮੁਖਾਂ ਲਗਾਏ ਕਰ ਤਰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਸਰਬ ਹਰਸ । ਗੁਰ ਚਰਨ ਸਾਚਾ ਸੰਗ । ਗੁਰ ਚਰਨ ਪ੍ਰਭ ਦਰ ਮੰਗ । ਗੁਰਮੁਖ ਸਾਚੇ ਸਦਾ ਅੰਗ ਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਾੜ੍ਹੇ ਅਤਮ ਸਾਚਾ ਰੰਗ । ਜੋਤ ਸਰੂਪੀ ਸਾਚਾ ਨੂਰ । ਜੋਤ ਸਰੂਪ ਗੁਰਸਿਖ ਆਤਮ ਕਰੇ ਭਰਪੂਰ । ਜੋਤ ਸਰੂਪ ਗੁਰਸਿਖ ਸਾਚੇ ਨਾ ਦਿਸੇ ਦੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੇਵੇ ਚਰਨ ਧੂੜ । ਗੁਰ ਚਰਨ ਸਾਚੀ ਧੂੜ । ਗੁਰਸਿਖ ਮਸਤਕ ਲਾਏ ਚਰਨ ਧੂੜ । ਪ੍ਰਭ ਆਤਮ ਦੇਵੇ ਸਾਚਾ ਨੂਰ । ਗੁਰਸਿਖ ਤਰਾਏ ਜੋਤ ਜਗਾਏ ਜਿਉਂ ਕੋਹਤੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਪਾਏ ਸਾਚਾ ਨੂਰ । ਗੁਰ ਚਰਨ ਪ੍ਰੀਤੀ ਸਾਚਾ ਦਰ । ਗੁਰ ਚਰਨ ਪ੍ਰੀਤ ਮਿਲੇ ਪ੍ਰਭ ਆਸਾ ਵਰ । ਗੁਰ ਚਰਨ

ਪ੍ਰੀਤੀ ਮਿਲੇ ਅਵਤਾਰ ਨਰ । ਗੁਰ ਚਰਨ ਪ੍ਰੀਤ ਸਰਬ ਜਗ ਜੀਤ, ਮਾਨਸ ਜਨਮ ਜੀਵ ਨਾ ਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਿਸਾਵੇ ਏਕਾ ਘਰ । ਗੁਰ ਚਰਨ ਸਚ ਘਰ ਪਾਓ । ਗੁਰ ਚਰਨ ਲਾਗ ਆਪਣਾ ਆਪ ਕਲ ਤਰਾਓ । ਗੁਰ ਚਰਨ ਖੋਲ੍ਹੇ ਹਰਨ ਫਰਨ, ਗੁਰ ਚਰਨ ਧੂੜ ਮਸਤਕ ਲਾਓ । ਗੁਰ ਚਰਨ ਲਾਗ ਜਾਗਣ ਭਾਗ ਉਪਜੇ ਰਾਗ, ਜੋਤ ਸਰੂਪ ਦਰਸ ਨਿਤ ਪਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰਸਨਾ ਗਾਓ । ਰਾਗਨ ਰਾਗ ਪ੍ਰਭ ਆਪ ਉਪਜਾਵੇ । ਸੋਹੰ ਸਾਚੀ ਅਵਾਜ਼ ਪ੍ਰਭ ਆਤਮ ਧੁਨ ਉਪਜਾਵੇ । ਵਡ ਤਾਜਨ ਤਾਜ ਆਪ ਮਹਾਰਾਜ ਸੁੰਨ ਸਮਾਧੀ ਖੋਲ੍ਹ ਵਖਾਵੇ । ਵਡ ਸਾਜਨ ਸਾਜ ਗੁਰਮੁਖ ਸਾਚੇ ਤੇਰੀ ਲਾਜ ਰਖਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਨ ਪੜੇ ਦੀ ਲਾਜ ਰਖਾਵੇ । ਗੁਰ ਚਰਨ ਸਾਚੀ ਸਰਨਾ । ਕਲਜੁਗ ਜੀਵ ਨਾ ਹੋਏ ਮਰਨਾ । ਸਾਚਾ ਪ੍ਰਭ ਦਰ ਘਰ ਆਏ ਗੁਰਮੁਖ ਸਾਚੇ ਕਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਦਵਾਏ ਜਗਤ ਤਰਾਏ ਚਾਰ ਵਰਨਾਂ । ਚਾਰ ਵਰਨ ਪ੍ਰਭ ਚਰਨ ਲਗਾਵਣਾ । ਸਤਿਜੁਗ ਸਾਚਾ ਮਾਰਗ ਲਾਵਣਾ । ਸਤਿ ਸਚ ਸੁੱਚ ਵਿਚ ਦੇਹ ਵਸਾਵਣਾ । ਬੇਮੁਖ ਦਰ ਦਰ ਫਿਰਨ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਵਣਾ । ਪ੍ਰਭ ਸਾਚੇ ਗੁਰਸਿਖ ਜੋਤ ਸਰੂਪੀ ਦੀਪ ਜਗਾਵਣਾ । ਬੇਮੁਖਾਂ ਪ੍ਰਭ ਜੋਤ ਸਰੂਪੀ ਅਗਨ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਦਿਵਸ ਰੈਣ ਰੈਣ ਦਿਵਸ ਜੈ ਜੈ ਜੈਕਾਰ ਕਰਾਵਣਾ । ਸਤਿਜੁਗ ਤੇਰਾ ਸਾਚਾ ਰਾਹ । ਏਕਾ ਰਾਹ ਦਿਸਾਏ ਬਾਕੀ ਸਰਬ ਮਿਟਾਏ ਦੂਸਰ ਕੋਈ ਨਾਹ । ਏਕਾ ਸ਼ਬਦ ਚਲਾਏ ਜੋਤ ਜਗਾਏ ਸਭਨੀ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਜੈ ਜੈ ਜੈ ਕਰਾਏ, ਜਗਤ ਜਪਾਏ ਏਕਾ ਨਾਂ । ਸਤਿਜੁਗ ਤੇਰੇ ਸਾਚੇ ਗੁਣ । ਪ੍ਰਭ ਅਬਿਨਾਸ਼ੀ ਗੁਰਮੁਖ ਉਪਜਾਏ ਚੁਣ ਚੁਣ । ਆਪੇ ਆਪ ਖੋਲ੍ਹ ਵਖਾਏ ਆਤਮ ਸੁੰਨ । ਜੋਤ ਸਰੂਪੀ ਜੋਤ ਦਿਸਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਜਾਣੇ ਆਪੇ ਗੁਣ । ਸਤਿਜੁਗ ਸਤਿ ਪੁਰਖ ਉਪਾਏ । ਸਚ ਸਚ ਆਪ ਵਰਤਾਏ । ਦੁਖ ਭੁੱਖ ਆਪ ਮਿਟਾਏ । ਏਕਾ ਨਾਮ ਪ੍ਰਭ ਅਧਾਰ ਰਖਾਏ । ਮਾਤ ਕੁੱਖ ਬਾਲ ਅੰਞਾਣੇ ਪ੍ਰਭ ਆਤਮ ਗਿਆਨ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਸਾਚੇ ਸਾਚੇ ਸੰਤ ਉਪਾਏ । ਸਤਿਜੁਗ ਤੇਰਾ ਸਤਿ ਸਤਿਵਾਦ । ਏਕਾ ਸ਼ਬਦ ਉਪਜਾਵੇ ਸੋਹੰ ਵਜਾਵੇ ਸਾਚਾ ਨਾਦ । ਏਕਾ ਸ਼ਬਦ ਚਲਾਵੇ ਲਿਖਾਵੇ ਬੋਧ ਅਗਾਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਜਣਾਵੇ ਮਾਧਵ ਮਾਧ । ਮੋਹਣ ਮਾਧਵ ਕ੍ਰਿਸ਼ਨ ਮੁਰਾਰ । ਕਲਜੁਗ ਆਇਆ ਜਾਮਾ ਧਾਰ । ਨਿਹਕਲੰਕ ਨਰਾਇਣ ਨਰ ਅਵਤਾਰ । ਗੁਰਮੁਖ ਸਾਚੇ ਸਾਚਾ ਪ੍ਰਭ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿਜੁਗ ਜੋਤ ਜਗਾਏ ਅਪਰ ਅਪਾਰ । ਪ੍ਰਭ ਜੋਤ ਰੂਪ ਅਨੂਪ । ਜੋਤ ਜਗਾਏ ਪ੍ਰਭ ਕਲ ਸਾਚਾ ਭੂਪ । ਹੋਏ ਰੁਸ਼ਨਾਏ ਵਿਚ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੂਸਰ ਕੋਈ ਰਹਿਣ ਨਾ ਪਾਏ, ਏਕਾ ਜੋਤ ਜਗਾਏ ਸਤਿ ਸਰੂਪ । ਏਕਾ ਪ੍ਰਭ ਏਕਾ ਅਕਾਰ । ਸ੍ਰਿਸ਼ਟ ਸਬਾਈ ਇਕ ਵਰਤਾਰ । ਇਕ ਵਡਿਆਈ ਸਰਬ ਸੰਸਾਰ । ਇਕ ਜਣਾਈ ਸ਼ਬਦ ਧੁਨਕਾਰ । ਏਕ ਜਗਾਈ ਪ੍ਰਭ ਜੋਤ ਅਧਾਰ । ਜੀਵ ਜੰਤ ਟਿਕਾਈ ਗੁਰਮੁਖ ਵਿਰਲਾ ਪਾਵੇ ਸਾਰ । ਬਣਤ ਬਣਾਈ ਆਪ ਨਰ ਅਵਤਾਰ । ਜੀਵ ਜੰਤ ਉਪਾਈ ਸ੍ਰਿਸ਼ਟ ਚਲਾਈ ਸਾਚੀ ਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਵਰਤਾਏ ਸਤਿ ਸਤਿ ਸਤਿ ਕਰਤਾਰ । ਸਤਿ ਸਤਿ ਸਤਿ ਪ੍ਰਭ ਕਰਾਵਣਾ । ਸਤਿ ਸਤਿ ਸਤਿ ਗੁਰਮੁਖ ਵਿਰਲੇ ਕਮਾਵਣਾ ।

ਸਤਿ ਸਤਿ ਸਤਿ ਪ੍ਰਭ ਸਾਚੇ ਦਾਨ ਦਵਾਵਣਾ । ਤਤ ਤਤ ਤਤ ਏਕ ਤਤ ਚਾਰ ਵਰਨ ਰਖਾਵਣਾ । ਪ੍ਰਭ ਆਪਣਾ ਆਪ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਸਾਚਾ ਨਾਮ ਚਲਾਵਣਾ । ਸਤਿ ਸਤਿ ਸਤਿ ਵਰਤੰਤ । ਸਤਿ ਸਤਿ ਸਤਿ ਗੁਰਮੁਖ ਵਿਰਲਾ ਜਾਣੇ ਸੰਤ । ਸਤਿ ਸਤਿ ਪ੍ਰਭ ਏਕਾ ਸਾਚਾ ਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਹਿੰਮਾ ਬੜੀ ਅਗਣਤ । ਸਤਿ ਸਤਿ ਸਤਿ ਪ੍ਰਭ ਸਾਰੰਗ ਧਰ । ਸਤਿ ਸਤਿ ਸਤਿ ਪ੍ਰਭ ਅਵਤਾਰ ਨਰ । ਸਤਿ ਸਤਿ ਸਤਿ ਸਤਿਜੁਗ ਸਾਚਾ ਮਾਤ ਜਾਏ ਧਰ । ਸਤਿ ਸਤਿ ਹੋਏ ਬਚਨ, ਚਾਰ ਵਰਨ ਪ੍ਰਭ ਏਕਾ ਜਾਏ ਕਰ । ਸਚ ਸਤਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕ ਖੁਲ੍ਹਾਵੇ ਸਾਚਾ ਦਰ । ਸਾਚਾ ਦਰ ਪ੍ਰਭ ਖੁਲ੍ਹਾਇਆ । ਅੰਮ੍ਰਿਤ ਮੇਘ ਪ੍ਰਭ ਵਰਸਾਇਆ । ਪ੍ਰਭ ਸਾਚੇ ਦੀ ਸਾਚੀ ਦੇਗ, ਗੁਰਮੁਖਾਂ ਮੁਖ ਚੁਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਡ ਵਡ ਦਰ ਦਰਬਾਰ ਇਕ ਰਖਾਇਆ, ਵਰਨ ਚਾਰ ਬਹਾਇਆ । ਚਾਰ ਵਰਨ ਏਕਾ ਦਰ । ਇਕ ਦਿਸਾਏ ਸਾਚਾ ਘਰ । ਏਕਾ ਦੇਵੇ ਸਰਬ ਵਰ । ਏਕਾ ਮਾਣ ਏਕਾ ਤਾਣ ਸਰਬ ਨਾਰੀ ਨਰ । ਝੂਠੀ ਆਣ ਜਗਤ ਕਾਨ ਚੁਕਾਵੇ ਜੋਤ ਜਗਾਵੇ ਨਿਹਕਲੰਕ ਅਵਤਾਰ ਨਰ । ਸਤਿਜੁਗ ਸਾਚਾ ਆਪ ਲਗਾਏ । ਸੋਹੰ ਨਾਮ ਜਗਤ ਟਿਕਾਏ । ਤਟ ਤੀਰਥ ਕੋਈ ਰਹਿਣ ਨਾ ਪਾਏ । ਭਠ ਭਗੀਰਥ ਪ੍ਰਭ ਸਰਬ ਮਿਟਾਏ । ਵਡ ਵਡ ਵਡ ਆਤਮ ਸੀਰ ਪ੍ਰਭ ਅੰਮ੍ਰਿਤ ਮੁਖ ਚੁਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰੀ ਬਣਤ ਬਣਾਏ । ਬਣਤ ਬਣਾਏ ਆਪ ਪ੍ਰਭ, ਆਪਣੀ ਕਿਰਪਾ ਧਾਰ । ਬਣਤ ਬਣਾਏ ਆਪ ਪ੍ਰਭ, ਜਾਏ ਕਾਜ ਸਵਾਰ । ਬਣਤ ਬਣਾਏ ਆਪ ਪ੍ਰਭ, ਦੇਵੇ ਤਾਜ ਰਾਜ ਵਡੀ ਸਿਕਦਾਰ । ਬਣਤ ਬਣਾਏ ਆਪ ਪ੍ਰਭ, ਆਪ ਆਪਣੀ ਪਾਏ ਸਾਰ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਣਵੰਤ ਗੁਣ ਵਿਚਾਰ । ਆਪ ਆਪਣੀ ਬਣਤ ਬਣਾਏ । ਜੀਵ ਜੰਤ ਸਰਨ ਲਗਾਏ । ਮਹਿੰਮਾ ਅਗਣਤ ਗਣੀ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ । ਸਤਿਜੁਗ ਤੇਰਾ ਸ਼ਬਦ ਅਨੰਦ । ਪ੍ਰਭ ਸਾਚਾ ਦੁਖ ਰੋਗ ਮਿਟਾਏ ਬੰਦ ਬੰਦ । ਏਕਾ ਜੋਤ ਜਗਾਏ ਏਕਾ ਦਵਾਏ ਪਰਮਾਨੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੁਖ ਉਪਜਾਵੇ ਗੁਰਮੁਖ ਸਾਚੇ ਨਿਜਾਨੰਦ । ਨਿਜਾਨੰਦ ਨਿਜ ਘਰ ਮਾਣ । ਕਲਜੁਗ ਜੀਵ ਨਾ ਭੁਲ ਅੰਞਾਣ । ਸਾਚਾ ਪ੍ਰਭ ਗੁਣ ਨਿਧਾਨ । ਜੋਤ ਜਗਾਏ ਗੁਰਸਿਖ ਮਹਾਨ । ਸੋਤ ਖੁਲ੍ਹਾਏ ਜੀਵ ਹੋਏ ਦਰ ਦਰਬਾਨ । ਕੋਟਨ ਕੋਟ ਪਾਪ ਗਵਾਏ ਜਨ ਚਰਨੀ ਡਿਗੇ ਆਣ । ਸੋਹੰ ਸ਼ਬਦ ਪ੍ਰਭ ਜੋਤ ਜਗਾਏ । ਆਤਮ ਉਪਜਾਏ ਬ੍ਰਹਮ ਗਿਆਨ । ਹਉਮੇ ਵਿਚੋਂ ਖੋਟ ਗਵਾਏ, ਗੁਣਵੰਤ ਗੁਣੀ ਨਿਧਾਨ । ਆਲਣੇ ਡਿਗੇ ਬੋਟ ਕਲਜੁਗ ਜੀਵ ਨਾ ਕੋਈ ਟਿਕਾਏ, ਅੰਤਕਾਲ ਪਛਤਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਲਗਾਏ ਗੁਰਮੁਖ ਸਾਚੇ ਚਤੁਰ ਸੁਜਾਨ । ਸਾਚੀ ਸਰਨ ਸਾਚੀ ਸਰਨਾਇਆ । ਨਿਹਕਲੰਕ ਦਰ ਦਰਸ਼ਨ ਪਾਇਆ । ਏਕਾ ਅੰਕ ਵਿਕਾਰ ਗਵਾਇਆ । ਏਕਾ ਡੰਕ ਪ੍ਰਭ ਸਾਚੇ ਸੋਹੰ ਜਗਤ ਵਜਾਇਆ । ਰਾਓ ਰੰਕ ਨਿਹਕਲੰਕ ਚਾਰ ਕੁੰਟ ਪਕੜ ਉਠਾਇਆ । ਸੁਹਾਏ ਥਾਨ ਬੰਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਜਗਾਇਆ । ਰਾਓ ਰੰਕ ਪ੍ਰਭ ਉਠਾਏ । ਸਾਚਾ ਡੰਕ ਆਪ ਵਜਾਏ । ਏਕਾ ਅੰਕ ਜੋਤ ਜਗਾਏ । ਜੀਵ ਜੰਤ ਪ੍ਰਭ ਬਣਤ ਬਣਾਏ । ਸਾਧਨ ਸੰਤ ਪ੍ਰਭ ਦਰਸ ਦਿਖਾਏ । ਆਦਿਨ ਅੰਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸ ਪੁਜਾਏ । ਆਸਾ ਮਨਸਾ ਪ੍ਰਭ ਸਾਚੇ

ਪੂਰੀ ਜੋ ਜਨ ਆਏ ਚਰਨ ਹਦੂਰੀ । ਸਾਚਾ ਘਰ ਸਾਚੀ ਧੁਨ ਅਨਹਦ ਤੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਪਜਾਏ ਉਠਾਏ ਵਡ ਵਡ ਸੂਰੀ । ਵਡ ਵਡ ਜੋਧਾ ਪ੍ਰਭ ਉਠਾਏ । ਦੂਰਨ ਦੂਰ ਨੇੜ ਹੋ ਜਾਏ । ਧੂੜੋ ਧੂੜ ਚਾਰ ਕੁੰਟ ਲਗਾਏ । ਜੂੜੋ ਜੂੜ ਰਾਜਿਆਂ ਮਹਾਂਰਾਣਿਆਂ ਜੂੜ ਪਵਾਏ । ਗੂੜੋ ਗੂੜ ਗੁਰਮੁਖ ਸਾਚੇ ਰੰਗ ਚੜ੍ਹਾਏ । ਕਲਜੁਗ ਜੀਵ ਬੇਮੁਖ ਮੂੜ੍ਹ ਪ੍ਰਭ ਅਬਿਨਾਸ਼ੀ ਸਾਰ ਨਾ ਪਾਏ । ਗੁਰਮੁਖ ਵਿਰਲੇ ਲਾਏ ਮਸਤਕ ਚਰਨ ਧੂੜ, ਸਾਚੀ ਜੋਤ ਵਿਚ ਲਲਾਟ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਵਰਤਾਏ । ਸਾਚਾ ਪ੍ਰਭ ਸਰਬ ਕਲ ਵਰਤੇ । ਕਰ ਦਰਸ ਗੁਰਸਿਖ ਸਾਚੇ ਕੋਟਨ ਪਾਪ ਤਨ ਤੇ ਹਰਤੇ । ਏਕਾ ਨਾਮ ਆਤਮ ਧਰਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸਰਨੀ ਪਰਤੇ । ਗੁਰਸਿਖ ਸਾਚਾ ਪ੍ਰਭ ਦਰ ਆਏ । ਪ੍ਰਭ ਵਡਿਆਈ ਦਰ ਤੇ ਗਾਏ । ਤਨ ਮਨ ਮਨ ਤਨ ਹਰਾ ਕਰਾਏ । ਆਤਮ ਜਨ ਸਰਬ ਕਢਾਏ । ਨਿਰਮਲ ਮਨ ਪ੍ਰਭ ਰਖਾਏ । ਸਾਚਾ ਸ਼ਬਦ ਕੰਨ ਸੁਣਾਏ । ਸਾਚਾ ਪ੍ਰਭ ਜੋ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾਏ । ਏਕਾ ਜੋਤ ਪ੍ਰਭ ਅਕਾਰ । ਜੋਤ ਸਰੂਪ ਨਿਰਾਧਾਰ । ਪ੍ਰਭ ਸਾਚੇ ਕਾ ਸਾਚਾ ਘਰ ਏਕਾ ਜੋਤ ਕਰੇ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਤਮ ਦੇ ਅਧਾਰ । ਏਕਾ ਜੋਤ ਆਤਮ ਪਰਵੇਸ਼ਿਆ । ਏਕਾ ਜੋਤ ਜੁਗੋ ਜੁਗ ਮਾਤ ਕਰੇ ਭੇਸਿਆ । ਜੋਤ ਸਰੂਪ ਸਾਚਾ ਪ੍ਰਭ, ਸਦ ਸਦ ਆਦੇਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਖੜੇ ਬ੍ਰਹਮਾ ਵਿਸ਼ਨ ਮਹੇਸ਼ਿਆ । ਸਾਚਾ ਪ੍ਰਭ ਸਚ ਦਰਬਾਰਾ । ਜਗੇ ਜੋਤ ਅਗੰਮ ਅਪਾਰਾ । ਕੋਟਨ ਕੋਟ ਖੜੇ ਦਵਾਰਾ । ਜੋਤ ਸਰੂਪੀ ਪ੍ਰਭ ਜੋਤ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਰਖਾਏ ਧਰਾਏ ਪਰਗਟਾਏ ਸਰਬ ਸੰਸਾਰਾ । ਏਕਾ ਜੋਤ ਜਗਤ ਵਰਤਾਏ । ਗੁਰਮੁਖ ਸਾਚੇ ਪ੍ਰਭ ਜੋਤ ਜਗਾਏ । ਏਕਾ ਏਕ ਪ੍ਰਭ ਏਕਾ ਓਟ ਰਖਾਏ । ਗੁਰਮੁਖ ਸਾਚੇ ਦੇ ਦਰਸ, ਪ੍ਰਭ ਬਜਰ ਕਪਾਟ ਖੁਲ੍ਹਾਏ । ਖੁਲ੍ਹੇ ਕਪਾਟ ਮਿਟੇ ਅੰਧੇਰ, ਪ੍ਰਭ ਅਬਿਨਾਸ਼ੀ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਏਕਾ ਜੋਤ ਅਧਾਰ ਆਤਮ ਉਜਿਆਰ । ਦੇਵੇ ਦਰਸ ਆਪ ਕਰਤਾਰ । ਦਰ ਆਏ ਪ੍ਰਭ ਨੈਣ ਮੁੰਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਕਰਮ ਵਿਚਾਰ । ਆਤਮ ਵਿਚਾਰ ਪ੍ਰਭ ਵਿਚਾਰੇ । ਕਿਰਪਾ ਕਰੇ ਆਪ ਗਿਰਧਾਰੇ । ਦੇਵੇ ਦਰਸ ਜੋਤ ਨਿਰੰਕਾਰੇ । ਉਤਰੇ ਹਰਸ ਪ੍ਰਭ ਚਰਨ ਦਵਾਰੇ । ਗੁਰਮੁਖ ਸਾਚੇ ਪ੍ਰਭ ਪਾਵੇ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਖੋਲ੍ਹ ਦਸਮ ਦਵਾਰੇ । ਦਸਮ ਦਵਾਰ ਪ੍ਰਭ ਖੁਲ੍ਹਾਏ । ਏਕਾ ਆਕਾਰ ਜੋਤ ਕਰਾਏ । ਪ੍ਰਭ ਨਿਰਾਹਾਰ ਦਰਸ ਦਿਖਾਏ । ਸਰਬ ਵਿਕਾਰ ਪ੍ਰਭ ਦੇ ਚੁਕਾਏ । ਗੁਰਮੁਖ ਵਿਚਾਰ ਪ੍ਰਭ ਆਪ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚਾ ਦੀਪਕ ਗੁਰਮੁਖ ਸਾਚੀ ਦੇਹ ਜਗਾਏ । ਸਾਚਾ ਦੀਪਕ ਜੋਤ ਜਗਾਏ । ਅਗਿਆਨ ਅੰਧੇਰ ਨਸ਼ਟ ਕਰਾਏ । ਏਕਾ ਧਿਆਨ ਗੁਰ ਚਰਨ ਸਪਸ਼ਟ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਤੇਰੀ ਦਿਬ ਦ੍ਰਿਸ਼ਟ ਖੁਲ੍ਹਾਏ । ਖੁਲ੍ਹੇ ਦ੍ਰਿਸ਼ਟੀ ਆਪ ਖੁਲ੍ਹਾਵੇ । ਸਾਚਾ ਇਸ਼ਟੀ ਸਚ ਘਰ ਪਾਵੇ । ਸਰਬ ਸ੍ਰਿਸ਼ਟੀ ਪ੍ਰਭ ਆਪਣੀ ਜੋਤ ਜਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰ ਘਰ ਆਏ ਸਾਚਾ ਮਾਣ ਦਵਾਵੇ । ਪ੍ਰਭ ਦਰ ਸਾਚਾ ਮੰਗਲ ਗਾਇਆ । ਆਪਣਾ ਆਪ ਆਪਣਾ ਨਾਉਂ ਅਲਾਇਆ । ਗੁਰਮੁਖ ਸਾਚੇ ਸਾਚਾ ਜਾਪ ਪ੍ਰਭ ਸਾਚੇ ਕਾ ਗਾਇਆ ।

੫੧ ੦੨

ਗੁਰਸਿਖ ਸਾਚਾ ਪ੍ਰਭ ਸਾਚੀ ਸੇਵਾ ਲਾਇਆ । ਏਕਾ ਧਰੇ ਸੋਹੰ ਸਾਚਾ ਜਾਪ, ਰਸਨਾ ਜਪ ਜੀਵ ਆਤਮ ਤ੍ਰਿਪਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਮਾਈ ਬਾਪ, ਪਵਣ ਸਰੂਪੀ ਵਿਚ ਸਮਾਇਆ । ਗੁਰ ਕਥਾ ਰਸਨ ਬਖਾਨੀ । ਸੰਸਾ ਲੱਥਾ, ਗੁਰ ਚਰਨ ਧਿਆਨੀ । ਉਜਲ ਮੱਥਾ ਵਿਚ ਦੋ ਜਹਾਨੀ । ਸੋਹੰ ਸਾਚਾ ਰਥਾ ਗੁਰਮੁਖ ਚੜ੍ਹਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਤਮ ਦੇਵੇ ਜੋਤ ਨੂਰਾਨੀ । ਆਤਮ ਜੋਤ ਏਕਾ ਇਕਾਂਤ । ਗੁਰਮੁਖ ਆਤਮ ਸੀਤਲ ਸ਼ਾਂਤ । ਪ੍ਰਭ ਕਢਾਏ ਭਰਮ ਭਰਾਂਤ । ਗੁਰਮੁਖ ਦੇਵੇ ਨਾਮ ਸਾਚੀ ਦਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਬਖ਼ਸ਼ੇ ਚਰਨ ਨਾਤ । ਚਰਨ ਪ੍ਰੀਤੀ ਸਾਚਾ ਨਾਤਾ । ਗੁਰਮੁਖ ਸਾਚਾ ਪ੍ਰਭ ਆਪ ਪਛਾਤਾ । ਸੋਹੰ ਜਪਾਵੇ ਨਾਮ ਵਡ ਵਡ ਦਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਜੀਆਂ ਕਾ ਆਪੇ ਗਿਆਤਾ । ਗੁਣਵੰਤ ਗੁਣ ਵਿਚਾਰੇ । ਜੋ ਜਨ ਆਏ ਚਰਨ ਨਿਮਸਕਾਰੇ । ਦੇਵੇ ਵਡਿਆਈ ਵਿਚ ਸੰਸਾਰੇ । ਸੋਹੰ ਨਾਮ ਰਸਨਾ ਗਾਏ, ਵੱਜੀ ਵਧਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੰਚਮ ਜੇਠ ਕਲ ਜੋਤ ਪਰਗਟਾਏ । ਵੱਜੀ ਵਧਾਈ ਆਤਮ ਅਨੰਦ । ਪ੍ਰਭ ਉਪਜਾਵੇ ਪਰਮਾਨੰਦ । ਗੁਰਮੁਖ ਸਾਚੇ ਸਰਨ ਲਗਾ ਖੋਲ੍ਹ ਵਖਾਏ ਪ੍ਰਭ ਪਰਮਾਨੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਈ ਲਖਮੀ ਨਰਾਇਣ ਮਨੋਹਰ ਮੁਕੰਦ । ਗੁਰਮੁਖ ਰੰਗ ਪ੍ਰਭ ਚੜ੍ਹਾਏ । ਸਾਚਾ ਸੰਗ ਸਾਧ ਰਖਾਏ । ਅੰਮ੍ਰਿਤ ਆਤਮ ਮੇਘ ਵਰਸਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਉਲਟਾ ਕਵਲ ਫੇਰ ਖੁਲ੍ਹਾਏ । ਅੰਮ੍ਰਿਤ ਬੂੰਦ ਮੁਖ ਚੁਆਏ, ਖੁਲ੍ਹੇ ਕਵਲ ਆਤਮ ਸ਼ਾਂਤ । ਆਤਮ ਸ਼ਾਂਤ ਏਕਾ ਦੇਵੇ ਬੂੰਦ ਸਵਾਂਤ । ਸੁਨ ਸਮਾਧੀ ਹੋਏ ਇਕਾਂਤ । ਸਾਚਾ ਦਰ ਘਰ ਪ੍ਰਭ ਦੇਵੇ ਸਚ ਪਰਾਂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਸੁਰਤ ਸ਼ਬਦ ਸ਼ਬਦ ਸੁਰਤ ਆਤਮ ਕਰਾਏ ਸ਼ਾਂਤ । ਸੁਰਤ ਸ਼ਬਦ ਪ੍ਰਭ ਦਵਾਏ । ਸ਼ਬਦ ਸੁਰਤ ਗੁਰਸਿਖ ਜਗਾਏ । ਸੁਰਤ ਸ਼ਬਦ ਪ੍ਰਭ ਮੇਲ ਮਿਲਾਏ । ਸੁਰਤ ਸ਼ਬਦ ਸ਼ਬਦ ਸੁਰਤ ਪ੍ਰਭ ਸੁੰਨ ਖੁਲ੍ਹਾਏ । ਸ਼ਬਦ ਸੁਰਤ ਪ੍ਰਭ ਰੰਗ ਰੰਗਾਏ । ਸੁਰਤ ਸ਼ਬਦ ਪ੍ਰਭ ਅੰਗ ਲਗਾਏ । ਸੁਰਤ ਸ਼ਬਦ ਕਵਲ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੁਰਤ ਗੁਰ ਦਰ ਬੂਝ ਬੁਝਾਏ । ਸਾਚਾ ਸ਼ਬਦ ਗੁਰ ਦਰ ਪਾਇਆ । ਮਾਨਸ ਜਨਮ ਸੁਫਲ ਕਰਾਇਆ । ਆਵਣ ਜਾਣ ਜਾਣ ਆਵਣ ਗੇੜ ਕਟਾਇਆ । ਭਗਤ ਭਗਵਾਨ ਗੁਣ ਨਿਧਾਨ ਮੇਲ ਮਿਲਾਇਆ । ਚਤੁਰ ਸੁਜਾਨ ਗੁਰਮੁਖ ਕਰਾਇਆ । ਜਨ ਚਰਨੀ ਡਿਗੇ ਆਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਇਆ । ਸਾਚਾ ਗੁਰ ਸਾਚੀ ਰੀਤ । ਸਾਚੀ ਦੇਵੇ ਚਰਨ ਪ੍ਰੀਤ । ਕਰ ਕਰ ਕਰ ਦਰਸ ਗੁਰਮੁਖ ਪ੍ਰਭ ਆਤਮ ਕੀਨੀ ਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਟਨ ਕੋਟ ਕੋਟ ਪ੍ਰਭ ਸਾਚਾ ਪਰਖੇ ਨੀਤ । ਸਾਚਾ ਪ੍ਰਭ ਵਡ ਖਜ਼ੀਨਾ । ਸਾਚਾ ਪ੍ਰਭ ਵਡ ਪਰਬੀਨਾ । ਸਾਚਾ ਪ੍ਰਭ ਗੁਰਮੁਖ ਸਾਚੇ ਰਸਨਾ ਚੀਨਾ । ਸਾਚਾ ਪ੍ਰਭ ਦਾਨਾ ਬੀਨਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਦੇਵੇ ਨਾਮ ਨਗੀਨਾ । ਸਾਚਾ ਨਾਮ ਨਾਮ ਗੁਣ ਦਾਤ । ਸੋਹੰ ਦੇਵੇ ਪ੍ਰਭ ਸਚ ਕਰਾਮਾਤ । ਰਸਨਾ ਸੇਵੇ ਅਲਖ ਅਭੇਵੇ, ਦਰਸ਼ਨ ਦੇਵੇ ਆਪੇ ਆਪ । ਗੁਰਮੁਖ ਸਾਚੇ ਸਾਚੇ ਮੇਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਆਤਮ ਪ੍ਰਭ ਸਾਚਾ ਜਾਪ । ਸੋਹੰ ਦੇਵੇ ਸਾਚਾ ਜਾਪ । ਕੋਟਨ ਕੋਟ ਉਤਾਰੇ ਪਾਪ । ਸੋਹੰ ਸ਼ਬਦ ਏਕਾ ਦੇਵੇ ਚਰਨ ਨਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਨਾ ਕੋਈ ਪੁੱਛੇ ਵਾਤ । ਗੁਰ ਨਾਨਕ ਜਾਏ ਸਾਚੇ

ਦਰ । ਏਕਾ ਮੰਗਿਆ ਸਾਚਾ ਵਰ । ਨਾਮ ਨਿਧਾਨ ਲੈ ਆਇਆ ਘਰ । ਮਾਤਲੋਕ ਕਲ ਗਿਆ ਧਰ । ਏਕਾ ਅੰਕ ਚਲਾਏ ਸਭ ਨਾਰੀ ਨਰ । ਸਾਰਾ ਸ਼ੰਕ ਮਿਟਾਏ ਜੋ ਸਰਨੀ ਜਾਇਣ ਪਰ । ਇਕ ਸੇਵਾ ਮੁਖ ਰਖਾਏ, ਗੁਰਸਿਖ ਸਾਚਾ ਤਰਨੀ ਤਰ । ਸੁੱਕੇ ਰੁੱਖੜੇ ਹਰੇ ਕਰਾਏ, ਰਸਨਾ ਰਸਾਇਣ ਆਪ ਕਰ । ਚਾਰ ਕੁੰਟ ਦੁਖੜੇ ਸਰਬ ਮਿਟਾਏ, ਪਵਣ ਬਬਾਣ ਧੁਰੋਂ ਧਰ । ਕੁੰਟ ਚਾਰ ਦਹਿ ਦਿਸ਼ ਫਿਰਾਏ, ਏਕਾ ਦੇਵੇ ਰਾਮ ਨਾਮ ਨਾਮ ਰਾਮ ਸਤਿਗੁਰ ਸਾਚਾ ਵਰ । ਨਿਰੰਕਾਰ ਗੁਰ ਹੁਕਮ ਸੁਣਾਇਆ । ਜੋਤ ਅਧਾਰ ਦਰ ਵਕ਼ਤ ਸੁਹਾਇਆ । ਜਗਤ ਸੁਧਾਰ ਨਾਮ ਸਤਿ ਸਤਿਨਾਮ ਮੁਖ ਰਖਾਇਆ । ਵਕ਼ਤ ਵਿਚਾਰ ਪਾਏ ਸਾਰ, ਗੁਰ ਨਾਨਕ ਜਾਏ ਦਰ ਦਰਬਾਰ, ਸਾਚਾ ਦਰ ਜਗਤ ਭੰਡਾਰ ਪ੍ਰਭ ਸਾਚੇ ਆਪ ਖੁਲ੍ਹਾਇਆ । ਜਗਤ ਭੰਡਾਰਾ ਜਗਤ ਵਰਤਾਏ । ਸਚਖੰਡ ਦਵਾਰਾ ਨਾਮ ਸਤਿ ਦਵਾਏ । ਪਵਣ ਹੁਲਾਰਾ ਸ਼ਬਦ ਅਧਾਰਾ ਗੁਰਸਿਖ ਰਖਾਏ । ਦਸਮ ਦਵਾਰਾ ਜੋਤ ਅਕਾਰਾ ਗੁਰਮੁਖ ਕਰਾਏ । ਮੂਰਖ ਮੁਗਧ ਨਾ ਪਾਇਣ ਸਾਰਾ, ਮਦਿਰਾ ਮਾਸ ਮੁਖ ਰਖਾਏ । ਗੁਣਵੰਤ ਗੁਰਮੁਖ ਕਿਨੇ ਵਿਚਾਰਾ ਜਿਸ ਜਨ ਦਇਆ ਕਮਾਏ । ਆਪ ਆਪਣੀ ਪਾਏ ਸਾਰਾ, ਸਰਬ ਥਾਈਂ ਰਿਹਾ ਸਮਾਏ । ਆਪ ਆਪਣੀ ਸਾਰ ਸਮਾਲੇ । ਗੁਰਮੁਖ ਸਾਚੇ ਸਦਾ ਸੰਗ ਨਾਲੇ । ਆਪਣਾ ਬਿਰਦ ਜੁਗੋ ਜੁਗ ਆਪੇ ਪਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੇਮੁਖਾਂ ਅੰਤਕਾਲ ਕਲਜੁਗ ਕਰੇ ਮਾਤ ਮੂੰਹ ਕਾਲੇ । ਗੁਰ ਨਾਨਕ ਦਰ ਹਰਿ ਸਾਚਾ ਬੁਝਿਆ । ਏਕਾ ਮੰਗੇ ਸਾਚੀ ਮੰਗ, ਭਉ ਚੁਕਾਏ ਏਕਾ ਦੂਜਿਆ । ਏਕਾ ਨਾਮ ਪੂਰਨ ਕਾਮ ਗੁਰ ਸਾਚਾ ਬੁਝਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪ ਵਿਰਲੇ ਬੁਝਿਆ । ਸਾਚਾ ਦਰਸ ਦਾਨ ਪ੍ਰਭ ਦਰ ਮੰਗਿਆ । ਪ੍ਰਭ ਸਾਚੇ ਏਕਾ ਦਾਤ ਦੇ ਆਤਮ ਰੰਗਿਆ । ਸਾਚਾ ਨਾਮ ਗੁਰ ਦੇਵੇ ਜਗਤ ਧਰ, ਰਸਨਾ ਜਪ ਜੀਵ ਪਾਰ ਲੰਘਿਆ । ਏਕਾ ਏਕ ਆਪ ਕਰਤਾਰ ਏਕਾ ਰੰਗ ਪ੍ਰਭ ਰੰਗਿਆ । ਦੂਖਨ ਭੂਖਨ ਸਰਬ ਨਿਵਾਰ, ਸੂਖਨ ਸੁਖ ਪ੍ਰਭ ਸਦ ਅੰਗ ਸੰਗਿਆ । ਸੂਖਨ ਸੂਖ ਪ੍ਰਭ ਆਪ ਉਪਜਾਵੇ, ਸਾਚਾ ਨਾਮ ਦਾਨ ਜਨ ਦਰਸ ਦਰ ਗੁਰ ਮੰਗਣ ਜਾਵੇ, ਜੋਤ ਸਰੂਪੀ ਜੋਤ ਪ੍ਰਭ ਆਪੇ ਜਾਵੇ ਜੋਤ ਪਰਗਟਾਵੇ ਮਾਤਲੋਕ ਕਦੇ ਨਾ ਸੰਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਨਵ ਰੰਗਿਆ । ਜਗਤ ਸੇਵ ਗੁਰ ਕਰਾਈ । ਵਡ ਵਡ ਦੇਵੀ ਦੈਂਤ ਪ੍ਰਭ ਚਰਨ ਲਗਾਈ । ਨਾਮ ਸਤਿ ਸਤਿ ਸਤਿ ਵਰਤਾਈ । ਪ੍ਰਭ ਜਗਤ ਭੰਡਾਰੀ ਸਾਚੀ ਦਾਤ ਜਗਤ ਵਰਤਾਈ । ਆਪ ਅਲਖ ਅਭੇਵ ਕਲ ਖੇਲ ਰਚਾਈ । ਜੋਤ ਸਰੂਪੀ ਜੋਤ ਪ੍ਰਭ ਗੁਰ ਨਾਨਕ ਦੇ ਵਡਿਆਈ । ਗੁਰ ਨਾਨਕ ਜਗਤ ਸੁਧਾਰਿਆ । ਚਾਰ ਕੁੰਟ ਵਿਚ ਸਤਿ ਸਤਿਨਾਮ ਆਪ ਵਰਤਾ ਰਿਹਾ । ਜੀਵ ਜੰਤ ਸਾਧ ਸੰਤ ਪ੍ਰਭ ਅਬਿਨਾਸ਼ੀ ਦਿਵਸ ਰੈਣ ਸਰਬ ਗਾ ਰਿਹਾ । ਵੇਲਾ ਅੰਤ ਹੋਏ ਭਸਮੰਤ, ਕਲਜੁਗ ਜੀਵ ਮਨੋਂ ਭੁਲਾ ਰਿਹਾ । ਬੈਠਾ ਇਕੰਤ ਵਡਿਆਈ ਦੰਤ, ਜੋਤ ਸਰੂਪੀ ਜਾਮਾ ਵਿਚ ਮਾਤ ਦੇ ਪਾ ਲਿਆ । ਸਾਚਾ ਗੁਰ ਸਚ ਪਰੀਖਿਆ । ਗੁਰਮੁਖ ਸਾਚੇ ਸਾਚਾ ਦਰ ਘਰ ਸਾਚੇ ਦੀਖਿਆ । ਸਾਚੇ ਗੁਰ ਦੀ ਵਿਚ ਮਾਤ ਸਾਚੀ ਸੀਖਿਆ । ਕਰ ਕਰ ਸੇਵ ਦਰ ਮਿਲੇ ਮੇਵ, ਪ੍ਰਭ ਦੇਵੇ ਸਾਚਾ ਨਾਮ ਭੀਖਿਆ । ਸਾਚਾ ਦਰ ਭਗਤ ਭਿਖਾਰੀ । ਸਾਚਾ ਦਰ ਵਡ ਭੰਡਾਰੀ । ਸਾਚਾ ਦਰ ਸਚ ਦਰਬਾਰੀ । ਅਵਤਾਰ ਨਰ ਜੋਤ ਅਕਾਰੀ । ਦੁਸ਼ਟ ਸੰਘਾਰ ਪ੍ਰਭ ਪਾਰ ਉਤਾਰੀ । ਦੁਤਰ ਜਾਏ ਤਾਰ, ਜੋ ਜਨ ਆਏ ਚਰਨ ਨਿਮਸਕਾਰੀ । ਸਾਚਾ ਮਿਲਾਵਾ ਸਾਚਾ ਘਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਅੰਤਮ ਅੰਤ ਏ ਆਏ । ਝੂਠੀ ਕਾਇਆ ਜਗਤ ਰਹਿ

੫੩ ੦੨

ਜਾਏ । ਝੂਠਾ ਤਨ ਝੂਠਾ ਜਨ ਝੂਠਾ ਮਨ ਜਗਤ ਦਿਸ ਆਏ । ਸਾਚਾ ਸ਼ਬਦ ਪ੍ਰਭ ਕੰਨ ਸੁਣਾਏ । ਜੋਤ ਸਰੂਪੀ ਜੋਤ ਪ੍ਰਭ ਜੁਗੋ ਜੁਗ ਏਕਾ ਜੋਤ ਜਗਾਏ । ਅੰਤਕਾਲ ਅੰਤਮ ਅੰਤ ਆਇਆ, ਗੁਰ ਨਾਨਕ ਵਡ ਵਡ ਕਰਮ ਕਮਾਇਆ । ਲਹਿਣਾ ਲੈਣ ਆਇਆ ਦਰ, ਗੁਰ ਸਾਚਾ ਲਹਿਣਾ ਝੋਲੀ ਪਾਇਆ । ਸਾਚਾ ਲਹਿਣਾ ਗੁਰ ਦਰ ਪਾਏ, ਗੁਰ ਸਾਚੇ ਰੰਗ ਰੰਗਾਇਆ । ਰੰਗ ਰੰਗਾਇਆ ਆਪਣੇ ਅੰਗਦ, ਸੱਚ ਧਾਮ ਦੇ ਉਪਜਾਇਆ । ਜੋਤ ਸਰੂਪੀ ਜੋਤ ਪ੍ਰਭ, ਸਾਚਾ ਦੀਪਕ ਵਿਚ ਦੇਹ ਜਗਾਇਆ । ਜੁਗੋ ਜੁਗ ਆਦਿ ਅੰਤ ਪ੍ਰਭ ਸਾਚੇ ਦੀ ਸਚ ਸਰਨਾਇਆ । ਏਕਾ ਜੋਤ ਆਪ ਜਗਾਏ । ਜਾਮੇ ਦਸ ਪ੍ਰਭ ਪੂਰ ਕਰਾਏ । ਗੁਰ ਗੁਰਸਿਖ ਰਵ ਸੱਸ ਸਮਾਏ । ਸਾਚੀ ਭਿੱਖ ਪ੍ਰਭ ਸਾਚਾ ਪਾਏ । ਸਾਚੇ ਲਿਖ ਲੇਖ ਜਗਤ ਵਡਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਵਿਚ ਮਾਤ ਦੇ ਪਾਏ । ਅੰਤਮ ਹੋਏ ਗੁਰ ਗੋਬਿੰਦ । ਲੇਖ ਲਿਖਾਇਆ ਸਾਰੀ ਹਿੰਦ । ਗੁਰਸਿਖ ਬਣਾਏ ਗੁਰਮੁਖ ਉਪਜਾਏ ਪ੍ਰਭ ਸਾਚੇ ਕੀ ਸਾਚੀ ਬਿੰਦ । ਬੇਮੁਖਾਂ ਮੁਖ ਰਖਾਏ ਮਦਿਰਾ ਮਾਸ ਗੰਦ । ਜੋਤ ਪਰਗਟਾਏ ਪਕੜ ਉਠਾਏ ਧਰਮ ਰਾਏ ਦੇ ਸਜਾਏ, ਦੁਸ਼ਟ ਦੁਰਾਚਾਰ ਜੋ ਜਨ ਕਰਨ ਨਿੰਦ । ਜਾਮਾ ਧਾਰ ਕਰਮ ਪ੍ਰਭ ਕਰਿਆ । ਮਾਤਲੋਕ ਅਵਤਾਰ ਪ੍ਰਭ ਧਰਿਆ । ਸਾਚਾ ਕਰਮ ਆਪ ਪ੍ਰਭ ਕਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸਰਨੀ ਪਰਿਆ । ਵਾਹ ਵਾਹ ਗੁਣ ਸਾਚੇ ਗਾਓ । ਵਾਹ ਵਾਹ ਪ੍ਰਭ ਅਬਿਨਾਸ਼ੀ ਘਰ ਮੇਂ ਪਾਓ । ਵਾਹ ਵਾਹ ਅਵਤਾਰ ਨਰ ਰਿਦੇ ਵਸਾਓ । ਵਾਹ ਵਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਏਕਾ ਗੁਣ ਗਾਓ । ਵਾਹ ਵਾਹ ਆਏ ਗੁਰ ਦਰਬਾਰ । ਵਾਹ ਵਾਹ ਕਿਰਪਾ ਕਰੇ ਅਪਾਰ । ਵਾਹ ਵਾਹ ਗੁਰ ਸੰਗਤ ਪ੍ਰਭ ਜਾਏ ਤਾਰ । ਗੁਰ ਸੰਗਤ ਪੰਚਮ ਜੇਠ ਜੋਤ ਅਪਰ ਅਪਾਰ । ਪੰਚਮ ਜੇਠ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤਲੋਕ ਲਏ ਅਵਤਾਰ । ਪੰਚਮ ਜੇਠ ਕੀਆ ਹਿਤ । ਗੁਰਮੁਖ ਆਪੇ ਜਾਣੇ ਤੇਰੀ ਗਤ ਮਿਤ । ਜੋਤ ਪਰਗਟਾਏ ਰਖਾਏ ਵਿਚ ਮਾਤ ਨਵਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ੍ਰਿਸ਼ਟ ਸਬਾਈ ਜਾਏ ਜਿਤ । ਵਾਹ ਵਾਹ ਸਾਚਾ ਗੁਣ ਗਾਇਆ । ਗੁਰ ਸਾਚਾ ਸਾਚਾ ਸ਼ਬਦ ਸੁਣਾਇਆ । ਵਾਹ ਵਾਹ ਗੁਰ ਦਰ ਦਰਬਾਰ, ਸੰਸਾ ਭਉ ਚੁਕਾਇਆ । ਵਾਹ ਵਾਹ ਸਤਿ ਕਰਤਾਰ, ਆਪਣਾ ਰੂਪ ਵਟਾਇਆ । ਵਾਹ ਵਾਹ ਗੁਰ ਪੂਰਾ ਭਰੇ ਭੰਡਾਰ, ਦਰ ਘਰ ਜੋ ਜਨ ਮੰਗਣ ਆਇਆ । ਵਾਹ ਵਾਹ ਗੁਰ ਉਜਲ ਕਰੇ ਮੁਖ ਸੰਸਾਰ, ਸੋਹੰ ਸਾਚਾ ਨਾਮ ਜਿਸ ਰਸਨਾ ਗਾਇਆ । ਵਾਹ ਵਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਅਪਾਰ, ਪੰਚਮ ਜੇਠ ਵਿਚ ਮਾਤ ਦੇ ਆਇਆ । ਮਾਤਲੋਕ ਪ੍ਰਭ ਭਾਗ ਲਗਾਏ । ਪੰਚਮ ਜੇਠ ਲੇਖ ਲਿਖਾਏ । ਵਡ ਵਡ ਸੇਠ ਪ੍ਰਭ ਹੱਥ ਠੂਠ ਫੜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੰਚਮ ਜੇਠ ਸਾਚਾ ਹੁਕਮ ਸੁਣਾਏ । ਪੰਚਮ ਜੇਠ ਪੰਚਮ ਪੰਚਾ । ਗੁਰਮੁਖ ਸਾਚੇ ਅੰਮ੍ਰਿਤ ਆਤਮ ਸਿੰਚਾ । ਬੇਮੁਖ ਦਰ ਨਾਚੇ, ਪ੍ਰਭ ਕਾਮ ਚੁਕਾਏ ਕੰਚਨ ਕੰਚਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰਸ ਦਿਸਾਏ ਜਿਸ ਜਨ ਮਨ ਗੁਰ ਚਰਨੀ ਭੀਨਾ । ਤਨ ਮਨ ਗੁਰ ਆਗੇ ਧਰਿਆ । ਸਾਚਾ ਸ਼ਬਦ ਧਨ ਦਰ ਵਰਿਆ । ਸੋਹੰ ਸਾਚਾ ਸੁਣਿਆ ਕੰਨ, ਪ੍ਰਭ ਸੁਣਾਏ ਆਸਾ ਵਰਿਆ । ਆਤਮ ਗੁਰਮੁਖ ਜਾਏ ਮਨ, ਪ੍ਰਭ ਅਬਿਨਾਸ਼ੀ ਸਰਨੀ ਪਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਜਗਾਏ ਪੰਚਮ ਜੇਠ ਅੰਤ ਨਾ ਪਾਰਾਵਰਿਆ । ਗੁਰਸਿਖ ਆਏ ਪ੍ਰਭ ਦਰ । ਵੇਖੇ ਵਖਾਏ ਸਾਚਾ ਘਰ । ਗੁਣ ਨਿਧਾਨ ਅਵਤਾਰ ਨਰ । ਪੂਰਨ

ਭਗਵਾਨੇ ਮਾਤ ਜੋਤ ਪਰਗਟਾਏ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਾਓ ਰੰਕ ਇਕ ਜਾਏ ਕਰ । ਰਾਓ ਰੰਕ ਇਕ ਕਰਾ ਕੇ । ਪੰਚਮ ਜੇਠ ਮਾਣ ਦਵਾ ਕੇ । ਪੁਰੀ ਘਨਕ ਸਾਚਾ ਧਾਮ ਫੇਰ ਪਰਗਟਾ ਕੇ । ਦੀਨ ਮੁਹੰਮਦੀ ਆਪ ਉਪਾਏ ਖਪਾਏ ਪ੍ਰਭ ਅੰਤਮ ਅੰਤ ਕਰਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲਾ ਅੰਤ ਜਾਏ ਸਹਾਏ । ਈਸਾ ਮੂਸਾ ਸੰਗ ਮੁਹੰਮਦਾ, ਪ੍ਰਭ ਆਪ ਖਪਾਏ । ਏਕਾ ਰੂਪ ਬ੍ਰਹਮ ਦਾ ਜਗਤ ਪਰਗਟਾਏ । ਏਕਾ ਝੰਡਾ ਧਰਮ ਦਾ, ਪ੍ਰਭ ਜਗਤ ਝੁਲਾਏ । ਗੁਰਮੁਖ ਸਾਚੇ ਪ੍ਰਭ ਸਾਚਾ ਦੇਵੇ ਕਰਮ, ਜਨਮ ਵਿਚ ਮਾਤ ਦਵਾਏ । ਵੇਲਾ ਅੰਤਕਾਲ ਕਲਜੁਗ ਕਰਨ ਦਾ, ਨਿਹਕਲੰਕ ਸਿਰ ਹੱਥ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਚਾਰ ਕੁੰਟ ਜੈ ਜੈ ਜੈਕਾਰ ਕਰਾਏ । ਗੁਰ ਸੰਗਤ ਪ੍ਰਭ ਭੇਵ ਚੁਕਾਏ । ਗੁਰ ਅੰਗਦ ਜਿਉਂ ਅੰਗ ਲਗਾਏ । ਗੁਰ ਸੰਗਤ ਗੁਰ ਦਰ ਦਰਬਾਰ ਬਹਾਏ । ਗੁਰ ਸੰਗਤ ਵਿਚ ਮਾਤ ਸਚ ਸਰਕਾਰ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਏ । ਗੁਰ ਸੰਗਤ ਪ੍ਰਭ ਆਪ ਤਰਾਇਆ । ਗੁਰ ਸੰਗਤ ਪ੍ਰਭ ਸਾਚੀ ਨਾਓ ਚੜ੍ਹਾਇਆ । ਗੁਰ ਸੰਗਤ ਪ੍ਰਭ ਫੂਲਨ ਬਰਖਾ ਲਾਇਆ । ਗੁਰ ਸੰਗਤ ਗਣ ਗੰਧਰਬ ਸੇਵਾ ਲਾਇਆ । ਗੁਰ ਸੰਗਤ ਗੁਰਮੁਖ ਸਾਚੇ ਦਰ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਏ । ਸਾਚਾ ਭਉ ਪ੍ਰਭ ਚੁਕਾਏ । ਰਾਓ ਉਮਰਾਓ ਪ੍ਰਭ ਨਸ਼ਟ ਕਰਾਏ । ਸੋਹੰ ਚਾਰ ਕੁੰਟ ਪ੍ਰਭ ਉਪਜਾਏ । ਸੁਹਾਏ ਥਾਨ ਪ੍ਰਭ ਚਰਨ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਾਚਾ ਮਾਣ ਦਵਾਏ । ਸਾਚੇ ਪ੍ਰਭ ਸਦਾ ਵਡਿਆਈ । ਜੁਗੋ ਜੁਗ ਜਨ ਭਗਤਾਂ ਹੋਏ ਸਹਾਈ । ਭਗਤਾਂ ਹਿਤ ਪ੍ਰਭ ਜੋਤ ਪਰਗਟਾਈ । ਸ੍ਰਿਸ਼ਟ ਸਬਾਈ ਜਾਏ ਜਿਤ, ਗੁਰਮੁਖ ਏਕਾ ਸੁਖ ਗੁਰ ਚਰਨ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਆਪ ਸਹਾਈ । ਜਿਸ ਤੇਰੀ ਜੀਵ ਬਣਤ ਬਣਾਈ । ਗੁਰਸਿਖਾਂ ਪ੍ਰਭ ਬਣਤ ਬਣਾਏ । ਏਕਾ ਨਾਮ ਰਸਨ ਜਪਾਏ । ਸਾਚਾ ਧਾਮ ਵਿਚ ਜਗਤ ਉਪਾਏ । ਪੂਰਨ ਕਾਮ ਪ੍ਰਭ ਆਪ ਕਰਾਏ । ਚਾਰ ਵਰਨ ਸਰਨ ਲਗਾਏ । ਧਰਨੀ ਧਰਨਾ ਇਕ ਵਰਨ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ । ਗੁਰਮੁਖ ਸਾਚੇ ਸਾਚੇ ਫੂਲ । ਮਿਲਿਆ ਪ੍ਰਭ ਕੰਤ ਕੰਤੂਹਲ । ਕਲਜੁਗ ਜੀਵ ਅੰਤ ਨਾ ਭੂਲ । ਜੋਤ ਪਰਗਟਾਏ ਪ੍ਰਭ ਦੂਲ੍ਹੋ ਦੂਲ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੰਦ ਕਟਾਏ ਆਪ ਛੁਡਾਏ ਧਰਮ ਰਾਏ ਦੀ ਸੂਲ੍ਹੋ ਸੂਲ । ਸਾਚਾ ਪ੍ਰਭ ਬੰਦੀ ਤੋੜ । ਗੁਰਸਿਖ ਸਾਚੇ ਚਰਨ ਪ੍ਰੀਤੀ ਪ੍ਰਭ ਸੰਗ ਜੋੜ । ਬੇਮੁਖ ਕਲਜੁਗ ਜੀਵ ਅਮੋੜ । ਵੇਲੇ ਅੰਤਕਾਲ ਕਲ ਪ੍ਰਭ ਸਾਚੇ ਦੀ ਲੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੰਤਕਾਲ ਬੇਮੁਖਾਂ ਪ੍ਰਭ ਦੇਵੇ ਰੋੜ੍ਹ । ਸਾਚਾ ਗੁਰ ਧੀਰ ਧਰਾਏ । ਸਾਚਾ ਪ੍ਰਭ ਅੰਮ੍ਰਿਤ ਮੁਖ ਸੀਰ ਪਿਲਾਏ । ਸਾਚਾ ਗੁਰ ਮਾਤ ਪਿਤ ਭੈਣ ਭਰਾ ਅਖਵਾਏ । ਏਕਾ ਲਿਖਾਵੇ ਧੁਰ ਮੇਟ ਨਾ ਸਕੇ ਕੋਇ । ਸਾਚਾ ਗੁਰ ਸਰਬ ਜਨ ਮੁਨ ਦੇਵੀ ਦੇਵ ਸੁਰ, ਆਏ ਕੋਲ ਰਹਿਣ ਨਾ ਪਾਏ । ਚਾਰ ਵਰਨ ਪ੍ਰਭ ਦਰ ਆਏ ਤੁਰ, ਏਕਾ ਸਾਚੀ ਜੋਤ ਜਗਾਏ । ਸੋਹੰ ਸ਼ਬਦ ਮੰਤਰ ਦੇਵੇ ਸਾਚਾ ਗੁਰ, ਚਾਰ ਵਰਨ ਆਪ ਜਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਚਰਨ ਲਾਗ ਭਵਜਲ ਬੇੜਾ ਪਾਰ ਕਰਾਏ । ਏਕਾ ਜੋਤ ਆਪ ਜਗਾਈ । ਪੰਚਮ ਜੇਠ ਦੇਵੇ ਵਡਿਆਈ । ਸਾਧ ਸੰਗਤ ਪ੍ਰਭ ਦਰ ਤੇ ਆਈ । ਪ੍ਰਭ ਸਾਚਾ ਸਾਚੇ ਦਰ ਮਿਲੀ ਵਧਾਈ । ਗੁਰਮੁਖ ਸਾਚੇ ਪ੍ਰਭ ਨਵ ਨਿਧ ਘਰ ਉਪਜਾਈ । ਜੋਤ ਸਰੂਪ ਪੰਚਮ


੫੫
੦੨

ਜੇਠ ਪ੍ਰਭ ਜੋਤ ਜਗਾਈ । ਆਪ ਜਾਣੇ ਬਿਧ ਗੁਰਮੁਖ ਸਾਚੇ ਰਿਧ ਸਿਧ ਵਸ ਕਰਾਈ । ਜੇਠ ਪੰਚਮ ਰੁੱਤ ਆਪ ਸੁਹਾਈ । ਪੰਚਮ ਜੋਤ ਪ੍ਰਭ ਪਰਗਟਾਈ । ਪੰਚਮ ਪ੍ਰਭ ਵਕ਼ਤ ਸੁਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਚਰਜ ਖੇਲ ਕਲ ਵਰਤਾਈ । ਅਚਰਜ ਖੇਲ ਆਪ ਪ੍ਰਭ ਖੇਲਾ । ਝੂਠੀ ਦੇਹ ਸੰਗ ਤਜਾਇਆ ਝੂਠਾ ਜਗਤ ਮੇਲਾ । ਜੋਤ ਸਰੂਪੀ ਜੋਤ ਪ੍ਰਭ ਆਪਣੇ ਰੰਗ ਨਵੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਰੂਪ ਅਗੰਮ ਸਾਚਾ ਸੱਜਣ ਸੁਹੇਲਾ । ਰੂਪ ਅਗੰਮ ਰੰਗ ਅਪਾਰ । ਜੀਵ ਨਾ ਜਾਣੇ ਪ੍ਰਭ ਕੀ ਸਾਰ । ਸਾਚਾ ਪ੍ਰਭ ਗੁਰਮੁਖ ਸਾਚੇ ਲੋਕ ਪਰਲੋਕ ਜਾਏ ਸੁਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਰਾਇਣ ਨਰ ਅਵਤਾਰ । ਤੀਨ ਲੋਕ ਪ੍ਰਭ ਜੈਕਾਰਾ । ਏਕਾ ਸ਼ਬਦ ਉਪਜੇ ਧੁਨਕਾਰਾ । ਚੁਣ ਚੁਣ ਮਾਰੇ ਕਰੇ ਖੁਆਰਾ, ਪ੍ਰਭ ਵਡੇ ਹੰਕਾਰਾ । ਗੁਰਮੁਖ ਵਿਰਲਾ ਪਾਵੇ ਪ੍ਰਭ ਰਸਨਾ ਗਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਪਰਗਟੇ ਨਿਹਕਲੰਕ ਅਵਤਾਰਾ । ਨਿਹਕਲੰਕ ਅੰਤ ਕਰਾਣੇ । ਆਪ ਆਪਣੀ ਕਰੇ ਪਛਾਣੇ । ਗੁਰਮੁਖ ਸਾਚੇ ਪ੍ਰਭ ਵਿਚ ਬਹਾਏ ਸੋਹੰ ਸਚ ਬਬਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਰਤੇ ਆਪਣੇ ਭਾਣੇ । ਵੇਲੇ ਅੰਤ ਆਪ ਤਰਾਏ । ਧਰਮ ਰਖਾਏ ਆਣ ਚੁਕਾਏ । ਝੂਠੀ ਦੇਹ ਜਗਤ ਤਜਾਏ । ਆਪ ਆਪਣਾ ਬਲ ਰਖਾਏ । ਵਡ ਵਡ ਜਾਹਰ ਆਪ ਹੋ ਜਾਏ । ਗਹਿਰ ਗੰਭੀਰ ਕੋਈ ਭੇਦ ਨਾ ਪਾਏ । ਵਡ ਸ਼ਾਇਰੀ ਸ਼ਾਇਰ ਕੋਇ ਸਕੇ ਨਾ ਗਾਏ । ਏਕਾ ਸ਼ਬਦ ਏਕਾ ਲਹਿਰ ਪ੍ਰਭ ਵਰਤਾਏ । ਏਕਾ ਕਹਿਰ ਸਵਾ ਪਹਿਰ ਸ੍ਰਿਸ਼ਟ ਹੋ ਜਾਏ । ਮਹੀਨਾ ਜੇਠ ਲੱਗੇ ਦੁਪਹਿਰ, ਸ੍ਰਿਸ਼ਟ ਸਬਾਈ ਭੱਠ ਹੋ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਉਲਟੀ ਲੱਠ ਆਪ ਗਿੜਾਏ । ਜੇਠ ਮਹੀਨਾ ਆਏ ਜਗ । ਕਹਿਰ ਅੰਧੇਰੀ ਜਾਏ ਵਗ । ਵਡ ਵਡ ਹੰਕਾਰੀਆਂ ਪ੍ਰਭ ਪਕੜੇ ਸ਼ਾਹ ਰਗ । ਗੁਰਮੁਖ ਸਾਚੇ ਦਰਸ ਦਵਾਰੀਆਂ, ਪ੍ਰਭ ਦੇਵੇ ਦਰਸ ਅਭਗ । ਵਡੇ ਵਡੇ ਸੰਸਾਰੀਆਂ ਪ੍ਰਭ ਆਪ ਲਗਾਏ ਆਪਣੇ ਪਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਨ ਜੋਤ ਲਗਾਏ ਬੇਮੁਖ ਜੀਵ ਜਾਇਣ ਦਗ । ਅਗਨ ਜੋਤ ਲਗਾਏ । ਚਾਰ ਕੁੰਟ ਹਾਹਾਕਾਰ ਕਰਾਏ । ਵਿਚ ਸੰਸਾਰ ਪੈ ਜਾਏ ਦੁਹਾਏ । ਈਸਾ ਮੂਸਾ ਮੁਹੰਮਦੀ ਪ੍ਰਭ ਮੇਟ ਵਖਾਏ । ਏਕਾ ਸਾਚਾ ਸਤਿ ਦਰਬਾਰ ਆਪ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤਕਾਲ ਆਪਣੀ ਬਣਤ ਆਪ ਰਿਹਾ ਬਣਾਏ । ਆਪਣੀ ਬਣਤ ਆਪ ਬਣਾਏ । ਜੀਵ ਜੰਤ ਖੋਟੀ ਮਤਿ ਰਖਾਏ । ਵਡ ਵਡ ਸੰਤ ਆਪ ਭੁਲਾਏ । ਕਲਜੁਗ ਜੀਵਾਂ ਮਾਇਆ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਕਰਾਏ । ਅੰਤਕਾਲ ਕਲਜੁਗ ਪ੍ਰਭ ਕਰਨਾ । ਸ੍ਰਿਸ਼ਟ ਸਬਾਈ ਹੇਠ ਦਾੜ੍ਹੇ ਪ੍ਰਭ ਆਪਣੀ ਧਰਨਾ । ਪੀੜ ਪਿੜਾਏ ਪੀਸ ਪਿਸਾਏ ਪ੍ਰਭ ਆਪਣੀ ਕਰਨੀ ਕਰਨਾ । ਪਕੜ ਉਠਾਏ ਸਰਨ ਲਗਾਏ ਗੋਦ ਬਹਾਏ ਗੁਰਮੁਖ ਸਾਚੇ ਧਰਨੀ ਧਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਕਲ ਏਕਾ ਰਖਾਏ ਚਾਰ ਵਰਨ ਚਲ ਆਏ ਪ੍ਰਭ ਦੇਵੇ ਸਚੀ ਸਰਨਾ । ਸਾਚਾ ਪ੍ਰਭ ਸਚ ਕਰਮ ਵਿਚਾਰਿਆ । ਗੁਰਮੁਖ ਸਾਚਾ ਪ੍ਰਭ ਖਿਚ ਲਿਆਵੇ ਚਰਨ ਦਵਾਰਿਆ । ਖੋਲ੍ਹ ਵਖਾਏ ਕਵਲ ਨਭ, ਅੰਮ੍ਰਿਤ ਦੇਵੇ ਮੁਖ ਫੁਹਾਰਿਆ । ਜੋਤ ਪਰਗਟਾਵੇ ਵਿਚ ਆਤਮ ਝੱਬ, ਏਕਾ ਦੇਵੇ ਜੋਤ ਅਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਗੁਰਮੁਖ ਪਾਰ ਉਤਾਰਿਆ । ਗੁਰਮੁਖ ਸਾਚਾ ਪ੍ਰਭ ਸਾਚਾ ਪਾਇਆ । ਆਪ ਆਪਣਾ ਭੇਦ ਖੁਲ੍ਹਾਇਆ । ਪ੍ਰਭ ਅਬਿਨਾਸ਼ੀ ਆਪਣੀ ਸਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ

ਸਬਾਈ ਲੇਖ ਲਿਖਾਇਆ । ਸਾਚੇ ਸੰਤ ਸਾਚੀ ਕਾਰ । ਪ੍ਰਭ ਅਬਿਨਾਸ਼ੀ ਪਾਇਣ ਸਾਰ । ਸ੍ਰਿਸ਼ਟ ਸਬਾਈ ਰਹੀ ਵੇਖਾ ਵੇਖ, ਨਜ਼ਰ ਨਾ ਆਏ ਜੋਤ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਰੇ ਕਰਤਾਰ । ਸਾਚੇ ਲੇਖ ਪ੍ਰਭ ਲਿਖਾਏ । ਰਾਜੇ ਰਾਣੇ ਟੁੰਬ ਉਠਾਏ । ਪੂਰ ਕਰਾਏ ਆਪਣਾ ਵਾਕ, ਵਾਕ ਭਵਿਖਤ ਜੋ ਰਿਹਾ ਲਿਖਾਏ । ਗੁਰਸਿਖ ਆਤਮ ਮਾਰ ਝਾਕ, ਪ੍ਰਭ ਸਾਚਾ ਖੋਲ੍ਹੇ ਤਾਕ, ਜਿਸ ਜਨ ਦਇਆ ਕਮਾਏ । ਜੀਵ ਜੰਤ ਕਲ ਹੋਏ ਆਕ, ਪ੍ਰਭ ਅਬਿਨਾਸ਼ੀ ਗਏ ਭੁਲਾਏ । ਵੇਲੇ ਅੰਤ ਸਰਬ ਗਵਾਏ ਛੁਡਾਏ ਸੱਜਣ ਸਾਕ, ਆਪਣੇ ਚਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ ਰੰਕ ਇਕ ਰੰਗ ਸਮਾਏ । ਸਾਚੇ ਸੰਤ ਭੇਜੇ ਲੇਖ । ਰਾਣੇ ਮਹਾਰਾਣੇ ਨਾ ਜਾਨਣ ਭੇਖ । ਸਾਚਾ ਪ੍ਰਭ ਕਲ ਆਇਆ ਜਾਮਾ ਪਾਇਆ ਨਾਉਂ ਧਰਾਇਆ ਜਗਤ ਲਿਖਾਵੇ ਸਾਚੇ ਲੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰ ਆਓ ਦਰਸ ਪਾਓ, ਤ੍ਰਿਖਾ ਮਿਟਾਓ ਹੰਕਾਰ ਗਵਾਓ, ਸਰਨੀ ਸੀਸ ਝੁਕਾਓ, ਮਾਨਸ ਜਨਮ ਸੁਫਲ ਕਰਾਓ, ਆਪਣਾ ਮੂਲ ਨਾ ਕਲ ਗਵਾਓ, ਰਾਜੇ ਹੋਏ ਭੁਲ ਨਾ ਜਾਓ, ਜਿਸ ਕਾ ਦੀਆ ਸਰਬ ਤੁਮ ਖਾਓ, ਨਿਹਕਲੰਕ ਕਲ ਸਾਚਾ ਥਾਓ, ਭੁਲ ਨਾ ਜਾਣਾ ਜਗਤ ਨਰਾਇਣ ਵੇਖ ਵੇਖ । ਸੰਤ ਮਨੀ ਸਿੰਘ ਦੇਵੇ ਭਰਵਾਸਾ । ਰਾਜੇ ਰਾਣੇ ਸਮਝਣ ਹਾਸਾ । ਸਾਚਾ ਮੰਨਿਆ ਜਗਤ ਤਮਾਸਾ । ਰਸਨਾ ਲਾਇਣ ਮਦਿਰਾ ਮਾਸਾ । ਅੰਤਕਾਲ ਕਲਜੁਗ ਪਰਗਟ ਜੋਤ ਨਿਹਕਲੰਕ ਕੀਆ ਨਾਸਾ । ਸਤਿਗੁਰ ਪੂਰਾ ਪੂਰਨ ਆਸਾ । ਗੁਰਮੁਖ ਵਿਰਲੇ ਪੂਰਨ ਭਰਵਾਸਾ । ਆਪ ਆਪਣਾ ਸਦ ਰੱਖੇ ਵਾਸਾ । ਧਰੇ ਜੋਤ ਪ੍ਰਭ ਅਬਿਨਾਸ਼ਾ । ਮਾਨਸ ਜਨਮ ਕਰਾਏ ਰਹਿਰਾਸਾ । ਵੇਲੇ ਅੰਤ ਪ੍ਰਭ ਕਰੇ ਬੰਦ ਖੁਲਾਸਾ । ਜੋਤੀ ਜੋਤ ਜੋਤ ਮਿਲਾਵੇ ਜੋਤ ਪਰਗਟਾਏ ਨਿਜ ਘਰ ਕਰੇ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਦ ਰੱਖੇ ਵਾਸਾ । ਸੰਤ ਮਨੀ ਸਿੰਘ ਆਪ ਪ੍ਰਭ ਉਪਜਾਇਆ । ਸਾਚੇ ਸੰਤ ਪ੍ਰਭ ਜਨਮ ਦਵਾਇਆ । ਪਿਤਾ ਆਪ ਪੂਤ ਉਪਜਾਇਆ । ਆਪਣਾ ਬਿਰਦ ਪ੍ਰਭ ਰਖਾਇਆ । ਸਾਚਾ ਲਹਿਣਾ ਪ੍ਰਭ ਸਾਚੇ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੀਪਕ ਵਿਚ ਦੇਹ ਜਗਾਇਆ । ਆਤਮ ਗਹਿਣਾ ਪ੍ਰਭ ਪਵਾਏ । ਪੂਰਬ ਲਹਿਣਾ ਪ੍ਰਭ ਝੋਲੀ ਪਾਏ । ਭਾਣਾ ਸਹਿਣਾ ਪ੍ਰਭ ਹੁਕਮ ਸੁਣਾਏ । ਗੁਰ ਸੰਗਤ ਵਿਚ ਗੁਰ ਰਲ ਬਹਿਣਾ, ਪ੍ਰਭ ਸਾਚਾ ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਖੇਲ ਰਚਾਏ । ਸਾਚੇ ਸੰਤ ਫੇਰਾ ਪਾਇਆ । ਬਣਾਈ ਬਣਤ ਜਨਮ ਦਵਾਇਆ । ਆਪ ਇਕੰਤ ਵਿਚ ਸਮਾਇਆ । ਬਣਾਵੇ ਬਣਤ ਜਿਸ ਜੀਵ ਉਪਾਇਆ । ਪਰਗਟ ਜੋਤ ਪ੍ਰਭ ਭਗਵੰਤ, ਪੰਚਮ ਜੇਠ ਮਾਣ ਦਵਾਇਆ । ਸਾਚੇ ਸੰਤ ਪ੍ਰਭ ਮਾਣ ਦਵਾਈ । ਆਪ ਆਪਣੀ ਜੋਤ ਟਿਕਾਈ । ਆਦਿਨ ਅੰਤ ਹੋਏ ਸਹਾਈ । ਜੋਤ ਸਰੂਪ ਰਿਹਾ ਵਿਚ ਸਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਦਇਆ ਕਮਾਈ । ਸਾਚਾ ਗੁਰ ਸਤਿ ਪਰਸਾਦਿ । ਆਵੇ ਜਾਵੇ ਉਪਜਾਵੇ ਸ਼ਬਦ ਧੁਨ ਨਾਦ । ਜੋਤ ਸਰੂਪੀ ਜੋਤ ਪਰਗਟਾਵੇ ਸਦਾ ਬ੍ਰਿਹਮਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਸ਼ਬਦ ਲਿਖਾਵੇ ਬੋਧ ਅਗਾਧ । ਸਾਚਾ ਪ੍ਰਭ ਸ਼ਬਦ ਲਿਖਾਏ । ਸੰਤ ਮਨੀ ਸਿੰਘ ਬਣਤ ਬਣਾਏ । ਵਡ ਵਡ ਧਨੀ ਗੁਰ ਨਾਮ ਦਵਾਏ । ਏਕਾ ਸੋਹੰ ਸਾਚਾ ਜਾਮ ਮੁਖ ਚੁਆਏ । ਉਪਜਾਵੇ ਧਾਮ ਪ੍ਰਭ ਰਸਨ ਲਗਾਏ । ਪੂਰਨ ਕਰਾਏ ਕਾਮ ਸਿਰ ਹੱਥ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਂਓ ਧਰਾਏ । ਸਾਚਾ ਪ੍ਰਭ ਹੋਏ ਸਹਾਈ । ਸੰਤ ਜਨਾਂ ਪ੍ਰਭ ਬਣਤ ਬਣਾਈ । ਮਾਤਲੋਕ ਪ੍ਰਭ

ਦੇਵੇ ਵਡਿਆਈ । ਪੰਚਮ ਜੇਠ ਦਰ ਘਰ ਸੰਗਤ ਆਏ ਮੰਗਲ ਗਾਈ । ਮਨੀ ਸਿੰਘ ਪ੍ਰਭ ਦੇਵੇ ਆਪ ਵਸਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿਗੁਰ ਸਾਚਾ ਆਪ ਬਣਾਈ । ਸੰਤ ਮਨੀ ਸਿੰਘ ਪ੍ਰਭ ਦਇਆ ਕਮਾਏ । ਸਾਚਾ ਸਤਿਗੁਰ ਆਪ ਬਣਾਏ । ਆਪਣਾ ਹੱਥ ਸਿਰ ਟਿਕਾਏ । ਸ਼ਬਦ ਰਥ ਪ੍ਰਭ ਦੇ ਚੜ੍ਹਾਏ । ਏਕਾ ਅੰਕ ਬੰਕ ਦਵਾਰ ਸੁਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਜਾਏ ਲੇਖ ਲਿਖਾਏ । ਲੇਖ ਲਿਖਾਏ ਆਪ ਜਗਾਏ ਵਡ ਦਾਤਾ ਭੂਪ । ਪ੍ਰਭ ਸਾਚਾ ਹੋਏ ਸਹਾਏ ਨਾ ਦਿਸੇ ਰੰਗ ਰੂਪ । ਪ੍ਰਭ ਸਾਚੀ ਜੋਤ ਜਗਾਏ ਹੋਏ ਰੁਸ਼ਨਾਏ ਵਿਚ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਦੇਵੇ ਵਡਿਆਈ ਸਤਿ ਸਰੂਪ । ਸੰਤ ਮਨੀ ਸਿੰਘ ਸਚ ਕਰ ਜਾਣ । ਮਿਲਾਇਆ ਮੇਲ ਸਾਚੇ ਸੰਤ ਆਪ ਭਗਵਾਨ । ਬਣਾਏ ਬਣਤ ਜੋਤ ਜਗਾਈ ਪ੍ਰਭ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਮਾਣ ਦਵਾਏ ਆਣ । ਸ੍ਰਿਸ਼ਟ ਸਬਾਈ ਪ੍ਰਭ ਤਜਾਏ । ਰਾਓ ਉਮਰਾਓ ਦਰ ਦੁਰਕਾਏ । ਵਡੇ ਵਡ ਘਾਓ ਪ੍ਰਭ ਮਾਇਆ ਜਗਤ ਲਗਾਏ । ਵਡੇ ਵਡ ਸ਼ਾਹੋ ਪ੍ਰਭ ਖ਼ਾਕ ਰੁਲਾਏ । ਪ੍ਰਭ ਸਾਚੇ ਸਦ ਬਲ ਬਲ ਜਾਓ, ਸੰਤ ਮਨੀ ਸਿੰਘ ਸਾਚੀ ਜੋਤ ਵਿਚ ਲਲਾਟ ਜਗਾਏ । ਜੋਤ ਵਿਚ ਲਲਾਟ ਜਗਾਏ । ਵਡੇ ਵਡੇ ਵਡ ਦਵਾਰ । ਕਲਜੁਗ ਜੀਵ ਭਰੇ ਹੰਕਾਰ । ਨਿਮਾਣਿਆਂ ਨਿਤਾਣਿਆਂ ਪ੍ਰਭ ਰੱਖੇ ਪਿਆਰ । ਜੋਤ ਪਰਗਟਾਵੇ ਆਵੇ ਜਾਵੇ, ਨੀਚੋ ਨੀਚ ਅਖਵਾਵੇ ਆਪ ਗਿਰਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਸਾਚੇ ਦੀ ਸਾਚੀ ਕਾਰ । ਦੁਰਯੋਧਨ ਪ੍ਰਭ ਮਹੱਲ ਤਜਾਏ । ਝੁੱਗੀ ਬਿਦਰ ਪ੍ਰਭ ਭਾਗ ਲਗਾਏ । ਅਲੂਣਾ ਸਾਗ ਮੁਖ ਲਗਾਏ । ਦੂਖ ਭੂਖ ਸੂਖ ਰੰਗ ਇਕ ਸਮਾਏ । ਜਨ ਭਗਤ ਉਜਲ ਮੁਖ ਆਪ ਕਰਾਏ । ਜੋਤ ਸਰੂਪੀ ਪਰਗਟ ਜੋਤ, ਆਪਣੀ ਜੋਤ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਚੌਥੇ ਜੁਗ ਬੁੱਗੀਂ ਭਾਗ ਲਗਾਏ । ਮਾਝਾ ਦੇਸ ਪਿੰਡ ਬੁੱਗਾ । ਸਤਿਜੁਗ ਪ੍ਰਭ ਕਰਾਏ ਉਘਾ । ਮਾਣ ਰਖਾਏ ਚਾਰ ਜੁਗਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਦਰ ਦਰਬਾਰ ਬਣਾਏ ਮੇਟ ਵਖਾਏ ਕਲਜੁਗ ਨਿਸ਼ਾਨ ਉਪਾਏ ਜੋ ਕਲਜੁਗਾ । ਸਾਚਾ ਧਾਮ ਪ੍ਰਭ ਸੁਹਾਏ । ਗੁਰਮੁਖ ਸਾਚੇ ਆਣ ਤਰਾਏ । ਸਿੰਘ ਪ੍ਰੇਮ ਪ੍ਰਭ ਦਇਆ ਕਮਾਏ । ਪਿਤਾ ਪੂਤ ਏਕਾ ਸੂਤ ਏਕਾ ਜੋਤ ਏਕਾ ਗੋਤ ਪ੍ਰਭ ਸਾਚਾ ਇਕ ਹੋ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਵਿਚ ਬੁੱਗੀਂ ਭਾਗ ਲਗਾਏ । ਪੰਚਮ ਜੇਠ ਆਸਾ ਵਰ । ਗੁਰਮੁਖ ਸਾਚੇ ਪ੍ਰਭ ਸੁਹਾਇਆ ਤੇਰਾ ਘਰ । ਦੇਵੇ ਵਡਿਆਈ ਅਵਤਾਰ ਨਰ । ਸੰਤ ਮਨੀ ਸਿੰਘ ਜੋਤ ਪਰਗਟਾਈ ਆਪ ਜਗਾਈ ਸਾਚੇ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿ ਪੁਰਖਾਂ ਦੇਵੇ ਸਾਚਾ ਵਰ । ਸਾਚੇ ਦਰ ਗੁਰ ਪੂਰਾ ਆਇਆ । ਸਾਚਾ ਘਰ ਪ੍ਰਭ ਆਣ ਵਸਾਇਆ । ਸੇਵਕ ਸੇਵਾ ਪ੍ਰਭ ਸੇਵਾ ਲਾਇਆ । ਸਾਚਾ ਮੇਵਾ ਪ੍ਰਭ ਆਪ ਖਵਾਇਆ । ਵਡਾ ਵਡ ਦੇਵੀ ਦੇਵਾ ਗੁਰਸਿਖ ਉਪਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਿਰਥਾ ਜਾਏ ਨਾ ਤੇਰੀ ਸੇਵ, ਜੋ ਜਨ ਆਏ ਕਮਾਇਆ । ਸਾਚੇ ਸੰਤ ਕੀਨੀ ਸੇਵ । ਪ੍ਰਭ ਦਰ ਮੰਗਿਆ ਸਾਚਾ ਮੇਵ । ਜੋਤ ਜਗਾਏ ਵਡ ਦੇਵੀ ਦੇਵ । ਇਕ ਕਰਾਏ ਪ੍ਰਭ ਸਾਚੀ ਸੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਤਿਜੁਗ ਬਣਾਏ ਸਾਚਾ ਗੁਰਦੇਵ । ਸਾਚਾ ਗੁਰ ਗੁਰ ਬਣਾਇਆ । ਲਿਖਿਆ ਧੁਰ ਪ੍ਰਭ ਆਪ ਪਰਗਟਾਇਆ । ਕਰੋੜ ਤੇਤੀਸ ਸੁਰ ਪ੍ਰਭ ਸਰਨ ਲਗਾਇਆ । ਸਾਚਾ ਸਤਿਗੁਰ ਸੰਤ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਸਾਚਾ

੫੮ ੦੨

ਲੇਖ ਆਪ ਲਿਖਾਇਆ । ਪੰਚਮ ਜੇਠ ਦੇਵੇ ਵਡਿਆਈ । ਆਪਣੀ ਜੋਤ ਦੇਵੇ ਟਿਕਾਈ । ਦਿਵਸ ਰੈਣ ਹੋਏ ਰੁਸ਼ਨਾਈ । ਸਾਚਾ ਦੀਪਕ ਆਪ ਜਗਾਈ । ਏਕਾ ਜੋਤ ਪ੍ਰਭ ਮਾਤ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਘਟਾਂ ਗੁਣਤਾਸ ਦੇਵੇ ਆਪ ਵਡਿਆਈ । ਸਾਚਾ ਸਤਿਗੁਰ ਪ੍ਰਭ ਆਪ ਬਣਾਇਆ । ਗੁਰ ਗੁਰ ਗੁਰ ਵਿਚ ਸਮਾਇਆ । ਧੁਰ ਧੁਰ ਜੋਤ ਸਰੂਪ ਵਿਚ ਮਾਤ ਦੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਾਚਾ ਖੇਲ ਵਰਤਾਇਆ । ਸਾਚਾ ਪ੍ਰਭ ਸਚ ਵਰਤਾਏ । ਆਪਣੇ ਭਾਣੇ ਆਪ ਚਲਾਏ । ਏਕਾ ਗੁਰ ਆਪ ਹੋ ਜਾਏ । ਮਾਤ ਪਿਤ ਭੈਣ ਭਰਾ ਸੱਜਣ ਸਾਕ ਸੈਣ ਆਪ ਅਖਵਾਏ । ਪ੍ਰਭ ਆਪਣੀ ਸਰਨ ਲਗਾਏ ਜੋ ਜਨ ਸੇਵ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਰਹਿਣ ਨਾ ਪਾਏ । ਸਾਚਾ ਖੇਲ ਪ੍ਰਭ ਕਲ ਖੇਲਾ । ਚਤੁਰਭੁਜ ਜਗਤ ਦੁਹੇਲਾ । ਸਾਚੇ ਸੰਤ ਸਤਿ ਕਰਾਇਆ ਮੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਪੰਚਮ ਜੇਠ ਆਏ ਸੁਹਾਇਆ ਵੇਲਾ । ਥਾਨ ਸੁਹਾਏ ਆਣ ਪ੍ਰਭ, ਗੁਰ ਸੰਗਤ ਜੋੜ । ਥਾਨ ਸੁਹਾਏ ਆਪ ਪ੍ਰਭ, ਗੁਰਸਿਖ ਚੜ੍ਹਾਏ ਤੋੜ । ਥਾਨ ਸੁਹਾਏ ਆਣ ਪ੍ਰਭ, ਗੁਰਮੁਖ ਸਾਚੇ ਲਏ ਲੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਚਰਨ ਪ੍ਰੀਤੀ ਜੋੜ । ਗੁਰ ਪੂਰੇ ਸ਼ਬਦ ਜਣਾਇਆ । ਆਪਣਾ ਭੇਦ ਆਪ ਖੁਲ੍ਹਾਇਆ । ਚਾਰ ਵੇਦ ਮਾਣ ਗਵਾਇਆ । ਸੋਹੰ ਸਾਚਾ ਮੁਖ ਰਖਾਇਆ । ਨਿਹਕਲੰਕ ਸਿਰ ਹੱਥ ਟਿਕਾਇਆ । ਸੰਤ ਮਨੀ ਸਿੰਘ ਪੰਚਮ ਜੇਠ ਪ੍ਰਭ ਸਾਚੇ ਮਾਣ ਦਵਾਇਆ । ਸਾਚਾ ਸ਼ਬਦ ਪ੍ਰਭ ਸਾਚਾ ਦੇਵੇ । ਕਰੇ ਖੇਲ ਅਲਖ ਅਭੇਵੇ । ਦਿਵਸ ਰੈਣ ਰੈਣ ਦਿਵਸ ਪ੍ਰਭ ਅਬਿਨਾਸ਼ੀ ਰਸਨਾ ਸੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਵਡ ਪਰਸਾਦੀ ਸਾਚਾ ਨਾਮ ਦੇਵੇ ਸਾਚੇ ਮੇਵੇ । ਸਾਚਾ ਸ਼ਬਦ ਪ੍ਰਭ ਸੁਣਾਇਆ । ਪੰਚਮ ਦਿਵਸ ਆਪ ਸੁਹਾਇਆ । ਸਾਚੇ ਪਿਤ ਸਚ ਕਰਮ ਕਮਾਇਆ । ਕੀਆ ਹਿਤ ਪਵਣ ਪੂਤ ਆਪ ਤਰਾਇਆ । ਬਣਿਆ ਸਾਚਾ ਪਿਤ, ਸਿਰ ਹੱਥ ਟਿਕਾਇਆ । ਆਪ ਜਣਾਏ ਸਰਬ ਗਤ ਮਿਤ ਸਾਚੇ ਭੇਦ ਆਪ ਬੁਝਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਗਤ ਸਤਿਗੁਰ ਮਨੀ ਸਿੰਘ ਸਤਿਜੁਗ ਬਣਾਇਆ । ਗੁਰ ਪਰਸਾਦ ਗੁਰ ਸਾਚਾ ਮੰਨਿਆ । ਗੁਰ ਪਰਸਾਦ ਦੇਵੇ ਵਡਿਆਈ ਜਿਸ ਤਾਣਾ ਤਣਿਆ । ਸਾਚਾ ਪ੍ਰਭ ਜੋਤ ਸਰੂਪੀ ਬੇੜਾ ਬੰਨ੍ਹਿਆ । ਵਿਚ ਬ੍ਰਹਿਮਾਦ ਆਦਿ ਜੁਗਾਦਿ ਆਵਣ ਜਾਣ ਜਾਣ ਆਵਣ ਪ੍ਰਭ ਸਾਚੇ ਕਾ ਖੇਲ ਸਾਚਾ ਮੰਨਿਆ । ਆਵੇ ਜਾਵੇ ਜਗਤ ਰਹਾਵੇ, ਜੁਗੋ ਜੁਗੋ ਜਨ ਭਗਤਾਂ ਬੇੜਾ ਬੰਨ੍ਹਿਆ । ਏਕਾ ਰੂਪ ਆਪ ਰਖਾਵੇ, ਸੋਹੰ ਜੋਤ ਆਤਮ ਜਗਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਿਚ ਸਤਿਜੁਗ ਉਪਜਾਵੇ ਸਾਚਾ ਮਾਣ ਦਵਾਏ, ਸਤਿਗੁਰ ਸਾਚਾ ਸਤਿ ਕਰ ਮੰਨਿਆ । ਸਾਚਾ ਸ਼ਬਦ ਪ੍ਰਭ ਸਾਚੇ ਕਾ, ਕਦੇ ਨਾ ਕਰਨੀ ਭੰਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਸਦਾ ਅੰਗ ਸੰਗਿਆ, ਆਪ ਆਪਣੇ ਰੰਗਾਏ ਰੰਗਿਆ । ਸਾਚਾ ਛਤਰ ਸੀਸ ਝੁਲਾਏ । ਸਾਧ ਸੰਗਤ ਪ੍ਰਭ ਚਰਨ ਲਗਾਏ । ਏਕਾ ਧੁਨ ਸੰਗਤ ਗੁਰ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵੇ ਵਡਿਆਈ ਵਿਚ ਪੰਚਮ ਜੇਠ ਜੋਤ ਪਰਗਟਾਏ । ਸਤਿਗੁਰ ਸਾਚੇ ਤੇਰੀ ਸਾਚੀ ਛਾਇਆ । ਆਤਮ ਪੜਦਾ ਪ੍ਰਭ ਮਾਇਆ ਲਾਹਿਆ । ਏਕਾ ਜੋਤ ਕਰੇ ਰੁਸ਼ਨਾਇਆ । ਪ੍ਰਭ ਅਬਿਨਾਸ਼ੀ ਕਦੇ ਮਰੇ ਨਾ ਜਾਇਆ । ਸਚ ਘਰ ਸਦ ਰੱਖੇ ਵਾਸ, ਆਪ ਹੋਏ ਦਾਸਨ ਦਾਸ, ਸੰਗਤ ਸਿਰ ਛਤਰ ਝੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਆਣ ਤਰਾਇਆ ।

ਸਾਧ ਸੰਗਤ ਮਨ ਚਾਓ ਘਨੇਰਾ । ਜੋਤ ਪਰਗਟਾਏ ਨਾ ਲਾਏ ਦੇਰਾ । ਨਿਹਕਲੰਕ ਪ੍ਰਭ ਅਬਿਨਾਸ਼ੀ ਸਤਿਗੁਰ ਸਾਚਾ ਤੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥੇ ਜੁਗ ਲੋਕਮਾਤ ਪਾਇਆ ਫੇਰਾ । ਜੋਤ ਸਰੂਪ ਸਦਾ ਵਰਤੰਤ । ਏਕਾ ਜੋਤ ਜਗਾਏ ਪੂਰਨ ਭਗਵੰਤ । ਗੁਰਮੁਖ ਸਾਚੇ ਮੇਲ ਮਿਲਾਏ ਆਪ ਉਪਜਾਏ ਸਾਚੇ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਪੰਚਮ ਜੇਠ ਆਪ ਬਣਾਏ ਤੇਰੀ ਬਣਤ । ਬਣਤ ਬਣਾਏ ਗੁਰਮੁਖਾਂ ਆਪ । ਕੋਟਨ ਕੋਟ ਪ੍ਰਭ ਉਤਾਰੇ ਪਾਪ । ਸੋਹੰ ਸ਼ਬਦ ਜਪਾਵੇ ਸਾਚਾ ਜਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਇ ਰਹਿਣ ਨਾ ਪਾਏ, ਆਪ ਉਪਾਏ ਆਪਣਾ ਆਪ । ਗੁਰ ਉਪਾਏ ਵਡ ਵਡ ਸੂਰ । ਸਰਬ ਘਟਾ ਪ੍ਰਭ ਕਰੇ ਭਰਪੂਰ । ਗੁਰ ਪਰਸਾਦਿ ਪਰਸਾਦਿ ਗੁਰ ਦੀਆ, ਆਤਮ ਦੇਵੇ ਸਾਚਾ ਸਤਿ ਸਰੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਵੇ ਸਾਚਾ ਨੂਰ । ਗੁਰ ਪਰਸਾਦੀ ਗੁਰ ਦਰ ਆਏ । ਸਤਿ ਸਤਿਵਾਦੀ ਪ੍ਰਭ ਘਰ ਵਸਾਏ । ਬੋਧ ਅਗਾਧ ਪ੍ਰਭ ਸ਼ਬਦ ਲਿਖਾਏ । ਵਿਚ ਵਿਸਮਾਦ ਪ੍ਰਭ ਆਪ ਸਮਾਏ । ਸਾਧ ਸੰਗਤ ਪੰਚਮ ਜੇਠ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ । ਪੰਚਮ ਜੇਠ ਦਿਵਸ ਭਾਗਾ । ਬੇਮੁਖ ਸੋਇਆ ਗੁਰਮੁਖ ਜਾਗਾ । ਪ੍ਰਭ ਸਾਚੇ ਕੀ ਸਰਨੀ ਲਾਗਾ । ਅੰਤਮ ਧੋਏ ਪ੍ਰਭ ਆਤਮ ਦਾਗ਼ਾ । ਏਕਾ ਸ਼ਬਦ ਉਪਜਾਏ ਸੋਹੰ ਸਾਚਾ ਰਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਨਹਦ ਵਜਾਵੇ ਆਤਮ ਸਾਚਾ ਵਾਜਾ । ਆਤਮ ਧੁਨ ਸੱਚੀ ਧੁਨਕਾਰ । ਪ੍ਰਭ ਅਬਿਨਾਸ਼ੀ ਸੁਣੀ ਪੁਕਾਰ । ਘਨਕਪੁਰੀ ਆਇਆ ਜਾਮਾ ਧਾਰ । ਛੱਡੀ ਦੇਹ ਆਪ ਗਿਰਧਾਰ । ਜੋਤ ਸਰੂਪੀ ਪ੍ਰਭ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਕਰਤਾਰ । ਜੋਤ ਸਰੂਪ ਗੁਰਸਿਖ ਸਮਾਏ । ਬੇਮੁਖਾਂ ਪ੍ਰਭ ਦਿਸ ਨਾ ਆਏ । ਨਾੜੀ ਬਹੱਤਰ ਬੰਦ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੰਦਰ ਬਾਹਰ ਬਾਹਰ ਅੰਦਰ ਨਾ ਦੇਖੇ ਨਾ ਦਿਸ ਆਏ । ਆਪਣੇ ਘਰ ਆਪ ਪ੍ਰਭ ਵਸਿਆ । ਗੁਰਮੁਖ ਸਾਚੇ ਸੰਤ ਜਨਾਂ ਸਾਚਾ ਘਰ ਪ੍ਰਭ ਸਾਚੇ ਦੱਸਿਆ । ਬੇਮੁਖ ਦਰ ਆਏ, ਵੇਖ ਵੇਖ ਉਠ ਜਾਏ, ਪ੍ਰਭ ਸਾਰ ਨਾ ਪਾਏ, ਆਤਮ ਅੰਧੇਰ ਜਿਉਂ ਚੰਦ ਮੱਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸੇਵ ਕਮਾਏ, ਚਰਨੀ ਸੀਸ ਝੁਕਾਏ, ਆਪਣਾ ਆਪ ਬਣਾਏ, ਜੋਤ ਜਗਾਏ ਕੋਟ ਰਵ ਸੱਸਿਆ । ਸਾਚੀ ਜੋਤ ਸਚ ਪਰਕਾਸ਼ । ਸਾਚਾ ਪ੍ਰਭ ਸਦਾ ਅਬਿਨਾਸ਼ । ਸਾਚਾ ਪ੍ਰਭ ਗੁਰਸਿਖਾਂ ਸਦਾ ਰਹੇ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਪਰਗਟ ਜੋਤ ਸਾਧ ਸੰਗਤ ਸਦ ਰੱਖੇ ਵਿਚ ਵਾਸ । ਸਾਧ ਸੰਗਤ ਪ੍ਰਭ ਸਦਾ ਵਸੇਰਾ । ਗੁਰਮੁਖ ਸਾਚੇ ਮਨ ਚਾਓ ਘਨੇਰਾ । ਵੇਖੇ ਵਿਗਸੇ ਗੁਰਮੁਖ ਤਰਾਏ ਨਾ ਲਾਏ ਦੇਰਾ । ਸਮਾਧ ਸੁੰਨ ਖੁਲ੍ਹਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਤਮ ਮਿਟਾਏ ਸਰਬ ਅੰਧੇਰਾ । ਆਤਮ ਅੰਧੇਰ ਅੰਧ ਅਗਿਆਨ । ਕਲਜੁਗ ਜੀਵ ਭੁੱਲੇ ਅੰਞਾਣ । ਸਾਚਾ ਪ੍ਰਭ ਦੇਵੇ ਸਾਚਾ ਸ਼ਬਦ ਗਿਆਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਵੇ ਦਰਸ ਆਪ ਭਗਵਾਨ । ਦੇਵੇ ਦਰਸ ਦਰ ਘਰ ਆਏ । ਕਰੇ ਤਰਸ ਗੁਰਮੁਖ ਪ੍ਰਭ ਵਡਿਆਏ । ਅੰਮ੍ਰਿਤ ਮੇਘ ਵਰਸ, ਪ੍ਰਭ ਆਤਮ ਤ੍ਰਿਖਾ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚ ਤੇਰਾ ਤਰਸ, ਜਨਮ ਮਰਨ ਦਾ ਗੇੜ ਕਟਾਏ । ਸਾਚਾ ਸ਼ਬਦ ਗੁਣ ਵਿਚਾਰ । ਗੁਰਮੁਖ ਸਾਚੇ ਸਚ ਦਰਸ, ਰਸਨਾ ਸਦ ਉਚਾਰ । ਪਤਤ ਪਾਪੀ ਪ੍ਰਭ ਦੇਵੇ ਪੁਣ, ਅੰਮ੍ਰਿਤ ਵਰਖੇ ਕਿਰਪਾ ਧਾਰ । ਗੁਰਮੁਖਾਂ ਜਣਾਏ ਸਾਚੇ ਗੁਣ, ਚਰਨ ਲਗਾਵੇ

ਸਤਿ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਦੇਵੇ ਸ਼ਬਦ ਅਧਾਰ । ਸਾਚਾ ਸ਼ਬਦ ਪ੍ਰਭ ਕਾ ਰੂਪ । ਸਤਿ ਸਤਿ ਸਤਿ ਵਰਤਾਵੇ ਪ੍ਰਭ ਸਾਚਾ ਸਤਿ ਸਰੂਪ । ਤਤ ਤਤ ਰਖਾਏ ਆਪ ਡਰਾਏ ਵਿਚ ਬੈਠਾ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰ ਇਕ ਬਣਾਏ, ਤਾਣਾ ਪੇਟਾ ਜਿਉਂ ਏਕਾ ਸੂਤ । ਏਕਾ ਸੂਤ ਨਾਮ ਰਖਾਇਆ । ਸਵਾਸ ਸਵਾਸ ਪ੍ਰਭ ਮਣਕ ਬਣਾਇਆ । ਸੋਹੰ ਧਾਗੇ ਗੁਰਸਿਖ ਪਰੋਇਆ । ਕੰਠ ਮਾਲ ਪ੍ਰਭ ਗਲ ਵਿਚ ਟਿਕਾਇਆ । ਖੰਡ ਬ੍ਰਹਿਮੰਡ ਨਵ ਖੰਡ ਵਿਚ ਵਰਭੰਡ ਮਾਣ ਦਵਾਇਆ । ਤੋੜੇ ਘਮੰਡ ਨਵ ਖੰਡ ਲਾਏ ਡੰਡ ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਚਲਾਇਆ । ਸੋਹੰ ਸ਼ਬਦ ਸਾਚੀ ਕਾਰ । ਆਪ ਚਲਾਏ ਖੰਡਾ ਦੋ ਧਾਰ । ਗੁਰਮੁਖ ਕਮਾਵੇ ਉਤਰੇ ਪਾਰ । ਬੇਮੁਖ ਭੁਲਾਵੇ ਡੁੱਬੇ ਨਰਕ ਮੰਝਾਰ । ਗੁਰਸਿਖ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਨ ਪਰੇ ਕਾਜ ਸਰੇ ਆਇਆ ਚਰਨ ਦਵਾਰ । ਭੁੱਲਿਆਂ ਡੁਲਿਆਂ ਜਗਤ ਰੁਲਿਆਂ ਮਿਲਿਆ ਪ੍ਰਭ ਅਬਿਨਾਸ਼ੀ ਵਡ ਵਡ ਵਡ ਮੁੱਲਿਆ । ਕਲਜੁਗ ਜੀਵ ਕਲ ਨਾ ਡੋਲ, ਪ੍ਰਭ ਅਬਿਨਾਸ਼ੀ ਸਦਾ ਅਤੋਲ, ਕਦੇ ਜਗਤ ਨਾ ਤੁੱਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਏ ਭੰਡਾਰੇ ਖੋਲ੍ਹ, ਦੇਵੇ ਸਾਚੀ ਨਾਮ ਦਾਤ ਵਡ ਵਡ ਵਡ ਅਨਮੁਲਿਆ । ਸਾਚਾ ਪ੍ਰਭ ਵਡ ਭੰਡਾਰਾ । ਦੇਵਣਹਾਰਾ ਇਕ ਦਾਤਾਰਾ । ਮੰਗਣ ਖੜੇ ਕੋਟ ਦਵਾਰਾ । ਨਿਖੁੱਟ ਨਾ ਜਾਏ ਪ੍ਰਭ ਸਾਚੇ ਤੇਰਾ ਭੰਡਾਰਾ । ਜੋਤ ਸਰੂਪ ਪ੍ਰਭ ਸਾਚਾ ਸਚਖੰਡ ਵਸੇ ਆਪ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਕਰ ਕਿਰਪਾ ਪਾਰ ਉਤਾਰਾ । ਪਾਰ ਉਤਾਰਨਹਾਰ ਆਪ ਪ੍ਰਭ ਆਇਆ । ਸਚ ਦਰ ਦਰਬਾਰ ਵਿਚ ਮਾਤ ਪ੍ਰਭ ਲਗਾਇਆ । ਏਕਾ ਏਕੰਕਾਰ ਸਾਚੀ ਜੋਤ ਜਗਾਇਆ । ਪਰਗਟ ਜੋਤ ਆਪ ਗਿਰਧਾਰ, ਸਿੰਘਾਸਣ ਡੇਰਾ ਲਾਇਆ । ਜੋਤ ਸਰੂਪੀ ਦੇਵੇ ਦਰਸ ਅਪਾਰ, ਗੁਰਮੁਖ ਸਾਚੇ ਪ੍ਰਭ ਆਤਮ ਭਉ ਚੁਕਾਇਆ । ਖਿਚ ਲਿਆਏ ਚਰਨ ਦਵਾਰ, ਗੁਰਮੁਖ ਸਾਚੇ ਪ੍ਰਭ ਸਾਚਾ ਦਇਆ ਕਮਾਇਆ । ਖਾਲੀ ਭਰੇ ਫਿਰ ਭੰਡਾਰ, ਸੋਹੰ ਸ਼ਬਦ ਪ੍ਰਭ ਝੋਲੀ ਪਾਇਆ । ਕਰ ਦਰਸ ਪ੍ਰਭ ਅਪਾਰ, ਕਰ ਕਿਰਪਾ ਪਾਰ ਲੰਘਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਹੱਥ ਟਿਕਾਇਆ । ਭੁਲ ਭੁਲ ਭੁਲ ਜੀਵ ਵਕਤ ਗਵਾਇਆ । ਰੁਲ ਰੁਲ ਰੁਲ ਕਿਉਂ ਜੀਵ ਆਪਣਾ ਆਪ ਰੁਲਾਇਆ । ਆਇਆ ਵਕਤ ਦਰ ਗਿਆ ਖੁਲ੍ਹ, ਵਡ ਅਮੁੱਲ ਭੰਡਾਰ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਿਖਾਰੀ ਆਪ ਲਿਖਾਰੀ ਸਾਚਾ ਨਾਮ ਸੋਹੰ ਦਾਨ ਪ੍ਰਭ ਝੋਲੀ ਪਾਇਆ । ਰਸਨਾ ਰਸ ਰਸ ਜਾਪ । ਆਪ ਉਪਾਏ ਆਪਣਾ ਆਪ । ਜੋਤ ਜਗਾਏ ਕੋਟ ਗਵਾਏ ਤਾਪ । ਮੁਖ ਰਖਾਏ ਸਵਾਸ ਚਲਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਰਖਾਏ ਗੁਰਸਿੱਖ ਪਤਿ । ਮੰਗੀ ਪ੍ਰੀਤੀ ਚਰਨ ਕਵਲ । ਮਿਲੇ ਵਡਿਆਈ ਉਪਰ ਧਵਲ । ਜੋਤ ਸਰੂਪੀ ਪ੍ਰਭ ਵਿਚ ਰਿਹਾ ਮਵਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਤੇਰਾ ਖੋਲ੍ਹ, ਵਖਾਏ ਨਾਭ ਕਵਲ । ਕਵਲ ਨਾਭ ਆਪ ਖੁਲ੍ਹਾਏ । ਸਾਗਰ ਸਿੰਧ ਨੀਰ ਉਪਾਏ । ਨੈਣ ਮੂੰਧਾਰ ਮੁਖ ਉਲਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਬੂੰਦ ਮੁਖ ਚੁਆਏ । ਅੰਮ੍ਰਿਤ ਬੂੰਦ ਮੁਖ ਚੁਆਏ । ਸਵਾਂਤਕ ਸਾਂਤੀ ਸਤਿ ਵਰਤਾਏ । ਪਵਣ ਸਰੂਪੀ ਧੂਪ ਜਗਾਏ । ਜੋਤ ਸਰੂਪੀ ਰੂਪ ਪਰਗਟਾਏ । ਆਪਣੀ ਜੋਤ ਗੁਰਮੁਖ ਜਗਾਏ । ਦੂਈ ਦਵੈਤ ਪ੍ਰਭ ਪਰਦਾ ਲਾਹੇ । ਏਕਾ ਆਪ ਆਪਣੀ ਜੋਤ ਆਪ ਜਗਾਏ । ਸੋਹੰ ਸਾਚੀ ਦਾਤ ਪ੍ਰਭ ਝੋਲੀ ਪਾਏ । ਗੁਰਮੁਖਾਂ ਪ੍ਰਭ ਕਰੇ ਬੰਦ ਖਲਾਸ, ਦਰਸ ਦੇਵੇ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ । ਗੁਰਮੁਖ ਸਾਚੇ ਉਪਜੀ ਸੱਚੀ ਧੁਨਕਾਰ । ਸਾਚੀ ਧੁਨ ਰੁਣ ਝੁਣ ਸਾਚਾ ਗੁਣ ਦੇਵੇ ਆਪ ਕਰਤਾਰ । ਗੁਰਮੁਖ ਸਾਚੇ ਸਤਿਜੁਗ ਚੁਣ, ਏਕਾ ਦੇਵੇ ਜੋਤ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਸਰਬ ਗੁਣ, ਸਾਚਾ ਨਾਮ ਭਰੇ ਭੰਡਾਰ । ਸਾਚਾ ਨਾਮ ਰਸਨਾ ਗਾਓ । ਆਪ ਆਪਣਾ ਦੀਪ ਜਗਾਓ । ਅਗਿਆਨ ਅੰਧੇਰ ਵਿਨਾਸ ਕਰਾਓ । ਏਕਾ ਚਰਨ ਧਿਆਨ ਰਖਾਓ । ਉਪਜੇ ਬ੍ਰਹਮ ਗਿਆਨ, ਨਾਮ ਨਿਧਾਨ ਪ੍ਰਭ ਦਰ ਪਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਸਦਾ ਰਿਦੇ ਵਸਾਓ । ਰਿਦੇ ਵਸਾਓ ਆਪ ਭਗਵਾਨ । ਸਾਚਾ ਦੇਵੇ ਸੋਹੰ ਦਾਨ । ਆਪ ਰਖਾਏ ਆਪਣਾ ਮਾਣ । ਆਪ ਜੋਤ ਜਗਾਏ ਵਡ ਗੁਰ ਬਲੀ ਬਲਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖ ਉਪਾਏ ਵਾਲੀ ਦੋ ਜਹਾਨ । ਸਤਿ ਪੁਰਖ ਸਾਚਾ ਸਤਿ ਸੰਗ । ਪ੍ਰਭ ਦਰ ਮੰਗੀ ਸਾਚੀ ਮੰਗ । ਏਕਾ ਮਾਣ ਰਖਾਏ ਲਗਾਏ ਅੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦਾ ਸਹਾਈ ਅੰਗ ਸੰਗ । ਅੰਗ ਸੰਗ ਪ੍ਰਭ ਸਦਾ ਸਹਾਈ । ਗੁਰਮੁਖ ਸਾਚੇ ਤੇਰੀ ਪੈਜ ਰਖਾਈ । ਉਜਲ ਸ਼ਬਦ ਅਟੱਲ ਰਸਨਾ ਰਸਕ ਰਸਕ ਰਸਕ ਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦ ਰਸਨਾ ਗਾਈ । ਰਸਨਾ ਜਪ ਹਰਿ ਕਾ ਨਾਮ । ਪੂਰ ਕਰਾਏ ਪ੍ਰਭ ਹਰ ਕਾ ਕਾਮ । ਪਰਗਟ ਜੋਤ ਦਰਸ ਦਿਖਾਏ ਏਕਾ ਰਾਮ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਦੇਵੇ ਸਾਚਾ ਨਾਮ । ਬੇਮੁਖਾਂ ਪਰਦਾ ਆਤਮ ਪਾਇਆ । ਸਾਚਾ ਦਰ ਦਰਵਾਜਾ ਪ੍ਰਭ ਬੰਦ ਕਰਾਇਆ । ਕਲਜੁਗ ਜੀਵ ਜਗਤ ਮਾਇਆ ਆਪ ਭੁਲਾਇਆ । ਦਇਆ ਕਮਾਏ ਸਰਨ ਲਗਾਏ ਆਪ ਆਪਣੀ ਸੇਵਾ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ,ਪਰਦਾ ਖੋਲ੍ਹ ਵਜਾਏ ਢੋਲ, ਅਨਹਦ ਸਾਚਾ ਰਾਗ ਉਪਜਾਇਆ । ਏਕਾ ਰਾਗ ਆਪ ਉਪਾਏ । ਏਕਾ ਜਾਗ ਪ੍ਰਭ ਲਗਾਏ । ਚਰਨ ਲਾਗ ਗੁਰਸਿਖ ਤਰ ਜਾਏ । ਪ੍ਰਭ ਵਾਗ ਪਕੜੀ ਹੋਏ ਸਹਾਏ । ਨਾ ਲਾਗੇ ਦਾਗ਼ ਸੋਹੰ ਸਵਾਸ ਸਵਾਸ ਜੀਵ ਰਸਨਾ ਗਾਏ । ਕਲਜੁਗ ਤ੍ਰਿਸਨਾ ਜਲਾਏ ਆਗ, ਪ੍ਰਭ ਸਾਂਤਕ ਸਤਿ ਵਰਤਾਏ । ਪ੍ਰਭ ਬਣਾਏ ਹੰਸ ਕਾਗ ਸਾਧ ਸੰਗਤ ਮਿਲਾਏ । ਮਦਿਰਾ ਮਾਸ ਤਿਆਗ, ਭੁਲ ਭੁਲ ਜੀਵ ਹੱਥ ਨਾ ਲਾਏ । ਹੋਏ ਸਹਾਈ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦ ਰਸਨਾ ਗਾਏ । ਗੁਰ ਚਰਨ ਪ੍ਰੀਤੀ ਸਾਚਾ ਜੋਗ । ਪ੍ਰਭ ਅਬਿਨਾਸ਼ੀ ਦੇਵੇ ਦਰਸ ਅਮੋਘ । ਹਉਮੇ ਮਮਤਾ ਕਟਾਏ ਰੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਦੇਵੇ ਸਾਚੀ ਚੋਗ । ਸੋਹੰ ਸ਼ਬਦ ਸਤਿ ਕਮਾਵਣਾ । ਆਤਮ ਵੱਤ ਸੋਹੰ ਬੀਜ ਆਪ ਬੀਜਾਵਣਾ । ਪਾਚੋ ਤਤ ਪ੍ਰਭ ਸਾਚੇ ਨਸ਼ਟ ਕਰਾਵਣਾ । ਏਕਾ ਯਤ ਨਿਹਕਲੰਕ ਆਪ ਰਖਾਵਣਾ । ਸਾਚੀ ਦੇਵੇ ਪ੍ਰਭ ਸਾਚਾ ਮਤ, ਸਾਚੇ ਮਾਰਗ ਲਾਵਣਾ । ਆਪ ਰੱਖੇ ਗੁਰਮੁਖ ਪਤਿ, ਮਦਿਰਾ ਮਾਸ ਮਨੋਂ ਤਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚਾ ਦੀਪਕ ਜੋਤ ਜਗਾਵਣਾ । ਆਤਮ ਦੀਪਕ ਕਰੇ ਉਜਿਆਰ । ਏਕਾ ਜੋਤ ਜਗਾਏ ਅਗੰਮ ਅਪਾਰ । ਏਕਾ ਮਾਰਗ ਲਾਏ ਪ੍ਰਭ ਵਿਚ ਸੰਸਾਰ । ਗੁਰਮੁਖ ਬਾਂਹੋਂ ਪਕੜ ਤਰਾਏ, ਪ੍ਰਭ ਦੇਵੇ ਏਕਾ ਸ਼ਬਦ ਅਧਾਰ । ਰਿਧ ਸਿੱਧ ਪ੍ਰਭ ਵਸ ਕਰਾਏ, ਚਰਨ ਦੋਏ ਜੋੜ ਕਰੇ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਨ ਪੜੇ ਦੀ ਰੱਖੇ ਲਾਜ । ਲਿਖਿਆ ਲੇਖ ਪ੍ਰਭ ਮਿਟਾਵੇ । ਸਾਚੇ ਲੇਖ ਪ੍ਰਭ ਆਪ ਲਿਖਾਵੇ । ਸਾਚਾ ਭੇਖ ਆਪ ਕਰਾਵੇ । ਗੁਰਮੁਖ ਸਾਚਾ ਵੇਖ ਪ੍ਰਭ ਧੀਰ ਧਰਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਿੰਘ ਪਾਲ ਤੇਰੀ ਲਾਜ ਰਖਾਵੇ । ਪਾਲ

ਸਿੰਘ ਪ੍ਰਭ ਜੋਤ ਜਗਾਈ । ਮਾਹਣਾ ਸਿੰਘ ਦੇਵੇ ਵਡਿਆਈ । ਕਿਰਪਾ ਕਰੇ ਆਪ ਰਘੁਰਾਈ । ਜਾਮਾ ਧਾਰ ਸਾਵਲ ਸੁੰਦਰ, ਗੁਰਸਿਖ ਦਵਾਰੇ ਪ੍ਰਭ ਆਪੇ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਜਾਏ ਗੁਰਮੁਖ ਸਾਚਾ ਆਪ ਤਰਾਈ । ਆਪਣਾ ਜਾਮਾ ਆਪੇ ਧਾਰੇ । ਸਾਵਲ ਸੁੰਦਰ ਰੂਪ ਮੁਰਾਰੇ । ਗੁਰਮੁਖ ਸਾਚਾ ਪਾਰ ਉਤਾਰੇ । ਦੇਵੇ ਦਰਸ ਅਵਸਥਾ ਬਾਲ, ਬਾਂਹੋਂ ਪਕੜ ਆਪ ਉਠਾਰੇ । ਆਤਮ ਹੋਏ ਲਾਲ, ਸਾਚਾ ਮਿਲਿਆ ਪ੍ਰਭ ਵਸਾਲ, ਸਾਚਾ ਪ੍ਰਭ ਖੜਾ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਅਪਰ ਅਪਾਰੇ । ਗੁਰਮੁਖ ਸਾਚੇ ਪ੍ਰਭ ਆਪ ਵਡਿਆ । ਸਾਚੀ ਦਾਤ ਪ੍ਰਭ ਝੋਲੀ ਦੇਵੇ ਪਾ । ਵਡ ਵਡ ਹੰਸ ਗੁਰਸਿਖ ਪ੍ਰਭ ਦਏ ਬਣਾ । ਆਪ ਆਪਣੀ ਬਣਾਏ ਅੰਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਚਰਨੀ ਲਏ ਲਗਾ । ਆਪਣੀ ਅੰਸ ਆਪ ਬਣਾਏ । ਦੁਖ ਰੋਗ ਪ੍ਰਭ ਮਿਟਾਏ । ਕਰਮ ਵਿਜੋਗ ਕੋਈ ਰਹਿਣ ਨਾ ਪਾਏ । ਸਾਚਾ ਭੋਗ ਪ੍ਰਭ ਦਰਸ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਿਆ ਲੇਖ ਦੇ ਮਿਟਾਏ । ਸਾਵਣ ਲਿਖਾਇਆ ਸਤਿਗੁਰ ਲੇਖ । ਪੰਚਮ ਜੇਠ ਮਿਟਾਇਆ ਆਪ ਆਪਣਾ ਕੀਆ ਦੇਖ । ਏਕਾ ਦੂਜਾ ਭਉ ਚੁਕਾਇਆ, ਆਤਮ ਕੀਨੀ ਸਦ ਵਸੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਝੂਠੀ ਮਿਟਾਈ ਲਿਖਾਈ ਰੇਖ । ਲਿਖਾਇਆ ਲੇਖ ਆਪ ਮਿਟਾਏ । ਗੁਰਮੁਖ ਸਾਚਾ ਪ੍ਰਭ ਬਣਾਏ । ਸਰਨ ਪੜੇ ਦੀ ਲਾਜ ਰਖਾਏ । ਲਿਖਿਆ ਲੇਖ ਪ੍ਰਭ ਲੇਖੇ ਜਾਏ ਲਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਦਾਤ ਝੋਲੀ ਪਾਏ । ਸਾਚੀ ਦਾਤ ਪ੍ਰਭ ਆਪੇ ਦੇਵੇ । ਪਿਤਾ ਪੂਤ ਸਪੂਤ ਜਗ ਸਾਚੇ ਮੇਵੇ । ਕੋਈ ਨੇੜ ਨਾ ਆਵੇ ਜਮ ਡੰਡ ਭੂਤ, ਪ੍ਰਭ ਸਾਚਾ ਭੈ ਰਖਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਆਪ ਕਮਾਵੇ । ਆਪਣੇ ਆਪ ਆਪ ਦਿਆਲਾ । ਭਗਤ ਜਨਾਂ ਪ੍ਰਭ ਸਦ ਪ੍ਰਿਤਪਾਲਾ । ਹੋਏ ਸਹਾਈ ਸਦ ਰਖਵਾਲਾ । ਲਿਖਤ ਮਿਟਾਈ ਗੁਰ ਗੋਪਾਲਾ । ਲੇਖ ਲਿਖਾਈ ਭਗਤ ਵਛਲ ਆਪ ਕਿਰਪਾਲਾ । ਵੱਜੀ ਵਧਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਸੱਚਾ ਧਨ ਮਾਲਾ । ਗੁਰਸਿਖ ਪ੍ਰਭ ਸੁਣੇ ਪੁਕਾਰ । ਪੰਚਮ ਜੇਠ ਜਾਏ ਤਾਰ । ਸਚ ਸਚ ਸਚ ਕਰੇ ਆਪ ਵਿਹਾਰ । ਦੇਵੇ ਦਾਤ ਪ੍ਰਭ ਸਾਚਾ ਆਪ ਦਾਤਾਰ । ਵਡ ਕਰਾਮਾਤ ਸਾਚਾ ਨਾਤ ਗੁਰ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਜੀਵਣ ਬੇੜਾ ਕਰ ਜਾਏ ਪਾਰ । ਸਾਚੇ ਪ੍ਰਭ ਸ਼ਬਦ ਲਿਖਾਇਆ । ਜੀਵ ਜੰਤਾਂ ਭੇਦ ਨਾ ਪਾਇਆ । ਹੱਸ ਹੱਸ ਕਲ ਵਕ਼ਤ ਗਵਾਇਆ । ਦੱਸ ਦੱਸ ਦੱਸ ਪ੍ਰਭ ਆਪ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਪੁੰਸਕ ਰੂਪ ਆਪ ਲਿਖਾਇਆ । ਨਿਪੁੰਸਕ ਹੋਏ ਜਨ । ਚਿੰਤਾ ਰਹੇ ਤਨ ਮਨ । ਆਪਣਾ ਆਪ ਨਾ ਸਕੇ ਬੰਨ੍ਹ । ਆਤਮ ਭੁੱਲੇ ਨਾ ਝੂਠਾ ਮਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਇਆ ਕਮਾਈ ਹੋਏ ਸਹਾਈ ਆਤਮ ਧੀਰਜ ਪ੍ਰਭ ਜਾਏ ਬੰਨ੍ਹ । ਆਤਮ ਧੀਰ ਪ੍ਰਭ ਧਰਾਏ । ਸਾਚਾ ਸੀਰ ਗੁਰਸਿਖ ਪਿਲਾਏ । ਸਾਚਾ ਨੀਰ ਪ੍ਰਭ ਬੰਧ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਤੀਰ ਆਪ ਚਲਾਏ । ਆਤਮ ਦੇਵੇ ਧੀਰਜ ਧਨ । ਗੁਰਸਿਖ ਕਰਾਏ ਹਰਾ ਤਨ ਮਨ । ਦਇਆ ਕਮਾਏ ਆਪ ਬਣਾਏ ਆਪਣਾ ਜਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਝੂਠਾ ਠੂਠਾ ਦੇਹੀ ਦੁਖੜਾ ਆਪ ਦਏ ਭੰਨ । ਗੁਰਮੁਖ ਆਓ ਗੁਰ ਦਰ ਆਓ । ਆਤਮ ਚਿੰਤ ਸਰਬ ਮਿਟਾਓ । ਆਤਮ ਸੁਖ ਸਗਲ ਫਲ ਪਾਓ । ਅੰਮ੍ਰਿਤ ਆਤਮ ਸਾਚਾ ਤੀਰਥ ਗੁਰਮੁਖ ਸਾਚੇ ਨਹਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਆਤਮ

ਸਾਚਾ ਦੀਪ ਜਗਾਓ । ਗੁਰਸਿਖ ਸਾਚੇ ਸਤਿ ਕਰ ਮੰਨਣਾ । ਝੂਠਾ ਠੂਠਾ ਪ੍ਰਭ ਸਾਚੇ ਭੰਨਣਾ । ਆਪ ਚੜ੍ਹਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਰੰਗਣਾ । ਗੁਰਸਿਖ ਆਤਮ ਪ੍ਰਭ ਰੰਗਾਏ । ਅੰਗ ਅੰਗ ਪ੍ਰਭ ਅੰਗ ਸਮਾਏ । ਨੰਗ ਨੰਗ ਪ੍ਰਭ ਭੁੱਖ ਨੰਗ ਕਟਾਏ । ਕਾਂਗ ਕਾਂਗ ਪ੍ਰਭ ਅੰਮ੍ਰਿਤ ਕਾਂਗ ਚੜ੍ਹਾਏ । ਸਵਾਂਗੀ ਸਵਾਂਗ ਸਾਂਗ ਸਾਂਗ ਆਪਣਾ ਸਾਂਗ ਵਟਾਏ । ਅੰਗੀਕਾਰ ਕਰ ਅੰਗ ਗੁਰਮੁਖ ਸਾਚੇ ਆਪ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਜਗਾਏ । ਗੁਰਮੁਖ ਸਾਚੇ ਆਤਮ ਉਜਿਆਰ । ਸਾਚਾ ਦੇਵੇ ਨਾਮ ਅਧਾਰ । ਏਕਾ ਬਖ਼ਸ਼ੇ ਚਰਨ ਪਿਆਰ । ਸਾਚੀ ਧੁਨ ਆਪ ਉਪਜਾਵੇ ਸਾਚੀ ਧੁਨਕਾਰ । ਜੀਵ ਜੰਤ ਜੋਤ ਜਗਾਵੇ ਅਪਰ ਅਪਾਰ । ਰਿਖ ਮੁਨ ਜਨ ਪ੍ਰਭ ਆਪ ਤਰਾਵੇ ਜੋ ਚਲ ਆਵੇ ਦਵਾਰ । ਗੁਰਮੁਖ ਸਾਚੇ ਗੁਰਸਿਖ ਬਣ ਜਾਓ । ਆਤਮ ਤ੍ਰਿਖਾ ਗੁਰ ਦਰ ਬੁਝਾਓ । ਆਪ ਆਪਣਾ ਭਰਮ ਮਿਟਾਓ । ਹਉਮੇ ਸੰਸਾ ਰੋਗ ਚੁਕਾਓ । ਦੁਖ ਦਵੈਤ ਗਲੋਂ ਤਜਾਓ । ਸਾਚਾ ਲੇਖ ਸਚ ਲਿਖਾਓ । ਨੇਤਰ ਪੇਖ ਆਤਮ ਸਾਚਾ ਦੀਪ ਜਗਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨ ਸਦ ਗਾਓ । ਆਤਮ ਦੀਪ ਪ੍ਰਭ ਜਗਾਏ । ਗੁਰਮੁਖ ਸਾਚੇ ਬਣਤ ਬਣਾਏ । ਮਹਿੰਮਾ ਅਗਣਤ ਨਾ ਕੋਇ ਗਿਣਾਏ । ਜੀਵ ਜੰਤ ਪ੍ਰਭ ਰਿਹਾ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠ ਇਕੰਤ ਜੋਤ ਜਗਾਏ । ਮੰਗ ਮੰਗ ਗੁਰ ਸਰਬੰਗ ਪੂਰ ਕਰਾਏ । ਭੁੱਖ ਨੰਗ ਪ੍ਰਭ ਆਪ ਕਟਾਏ । ਸਾਚਾ ਸੰਗ ਗੁਰ ਚਰਨ ਰਖਾਏ । ਲਗਾਏ ਅੰਗ ਕਦੇ ਵਿਛੜ ਨਾ ਜਾਏ । ਪ੍ਰਭ ਕਰਾਇਆ ਚੜ੍ਹਾਇਆ ਆਤਮ ਰੰਗ । ਅੰਧੇਰ ਵਿਨਾਸ ਜੋਤ ਪਰਕਾਸ਼ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦੁਖ ਦਲਿੱਦਰ ਸਰਬ ਮਿਟਾਏ । ਭੁੱਖ ਨੰਗ ਵਡਾ ਰੋਗ । ਦਿਵਸ ਰੈਣ ਰਹੇ ਸੋਗ । ਸਾਚਾ ਸੁਖ ਜਗ ਸਾਚਾ ਜੋਗ । ਪ੍ਰਭ ਅਬਿਨਾਸ਼ੀ ਪਰਗਟ ਜੋਤ ਦੇਵੇ ਦਰਸ ਅਮੋਘ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੁਖ ਦਲਿਦਰ ਕੱਟੇ ਰੋਗ । ਸਾਚੀ ਬਿਧ ਪ੍ਰਭ ਆਪ ਬਣਾਏ । ਰਿਧ ਸਿੱਧ ਪ੍ਰਭ ਵਸ ਕਰਾਏ । ਨਵ ਨਿਧ ਗੁਰਸਿਖ ਉਪਜਾਏ । ਕਾਰਜ ਕੀਨੇ ਸਿਧ ਪ੍ਰਭ ਦਇਆ ਕਮਾਏ । ਆਪ ਆਪਣੀ ਬਣਾਏ ਬਣਤ, ਸਰਬ ਪਦਾਰਥ ਘਰ ਉਪਾਏ । ਪੂਰਨ ਆਸਾ, ਪ੍ਰਭ ਕਰਾਏ ਦੁਖੜਾ ਨਾਸਾ, ਦਰ ਰਹਿਣ ਨਾ ਪਾਏ । ਕੀਆ ਵਾਸਾ ਪ੍ਰਭ ਦਇਆ ਕਮਾਏ । ਜੋਤ ਪਰਕਾਸ਼ਾ ਅੰਧੇਰ ਮਿਟਾਏ । ਸਚਖੰਡ ਨਿਵਾਸਾ ਪ੍ਰਭ ਦਿਖਾਏ । ਜਗਤ ਤਮਾਸ਼ਾ ਪ੍ਰਭ ਵਖਾਏ । ਝੂਠਾ ਕਰੇ ਕਰਾਏ ਹਾਸਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਭਰਮ ਭੁਲਾਏ । ਗੁਰਸਿਖ ਤੇਰੀ ਪੂਰਨ ਘਾਲ । ਚਰਨ ਪ੍ਰੀਤੀ ਨਿਭੇ ਨਾਲ । ਸਾਚਾ ਬਚਨ ਪ੍ਰਭ ਸਦ ਸਦਾ ਪਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੀਪਕ ਦੇਵੇ ਬਾਲ । ਸਤਿ ਗਿਆਨ ਸਤਿ ਧਿਆਨ । ਸਤਿ ਸਤਿ ਸਤਿ ਕਰ ਦੇਵੇ ਮਾਣ । ਸਤਿ ਸਤਿ ਸਤਿ ਬਲੀ ਬਲਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੀਪਕ ਦੇਵੇ ਬਾਲ, ਸਾਚਾ ਦੇਵੇ ਨਾਮ ਦਾਨ, ਨਾਮ ਦਾਨ ਗੁਣੀ ਗੁਣਵੰਤ । ਚਤੁਰ ਸੁਜਾਨ ਹੋਏ ਜੀਵ ਜੰਤ । ਗੁਣ ਨਿਧਾਨ ਬਣਾਏ ਆਪ ਸਾਚੀ ਬਣਤ । ਮੇਲ ਮਿਲਾਵਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਤਰਾਏ ਜੀਵ ਜੰਤ ।

### * ੬ ਜੇਠ ੨੦੦੯ ਬਿਕ੍ਰਮੀ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ ਵਿਹਾਰ ਹੋਇਆ *

ਪ੍ਰਭ ਸਾਚਾ ਸਚ ਕਰਮ । ਪ੍ਰਭ ਸਾਚਾ ਸਚ ਧਰਮ । ਪ੍ਰਭ ਸਾਚਾ ਗੁਰਸਿਖ ਦਵਾਏ ਸਾਚਾ ਜਨਮ । ਪ੍ਰਭ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਾਏ ਕਰਮ । ਪ੍ਰਭ ਸਾਚਾ ਜੀਆਂ ਦਾਤਾ । ਪ੍ਰਭ ਸਾਚਾ ਪੁਰਖ ਬਿਧਾਤਾ । ਪ੍ਰਭ ਸਾਚਾ ਪਿਤ ਮਾਤਾ । ਪ੍ਰਭ ਸਾਚਾ ਬਖ਼ਸ਼ੇ ਚਰਨੀ ਨਾਤਾ । ਪ੍ਰਭ ਸਾਚਾ ਸੋਹੰ ਦੇਵੇ ਸਾਚੀ ਦਾਤਾ । ਪ੍ਰਭ ਸਾਚਾ ਕਲਜੁਗ ਹੋਏ ਬ੍ਰਹਮ ਗਿਆਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਆਪ ਪਛਾਤਾ । ਪ੍ਰਭ ਸਾਚਾ ਸਚ ਸੁੱਚ ਦੇਵੇ । ਪ੍ਰਭ ਸਾਚਾ ਲੇਖ ਇਕ ਲਿਖੇਵੇ । ਪ੍ਰਭ ਸਾਚ ਸਚ ਦਾਨ ਦੇਵੇ । ਜੀਵ ਇਸ ਹੱਥ ਕਰ ਉਸ ਹੱਥ ਲੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਸੇਵੇ । ਪ੍ਰਭ ਸਾਚਾ ਅਗੰਮ ਅਥਾਹ । ਕੋਇ ਨਾ ਜਾਣੇ ਪ੍ਰਭ ਸਾਚੇ ਕਾ ਸਾਚਾ ਰਾਹ । ਪ੍ਰਭ ਸਚ ਵਖਾਣੇ, ਜਿਸ ਚਲਾਏ ਪਕੜੇ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਿਸਾਏ ਜੋਤ ਜਗਾਏ ਬੇਪਰਵਾਹ । ਸਾਚਾ ਪ੍ਰਭ ਸਾਚਾ ਬੰਸ । ਗੁਰਸਿਖ ਉਪਜਾਏ ਸਾਚੀ ਅੰਸ । ਉਜਲ ਮੁਖ ਕਰਾਏ ਵਿਚ ਸਹੰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਪਕੜ ਪਛਾੜੇ ਜਿਉਂ ਕਾਹਨਾ ਕੰਸ । ਪ੍ਰਭ ਸਾਚਾ ਹੰਕਾਰ ਨਿਵਾਰੇ । ਸਾਚਾ ਪ੍ਰਭ ਪਤਤ ਪਾਪੀਆਂ ਜਾਏ ਤਾਰੇ । ਸਾਚਾ ਦੇਵੇ ਸੋਹੰ ਨਾਮ ਅਧਾਰੇ । ਚਾਰ ਕੁੰਟ ਕਰਾਏ ਜੈ ਜੈ ਜੈਕਾਰੇ । ਏਕਾ ਜੋਤ ਕਰਾਏ ਮਾਤਲੋਕ ਚਮਤਕਾਰੇ । ਪ੍ਰਭ ਸਾਚਾ ਵਾਹ ਵਾਹ ਵਾਹ ਰਸਨਾ ਉਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਾਲੀ ਭਰੇ ਭੰਡਾਰੇ । ਪ੍ਰਭ ਸਾਚਾ ਭੰਡਾਰ ਭਰ । ਕਰ ਦਰਸ ਗੁਰਮੁਖ ਸਾਚਾ ਜਾਏ ਤਰ । ਪ੍ਰਭ ਸਾਚਾ ਕਲਜੁਗ ਜੀਵ ਭਾਂਡਾ ਕਾਚਾ, ਰਸਨਾ ਜਪ ਜਪ ਜਪ ਆਤਮ ਹੋਏ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਪਾਇਆ ਅਵਤਾਰ ਨਰ । ਸਾਚਾ ਪ੍ਰਭ ਸਾਚਾ ਦੇਸ । ਸਾਚਾ ਪ੍ਰਭ ਕੋਇ ਰਹਿਣ ਨਾ ਪਾਏ ਤਖ਼ਤ ਤਾਜ ਵਡ ਨਰੇਸ਼ । ਪ੍ਰਭ ਸਾਚੇ ਕਾ ਭੇਸ, ਜੁਗੋ ਜੁਗ ਮਾਤ ਵਿਚ ਆਏ ਕਰ ਕਰ ਜੋਤ ਸਰੂਪੀ ਵੇਸ । ਚਰਨ ਲਗਾਵੇ ਵਡ ਵਡ ਮਰਗੇਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਲ ਸਾਚਾ ਵੇਸ । ਜੋਤ ਸਰੂਪ ਭੇਸ ਧਾਰ । ਮਾਤਲੋਕ ਆਇਆ ਗਿਰਧਾਰ । ਤੀਨ ਲੋਕ ਆਪ ਕਰਤਾਰ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਪ੍ਰਭ ਸਿਕਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਦੇਵੇ ਨਾਮ ਅਧਾਰ । ਤੀਨ ਲੋਕ ਪ੍ਰਭ ਜੈਕਾਰਾ । ਏਕਾ ਸ਼ਬਦ ਉਪਜਾਏ ਧੁਨਕਾਰਾ । ਸੁੰਞ ਮਸਾਣ ਹੋਏ ਸੰਸਾਰਾ । ਗੁਰਮੁਖ ਵਿਰਲਾ ਪਾਏ ਪ੍ਰਭ ਕਾ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਦੇਵੇ ਸਾਚੀ ਵਸਤ ਥਾਰਾ । ਸਾਚੀ ਵਸਤ ਥਿਰ ਘਰ । ਗੁਰਮੁਖ ਸਾਚੇ ਵੇਖ ਕਰ । ਚਰਨ ਲਾਗ ਮਾਤ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟਾਏ ਜੋਤ ਅਵਤਾਰ ਨਰ । ਚਰਨ ਲਾਗ ਸਾਚੇ ਸਿੱਖ । ਪ੍ਰਭ ਅਬਿਨਾਸ਼ੀ ਸੋਹੰ ਪਾਵੇ ਸਾਚੀ ਭਿੱਖ । ਦੇਵੇ ਵਡਿਆਈ ਸਾਚੇ ਲੇਖ ਪ੍ਰਭ ਜਾਏ ਲਿਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡੇ ਵਡ ਮੁਨ ਰਿਖ । ਸੋਹੰ ਸ਼ਬਦ ਡੰਕ ਲਗਾਈ । ਕਿੰਗਰੇ ਕਿੰਗਰੇ ਮਰਦੰਗ ਵਜਾਈ । ਰੰਗ ਰੰਗ ਰੰਗ ਗੁਰਸਿਖ ਸਮਾਈ । ਹਾਕਨ ਡਾਕਨ ਪ੍ਰਭ ਸਰਨ ਲਗਾਈ । ਮਾਈ ਗੋਰਜਾਂ ਨਸ਼ਟ ਕਰਾਈ । ਗੋਰਖ ਸਿੱਧ ਕੋਇ ਰਹਿਣ ਨਾ ਪਾਈ । ਵਲ ਛਲ ਇੰਦਰ ਜਾਲ ਪ੍ਰਭ ਕਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਮੁਖ ਰਖਾਈ । ਏਕਾ ਸ਼ਬਦ ਮੁਖ ਰਖਾਇਆ ।

ਰੋਗ ਸੋਗ ਪ੍ਰਭ ਮਿਟਾਇਆ । ਆਤਮ ਸੁਖ ਸਰਬ ਦਵਾਇਆ । ਸਾਚਾ ਪ੍ਰਭ ਹੋਏ ਸਹਾਇਆ । ਗੁਰ ਚਰਨ ਧੂੜ ਗੁਰਸਿਖ ਸਾਚੇ ਤੀਰਥ ਨਹਾਇਆ । ਸਰਧਾ ਪੂਰ ਪੂਰਨ ਆਸ ਕਰਾਇਆ । ਆਤਮ ਦੇਵੇ ਸਾਚਾ ਨੂਰ, ਪ੍ਰਭ ਜੋਤੀ ਜੋਤ ਸਮਾਇਆ । ਸਰਬ ਕਲਾ ਪ੍ਰਭ ਸਾਚਾ ਭਰਪੂਰ, ਗੁਰਮੁਖ ਸਾਚੇ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾ ਦਿਸੇ ਦੂਰ, ਰਸਨਾ ਜਪ ਜਪ ਜੀਵ ਰਸਨਾ ਸੁਖ ਪਾਇਆ । ਰਸਨਾ ਜਪ ਸਵਾਸ ਸਵਾਸ । ਮਾਨਸ ਜਨਮ ਕਲ ਹੋਏ ਰਾਸ । ਆਪ ਜਪਾਏ ਸੋਹੰ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਦੇ ਕਰੇ ਖਲਾਸ । ਗੁਰਮੁਖ ਆਤਮ ਨਿਰਮਲ ਨਿਰਮਲਾ । ਬੇਮੁਖ ਤਪੇ ਜਿਉਂ ਬਾਲੂ ਬਿਮਲਾ । ਗੁਰਸਿਖ ਤਾਰੇ ਜਿਉਂ ਤਰਾਇਆ ਪਿੰਗਲਾ । ਬੇਮੁਖ ਖਾਲੀ ਹੱਥ ਮੁੜੇ ਜਿਉਂ ਰੁੱਖ ਸਿਮੰਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਗੁਰ ਚਰਨ ਲਾਗ ਚਰਨ ਕਵਲ ਸਦ ਚੁੰਮਲਾ । ਗੁਰਮੁਖ ਸਾਚਾ ਗੁਰ ਕਾ ਕੀਆ । ਆਪ ਆਪਣਾ ਕੀਆ ਹੀਆ । ਆਤਮ ਜੋਤ ਪਰਕਾਸ਼ ਕਰ ਸਾਚਾ ਜਗਾਇਆ ਦੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਬੀਜ ਸੋਹੰ ਆਤਮ ਬੀਆ । ਆਤਮ ਬੀਜ ਆਪ ਬਿਜਾਇਆ । ਅੰਮ੍ਰਿਤ ਆਤਮ ਸਿੰਚ ਪ੍ਰਭ ਹਰਾ ਕਰਾਇਆ । ਰਸਨਾ ਜਪ ਸਵਾਸ ਸਵਾਸ ਪ੍ਰਭ ਸਾਚਾ ਰਾਹ ਬਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਵਣ ਜਾਵਣ ਤੇਰਾ ਸੁਫਲ ਕਰਾਇਆ । ਆਵਣ ਜਾਵਣ ਮੇਟ ਮਿਟਾਏ । ਸੋਹੰ ਉਠਾਏ ਸਾਚੀ ਤੇਗ, ਬੇਮੁਖਾਂ ਸੀਸ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਰਿਹਾ ਵਰਤਾਏ । ਗੁਰਮੁਖ ਸਾਚਾ ਸਦਾ ਅਨਾਥ । ਸਾਚਾ ਪ੍ਰਭ ਸਿਰ ਰੱਖੇ ਦੇ ਕਰ ਹਾਥ । ਲੇਖ ਲਿਖਾਏ ਆਪ ਰਘੁਨਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਰਿਹਾ ਵਰਤਾਏ, ਗੁਰਮੁਖ ਸਾਚਾ ਸਦਾ ਅਨਾਥ । ਆਦਿ ਅੰਤ ਪੈਜ ਰਖਾਈ । ਸਾਧ ਸੰਗਤ ਦੇਵੇ ਵਡਿਆਈ । ਰਸਨਾ ਜਪ ਜਪ ਜਪ ਜੀਵ ਅਮਰਾ ਪਦ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਘਰ ਨਵ ਨਿਧ ਪਾਈ । ਨਵ ਨਿਧ ਗੁਰ ਦਰ । ਕਾਰਜ ਸਿੱਧ ਸਰਨ ਪੜ । ਪ੍ਰਭ ਮਿਲਨ ਕੀ ਸਾਚੀ ਬਿਧ ਪ੍ਰਭ ਸਾਚਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟੇ ਜੋਤ ਅਵਤਾਰ ਨਰ । ਨਰ ਨਰਾਇਣ ਨਰਾਇਣ ਨਰ । ਮਾਤਲੋਕ ਪ੍ਰਭ ਆਇਆ ਜਾਮਾ ਧਰ । ਲੋਕ ਪਰਲੋਕ ਗੁਰਸਿਖ ਸਾਚੇ ਜਾਇਣ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਏਕਾ ਨਾਮ, ਜਨਮ ਮਰਨ ਦਾ ਮਿਟੇ ਡਰ । ਏਕਾ ਸਲੋਕ ਏਕਾ ਵਾਰ । ਏਕਾ ਜਪਾਏ ਏਕਾ ਅਕਾਰ । ਏਕਾ ਧਿਆਏ ਰਸਨ ਉਚਾਰ । ਏਕਾ ਏਕ ਪ੍ਰਭ ਸਾਚਾ ਏਕਾ ਏਕੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮ ਅਧਾਰ । ਸਾਚਾ ਨਾਮ ਆਤਮ ਅਧਾਰੀ । ਪਾਰਬ੍ਰਹਮ ਰੂਪ ਅਪਾਰੀ । ਚਤੁਰਭੁਜ ਚਿੱਟੇ ਅਸਵ ਅਸਵਾਰੀ । ਪਰਗਟੇ ਜੋਤ ਪ੍ਰਭ ਬਨਵਾਰੀ । ਕਲਜੁਗ ਆਇਆ ਜਾਮਾ ਧਾਰੀ । ਗੁਰਮੁਖ ਸਾਚੇ ਪ੍ਰਭ ਸਾਚਾ ਪਾਰ ਉਤਾਰੀ । ਕਲਜੁਗ ਜੀਵ ਭਾਂਡੇ ਕਾਚੇ, ਵੇਲੇ ਅੰਤ ਕਰੇ ਖੁਆਰੀ । ਬੇਮੁਖ ਦਰ ਆਏ ਨਾਚੇ, ਆਤਮ ਚਲੇ ਸਦਾ ਵਿਕਾਰੀ । ਅਗਨ ਜੋਤ ਪ੍ਰਭ ਲਾਏ ਤਮਾਚੇ, ਮਦਿਰਾ ਮਾਸ ਲਾਹੇ ਖੁਆਰੀ । ਗੁਰਮੁਖ ਸਾਚੇ ਢਾਲੇ ਸਾਂਚੇ ਢਾਂਚੇ, ਸੋਹੰ ਦੇਵੇ ਸਾਚਾ ਨਾਮ ਅਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਕਲਜੁਗ ਕਰ ਕਿਰਪਾ ਪਾਰ ਉਤਾਰੀ । ਸਾਧ ਸੰਗਤ ਉਜਲ ਮੁਖ । ਸੁਫਲ ਕਰਾਏ ਮਾਤ ਕੁੱਖ । ਮਾਤ ਗਰਭ ਉਲਟਾ ਰੁੱਖ । ਕਰ ਦਰਸ ਤੇਰੀ ਉਤਰੇ ਭੁੱਖ । ਆਤਮ ਉਪਜੇ ਸਾਚਾ ਸੁਖ । ਕਲਜੁਗ ਭੁੱਲੇ ਸਰਬ

ਮਨੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰੇ ਕਰਾਏ ਸੁੱਕੜੇ ਰੁੱਖ । ਸਾਚਾ ਪ੍ਰਭ ਹਰ ਹਰਿਆਵਲਾ । ਕਰ ਦਰਸ ਜੀਵ ਆਤਮ ਹੋਏ ਬਾਵਲਾ । ਸੋਹੰ ਸ਼ਬਦ ਪ੍ਰਭ ਲਿਖਾਏ ਆਵਲਾ । ਜੋਤ ਸਰੂਪੀ ਜੋਤ ਪ੍ਰਭ, ਗੁਰਮੁਖ ਸਾਚੇ ਵਿਚ ਸਦ ਸਮਾਵਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਦ ਖੁਲ੍ਹਾਵਲਾ । ਉਠ ਜੀਵ ਜਾਗ ਪ੍ਰਭ ਦਇਆ ਕਮਾਈ । ਉਠ ਜੀਵ ਜਾਗ, ਪ੍ਰਭ ਭਾਗ ਲਗਾਈ । ਉਠ ਜੀਵ ਜਾਗ, ਪ੍ਰਭ ਆਤਮ ਜਾਗ ਲਗਾਈ । ਉਠ ਜੀਵ ਜਾਗ, ਪ੍ਰਭ ਸਾਚਾ ਰਾਗ ਸੁਣਾਈ । ਉਠ ਜੀਵ ਜਾਗ, ਭਿੰਨੜੀ ਰੈਣ ਪ੍ਰਭ ਆਪ ਸੁਹਾਈ । ਉਠ ਜੀਵ ਜਾਗ, ਪੰਚਮ ਜੇਠ ਮਾਤਲੋਕ ਪ੍ਰਭ ਜਾਮਾ ਪਾਈ । ਉਠ ਜੀਵ ਜਾਗ, ਪ੍ਰਭ ਖੇਲ ਰਚਾਈ । ਉਠ ਜੀਵ ਜਾਗ, ਖੰਡ ਬ੍ਰਹਿਮੰਡ ਪ੍ਰਭ ਉਲਟਾਈ । ਉਠ ਜੀਵ ਜਾਗ, ਨੈਣ ਮੁੰਧਾਰ ਵਿਚ ਮਾਤ ਦੇ ਆਈ । ਉਠ ਜੀਵ ਜਾਗ, ਬਾਸ਼ਕ ਸੇਜ ਪ੍ਰਭ ਸੁੰਞ ਕਰਾਈ । ਉਠ ਜੀਵ ਜਾਗ, ਜੋਤ ਸਰੂਪੀ ਕਰ ਅਕਾਰ ਵਿਚ ਮਾਤ ਪਰਗਟਾਈ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜੋਤ ਮਾਤ ਪਰਗਟਾਈ । ਉਠ ਜੀਵ ਜਾਗ, ਨਿਹਕਲੰਕ ਘਨਕਪੁਰੀ ਕਲ ਜਾਮਾ ਪਾਈ । ਉਠ ਜੀਵ ਜਾਗ, ਪ੍ਰਭ ਵਕ਼ਤ ਸੁਹਾਇਆ । ਉਠ ਜੀਵ ਜਾਗ, ਪ੍ਰਭ ਸਾਚੇ ਕਲ ਸਚ ਕਰਮ ਕਮਾਇਆ । ਉਠ ਜੀਵ ਜਾਗ, ਪ੍ਰਭ ਸਚੇ ਦੀ ਚਰਨੀ ਲਾਗ, ਦਰ ਘਰ ਸਾਚੇ ਪ੍ਰਭ ਸਾਚਾ ਆਇਆ । ਉਠ ਜੀਵ ਜਾਗ, ਦੇਹੀ ਦੁਖੜੇ ਜਾਇਣ ਭਾਗ, ਸੋਹੰ ਸਾਚਾ ਰਸਨਾ ਗਾਇਆ । ਉਠ ਜੀਵ ਜਾਗ, ਪ੍ਰਭ ਹੰਸ ਬਣਾਏ ਕਾਗ, ਚਰਨ ਧੂੜ ਮਸਤਕ ਲਾਇਆ । ਉਠ ਜੀਵ ਜਾਗ, ਪ੍ਰਭ ਅਨਹਦ ਅਨਾਹਦ ਉਪਜਾਵੇ ਸਾਚਾ ਰਾਗ, ਰਸਨਾ ਜਪ ਜਪ ਜੀਵ ਆਤਮ ਧੁਨ ਉਪਜਾਇਆ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਮਾਤਲੋਕ ਵਿਚ ਜਾਮਾ ਪਾਇਆ । ਉਠ ਜੀਵ ਜਾਗ ਪ੍ਰਭ ਭਏ ਦਿਆਲਾ । ਉਠ ਜੀਵ ਜਾਗ, ਪ੍ਰਭ ਸਰਬ ਕਰੇ ਪ੍ਰਿਤਪਾਲਾ । ਉਠ ਜੀਵ ਜਾਗ, ਦੇਵੇ ਦਰਸ ਗੁਰ ਗੋਪਾਲਾ । ਉਠ ਜੀਵ ਜਾਗ, ਮਿਟਾਏ ਤ੍ਰਿਖ ਪੀ ਅੰਮ੍ਰਿਤ ਭਰ ਪਿਆਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਹੋਏ ਆਪ ਰਖਵਾਲਾ । ਉਠ ਜੀਵ ਜਾਗ, ਸਚ ਕਰਮ ਕਰ । ਉਠ ਜੀਵ ਜਾਗ, ਪ੍ਰਭ ਸਰਨ ਪਰ । ਉਠ ਜੀਵ ਜਾਗ, ਮਾਤ ਆਇਆ ਪ੍ਰਭ ਧਰਨੀ ਧਰ । ਉਠ ਜੀਵ ਜਾਗ, ਕਲਜੁਗ ਮੂਲ ਨਾ ਡਰ । ਉਠ ਜੀਵ ਜਾਗ, ਅੰਮ੍ਰਿਤ ਨਹਾਓ ਸਾਚਾ ਸਰ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜਮ ਜੇਠ ਜਾਏ ਭੰਡਾਰੇ ਭਰ । ਉਠ ਜੀਵ ਜਾਗ, ਰੈਣ ਵਿਹਾਏ । ਉਠ ਜੀਵ ਜਾਗ, ਗੁਰ ਲੇਖ ਲਿਖਾਏ । ਉਠ ਜੀਵ ਜਾਗ, ਗੁਰਮੁਖ ਸਾਚੇ ਵੇਖ ਪ੍ਰਭ ਸਰਨ ਲਗਾਏ । ਉਠ ਜੀਵ ਜਾਗ, ਵੇਖ ਪ੍ਰਭ ਸਾਚੇ ਕਾ ਸਾਚਾ ਭੇਖ, ਭੁਲ ਭੁਲ ਕਿਉਂ ਵਕ਼ਤ ਗਵਾਏ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਮੇਖ ਲਗਾਏ । ਉਠ ਜੀਵ ਜਾਗ, ਮਿਟੇ ਰੋਗ । ਉਠ ਜੀਵ ਜਾਗ, ਪ੍ਰਭ ਚੁਕਾਏ ਆਤਮ ਸੋਗ । ਉਠ ਜੀਵ ਜਾਗ, ਸੋਹੰ ਦੇਵੇ ਪ੍ਰਭ ਸਾਚਾ ਜੋਗ । ਉਠ ਜੀਵ ਜਾਗ, ਸਾਚਾ ਪ੍ਰਭ ਸਾਚਾ ਰਸ ਭੋਗ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੇਵੇ ਸਾਚਾ ਜੋਗ । ਉਠੇ ਜੀਵ ਪ੍ਰਭ ਆਪ ਉਠਾਏ । ਜਨਮ ਜਨਮ ਦੇ ਰੁਠੜੇ ਪ੍ਰਭ ਆਣ ਮਨਾਏ । ਮਾਤ ਗਰਭ ਵਿਚ ਉਲਟੇ ਰਿਹਾ ਲਟਕਾਏ । ਕਲਜੁਗ ਜੀਵ ਹੋਏ ਝੂਠੇ, ਪ੍ਰਭ ਠੂਠੇ ਹੱਥ ਫੜਾਏ । ਗੁਰਮੁਖ ਸਾਚੇ ਰੰਗ ਅਨੂਠੇ, ਪ੍ਰਭ ਮੁਖ ਚੁਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਆਪਣਾ ਹੱਥ ਟਿਕਾਏ ।


੬੭

ਆਪੇ ਜਾਗੇ ਆਪ ਸਵਾਏ । ਆਪੇ ਰਾਗੇ ਆਪ ਉਪਾਏ । ਆਪੇ ਲਾਗੇ ਆਪ ਲਗਾਏ । ਗੁਰ ਹੱਥ ਵਾਗੇ ਜਗਤ ਚਲਾਏ । ਕਲਜੁਗ ਜੀਵ ਅਭਾਗੇ, ਪ੍ਰਭ ਸਾਚਾ ਨਜ਼ਰ ਨਾ ਆਏ । ਗੁਰਮੁਖ ਪ੍ਰਭ ਸਾਚੇ ਦੀ ਸਰਨੀ ਲਾਗੇ, ਪ੍ਰਭ ਲਏ ਤਰਾਏ । ਏਕਾ ਧੁਨ ਉਪਜਾਏ ਨਾਭੇ, ਆਤਮ ਸੁੰਨ ਪ੍ਰਭ ਖੁਲ੍ਹਾਏ । ਅਨਹਦ ਵੱਜਣ ਸਾਚੇ ਵਾਜੇ, ਰੁਣ ਝੁਣ ਮੁੱਕ ਨਾ ਜਾਏ । ਏਕਾ ਜੋਤ ਪ੍ਰਭ ਬ੍ਰਹਿਮਾਦੇ, ਬ੍ਰਹਮ ਸਰੂਪ ਸਦਾ ਸਮਾਏ । ਸ਼ਬਦ ਚਲਾਏ ਬੋਧ ਅਗਾਧੇ, ਕੋਇ ਭੇਵ ਨਾ ਪਾਏ । ਗੁਰਮੁਖ ਆਤਮ ਸਦ ਵਿਸਮਾਦੇ, ਗੁਰਸਿਖ ਸਾਚੇ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਜੋਤ ਸਰੂਪੀ ਕਲ ਜਾਮਾ ਪਾਏ । ਰੈਣ ਸਬਾਈ ਵਰ ਦਰ ਘਰ ਪ੍ਰਭ ਸਾਚਾ ਪਾਇਆ । ਪੂਰਬ ਲਹਿਣਾ ਗੁਰ ਆਪ ਦਵਾਇਆ । ਭਾਣਾ ਸਹਿਣਾ ਪ੍ਰਭ ਬਚਨ ਅਲਾਇਆ । ਸਾਧ ਸੰਗਤ ਮਿਲ ਰਲ ਕੇ ਬਹਿਣ, ਪ੍ਰਭ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਮਿਲੇ ਸੁਖਦਾਇਆ । ਗੁਰ ਸੰਗਤ ਕੀਆ ਮੰਗਲਾਚਾਰ । ਪੂਰਨ ਬ੍ਰਹਮ ਉਪਜਾਵੇ ਚਾਰ ਵਰਨ ਮਾਨਸ ਜਨਮ ਜਾਏ ਸੁਧਾਰ । ਵਡ ਦਾਤਾ ਆਏ ਵਡ ਵਡ ਦਰਬਾਰ । ਪਾਰਬ੍ਰਹਮ ਪੂਰਨ ਪਰਮੇਸ਼ਵਰ ਪੂਰ ਰਿਹਾ ਸਰਬ ਥਾਰ, ਜਗਤ ਪਿਤ ਸਰਬ ਜਗਤੇਸ਼ਵਰ । ਕਿਰਪਾ ਕਰੇ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਕਰਮ ਦੇਵੇ ਆਪ ਦਾਤਾਰ । ਦਾਤਾ ਗੁਰ ਵਡ ਦਾਤਾਰੀ । ਮੁਨ ਜਨ ਸੁਰ ਗੁਰ ਖੜੇ ਦਰਬਾਰੀ । ਗੁਰਮੁਖ ਸਾਚੇ ਪ੍ਰਭ ਚਰਨ ਨਿਮਸਕਾਰੀ । ਹਉਮੇ ਕੱਟੇ ਪ੍ਰਭ ਤਨੋਂ ਬਿਮਾਰੀ । ਪਾਰਬ੍ਰਹਮ ਜੋਤ ਅਗੰਮ ਮਿਟਾਏ ਭਰਮ ਕਰੇ ਖੇਲ ਅਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਬਣਿਆ ਲੇਖ ਲਿਖਾਰੀ । ਸਾਚਾ ਕੀਆ ਸਿਖ ਲੇਖ ਲਿਖਾਏ । ਵੇਖ ਵੇਖ ਗੁਰਸਿਖ ਤਰਾਏ । ਲੇਖਾ ਲਿਖੇ ਆਪ ਨਾ ਕੋਇ ਮੇਟ ਵਖਾਏ । ਕਰ ਕਰ ਸਾਚਾ ਭੇਖ ਪ੍ਰਭ ਜਗਤ ਭੁਲਾਏ । ਜੋ ਜਨ ਰਹੇ ਵੇਖਾ ਵੇਖ, ਪ੍ਰਭ ਦਰ ਨਾ ਭਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਏ ਤਰਾਏ । ਗੁਰਸਿਖਾਂ ਪ੍ਰਭ ਆਪੇ ਤਾਰ । ਭਗਤ ਵਛਲ ਆਪ ਗਿਰਧਾਰ । ਆਪ ਆਪਣੇ ਰੰਗ ਰੰਗਾਏ, ਹਉਮੇ ਵਿਚੋਂ ਦੇਵੇ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਜਾਣੇ ਸਭਨਾ ਸਾਰ । ਬੇਮੁਖਾਂ ਬੇੜਾ ਆਪ ਰੁੜ੍ਹਾਇਆ । ਭਰਿਆ ਬੇੜਾ ਵਿਚ ਮਾਤ, ਨਾਮ ਚੱਪੂ ਜੀਵ ਨਾ ਲਾਇਆ । ਗੁਰਮੁਖ ਸਾਚੇ ਸਚ ਪ੍ਰਭ ਬੇੜਾ ਬੰਨ੍ਹ ਵਖਾਇਆ । ਸਵੇਰ ਸੰਝ ਸੰਝ ਸਵੇਰ ਪ੍ਰਭ ਇਕ ਰੰਗ ਰੰਗਾਇਆ । ਆਤਮ ਜੋਤ ਜਗੇ ਅਪਾਰ, ਅੰਧੇਰ ਅਗਿਆਨ ਸਰਬ ਮਿਟਾਇਆ । ਨਿਰਮਲ ਜੋਤ ਕਰੇ ਉਜਿਆਰ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਰਬ ਜੀਆਂ ਦੀ ਜਾਣੇ ਸਾਰ, ਗੁਰਮੁਖ ਸਾਚੇ ਹਰਿ ਹਰਿ ਰਸਨਾ ਗਾਇਆ । ਪ੍ਰਭ ਅਬਿਨਾਸ਼ੀ ਪਰਗਟ ਜੋਤ, ਸਾਚਾ ਲਹਿਣਾ ਝੋਲੀ ਪਾਇਆ । ਪ੍ਰਭ ਸਾਚਾ ਸਚ ਸੁਖ ਦੇਵੇ । ਪ੍ਰਭ ਅਬਿਨਾਸ਼ੀ ਅਲਖ ਅਭੇਵੇ । ਕਰੇ ਕਰਾਏ ਕਰਨਹਾਰ । ਬਾਂਹੋਂ ਪਕੜ ਕਲ ਜਾਏ ਤਾਰ । ਬਖ਼ਸ਼ੇ ਆਪ ਸਤਿ ਕਰਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਪਾਵੇ ਸਾਰ । ਸਤਿ ਪੁਰਖ ਸਤਿ ਕਰ ਮਾਨ । ਪ੍ਰਭ ਅਬਿਨਾਸ਼ੀ ਜਾਣੀ ਜਾਣ । ਮਾਣ ਰਖਾਵੇ ਆਪੇ ਆਣ । ਚਤੁਰ ਸੁਘੜ ਸੁਜਾਨ ਬਣਾਵੇ, ਏਕਾ ਦੇਵੇ ਨਾਮ ਨਿਧਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਾਲੀ ਦੋ ਜਹਾਨ । ਦੋ ਜਹਾਨਾਂ ਆਪੇ ਵਾਲੀ । ਸਾਧ ਸੰਗਤ ਤੇਰਾ ਸਚ ਪਾਲੀ । ਆਪੇ ਆਪ ਏਥੇ ਉਥੇ ਕਰੇ ਰਖਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਘਰ ਸਚ ਦਰ ਸਦ ਨਿਵਾਸ ਰਖਾ ਲੀ । ਸਚਖੰਡ ਪ੍ਰਭ ਨਿਵਾਸ । ਏਕਾ ਜੋਤ ਪ੍ਰਭ ਅਬਿਨਾਸ਼ । ਘਟ ਘਟ

ਪ੍ਰਭ ਰੱਖੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਬਲ ਬਲ ਜਾਸ । ਬਲ ਬਲ ਬਲ ਬਲਿਹਾਰ । ਗੁਰਮੁਖਾਂ ਦੇਵੇ ਚਰਨ ਅਧਾਰ । ਨਾਮ ਦਾਨ ਗਿਆਨ ਧਿਆਨ ਵਡ ਦਾਤਾ ਗੁਰ ਦਰਬਾਰ । ਖਾਨ ਪਾਨ ਸਰਬ ਮਿਟ ਜਾਣ, ਸੋਹੰ ਦੇਵੇ ਨਾਮ ਅਪਾਰ । ਮੂਰਖ ਮੁਗਧ ਜੀਵ ਅੰਞਾਣ । ਚਤੁਰ ਸੁਘੜ ਬਣਨ ਸੁਜਾਨ । ਸਾਚਾ ਨਾਮ ਰਸਨਾ ਗਾਣ । ਸਾਚਾ ਪ੍ਰਭ ਵਿਚ ਬਿਠਾਏ ਆਪ ਬਬਾਣ । ਧਰਮ ਰਾਏ ਨਾ ਦਏ ਸਜਾਏ, ਵੇਲੇ ਅੰਤ ਹੋਏ ਸਹਾਈ ਆਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਦਾ ਜਾਣੀ ਜਾਣ । ਆਪੇ ਜਾਣੇ ਆਪ ਜਣਾਵੇ । ਆਪਣੇ ਭਾਣੇ ਆਪ ਰਖਾਵੇ । ਜਨ ਹੋਏ ਨਿਮਾਣੇ ਚਰਨ ਲਗਾਵੇ । ਜੀਵ ਹੋਏ ਨਿਤਾਣੇ ਪ੍ਰਭ ਪਕੜ ਤਰਾਣੇ, ਜਨ ਸੁਘੜ ਸਿਆਣੇ ਆਪ ਬਣਾਵੇ । ਵਡ ਵਡ ਕਰਾਣੇ ਸਚਖੰਡ ਧਰਾਣੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਦੇਵੇ ਮਾਣੇ । ਦਰਗਹਿ ਸਾਚੀ ਪਤਿ ਪਤਵੰਤ । ਵਡਿਆਏ ਮਾਤ ਵਿਚ ਸਰਬ ਜੀਵ ਜੰਤ । ਏਕਾ ਜੋਤ ਇਕ ਹੋ ਜਾਏ, ਬੈਠੇ ਅਡੋਲ ਆਪ ਇਕੰਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚਖੰਡ ਨਿਵਾਸ ਰਖਾਏ ਗੁਰਮੁਖ ਸਾਚੇ ਸੰਤ । ਸਾਚਾ ਸੰਤ ਸਚ ਘਰ ਵਸਿਆ । ਸਾਚਾ ਭੇਦ ਪ੍ਰਭ ਸਾਚੇ ਦੱਸਿਆ । ਸਾਚਾ ਘਰ ਕੋਟਨ ਕੋਟ ਪ੍ਰਕਾਸ਼ ਰਵ ਸਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਦ ਆਪ ਆਪਣਾ ਦਸਿਆ । ਜੋਤ ਸਰੂਪੀ ਹੋਏ ਅਕਾਰਾ । ਨਿਰਮਲ ਜੋਤ ਸਦਾ ਉਜਿਆਰਾ । ਸਾਚ ਦੀਪਕ ਜਗੇ ਅਪਾਰਾ । ਪਾਰਬ੍ਰਹਮ ਖੇਲ ਕਰੇ ਅਪਾਰਾ । ਬੈਠੇ ਅਡੋਲ ਆਪ ਨਿਰਾਧਾਰਾ । ਸ੍ਰਿਸ਼ਟ ਸਬਾਈ ਤੋਲ, ਪ੍ਰਭ ਪੂਰਬ ਕਰੇ ਵਿਚਾਰਾ । ਪ੍ਰਭ ਸਾਚਾ ਪੜਦੇ ਦੇਵੇ ਖੋਲ੍ਹ, ਮੂਰਖ ਮੁਗਧ ਆਇਣ ਚਰਨ ਦਵਾਰਾ । ਆਤਮ ਧੁਨ ਉਪਜਾਵੇ ਸਾਚੀ ਧੁਨਕਾਰਾ । ਪ੍ਰਭ ਬਚਨ ਲਿਖਾਵੇ ਮੁਖੋਂ ਬੋਲ, ਸਚ ਸਚ ਕਰੇ ਵਰਤਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਸੇ ਤੇਰੇ ਕੋਲ, ਗੁਰਮੁਖ ਸਾਚੇ ਆਤਮ ਕਰ ਵਿਚਾਰਾ । ਦਰ ਸਾਚਾ ਬੂਝੇ, ਗੁਰ ਚਰਨ ਕਰ ਨਿਮਸਕਾਰ । ਦਰ ਘਰ ਸਾਚਾ ਸੂਝੇ, ਗੁਰ ਸਾਚਾ ਸਚ ਦਰਬਾਰ । ਭੇਵ ਖੁਲ੍ਹਾਵੇ ਆਤਮ ਗੂਝੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਉ ਚੁਕਾਏ ਏਕਾ ਦੂਜੇ, ਆਪ ਸੱਚਾ ਕਰਤਾਰ । ਏਕਾ ਦੂਜਾ ਭਉ ਚੁਕਾਏ । ਆਪਣੇ ਰੰਗ ਆਪ ਰੰਗਾਏ । ਅੰਗ ਸੰਗ ਸੰਗ ਅੰਗ ਹੋਏ ਸਹਾਏ । ਵਿਚ ਵਰਭੰਡ ਮਾਣ ਦਵਾਏ । ਸ੍ਰਿਸ਼ਟ ਨਵ ਖੰਡ ਰਸਨਾ ਗਾਏ । ਆਪ ਬ੍ਰਹਿਮੰਡ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਮੇਲ ਮਿਲਾਏ । ਜੋਤ ਸਰੂਪੀ ਮੇਲ ਕਰ । ਦਰਗਹਿ ਸਾਚੀ ਦੇਵੇ ਧਰ । ਜੋਤੀ ਜੋਤ ਮਿਲਾਏ, ਏਕਾ ਦੇਵੇ ਜੋਤ ਅਪਰ । ਆਵਣ ਜਾਵਣ ਮੇਟ ਮਿਟਾਵੇ, ਆਪ ਬਹਾਵੇ ਸਾਚੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਮਾਣ ਦਵਾਏ ਅਵਤਾਰ ਨਰ । ਸਾਚਾ ਵਕ਼ਤ ਸਰਬ ਸੁਹਾਇਆ । ਸਾਚਾ ਪ੍ਰਭ ਰਸਨਾ ਗਾਇਆ । ਆਤਮ ਦੁਖ ਸਰਬ ਮਿਟਾਇਆ । ਸਾਚਾ ਸੁਖ ਰਿਦੇ ਵਸਾਇਆ । ਉਤਰੇ ਭੁੱਖ ਪ੍ਰਭ ਦਰਸ਼ਨ ਪਾਇਆ । ਸੁੱਕੇ ਰੁੱਖ ਜੀਵ ਪ੍ਰਭ ਹਰੇ ਕਰਾਇਆ । ਉਜਲ ਮੁਖ ਜਗਤ ਧਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਾਧ ਸੰਗਤ ਦਇਆ ਕਮਾਇਆ । ਦਇਆ ਕਰੇ ਦੀਨ ਦਿਆਲ । ਸਰਬ ਜਨਾਂ ਆਪੇ ਪ੍ਰਿਤਪਾਲ । ਸਾਚਾ ਅੰਮ੍ਰਿਤ ਸੋਹੰ ਸਾਚਾ ਧਨ ਮਾਲ । ਨਿਰਮਲ ਕੀਆ ਜੀਆ ਗੁਰ ਚਰਨ ਬਹਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਨਿਭੇ ਨਾਲ । ਚਰਨ ਪ੍ਰੀਤ ਆਪ ਦਵਾਏ । ਸਾਚੀ ਰੀਤ ਜਗਤ ਚਲਾਏ । ਬਖ਼ਸ਼ੇ ਪ੍ਰੀਤ ਪ੍ਰਭ ਸੇਵਾ ਲਾਏ । ਸਦਾ ਅਤੀਤ ਗੁਰ ਸਰਨ ਜੋ

ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਇਕ ਪ੍ਰੀਤ ਰਖਾਏ । ਸਚੀ ਪ੍ਰੀਤ ਗੁਰ ਕੇ ਚਰਨ । ਗੁਰਮੁਖ ਪ੍ਰਭ ਖੋਲ੍ਹੇ ਹਰਨ ਫਰਨ । ਆਪੇ ਆਪ ਪ੍ਰਭ ਤਾਰਨ ਤਰਨ । ਸਰਬ ਕਲਾ ਸਮਰਥ ਪ੍ਰਭ ਕਾਰਜ ਕਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਤ ਦੁਖ ਨਾ ਭਰਨ । ਗੁਰਮੁਖ ਸਾਚੇ ਸਾਚਾ ਹੱਠ । ਸੋਹੰ ਰਥ ਚੜ੍ਹਾਏ ਪ੍ਰਭ ਪਾਏ ਸਾਚੇ ਭੱਠ । ਲਾਲੋ ਲਾਲ ਲਾਲ ਕਰਾਏ, ਅਗਨ ਜੋਤ ਲਗਾਏ ਮੱਠ । ਪ੍ਰਭ ਗੁਰ ਸੰਗਤ ਸੰਗ ਰਲਾਏ, ਸਾਚਾ ਕੀਆ ਇਕੱਠ । ਪੰਚਮ ਜੇਠ ਦਿਵਸ ਮਨਾਏ, ਦਰਸ ਦਿਖਾਏ ਮਾਣ ਗਵਾਏ ਤੀਰਥ ਅੱਠ ਸੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਸਹਾਏ, ਗੁਰ ਸੰਗਤ ਚਰਨ ਆਏ ਨੱਠ । ਗੁਰ ਸੰਗਤ ਗੁਰ ਦਰ ਪਰਵਾਨ । ਦੇਵੇ ਵਡਿਆਈ ਵਾਲੀ ਦੋ ਜਹਾਨ । ਜਨ ਭਗਤਾਂ ਪ੍ਰਭ ਆਪ ਕਰੇ ਪਛਾਣ । ਵਿਚ ਸਾਚੇ ਸਾਧਨ ਸੰਤਾਂ ਜੋਤ ਸਰੂਪ ਸਦ ਸਦਾ ਭਗਵਾਨ । ਬੈਠਾ ਇਕ ਇਕੰਤਾ, ਜੋਤ ਜਗਾਏ ਦੇਹ ਮਹਾਨ । ਮਹਿੰਮਾ ਪ੍ਰਭ ਬੜੀ ਅਗਣਤ, ਆਪਣੇ ਰੰਗ ਸਦਾ ਇਕ ਸਮਾਣ । ਆਪ ਤਰਾਏ ਸਰਬ ਜੀਵ ਜੰਤ, ਜਨ ਚਰਨੀ ਡਿਗੇ ਆਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦਰ ਆਈ ਸਾਧ ਸੰਗਤ ਦੇਵੇ ਮਾਣ । ਮਾਣ ਮੋਹ ਜੀਵ ਵਿਚਾਰ । ਸਾਚਾ ਪਿਆਰ ਗੁਰ ਚਰਨ ਨਿਮਸਕਾਰ । ਏਕਾ ਅਧਾਰ ਗੁਰ ਦਾਤਾਰ । ਦੇਵੇ ਜੋਤ ਪ੍ਰਭ ਅਪਰ ਅਪਾਰ । ਖੋਲ੍ਹੇ ਸੋਤ ਹੋਏ ਉਜਿਆਰ । ਆਤਮ ਮੈਲ ਧੋਤ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਦੀ ਸੁਣੇ ਪੁਕਾਰ । ਸਾਚਾ ਪ੍ਰਭ ਸੁਣੇ ਪੁਕਾਰਾ । ਆਪਣਾ ਕੀਆ ਆਪ ਵਿਚਾਰਾ । ਸਤਿਜੁਗ ਵਰਤਾਏ ਸਚ ਵਰਤਾਰਾ । ਬੇਮੁਖਾਂ ਪ੍ਰਭ ਕਰੇ ਖੁਆਰਾ । ਚਾਰ ਕੁੰਟ ਹੋਏ ਹਾਹਾਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰਤੇ ਵਰਤਾਵੇ ਵਿਚ ਸੰਸਾਰਾ । ਸਾਚਾ ਸੰਗ ਪ੍ਰਭ ਕਾ ਜਾਣ । ਆਪਣਾ ਆਪ ਜੀਵ ਪਛਾਣ । ਸਾਚਾ ਸੰਗ ਵਾਲੀ ਦੋ ਜਹਾਨ । ਦੇਵੇ ਵਡਿਆਈ ਵਿਚ ਮਾਤ ਆਣ । ਸਾਚਾ ਸੰਗ ਭਗਤ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਆਣ । ਸਾਚਾ ਸੰਗ ਪ੍ਰਭ ਬਣਾਏ । ਗੁਰਮੁਖ ਸਾਚੇ ਆਣ ਤਰਾਏ । ਸਾਚਾ ਸੰਗ ਤੋੜ ਨਿਭਾਏ । ਟੁੱਟੀ ਗੰਢੇ ਫਿਰ ਟੁੱਟ ਨਾ ਜਾਏ । ਸਾਚਾ ਸੰਗ ਗੁਰ ਅੰਗ ਲਗਾਏ । ਮਾਨਸ ਜਨਮ ਨਾ ਭੰਗ ਕਰਾਏ । ਸਾਚਾ ਸੰਗ ਗੁਰ ਸਤਿਸੰਗ ਰਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਸਹਾਏ । ਸਾਚਾ ਸੰਗ ਘਰ ਦਰ ਦਿਖਾਵੇ । ਪੂਰਾ ਗੁਰ ਬੂਝ ਬੁਝਾਵੇ । ਸਾਚਾ ਸੰਗ ਥਿਰ ਘਰ ਨਿਵਾਸ ਰਖਾਵੇ । ਸਾਚਾ ਸੰਗ ਆਵਣ ਜਾਵਣ ਗੇੜ ਚੁਕਾਵੇ । ਸਾਚਾ ਸੰਗ ਮਾਨਸ ਜਨਮ ਸੁਫਲ ਕਰਾਵੇ । ਮਾਤ ਕੁੱਖ ਵਿਚ ਫੇਰ ਨਾ ਆਵੇ । ਸਾਚਾ ਸੰਗ ਥਿਰ ਘਰ ਨਿਵਾਸ ਰਖਾਵੇ । ਸਾਚਾ ਸੰਗ ਆਵਣ ਜਾਵਣ ਗੇੜ ਕਟਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਸੁੱਖਦਾਏ ਸਾਚਾ ਕਰਮ ਕਮਾਵੇ । ਸਾਚਾ ਸੰਗ ਗੁਰ ਪੂਰਾ ਕਰੇ । ਚਰਨ ਲਾਗ ਗੁਰਸਿਖ ਤਰੇ । ਸਾਚਾ ਸੰਗ ਆਤਮ ਵਾਸ ਕਰੇ ਹਰੇ । ਸੋਹੰ ਸਵਾਸ ਸਵਾਸ ਜਪ ਜੀਵ ਕਲਜੁਗ ਪਾਰ ਤਰੇ । ਸਾਚਾ ਸੰਗ ਏਕਾ ਨਰ ਹਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਮੂਲ ਨਾ ਡਰੇ । ਸਾਚਾ ਸੰਗ ਪ੍ਰਭ ਸੰਗ ਸੰਗੀਤ । ਆਤਮ ਦੇਵੇ ਚਰਨ ਪ੍ਰੀਤ । ਸਾਚਾ ਸੰਗ ਗੁਰ ਮਾਨਸ ਜਨਮ ਜਗ ਜੀਤ । ਸਾਚਾ ਸੰਗ ਪ੍ਰਭ ਆਤਮ ਸਦਾ ਅਤੀਤ । ਸਾਚਾ ਸੰਗ ਸਾਚਾ ਪ੍ਰਭ ਸਾਚਾ ਸਤਿ ਮੀਤ । ਸਾਚਾ ਸੰਗ ਮਾਨਸ ਜਨਮ ਨਾ ਹੋਵੇ ਭੀਤ । ਸਾਚਾ ਸੰਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਲੱਖ ਚੁਰਾਸੀ ਜਾਵੇ ਜੀਤ । ਸਾਚਾ ਸੰਗ ਗੁਰ ਗੁਰਮੁਖ । ਆਤਮ

ਉਤਰੇ ਸਾਰੀ ਭੁੱਖ । ਸਾਚਾ ਸੰਗ ਗੁਰ ਸਾਜਣ ਸੁਖ । ਸਾਚਾ ਸੰਗ ਦਰ ਘਰ ਆਏ ਨੇਤਰ ਪਿੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚੀ ਦੇਵੇ ਸਿੱਖ । ਸਾਚਾ ਸੰਗ ਸਚ ਪਰੀਖਿਆ । ਗੁਰਮੁਖ ਸਾਚੇ ਸਾਚਾ ਪ੍ਰਭ ਸਾਚਾ ਦੇਵੇ ਸੀਖਿਆ । ਸਾਚਾ ਸੰਗ ਕਰ ਦਰਸ ਆਤਮ ਮਿਟੇ ਤ੍ਰੀਖਿਆ । ਸਾਚਾ ਸੰਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦਾਨ ਪਾਵੇ ਭੀਖਿਆ । ਸਾਚਾ ਸੰਗ ਭਗਤ ਸੰਗ । ਆਪ ਨਿਭਾਵੇ ਆਪਣਾ ਸੰਗ । ਸਾਚਾ ਸੰਗ ਅੰਮ੍ਰਿਤ ਨੀਰ ਵਹਾਵੇ ਗੰਗ । ਸ਼ਬਦ ਨਾਓ ਪਾਰ ਜਾਏ ਲੰਘ । ਸਾਚਾ ਪ੍ਰਭ ਸਚ ਦਾਨ ਦਰ ਮੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਅੰਗ ਸੰਗ । ਸਾਚਾ ਸੰਗ ਸਚ ਕਰ ਮਾਣ । ਆਪਣਾ ਆਪ ਜੀਵ ਪਛਾਣ । ਸਾਚਾ ਸੰਗ ਸਾਚਾ ਮਾਣ ਤਾਣ । ਸਤਿਗੁਰ ਸਾਚਾ ਜਾਣੀ ਜਾਣ । ਸਾਚਾ ਸੰਗ ਵੇਖ ਵਖਾਣ । ਹੋਏ ਨਿਮਾਣਾ ਜਨ ਚਰਨੀ ਡਿਗੇ ਆਣ । ਸਾਚਾ ਸੰਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਕਰ ਜਾਣ । ਸਾਚਾ ਸੰਗ ਸਤਿਗੁਰ ਸਤਿ ਸਾਚਾ ਦੇਵੇ ਸਾਚੀ ਮਤਿ । ਸਾਚਾ ਸੰਗ ਸਾਚਾ ਸਤਿ, ਸਤਿਗੁਰ ਸਾਚਾ ਸਾਚੀ ਰੱਖੇ ਪਤਿ । ਸਾਚਾ ਸੰਗ ਇਕ ਰਖਾਵੇ ਸਾਚਾ ਸਤਿ । ਸਾਚਾ ਸੰਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲਾ ਗਿਆ ਨਾ ਆਵੇ ਹੱਥ । ਸਾਚਾ ਸੰਗ ਵਕ਼ਤ ਸੰਭਾਲ, ਚਰਨ ਪ੍ਰੀਤੀ ਨਿਭੇ ਨਾਲ । ਸਾਚਾ ਸੰਗ ਗੁਰਸਿਖ ਸਾਚੇ ਪਾਲ, ਦੇਵੇ ਵਡਿਆਈ ਦੀਨ ਦਿਆਲ । ਸਾਚਾ ਸੰਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਚਾ ਸੰਗ ਗੁਰਸਿਖ ਦੀਆ । ਅੰਮ੍ਰਿਤ ਨਾਮ ਮਹਾਂਰਸ ਪੀਆ । ਆਤਮ ਜੋਤ ਜਗਾਏ ਪ੍ਰਭ ਦੀਆ । ਪੂਰਬ ਲਹਿਣਾ ਪ੍ਰਭ ਸਾਚੇ ਦੀਆ । ਗੁਰਮੁਖ ਸਾਚੇ ਪ੍ਰਭ ਦਰ ਲੀਆ । ਸੋਹੰ ਸਾਚਾ ਬੀਜ ਆਗੇ ਬੀਆ । ਪ੍ਰਭ ਮਿਲਨ ਕਾ ਆਪ ਬਣਾਇਆ ਸਾਚਾ ਹੀਆ । ਗੁਰਮੁਖ ਸਾਚੇ ਸਚਖੰਡ ਰਖਾਈ ਤੇਰੀ ਨੀਆ । ਏਕਾ ਜੋਤ ਏਕਾ ਆਤਮ ਜਗਾਇਆ ਦੀਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਨਾਮ ਗੁਰ ਦਰ ਪੀਆ । ਏਕ ਦੀਪ ਆਪ ਜਗਾਏ । ਪਿਛਲੀ ਕੀਤੀ ਭੁਲ ਬਖ਼ਸ਼ਾਏ । ਆਗੇ ਗੁਰ ਮਾਰਗ ਪਾਏ । ਪੰਚਮ ਜੇਠ ਦਇਆ ਕਮਾਏ । ਗੁਰਮੁਖ ਸਾਚੇ ਵਿਰਲੇ ਪ੍ਰਭ ਡੀਠਲਾ ਸਿੰਘਾਸਣ ਡੇਰਾ ਲਾਏ । ਕਲਜੁਗ ਜੀਵ ਬੇਮੁਖ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਤਿ ਸਤਿ ਸਤਿ ਤੇਰੀ ਵਡਿਆਏ । ਸਾਚਾ ਸੰਗ ਜਿਸ ਜਨ ਜਾਣਿਆ । ਪ੍ਰਭ ਅਬਿਨਾਸ਼ੀ ਮੰਨੇ ਭਾਣਿਆ । ਸਾਚਾ ਸੰਗ ਗੁਰ ਆਪ ਵਖਾਣਿਆ । ਗੁਰਮੁਖ ਸਾਚੇ ਪ੍ਰਭ ਦੇਵੇ ਚਰਨ ਧਿਆਨਿਆ । ਸਾਚਾ ਸੰਗ ਗੁਰ ਦੇਵੇ ਨਾਮ ਨਿਧਾਨਿਆਂ । ਮੂਰਖ ਮੁਗਧ ਅੰਞਾਣ ਪ੍ਰਭ ਕਰੇ ਸੁਘੜ ਸਿਆਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਵਿਰਲੇ ਗੁਰਮੁਖ ਪਛਾਣਿਆਂ । ਸਾਚਾ ਸੰਗ ਜਿਸ ਜਨ । ਹਰਾ ਕਰਾਏ ਤਨ ਮਨ । ਸੋਹੰ ਦੇਵੇ ਸੱਚਾ ਮਾਲ ਧਨ । ਏਕਾ ਮਿਟਾਵੇ ਆਤਮ ਜਨ । ਏਕਾ ਰਾਗ ਉਪਜਾਵੇ ਕੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਰਸਨਾ ਗਾਏ ਧੰਨ ਧੰਨ ਧੰਨ । ਪੰਚਮ ਜੇਠ ਜੋਤ ਪਰਗਟਾਏ । ਅਗਨ ਜੋਤ ਜਗਤ ਲਗਾਏ । ਪੰਚਮ ਜੇਠ ਮੀਂਹ ਕਹਿਰ ਵਰਤਾਏ । ਉਪਰ ਹੇਠ ਹੇਠ ਉਪਰ ਕਰਾਏ । ਮਾਤ ਪਤਾਲ ਅਕਾਸ਼ ਏਕ ਜੋਤ ਅਗਨ ਲਗਾਏ । ਖੰਡ ਬ੍ਰਹਿਮੰਡ ਨਵ ਖੰਡ ਥਰ ਥਰਾਏ । ਵਿਚ ਵਰਭੰਡ ਚਾਰ ਕੁੰਟ ਹਾਹਾਕਾਰ ਕਰਾਏ । ਸੋਹੰ ਲਾਏ ਸਾਚਾ ਡੰਡ, ਮੂੰਡ ਮੁੰਡਾਏ ਰਹਿਣ ਨਾ ਪਾਏ । ਬੇਮੁਖ ਵਖਾਇਣ ਸਾਰੇ ਕੰਡ, ਸੋਹੰ ਖੰਡਾ ਪ੍ਰਭ ਉਠਾਏ । ਨਸ਼ਟ ਕਰਾਏ ਜੇਰਜ ਅੰਡਜ ਅੰਡ, ਏਕਾ ਆਪ ਅਟੱਲ ਰਹਿ ਜਾਏ । ਏਕਾ ਦਾਤ ਜਗਤ ਵਿਚ ਵੰਡ,

੭੨
੦੨

ਗੁਰਮੁਖ ਸਾਚੇ ਲਏ ਤਰਾਏ । ਸੋਹੰ ਸਾਚਾ ਦਾਨ ਗੁਰਮੁਖ ਆਪਣੀ ਆਤਮ ਰੰਗ, ਪ੍ਰਭ ਆਪਣੀ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਲੇਖ ਜਗਤ ਭੇਖ ਵੇਖਾ ਵੇਖ ਜਗਤ ਭੁਲਾਏ । ਜੇਠ ਮਹੀਨਾ ਕਹਿਰ ਵਰਤਾ । ਕਲਜੁਗ ਜੀਵਾਂ ਨਸ਼ਟ ਕਰਾ । ਰਾਓ ਰੰਕ ਇਕ ਥਾਂ ਬਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਆਪ ਕਰਾ । ਰਾਓ ਰੰਕ ਇਕ ਥਾਂ ਬਹਾ । ਜੋ ਜਨ ਚਲੇ ਪ੍ਰਭ ਕੇ ਭਾ । ਸੋ ਜਨ ਆਪਣੇ ਚਰਨੀ ਲਏ ਲਗਾ । ਅਗਨ ਜੋਤ ਲਗਾਏ ਤਾਅ । ਗੁਰਮੁਖ ਸਾਚੇ ਫੇਰ ਲਏ ਉਪਾ । ਏਕਾ ਸੁਹਾਏ ਸਾਚਾ ਨਾਉਂ, ਬਾਕੀ ਸਰਬ ਦਏ ਮਿਟਾ । ਏਕਾ ਦਿਖਾਏ ਊਚਾ ਥਾਂਉਂ, ਨਿਹਕਲੰਕ ਜੋਤ ਪਰਗਟਾ । ਪੁੱਤਰ ਸੰਭਾਲੇ ਨਾ ਕੋਈ ਮਾਂ । ਭੈਣਾਂ ਤਾਈ ਛੱਡ ਜਾਣ ਭਰਾ । ਬੇਮੁਖ ਜੀਵਾਂ ਲੱਭੇ ਨਾ ਕੋਈ ਥਾਂ । ਨਿਹਕਲੰਕ ਕਲ ਦੇ ਸਜ਼ਾ । ਗੁਰਮੁਖ ਸਾਚੇ ਪ੍ਰਭ ਦਰ ਆਏ, ਮਹਾਰਾਜ ਸ਼ੇਰ ਸਿੰਘ ਹੋਏ ਸਹਾ । ਮਹੀਨਾ ਜੇਠ ਵੇਖ ਵਰਤੰਤ । ਪ੍ਰਭ ਭਸਮ ਕਰਾਏ ਸਰਬ ਜੀਵ ਜੰਤ । ਜੋਤ ਜਗਾਏ ਅੰਤਮ ਅੰਤ । ਚੌਥਾ ਜੁਗ ਕਰੇ ਭਸਮੰਤ । ਗੁਰਮੁਖ ਵਿਰਲੇ ਪ੍ਰਭ ਪਕੜ ਉਠਾਏ ਸੰਤ । ਆਪ ਆਪਣੀ ਸਰਨ ਲਗਾਏ, ਹੋਏ ਸਹਾਈ ਸਾਚਾ ਕੰਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਤੇਰੀ ਵਡਿਆਈ ਕਲਜੁਗ ਮਾਇਆ ਬੇਅੰਤ । ਮਹੀਨਾ ਜੇਠ ਅੰਤਮ ਜਗ । ਅਗਨ ਜੋਤ ਲਗਾਏ ਅੱਗ । ਲਾਲ ਅੰਧੇਰੀ ਜਾਏ ਵਗ । ਕਲਜੁਗ ਜੀਵ ਜਾਇਣ ਦਗ । ਸ੍ਰਿਸ਼ਟ ਸੰਘਾਰੇ ਪ੍ਰਭ ਪਕੜ ਸ਼ਾਹ ਰਗ । ਭਗਤ ਉਧਾਰੇ ਆਪ ਲਗਾਏ ਆਪਣੇ ਪਗ । ਬੇਮੁਖ ਜੀਵਾਂ ਕਰ ਖੁਆਰੀ, ਅੱਗੇ ਧਰਮ ਰਾਏ ਲਗਾਏ ਵਗ । ਗੁਰਮੁਖ ਸਾਚੇ ਪਾਰ ਉਤਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੰਸ ਬਣਾਏ ਕਗ । ਗੁਰਮੁਖ ਹੰਸ ਆਪ ਵਡ ਹੰਸਾ । ਪ੍ਰਭ ਅਬਿਨਾਸ਼ੀ ਸਾਚਾ ਬੰਸਾ । ਜਨ ਭਗਤ ਉਪਾਏ ਸਾਚੀ ਅੰਸਾ । ਉਜਲ ਮੁਖ ਕਰਾਏ ਵਿਚ ਸੰਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਏ ਚੁਕਾਏ ਸੰਸਾ । ਜੇਠ ਮਹੀਨਾ ਹੋਏ ਅਖ਼ੀਰ । ਗੁਰਮੁਖਾਂ ਦੇਵੇ ਆਤਮ ਧੀਰ । ਬੇਮੁਖਾਂ ਪਾਏ ਜਗਤ ਵਹੀਰ । ਤੜਪ ਤੜਪਾਏ ਦੁਖ ਉਠਾਏ, ਮਿਲੇ ਨਾਹੀਂ ਨੀਰ । ਗੁਰਮੁਖ ਸਾਚੇ ਆਪ ਮੁਖ ਚੁਆਏ ਅੰਮ੍ਰਿਤ ਪਿਲਾਏ ਸਾਚਾ ਸੀਰ । ਅਗਨ ਬਾਣ ਪ੍ਰਭ ਚਲਾਏ ਤਨ ਜਲਾਏ, ਬੇਮੁਖਾਂ ਲਾਹੇ ਚੀਰ । ਗੁਰਮੁਖ ਸਾਚੇ ਮੁਖ ਰਖਾਏ, ਆਤਮ ਅੰਮ੍ਰਿਤ ਬਰਸੇ ਕਰੇ ਸ਼ਾਂਤ ਸਰੀਰ । ਬੇਮੁਖ ਕਲਜੁਗ ਜੀਵ ਫ਼ਕੀਰ ਬਣਾਏ, ਕੋਇ ਨਾ ਦੇਵੇ ਧੀਰ । ਗੁਰਮੁਖ ਸਾਚੇ ਪ੍ਰਭ ਮਿਲਣ ਮਿਲਾਏ, ਚਰਨ ਲਗਾਏ ਵਕ਼ਤ ਅਖੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਕੋਇ ਨਾ ਦੇਵੇ ਧੀਰ । ਵਕ਼ਤ ਵੇਲਾ ਅੰਤ ਲਿਆਏ । ਸੱਜਣ ਸੁਹੇਲਾ ਸੰਤ ਤਰਾਏ । ਸਾਚਾ ਮੇਲਾ ਆਪ ਕਰਾਏ । ਸਾਕ ਸੱਜਣ ਸੁਹੇਲਾ ਆਪ ਬਣ ਜਾਏ । ਝੂਠੇ ਭੈਣ ਭਰਾ ਛੁਡਾਏ । ਆਪ ਆਪਣੇ ਰਾਹ ਚਲਾਏ । ਬਾਂਹੋਂ ਪਕੜ ਪ੍ਰਭ ਅੱਗੇ ਲਾਏ । ਹੱਥ ਚਵਰ ਸਿਰ ਗੁਰ ਛਤਰ ਝੁਲਾਏ । ਗੁਰ ਸੰਗਤ ਅੱਗੇ ਗੁਰ ਪੀਛੇ ਆਏ । ਆਪਣੀ ਬਣਤ ਆਪ ਬਣਾਏ । ਗੁਰਮੁਖ ਸਾਚੇ ਸੰਤ ਪ੍ਰਭ ਲਏ ਤਰਾਏ । ਸੋਹੰ ਚੱਪੂ ਨਾਮ ਬੇੜੀ ਪਾਰ ਬਿਆਸੋਂ ਆਪ ਕਰਾਏ । ਧੰਨ ਧੰਨ ਧੰਨ ਗੁਰ ਪੂਰਾ ਮਸਤੂਆਣੇ ਚਰਨ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਵਰਤਾਏ । ਆਪਣਾ ਬੇੜਾ ਆਪ ਬੰਨ੍ਹੇ । ਗੁਰਮੁਖ ਸਾਚਾ ਸਤਿ ਕਰ ਮੰਨੇ । ਗੁਰਮੁਖ ਆਗੇ ਗੁਰ ਪੂਰਾ ਪਾਲੀ ਜਿਉਂ ਮਾਲ ਚਰਾਏ ਧੰਨੇ । ਪਾਰ ਬਿਆਸੋਂ ਚਰਨ ਟਿਕਾਏ, ਸ੍ਰਿਸ਼ਟ ਸਬਾਈ ਹੰਨੇ ਬੰਨੇ । ਆਪਣੀ ਕਲ ਆਪ ਕਰਾਏ, ਕਲਜੁਗ ਜੀਵ ਪੀੜ ਪਿੜਾਏ ਜਿਉਂ ਬੇਲਣਾ

ਗੰਨੇ । ਵੇਲਾ ਵਕਤ ਪ੍ਰਭ ਨੇੜ ਲਿਆਏ, ਉਠਾਵਣ ਨਾ ਦੇਵੇ ਥਾਲੀ ਛੰਨੇ । ਆਪਣਾ ਕਹਿਰ ਆਪ ਵਰਤਾਏ, ਅਗਨ ਮੇਘ ਪ੍ਰਭ ਆਪ ਬਰਸਾਏ, ਸ੍ਰਿਸ਼ਟ ਸਬਾਈ ਕਰੇ ਦੋ ਖੰਨੇ । ਏਕਾ ਅਗਨ ਜੋਤ ਆਪ ਲਗਾਈ, ਕਲਜੁਗ ਜੀਵ ਕਰਾਏ ਅੰਧ ਅਗਿਆਨੀ ਅੰਨ੍ਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਵਰਤਾਏ ਸਤਿ ਪੁਰਖ ਸਤਿ ਸਤਿ ਕਰ ਮੰਨੇ । ਪਾਰ ਬਿਆਸੋਂ ਚਰਨ ਟਿਕਾਏ । ਸਾਧ ਸੰਗਤ ਪ੍ਰਭ ਸੰਗ ਰਲਾਏ । ਦੂਤੀ ਦੁਸ਼ਮਣ ਪ੍ਰਭ ਪਕੜ ਉਠਾਏ । ਤਾਕ ਤਾਕ ਫਾਕ ਫਾਕ ਅਗਨ ਬੰਬ ਬਰਸਾਏ । ਵਾਕ ਵਾਕ ਵਾਕ ਭਵਿਖਤ ਪ੍ਰਭ ਆਪਣੇ ਪੂਰ ਕਰਾਏ । ਲੇਖ ਲਿਖਾਈ ਜੋ ਸਾਚੀ ਲਿਖਤ, ਸਰ ਅੰਮ੍ਰਿਤ ਪ੍ਰਭ ਥੇਹ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਰਿਹਾ ਸਮਾਏ । ਰੰਕ ਰੰਕ ਰੰਕ, ਪ੍ਰਭ ਰੰਕ ਸਮਾਏ । ਅੰਕ ਅੰਕ ਅੰਕ, ਪ੍ਰਭ ਅੰਕ ਤਰਾਏ । ਰੰਗ ਰੰਗ ਰੰਗ, ਪ੍ਰਭ ਬੰਕ ਦਵਾਰ ਲਗਾਏ । ਰੰਕ ਰੰਕ ਰੰਕ, ਪ੍ਰਭ ਵਿਚ ਮਾਤ ਵਡਿਆਏ । ਰੰਕ ਰੰਕ ਰੰਕ, ਪ੍ਰਭ ਦਰਸ ਦਿਖਾਏ । ਰੰਕ ਰੰਕ ਰੰਕ ਪ੍ਰਭ ਹਰਸ ਮਿਟਾਏ । ਰੰਕ ਰੰਕ ਰੰਕ, ਘਰ ਪ੍ਰਭ ਅੰਮ੍ਰਿਤ ਆਪ ਬਰਸਾਏ । ਰੰਕ ਰੰਕ ਰੰਕ, ਪ੍ਰਭ ਆਪ ਇਕ ਅੰਕ ਹੋ ਜਾਏ । ਰੰਕ ਰੰਕ ਰੰਕ, ਪ੍ਰਭ ਜੋਤ ਸਰੂਪੀ ਰੰਕ ਵਡਿਆਏ । ਰੰਕ ਰੰਕ ਰੰਕ, ਵਿਚ ਮਾਤ ਪ੍ਰਭ ਹੋਏ ਸਹਾਏ । ਰੰਕ ਰੰਕ ਰੰਕ, ਸਾਚੀ ਗਾਥਾ ਪ੍ਰਭ ਆਪ ਚਲਾਏ । ਰੰਕ ਰੰਕ ਰੰਕ ਤ੍ਰੈਲੋਕੀ ਨਾਥ ਆਪ ਅਖਵਾਏ । ਰੰਕ ਰੰਕ ਰੰਕ ਪ੍ਰਭ ਅਕਥ ਨਾ ਕਥਿਆ ਜਾਏ । ਰੰਕ ਰੰਕ ਰੰਕ ਪ੍ਰਭ ਰਾਜਨ ਮਾਣ ਗਵਾਏ । ਅੰਕ ਅੰਕ ਅੰਕ ਪ੍ਰਭ ਏਕਾ ਆਣ ਜਗਤ ਰਖਾਏ । ਰੰਕ ਰੰਕ ਰੰਕ ਪ੍ਰਭ ਸੋਹੰ ਬਾਣ ਪ੍ਰਭ ਸ਼ਬਦ ਚਲਾਏ । ਰੰਕ ਰੰਕ ਰੰਕ ਪ੍ਰਭ ਵਡ ਮਿਹਰਵਾਨ, ਰਾਓ ਉਮਰਾਓ ਨਸ਼ਟ ਕਰਾਏ । ਰੰਕ ਰੰਕ ਰੰਕ ਆਪਣੇ ਰੰਗ ਰਾਤਾ, ਅੰਤਕਾਲ ਸਿਰ ਆਪਣੇ ਤਾਜ ਰਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਰਾਜ ਜਗਤ ਚਲਾਏ । ਰੰਕਾਂ ਦੇਵੇ ਸਾਚਾ ਤਾਜ । ਸਤਿਜੁਗ ਸਾਚਾ ਬਖ਼ਸ਼ੇ ਰਾਜ । ਆਪ ਸਵਾਰੇ ਸਾਰੇ ਕਾਜ । ਭੁੱਖ ਨੰਗ ਨਾ ਆਵੇ ਲਾਗ । ਦੁੱਧ ਪੁੱਤ ਦਵਾਏ ਜਗਤ ਸਾਂਝ । ਔਰਤ ਕੋਈ ਨਾ ਰਹੇ ਬਾਂਝ । ਸ੍ਰਿਸ਼ਟ ਸਬਾਈ ਤੋੜੀ ਸਾਂਝ । ਬੇਮੁਖਾਂ ਦਰ ਦਰ ਘਰ ਘਰ ਪੈ ਜਾਏ ਭਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਮਾਝ । ਰੰਕ ਰੂਪ ਰੰਕ ਭੂਪ ਰੰਕ ਦਿਸੇ ਸਤਿ ਸਰੂਪ । ਰੰਕ ਰੰਕ ਰੰਕ ਅਨੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਆਪ ਵਿਚ ਅੰਧਕੂਪ । ਰੰਕ ਵੇਖ ਕੀਆ ਭੇਖ । ਲਿਖਾਏ ਲੇਖ ਵੇਖ ਵੇਖ ਸਾਚੀ ਰੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਪਾਏ ਸੋਹੰ ਕਰੇ ਬੁੱਧ ਵਿਸੇਖ । ਨਿਰਮਲ ਜੀਆਂ ਆਪੇ ਕੀਆ । ਆਤਮ ਜੋਤ ਜਗਾਇਆ ਦੀਆ । ਪ੍ਰਭ ਸਾਚੇ ਦਾ ਸਾਚਾ ਅੰਮ੍ਰਿਤ ਗੁਰਮੁਖ ਸਾਚੇ ਪੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਕ ਰਾਜਾਨ ਏਕਾ ਕੀਆ । ਇਕ ਕਰਾਏ ਇਕ ਬਣਾਏ ਇਕ ਉਪਜਾਏ ਇਕ ਚਲਾਏ ਇਕ ਵਰਤਾਏ ਇਕ ਹੋ ਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਊਚ ਨੀਚ ਕੋਈ ਰਹਿਣ ਨਾ ਪਾਏ । ਇਕ ਆਕਾਰ ਇਕ ਵਰਤਾਰ ਇਕ ਅਧਾਰ ਇਕ ਸਰਕਾਰ ਇਕ ਵਿਹਾਰ ਇਕ ਧੁਨਕਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਰਤਾਏ ਇਕ ਬਹਾਰ । ਭਗਤ ਉਧਾਰ ਜਗਤ ਸੁਧਾਰ ਸ਼ਬਦ ਉਚਾਰ, ਸਾਚਾ ਅੰਮ੍ਰਿਤ ਦੀਆ ਸੋਹੰ ਸਾਚਾ ਧਨ ਮਾਲ । ਨਿਰਮਲ ਕੀਆ ਜੀਆ, ਪ੍ਰਭ ਗੁਰ ਚਰਨ ਬਹਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਨਿਭੇ ਨਾਲ । ਚਰਨ ਪ੍ਰੀਤ ਆਪ ਦਵਾਏ । ਸਾਚੀ ਰੀਤ ਜਗਤ ਚਲਾਏ । ਬਖ਼ਸ਼ੇ ਪ੍ਰੀਤ ਪ੍ਰਭ ਸੇਵਾ ਲਾਏ ।

ਸਦਾ ਅਤੀਤ ਗੁਰ ਸਰਨ ਜੋ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਇਕ ਪ੍ਰੀਤ ਰਖਾਏ । ਸਾਚੀ ਪ੍ਰੀਤ ਗੁਰ ਕੇ ਚਰਨਾਂ । ਗੁਰਮੁਖ ਸਾਚੇ ਪ੍ਰਭ ਖੋਲ੍ਹੇ ਹਰਨਾ ਫਰਨਾ । ਆਪੇ ਆਪ ਪ੍ਰਭ ਤਾਰਨ ਤਰਨ । ਸਰਬ ਕਲਾ ਸਮਰਥ ਪ੍ਰਭ ਕਾਰਜ ਕਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਤ ਦੁਖ ਨਾ ਭਰਨ । ਗੁਰਮੁਖ ਸਾਚੇ ਸਾਚਾ ਹਠ । ਸੋਹੰ ਰੰਗ ਚੜ੍ਹਾਏ ਪ੍ਰਭ ਪਾਏ ਸਾਚੇ ਭੱਠ । ਪ੍ਰਭ ਲਾਲੋ ਲਾਲ ਲਾਲ ਕਰਾਏ, ਅਗਨ ਜੋਤ ਲਗਾਵੇ ਭੱਖ । ਪ੍ਰਭ ਗੁਰ ਸੰਗਤ ਸੰਗ ਰਲਾਏ, ਸਾਚਾ ਕੀਆ ਇਕੱਠ । ਪੰਚਮ ਜੇਠ ਦਿਵਸ ਮਨਾਏ, ਗੁਰ ਦਰਸ ਦਿਖਾਏ ਮਾਣ ਗਵਾਏ ਤੀਰਥ ਅੱਠ ਸੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਸਹਾਏ, ਗੁਰ ਸੰਗਤ ਚਰਨ ਆਏ ਨੱਠ । ਗੁਰ ਸੰਗਤ ਗੁਰ ਦਰ ਪਰਵਾਨ । ਦੇਵੇ ਵਡਿਆਈ ਵਾਲੀ ਦੋ ਜਹਾਨ । ਜਨ ਭਗਤਾਂ ਪ੍ਰਭ ਆਪ ਕਰੇ ਪਛਾਣ । ਵਿਚ ਸਾਚੇ ਸਾਧਨ ਸੰਤ, ਜੋਤ ਸਰੂਪ ਸਦ ਸਦਾ ਭਗਵਾਨ । ਬੈਠਾ ਏਕ ਇਕੰਤਾ ਜੋਤ ਜਗਾਏ ਦੇਹ ਮਹਾਨ । ਮਹਿੰਮਾ ਪ੍ਰਭ ਬੜੀ ਅਗਣਤ, ਆਪਣੇ ਰੰਗ ਸਦਾ ਸਮਾਣ । ਆਪ ਤਰਾਏ ਸਰਬ ਜੀਵ ਜੰਤਾਂ, ਜਨ ਚਰਨੀ ਡਿਗੇ ਆਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦਰ ਆਈ ਸੰਗਤ ਸਾਚਾ ਦੇਵੇ ਮਾਣ । ਮਾਣ ਮੋਹ ਜੀਵ ਵਿਚਾਰ । ਸਾਚਾ ਪਿਆਰ ਗੁਰ ਚਰਨ ਨਿਮਸਕਾਰ । ਏਕਾ ਉਧਾਰ ਗੁਰ ਦਾਤਾਰ । ਦੇਵੇ ਜੋਤ ਪ੍ਰਭ ਅਪਰ ਅਪਾਰ । ਖੁਲ੍ਹੇ ਸੋਤ ਹੋਏ ਉਜਿਆਰ । ਆਤਮ ਮੈਲ ਧੋਤ ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਦੀ ਸੁਣੇ ਪੁਕਾਰ । ਸਾਚਾ ਪ੍ਰਭ ਸੁਣੇ ਪੁਕਾਰਾ । ਆਪਣਾ ਕੀਆ ਆਪ ਵਿਚਾਰਾ । ਸਤਿਜੁਗ ਵਰਤਾਏ ਸਚ ਵਰਤਾਰਾ । ਬੇਮੁਖਾਂ ਪ੍ਰਭ ਕਰੇ ਖੁਆਰਾ । ਚਾਰ ਕੁੰਟ ਹੋਏ ਹਾਹਾਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰਤੇ ਵਰਤਾਵੇ ਵਿਚ ਸੰਸਾਰਾ । ਆਪੇ ਤਾਰੇ ਆਪੇ ਮਾਰੇ ਕਰੇ ਖੁਆਰੇ । ਮਾਨਸ ਜਨਮ ਬੇਮੁਖਾਂ ਹਾਰੇ । ਚਲਾਏ ਖੰਡਾ ਪ੍ਰਭ ਦੋ ਧਾਰੇ । ਸੋਹੰ ਡੰਡਾ ਲਾਏ ਕਰਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣੇ ਸੱਚਾ ਸਿਕਦਾਰੇ । ਸਾਚੀ ਸਿਕਦਾਰੇ ਸ੍ਰਿਸ਼ਟ ਪਨਿਹਾਰੇ । ਜਗਾਏ ਜੋਤ ਅਗੰਮ ਅਪਾਰੇ । ਏਕਾ ਓਟ ਜਗਤ ਨਿਰੰਕਾਰੇ । ਕੋਟਨ ਕੋਟ ਖੜੇ ਪ੍ਰਭ ਚਰਨ ਦਵਾਰੇ । ਵੋਟਨ ਵੋਟ ਸੋਹੰ ਸਾਚਾ ਵੋਟ, ਮਹਾਰਾਜ ਸ਼ੇਰ ਸਿੰਘ ਤੇਰਾ ਨਾਮ ਵਡਾਰੇ । ਆਪੇ ਆਪ ਜਪਾਏ ਜਪ ਕਰਾਏ ਤਪ ਗਵਾਏ ਕਰੇ ਸਤਿ ਪਰਤਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਬਣੇ ਮਾਈ ਬਾਪ । ਮਾਤ ਪਿਤ ਜਗਤ ਹਿਤ, ਏਕਾ ਮਿਤ ਸ੍ਰਿਸ਼ਟ ਜਿਤ, ਜੋਤ ਪਰਗਟਾਏ ਜੁਗਾ ਜੁਗ ਨਿਤ ਨਵਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਸਾਚਾ ਹਿਤ । ਚਰਨ ਪ੍ਰੀਤ ਸਾਚਾ ਪਿਤ ਸਾਚੀ ਰੀਤ, ਹੋਏ ਪ੍ਰੀਤ ਮਿਲੇ ਸਾਚਾ ਮੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਜਗ ਜੀਤ । ਚਰਨ ਲਾਗ ਜਾਗਣ ਭਾਗ । ਪਕੜੇ ਵਾਗ ਧੋਵੇ ਦਾਗ਼ । ਹੰਸ ਬਣਾਏ ਕਾਗ । ਸੇਜ ਤਜਾਏ ਬਾਸ਼ਕ ਨਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੀ ਪਕੜੇ ਵਾਗ । ਆਪੇ ਜਾਗੇ ਆਪੇ ਰਾਗੇ ਆਪੇ ਮਾਧੇ ਆਪੇ ਸਾਧੇ, ਆਪ ਉਪਾਵੇ ਬ੍ਰਹਮ ਬ੍ਰਹਿਮਾਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਤਮ ਸਾਧੇ । ਆਤਮ ਸਾਧ ਵਜਾਏ ਨਾਦ ਆਵੇ ਸਾਧ ਸ਼ਬਦ ਉਪਜਾਵੇ ਬੋਧ ਅਗਾਧ, ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਸਦ ਅਰਾਧ । ਗੁਰਮੁਖ ਸਾਚੇ ਰਸਨ ਅਰਾਧ । ਪ੍ਰਭ ਮਿਟਾਏ ਤੇਰੀ ਬਿਆਧ । ਏਕ ਰਖਾਵੇ ਆਪਣੀ ਯਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਆਪ ਤਰਾਏ ਸੰਤਨ ਸਾਧ । ਸਾਚਾ ਸ਼ਬਦ ਬਣਾਏ ਬਣਤ । ਜਣਾਏ ਸੰਤ ਵਡਿਆਏ ਜੰਤ ਚਲਾਏ ਇਕੰਤ । ਮਹਿੰਮਾ ਅਗਣਤ ਜੋਤ ਸਰੂਪੀ ਵਿਚ ਰਹੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਇ ਨਾ ਜਾਣੇ ਆਦਿ ਨਾ ਅੰਤ । ਆਦਿ ਅੰਤ ਏਕਾ ਕੰਤ । ਆਪ ਉਪਾਏ ਜੀਵ ਜੰਤ । ਜੋਤ ਪਰਗਟਾਏ ਸਾਧਨ ਸੰਤ । ਦਰਸ ਦਿਖਾਏ ਬੈਠ ਇਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪੜਦਾ ਲਾਹੇ ਆਪ ਬਣਾਏ ਸਾਚੀ ਬਣਤ । ਬਣਤ ਬਣਾਏ ਦਰਸ ਦਿਖਾਏ । ਜੋਤ ਪਰਗਟਾਏ ਅਗਿਆਨ ਅੰਧੇਰ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਚ ਮਾਰਗ ਪਾਏ । ਸਚ ਮਾਰਗ ਲਾਇਆ । ਏਕਾ ਸਾਚਾ ਰਾਹ ਚਲਾਇਆ । ਏਕਾ ਦੂਜਾ ਭਉ ਚੁਕਾਇਆ । ਤੀਆ ਚੌਥਾ ਰਹਿਣ ਨਾ ਪਾਇਆ । ਪੰਚਮ ਹੋਏ ਮਾਤ ਰੁਸ਼ਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਮਾਤਲੋਕ ਵਿਚ ਜਾਮਾ ਪਾਇਆ । ਜਾਮਾ ਧਾਰੇ ਆਪ ਕਰਤਾਰੇ । ਜੋਤ ਨਿਰੰਕਾਰੇ ਨੈਣ ਮੁੰਧਾਰੇ । ਸਰਬ ਅਕਾਰੇ ਇਕ ਵਰਤਾਰੇ । ਚਲ ਆਇਣ ਭਗਤਨ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਆਪ ਵਿਚ ਸੰਸਾਰੇ । ਝੂਠਾ ਸੰਸਾਰ ਝੂਠਾ ਵਿਹਾਰ ਝੂਠਾ ਸਿਕਦਾਰ ਝੂਠਾ ਆਹਾਰ ਝੂਠਾ ਵਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਥਾ ਅੰਤ ਕਰੇ ਖੁਆਰ । ਕਰੇ ਖੁਆਰੀ ਜੂਠ ਝੂਠ, ਪਾਰਬ੍ਰਹਮ ਖੇਲ ਅਪਾਰੀ । ਜੋਤ ਸਰੂਪ ਕਰੇ ਜੋਤ ਉਜਿਆਰੀ । ਵਡ ਵਡ ਭੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਕੜ ਲਿਆਏ ਚਰਨ ਦਵਾਰੀ । ਚਰਨ ਦਵਾਰ ਵਡ ਸਿਕਦਾਰ, ਹੰਕਾਰ ਨਿਵਾਰ ਮਾਰੇ ਸ਼ਬਦ ਮਾਰ ਖੰਡਾ ਦੋ ਧਾਰ, ਕੋਈ ਨਾ ਪਾਵੇ ਪ੍ਰਭ ਕੀ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਰਤਾਏ ਆਪਣਾ ਵਰਤਾਰ । ਵਰਤੇ ਵਰਤਾਵੇ ਚਲੇ ਚਲਾਵੇ । ਡੁੱਬਦੇ ਤਾਰੇ ਗਲੇ ਲਗਾਵੇ । ਮਾਣ ਦਵਾਵੇ ਚਰਨ ਬਹਾਵੇ, ਸਤਿ ਸੰਗ ਰਲਾਵੇ ਪਰਗਟ ਜੋਤ ਦਰਸ ਦਿਖਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਦਇਆ ਕਮਾਵੇ । ਦਇਆ ਕਮਾਈ ਦੇਵੇ ਵਡਿਆਈ ਹੋਏ ਸਹਾਈ । ਬਣਤ ਬਣਾਈ ਜਗਤ ਤਰਾਈ ਲਾਜ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਹੋਏ ਸਹਾਈ । ਆਪ ਸਹਾਏ ਲਾਜ ਰਖਾਏ ਆਣ ਤਰਾਏ ਮਾਣ ਧਰਾਏ ਆਣ ਰਖਾਏ ਚਰਨ ਲਗਾਏ ਹਰਨ ਫਰਨ ਖੁਲ੍ਹਾਏ ਮਰਨ ਡਰਨ ਚੁਕਾਏ ਤਾਰਨ ਤਰਨ ਆਪ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਰਨ ਗੁਰਸਿਖ ਰਖਾਏ । ਗੁਰ ਚਰਨ ਦਵਾਰ ਉਤਰੇ ਪਾਰ ਦੁੱਤਰ ਤਾਰ ਭਗਤ ਉਧਾਰ ਜਗਤ ਸੁਧਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਚਲਾਏ । ਸ਼ਬਦ ਚਲਾਏ ਲੇਖ ਲਿਖਾਏ । ਗਣਤ ਗਣੀ ਨਾ ਜਾਏ, ਬਣੀ ਢਾਹੇ ਫੇਰ ਬਣਾਏ । ਕਲਜੁਗ ਮਿਟਾਏ ਸਤਿਜੁਗ ਲਾਏ । ਖਾਣੀ ਬਾਣੀ ਸਰਬ ਖਪਾਏ । ਸੋਹੰ ਸਾਚਾ ਨਾਮ ਚਲਾਏ । ਚਾਰ ਕੁੰਟ ਜੈ ਜੈ ਜੈਕਾਰ ਕਰਾਏ । ਆਪ ਅਡੋਲ ਰਹੇ ਰਘੁਰਾਏ । ਸ੍ਰਿਸ਼ਟ ਸਬਾਈ ਆਪ ਹਿਲਾਏ । ਆਪ ਅਤੁੱਲ ਬੇਮੁਖ ਤੁਲਾਏ । ਆਪ ਅਭੁੱਲ ਸਭ ਸ੍ਰਿਸ਼ਟ ਭੁਲਾਏ । ਬੇਮੁਖ ਕਲਜੁਗ ਆਪਣਾ ਆਪ ਗਏ ਰੁਲਾਏ । ਕੁੰਭੀ ਨਰਕ ਨਿਵਾਸ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਨਿੰਦ ਕਰਾਏ । ਨਿੰਦਕ ਦੁਸ਼ਟ ਦੁਰਾਚਾਰ । ਪ੍ਰਭ ਸਾਚਾ ਕਰੇ ਖੁਆਰ । ਸ਼ਬਦ ਮਾਰ ਮਾਰੇ ਕਰਤਾਰ । ਧਰਮ ਰਾਏ ਕਰੇ ਖੁਆਰ । ਕੋਈ ਨਾ ਬੇੜਾ ਲਾਏ ਪਾਰ । ਪ੍ਰਭ ਡੋਬੇ ਵਿਚ ਮੰਝਧਾਰ । ਏਥੇ ਓਥੇ ਆਈ ਹਾਰ । ਗੁਰ ਪੂਰੇ ਦੀ ਪਾਈ ਨਾ ਸਾਰ । ਆਪਣਾ ਆਪ ਨਾ ਲਿਆ ਵਿਚਾਰ । ਬੈਠਾ ਵਿਚ ਸੱਚਾ ਸਰਦਾਰ । ਸਾਚਾ ਛੱਡਿਆ

ਨਾਮ ਕਰਤਾਰ । ਮਦਿਰਾ ਮਾਸ ਕੀਆ ਆਹਾਰ । ਪ੍ਰਭ ਅਬਿਨਾਸ਼ੀ ਪਾਵੇ ਸਾਰ । ਵਿਸ਼ਟਾ ਮੁਖ ਰਖਾਏ ਜਨਮ ਪਾਏ ਵਾਰੋ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਬਣਿਆ ਆਪ ਲਿਖਾਰ । ਵਡ ਦਰਬਾਰੀ, ਏਕਾ ਮਾਣ ਰਖਾਏ ਸਰਬ ਨਰ ਨਾਰੀ । ਪਾਰਬ੍ਰਹਮ ਹੋਏ ਵਡਾ ਸਿਕਦਾਰੀ । ਸਾਚੀ ਜਗਤ ਚਲਾਏ ਇਕ ਸੱਚੀ ਸਰਕਾਰੀ । ਪੰਚ ਵਿਚ ਪ੍ਰਭ ਆਪ ਸਮਾਏ, ਪੰਚਮ ਪੰਚ ਪ੍ਰਭ ਵਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਆਪ ਮੁਰਾਰੀ । ਪੰਚਮ ਹੋਏ ਪੰਚ ਪੰਚਾਇਤ । ਵਡੀ ਹੋਏ ਸ਼ਰਅ ਸ਼ਰਾਇਤ । ਆਪ ਬਣਾਏ ਸਾਚੀ ਕਾਇਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਸੁਣਾਇਤ । ਸਾਚਾ ਹੁਕਮ ਆਪ ਲਿਖਾਵੇ । ਸ੍ਰਿਸ਼ਟ ਸਬਾਈ ਬਣਤ ਬਣਾਵੇ । ਏਕਾ ਡੰਨ ਜਗਤ ਲਗਾਵੇ । ਝੂਠਾ ਠੂਠਾ ਭੰਨ ਵਖਾਵੇ । ਸਤਿਜੁਗ ਖੇਲ ਆਪ ਰਚਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਵੇ । ਵੇਲਾ ਅੰਤ ਅੰਤ ਲਿਆਵੇ । ਪ੍ਰਭ ਅਬਿਨਾਸ਼ੀ ਦਇਆ ਕਮਾਵੇ । ਜੋਤ ਸਰੂਪ ਗੁਰਸਿਖ ਸਮਾਵੇ । ਪੂਰਨ ਸਿੰਘ ਨਾਮ ਵਡਿਆਵੇ । ਪਾਲ ਸਿੰਘ ਦੀ ਪੈਜ ਰਖਾਵੇ । ਮਸਤੂਆਣੇ ਡੇਰਾ ਲਾਵੇ । ਸਾਚਾ ਦਰ ਦਰਬਾਰ ਲਗਾਵੇ । ਏਕਾ ਕਰਾਮਾਤ ਸਾਚੀ ਜੋਤ ਜਗਾਵੇ । ਨਿਰੰਕਾਰ ਨਿਰੰਕਾਰ ਨਿਰੰਕਾਰ ਗੁਰ ਧੰਨ ਹੋ ਜਾਵੇ । ਧੁਨਕਾਰ ਧੁਨਕਾਰ ਧੁਨਕਾਰ ਸਰਬ ਜੀਵ ਹੋ ਜਾਵੇ । ਸੁਣ ਕਾਰ ਸੁਣ ਕਾਰ ਸੁਣ ਕਾਰ ਮੁਨ ਰਿਖ ਉਠ ਜਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਦ ਆਪ ਖੁਲ੍ਹਾਵੇ । ਸਾਚਾ ਲੱਗੇ ਗੁਰ ਦਰਬਾਰਾ । ਜਗੇ ਜੋਤ ਅਗੰਮ ਅਪਾਰਾ । ਕਲਜੁਗ ਮਿਟੇ ਧੁੰਧੂਕਾਰਾ । ਏਕਾ ਹੋਵੇ ਜੋਤ ਅਕਾਰਾ । ਏਕਾ ਦਿਸੇ ਪ੍ਰਭ ਗਿਰਧਾਰਾ । ਜੋਤ ਸਰੂਪ ਭਗਤ ਪਸਾਰਾ । ਅਚਰਜ ਖੇਲ ਕਰੇ ਅਪਾਰਾ । ਪਾਰਬ੍ਰਹਮ ਰੂਪ ਨਿਆਰਾ । ਰੂਪ ਅਨੂਪ ਸਰੂਪ ਸਮਾਰਾ । ਅੰਧ ਕੂਪ ਵਡੇ ਵਡ ਭੂਪ ਪ੍ਰਭ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਾਵੇ ਜੋਤ ਨਿਰੰਕਾਰਾ । ਜੋਤ ਨਿਰੰਜਣ ਜਗਤ ਜਗਾਏ । ਦੁਖ ਭੈ ਭੰਜਨ ਹੋਏ ਸਹਾਏ । ਗੁਰਮੁਖ ਮਜਨ ਤੀਰਥ ਨਹਾਏ । ਚਰਨ ਧੂੜ ਗੂੜ ਅੰਜਨ ਪਾਏ । ਪਾਰਸ ਛੋਹੇ ਲੋਹਾ ਕੰਚਨ ਹੋ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਤ ਜਗਾਏ । ਸਾਚੀ ਜੋਤ ਹੋਏ ਪਰਕਾਸ਼ । ਕਲਜੁਗ ਅੰਧੇਰ ਜਾਏ ਵਿਨਾਸ । ਸਾਚੇ ਘਰ ਸਾਚੇ ਦਰ ਹੋਏ ਪਰਕਾਸ਼ । ਧਰੇ ਜੋਤ ਪ੍ਰਭ ਅਬਿਨਾਸ਼ । ਘਟ ਘਟ ਘਟ ਵਸੇ ਪ੍ਰਭ ਘਟ ਵਾਸ । ਖਟ ਖਟ ਖਟ ਕਰਨ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰੇ ਵਾਸ । ਸਿੰਘਾਸਣ ਪ੍ਰਭ ਡੇਰਾ ਲਾਏ । ਆਪਣਾ ਆਪ ਮਾਤ ਪਰਗਟਾਏ । ਏਕਾ ਜੋਤ ਡਗਮਗਾਏ । ਗੁਰ ਆਸਣ ਕੋਈ ਦੇਖ ਨਾ ਪਾਏ । ਪੰਜ ਗਜ਼ ਚੌਗਿਰਦ ਪ੍ਰਭ ਲਕਾਰ ਲਗਾਏ । ਮਦਿਰਾ ਮਾਸੀ ਆਪ ਜਲਾਏ । ਬੇਮੁਖ ਜੀਵ ਦਰ ਮੰਗਣ ਨਾ ਪਾਏ । ਦਰ ਆਏ ਬਿਲਲਾਏ, ਹਾਏ ਹਾਏ ਕਰੇ ਮੇਰੀ ਮਾਏ, ਵੇਲੇ ਅੰਤ ਨਾ ਕੋਇ ਛੁਡਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਮਸਤੂਆਣਾ ਜਾਏ ਤਰਾਏ । ਆਪੇ ਬਣੇ ਜਗਤ ਵਿਹਾਰਾ । ਮਾਤਲੋਕ ਬਣਾਏ ਸਚਖੰਡ ਦਵਾਰਾ । ਜੋਤੀ ਜੋਤ ਪਰਗਟਾਏ ਏਕਾ ਏਕੰਕਾਰਾ । ਵਰਨ ਗੋਤ ਮਿਟਾਏ ਸਤਿ ਸਤਿ ਕਰੇ ਵਰਤਾਰਾ । ਚਾਰ ਵਰਨ ਦਿਖਾਏ ਏਕਾ ਊਚੋ ਊਚ ਊਚ ਦਰਬਾਰਾ । ਇਕ ਅਵਤਾਰ ਇਕ ਦਰਬਾਰ ਇਕ ਘਰ ਬਾਹਰ ਇਕ ਆਕਾਰ ਵਿਚ ਸੰਸਾਰ ਜੀਵ ਜੰਤ ਅਧਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਪਸਰ ਪਸਾਰ । ਏਕਾ ਆਏ ਏਕਾ ਜਾਏ । ਏਕਾ ਚੜ੍ਹਾਏ ਏਕਾ ਮਾਰਗ ਲਾਏ । ਆਪ ਆਪ ਅਖਵਾਏ ।

ਏਕਾ ਨਾਉਂ ਜਗਤ ਧਾਰਏ । ਚਾਰ ਵਰਨ ਸੋਹੰ ਰਸਨ ਜਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ । ਸਤਿਜੁਗ ਤੇਰਾ ਸਤਿ ਵਰਤਾਰਾ । ਹੋਏ ਸਹਾਈ ਕਲੰਕਨਿਹ ਅਵਤਾਰਾ । ਜੋ ਜਨ ਆਏ ਚਰਨ ਦਵਾਰਾ । ਵਰਤੇ ਵਰਤਾਵੇ ਸਰਬ ਸੰਸਾਰਾ । ਸੋਹੰ ਸ਼ਬਦ ਵਡ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਖੋਲ੍ਹੇ ਸਚ ਦਵਾਰਾ । ਸਾਚਾ ਪ੍ਰਭ ਸਚ ਦਵਾਰ । ਊਚ ਨੀਚ ਸਭ ਉਤਰੇ ਪਾਰ । ਸੂਚੋ ਸੂਚ ਪ੍ਰਭ ਸਾਚੇ ਘਰ ਬਾਹਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਨਰਾਇਣ ਨਰ ਅਵਤਾਰ । ਨਰਾਇਣ ਨਰ ਏਕਾ ਹਰਿ ਜੋਤ ਧਰ । ਚਾਰ ਵਰਨ ਜਾਏ ਇਕ ਕਰ । ਭਰਮ ਹਰਿ ਚਰਨ ਧਰ । ਮਸਤੂਆਣਾ ਬਣਾਏ ਸਾਚਾ ਸਰ । ਊਚ ਨੀਚ ਜਾਇਣ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅਕਾਰ ਜਾਏ ਕਰ । ਸਚਖੰਡ ਦਰ ਪ੍ਰਭ ਖੁਲ੍ਹਾਇਆ । ਵਡ ਵਡ ਭੰਡਾਰ ਵਿਚ ਮਾਤ ਲਗਾਇਆ । ਸੋਹੰ ਸ਼ਬਦ ਸਚ ਵਸਤ ਬਣਾਇਆ । ਸੰਤ ਮਨੀ ਸਿੰਘ ਵਰਤਾਵਾ ਲਾਇਆ । ਮੋਤਾ ਸਿੰਘ ਮਗਰ ਲਗਾਇਆ । ਦਲੀਪ ਸਿੰਘ ਮਦਦਗਾਰ ਬਣਾਇਆ । ਨਿਹਕਲੰਕ ਸਿਰ ਹੱਥ ਟਿਕਾਇਆ । ਰੁੱਖਿਆਂ ਭੁੱਖਿਆਂ ਪ੍ਰਭ ਨਸ਼ਟ ਕਰਾਇਆ । ਏਕਾ ਬਰਦਾਰ ਏਕਾ ਦਰਬਾਰ ਵਡ ਵਡ ਕਰੇ ਸਿਕਦਾਰ, ਮਨੀ ਸਿੰਘ ਸਿਰ ਤਾਜ ਰਖਾਇਆ । ਆਪ ਆਪਣੀ ਵਰਤਾਵੇ ਕਾਰ, ਦੁਖ ਭੁੱਖ ਦਾ ਰੋਗ ਗਵਾਇਆ । ਕਰੇ ਕਰਾਵੇ ਕਰਾਵਣਹਾਰ, ਜਿਉਂ ਧੰਨੇ ਮਾਣ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਾਚਾ ਦਰ ਸਚ ਭੰਡਾਰ ਬਣਾਇਆ । ਸਾਚਾ ਚਲੇ ਪ੍ਰਭ ਭੰਡਾਰਾ । ਆਪ ਬਣਾਏ ਆਪ ਚਲਾਵੇ ਆਪ ਵਰਤਾਵੇ ਬਣ ਆਪੇ ਵਰਤਾਰਾ । ਆਪ ਲਿਖਾਵੇ ਆਪ ਭਰਾਵੇ ਆਪੇ ਸੇਵ ਕਮਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਕਰੇ ਵਰਤਾਰਾ । ਸਚ ਭੰਡਾਰ ਜਗਤ ਚਲਾਏ । ਸਚ ਸੁੱਚ ਪ੍ਰਭ ਆਪ ਵਰਤਾਏ । ਊਚ ਨੀਚ ਕੋਈ ਰਹਿਣ ਨਾ ਪਾਏ । ਜ਼ਾਤ ਪਾਤ ਪ੍ਰਭ ਸਰਬ ਮਿਟਾਏ । ਰਾਓ ਉਮਰਾਓ ਪ੍ਰਭ ਨਸ਼ਟ ਕਰਾਏ । ਸਾਜਨ ਸਾਜ ਪ੍ਰਭ ਸਾਚਾ ਰਾਹ ਚਲਾਏ । ਏਕਾ ਆਂਚਲ ਅਗਨ ਪ੍ਰਭ ਬੇਮੁਖਾਂ ਆਪ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਨਸ਼ਟ ਕਰਾਏ । ਆਤਮ ਆਂਚ ਪ੍ਰਭ ਲਗਾਈ । ਬੇਮੁਖ ਕਲ ਠੋਹਰ ਨਾ ਪਾਈ । ਗੁਰਮੁਖ ਸਾਚੇ ਅੰਮ੍ਰਿਤ ਸਿੰਚ ਕਾਇਆ ਹਰੀ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਆਪ ਵਡਿਆਈ । ਨਾਮ ਦਾਨ ਦਾਨ ਨਾਮ ਗੁਰ ਦਰ ਲੀਆ । ਸਾਚਾ ਅੰਮ੍ਰਿਤ ਜਾਮ ਗੁਰ ਦਰ ਪੀਆ । ਪੂਰਨ ਹੋਏ ਕਾਮ, ਪ੍ਰਭ ਸਾਚੇ ਕੀਆ । ਜੋਤ ਸਰੂਪ ਘਨਈਆ ਸ਼ਾਮ, ਆਤਮ ਜੋਤ ਜਗਾਏ ਦੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਿਰਪਾ ਕਰ ਗੁਰ ਆਪ ਆਪਣੇ ਜਿਹਾ ਕੀਆ । ਕਿਰਪਾ ਕਰੇ ਆਪ ਕਿਰਪਾਲਾ । ਦੇਵੇ ਦਰਸ ਦੀਨ ਦਿਆਲਾ । ਸਰਬ ਜੀਆਂ ਹੋਏ ਪ੍ਰਿਤਪਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦ ਗੁਰ ਗੋਪਾਲਾ । ਗੁਰ ਵੇਖੇ ਗੁਰਸਿਖ ਵਖਾਏ । ਨੇਤਰ ਪੇਖੇ ਗੁਰਸਿਖ ਤਰ ਜਾਏ । ਸਾਚੀ ਲਿਖਤ ਪ੍ਰਭ ਆਪ ਕਰਾਏ । ਭਰਮ ਭੁਲੇਖੇ ਜੀਵ ਭੁਲ ਨਾ ਜਾਏ । ਵੇਖਾ ਵੇਖੇ ਕੋਈ ਰੁਲ ਨਾ ਜਾਏ । ਕਲ ਜੋਤ ਪਰਗਟਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਂਓ ਧਰਾਏ । ਆਏ ਸ਼ਾਮ ਨਿਹਕਲੰਕ । ਸੋਹੰ ਸ਼ਬਦ ਵਜਾਏ ਡੰਕ । ਰਾਓ ਉਮਰਾਓ ਏਕਾ ਏਕ ਕਰਾਵੇ ਏਕਾ ਅੰਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਣ ਸੁਹਾਏ ਥਾਨ ਬੰਕ । ਥਾਨ ਜੋਤ ਜਗਾਏ । ਸੁਹਾਏ ਥਾਨ ਭਗਤ ਤਰਾਏ । ਸੁਹਾਏ ਥਾਨ ਸ਼ਬਦ ਵਰਤਾਏ ।

ਸੁਹਾਏ ਥਾਨ ਗੁਰਮੁਖਾਂ ਮਾਣ ਦਵਾਏ । ਸੁਹਾਏ ਥਾਨ ਸੋਹੰ ਸ਼ਬਦ ਚਲਾਏ । ਸੁਹਾਏ ਥਾਨ ਗੁਰਮੁਖ ਸਾਚੇ ਮਾਰਗ ਲਾਏ । ਥਾਨ ਸੁਹਾਏ ਸਾਧ ਸੰਗਤ ਦੇ ਬੰਦ ਕਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ । ਥਾਨ ਸੁਹਾਏ ਆਪ ਗਿਰਧਾਰ । ਥਾਨ ਸੁਹਾਏ ਦੇਵੇ ਤਾਰ । ਥਾਨ ਸੁਹਾਏ ਦਰ ਸਾਚੇ ਸਚ ਦਰਬਾਰ । ਥਾਨ ਸੁਹਾਏ ਜੋਤ ਜਗਾਏ ਗੁਰਸਿਖ ਅਪਾਰ । ਥਾਨ ਸੁਹਾਏ ਹਉਮੇ ਮਮਤਾ ਦੇਵੇ ਮਾਰ । ਥਾਨ ਸੁਹਾਏ ਏਕਾ ਰੰਗ ਰੰਗਾਏ ਕਰਤਾਰ । ਥਾਨ ਸੁਹਾਏ ਗੁਰਮੁਖ ਸਾਚੇ ਮੋਖ ਦਵਾਰ । ਥਾਨ ਸੁਹਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਦੇਵੇ ਅਧਾਰ । ਥਾਨ ਸੁਹਾਏ ਪਾਰਬ੍ਰਹਮ ਨਿਰੰਕਾਰੀ ਗਿਰਵਰ ਗਿਰਧਾਰੀ । ਥਾਨ ਸੁਹਾਏ ਜਗਤ ਬਨਵਾਰੀ । ਥਾਨ ਸੁਹਾਏ ਚਿੱਟੇ ਹੋਏ ਅਸਵ ਅਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਜਾਏ ਪੈਜ ਸਵਾਰੀ । ਥਾਨ ਸੁਹਾਏ ਆਪਣਾ ਆਪ ਉਪਾ ਕੇ । ਥਾਨ ਸੁਹਾਏ ਕਲਜੁਗ ਜੋਤ ਪਰਗਟਾ ਕੇ । ਥਾਨ ਸੁਹਾਏ ਜਾਮਾ ਘਨਕਪੁਰੀ ਵਿਚ ਪਾ ਕੇ । ਥਾਨ ਸੁਹਾਏ ਨਿਹਕਲੰਕ ਕਲ ਨਾਉਂ ਧਰਾ ਕੇ । ਥਾਨ ਸੁਹਾਏ ਪੰਚਮ ਜੇਠ ਮਾਤ ਵਿਚ ਆ ਕੇ । ਥਾਨ ਸੁਹਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਵਿਚ ਜੋਤ ਪਰਗਟਾ ਕੇ । ਸੁਹਾਏ ਥਾਨ ਜੋਤ ਪਰਗਟਾਈ । ਸੁਹਾਏ ਥਾਨ ਸਾਧ ਸੰਗਤ ਮਨ ਵੱਜੀ ਵਧਾਈ । ਥਾਨ ਸੁਹਾਏ ਦਿਵਸ ਰੈਣ ਰੈਣ ਦਿਵਸ ਮਿਲ ਗੁਰਸਿਖ ਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤਾਰੇ, ਕੀਏ ਸਾਚੇ ਮੁਖ ਜੋ ਜਨ ਆਏ ਸਰਨਾਈ । ਸੁਹਾਏ ਥਾਨ ਤਾਰਨਹਾਰਾ । ਸੁਹਾਏ ਥਾਨ ਆਪ ਗਿਰਧਾਰਾ । ਸੁਹਾਏ ਥਾਨ ਕਰ ਜਾਏ ਪਰਉਪਕਾਰਾ । ਦਰ ਆਏ ਪਾਰ ਕਰਾਏ ਜੋ ਜਨ ਆਏ ਚਰਨ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕੀਆ ਅਕਾਰਾ । ਥਾਨ ਸੁਹਾਇਆ ਸਤਿਗੁਰ ਆਣ । ਥਾਨ ਸੁਹਾਏ ਚੁੱਕੇ ਕਾਣ । ਥਾਨ ਸੁਹਾਏ ਗੁਰ ਸੰਗਤ ਦੇਵੇ ਮਾਣ । ਥਾਨ ਸੁਹਾਏ ਬਣਤ ਬਣਾਏ ਸਰਬ ਜੀਆਂ ਦਾ ਜਾਣੀ ਜਾਣ । ਥਾਨ ਸੁਹਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਥਾਨ ਥਨੰਤਰ ਏਕੋ ਏਕ । ਪ੍ਰਭ ਸਾਚੇ ਕੀ ਸਾਚੀ ਟੇਕ । ਗੁਰਮੁਖਾਂ ਕਰੇ ਬੁੱਧ ਬਿਬੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਰੰਗ ਅਨੇਕ । ਅਨੇਕ ਅਨੇਕ ਅਨੇਕ ਰੰਗ । ਏਕ ਏਕ ਏਕ ਅੰਗ । ਟੇਕ ਟੇਕ ਟੇਕ ਗੁਰ ਚਰਨ ਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਗੁਰਮੁਖ ਸਾਚੇ ਸਾਚੀ ਮੰਗ ਮੰਗ । ਸਾਚੀ ਮੰਗ ਗੁਰਸਿਖ ਮੰਗੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਦਰ ਸੱਚਾ ਦਰਬਾਰ ਦਿਵਸ ਰੈਣ ਰੈਣ ਦਿਵਸ ਗੁਰਮੁਖ ਸਾਚੇ ਮੰਗੋ । ਸਚ ਸੁੱਚ ਦੇਵੇ ਆਪ ਕਰਤਾਰ । ਏਕਾ ਜੋਤ ਹੋਏ ਅਕਾਰ । ਏਕਾ ਸ਼ਬਦ ਹੋਏ ਧੁਨਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸਚ ਦਰਬਾਰ । ਦਰਬਾਰ ਸਚ ਸੱਚਾ ਦਰਬਾਰੀ । ਗੁਰਮੁਖ ਸਾਚੇ ਹਿਰਦੇ ਵਸ, ਸੋਹੰ ਸ਼ਬਦ ਜੀਵ ਅਧਾਰੀ । ਬੇਮੁਖ ਦਰ ਤੇ ਆਏ ਨੱਚ, ਸਾਚਾ ਪ੍ਰਭ ਕਰੇ ਖੁਆਰੀ । ਅਗਨ ਜੋਤ ਜਾਏ ਮੱਚ, ਕੋਇ ਨਾ ਹੋਏ ਤੇਰਾ ਸਹਾਰੀ । ਗੁਰਮੁਖ ਸਾਚੇ ਪ੍ਰਭ ਸਾਚੇ ਹਿਰਦੇ ਜਾਇਣ ਰਚ, ਆਤਮ ਦੇਵੇ ਨਾਮ ਖੁਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਪ ਨਿਰੰਕਾਰੀ । ਨਿਰੰਕਾਰ ਨਿਰੰਕਾਰ ਨਿਰੰਕਾਰ ਇਕ ਆਕਾਰ ਇਕ ਸੰਸਾਰ ਇਕ ਉਧਾਰ ਇਕ ਉਜਿਆਰ ਇਕ ਆਕਾਰ ਇਕ ਦਰਬਾਰ ਇਕ ਘਰ ਬਾਹਰ ਏਕਾ ਕੰਤ ਸ੍ਰਿਸ਼ਟ ਸਬਾਈ ਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਗੋਤ ਏਕਾ ਜੋਤ ਆਪ ਨਿਰੰਕਾਰ । ਜੋਤ ਨਿਰੰਜਣ ਆਪ ਨਿਰੰਕਾਰੀ । ਜੋਤ ਸਰੂਪ ਜੋਤ

ਅਧਾਰੀ । ਪਵਣ ਸਰੂਪ ਸਰਬ ਮਝਾਰੀ । ਸਵਾਸ ਸਵਾਸ ਕਰੇ ਅਕਾਰੀ । ਦਾਸਨ ਦਾਸ ਦਿਸੇ ਗਿਰਧਾਰੀ । ਵਾਸਨ ਵਾਸ ਆਪ ਛੁਪਾਰੀ । ਨਾਸਨ ਨਾਸ ਦੁਖ ਦਰਦ ਨਿਵਾਰੀ । ਰਾਸਨ ਰਾਸ ਰਸਨਾ ਜਪ ਜਪ ਜੀਵ, ਪ੍ਰਭ ਕਰੇ ਰਾਸ ਤੁਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਾਮ ਖੁਮਾਰੀ । ਨਾਮ ਖੁਮਾਰੀ ਦਿਵਸ ਰੈਣ । ਗੁਰਮੁਖ ਸਾਚੇ ਦਰ ਤੇ ਬਹਿਣ । ਕਲਜੁਗ ਜੀਵ ਭੁੱਲੇ ਰਹਿਣ । ਅੰਤ ਬਹਿਣ ਝੂਠੇ ਵਹਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਲਹਿਣਾ ਲੈਣ । ਗੁਰ ਸਾਚਾ ਦੇਵੇ ਸਾਚਾ ਲਹਿਣਾ । ਗੁਰਮੁਖ ਵਿਰਲੇ ਪ੍ਰਭ ਦਰ ਬਹਿਣਾ । ਪ੍ਰਭ ਅਬਿਨਾਸ਼ੀ ਸ਼ਬਦ ਸਰੂਪੀ ਸਾਚਾ ਸ਼ਬਦ ਕਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਖੁਲ੍ਹਾਏ ਤੀਜੇ ਨੈਣਾਂ । ਤੀਜਾ ਨੈਣ ਪ੍ਰਭ ਆਪ ਖੁਲ੍ਹਾਏ । ਲਹਿਣਾ ਲੈਣ ਪ੍ਰਭ ਆਪ ਦਵਾਏ । ਰੈਣਾ ਰੈਨ ਆਪ ਹੋ ਜਾਏ । ਸੱਜਣ ਸਾਕ ਸੈਣ ਸੁਹੇਲ ਆਪ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਮੇਲ ਮਿਲਾਏ । ਜੋਤ ਸਰੂਪੀ ਮੇਲ ਮਿਲਾ । ਆਤਮ ਸਾਚਾ ਦੀਪ ਜਗਾ । ਅੰਮ੍ਰਿਤ ਚੁਆਏ ਪਿਆਏ ਆਤਮ ਸਚ ਤੁਲਾ । ਗੁਰਮੁਖ ਵਿਰਲਾ ਨਹਾਵੇ ਕੋਟਨ ਕੋਟ ਪਾਪ ਗਵਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਜਾਏ ਦਇਆ ਕਮਾ । ਜਿਸ ਜਨ ਦਇਆ ਕਮਾਈ । ਅੰਮ੍ਰਿਤ ਆਤਮ ਤੀਰਥ ਨਹਾਈ । ਸਾਚਾ ਸੀਰਥ ਮੁਖ ਚੁਆਈ । ਕਵਲ ਨਾਭ ਖੋਲ੍ਹ ਵਖਾਈ । ਏਕਾ ਅੰਮ੍ਰਿਤ ਆਤਮ ਤੀਰਥ ਆਪ ਹੋ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਠਸਠ ਤੀਰਥ ਮਾਣ ਗਵਾਈ । ਏਕਾ ਤੀਰਥ ਆਤਮ ਜਾਣ । ਗੁਰਮੁਖ ਸਾਚੇ ਸਚ ਪਛਾਣ । ਅੰਮ੍ਰਿਤ ਆਤਮ ਸਾਚਾ ਨਹਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਆਪ ਨਿਸ਼ਾਨ । ਆਤਮ



ਤੀਰਥ ਜੋ ਜਨ ਨਹਾਤਾ । ਚਾਰ ਵੇਦ ਕਾ ਹੋਏ ਗਿਆਤਾ । ਵੇਦਨ ਵੇਦ ਆਪ ਵਿਧਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਜੋਤ ਜਗਾਏ ਇਕ ਕਰਾਏ ਬਿਧਨਾਤਾ । ਬਿਧਨਾ ਬਿਧ ਬਿਧ ਬਣਾਏ । ਸਿਧਨਾ ਸਿਧ ਸਿੱਧ ਕਰਾਏ । ਰਿਧਨਾ ਰਿਧ ਰਿਦੇ ਵਸਾਏ । ਆਤਮ ਰਿਧ ਆਤਮ ਵਿਧ ਗੁਰਸਿਖ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਜੋਤ ਜਗਾਏ । ਕਾਰਜ ਸਿੱਧ ਜੋ ਗੁਰ ਚਰਨੀ ਆਏ । ਦਰਗਹਿ ਸਾਚੀ ਮਾਣ ਦਵਾਏ । ਸਾਚੀ ਦਰਗਹਿ ਸਾਚਾ ਧਾਮ । ਏਕਾ ਜੋਤ ਜਗਾਏ ਰਾਮ । ਪੂਰ ਕਰਾਏ ਗੁਰਮੁਖ ਕਾਮ । ਸੋਹੰ ਪਿਲਾਏ ਸਾਚਾ ਜਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰ ਕਰਾਏ ਆਪਣਾ ਕਾਮ । ਸਾਚਾ ਨਾਮ ਜਗਤ ਧੀਰ । ਕਲਜੁਗ ਰੱਖੇ ਪ੍ਰਭ ਅਖ਼ੀਰ । ਮੇਟ ਮਿਟਾਏ ਪੀਰ ਪੈਗ਼ੰਬਰ ਔਲੀਏ ਸਰਬ ਫ਼ਕੀਰ । ਏਕਾ ਸ਼ਬਦ ਚਲਾਏ ਸੋਹੰ ਸਾਚਾ ਤੀਰ । ਈਸਾ ਮੂਸਾ ਕੋਇ ਰਹਿਣ ਨਾ ਪਾਏ, ਪ੍ਰਭ ਕਰਾਏ ਅਖੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਜੋਤ ਪਰਗਟਾਏ, ਸਚ ਸੁੱਚ ਵਰਤਾਏ ਵਡ ਪੀਰਨ ਪੀਰ । ਪੀਰਨ ਪੀਰ ਆਪ ਵਡ ਪੈਗ਼ੰਬਰਾ । ਝੂਠਾ ਖੇਲ ਮਿਟਾਏ ਕਲਜੁਗ ਅਡੰਬਰਾ । ਸਤਿਜੁਗ ਸਚ ਰਚਾਏ ਸਚ ਸਵੰਬਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਰਬ ਭਰਤੰਬਰਾ । ਸ੍ਰਿਸ਼ਟ ਸਬਾਈ ਪ੍ਰਭ ਭਰਤੰਬਰਾ । ਬੇਮੁਖਾਂ ਸਦਾ ਸਦਾ ਪ੍ਰਭ ਭੰਗਰਾ । ਸੋਹੰ ਸਾਚਾ ਜ਼ਹਾਜ ਬਣਾਇਆ ਚਲਾਇਆ ਸਾਚਾ ਨਾਮ ਲਾਇਆ ਲੰਗਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਟ ਮਿਟਾਏ ਅੰਤ ਖਪਾਏ ਪੀਰ ਪੈਗ਼ੰਬਰਾਂ । ਪੀਰ ਪੈਗ਼ੰਬਰਾਂ ਸਰਬ ਮਿਟਾਏ । ਕੁਰਾਨ ਅੰਜ਼ੀਲ ਵਕ਼ਤ ਚੁਕਾਏ । ਈਸਾ ਮੂਸਾ ਮੁਹੰਮਦੀ ਪ੍ਰਭ ਦੇ ਸਜ਼ਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤਕਾਲ

ਕਲ ਅਚਰਜ ਖੇਲ ਆਪ ਰਚਾਏ । ਰਚੇ ਰਚਾਏ ਆਪਣੀ ਖੇਲ । ਕਲਜੁਗ ਅੰਤ ਹੋਏ ਅਵੇਰ । ਗੁਰਮੁਖਾਂ ਮਿਲਾਏ ਸਾਚਾ ਮੇਲ । ਪ੍ਰਭ ਅਗਨ ਜੋਤ ਜਲਾਏ, ਲਗਾਏ ਬਿਨ ਬਾਤੀ ਬਿਨ ਤੇਲ । ਗੁਰਮੁਖ ਸਾਚੇ ਵਿਚ ਸਮਾਏ, ਅਚਰਜ ਪਾਰਬ੍ਰਹਮ ਦਾ ਖੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਛੜਿਆਂ ਕਲਜੁਗ ਕਰਾਇਆ ਸਾਚਾ ਮੇਲ । ਮਿਲਿਆ ਮੇਲ ਭਗਤ ਭਗਵਾਨਾ । ਦਇਆ ਧਾਰੀ ਸਚ ਨਿਸ਼ਾਨਾ । ਸਾਚਾ ਪ੍ਰਭ ਗੁਣੀ ਨਿਧਾਨਾ । ਆਤਮ ਜੋਤ ਜਗਾਏ ਮਹਾਨਾ । ਜਗੇ ਜੋਤ ਮਿਟੇ ਅਭਿਮਾਨਾ । ਅਨਹਦ ਸਾਚੀ ਧੁਨ ਉਪਜਾਣਾ । ਪਾਰਬ੍ਰਹਮ ਦਰਸ ਦਿਖਾਏ ਗੁਰਮੁਖ ਸਾਚੇ ਬਿਧਨਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਲਜੁਗ ਜੋਤ ਪਰਗਟਾਏ ਵਿਸ਼ਨੂੰ ਭਗਵਾਨਾ । ਦਇਆ ਧਾਰੀ ਸਚ ਨਿਸ਼ਾਨ । ਗੁਰ ਦਰਬਾਰੀ ਚੁਕੇ ਕਾਨ । ਚਰਨ ਨਿਮਸਕਾਰੀ ਦੇਵੇ ਮਾਣ । ਵਿਚ ਸੰਸਾਰ ਜੀਵ ਤੇਰੇ ਤਾਨ । ਤੇਰੇ ਦਰ ਦਰਬਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਹੋਏ ਸਹਾਏ । ਗੁਰਮੁਖ ਸਾਚੇ ਆਸਾ ਪੂਰਾ । ਪ੍ਰਭ ਅਬਿਨਾਸ਼ੀ ਸਤਿਗੁਰ ਤੇਰਾ । ਆਵੇ ਜਾਵੇ ਬੇੜਾ ਕਰ ਜਾਏ ਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ, ਦੇਵੇ ਮੋਖ ਦਵਾਰਾ । ਜੋਤ ਮਿਲਾਏ ਕਿਰਪਾ ਧਾਰੀ । ਧਰਮ ਰਾਏ ਨਾ ਕਰੇ ਖੁਆਰੀ । ਪ੍ਰਭ ਸਾਚਾ ਰੱਖੇ ਚਰਨ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਜਗਤ ਨਿਆਰੀ ਅਪਰ ਅਪਾਰੀ । ਅਪਰ ਅਪਾਰ ਆਪ ਕਰਤਾਰ । ਸਤਿਜੁਗ ਵਰਤੇ ਸਤਿ ਵਿਹਾਰ । ਪ੍ਰਭ ਸਾਚਾ ਕਰਤੇ ਕੋਈ ਨਾ ਜਾਣੇ ਸਾਰ । ਉਪਰ ਧਰੇ ਧਰੇ ਜੋਤ ਨਿਹਕਲੰਕ ਬਲੀ ਬਲਕਾਰ । ਗੁਰਮੁਖ ਆਏ ਦਰ ਤੇ ਬਾਂਹੋਂ ਪਕੜ ਦੇਵੇ ਤਾਰ । ਮਾਣ ਦਵਾਏ ਸਾਚੇ ਦਰ ਤੇ, ਦੋਏ ਜੋੜ ਕਰਨ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਧ ਸੰਗਤ ਬੇੜਾ ਕਰ ਜਾਏ ਪਾਰ । ਸਤਿਗੁਰ ਬੇੜਾ ਆਪ ਬੰਨ੍ਹਾਏ । ਗੁਰ ਸੰਗਤ ਪ੍ਰਭ ਦਇਆ ਕਮਾਏ । ਸਤਿਜੁਗ ਸਾਚਾ ਚੰਨ ਚੜ੍ਹਾਏ । ਗੁਰਮੁਖ ਸਾਚਾ ਸਤਿ ਸਤਿ ਸਤਿ ਕਰ ਮੰਨ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਗੁਰਮੁਖ ਪੂਰਾ ਸੇਵ ਕਮਾਏ । ਪ੍ਰਭ ਅਬਿਨਾਸ਼ੀ ਚਰਨ ਲਗਾਏ । ਦੇਵੇ ਵਡਿਆਈ ਜਨਮ ਮਰਨ ਕਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਦਇਆ ਕੀਨੀ ਦਇਆ ਧਾਰ । ਗੁਰਸਿਖ ਸਾਚੇ ਕੀਨੇ ਪਾਰ । ਸਾਚਾ ਨਾਮ ਦੀਆ ਅਧਾਰ । ਝੂਠਾ ਜਗਤ ਦਿਸਾਏ ਵਿਹਾਰ । ਆਤਮ ਮਾਰੇ ਸਰਬ ਹੰਕਾਰ । ਸਚ ਸੁੱਚ ਕਰੇ ਵਰਤਾਰ । ਨਰ ਨਰ ਨਰ ਕਲੰਕਨਿਹ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਂਹੋਂ ਪਕੜ ਕਲ ਦੇਵੇ ਤਾਰ । ਪਾਰ ਉਤਾਰੇ ਜੀਵ ਜੰਤ ਆਪ ਉਧਾਰੇ । ਸਾਧ ਸੰਤ ਪ੍ਰਭ ਚਰਨ ਦਵਾਰੇ । ਆਦਿ ਅੰਤ ਪ੍ਰਭ ਕਿਰਪਾ ਧਾਰੇ । ਬੈਠ ਇਕੰਤ ਜੋਤ ਜਗਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੰਤ ਵੇਖੇ ਸਰਬ ਪਸਾਰੇ । ਜੀਵ ਜੰਤ ਸਰਬ ਪਸਾਰ । ਜੋਤ ਸਰੂਪੀ ਜਗਤ ਵਿਹਾਰ । ਜਾਮੇ ਧਾਰੇ ਵਾਰੋ ਵਾਰ, ਆਵੇ ਜਾਵੇ ਵਕ਼ਤ ਵਿਚਾਰ । ਜਗਤ ਉਲਟਾਵੇ ਦੁਸ਼ਟ ਸੰਘਾਰ । ਭੁੱਖ ਗਵਾਵੇ ਦੇਵੇ ਸ਼ਬਦ ਅਧਾਰ । ਸੁਖ ਉਪਜਾਵੇ ਆਪੇ ਰੋਗ ਦੇਵੇ ਮਾਰ । ਕੁੱਖ ਸੁਫਲ ਕਰਾਵੇ ਜਨ ਭਗਤ ਰੱਖੇ ਚਰਨ ਪਿਆਰ । ਉਜਲ ਮੁਖ ਰਖਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਇਣ ਚਲ ਦਰਬਾਰ । ਗੁਰਮੁਖ ਸਾਚੇ ਪ੍ਰਭ ਦਇਆ ਕਮਾਏ । ਆਪ ਆਪਣੀ ਸੇਵਾ ਲਾਏ । ਆਤਮ ਸੁਖ ਸਰਬ ਉਪਜਾਏ । ਸੂਖਮ ਸੂਖ ਵਿਚ ਸਮਾਏ । ਦੂਖ ਭੂਖ ਪ੍ਰਭ ਮਿਟਾਏ । ਆਲਸ ਨਿੰਦਰਾ ਪ੍ਰਭ ਮਗਰੋਂ ਲਾਹੇ । ਆਤਮ ਜਿੰਦਰਾ ਪ੍ਰਭ

ਖੋਲ੍ਹ ਵਖਾਏ । ਆਤਮ ਇੰਦਰਾ ਪ੍ਰਭ ਰੂਪ ਵਖਾਏ । ਸਰਬ ਵਸੰਦਰਾ ਨਜ਼ਰੀ ਆਏ । ਜੋਤ ਜਗੰਦਰਾ ਜੋਤ ਪਰਗਟਾਏ । ਵਾਸੀ ਬਨ ਬਿੰਦਰਾ ਦਰਸ ਦਿਖਾਏ । ਕਾਇਆ ਕੋਠੀ ਅੰਦਰ ਕੰਦਰਾ, ਜੋਤ ਸਰੂਪੀ ਦੀਪ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਇਆ ਕਮਾਏ । ਸਚ ਕਾਰ ਗੁਰਸਿਖ ਲਗਾਇਆ । ਜਗਤ ਲੇਖ ਲਿਖਾਰ ਪ੍ਰਭ ਆਪ ਬਣਾਇਆ । ਕਰ ਵੇਖ ਵਿਚਾਰ ਹੱਥ ਕਲਮ ਫੜਾਇਆ । ਏਕਾ ਬਖ਼ਸ਼ੇ ਸ਼ਬਦ ਅਧਾਰ, ਆਤਮ ਸੁੰਨ ਖੋਲ੍ਹ ਵਖਾਇਆ । ਆਤਮ ਉਪਜਾਵੇ ਸੱਚੀ ਧੁਨਕਾਰ, ਸੁਰਤ ਸ਼ਬਦ ਪ੍ਰਭ ਦੇਵੇ ਤਾਰ, ਦੇਵੇ ਵਡਿਆਈ ਵਿਚ ਸੰਸਾਰ, ਸਿੰਘ ਦਰਸ਼ਨ ਪ੍ਰਭ ਮਾਣ ਦਵਾਇਆ । ਸਾਚੀ ਦੇਵੇ ਭਗਤ ਵਡਿਆਈ, ਪ੍ਰਭ ਸਾਚੇ ਸਚ ਕਰਮ ਕਮਾਇਆ । ਲਿਖੇ ਲੇਖ ਦੇ ਮਿਟਾਇਆ । ਗੁਰਮੁਖ ਸਾਚਾ ਵੇਖ, ਪ੍ਰਭ ਲੇਖ ਲਿਖਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਹੋਏ ਸਹਾਇਆ । ਆਪ ਆਪਣੀ ਦਇਆ ਧਾਰੇ । ਕਰ ਕਿਰਪਾ ਪ੍ਰਭ ਪਾਰ ਉਤਾਰੇ । ਸਿਰ ਰੱਖੇ ਹੱਥ ਨਾ ਆਵੇ ਹਾਰੇ । ਸਾਚੀ ਸੁੰਨ ਪ੍ਰਭ ਦਰ ਖੁਲ੍ਹਾਰੇ । ਉਤਮ ਹੋਏ ਵਿਚ ਰਿਖ ਮੁਨ, ਜਨ ਭਗਤ ਪਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਭਰੇ ਸ਼ਬਦ ਭੰਡਾਰੇ । ਸ਼ਬਦ ਭੰਡਾਰੇ ਆਪ ਵਰਤਾਰੇ ਸਚ ਦਾਤਾਰ । ਵਿਚ ਦਿਸਾਏ ਜੋਤ ਅਧਾਰ । ਇਕ ਰਖਾਏ ਓਟ ਕਰਤਾਰ । ਸ਼ਬਦ ਲਿਖਾਏ ਆਪ ਨਿਰੰਕਾਰ । ਗੁਰਸਿਖ ਤਰਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰ । ਗੁਰ ਸੇਵਾ ਕਾਰਜ ਰਾਸੇ । ਪ੍ਰਭ ਅਬਿਨਾਸ਼ੀ ਹਿਰਦੇ ਰੱਖੇ ਵਾਸੇ । ਦੂਤੀ ਦੁਸ਼ਟ ਦਰ ਤੋਂ ਨਾਸੇ । ਕੋਹੜੀ ਕੁਸ਼ਟੀ ਪ੍ਰਭ ਰੱਖਣ ਚਰਨ ਭਰਵਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭਨਾ ਦੁਖੜੇ ਆਪ ਵਿਨਾਸੇ । ਪ੍ਰਭ ਅਬਿਨਾਸ਼ੀ ਸਾਚਾ ਘਰ । ਗੁਰਮੁਖ ਸਾਚਾ ਜਾਏ ਤਰ । ਸਾਚਾ ਪ੍ਰਭ ਦੇਵੇ ਸਾਚਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਅਵਤਾਰ ਨਰ । ਦਰ ਦਵਾਰ ਪ੍ਰਭ ਦਿਸਾਏ । ਸਚ ਘਰ ਬੁੱਧ ਉਪਜਾਏ । ਆਤਮ ਭੇਦ ਸਰਬ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਏ । ਸਾਚਾ ਪ੍ਰਭ ਕਿਰਪਾ ਧਾਰ । ਦਰ ਆਇਆ ਪ੍ਰਭ ਜਾਏ ਤਾਰ । ਘਰ ਪਾਇਆ ਹਰਿ ਭਗਤ ਭੰਡਾਰ । ਸਰਬ ਸਿਕਦਾਰ ਨਿਹਕਲੰਕ ਨਰਾਇਣ ਨਰ ਅਵਤਾਰ । ਵਰ ਪਾਏ ਦੁਤਰ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੇਵੇ ਦਰਸ ਜੋਤ ਅਪਾਰ । ਜੋਤ ਸਰੂਪੀ ਦਰਸ ਦਿਖਾਏ । ਆਤਮ ਹਰਸ ਸਰਬ ਮਿਟਾਏ । ਅੰਮ੍ਰਿਤ ਬਰਸ ਸ਼ਾਂਤ ਕਰਾਏ । ਬੈਠ ਇਕਾਂਤ ਜੋਤ ਜਗਾਏ । ਦਿਵਸ ਰੈਣ ਇਕ ਰੰਗ ਰੰਗਾਏ । ਸਾਚੀ ਮੰਗ ਦਰ ਮੰਗਣ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਾਨ ਗੁਰਸਿਖ ਝੋਲੀ ਪਾਏ । ਸਾਚ ਦਾਨ ਗੁਰ ਸਾਚੇ ਦੀਆ । ਗੁਰਸਿਖ ਕਰਾਇਆ ਨਿਰਮਲ ਜੀਆ । ਆਪ ਆਪਣੇ ਜੇਹਾ ਕੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਇਆ ਦੀਆ । ਸਾਚਾ ਪ੍ਰਭ ਸਾਚੀ ਕਲ । ਗੁਰਮੁਖ ਆਏ ਦਰ ਤੇ ਚਲ । ਸਾਧ ਸੰਗਤ ਦਰ ਬੈਠੇ ਮਲ । ਦਰਸ ਦਿਖਾਏ ਆਪ ਅਖੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਸਦਾ ਸਦਾ ਅਟੱਲ । ਆਪ ਅਟੱਲ ਅਟੱਲ ਰਖਾਏ । ਆਪ ਅਚੱਲ ਅਚੱਲ ਕਰਾਏ । ਗੁਰ ਸੰਗ ਸਾਥ ਗੁਰਮੁਖ ਆਤਮ ਸੁਖ ਪਾਏ । ਆਤਮ ਦੁਖੜੇ ਸਾਰੇ ਜਾਣ, ਸੁਖ ਸੁਖਮ ਪ੍ਰਭ ਦੇਹ ਵਸਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਜ ਘਰ ਵਾਸੀ ਪਰਗਟ ਜੋਤ ਨਿਜ ਘਰ ਦਰਸ ਦਿਖਾਏ । ਨਿਜ ਘਰ ਪ੍ਰਭ ਵਸੇਰਾ । ਆਪ ਜਣਾਏ ਤੇਰਾ ਮੇਰਾ । ਦੇਵੇ ਦਰਸ ਨਾ ਲਾਏ

ਦੇਰਾ । ਨਾ ਜਾਣੇ ਦੂਰ ਗੁਰਮੁਖਾਂ ਸਦ ਵਸੇ ਨੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਾਏ ਵਿਚ ਮਾਤ ਦੇ ਫੇਰਾ । ਫੇਰਾ ਪਾਏ ਵਿਚ ਮਾਤ । ਸੋਹੰ ਵਰਤਾਵੇ ਸਾਚੀ ਦਾਤ । ਜਗਤ ਦਿਖਾਵੇ ਵਡ ਕਰਾਮਾਤ । ਚਰਨ ਲਗਾਵੇ ਆਪ ਪਛਾਣੇ ਜਨ ਭਗਤਾਂ ਸਦ ਰੱਖੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਵੇ ਮਾਰ ਝਾਤ । ਜਗੇ ਜੋਤ ਆਤਮ ਜੋਤੀ । ਆਪ ਜਗਾਏ ਆਤਮ ਸੋਤੀ । ਦਿਵਸ ਰੈਣ ਰੈਣ ਦਿਵਸ ਏਕਾ ਰੰਗ ਹੋਤੀ । ਗੁਰਮੁਖ ਸਾਚੇ ਆਪ ਬਣਾਏ ਕਲਜੁਗ ਪ੍ਰਭ ਮਾਣਕ ਮੋਤੀ । ਸੋਹੰ ਸਾਚੀ ਚੋਗ ਚੁਗਾਏ, ਦੁਰਮਤ ਮੈਲ ਆਤਮ ਧੋਤੀ । ਮਹਾਰਾਜ ਸ਼ੇਰ ਸਿੰਘ ਦੇਵੇ ਦਾਨ, ਸਤਿ ਸਤਿ ਸਤਿ ਸੰਤੋਖੀ । ਸਤਿ ਸੰਤੋਖ ਆਤਮ ਦਵਾਏ, ਸਾਚਾ ਦੇਵੇ ਬ੍ਰਹਮ ਗਿਆਨ । ਚਰਨ ਧੂੜ ਸਾਚਾ ਇਸ਼ਨਾਨ । ਆਤਮ ਗੂੜ੍ਹ ਜੋਤ ਮਹਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪੇ ਆਪ ਹੋਏ ਮਿਹਰਵਾਨ । ਸਾਚਾ ਪ੍ਰਭ ਸਦ ਮਿਹਰਵਾਨਾ । ਆਪਣੇ ਆਪ ਰਹੇ ਭਗਵਾਨਾ । ਏਕਾ ਜੋਤ ਏਕਾ ਗੋਤ ਗੁਰਸਿਖ ਮਿਲਾਣਾ । ਗੁਰਮੁਖ ਸਾਚੇ ਆਤਮ ਧੋਤ, ਪਾਪ ਉਤਾਰੇ ਕੋਟ ਕੋਟ, ਸਾਧ ਸੰਗਤ ਪ੍ਰਭ ਵਿਚ ਰਲਾਣਾ । ਆਤਮ ਲਾਏ ਸੋਹੰ ਚੋਟ ਕੱਢੇ ਖੋਟ, ਸ਼ਬਦ ਧੁਨ ਪ੍ਰਭ ਉਪਜਾਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਦੇਵੇ ਚਰਨ ਧਿਆਨਾ । ਚਰਨ ਧਿਆਨ ਜਨ ਰਖਾਓ । ਆਪ ਆਪਣਾ ਪਾਰ ਕਰਾਓ । ਜਗਤ ਸੁਫਨਾ ਅੰਤ ਛੱਡ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਦਰਸ ਦਿਖਾਓ । ਪ੍ਰਭ ਚੁਕਾਏ ਤੇਰਾ ਮੇਰਾ । ਕੋਈ ਨਾ ਕਰੇ ਹੇਰਾ ਫੇਰਾ । ਜੋਤ ਜਗਾਏ ਸੰਞ ਸਵੇਰਾ । ਗੁਰਸਿਖਾਂ ਕਰੇ ਪਾਰ ਬੇੜਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਾ ਲਾਏ ਦੇਰਾ । ਗੁਰਸਿਖ ਬੇੜਾ ਪਾਰ ਕਰ, ਗੁਰ ਪਾਰ ਉਤਾਰਾ । ਗੁਰਸਿਖ ਸਾਚੀ ਭੀਖਿਆ ਗੁਰ ਦਰਬਾਰਾ । ਆਤਮ ਰੱਖਿਆ ਕਰੇ ਗਿਰਧਾਰਾ । ਸਾਚੀ ਸਿਖਿਆ ਗੁਰ ਚਰਨ ਪਿਆਰਾ । ਮਦਿਰਾ ਮਾਸ ਤਜਣ ਵਿਕਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਦ ਦੁੱਤਰ ਤਾਰਾ । ਦੁਤਰ ਤਾਰੇ ਦੋ ਜਹਾਨੀ । ਗੁਰਮੁਖ ਸਾਚੇ ਪ੍ਰਭ ਆਪ ਪਛਾਣੀ । ਵਕ਼ਤ ਵਖਾਵੇ ਗੁਣ ਨਿਧਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਆਵਣ ਜਾਣੀ । ਆਵਣ ਜਾਣ ਆਪ ਚੁਕਾਇਆ । ਆਪ ਆਪਣਾ ਮਾਣ ਰਖਾਇਆ । ਦਰ ਘਰ ਆਏ ਪ੍ਰਭ ਮਾਣ ਦਵਾਇਆ । ਹੋਏ ਨਿਮਾਣਾ । ਨਿਤਾਣਾ ਦਰ ਪ੍ਰਭ ਸੀਸ ਝੁਕਾਇਆ । ਸਾਵਣ ਸਾਵਣ ਪ੍ਰਭ ਅੰਮ੍ਰਿਤ ਮੇਘ ਵਰਸਾਇਆ । ਪਾਵਨ ਪਾਵਨ ਪਤਿਤ ਪਾਵਨ ਪ੍ਰਭ ਆਤਮ ਵਿਚ ਸਮਾਇਆ । ਆਵਣ ਗਵਣ ਗਵਣ ਆਵਣ ਪ੍ਰਭ ਸਾਰਾ ਡੇਰਾ ਢਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਇਆ । ਰੰਗ ਰੰਗ ਗੁਰ ਏਕ ਰੰਗ । ਸੰਗ ਸੰਗ ਸੰਗ ਪ੍ਰਭ ਸਾਚੇ ਕਾ ਸਾਚਾ ਸੰਗ । ਸਾਚਾ ਸੰਗ ਸਾਚਾ ਅੰਗ ਪ੍ਰਭ ਸਹਾਈ ਅੰਗ ਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਦਰ ਘਰ ਆਏ ਕੱਟੇ ਭੁੱਖ ਨੰਗ । ਸਾਚਾ ਪ੍ਰਭ ਸਦਾ ਸਹਾਈ । ਸੰਸਾ ਰੋਗ ਸਰਬ ਗਵਾਈ । ਆਪਣੀ ਬਣਤ ਆਪ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਆਪ ਵਡਿਆਈ । ਗੁਰਸਿਖ ਆਤਮ ਵੱਜੀ ਵਧਾਈ, ਚਾਓ ਘਨੇਰਾ । ਦੇਵੇ ਵਡਿਆਈ ਸੱਚਾ ਸਤਿਗੁਰ ਤੇਰਾ । ਪੰਚਮ ਜੇਠ ਵਿਚ ਮਾਤ ਪ੍ਰਭ ਪਾਇਆ ਫੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਖ ਗੁਰਮੁਖ ਵਿਰਲਾ ਕਲ ਜਾਣੇ ਤੇਰਾ । ਦਰ ਘਰ ਸਿਖ ਸਾਚੇ ਪੁੱਛਿਆ । ਆਤਮ ਹੋਈ ਸਾਚੀ ਇੱਛਿਆ । ਸੋਹੰ ਦੇਵੇ ਦਾਨ ਪ੍ਰਭ ਸਾਚੀ ਭਿਛਿਆ । ਕਰੇ ਆਪ ਭਗਵਾਨ ਤੇਰੀ ਰੱਛਿਆ । ਵਾਲੀ ਦੋ ਜਹਾਨ

ਪੂਰਨ ਕਰੇ ਇੱਛਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਾਤ ਪੂਰ ਕਰਾਏ ਤੂਰ ਵਜਾਏ ਨੂਰ ਉਪਾਏ ਗੁਰਸਿਖ ਤੇਰੀ ਇੱਛਿਆ । ਆਤਮ ਇਛਿਆ ਸਤਿਗੁਰ ਪੂਰੇ । ਸ਼ਬਦ ਸ਼ਬਦ ਪ੍ਰਭ ਕਰੇ ਭਰਪੂਰੇ । ਗੁਰਸਿਖ ਆਏ ਗੁਰ ਚਰਨ ਹਜ਼ੂਰੇ । ਪ੍ਰਭ ਸ਼ਬਦ ਲਿਖਾਏ ਸਤਿਗੁਰ ਭਰਪੂਰੇ । ਭੁਲ ਨਾ ਜਾਏ ਜਨ ਬਚਨ ਕਰੇ ਅਧੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਸਾਰੀ ਪੂਰੇ । ਸਾਚਾ ਸ਼ਬਦ ਸਿਖ ਕਮਾਵਣਾ । ਪੂਰ ਕਰਾਏ ਪ੍ਰਭ ਆਤਮ ਕਾਮਨਾ । ਆਪ ਫੜੇ ਅੰਤ ਤੇਰਾ ਦਾਮਨਾ । ਦਰਗਹਿ ਸਾਚੀ ਮਾਣ ਦਵਾਵਣਾ । ਸਾਚਾ ਘਰ ਦਰ ਦਰਗਹਿ ਬਨਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਓਟ ਗੁਰਮੁਖ ਸਾਚੇ ਵਿਚ ਮਾਤ ਰਖਾਵਣਾ । ਗੁਰਸਿਖ ਰੱਖ ਏਕਾ ਓਟ । ਪ੍ਰਭ ਗਵਾਏ ਆਤਮ ਖੋਟ । ਆਪ ਉਡਾਏ ਆਲ੍ਹਣਿਓਂ ਡਿਗੇ ਬੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਰਖਾਏ ਏਕਾ ਓਟ । ਸਾਚਾ ਗੁਰ ਸਾਰੰਗ ਧਰ । ਗੁਰਸਿਖ ਆਏ ਚਰਨੀ ਪਰ । ਗੁਰ ਚਰਨ ਲਾਗ ਭਵਜਲ ਤਰ । ਪ੍ਰਭ ਦਵਾਏ ਸਾਚਾ ਘਰ । ਜੋਤ ਸਰੂਪੀ ਨਿਹਕਲੰਕ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਖੁਲ੍ਹਾਏ ਤੇਰਾ ਸਾਚਾ ਦਰ । ਆਤਮ ਦਰ ਆਪ ਖੁਲ੍ਹਾਏ । ਅਕਾਰ ਕਰ ਜੋਤ ਜਗਾਏ । ਏਕਾ ਨੂਰ ਅੰਧੇਰ ਮਿਟਾਏ । ਕਰਮ ਕਰ ਦਰਸ ਦਿਖਾਏ । ਗੁਰਮੁਖ ਸਾਚੇ ਧਰਮ ਕਰ, ਮਦਿਰਾ ਮਾਸ ਰਸਨ ਨਾ ਲਾਏ । ਪੂਰਾ ਬਚਨ ਜਾਇਣ ਹਰ, ਕੁੰਭੀ ਨਰਕ ਦੇ ਸਜਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਚਰਨ ਲਾਗ ਭੁਲ ਨਾ ਜਾਏ । ਮਦਿਰਾ ਮਾਸ ਗੁਰਸਿਖ ਖਾਏ । ਸਾਚਾ ਪ੍ਰਭ ਦਰ ਦੁਰਕਾਏ । ਏਥੇ ਓਥੇ ਥਾਏਂ ਨਾ ਪਾਏ । ਕੁੰਭੀ ਨਰਕ ਆਪ ਰਖਾਏ । ਗਰਭਵਾਸ ਆਵਣ ਜਾਵਣ ਗੇੜ ਫਿਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਡਜ ਜੇਰਜ ਉਤਭੁਜ ਸੇਤਜ ਵਿਚ ਰਖਾਏ । ਸਾਚੇ ਗੁਰ ਦੀ ਸਾਚੀ ਆਣ । ਝੂਠਾ ਖੇਲ ਜਗਤ ਵਿਚ ਜਾਣ । ਜੋਤ ਪਰਗਟਾਏ ਵਿਚ ਮਾਤ ਵਿਸ਼ਨੂੰ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਮਹਾਨ । ਏਕਾ ਜੋਤ ਕਰੇ ਅਕਾਰ । ਸਾਧ ਸੰਗਤ ਵਰਤਾਵੇ ਸਤਿ ਵਰਤਾਰ । ਏਕਾ ਜੋਤ ਜਗਾਵੇ ਅਪਰ ਅਪਾਰ । ਝੂਠਾ ਧੰਦਾ ਸਰਬ ਮਿਟਾਵੇ, ਸਤਿ ਸਚ ਸੁੱਚ ਕਰੇ ਵਰਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਕਲ ਜਾਮਾ ਧਾਰ ।

### * ੬ ਜੇਠ ੨੦੦੯ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹ ਰਾਤ ਦੇ ਸਮੇਂ ਪਿੰਡ ਬੁੱਗੇ *

ਸਤਿਗੁਰ ਸਾਚਾ ਵਿਚ ਵਰਭੰਡੇ । ਸਤਿਗੁਰ ਸਾਚਾ ਵਿਚ ਨਵ ਖੰਡੇ । ਸਤਿਗੁਰ ਸਾਚਾ ਵਿਚ ਬ੍ਰਹਿਮੰਡੇ । ਸਤਿਗੁਰ ਸਾਚਾ ਸਾਚਾ ਦਾਨ ਜਗਤ ਵਿਚ ਵੰਡੇ । ਸਤਿਗੁਰ ਸਾਚਾ ਸੋਹੰ ਸ਼ਬਦ ਉਠਾਏ ਖੰਡੇ । ਸਤਿਗੁਰ ਸਾਚਾ ਗੁਰਮੁਖਾਂ ਵਡਿਆਏ ਵਿਚ ਵਰਭੰਡੇ । ਸਤਿਗੁਰ ਸਾਚਾ ਬੇਮੁਖਾਂ ਆਤਮ ਕਰੇ ਰੰਡੇ । ਸਤਿਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਦੁਖ ਰੋਗ ਸਾਰੇ ਖੰਡੇ । ਸਤਿਗੁਰ ਸਾਚਾ ਸਰਬ ਗੁਣ । ਸਤਿਗੁਰ ਸਾਚਾ ਮੇਲ ਮਿਲਾਏ ਗੁਰਮੁਖ ਸਾਚੇ ਚੁਣ । ਸਤਿਗੁਰ ਸਾਚਾ ਆਪ ਵਖਾਣੇ ਕੋਇ ਨਾ ਜਾਣੇ ਪ੍ਰਭ ਸਾਚੇ ਦੇ ਸਾਚੇ ਗੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਿੱਖ ਉਪਜਾਵੇ ਵਿਚ ਮਾਤ ਚੁਣ । ਸਤਿਜੁਗ ਸਾਚੇ ਕਰਮ ਕਮਾਵਣਾ । ਗੁਰਮੁਖਾਂ ਪ੍ਰਭ ਆਪ ਉਠਾਵਣਾ ।

ਜੋਤ ਸਰੂਪੀ ਦੀਪਕ ਆਤਮ ਵਿਚ ਜਗਾਵਣਾ । ਏਕਾ ਜੋਤ ਏਕਾ ਗੋਤ ਰੰਗ ਰੰਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਮਾਂ ਸੁਹਾਵਣਾ । ਸਤਿਗੁਰ ਸਤਿ ਸਤਿ ਸਤਿ ਵਰਤਾਏ । ਆਪੇ ਸਤਿਗੁਰ ਚਰਨ ਲਗਾਏ । ਬੇਮੁਖਾਂ ਪ੍ਰਭ ਗੂੜੀ ਨੀਂਦ ਸਵਾਏ । ਅੱਧੀ ਨੌਂ ਖੰਡ ਵਿਹਾਏ । ਕਲਜੁਗ ਜੀਵ ਸੁੰਞ ਮਸਾਣ ਰਖਾਏ । ਗੁਰਮੁਖ ਸਾਚੇ ਪ੍ਰਭ ਚਰਨ ਬਹਾਏ । ਪਰਗਟ ਜੋਤ ਜੋਤ ਸਰੂਪੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਚਰਨ ਧਿਆਨ ਰਖਾਏ । ਸਤਿਗੁਰ ਸਾਚਾ ਚਰਨ ਧਿਆਨਾ । ਸਤਿਗੁਰ ਦੇਵੇ ਬ੍ਰਹਮ ਗਿਆਨਾ । ਆਤਮ ਜੋਤ ਜਗੇ ਮਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਮਾਂ ਸੁਹਾਣਾ । ਪੰਚਮ ਜੇਠ ਜੋਤ ਜਗਾਏ ਵਡ ਜੋਧਨ ਜੋਧ । ਸਤਿਗੁਰ ਸਾਚਾ ਆਪੇ ਬੋਧ । ਵਡ ਵਡ ਪ੍ਰਭ ਵਡ ਜੋਧ । ਸ੍ਰਿਸ਼ਟ ਸਬਾਈ ਜਾਏ ਸੋਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮਿਟਾਏ ਅੰਤਮ ਔਧ । ਸਤਿਗੁਰ ਸਾਚਾ ਸਾਚੀ ਮਤਿ । ਧਰੇ ਜੋਤ ਪ੍ਰਭ ਅਚੁੱਤ । ਕਲਜੁਗ ਜੀਵ ਮਿਟਾਏ ਝੂਠੇ ਸੁਤ । ਗੁਰਮੁਖ ਸਾਚੇ ਪ੍ਰਭ ਬਣਾਏ ਸਾਚੇ ਪੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਾਤ ਦੁੱਧ ਪੁੱਤ । ਸਤਿਗੁਰ ਸਾਚਾ ਵਡਾ ਵਡ ਦਾਨੀ । ਸਤਿਗੁਰ ਸਾਚਾ ਜਨ ਭਗਤਾਂ ਦੇਵੇ ਨਾਮ ਨਿਸ਼ਾਨੀ । ਸਤਿਗੁਰ ਸਾਚਾ ਗੁਰਮੁਖ ਸਾਚੇ ਬੂਝ ਬੁਝਾਣੀ । ਸਤਿਗੁਰ ਸਾਚਾ ਆਪੇ ਰਾਜਾ ਰਾਣੀ । ਸਤਿਗੁਰ ਸਾਚਾ ਆਪੇ ਆਪ ਹੋਏ ਵਡ ਗਿਆਨੀ । ਸਤਿਗੁਰ ਸਾਚਾ ਆਪੇ ਦੇਵੇ ਚਰਨ ਧਿਆਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਗੁਰਮੁਖ ਸਾਚੇ ਜਾਣੀ । ਸਤਿਗੁਰ ਸਾਚਾ ਸਚ ਕਰ ਜਾਣੇ । ਸਤਿਗੁਰ ਸਾਚਾ ਸਤਿਸੰਗ ਮਾਣੇ । ਸਤਿਗੁਰ ਸਾਚਾ ਪੂਰਨ ਬ੍ਰਹਮ ਪਛਾਣੇ । ਸਤਿਗੁਰ ਸਾਚਾ ਦਿਵਸ ਰੈਣ ਇਕ ਸਮਾਣੇ । ਸਤਿਗੁਰ ਸਾਚਾ ਪੂਰਨ ਦੇਵੋ ਮਾਣੇ । ਸਤਿਗੁਰ ਸਾਚਾ ਊਚ ਨੀਚ ਸਰਬ ਮਿਟਾਣੇ । ਸਤਿਗੁਰ ਸਾਚਾ ਬੀਚੋ ਬੀਚ ਜੀਵ ਜੰਤ ਸਮਾਣੇ । ਸਤਿਗੁਰ ਸਾਚਾ ਆਵਣ ਜਾਵਣ ਗੇੜ ਚੁਕਾਣੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਮਲਾਣੋ । ਸਤਿਗੁਰ ਸਾਚਾ ਜੋਤ ਨਿਰਾਲਮ । ਸਤਿਗੁਰ ਸਾਚਾ ਆਪ ਭੁਲਾਏ ਸਾਰੀ ਆਲਮ । ਸਤਿਗੁਰ ਸਾਚਾ ਗੁਰਮੁਖ ਸਾਚੇ ਹੱਥ ਫੜਾਏ ਕਾਲਮ । ਸਤਿਗੁਰ ਸਾਚਾ ਵਡ ਵਡ ਭੁਲਾਏ ਔਲੀਏ ਆਲਮ । ਸਤਿਗੁਰ ਸਾਚਾ ਸਾਚੀ ਦੇਵੇ ਮਤਿ । ਸਤਿਗੁਰ ਸਾਚਾ ਦੇਵੇ ਆਤਮ ਸਾਚਾ ਯਤ । ਸਤਿਗੁਰ ਸਾਚਾ ਆਤਮ ਬਿਜਾਏ ਸੋਹੰ ਸਾਚੇ ਵੱਤ । ਸਤਿਗੁਰ ਸਾਚਾ ਏਕਾ ਉਪਾਏ ਰਖਾਏ ਸਾਚਾ ਤਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸਾਚੀ ਮਤਿ । ਸਾਚੇ ਧੰਦੇ ਆਪ ਲਗਾਏ । ਆਪਣੇ ਬੰਦੇ ਆਪ ਬਣਾਏ ਕਲਜੁਗ ਜੀਵ ਮੰਦੇ, ਮਦਿਰਾ ਮਾਸ ਮੁਖ ਰਖਾਏ । ਅੰਤਕਾਲ ਧਰਮ ਰਾਏ ਪਾਏ ਫੰਦੇ, ਦੇਵੇ ਆਪ ਸਜਾਏ । ਆਪ ਚੜ੍ਹਾਏ ਸਾਚੇ ਰੰਦੇ, ਛਿਲ ਛਿਲ ਤਨ ਮਾਸ ਲੁਹਾਏ । ਅੰਤ ਉਠਾਇਣ ਮਟਾਇਣ ਝੂਠੇ ਧੰਦੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇ ਸਜਾਏ । ਝੂਠ ਧੰਦਾ ਜਗਤ ਵਿਹਾਰਾ । ਏਕਾ ਸੱਚਾ ਸ਼ਬਦ ਆਪਾਰਾ । ਠੂਠਾ ਕੱਚਾ ਜੀਵ ਭੰਡਾਰਾ । ਏਕਾ ਸੱਚਾ ਵਿਚ ਜੋਤ ਅਕਾਰਾ । ਦੇਹੀ ਭੱਠਾ ਜੋਤ ਅੰਗਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਪਾਰ ਉਤਾਰਾ । ਸਤਿਗੁਰ ਸਾਚਾ ਪਾਰ ਉਤਾਰੇ । ਕਿਰਪਾ ਕਰੇ ਆਪ ਬਨਵਾਰੇ । ਸਤਿਗੁਰ ਸੱਚਾ ਸਚ ਧਾਮ ਨਿਆਰੇ । ਦੇਵੇ ਦਰਸ ਅਗੰਮ ਅਪਾਰੇ । ਸਤਿਗੁਰ ਸਾਚਾ ਕ੍ਰਿਸ਼ਨ ਮੁਰਾਰੇ । ਏਕਾ ਰਾਮ ਜਾਮਾ ਧਾਰੇ । ਸਤਿਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਮਾਤ ਲੋਕ ਵਿਚ ਧਾਰੇ । ਸਤਿਗੁਰ ਸਾਚਾ ਜਾਮਾ ਧਾਰ । ਜੋਤ ਸਰੂਪੀ

੮੪
੦੨

ਕਰੇ ਵਿਹਾਰ । ਸਤਿਗੁਰ ਸਾਚਾ ਆਪ ਆਪਣਾ ਵਰਤਾਵੇ ਵਰਤਾਰ । ਸਤਿਗੁਰ ਸਾਚਾ ਸਾਧ ਸੰਗਤ ਦਿਸਾਵੇ ਇਕ ਦਰਬਾਰ । ਸਤਿਗੁਰ ਸਾਚਾ ਦਰ ਆਏ ਮੰਗਤ ਭਰ ਦੇਵੇ ਸ਼ਬਦ ਭੰਡਾਰ । ਸਤਿਗੁਰ ਸਾਚਾ ਚਾੜ੍ਹੇ ਰੰਗਤ, ਏਕਾ ਰੰਗ ਦੇ ਅਪਾਰ । ਸਾਧ ਸੰਗਤ ਪਰਗਟ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਅਪਾਰ । ਦੇਖ ਦਰਸ ਆਤਮ ਅਤੀਤਾ । ਗੁਰਸਿਖ ਆਤਮ ਹੋਏ ਸੀਤਾ । ਏਕਾ ਉਪਜੇ ਚਰਨ ਪ੍ਰੀਤਾ । ਸਤਿਗੁਰ ਮਿਲਿਆ ਸਾਚਾ ਮੀਤਾ । ਮਾਨਸ ਜਨਮ ਕਲਜੁਗ ਜੀਤਾ । ਆਪੇ ਪਾਏ ਆਪਣਾ ਕੀਤਾ । ਸਤਿਗੁਰ ਸਾਚੇ ਪਰਖੀ ਨੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਆਪ ਆਪਣੇ ਜਿਹਾ ਕੀਤਾ । ਆਪ ਆਪਣੇ ਰੰਗ ਰੰਗਾਏ । ਸੋਹੰ ਸਾਚੀ ਨਾਓ ਚੜ੍ਹਾਏ । ਕਰ ਕਿਰਪਾ ਪ੍ਰਭ ਪਾਰ ਉਤਾਰੇ । ਗੁਰਮੁਖ ਸਾਚੇ ਸੰਤ ਜਨ ਪ੍ਰਭ ਸਾਚੇ ਮਾਰਗ ਲਾਏ । ਮੁਖੋਂ ਕਹੇ ਧੰਨ ਧੰਨ, ਪਰਗਟ ਜੋਤ ਦਰਸ ਦਿਖਾਏ । ਸਾਚਾ ਸ਼ਬਦ ਸੁਣਾਏ ਕੰਨ, ਜਨ ਆਤਮ ਸਰਬ ਮਿਟਾਏ । ਗੁਰਮੁਖ ਬੇੜਾ ਬੰਧ ਬੰਧਾਏ । ਆਪ ਬਣਾਏ ਆਪਣੇ ਜਨ, ਕਿਰਪਾ ਕਰੇ ਜਗਤ ਪਿਤ ਮਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪੰਚਮ ਜੇਠ ਗੁਰ ਸੰਗਤ ਦਇਆ ਕਮਾਏ । ਪੰਚਮ ਜੇਠ ਗੁਰ ਸਾਚਾ ਆਇਆ । ਚਤੁਰਭੁਜ ਆਪ ਕਹਾਇਆ । ਸਾਚੀ ਧੁਜ ਸ਼ਬਦ ਉਠਾਇਆ । ਮਾਰ ਹੁੱਝ ਵਡ ਸੂਰਾ ਸੂਰ ਸਿਰ ਉਠਾਇਆ । ਭੇਵ ਗੁੱਝ ਪ੍ਰਭ ਸਰਬ ਲਿਖਾਇਆ । ਗੁਰਮੁਖ ਸਾਚੇ ਗੁਰ ਚਰਨ ਲੁੱਝ, ਵੇਲਾ ਅੰਤ ਕਲਜੁਗ ਆਇਆ । ਪ੍ਰਭ ਅਬਿਨਾਸ਼ੀ ਰਸਨਾ ਭੱਜ, ਭਰਮ ਭੁਲੇਖਾ ਸਰਬ ਮਿਟਾਇਆ । ਵੇਲਾ ਵਕ਼ਤ ਅੱਜ ਖੱਟ ਲੈ ਕੁਝ, ਵਕ਼ਤ ਜਾਏ ਹੱਥ ਨਾ ਆਇਆ । ਸਤਿਗੁਰ ਸਾਚਾ ਗੁਰਮੁਖ ਸਾਚੇ ਭੱਜ, ਪ੍ਰਭ ਦੇਵੇ ਮਾਣ ਦੂਣ ਸਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੂਰੋ ਨੂਰ ਉਪਾਇਆ । ਸਾਚਾ ਨੂਰ ਆਤਮ ਦੇਵੇ । ਪ੍ਰਭ ਅਬਿਨਾਸ਼ੀ ਅਲਖ ਅਭੇਵੇ । ਗੁਰਮੁਖ ਵਿਰਲਾ ਪ੍ਰਭ ਦਰ ਵੇਖੇ । ਸੋਹੰ ਸ਼ਬਦ ਸਾਚੇ ਮੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰਸਨਾ ਸੇਵੇ । ਰਸਨਾ ਸਿਮਰ ਸਿਮਰ ਗੁਰ ਪੂਰਾ । ਪ੍ਰਭ ਅਬਿਨਾਸ਼ੀ ਕਲ ਮਿਲਿਆ ਸਤਿਗੁਰ ਪੂਰਾ । ਸਰਬ ਘਟ ਵਾਸੀ ਆਤਮ ਦੇਵੇ ਸਾਚਾ ਨੂਰਾ । ਘਨਕਪੁਰ ਵਾਸੀ ਪਰਗਟ ਜੋਤ ਸਦ ਖੜੇ ਹਜ਼ੂਰਾ । ਨਿਜ ਘਰ ਵਾਸੀ ਨਿਜ ਘਰ ਦੇਵੇ ਜੋਤ ਸਰੂਪੀ ਸਾਚਾ ਨੂਰਾ । ਸਤਿ ਸਰੂਪ ਬੈਕੁੰਠ ਨਿਵਾਸੀ, ਵਾਜਾ ਅਨਹਦ ਤੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਸਾ ਮਨਸਾ ਪੂਰਾ । ਆਸਾ ਮਨਸਾ ਪੂਰ ਕਰ । ਖਾਲੀ ਭੰਡਾਰੇ ਜਾਏ ਭਰ । ਆਪ ਦੇਵੇ ਦਵਾਵੇ ਸਾਚਾ ਵਰ । ਗੁਰਸਿਖ ਸਾਚਾ ਪ੍ਰਭ ਚਰਨ ਗਿਆ ਤਰ । ਅੰਤਕਾਲ ਕਲਜੁਗ ਮਿਲਿਆ ਸਾਚਾ ਹਰਿ । ਸੋਹੰ ਸ਼ਬਦ ਪ੍ਰਭ ਸਾਚਾ ਸਤਿਜੁਗ ਜਾਏ ਧਰ । ਦਿਵਸ ਰੈਣ ਰੈਣ ਦਿਵਸ ਰਸਨਾ ਜਪ, ਊਚ ਨੀਚ ਸਭ ਜਾਇਣ ਤਰ । ਏਕਾ ਰਖਾਏ ਸਤਿਜੁਗ ਤਪ, ਦੂਸਰ ਕਿਸੇ ਨਾ ਹੋਏ ਡਰ । ਆਪ ਉਪਾਏ ਆਪਣਾ ਆਪ, ਜੋਤ ਸਰੂਪੀ ਜਾਏ ਨਾ ਮਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਬਣਾਏ ਸਾਚਾ ਦਰ । ਸਾਚਾ ਦਰ ਆਪ ਲਿਖਾਇਆ । ਸਚ ਭੰਡਾਰ ਆਪ ਲਗਾਇਆ । ਵਰਤਾਵਣਹਾਰ ਆਪ ਮਾਤ ਵਿਚ ਆਇਆ । ਗੁਰਮੁਖ ਸਾਚੇ ਦਰ ਦਰਬਾਨ ਬਹਾਇਆ । ਸਾਚੀ ਰੰਗਣ ਪ੍ਰਭ ਆਪ ਰੰਗਾਇਆ । ਸਾਚੀ ਮੰਗਣੀ ਆਪ ਮੰਗਾਏ ਆਪਣੇ ਅੰਞਣ, ਗੁਰ ਪੂਰੇ ਮਾਣ ਦਵਾਇਆ । ਸਾਚਾ ਸਚ ਲਗਾਏ ਮੁਖ ਸਗਣ, ਅੰਮ੍ਰਿਤ ਸਾਚਾ ਜਾਮ ਪਿਲਾਇਆ । ਸਾਚੇ ਸਿਖ ਸਾਚੇ ਰਾਹ ਲੱਗਣ, ਮਦਿਰਾ ਮਾਸ ਮਨੋਂ ਤਜਾਇਆ । ਬੇਮੁਖ ਜੀਵ ਕਲਜੁਗ ਫਿਰਨ ਨਗਨ, ਦਰ ਮੰਗਣ ਭਿਖ ਨਾ ਪਾਇਆ । ਅੰਤ

ਕਲ ਅਗਨ ਜੋਤ ਵਿਚ ਦਗਣ, ਕੋਇ ਨਾ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਸਾਚੇ ਦੀਪਕ ਜਗਣ, ਚਾਰ ਵਰਨ ਚਾਰ ਕੁੰਟ ਹੋਏ ਰੁਸ਼ਨਾਇਆ । ਚਾਰ ਕੁੰਟ ਹੋਏ ਰੁਸ਼ਨਾਈ । ਗੁਰਮੁਖ ਸਾਚੇ ਪ੍ਰਭ ਆਪ ਜਗਾਈ । ਹਿਰਦੇ ਵਾਚੇ ਪ੍ਰਭ ਆਣ ਤਰਾਈ । ਢਾਲੇ ਸਾਚੇ ਸਾਂਚੇ ਪ੍ਰਭ ਸਾਚੀ ਭੱਠੀ ਪਾਈ । ਆਪ ਚੜ੍ਹਾਏ ਜੋਤੀ ਆਂਚੇ, ਕੱਚਾ ਕੋਈ ਰਹਿਣ ਨਾ ਪਾਈ । ਬੇਮੁਖ ਆਏ ਦਰ ਤੇ ਨਾਚੇ, ਪ੍ਰਭ ਸਾਚਾ ਦਿਸ ਨਾ ਆਈ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਧਾਮ ਬਹਾਈ । ਧਾਮ ਸਚ ਕਾਮ ਸਚ ਨਾਮ ਸਚ ਜਾਮ ਸਚ ਸ਼ਾਮ ਸਚ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰਾਮ ਸਚ । ਸਚ ਕਰਾਏ ਸਚ ਵਰਤਾਏ ਸਚ ਚਲਾਏ ਸਚ ਜਪਾਏ । ਸਾਚਾ ਨਾਮ ਦਾਨ ਗੁਰਮੁਖ ਵਿਰਲਾ ਪਾਏ । ਬਣਾਏ ਸਚ ਸਚ ਗੁਰ ਸੰਗਤ ਵਿਚ ਮਿਲਾਏ । ਕਰਾਵੇ ਸਚ ਗੁਰ ਰੰਗਤ ਆਪ ਚੜ੍ਹਾਏ । ਸਚ ਸੁੱਚ ਸਾਧ ਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਝੋਲੀ ਪਾਏ । ਸਾਚਾ ਗੁਰ ਸਾਚਾ ਸੁਰ ਲਿਖਾਏ ਲੇਖ ਆਪੇ ਧੁਰ । ਜੋਤ ਜਗਾਏ ਘਨਕਪੁਰ । ਗੁਰਮੁਖ ਆਏ ਚਰਨ ਜੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮਿਲਿਆ ਸੱਚਾ ਸਤਿਗੁਰ । ਗੁਰ ਦਰ ਆਓ ਪਿਆਸ ਬੁਝਾਓ । ਆਤਮ ਤ੍ਰਿਖਾ ਗੁਰਸਿਖ ਮਿਟਾਓ । ਆਤਮ ਵਿਖਾ ਸਰਬ ਗਵਾਓ । ਸਾਚੀ ਸਿਖਿਆ ਹਰਿ ਨਾਮ ਧਿਆਓ । ਸਾਚੇ ਲੇਖ ਪ੍ਰਭ ਦਰ ਸਾਚੇ ਆਪ ਲਿਖਾਓ । ਦਰ ਘਰ ਆਏ ਚੁਰਾਸੀ ਗੇੜ ਕਟਾਓ । ਸੋਹੰ ਦੇਵੇ ਸਾਚੀ ਭਿਖਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਝੋਲੀ ਪਵਾਓ । ਪ੍ਰਭ ਰੰਗਾਏ ਗੁਰਸਿਖ ਚੋਲੀ । ਆਪ ਭਰਾਓ ਆਪਣੀ ਝੋਲੀ । ਕਲਜੁਗ ਜੀਵ ਮਾਰਨ ਬੋਲੀ । ਪ੍ਰਭ ਅਬਿਨਾਸ਼ੀ ਅੰਤਕਾਲ ਆਪ ਖਿਡਾਏ ਰਕਤ ਹੋਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਤੋਲੀ । ਆਪ ਡੁਲਾਏ ਆਪ ਭੁਲਾਏ ਆਪ ਰੁਲਾਏ ਆਪ ਖਪਾਏ, ਝੂਠੇ ਮਾਰਗ ਬੇਮੁਖ ਲਗਾਏ । ਆਪ ਵਖਾਏ ਆਪ ਜਣਾਏ ਆਪ ਤਰਾਏ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨ ਲਗਾਏ । ਚਰਨ ਪਿਆਰ ਦੇਵੇ ਤਾਰ, ਆਏ ਨਾ ਹਾਰ ਖਾਏ ਨਾ ਮਾਰ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਬੇੜਾ ਕਰ ਜਾਏ ਪਾਰ । ਪਾਰ ਉਤਾਰੇ ਵਿਚ ਸੰਸਾਰੇ । ਜਮਪੁਰੀ ਸੰਘਾਰੇ, ਸਚਖੰਡ ਦਵਾਰੇ ਗੁਰਸਿਖ ਨਿਵਾਰੇ ਏਕਾ ਦੇਵੇ ਜੋਤ ਅਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸਾਚੇ ਗੇੜ ਨਿਵਾਰੇ । ਗੇੜ ਨਿਵਾਰਿਆ ਪਾਰ ਉਤਾਰਿਆ । ਗੁਰਸਿਖ ਤੇਰਾ ਜਨਮ ਮਰਨ ਸਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਿਠਾਏ ਆਪਣੇ ਦਵਾਰਿਆ । ਸਾਚਾ ਦਵਾਰ ਵਿਚ ਸੰਸਾਰ । ਗੁਰਮੁਖ ਸਾਚੇ ਗੁਰ ਚਰਨ ਪਿਆਰ । ਪ੍ਰਭ ਦੁੱਤਰ ਤਾਰ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਸਚ ਦਰਬਾਰ । ਸਚ ਦਰਬਾਰ ਵਸੇ ਨਿਰੰਕਾਰਾ ਰੂਪ ਅਪਾਰਾ । ਗੁਰਮੁਖ ਵਿਰਲਾ ਕਰੇ ਨਿਗਮ ਵਿਚਾਰਾ ਪਾਵੇ ਸਾਰਾ । ਪ੍ਰਭ ਪਿਲਾਏ ਅੰਮ੍ਰਿਤ ਧਾਰਾ । ਖੋਲ੍ਹ ਦੇਵੇ ਦਸਮ ਦਵਾਰਾ । ਜੋਤ ਉਪਾਏ ਅਗੰਮ ਅਪਾਰਾ । ਨਜ਼ਰੀ ਆਏ ਨੈਣ ਮੁੰਧਾਰਾ । ਅਗਿਆਨ ਅੰਧੇਰ ਸਰਬ ਵਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਰੇ ਪਿਆਰਾ । ਗੁਰਮੁਖ ਸਾਚੇ ਦਰ ਸਾਚੇ ਭੇਟਾ । ਲੇਖੇ ਲਾਏ ਆਪ ਬਣਾਏ ਆਪਣਾ ਬੇਟਾ । ਰੰਗ ਚੜ੍ਹਾਏ ਗੁਰਸਿਖ ਸਹੇਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲਾਲ ਝੂਠੇ ਬਾਣੇ ਵਿਚ ਲਪੇਟਾ । ਝੂਠ ਬਾਣਾ ਪੰਜ ਤਤ ਚਤੁਰ ਸੁਜਾਨਾ । ਏਕਾ ਸਤਿ ਵਿਸ਼ਨੂੰ ਭਗਵਾਨਾ । ਬੈਠਾ ਘਟ ਮਹਾਰਾਜ ਸ਼ੇਰ ਸਿੰਘ

ਸਤਿਗੁਰ ਸਾਚਾ ਸਰਬ ਸਮਾਣਾ । ਸਰਬ ਸਮਾਣਾ ਸਰਬ ਘਟ ਜਾਣਾ । ਭਗਤ ਭਗਵਾਨ ਕਰੇ ਇਕ ਸਮਾਨਾ । ਬਿਰਧਾਂ ਬਾਲ ਜਵਾਨਾ ਦਰ ਆਇਆ ਦੇਵੇ ਮਾਣਾ । ਮੂਰਖ ਮੁਗਧ ਅੰਞਾਣ, ਪ੍ਰਭ ਚਤੁਰ ਸੁਜਾਨਾ । ਸਾਚਾ ਮੋੜ ਪ੍ਰਭ ਆਪ ਮੁੜਾਨਾ । ਆਪ ਨਿਭਾਏ ਚਰਨਾਂ ਨਾਲ, ਸਾਚਾ ਦੇਵੇ ਨਾਮ ਗਿਆਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਣੀ ਜਾਣਾ । ਚੌਥਾ ਜੁਗ ਸਾਚੀ ਸੇਵਾ । ਸਾਚਾ ਮਿਲੇ ਸੋਹੰ ਮੇਵਾ । ਸਤਿਗੁਰ ਸਾਚਾ ਵਡ ਦੇਵੀ ਦੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਫਲ ਕਰਾਏ ਦਰ ਦੀ ਸੇਵਾ । ਗੁਰਮੁਖ ਸੇਵਾ ਸੁਫਲ ਕਰਾਏ । ਗੁਰਮੁਖ ਸਾਚੇ ਲੇਖੇ ਲਾਏ । ਗੁਰਮੁਖ ਸਾਚੇ ਵੇਖ ਵਖਾਏ । ਗੁਰਮੁਖ ਸਾਚੇ ਲੇਖ ਲਿਖਾਏ । ਗੁਰਮੁਖ ਸਾਚੇ ਪ੍ਰਭ ਗੰਢ ਵਖਾਏ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਲੇਖੇ ਲਾਏ । ਗੁਰਮੁਖ ਲਾਏ ਆਪਣੇ ਅੰਗ । ਏਕਾ ਦੇਵੇ ਸਾਚਾ ਸੰਗ । ਕੋਈ ਨਾ ਦਿਸੇ ਭੁੱਖਾ ਨੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਚਾੜ੍ਹੇ ਸਾਚਾ ਰੰਗ । ਰੰਗ ਰੰਗੀਲਾ ਮੋਹਣ ਮਾਧਵ । ਸਚ ਘਰ ਆਏ ਗੁਰਮੁਖ ਸੰਤ ਸਾਧਵ । ਦਰ ਘਰ ਪਾਓ ਪ੍ਰਭ ਰਸਨ ਅਰਾਧਵ । ਦਰਸ਼ਨ ਪਾਓ ਪ੍ਰਭ ਆਦਿ ਜੁਗਾਦਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਧੁਨ ਉਪਜਾਓ ਸੋਹੰ ਵਜਾਓ ਸਾਚਾ ਨਾਦਵ । ਸਾਚਾ ਨਾਦ ਵਜਾਏ ਧੁਨ । ਗੁਰਮੁਖ ਸਾਚੇ ਸਾਧ ਆਪ ਖੁਲ੍ਹਾਏ ਸੁੰਨ । ਆਤਮ ਮਿਟੇ ਸਰਬ ਬਿਆਧ, ਸੋਹੰ ਦੇਵੇ ਆਤਮ ਧੁਨ । ਆਪ ਉਪਜਾਏ ਰਾਗ ਮਾਧੋ ਮਾਧਵ ਗੁਰਮੁਖ ਸਾਚੇ ਕੰਨ ਸੁਣ । ਸਾਚਾ ਪ੍ਰਭ ਸਚ ਘਰ ਲਾਧ, ਆਪ ਜਣਾਏ ਆਪਣੇ ਗੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦੇਵੇ ਵਡਿਆਈ ਕਲਜੁਗ ਚੁਣ । ਵਡੀ ਵਡਿਆਈ ਗੁਰ ਦਰ ਪਾ । ਸਚ ਸਚ ਸਚ ਵਰਤਾਈ ਪ੍ਰਭ ਸਾਚਾ ਹੋਏ ਸਹਾ । ਰਚ ਰਚ ਰਚ ਆਤਮ ਰਚ ਜਾਈ, ਪ੍ਰਭ ਆਪ ਆਪਣਾ ਰਾਹ । ਵਿਚ ਵਿਚ ਵਿਚ ਰਸਨ ਗੁਣ ਗਾਈ, ਪ੍ਰਭ ਦੇਵੇ ਜੋਤ ਜਗਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਹਉਮੇ ਰੋਗ ਦਏ ਮਿਟਾ । ਹਉਮੇ ਰੋਗ ਆਪ ਗਵਾਏ । ਸਾਚਾ ਯੋਗ ਸੋਹੰ ਦਵਾਏ । ਪੂਰਨ ਭੋਗ ਪ੍ਰਭ ਸ਼ਬਦ ਕਮਾਏ । ਚਿੰਤਾ ਸੋਗ ਪ੍ਰਭ ਦੇ ਮਿਟਾਏ । ਦਰਸ ਅਮੋਘ ਪ੍ਰਭ ਦੇ ਦਿਸਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਉਪਰ ਦਇਆ ਕਮਾਏ । ਪ੍ਰਭ ਪੂਰਨ ਸਦਾ ਸਮਰਥ । ਗੁਰਮੁਖ ਚੜ੍ਹਾਏ ਸਾਚੇ ਰਥ । ਸਾਚਾ ਨਾਮ ਦੇਵੇ ਸਾਚੀ ਵੱਥ । ਰਸਨਾ ਜਪ ਜਪ ਜੀਵ ਆਤਮ ਵਸੂਰੇ ਜਾਇਣ ਲੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਲਿਖਾਏ ਅਕਥ । ਵਕ਼ਤ ਸੁਹਾਇਆ ਸਤਿਗੁਰ ਆਣ । ਦਿਵਸ ਮਨਾਇਆ ਆਪ ਭਗਵਾਨ । ਜਾਮਾ ਪਾਇਆ ਵਾਲੀ ਦੋ ਜਹਾਨ । ਨਾਉਂ ਧਰਾਇਆ ਨਿਹਕਲੰਕ ਬਲੀ ਬਲਵਾਨ । ਸ਼ਬਦ ਚਲਾਇਆ ਵਰਤਾਇਆ ਸੋਹੰ ਦਾਨੀ ਦਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਖੇਲ ਮੇਲ ਆਪ ਕਰਾਣ । ਕਰਾਏ ਮੇਲ ਆਪ ਮਿਲਾਏ । ਬਿਨ ਬਾਤੀ ਬਿਨ ਤੇਲ ਜੋਤ ਸਰੂਪੀ ਦੀਪ ਜਗਾਏ । ਅਚਰਜ ਪਾਰਬ੍ਰਹਮ ਖੇਲ, ਪ੍ਰਭ ਸਾਚਾ ਆਪ ਖਿਲਾਏ । ਬਣ ਜਾਏ ਸਾਚਾ ਸੱਜਣ ਸੁਹੇਲ । ਜੋ ਜਨ ਆਏ ਚਰਨ ਸੀਸ ਝੁਕਾਏ । ਵਿਛੜਿਆਂ ਮਿਲਾਇਆ ਸਾਚਾ ਮੇਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫਿਰ ਵਿਛੜ ਕਦੇ ਨਾ ਜਾਏ । ਮਿਲਿਆ ਮੇਲ ਅੰਤਮ ਆਣ । ਪ੍ਰਭ ਸਾਚੇ ਕਰੀ ਅੰਤ ਪਛਾਣ । ਸਾਚਾ ਗੁਰ ਸਾਚੇ ਦਰ ਦਵਾਏ ਸਾਚਾ ਮਾਣ । ਲਿਖਿਆ ਧੁਰ ਦੇਵੇ ਵਡਿਆਈ ਵਾਲੀ ਦੋ ਜਹਾਨ । ਚਰਨ ਲਗਾਏ ਕਰੋੜ ਤੇਤੀਸ ਸੁਰ, ਏਕਾ ਪਾਏ ਆਪਣੀ ਆਣ । ਜੋਤ ਜਗਾਏ ਘਨਕਪੁਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

ਪੁਰੀ ਘਨਕ ਧਾਮ ਉਪਾਏ । ਆਪ ਆਪਣਾ ਨਾਮ ਰਖਾਏ । ਸਤਿਜੁਗ ਸਾਚਾ ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਇਕ ਥਾਂ ਬਹਾਏ । ਸਾਚਾ ਥਾਂ ਆਪ ਉਪਾਵਣਾ । ਦੀਪਕ ਸਾਚਾ ਜੋਤ ਜਗਾਵਣਾ । ਸਾਚਾ ਸਮਾਂ ਫੇਰ ਸੁਹਾਵਣਾ । ਘਨਕਪੁਰੀ ਪ੍ਰਭ ਡੇਰਾ ਲਾਵਣਾ । ਸਚਖੰਡ ਵਿਚ ਮਾਤ ਬਣਾਵਣਾ । ਨੌਂ ਖੰਡ ਪ੍ਰਿਥਮੀ ਰਾਓ ਰੰਕ ਸਭ ਦਰ ਲਿਆਵਣਾ । ਸੋਹੰ ਡੰਕ ਪ੍ਰਭ ਜਗਤ ਲਗਾਵਣਾ । ਪੂਰਨ ਕਾਮ ਆਪ ਕਰਾਵਣਾ । ਲਹਿੰਦੀ ਧਾਰ ਸਰ ਬਣਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਰਾ ਖੇਲ ਰਚਾਵਣਾ । ਜੋਤ ਸਰੂਪੀ ਸੱਚਾ ਸਰ ਆਪ ਬਣਾਏ । ਸੱਚਾ ਘਰ ਇਕ ਖੁਲ੍ਹਾਏ । ਚਾਰ ਵਰਨ ਮਾਣ ਰਖਾਏ । ਸਾਚਾ ਥਾਨ ਆਪ ਸੁਹਾਏ । ਪਤਤ ਪਾਪੀਆਂ ਦੁਖ ਕਟਾਏ । ਮੁਖ ਗੁਰ ਸਾਵਣ ਅੰਮ੍ਰਿਤ ਵਰਸਾਏ । ਫੜੇ ਦਾਮਨ ਜੋ ਦਰ ਤੇ ਆਏ । ਜਨ ਭਗਤ ਗਾਇਣ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਬਣਤ ਬਣਾਏ । ਸਾਚਾ ਸਰ ਜਗਤ ਉਪਾ ਕੇ । ਆਪਣਾ ਆਪ ਵਿਚ ਟਿਕਾ ਕੇ । ਪੁਰੀ ਘਨਕ ਫੇਰ ਵਸਾ ਕੇ । ਸਾਧ ਸੰਗਤ ਵਿਚ ਬਹਾ ਕੇ । ਏਕਾ ਰੰਗਤ ਨਾਮ ਚੜ੍ਹਾ ਕੇ । ਸੋਹੰ ਸਾਚੀ ਧੁਨ ਉਪਜਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਕਲ ਵਰਤਾ ਕੇ । ਚਾਰ ਵਰਨ ਏਕ ਸਰਨ ਆਪ ਰਖਾਏ ਤਾਰਨ ਤਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਰੱਖੇ ਹੱਥ ਟਿਕਾ ਕੇ । ਅੰਮ੍ਰਿਤ ਵੇਲਾ ਵਕਤ ਸੁਹਾਏ । ਜੋਤ ਸਰੂਪੀ ਖੇਲ ਰਚਾਏ । ਨਿਰਮਲ ਜੋਤ ਜੋਤ ਜਗਾਏ । ਵਰਨ ਗੋਤ ਇਕ ਰਖਾਏ । ਸਾਚੀ ਜੋਤ ਇਕ ਟਿਕਾਏ । ਅਮ੍ਰਿਤ ਵੇਲਾ ਮੁਖ ਰਖਾਏ । ਸੁੰਨ ਸਮਾਧੀ ਆਪ ਲਗਾਏ । ਤੀਨ ਲੋਕ ਪ੍ਰਭ ਰਿਹਾ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲਾ ਅੰਮ੍ਰਿਤ ਆਏ ਸੁਹਾਏ । ਏਕਾ ਗੁਣ ਦਸਮ ਖੁਲ੍ਹਾਈ । ਆਪਣੀ ਧੁਨ ਮਸਤ ਬਣਾਈ । ਸਾਚੇ ਗੁਣ ਦੇਵੇ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਪ ਜਗਾਈ । ਅੰਮ੍ਰਿਤ ਵੇਲੇ ਜੋਤ ਜਗਾਏ । ਗੁਰਮੁਖ ਸਾਚੇ ਚਰਨ ਬਹਾਏ । ਸਚਖੰਡ ਆਪ ਨਿਵਾਸ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੀਪਕ ਜੋਤ ਜਗਾਏ । ਸਚ ਦੀਪਕ ਜੋਤ ਪਰਕਾਸ਼ । ਗੁਰਮੁਖਾਂ ਜਨਮ ਕਰਾਇਆ ਰਾਸ । ਸਾਚਾ ਧਾਮ ਆਪ ਆਪਣਾ ਕੀਆ ਵਾਸ । ਕਲਜੁਗ ਮਾਇਆ ਪ੍ਰਭ ਕੀਨੀ ਨਾਸ । ਸਤਿਜੁਗ ਏਕਾ ਜੋਤ ਅਬਿਨਾਸ਼ । ਹੋਏ ਸਹਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਜਪਾਏ ਸਵਾਸ ਸਵਾਸ । ਅੰਮ੍ਰਿਤ ਵੇਲਾ ਆਪ ਸੁਹਾਏ । ਆਪ ਆਪਣਾ ਬਿਰਦ ਰਖਾਏ । ਗੁਰਮੁਖਾਂ ਹਿਰਦੇ ਸ਼ੁਧ ਕਰਾਏ । ਘਰ ਘਰ ਨਵ ਨਿਧ ਉਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਸਚਖੰਡ ਨਿਵਾਸ ਰਖਾਏ । ਗੁਰ ਸੰਗਤ ਗੁਰ ਦਰ ਬਹਾਵੇ । ਅਚਰਜ ਖੇਲ ਆਪ ਕਰਾਵੇ । ਛੱਡ ਦੇਹ ਸਚਖੰਡ ਪ੍ਰਭ ਜਾਵੇ । ਸਾਚੀ ਜੋਤ ਇਕ ਅਕਾਸ਼ ਡਗਮਗਾਏ । ਹੋਏ ਪਰਕਾਸ਼ ਤੀਨ ਲੋਕ ਲੋ ਆਵੇ । ਜੋਤ ਸਰੂਪੀ ਜੋਤ ਪ੍ਰਭ ਸਾਚੀ ਜੋਤ ਮਾਤ ਟਿਕਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੀਪਕ ਪਰਕਾਸ਼ ਕਰ ਗੁਰਮੁਖਾਂ ਆਤਮ ਜੋਤ ਜਗਾਵੇ । ਜੋਤ ਜਗਾਏ ਦੀਪਕ ਬਣਾਏ, ਆਪ ਸਮੀਪਤ ਵਿਚ ਹੋ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸੁੰਨ ਖੁਲ੍ਹਾਏ, ਰੁਣ ਝੁਣ ਧੁਨ ਉਪਜਾਏ । ਏਕਾ ਜੋਤ ਏਕਾ ਦੀਆ । ਸਾਚਾ ਪ੍ਰਭ ਗੁਰਮੁਖ ਸਾਚੇ ਨਿਰਮਲ ਕਰਾਏ ਜੀਆ । ਆਏ ਆਏ ਦਰ ਬਹਾਏ । ਸਰਨ ਲਗਾਏ ਸੁੰਨ ਸਮਾਧ ਖੁਲ੍ਹਾਏ, ਆਪਣੀ ਆਪ ਦੇਹ ਤਜਾਏ, ਜੋਤ ਸਰੂਪੀ ਜੋਤ ਜਗਾਏ, ਆਪ ਆਪਣਾ ਕੀਆ

੮੮
੦੨

ਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਆਤਮ ਜੋਤ ਧਰ, ਆਪ ਆਪਣੇ ਜਿਹਾ ਕੀਆ । ਆਪੇ ਆਪ ਜੋਤ ਜਗਾਏ । ਸਾਚਾ ਮਾਰਗ ਜਗਤ ਲਗਾਏ । ਮਾਤ ਪਤਾਲ ਅਕਾਸ਼ੇ ਪ੍ਰਭ ਏਕਾ ਰੰਗ ਰੰਗਾਏ । ਸਰਬ ਘਟਾਂ ਘਟ ਵਾਸੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਰੰਗ ਮਿਟਾਏ । ਜੋਤ ਜਗੇ ਇਕ ਅਗੰਮ । ਪ੍ਰਭ ਕਮਾਏ ਸਾਚਾ ਕਰਮ । ਰਾਸ ਕਰਾਏ ਗੁਰਮੁਖ ਜਨਮ । ਇਕ ਉਪਾਏ ਇਕ ਸਮਾਏ ਇਕ ਰਖਾਏ ਸਾਚਾ ਬ੍ਰਹਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਚਲਾਏ ਸਾਚਾ ਧਰਮ । ਸਾਚਾ ਧਰਮ ਆਪ ਚਲਾਏ । ਸਾਚਾ ਪਿਤ ਭਗਤਨ ਜਾਮਾ ਪਾਏ । ਆਤਮ ਸਤਿ ਪ੍ਰਭ ਸ਼ਾਂਤ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਜੋਤ ਪ੍ਰਭ ਆਤਮ ਸਾਚੀ ਜੋਤ ਜਗਾਏ । ਸਾਚੀ ਰਚਨਾ ਆਪ ਰਚਾਈ । ਸਾਚਾ ਬਚਨ ਭਵਿਖਤ ਲਿਖਾਈ । ਗੁਰਮੁਖ ਕੰਚਨ ਪ੍ਰਭ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਮ੍ਰਿਤ ਏਕਾ ਜੋਤ ਆਪ ਜਗਾਈ । ਆਪ ਆਪਣੀ ਜੋਤ ਜਗਾਏ । ਸਾਧ ਸੰਗਤ ਵਿਚ ਸਚ ਪਰਕਾਸ਼ ਕਰਾਏ । ਆਪ ਆਪਣਾ ਬੈਠਾ ਛੁਪਾਏ । ਨਿਜ ਘਰ ਵਾਸੀ ਨਿਜ ਡੇਰਾ ਲਾਏ । ਸੁੰਨ ਸਮਾਧ ਪ੍ਰਭ ਆਪ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਰਿਆ ਵਿਚ ਮਾਤ ਦੇ ਆਏ । ਮਾਤਲੋਕ ਇਹ ਕਰਮ ਕਮਾਇਆ । ਆਪਣਾ ਭੇਖ ਆਪ ਵਟਾਇਆ । ਸਾਚਾ ਦੀਪ ਜਗਤ ਜਗਾਇਆ । ਵਡ ਵਡ ਵਡ ਮੀਤ, ਪ੍ਰਭ ਸੰਗ ਰਲਾਇਆ । ਏਕਾ ਵਕ਼ਤ ਏਕਾ ਵੇਲਾ ਸੱਤ ਦੀਪ ਕਰੇ ਰੁਸ਼ਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਸਾਧ ਸੰਗਤ ਤੇਰੀ ਆਤਮ ਦੀਪ ਜਗਾਇਆ । ਸਾਚਾ ਦੀਪਕ ਖਿਮਾ ਦਾਨ । ਏਕਾ ਜੋਤ ਜਗੇ ਮਹਾਨ । ਗੁਰਮੁਖ ਸਾਚੇ ਸਤਿ ਕਰ ਮਾਨ । ਸਾਚੀ ਦਰਗਹਿ ਦੇਵੇ ਮਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦਾ ਸਦਾ ਸਦਾ ਰਹੇ ਸਚ ਸਮਾਨ । ਸਦਾ ਸਦਾ ਸਦਾ ਪ੍ਰਭ ਏਕਾ ਜੋਤ । ਚਾਰ ਵਰਨ ਪ੍ਰਭ ਏਕਾ ਜੋਤ । ਜੀਵ ਜੰਤ ਪ੍ਰਭ ਏਕਾ ਜੋਤ । ਸਾਚਾ ਕੰਤ ਤੀਨ ਲੋਕ ਏਕਾ ਜੋਤ । ਏਕਾ ਜੋਤ ਸਦਾ ਅਡੋਲ । ਆਪ ਵਖਾਏ ਬੈਠਾ ਕੋਲ । ਆਤਮ ਵੇਖ ਗੁਰਮੁਖ ਫੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕੀਤੇ ਚੋਹਲ । ਏਕਾ ਜੋਤ ਡਗਮਗਾਏ । ਏਕਾ ਦੀਪਕ ਕਰੇ ਰੁਸ਼ਨਾਏ । ਵਿਚ ਸਮੀਪਤ ਨਜ਼ਰ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਥਿਰ ਘਰ ਨਿਵਾਸ ਰਖਾਏ । ਆਪਣੀ ਬਣਤ ਆਪ ਬਣਾਏ । ਬਣਾਏ ਬਣਤ ਅਚਰਜ ਖੇਲ । ਪ੍ਰਭ ਸਾਚੇ ਦੀ ਸਾਚੀ ਜੋਤ, ਆਪ ਜਗਾਏ ਬਿਨ ਬਾਤੀ ਬਿਨ ਤੇਲ । ਸਤਿਜੁਗ ਕਰਾਏ ਸਾਚਾ ਮੇਲ । ਵਿਛੜਿਆਂ ਪ੍ਰਭ ਲਿਆ ਮੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਆਪ ਕਰਾਇਆ ਸਾਚਾ ਖੇਲ । ਆਪ ਆਪਣਾ ਖੇਲ ਰਚਾਏ । ਜੀਵ ਜੰਤ ਕੋਇ ਭੇਦ ਨਾ ਪਾਏ । ਵੇਲੇ ਅੰਤ ਪ੍ਰਭ ਦਇਆ ਕਮਾਏ । ਬੈਠਾ ਇਕੰਤ ਦਰਸ ਦਿਖਾਏ । ਬੇਅੰਤ ਬੇਅੰਤ ਬੇਅੰਤ ਮਹਿੰਮਾ ਗਣੀ ਨਾ ਜਾਏ । ਆਦਿਨ ਅੰਤ ਸਰਬ ਥਾਈਂ ਸਮਾਏ । ਸਾਚਾ ਕੰਤ ਏਕਾ ਜੋਤ ਜਗਤ ਜਗਾਏ । ਜੀਵ ਜੰਤ ਪ੍ਰਭ ਰਹਿਆ ਸਮਾਏ । ਪ੍ਰਭ ਬਣਾਏ ਸਾਚੀ ਬਣਤ, ਵੇਲੇ ਅੰਮ੍ਰਿਤ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਆਤਮ ਸਾਚਾ ਦੀਪ ਜਗਾਏ । ਸਾਚੀ ਜੋਤ ਕਰੇ ਅਕਾਰੇ । ਜੋਤ ਸਰੂਪੀ ਵਿਚ ਸੰਸਾਰੇ । ਜੋਤ ਸਰੂਪੀ ਗੁਰਮੁਖ ਤਾਰੇ । ਨਿਰਮਲ ਜੋਤ ਗੁਰਮੁਖ ਸਾਚੇ ਆਤਮ ਕਰੇ ਉਜਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਕਾਜ ਸਵਾਰੇ । ਸਾਚਾ ਰਾਜ ਸਚਖੰਡ ਦਵਾ ਰਿਹਾ । ਸਾਚਾ


੮੯
੦੨

ਤਾਜ ਸਿਰ ਪਹਿਨਾ ਰਿਹਾ । ਸੋਹੰ ਅਵਾਜ਼ ਪ੍ਰਭ ਲਗਾ ਰਿਹਾ । ਪਕੜ ਵਾਗ ਪ੍ਰਭ ਪਾਰ ਕਰਾ ਰਿਹਾ । ਹੰਸ ਕਾਗ ਪ੍ਰਭ ਸਚ ਬਣਾ ਰਿਹਾ । ਸੋਹੰ ਜਾਪ ਪ੍ਰਭ ਆਪ ਜਪਾ ਰਿਹਾ । ਸਰਬ ਸ੍ਰਿਸ਼ਟ ਮਾਈ ਬਾਪ ਆਪ ਅਖਵਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਤਮ ਦੀਪ ਜਗਾ ਰਿਹਾ । ਏਕਾ ਆਤਮ ਹੋਏ ਜੀਵ ਉਜਿਆਰੀ । ਦੇਵੇ ਦਰਸ ਆਪ ਮੁਰਾਰੀ । ਦਾਸਨ ਦਾਸ ਪ੍ਰਭ ਹੋਏ ਸਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੇਵੇ ਜੋਤ ਅਧਾਰੀ । ਜੋਤ ਜਗਾਈ ਦੀਪਕ ਟਿਕਾਈ ਖੇਲ ਵਖਾਈ ਸਾਧ ਸੰਗਤ ਪ੍ਰਭ ਦੇ ਜਣਾਈ । ਪੰਚਮ ਜੇਠ ਵਡ ਦਇਆ ਕਮਾਈ । ਨਿਹਕਲੰਕ ਕਲ ਮਾਤ ਜੋਤ ਪਰਗਟਾਈ । ਸਾਧ ਸੰਗਤ ਮਨ ਵੱਜੀ ਵਧਾਈ । ਆਤਮ ਹੋਏ ਸਰਬ ਰੁਸ਼ਨਾਈ । ਸੀਤਲਾ ਰੈਣ ਪ੍ਰਭ ਨਜ਼ਰੀ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਰ ਦਰਸ ਗੁਰਮੁਖ ਸਾਚੇ ਸਦ ਬਖ਼ਸ਼ਾਈ । ਸਾਚਾ ਪ੍ਰਭ ਆਪ ਦਰ ਆਏ । ਜੋਤ ਸਰੂਪੀ ਦਰਸ ਦਿਖਾਏ । ਸ਼ਬਦ ਸੁਰਤ ਪ੍ਰਭ ਮੇਲ ਮਿਲਾਏ । ਆਤਮ ਧੁਨ ਪ੍ਰਭ ਧੁਨ ਉਪਜਾਏ । ਸਰਧਾ ਪੂਰਤ ਪ੍ਰਭ ਆਸਾ ਪੂਰ ਕਰਾਏ । ਅਕਾਲ ਮੂਰਤ ਏਕਾ ਜੋਤ ਆਪ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਮ੍ਰਿਤ ਦਇਆ ਕਮਾਏ । ਸਾਚੀ ਜੋਤ ਮੂਰਤ ਅਕਾਲ । ਸਾਧ ਸੰਗਤ ਪ੍ਰਭ ਕੱਟੇ ਜ਼ੰਜਾਲ । ਏਕਾ ਜੋਤ ਜਗਾਏ ਝੂਠੀ ਕਾਇਆ ਹੋਈ ਲਾਲ । ਏਕਾ ਹੋਏ ਆਪ ਸਹਾਈ ਚਰਨ ਪ੍ਰੀਤੀ ਨਿਭੇ ਨਾਲ । ਧੰਨ ਧੰਨ ਧੰਨ ਗੁਰਸਿਖ ਕਮਾਈ, ਵਡ ਸੇਵਾ ਵਡ ਘਰ ਮੇਂ ਘਾਲ । ਪ੍ਰਭ ਸਾਚਾ ਸ਼ਬਦ ਸੁਣਾਏ ਆਤਮ ਕਰ ਲਾਲ ਗੁਲਾਲ । ਆਤਮ ਵੱਜੇ ਸੱਚੀ ਵਧਾਈ, ਹੋਏ ਸਹਾਈ ਭਗਤ ਵਸਾਲ । ਨਵ ਨਿਧ ਪ੍ਰਭ ਘਰ ਉਪਜਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚਾ ਦੀਪਕ ਬਾਲ । ਜੋਤ ਜੋਤ ਜੋਤ ਪ੍ਰਭ ਜੋਤ ਜਗਾਈ । ਸਾਚੀ ਜੋਤ ਪ੍ਰਭ ਮਾਤ ਟਿਕਾਈ । ਆਤਮ ਦੀਪਕ ਬਾਲ ਪ੍ਰਭ ਜੋਤ ਵਖਾਈ । ਗੁਰਮੁਖ ਸਾਚਾ ਵਿਚ ਜੋਤ ਮਿਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਕਰੇ ਰੁਸ਼ਨਾਈ । ਜੋਤ ਸਰੂਪ ਜੋਤ ਜੁਗਤਾਰ । ਜੋਤ ਸਰੂਪ ਪ੍ਰਭ ਸਰਬ ਮੁਖਤਾਰ । ਜੋਤ ਸਰੂਪ ਏਕਾ ਜੋਤ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਪਰਗਟਾਏ ਆਪੇ ਜੋਤ ਭੁਗਤਾਰ । ਜੀਵ ਜੰਤ ਕੀ ਜਾਣੇ ਜੋਤੀ । ਗੁਰਸਿਖ ਬਣਾਏ ਮਾਣਕ ਮੋਤੀ । ਸ੍ਰਿਸ਼ਟ ਸਬਾਈ ਰਹੀ ਸੋਤੀ । ਵੇਲੇ ਅੰਮ੍ਰਿਤ ਕਾਰਜ ਖੇਲ ਸਚ ਸੱਜਣ ਸੁਹੇਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਟਿਕਾਏ ਆਤਮ ਜੋਤੀ । ਜੋਤ ਜੋਤ ਜੋਤ ਪ੍ਰਭ ਜੋਤ ਸਰੂਪ । ਜੋਤ ਜੋਤ ਜੋਤ ਪ੍ਰਭ ਵਡ ਭੂਪ । ਜੋਤ ਜੋਤ ਜੋਤ ਪ੍ਰਭ ਕਰੇ ਪਰਕਾਸ਼ ਵਿਚ ਅੰਧ ਕੂਪ । ਜੋਤ ਜੋਤ ਜੋਤ ਪ੍ਰਭ ਆਪਣੇ ਰੰਗ ਰਵੇ ਸਚ ਰੂਪ । ਜੋਤ ਜੋਤ ਜੋਤ ਸਤਿ ਸਰੂਪ । ਜੋਤ ਜੋਤ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਛਾਉਂ ਨਾ ਧੂਪ । ਜੋਤ ਜੋਤ ਜੋਤ ਜਗਾਏ । ਸਚ ਵਿਹਾਰ ਆਪ ਕਰਾਏ । ਭਗਤ ਉਧਾਰ ਦਇਆ ਕਮਾਏ । ਨਿਰਾਹਾਰ ਨਿਰਵੈਰ ਸਮਾਏ । ਧਾਰ ਖੇਲ ਚਤੁਰਭੁਜ ਕਹਾਏ । ਸਾਵਲ ਸੁੰਦਰ ਰੂਪ ਵਟਾਏ । ਸੁੰਦਰ ਕੁੰਡਲ ਸਿਰ ਮੁਕਟ ਲਗਾਏ । ਕਵਲ ਨੈਣ ਏਕਾ ਜੋਤ ਵਿਚ ਮਾਤ ਪਰਗਟਾਏ । ਗੁਰਮੁਖ ਸਾਚੇ ਲਹਿਣਾ ਲੈਣ, ਜੋਤ ਸਰੂਪੀ ਪ੍ਰਭ ਰਿਹਾ ਸਮਾਏ । ਆਪ ਖੁਲ੍ਹਾਏ ਸਾਚਾ ਨਾਭ, ਦਵਾਰ ਦਸਮ ਦੀ ਸੋਝੀ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਤਮ ਤਾਕ ਦੇ ਖੁਲ੍ਹਾਏ । ਆਤਮ ਰੱਖੇ ਆਪੇ ਵਾਸ । ਗੁਰਸਿਖ ਵਡਿਆਈ ਪ੍ਰਭ ਦੇ ਪਾਸ । ਦੇਵੇ ਵਡਿਆਈ ਜਿਉਂ ਚੰਦਨ ਪਰਭਾਸ । ਆਤਮ ਸਾਚੀ ਜੋਤ ਜਗਾਈ, ਅਗਿਆਨ ਅੰਧੇਰ ਕੀਆ ਵਿਨਾਸ ।

ਸਾਚੀ ਬਣਤ ਪ੍ਰਭ ਆਪ ਬਣਾਈ, ਏਕਾ ਜੋਤ ਕੀਆ ਪਰਕਾਸ਼ । ਸਾਧ ਸੰਗਤ ਪ੍ਰਭ ਪੈਜ ਰਖਾਈ, ਸਚ ਕਰਾਏ ਆਪਣਾ ਦਾਸ । ਜੈ ਜੈ ਜੈਕਾਰ
ਗੁਰ ਸੰਗਤ ਗੁਰ ਸੰਗਤ ਕਰਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਹੋਇਆ ਦਾਸ । ਦਾਸਨ ਦਾਸ ਪ੍ਰਭ ਆਪੇ ਦਾਸਾ ।
ਗੁਰ ਸਰੂਪੀ ਗੁਰ ਸੰਗਤ ਵਾਸਾ । ਦਰਸ ਦਿਖਾਵੇ ਆਣ ਤਰਾਵੇ, ਗੁਰਸਿਖ ਬਣਾਏ ਜਿਉਂ ਕੰਚਨ ਪਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਜੋਤ ਜਗਾਏ ਪੁਰਖ ਅਬਿਨਾਸ਼ਾ । ਪ੍ਰਭ ਪੂਰਨ ਜੋਤ ਅਬਿਨਾਸ਼ । ਪ੍ਰਭ ਪੂਰਨ ਸਰਬ ਘਟ ਵਾਸ । ਪ੍ਰਭ ਪੂਰਨ ਕਲਜੁਗ ਅੰਧੇਰ ਕਰੇ ਵਿਨਾਸ ।
ਪ੍ਰਭ ਪੂਰਨ ਸਤਿ ਸਤਿ ਸਤਿ ਕਰੇ ਪਰਕਾਸ਼ । ਪ੍ਰਭ ਪੂਰਨ ਗੁਰਮੁਖ ਸਾਚੇ ਤੇਰੀ ਆਪ ਬਣਾਏ ਰਹਿਰਾਸ । ਪ੍ਰਭ ਪੂਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਸੋਹੰ ਚਲਾਵੇ ਜਪਾਵੇ ਸਵਾਸ ਸਵਾਸ । ਸਵਾਸ ਸਵਾਸ ਆਪ ਚਲਾਵੇ । ਆਪ ਆਪਣੇ ਲੇਖੇ ਲਾਵੇ । ਵੇਖੇ ਵਿਗਸੇ ਆਣ ਤਰਾਵੇ ।
ਕਲਜੁਗ ਜੀਵ ਭੁੱਲਾ ਪ੍ਰਭ ਮਾਰਗ ਪਾਵੇ । ਸਾਰੰਗ ਧਰ ਭਗਵਾਨ ਬੀਠਲਾ ਆਪਣੇ ਰੰਗ ਸਮਾਵੇ । ਆਤਮ ਸਾਚਾ ਰੰਗ ਮਜੀਠਲਾ, ਪ੍ਰਭ ਆਪ
ਚੜ੍ਹਾਵੇ । ਜੋਤ ਸਰੂਪੀ ਸਾਚਾ ਅੰਗੀਠਲਾ ਪ੍ਰਭ ਗੁਰਸਿਖ ਬਲਾਵੇ । ਆਤਮ ਜੋਤ ਪ੍ਰਭ ਜਗਾਵੇ ਸੋਹੰ ਦੇਵੇ ਨਾਮ ਸੀਤਲਾ, ਰਸਨਾ ਜਪ ਜਪ ਪਤਤ
ਪਾਪੀ ਤਰ ਜਾਵੇ । ਮਿਲਿਆ ਪ੍ਰਭ ਜਗਤ ਤ੍ਰੈ ਭੀਤਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੀਤ ਅਖਵਾਵੇ । ਸਾਚਾ ਮੀਤ
ਆਪ ਕਹਾਏ । ਆਤਮ ਅਤੀਤ ਪ੍ਰਭ ਆਪ ਕਰਾਏ । ਪਿਛਲਾ ਵਕਤ ਜਾਏ ਬੀਤ, ਪ੍ਰਭ ਜੋਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
੯੧ ਜੁਗੋ ਜੁਗ ਆਪਣੀ ਬਣਤ ਆਪ ਬਣਾਏ । ਕਿਆ ਕੋਈ ਜਾਣੇ ਕਿਆ ਕੋਈ ਵਖਾਣੇ । ਕਲਜੁਗ ਜੀਵ ਸਰਬ ਅੰਞਾਣੇ । ਗੁਰਮੁਖਾਂ ਚਲਾਏ ਪ੍ਰਭ ੯੧
੦੨ ਆਪਣੇ ਭਾਣੇ । ਬੇਮੁਖ ਭੁੰਨੇ ਜਿਉਂ ਭਠਿਆਲੇ ਦਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਬਣਾਏ ਸੁਘੜ ਸਿਆਣੇ । ਸਾਚਾ ੦੨
ਪ੍ਰਭ ਸਚ ਦੀ ਕਾਰ । ਸਾਚਾ ਪ੍ਰਭ ਸਚ ਦੀ ਮਾਰ । ਸਾਚਾ ਪ੍ਰਭ ਸਚ ਵਿਹਾਰ । ਸਾਚਾ ਪ੍ਰਭ ਸਚ ਕਰਤਾਰ । ਸਾਚਾ ਪ੍ਰਭ ਸਿਰਜਣਹਾਰ ।
ਸਾਚਾ ਪ੍ਰਭ ਰੂਪ ਅਪਾਰ । ਸਾਚਾ ਭੂਪ ਵਡ ਸਿਕਦਾਰ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਾਏ ਜੋਤ ਅਪਰ ਅਪਾਰ ।
ਸਾਚੀ ਜੋਤ ਸਾਚਾ ਜੀਆ । ਕਰ ਦਰਸ ਗੁਰਮੁਖ ਸਾਚੇ ਨਿਰਮਲ ਕੀਆ ਜੀਆ । ਰਸਨਾ ਰਸ ਅੰਮ੍ਰਿਤ ਰਸ ਪੀਆ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਦੇਵੇ ਜੀਆ । ਸਾਚਾ ਦਰ ਗੁਰ ਸੰਗਤ ਪਾਇਆ । ਦਿਵਸ ਰੈਣ ਮੰਗਲ ਗਾਇਆ । ਲਹਿਣਾ ਲੈਣ ਪ੍ਰਭ
ਘਰ ਵਿਚ ਪਾਇਆ । ਭਾਣਾ ਸਹਿਣਾ ਪ੍ਰਭ ਹੁਕਮ ਸੁਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਮਾਂ ਆਣ ਸੁਹਾਇਆ । ਵਕਤ
ਸੁਹਾਏ ਆਪ ਪ੍ਰਭ, ਆਪਣੀ ਜੋਤ ਜਗਾ । ਗੁਰ ਸੰਗਤ ਤਰਾਏ ਆਪ ਪ੍ਰਭ, ਆਪਣੇ ਚਰਨ ਲਗਾ । ਵਕਤ ਸੁਹਾਏ ਆਪ ਪ੍ਰਭ, ਆਪਣੀ ਜੋਤ
ਜਗਾ । ਜਨ ਸੰਗਤ ਤਰਾਏ ਆਪ ਪ੍ਰਭ, ਆਪਣੀ ਸੇਵਾ ਲਾ । ਵਕਤ ਸੁਹਾਏ ਆਪ ਪ੍ਰਭ, ਏਕਾ ਅੰਕ ਇਕ ਚਲਾ । ਜਨ ਭਗਤ ਤਰਾਏ
ਆਪ ਪ੍ਰਭ, ਸਾਚੀ ਬੂਝ ਬੁਝਾ । ਸਤਿਜੁਗ ਲਗਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਰਗ ਲਾ । ਸਾਚਾ ਮਾਰਗ
ਜਗਤ ਲਗਾਇਆ । ਸਤਿਜੁਗ ਸਾਚੇ ਜਨਮ ਦਵਾਇਆ । ਪਹਿਲੀ ਮਾਘ ਲੇਖ ਲਿਖਾਇਆ । ਪੰਚਮ ਜੇਠ ਪ੍ਰਭ ਵਡਿਆਇਆ । ਸਤਿਜੁਗ ਸਾਚੇ
ਮੁਖ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਵਿਚ ਮਾਤ ਸਾਚਾ ਮੇਲ ਮਿਲਾਇਆ । ਸੰਗਤ ਆਈ ਗੁਰ ਦਰਬਾਰ ।

ਇਕ ਕਰਾਏ ਚਰਨ ਪਿਆਰ । ਆਪ ਦਵਾਏ ਨਾਮ ਅਧਾਰ । ਜੋਤ ਜਗਾਏ ਅਪਰ ਅਪਾਰ । ਪਾਰ ਲੰਘਾਏ ਵਿਚ ਮੰਝ ਧਾਰ । ਪਾਵੇ ਸਾਰ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦਰ ਆਏ ਸਰਨ ਲਗਾਏ ਬੇੜਾ ਕਰ ਜਾਏ ਪਾਰ । ਸਤਿਗੁਰ ਸਾਚਾ ਸਤਿਸੰਗ ਬਣਾਏ । ਸਤਿਗੁਰ ਸਾਚਾ ਗੁਰਮੁਖ ਸਾਚੇ ਅੰਗ ਅੰਗ ਸਮਾਏ । ਸਤਿਗੁਰ ਸਾਚੇ ਸਾਧ ਸੰਗਤ ਤੇਰੀ ਸਾਚੀ ਮੰਗ ਦਰ ਆਏ ਪੂਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਹਰਿ ਹਰਿ ਰੰਗ ਪ੍ਰਭ ਆਤਮ ਸਚ ਚੜ੍ਹਾਏ । ਹਰਿ ਹਰਿ ਹਰਿ ਸਾਚਾ ਰੰਗ । ਹਰਿ ਹਰਿ ਹਰਿ ਦਰ ਸਾਚਾ ਮੰਗ । ਹਰਿ ਹਰਿ ਹਰਿ ਮਿਟਾਏ ਭੁੱਖ ਨੰਗ । ਹਰਿ ਹਰਿ ਹਰਿ ਵੇਖ ਸਾਚਾ ਘਰ ਏਕ ਰੰਗਾਏ ਆਪਣੇ ਰੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰ ਸੰਗਤ ਪਾਰ ਜਾਏ ਲੰਘ । ਗੁਰ ਸੰਗਤ ਗੁਰ ਦੇਵੇ ਮਾਣ । ਆਪ ਰਖਾਏ ਆਪਣਾ ਤਾਣ । ਏਕ ਬਖ਼ਸ਼ੇ ਨਾਮ ਨਿਧਾਨ । ਸਾਚਾ ਦੇਵੇ ਅੰਤ ਬਬਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਣ । ਰਸਨਾ ਗਾਇਆ ਪੁਰਖ ਬਿਧਾਤਾ । ਹਰਿ ਘਰ ਆਇਆ ਆਪ ਪਛਾਤਾ । ਨਾਮ ਤਰਾਇਆ ਜੋਗ ਕਮਾਤਾ । ਵਰ ਘਰ ਪਾਇਆ ਪ੍ਰਭ ਰਘੁਰਾਤਾ । ਤਾਰਨਹਾਰ ਆਪ ਪ੍ਰਭ ਅਪਾਰ ਸਰਬ ਜੀਆਂ ਕਾ ਦਾਤਾ । ਬੇੜਾ ਬੰਨ੍ਹ ਆਪ ਤਰਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਗਲਾ ਸੰਗ ਸਾਥਾ । ਸਾਚਾ ਪ੍ਰਭ ਸਾਚਾ ਸੰਗੀ । ਸਾਚ ਵਰ ਪ੍ਰਭ ਦਰ ਮੰਗੀ । ਸਾਧ ਸੰਗਤ ਪ੍ਰਭ ਰਾਖੇ ਅੰਗੀ । ਸਤਿਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਸਾਚਾ ਸੰਗੀ । ਗੁਰ ਸੰਗ ਸੋ ਧੰਨ ਵੇਲਾ । ਸਤਿਗੁਰ ਸਾਚਾ ਸਦ ਸੁਹੇਲਾ । ਆਪ ਬਣਾਏ ਆਪਣੇ ਚੇਲਾ । ਭੁੱਲੇ ਭੁਲਾਏ ਪ੍ਰਭ ਆਪ ਕਰਾਏ ਮੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਕਰਾਏ ਸਾਚਾ ਮੇਲਾ । ਸਾਚੇ ਪ੍ਰਭ ਸਮਾਂ ਸੁਹਾਇਆ । ਆਪਣਾ ਆਪ ਜਗਤ ਪਰਗਟਾਇਆ । ਸਾਚਾ ਜਾਪ ਗੁਰ ਸੰਗਤ ਸੁਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਪ ਜਪ ਰੈਣ ਦਿਵਸ ਦਿਵਸ ਰੈਣ ਇਕ ਰੰਗ ਸਮਾਇਆ । ਗੁਰ ਸੰਗਤ ਰਸਨਾ ਹਰਿ ਗੁਣ ਗਾ । ਆਪਣਾ ਲੇਖ ਧੁਰ ਦਰਗਹਿ ਲਿਖਾ । ਵੇਖਾ ਵੇਖ ਰਹਿ ਨਾ ਜਾ । ਭਰਮ ਭੁਲੇਖਾ ਸਰਬ ਮਿਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਵੇਲੇ ਅੰਤਮ ਆ । ਅੰਤਕਾਲ ਪ੍ਰਭ ਸਦਾ ਸਹਾਈ । ਜੋਤ ਸਰੂਪ ਪ੍ਰਭ ਲਏ ਬਚਾਈ । ਵਡ ਵਡ ਭੂਪ ਆਪ ਸੁਖਦਾਈ । ਬਿਨ ਰੰਗ ਰੂਪ ਆਪ ਰਿਹਾ ਸਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਓਟ ਰਖਾਈ । ਸਾਚਾ ਗੁਰ ਸਚ ਜਣਾਵੇ । ਗੁਰਮੁਖ ਸਾਚੇ ਸਚ ਮਾਰਗ ਪਾਵੇ । ਸਤਿਜੁਗ ਸਾਚਾ ਸਤਿ ਵਰਤਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੰਤਾ ਸੋਗ ਮਿਟਾਵੇ । ਏਕਾ ਕਿਣਕਾ ਜੋਤ ਜਗਾਏ । ਮਨ ਕਾ ਮਣਕਾ ਆਪ ਫਿਰਾਏ । ਏਕਾ ਤਿਨਕਾ ਵਿਚ ਰਖਾਏ । ਜਿਨ ਕਾ ਜਨ ਕਾ ਰੂਪ ਕੱਢਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਰੰਗ ਚੜ੍ਹਾਏ । ਸਾਚਾ ਪ੍ਰਭ ਸਦ ਰਸ ਭੀਨਾ । ਸਰਬ ਜੀਆਂ ਕਾ ਦਾਨਾ ਬੀਨਾ । ਸਾਚਾ ਨਾਮ ਗੁਰ ਦਰ ਪੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸ਼ਾਂਤ ਕਰਾਏ ਸੀਨਾ । ਸਾਂਤਕ ਵਰਤੇ ਸਾਚੇ ਦਰ । ਸਤਿ ਸਤਿ ਸਤਿ ਕਰਾਏ ਪ੍ਰਭ ਸਾਚਾ ਸਰ । ਪਤਿ ਪਤਿ ਪਤਿ ਪ੍ਰਭ ਪਤਿ ਰਖਾਏ ਪ੍ਰਭ ਸਾਚੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾਦਿ ਆਦਿ ਜਗਤ ਸੁੱਕੇ ਹਰੇ ਦਏ ਕਰ । ਦਰ ਮੰਗਲ ਗਾਇਆ ਨਾਮ ਧਿਆਇਆ ਤ੍ਰਿਖਾ ਮਿਟਾਇਆ ਦਰਸ਼ਨ


੯੨

ਪਾਇਆ ਗੁਰਮੁਖ ਸਾਚਾ ਗੁਰ ਦਰ ਆਇਆ । ਸਾਚਾ ਨਾਮ ਮੰਗਣ ਆਇਆ । ਗੁਣ ਨਿਧਾਨ ਪ੍ਰਭ ਸਾਚੇ ਝੋਲੀ ਪਾਇਆ । ਵਾਲੀ ਦੋ ਜਹਾਨ ਬੇੜਾ ਪਾਰ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਿਰ ਹੱਥ ਟਿਕਾਇਆ । ਆਪਣਾ ਹੱਥ ਸਿਰ ਰਖਾਇਆ । ਗੁਰਮੁਖ ਸਾਚਾ ਆਣ ਤਰਾਇਆ । ਵੇਲੇ ਅੰਤ ਹੋ ਜਾਏ ਸਹਾਇਆ । ਸਾਚੇ ਸੰਤ ਪ੍ਰਭ ਸਾਚਾ ਨਾਮ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦੇ ਵਡਿਆਇਆ । ਆਤਮ ਵੱਜੀ ਸਾਚੀ ਵਧਾਈ । ਪ੍ਰਭ ਸਾਚੇ ਦੀ ਸਚ ਸਰਨਾਈ । ਵਿਚ ਮਾਤ ਦੇ ਵਡਿਆਈ । ਸਚ ਕਰਾਮਾਤ ਸੋਹੰ ਝੋਲੀ ਪਾਈ । ਸਾਚੀ ਦਾਤ ਗੁਰਸਿਖ ਲੈ ਗੁਰ ਦਰ ਜਾਈ । ਉਤਮ ਜ਼ਾਤ ਵਿਚ ਚੁਰਾਸੀ ਆਪ ਲਿਖਾਈ । ਸਾਚਾ ਨਾਤ ਗੁਰ ਚਰਨ ਸੇਵ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੇਵੇ ਸਰਬ ਵਡਿਆਈ । ਸਰਬ ਜਨ ਆਸਾ ਪੂਰੇ । ਪ੍ਰਭ ਕਾ ਦਰਸ ਆਤਮ ਭਰਪੂਰੇ । ਸਾਚਾ ਸਰਬੰਸ ਪ੍ਰਭ ਸੰਗ ਹਜ਼ੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਵਸੇ ਨੇੜ ਨਾ ਜਾਣੋ ਦੂਰੇ । ਨਿਜਾਨੰਦ ਨਿਜ ਕਾ ਵਾਸ । ਸਾਚਾ ਪ੍ਰਭ ਸਦ ਹੈ ਦਾਸ । ਗੁਰਸਿਖ ਸਾਚੇ ਸਦ ਰੱਖੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਏ ਪਾਰ ਲੰਘਾਏ ਆਪ ਤਰਾਏ ਜਨਮ ਕਰਾਏ ਰਾਸ । ਗੁਰਸਿਖ ਹੋਇਆ ਜਨਮ ਰਾਸ । ਪ੍ਰਭ ਸਾਚੇ ਕਾ ਹੋਇਆ ਵਾਸ । ਨਿਹਕਲੰਕ ਕਰੇ ਬੰਦ ਖਲਾਸ । ਏਕ ਲਿਖਾਏ ਆਪਣਾ ਅੰਕ ਸੋਹੰ ਸ਼ਬਦ ਜਪਾਏ ਸਵਾਸ ਸਵਾਸ । ਸਾਚਾ ਪ੍ਰਭ ਦਇਆ ਕਮਾਏ । ਗੁਰ ਪਰਸਾਦੀ ਗੁਰ ਪਰਸਾਦ ਆਪ ਵਰਤਾਏ । ਵਡ ਵਡ ਨਾਦ ਅਨਾਦੀ ਸਾਚੀ ਧੁਨ ਨਾਦ ਵਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਸਪਤਮ ਜੇਠ ਵਿਦਾ ਕਰਾਏ । ਸਚ ਵਸਤ ਸਚ ਘਰ ਪਾਈ । ਆਤਮ ਵੱਜੀ ਗੁਰਸਿਖ ਵਧਾਈ । ਸਾਚਾ ਲਿਖਿਆ ਗੁਰਸਿਖ ਕਮਾਈ । ਪੂਰਨ ਇਛਿਆ ਪੂਰ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੈਣ ਦਿਵਸ ਦਿਵਸ ਰੈਣ ਸਦ ਰਸਨਾ ਗਾਈ । ਰਸਨਾ ਰਸ ਆਤਮ ਰਸ ਪਾਉਣਾ । ਪ੍ਰਭ ਅਬਿਨਾਸ਼ੀ ਨਾ ਮਨੋਂ ਭੁਲਾਉਣਾ । ਘਨਕਪੁਰ ਵਾਸੀ ਰਿਦੇ ਵਸਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਤਿਗੁਰ ਸਦਾ ਧਿਆਉਣਾ । ਸਪਤਮ ਜੇਠ ਸਤਿ ਕਰ ਮਾਣ । ਸਾਧ ਸੰਗਤ ਗੁਰ ਦਰ ਪਰਵਾਨ । ਜੋਤ ਸਰੂਪੀ ਜੋਤ ਮਹਾਨ । ਵਿਚ ਅੰਧ ਕੂਪੀ ਕਰੇ ਪਛਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰ ਸੰਗਤ ਦੇਵੇ ਸਾਚਾ ਮਾਣ । ਮਾਣ ਤਾਣ ਆਪ ਦਵਾਏ । ਜਾਣੀ ਜਾਣ ਗੁਰਸਿਖ ਤਰਾਏ । ਬਾਣੀ ਬਾਣ ਹਰਿ ਨਾਮ ਧਿਆਏ । ਭਗਤ ਜਨਾਂ ਹਰਿ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਪੂਰਨ ਆਸ ਕਰਾਏ । ਆਸਾ ਮਨਸਾ ਪ੍ਰਭ ਸਾਚੇ ਪੂਰੀ । ਜੋ ਜਨ ਆਏ ਪ੍ਰਭ ਚਰਨ ਹਜ਼ੂਰੀ । ਏਕਾ ਸਰਨ ਰਖਾਏ ਸਰਬ ਗੁਣ ਭਰਪੂਰੀ । ਜਨਮ ਮਰਨ ਗੇੜ ਚੁਕਾਏ ਪ੍ਰਭ ਆਪ ਮਿਲਾਏ ਸਾਚੀ ਨੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਆਸਾ ਮਨਸਾ ਆਪੇ ਪੂਰੀ । ਪ੍ਰਭ ਸਾਚਾ ਦੇਵੇ ਨਾਮ ਅਧਾਰ । ਪ੍ਰਭ ਸਾਚਾ ਦੇਵੇ ਚਰਨ ਪਿਆਰ । ਬੇਮੁਖਾਂ ਪ੍ਰਭ ਮਾਰੇ ਸ਼ਬਦ ਮਾਰ । ਰਾਹ ਸਾਚਾ ਜਾਏ ਦੱਸ, ਸੋਹੰ ਨਾਮ ਦੇਵੇ ਅਧਾਰ । ਗੁਰ ਆਤਮ ਜਾਏ ਵਸ, ਸਾਚਾ ਕਰੇ ਚਰਨ ਪਿਆਰ । ਦੁਖ ਦਰਦ ਜਾਇਣ ਨੱਸ, ਕਰ ਦਰਸ ਨਿਹਕਲੰਕ ਜੋਤ ਕਰਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰ ਕਿਰਪਾ ਜਾਏ ਤਾਰ । ਸ਼ਬਦ ਵਿਚ ਪ੍ਰਭ ਸਰਬ ਬੰਧਾਏ । ਅਮਕਾ ਜੀਆ ਵਸ ਕਰਾਏ । ਸਾਚਾ ਬਾਣ ਨਾਮ ਲਗਾਏ । ਸਰਬ ਮੁਸ਼ਕਲਾਂ ਹੱਲ ਕਰਾਏ । ਮਸਾਣ ਪਵਣ ਪ੍ਰਭ


੯੩

ਪਰੇ ਹਟਾਏ । ਜਮ ਕਾ ਬੇਟਾ ਨੇੜ ਨਾ ਆਏ । ਕਾਲਕਾ ਮਾਤਾ ਦਰ ਵਿਲਕਾਏ । ਬੀਰ ਬੈਤਾਲ ਕੋਈ ਰਹਿਣ ਨਾ ਪਾਏ । ਹਾਕਨ ਡਾਕਨ ਛਾਕਨ ਪ੍ਰਭ ਪਕੜ ਉਠਾਏ । ਅੰਚਨੀ ਕੰਚਨੀ ਨਿਰੰਚਨੀ ਕਲਾ ਸੋਧਰੀ ਪ੍ਰਭ ਬੰਧਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਸਾਚਾ ਗੁਰ ਓਅੰਕਾਰ । ਗੁਰਮੁਖ ਸਾਚੇ ਸੁਣੇ ਪੁਕਾਰ । ਮਰੂ ਦੇਵਾ ਕਰੇ ਖੁਆਰ । ਮਾਲ ਜੋਗੀ ਕੀ ਅਸਰਈ ਪਾਰ ਉਤਾਰ । ਬੀਰ ਮਵਕਲ ਕਰੇ ਖੁਆਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਨ ਪੜੇ ਦੀ ਪਾਵੇ ਸਾਰ । ਵਲੀਏ ਛਲੀਏ ਪ੍ਰਭ ਮਿਟਾਏ । ਹਸਨ ਹਸੂਨ ਅਲੀ ਸਭ ਨਸ਼ਟ ਕਰਾਏ । ਆਤਮ ਜਲੀਏ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਜਣਾਏ । ਦ੍ਰਿਸ਼ਟ ਮੁਸ਼ਟ ਕੋਈ ਰਹਿਣ ਨਾ ਪਾਏ । ਛਲ ਛਿਦਰ ਆਪ ਗਵਾਏ । ਟੂਣਾ ਜਾਦੂ ਕੋਇ ਰਹਿਣ ਨਾ ਪਾਏ । ਸਰਦੀ ਕਾਲ ਬਾਲ ਪ੍ਰਭ ਆਪ ਹਟਾਏ । ਉਲਟ ਵਾਹੂ ਦੇ ਸਿਰ ਪਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਦੀਨਾਂ ਨਾਥ ਜੀਵ ਅਨਾਥਾ । ਆਪ ਰਖਾਏ ਸਾਚਾ ਸਾਥਾ । ਸਿਰ ਰਖਾਏ ਆਪਣਾ ਹਾਥਾ । ਮਾਣ ਦਵਾਏ ਤ੍ਰੈਲੋਕੀ ਨਾਥਾ । ਸੰਸਾ ਰੋਗ ਚੁਕਾਏ ਲੇਖ ਲਿਖਾਏ ਮਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਸੋਹੰ ਸਾਚੇ ਰਾਥਾ । ਸੋਹੰ ਰਾਥ ਜਨ ਚੜ੍ਹਾਇਆ । ਸਾਚਾ ਸ਼ਬਦ ਆਪ ਚਲਾਇਆ । ਵਿਚ ਨਾੜੀ ਆਪ ਸਮਾਇਆ । ਪਾਪ ਪਹਾੜਾਂ ਪ੍ਰਭ ਰੋਗ ਮਿਟਾਇਆ । ਦੂਤੀ ਦੁਸ਼ਟ ਪ੍ਰਭ ਅਗਨ ਸਾੜੀ, ਗੁਰਮੁਖ ਲੱਗੇ ਨਾ ਤੱਤੀ ਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਆਪ ਸਹਾਇਆ । ਹੋਏ ਸਹਾਈ ਆਪੇ ਆਪ । ਕੋਟਨ ਕੋਟ ਉਤਾਰੇ ਪਾਪ । ਏਕਾ ਦੇਵੇ ਸੋਹੰ ਸਾਚਾ ਜਾਪ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਬਣੇ ਮਾਈ ਬਾਪ । ਮਾਤ ਪਿਤ ਆਪ ਅਖਵਾਏ । ਪਿਤਾ ਪੂਤ ਗੁਰਸਿਖ ਹੋ ਜਾਏ । ਵਡ ਵਡ ਦੂਤ ਪ੍ਰਭ ਸੇਵਾ ਲਾਏ । ਗੁਰਮੁਖ ਸਾਚੇ ਏਕਾ ਸੂਤ ਆਪ ਪਰੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਮਾਣ ਦਵਾਏ । ਗੁਰਮੁਖ ਸਾਚੇ ਵਿਚ ਸਮਾਵੇ, ਆਤਮ ਦਿਸੇ ਪ੍ਰਭ ਨਿਰੰਕਾਰ । ਦਰ ਆਏ ਹੱਸ ਵੇਖੇ ਰੰਗ ਅਪਾਰ । ਜੋਤ ਸਰੂਪੀ ਰਸਨਾ ਵਸੇ ਆਪ ਸਮਾਏ ਕਿਰਪਾ ਧਾਰ । ਆਤਮ ਜੋਤ ਕਰੇ ਪਰਕਾਸ਼ ਕੋਟ ਰਵ ਸੱਸੇ, ਅਗਿਆਨ ਅੰਧੇਰ ਜਾਏ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਂਹੋਂ ਪਕੜ ਕਲ ਜਾਏ ਤਾਰ । ਦੁਖ ਗਵਾਏ ਭੁੱਖ ਮਿਟਾਏ ਸੁਖ ਉਪਜਾਏ ਦੂਤੀ ਦੁਸ਼ਟ ਖਪਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਏ । ਆਤਮ ਚਲਾਇਆ ਡਾਹਡਾ ਤੀਰ । ਦੁਖੀਆਂ ਦੁਖ ਰਿਹਾ ਦੇਹੀ ਪੀੜ । ਕਾਇਆ ਤੋੜੀ ਹੱਡੀ ਰੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਗਵਾਏ ਆਤਮ ਪੀੜ । ਘਿਰਨਾ ਘਿਰ ਆਤਮ ਘਰ । ਸੁਧ ਬੁਧ ਨਾ ਰਹੇ ਦਰ । ਨਿਰਬਲ ਹੋਇਆ ਚਰਨ ਪਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਤਮ ਹਰਾ ਜਾਏ ਕਰ । ਆਤਮ ਹੋਏ ਹਰ ਹਰਿਆਵਲਾ । ਕਿਰਪਾ ਕਰੇ ਘਨੀਆ ਸਾਵਲਾ । ਸਾਚੀ ਸੁੱਧ ਆਪ ਦਵਾਏ ਜੀਵ ਹੋਇਆ ਬਾਵਲਾ । ਸਾਚਾ ਅੰਮ੍ਰਿਤ ਮੁਖ ਚੁਆਏ, ਦੁਖ ਰੋਗ ਸੋਗ ਮਿਟਾਵਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਦੂੱਖ ਸਰਬ ਭੁੱਖ ਨਸ਼ਟ ਕਰਾਵਲਾ । ਦੂੱਖਨ ਦੂੱਖ ਲੱਗੇ ਤਨ । ਆਤਮ ਰਹੇ ਸਦਾ ਸੁੰਨ । ਹੋਇਆ ਅੰਧੇਰ ਸਾਚੇ ਚੰਨ । ਹੇਰਾ ਫੇਰਾ ਕੀਆ ਕੰਮ । ਟੂਣਾ ਜਾਦੂ ਦੂਤੀ ਕਰ, ਭਾਂਡਾ ਗਈ ਦਲੀਜ਼ੀ ਭੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ

ਖੁਲ੍ਹਾਏ ਆਤਮ ਸੁੰਨ । ਆਤਮ ਲਾਇਆ ਵਡਾ ਰੋਗ । ਅੱਠੇ ਪਹਿਰ ਚੁਕਾ ਸੋਗ । ਝੂਠਾ ਰਹੇ ਭਰਮ ਵਿਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਮਾਏ ਮੁਖ ਲਗਾਏ ਭੋਗ ਲਗਾਏ ਗੁਰ ਪਰਸਾਦ ਭੋਗ । ਪੰਚਮ ਆਏ ਜੋਤ ਪਰਗਟਾ ਕੇ । ਸਾਧ ਸੰਗਤ ਪ੍ਰਭ ਦਰ ਬੁਲਾ ਕੇ । ਪੰਚਮ ਜਾਏ ਜੋਤ ਜਗਾ ਕੇ । ਗੁਰ ਸੰਗਤ ਗੁਰ ਚਰਨ ਲਗਾ ਕੇ । ਪੰਚਮ ਮਾਰੇ ਪ੍ਰਭ ਸਾਚਾ ਆ ਕੇ । ਪੰਚਮ ਜਾਏ ਟਿਕਾ ਕੇ । ਪੰਚਮ ਪੰਚਮ ਦਿਵਸ ਸੁਹਾ ਕੇ । ਸਤਿਜੁਗ ਸਾਚੇ ਮੁਖ ਰਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਪੰਚਮ ਆ ਕੇ । ਪੰਚਮ ਕੀਆ ਸਚ ਦਰਬਾਰ । ਪੰਚਮ ਤਾਰੇ ਗੁਰ ਕਰਤਾਰ । ਪੰਚਮ ਤਾਰੇ ਜੋਤ ਨਿਰੰਕਾਰ । ਪੰਚਮ ਪੰਚਮ ਮੁਖ ਰਖਾਏ ਵਿਚ ਸੰਸਾਰ । ਪੰਚਮ ਪੰਚਮ ਸੁਖ ਵਸਾਏ । ਆਪ ਪਾਏ ਸਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਪੰਚਮ ਆਇਆ ਜਾਮਾ ਧਾਰ । ਪੰਚਮ ਜੇਠ ਸਤਿ ਵਰਤਾਇਆ । ਪੰਚਮ ਜੇਠ ਧੀਰਜ ਯਤ ਰਖਾਇਆ । ਪੰਚਮ ਜੇਠ ਸੋਹੰ ਬੀਜ਼ ਪ੍ਰਭ ਜਗਤ ਬਿਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਸਿੰਘਾਸਣ ਡੇਰਾ ਲਾਇਆ । ਸਿੰਘ ਆਸਣ ਪ੍ਰਭ ਡੇਰਾ ਲਾਏ । ਦੁਖ ਵਿਨਾਸਨ ਦਇਆ ਕਮਾਏ । ਸਰਬ ਘਟ ਵਾਸਣ ਜੋਤ ਜਗਾਏ । ਮਾਨਸ ਜਨਮ ਕਰਾਏ ਰਾਸਨ । ਜੋ ਜਨ ਦਰ ਤੇ ਆਏ । ਆਪ ਛੁਡਾਏ ਮਦਿਰਾ ਮਾਸਨ, ਸੋਹੰ ਸਾਚਾ ਸ਼ਬਦ ਉਪਜਾਏ । ਬਾਣੀ ਅਕਾਸ਼ਨ ਰੁਣ ਝੁਣ ਉਪਜਾਏ । ਏਕਾ ਪੰਥ ਚਲਾਏ ਬਾਸਨ, ਦੂਸਰ ਕੋਈ ਰਹਿਣ ਨਾ ਪਾਏ । ਸੋਹੰ ਜਪਾਏ ਸਵਾਸ ਸਵਾਸਣ, ਬਿਰਥਾ ਸਵਾਸ ਕੋਈ ਨਾ ਜਾਏ । ਆਪ ਹੋਇਆ ਦਾਸ ਦਾਸਨ, ਪੰਚਮ ਜੇਠ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਮਾਤ ਪਰਗਟਾਏ । ਮਾਤਲੋਕ ਪ੍ਰਭ ਸਾਚਾ ਆਏ । ਗੁਰਮੁਖ ਸਾਚੇ ਆਣ ਤਰਾਏ । ਏਕਾ ਅੰਕ ਨਾਮ ਦਵਾਏ । ਬੈਠਾ ਅਟੰਕ ਜੋਤ ਜਗਾਏ । ਸੁਹਾਏ ਦਵਾਰ ਬੰਕ ਜਿਸ ਘਰ ਪ੍ਰਭ ਆਏ । ਚੁਕਾਏ ਸ਼ੰਕ ਜੋ ਜਨ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਸਾਧ ਸੰਗਤ ਤੇਰੀ ਝੋਲੀ ਪਾਏ । ਸਾਚਾ ਦੀਆ ਦਇਆ ਦਾਨ । ਪਰਗਟ ਹੋਏ ਆਪ ਭਗਵਾਨ । ਸਤਿਗੁਰ ਸਾਚਾ ਜਾਣੀ ਜਾਣ । ਦਰਗਹਿ ਸਾਚੀ ਦੇਵੇ ਮਾਣ । ਸਾਚਾ ਪ੍ਰਭ ਵਾਲੀ ਦੋ ਜਹਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਦੇਵੇ ਦਾਨੀ ਦਾਨ । ਸਾਚਾ ਪ੍ਰਭ ਵਡ ਦਾਨੀ ਦਾਨਾ । ਭਰੇ ਭੰਡਾਰੇ ਭਗਤ ਭਗਵਾਨਾ । ਆਪੇ ਤਾਰੇ ਗੋਪੀ ਕਾਹਨਾ । ਜੋਤ ਸਰੂਪੀ ਨਿਹਕਲੰਕ ਪਹਰਿਆ ਜਾਮਾ । ਜੋਤ ਪਰਗਟਾਏ ਦਲਿੱਦਰ ਗਵਾਏ ਜਿਉਂ ਕ੍ਰਿਸ਼ਨ ਸੁਦਾਮਾ । ਪ੍ਰਭ ਸੋਹੰ ਝੋਲੀ ਗੁਰ ਸੰਗਤ ਨਾਮਾ । ਆਓ ਦਰ ਗੁਰਸਿਖ ਭਿਖਾਰੀ । ਸਾਚਾ ਪ੍ਰਭ ਵਡ ਭੰਡਾਰੀ ਦੇਵੇ ਨਾਮ ਆਤਮ ਅਧਾਰੀ । ਬੈਠਾ ਅਡੋਲ ਵਡ ਸਿਕਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਸਾਧ ਸੰਗਤ ਨਾਮ ਖੁਮਾਰੀ । ਸਾਚਾ ਨਾਮ ਸਦਾ ਖੁਮਾਰੀ । ਹਉਮੇ ਦੁਬਧਾ ਪ੍ਰਭ ਸਾਚੇ ਮਾਰੀ । ਹਉਮੇ ਮਾਰੀ ਪ੍ਰਭ ਸ਼ਬਦ ਕਟਾਰੀ । ਪਰਗਟੇ ਜੋਤ ਸਾਚਾ ਗਿਰਧਾਰੀ । ਸ਼ੰਕ ਮਿਟਾਏ ਸਤਿਜੁਗ ਸਾਚਾ ਰੰਗ ਚੜ੍ਹਾਏ ਪੰਚਮ ਜੇਠ ਸਾਚਾ ਪ੍ਰਭ ਜੋਤ ਨਿਰੰਕਾਰੀ । ਨਿਰੰਕਾਰ ਕਿਆ ਕੋਈ ਜਾਣੇ । ਅਕਾਰ ਕਵਣ ਪਛਾਣੇ । ਵਿਕਾਰ ਸਦਾ ਵਖਾਣੇ । ਅੰਧ ਅੰਧਿਆਰ ਗੁਰ ਪੂਰੇ ਮਿਟਾਣੇ । ਗੁਰਮੁਖ ਸਚਿਆਰ ਪ੍ਰਭ ਆਪ ਬਣਾਣੇ । ਆਤਮ ਅੰਮ੍ਰਿਤ ਕਰ ਸਿੰਚਾਰ , ਪ੍ਰਭ ਮੈਲ ਗਵਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਗੁਰ ਸੰਗਤ ਚਰਨ ਧਿਆਨੇ । ਚਰਨ ਪਿਆਰ ਸਾਚਾ ਤਾਜ । ਚਰਨ ਧਿਆਨ ਪੂਰਨ ਕਾਜ । ਚਰਨ ਧਿਆਨ ਸਾਚਾ ਦੇਵੇ ਦਰਗਹਿ ਰਾਜ । ਚਰਨ ਧਿਆਨ ਪ੍ਰਭ ਰੱਖੇ ਆਤਮ ਲਾਜ ।

ਚਰਨ ਧਿਆਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤਰਾਏ ਚਰਨ ਬਿਠਾਏ ਸੋਹੰ ਲਗਾਏ ਸਾਚੀ ਅਵਾਜ਼ । ਸੋਹੰ ਸ਼ਬਦ ਪ੍ਰਭ ਅਵਾਜ਼ ਲਗਾਏ । ਗੁਰਮੁਖ ਸਾਚੇ ਸੋਏ ਜਗਾਏ । ਗੁਰਮੁਖ ਸਾਚੇ ਸਚ ਮਾਰਗ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਆਏ ਦਇਆ ਕਮਾਏ । ਪੰਚਮ ਜੇਠ ਪ੍ਰਭ ਮਾਤ ਮਨਾਇਆ । ਨਿਹਕਲੰਕ ਦਿਵਸ ਸੁਹਾਇਆ । ਏਕਾ ਅੰਕ ਆਪ ਰਖਾਇਆ । ਸੋਹੰ ਡੰਕ ਪ੍ਰਭ ਵਜਾਇਆ । ਸਾਧ ਸੰਗਤ ਦਰ ਆਈ, ਪ੍ਰਭ ਸਾਚਾ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਇਆ । ਦਵਾਏ ਮਾਣ ਆਪ ਪ੍ਰਭ ਜਨ ਦਰਸ ਪਿਆਸੇ । ਮਾਣ ਦਵਾਏ ਆਪ ਪ੍ਰਭ, ਸਾਚਾ ਗੁਰ ਸਰਬ ਗੁਣਤਾਸੇ । ਮਾਣ ਦਵਾਏ ਆਪ ਪ੍ਰਭ, ਮਾਨਸ ਜਨਮ ਕਰਾਇਆ ਰਾਸੇ । ਮਾਣ ਦਵਾਇਆ ਆਪ ਪ੍ਰਭ, ਵੇਲੇ ਅੰਤ ਕਰੇ ਬੰਦ ਖਲਾਸੇ । ਮਾਣ ਦਵਾਏ ਆਪ ਪ੍ਰਭ, ਪੂਰਨ ਦੇਵੇ ਜੋਤ ਭਰਵਾਸੇ । ਮਾਣ ਦਵਾਏ ਆਪ ਪ੍ਰਭ, ਗੁਰਸਿਖ ਤੇਰੇ ਕਾਰਜ ਆਏ ਰਾਸੇ । ਮਾਣ ਦਵਾਏ ਆਪ ਪ੍ਰਭ, ਸੋਹੰ ਜਪ ਜੀਵ ਸਵਾਸ ਸਵਾਸੇ । ਮਾਣ ਦਵਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਚਰਨ ਪਿਆਸੇ । ਮਾਣ ਦਵਾਏ ਆਪ ਪ੍ਰਭ, ਹੋਏ ਆਪ ਦਿਆਲਾ । ਮਾਣ ਦਵਾਏ ਆਪ ਪ੍ਰਭ, ਜਨ ਭਗਤਾਂ ਹੋਏ ਆਪ ਰਖਵਾਲਾ । ਮਾਣ ਦਵਾਏ ਆਪ ਪ੍ਰਭ, ਸਦਾ ਸਦਾ ਪ੍ਰਿਤਪਾਲਾ । ਮਾਣ ਦਵਾਏ ਆਪ ਪ੍ਰਭ, ਆਤਮ ਜੋਤ ਜਗੇ ਸੋਹੰ ਜਪਾਏ ਸਾਚੀ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਆਦਿ ਅੰਤ ਹੋਏ ਤੇਰਾ ਰਖਵਾਲਾ । ਸਰਬ ਜੀਆਂ ਆਪੇ ਦਾਤਾਰ । ਸਰਬ ਜੀਆਂ ਆਪੇ ਭਤਾਰ । ਸਰਬ ਜੀਆਂ ਆਪੇ ਪਸਾਰ । ਸਰਬ ਜੀਆਂ ਜੋਤ ਅਧਾਰ । ਸਰਬ ਜੀਆਂ ਕਰਮ ਵਿਚਾਰ । ਸਰਬ ਜੀਆਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਵੇ ਸਾਚੀ ਸਾਰ । ਸਾਚੀ ਸਾਰ ਆਪੇ ਜਾਣੇ । ਜਨ ਭਗਤ ਵਿਚ ਕਲ ਪਛਾਣੇ । ਆਪ ਚਲਾਏ ਆਪਣੇ ਭਾਣੇ । ਦਿਸ ਨਾ ਆਏ ਰਾਜਾ ਰਾਣੇ । ਨਿਮਾਣਿਆਂ ਨਿਤਾਣਿਆਂ ਪ੍ਰਭ ਵਿਚ ਸਮਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣੇ । ਗੁਰ ਪੂਰਾ ਕਰਮ ਕਮਾਂਵਦਾ । ਕਰ ਕਿਰਪਾ ਪਾਰ ਲੰਘਾਂਵਦਾ । ਜਨ ਚਰਨੀ ਸੀਸ ਨਿਵਾਂਵਦਾ । ਪ੍ਰਭ ਸਾਚਾ ਗਲੇ ਲਗਾਂਵਦਾ । ਦਰ ਆਏ ਦੋਏ ਜੋੜ ਭੁਲ ਬਖ਼ਸ਼ਾਂਵਦਾ । ਕਰ ਕਿਰਪਾ ਪਾਰ ਕਰਾਂਵਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਫੇਰਾ ਵਿਚ ਮਾਤ ਦੇ ਪਾਂਵਦਾ । ਮਾਤਲੋਕ ਵਿਚ ਫੇਰਾ ਪਾਇਆ । ਐੜਾ ਅਥਰਬਣ ਵੇਦ ਮਿਟਾਇਆ । ਅੱਲਾ ਅਲਾਹੂ ਨੂਰ ਗਵਾਇਆ । ਵੇਦ ਪੁਰਾਨ ਕੁਰਾਨ ਅੰਜ਼ੀਲ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੋਹੰ ਸਾਚਾ ਸ਼ਬਦ ਚਲਾਇਆ । ਸੋਹੰ ਸਾਚਾ ਸ਼ਬਦ ਚਲਾਏ । ਸਤਿਜੁਗ ਸਾਚਾ ਮਾਰਗ ਲਾਏ । ਪੰਚਮ ਜੇਠ ਸ਼ਬਦ ਲਿਖਾਏ । ਸਾਧ ਸੰਗਤ ਚਰਨ ਬਹਾਏ । ਸਾਧ ਸੰਗਤ ਉਤਰੇ ਪਾਰ, ਹਰਿ ਗੁਣ ਗਾਏ । ਜੋਤ ਸਰੂਪੀ ਜੋਤ ਪ੍ਰਭ ਵਿਚ ਰੱਖੇ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰ ਘਰ ਸਾਚੇ ਦੇਵੇ ਆਪ ਵਡਿਆਏ । ਪੂਰਨ ਗੁਰ ਸਦ ਵਡਿਆਈ । ਦੇ ਦਰਸ ਤ੍ਰਿਖਾ ਮਿਟਾਈ । ਨਿਰਧਨਾਂ ਪ੍ਰਭ ਹੋਏ ਸਹਾਈ । ਸਰਧਨਾਂ ਪ੍ਰਭ ਆਸ ਪੁਜਾਈ । ਗੁਰਮੁਖ ਸਾਚੇ ਘਰ ਤੇਰੇ ਜੋਤ ਪਰਗਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਹੋਏ ਵਾਲੀ ਦੋ ਜਹਾਨ, ਗੁਰ ਪਰਸਾਦੀ ਗੁਰ ਪਰਸਾਦ ਭੋਗ ਲਗਾਈ । ਭੋਗ ਲਗਾਏ ਸਤਿਗੁਰ ਮੁਖ । ਸਾਧ ਸੰਗਤ ਉਤਾਰੇ ਸਾਰੀ ਭੁੱਖ । ਸੁਫਲ ਕਰਾਏ ਮਾਤ ਕੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ

ਪਰਸਾਦ ਪ੍ਰਭ ਵਰਤਾਏ ਸਾਧ ਸੰਗਤ ਮਿਟਾਵੇ ਆਤਮ ਦੁਖ । ਮਿਟੇ ਦੁਖ ਆਤਮ ਅਗਿਆਨ । ਏਕਾ ਉਪਜੇ ਚਰਨ ਧਿਆਨ । ਗੁਰ ਪਰਸਾਦੀ ਦੇਵੇ ਬ੍ਰਹਮ ਗਿਆਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰ ਸੰਗਤ ਕਰੇ ਪਛਾਣ । ਗੁਰ ਸੰਗਤ ਦੇਵੇ ਵਡਿਆਈ । ਦਰ ਮੰਗਤ ਭਿਛਿਆ ਪਾਈ । ਹਰਿ ਰੰਗਤ ਨਾਮ ਚੜ੍ਹਾਈ । ਗੁਰ ਅੰਗਦ ਜਿਉਂ ਨਾਨਕ ਧਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਦਰ ਆਈ ਦੇਵੇ ਆਪ ਵਧਾਈ । ਵਧਾਈ ਵਧਾਈ ਵਧਾਈ ਗੁਰ ਸੰਗਤ ਵਧਾਈ । ਪੂਰਨ ਮਤਿ ਗੁਰ ਦਰ ਤੇ ਪਾਈ । ਸਾਚਾ ਸਤਿ ਘਰ ਲੈ ਜਾਈ । ਦੁਰਮਤ ਮੈਲ ਗੁਰ ਦਰ ਗਵਾਈ । ਅਚਰਜ ਖੇਲ ਕਰੇ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਨਾਥਾਂ ਹੇਤ ਜੋਤ ਪਰਗਟਾਈ । ਸਾਚਾ ਪ੍ਰਭ ਨਾਥ ਅਨਾਥੇ । ਜੀਵ ਜੰਤ ਪ੍ਰਭ ਸਗਲਾ ਸਾਥੇ । ਬਣਾਈ ਬਣਤ ਲੇਖ ਲਿਖਾਏ ਮਾਥੇ । ਪ੍ਰਭ ਕਾ ਭੇਵ ਕੋਈ ਨਾ ਕਾਥੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੋਪੀ ਨਾਥ ਸਗਲਾ ਸਾਥੇ । ਸਾਚਾ ਸੰਗ ਪ੍ਰਭ ਆਪੇ ਕਰੇ । ਲਾਗ ਅੰਗ ਗੁਰਸਿਖ ਤਰੇ । ਚਾੜ੍ਹੇ ਰੰਗ ਏਕਾ ਹਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ਼ਨ ਪਾਏ ਸਾਧ ਸੰਗਤ ਤੇਰੇ ਕਾਜ ਸਰੇ ।

### * ੮ ਜੇਠ ੨੦੦੯ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ *

ਗੁਰ ਸੇਵਾ ਗੁਰ ਪੂਰਾ ਪਾਈਏ । ਗੁਰਮੁਖ ਹੋਏ ਗੁਰ ਸੇਵ ਕਮਾਈਏ । ਗੁਰ ਸੇਵਾ ਘਰ ਸਾਚੇ ਜਾਈਏ । ਪ੍ਰਭ ਅਬਿਨਾਸ਼ੀ ਚਰਨ ਵਿਗਸਾਈਏ । ਗੁਰ ਸੇਵਾ ਹਰਿ ਮੰਦਰ ਪਾਈਏ । ਪ੍ਰਭ ਕੀ ਜੋਤ ਅੰਦਰ ਜਗਾਈਏ । ਗੁਰ ਸੇਵਾ ਜਨਮ ਮਰਨ ਗੇੜ ਕਟਾਈਏ । ਦਰਗਹਿ ਸਾਚੀ ਥਾਂ ਦਵਾਈਏ । ਗੁਰ ਸੇਵਾ ਅੰਤ ਅੰਤਕਾਲ ਕਰ ਕਲਜੁਗ ਤਰ ਜਾਈਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤ ਕਮਾਈਏ । ਗੁਰਮੁਖ ਤਰਨਾ ਅੰਤਕਾਲ । ਗੁਰ ਚਰਨ ਪ੍ਰੀਤੀ ਨਿਭੇ ਨਾਲ । ਆਪਣਾ ਬਿਰਦ ਪ੍ਰਭ ਲਏ ਸੰਭਾਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਸਦ ਪ੍ਰਿਤਪਾਲ । ਪ੍ਰਿਤਪਾਲ ਆਪ ਰਖਵਾਲਾ । ਪਾਰਬ੍ਰਹਮ ਗੁਰ ਦੀਨ ਦਿਆਲਾ । ਭਗਤ ਵਛਲ ਹਰਿ ਹਰਿ ਕਿਰਪਾਲਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਸੰਗ ਸਮਾਲਾ । ਸਦਾ ਸੰਗ ਪ੍ਰਭ ਆਪੇ ਹੋਏ । ਦੁਰਮਤ ਮੈਲ ਗੁਰਸਿਖ ਧੋਏ । ਸੋਹੰ ਧਾਗੇ ਆਪ ਪਰੋਏ । ਪ੍ਰਭ ਸਾਚੇ ਦੀ ਸਾਚੀ ਸੋਏ । ਗੁਣ ਨਿਧਾਨ ਵਿਰਲਾ ਗੁਰਮੁਖ ਜਾਣੇ ਕੋਇ । ਬਿਨ ਗੁਰ ਪੂਰੇ ਨਿਥਾਵਿਆਂ ਮਾਣ ਨਾ ਦੇਵੇ ਕੋਇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਉਠਾਏ ਜਗਾਏ ਸੋਏ । ਸ਼ਬਦ ਸ਼ਬਦ ਪ੍ਰਭ ਆਪ ਜਗਾਏ । ਆਪ ਆਪਣੀ ਦਇਆ ਕਮਾਏ । ਸੁਰਤੀ ਸੁਰਤ ਪ੍ਰਭ ਦਰਸ ਦਿਖਾਏ । ਸਰਧਾ ਪੂਰਤ ਪ੍ਰਭ ਰਿਹਾ ਸਮਾਏ । ਅਨਹਦ ਤੂਰਤ ਦੇਹ ਵਜਾਏ । ਜੋਤ ਸਰੂਪੀ ਸਾਚੀ ਮੂਰਤ ਆਪ ਪਰਗਟਾਏ । ਏਕਾ ਉਪਜਾਏ ਨੂਰੀ ਨੂਰਤ, ਗੁਰਸਿਖ ਸੰਸਾ ਸਰਬ ਚੁਕਾਏ । ਸਰਬ ਜਨਾਂ ਦੀ ਆਸਾ ਪੂਰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ । ਦੇਵੇ ਦਰਸ ਗੁਰ ਘਰ ਆਏ । ਮਿਟਾਏ ਹਰਸ ਸਰਬ ਸੁਖਦਾਏ । ਅੰਮ੍ਰਿਤ ਬਰਸ ਗੁਰਸਿਖ ਤਰਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪੂਰਨ ਆਸ ਆਪ ਕਰਾਏ । ਗੁਰ ਦਰ ਤੇ ਆਸਾ ਪੂਰੀ । ਏਕਾ ਜੋਤ ਜਗਾਏ ਨੂਰੀ । ਆਤਮ ਦੇਵੇ ਸਤਿ ਸਰੂਰੀ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਹਿਰਦੇ ਵਸੇ ਨਾ ਜਾਣੇ ਦੂਰੀ । ਬੇਮੁਖਾਂ ਪ੍ਰਭ ਦਿਸੇ ਦੂਰ । ਗੁਰਸਿਖਾਂ ਪ੍ਰਭ ਸਦਾ ਹਜ਼ੂਰ । ਬੇਮੁਖਾਂ ਘਰ ਕੂੜੋ ਕੂੜ । ਗੁਰਮੁਖਾਂ ਦੇਵੇ ਚਰਨ ਧੂੜ । ਰਾਣਿਆਂ ਮਹਾਂਰਾਣਿਆਂ ਪਾਏ ਜੂੜ । ਗੁਰਸਿਖ ਚਤੁਰ ਬਣਾਏ ਆਤਮ ਮੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਗਿੜਾਏ ਪੁੱਠਾ ਬੂੜ । ਮਤਿ ਅਪੁਠੀ ਆਪੇ ਦੇਵੇ । ਆਪਣੇ ਖੇਲ ਆਪ ਕਰੇਵੇ । ਇਸ ਹੱਥ ਲੇਵੇ ਇਸ ਹੱਥ ਦੇਵੇ । ਜਗਤ ਭੁਲਾਵੇ ਭਰਮ ਭਰਮ ਭੁਲੇਖੇ । ਗੁਰਸਿਖ ਉਪਜਾਵੇ ਵਿਚ ਮਾਤ ਸਾਚੇ ਮੇਵੇ । ਸੋਹੰ ਨਾਮ ਨਿਹਕਲੰਕ ਪਰਗਟ ਜੋਤ ਸਾਚਾ ਦੇਵੇ । ਧੰਨ ਧੰਨ ਧੰਨ ਗੁਰਸਿਖ ਸਤਿਗੁਰ ਸਾਚਾ ਸਦ ਰਸਨਾ ਸੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਗਾਏ ਸੇਵੇ । ਰਸਨਾ ਗਾਏ ਏਕਾ ਹਰਿ । ਗੁਰਮੁਖ ਸਾਚਾ ਜਾਏ ਤਰ । ਹੋਏ ਸਹਾਈ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਦਵਾਏ ਸਾਚਾ ਦਰ । ਸਾਚਾ ਦਰ ਗੁਰ ਦਰਬਾਰਾ । ਪਰਗਟੇ ਜੋਤ ਆਪ ਨਿਰੰਕਾਰਾ । ਸਰਬ ਸ੍ਰਿਸ਼ਟ ਦੇਵੇ ਅਧਾਰਾ । ਏਕਾ ਇਸ਼ਟ ਨਿਹਕਲੰਕ ਅਵਤਾਰਾ । ਸਰਬ ਭਰਿਸ਼ਟ ਅੰਤਕਾਲ ਕਲ ਕਰੇ ਖਵਾਰਾ । ਗੁਰਮੁਖ ਸਾਚੇ ਜਿਉਂ ਵਸ਼ਿਸ਼ਟ ਏਕਾ ਦੇਵੇ ਨਾਮ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰ ਅਵਤਾਰਾ । ਅਵਤਾਰ ਆਏ ਭਗਤ ਤਰਾਏ । ਮਾਰਗ ਪਾਏ ਸਰਨ ਲਗਾਏ । ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਬੇਮੁਖ ਖਪਾਏ ਗਏ ਮੁਖ ਭਵਾਏ, ਨਰਕ ਨਿਵਾਸ ਰਖਾਏ । ਮਦਿਰਾ ਮਾਸ ਜਨ ਰਸਨਾ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਟਾ ਮੁਖ ਰਖਾਏ । ਦੁਸ਼ਟ ਨਿਵਾਰੀ ਕਰੇ ਖੁਆਰੀ ਜੋਤ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਕਲ ਪਾਰ ਉਤਾਰੀ । ਦੁਸ਼ਟ ਸੰਘਾਰੇ ਆਪ ਗਿਰਧਾਰੇ, ਆਏ ਸੰਸਾਰੇ ਜੋਤ ਅਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਦਿਰਾ ਮਾਸੀ ਕਰੇ ਖੁਆਰੇ । ਵਡ ਵਿਧਾਤਾ ਪੁਰਖ ਵਿਧਾਤਾ । ਸਰਬ ਗਿਆਤਾ ਜੋਤ ਜਗਾਤਾ । ਮੇਲ ਮਿਲਾਤਾ ਚਰਨ ਧਿਆਨ ਧਿਆਤਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨੀ ਨਾਤਾ । ਸਾਚਾ ਨਾਤਾ ਗੁਰਸਿਖ ਪਛਾਤਾ । ਸੋਹੰ ਦੇਵੇ ਸਾਚੀ ਦਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਆਪੇ ਗਿਆਤਾ । ਆਪੇ ਜਾਣੇ ਆਪ ਪਛਾਣੇ । ਆਪ ਚਲਾਏ ਆਪਣੇ ਭਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੁਘੜ ਸਿਆਣੇ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਆਏ ਤੇਰੇ ਦਰ । ਸੋਹੰ ਸਾਚਾ ਦੇਵੇ ਵਰ । ਓਅੰ ਹੋਏ ਆਪ ਪ੍ਰਭ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰਮੁਖ ਸਾਚੇ ਜਾਏ ਤਰ । ਤਾਰਨ ਤਾਰੇ ਮਾਰਨ ਮਾਰੇ । ਖੁਆਰਨ ਖੁਆਰੇ ਉਧਾਰਨ ਉਧਾਰੇ ਪ੍ਰਭ ਜੋਤ ਅਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਅਵਤਾਰੇ । ਆਏ ਜਾਏ ਦਿਸ ਨਾ ਆਏ । ਸ੍ਰਿਸ਼ਟ ਭੁਲਾਏ ਗੁਰਸਿਖ ਤਰਾਏ । ਮਾਣ ਗਵਾਏ, ਨਿਮਾਣਿਆਂ ਪ੍ਰਭ ਚਰਨ ਲਗਾਏ । ਰਾਣਿਆਂ ਪ੍ਰਭ ਤਖ਼ਤੋਂ ਲਾਹੇ । ਚਤੁਰ ਸੁਘੜ ਸਿਆਣਿਆਂ ਪ੍ਰਭ ਖ਼ਾਕ ਰੁਲਾਏ । ਗੁਰਸਿਖ ਭੁੱਲੇ ਬਾਲ ਅੰਞਾਣਿਆਂ ਪ੍ਰਭ ਗਲੇ ਲਗਾਏ । ਬੇਮੁਖ ਕਰ ਅੰਧ ਅੰਧਿਆਣਿਆਂ ਪ੍ਰਭ ਭਠਿਆਲੇ ਦਾਣੇ ਭੁਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਅਗਨ ਵਿਚ ਆਪ ਜਲਾਏ । ਅਗਨ ਜੋਤ ਆਪ ਜਲਾਏ । ਜੀਵ ਜੰਤ ਸਰਬ ਬਿਲਲਾਏ । ਸਾਧ ਸੰਗਤ ਪ੍ਰਭ ਪਕੜ ਉਠਾਏ । ਆਦਿ ਅੰਤ ਹੋਏ ਸਹਾਏ । ਬੈਠ ਇਕੰਤ ਖੇਲ ਰਚਾਏ । ਬਣਾਏ ਬਣਤ ਕੋਈ ਸਾਰ ਨਾ ਪਾਏ । ਕਰਾਏ ਭਸਮੰਤ ਜੋ

ਹੰਕਾਰ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਏ । ਵਰਤਾਏ ਕਲ ਸ੍ਰਿਸ਼ਟ ਸਬਾਈ ਜਾਏ ਹੱਲ । ਪ੍ਰਭ ਕਾ ਭਾਣਾ ਨਾ ਜਾਏ ਟਲ । ਅੰਤ ਨਾ ਕਰਨ ਦੇਵੇ ਵਲ ਛਲ । ਕਿਸੇ ਨਾ ਸੁਝੇ ਅੱਜ ਕੱਲ । ਬੇਮੁਖ ਜੀਵ ਬੈਠੇ ਝੂਠੇ ਘਰ ਮੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਜਗਤ ਖਪਾਏ ਕਲਜੁਗ ਉਲਟਾਏ ਸਤਿਜੁਗ ਸਤਿ ਸਤਿ ਸਤਿ ਲਗਾਏ ਨਾ ਘੜੀ ਪਲ । ਪ੍ਰਭ ਨਾ ਲਾਏ ਦੇਰ । ਨਾ ਦਿਸੇ ਸੰਞ ਸਵੇਰ । ਏਕਾ ਅਗਨ ਲਗਾਏ ਚਾਰ ਕੁੰਟ ਪੈ ਜਾਏ ਦੁਹਾਏ, ਬੇਮੁਖ ਮਾਰੇ ਕਰ ਢੇਰ । ਕਲਜੁਗ ਜੀਵ ਝਾੜੇ ਜਿਉਂ ਹਲੂਣੇ ਡਿਗਣ ਬੇਰ । ਸ੍ਰਿਸ਼ਟ ਸਬਾਈ ਅੰਤਕਾਲ ਆਪ ਕਰਾਏ ਮੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਮੇਲ ਮਿਲਾਏ । ਗੁਰਸਿਖਾਂ ਕੀਨਾਂ ਮੇਲ ਆਪ ਮਿਹਰਵਾਨਾ । ਮੇਲ ਮਿਲਾਏ ਭਗਤ ਭਗਵਾਨਾ । ਸਾਚਾ ਦੇਵੇ ਨਾਮ ਨਿਧਾਨਾ । ਆਤਮ ਦੇਵੇ ਬ੍ਰਹਮ ਗਿਆਨਾ । ਸੋਹੰ ਦੇਵੇ ਸਚ ਧਿਆਨਾ । ਚਰਨ ਧੂੜ ਕਰਾਏ ਸਾਚਾ ਇਸ਼ਨਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਆਪ ਸਮਾਨਾ । ਰੰਗ ਸਮਾਣੇ ਵਕਤ ਪਛਾਣੇ ਜੋਤ ਜਗਾਣੇ ਸ੍ਰਿਸ਼ਟ ਭੁਲਾਏ ਜਿਉਂ ਭਠਿਆਲੇ ਦਾਣੇ । ਗੁਰਮੁਖ ਸਾਚੇ ਪ੍ਰਭ ਚਰਨ ਪ੍ਰੀਤੀ ਪ੍ਰਭ ਸਾਚੇ ਕਾ ਸਾਚਾ ਰੰਗ ਮਾਣੇ । ਬੇਮੁਖ ਜੀਵ ਬਿਲਲਾਏ ਚਾਰ ਕੁੰਟ ਹਾਹਾਕਾਰ ਕਰਾਏ ਸਾਚਾ ਪ੍ਰਭ ਦਿਸ ਨਾ ਆਣੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵੇਲੇ ਅੰਤ ਹੋਏ ਆਪ ਸਹਾਣੇ । ਜੀਵ ਦੁਸ਼ਟ ਦੁਰਾਚਾਰੀ ਹੰਕਾਰੀ ਭਿਵਚਾਰੀ ਕਰੇ ਖੁਆਰੀ ਨਰਕ ਨਿਵਾਰੀ ਭਗਤ ਉਧਾਰੀ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪੇ ਦੇਵੇ ਸੱਚੀ ਸਰਦਾਰੀ । ਗੁਰਮੁਖ ਉਧਾਰੇ ਆਪੇ ਤੇਰੇ ਕਾਜ ਸਵਾਰੇ, ਜੋਤ ਅਧਾਰੇ ਚਰਨ ਦਵਾਰੇ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਆਪਣੀ ਦਇਆ ਧਾਰੇ । ਬੇਮੁਖ ਖਪਾਏ ਦਿਸ ਨਾ ਆਏ ਨਰਕ ਨਿਵਾਸ ਰਖਾਏ । ਲੱਖ ਚੁਰਾਸੀ ਗੇੜ ਕਟਾਏ । ਆਵਣ ਜਾਵਣ ਸਦ ਰਖਾਏ । ਵੇਲੇ ਅੰਤ ਕੋਇ ਨਾ ਹੋਏ ਸਹਾਏ । ਧਰਮ ਰਾਏ ਦੇ ਸਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਮੁਖ ਛੁਪਾਏ । ਗੁਰਮੁਖ ਤਰਾਵੇ ਸਰਨੀ ਲਗਾਵੇ । ਸਤਿਜੁਗ ਸਾਚਾ ਨਾਮ ਜਪਾਵੇ । ਆਪ ਆਪਣੀ ਦਇਆ ਕਮਾਵੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਅਨਹਦ ਸਾਚਾ ਰਾਗ ਉਪਜਾਵੇ । ਅਨਹਦ ਰਾਗਾ ਸਾਚਾ ਵਾਜਾ ਗੁਰਸਿਖ ਜਾਗਾ । ਸਤਿਜੁਗ ਲਾਗਾ ਪਹਿਲੀ ਮਾਘਾ । ਅੰਤਮ ਅੰਤ ਕਲ ਫਿਰੇ ਸੁਹਾਗਾ । ਗੁਰਸਿਖ ਸਾਚਾ ਸਤਿਗੁਰ ਸਾਚੇ ਦੀ ਸਰਨੀ ਲਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਚਲਾਏ ਸੋਹੰ ਜਿਉਂ ਡੰਗ ਬਾਸ਼ਕ ਨਾਗਾ । ਕਲਜੁਗ ਜੀਵ ਹੰਕਾਰੀ । ਪ੍ਰਭ ਕਰੇ ਖੇਲ ਅਪਾਰੀ । ਸਹੰਸਰ ਮੁਖ ਫੁੰਕਾਰੀ । ਅਗਨ ਜੋਤ ਲਗਾਏ ਵਿਚ ਸੰਸਾਰੀ । ਵਡ ਵਡ ਭਰੇ ਮਾਣ ਹੰਕਾਰੀ । ਨਾ ਦਿਸਣ ਅੰਤ ਮਹਿਲ ਮੁਰਾਰੀ । ਪ੍ਰਭ ਅਗਨ ਜੋਤ ਵਿਚ ਸਾੜੀ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪਣੀ ਕਲ ਵਰਤੇ ਵਰਤਾਰੀ । ਅਗਨ ਜੋਤ ਕਲਜੁਗ ਲਗਾਏ । ਕੋਇ ਨਾ ਪਾਇਣ ਸਾਰ ਪ੍ਰਭ ਜਾਏ ਜਲਾਏ । ਅੰਤਕਾਲ ਕਰਨ ਹਾਏ ਹਾਏ, ਕੋਈ ਨਾ ਪਾਣੀ ਮੁਖ ਚੁਆਏ । ਜੀਵ ਜੰਤ ਸਰਬ ਬਿਲਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਦੇ ਸਜਾਏ । ਗੁਰਸਿਖ ਪ੍ਰਭ ਦਰਸ ਪਿਆਸਾ । ਪ੍ਰਭ ਦੇਵੇ ਦਰਸ ਹੋਏ ਦਾਸਨ ਦਾਸਾ । ਆਪੇ ਆਪ ਕਰੇ ਸਰਬ ਘਟ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਚਲਾਏ ਧਰਾਏ ਜਪਾਏ ਸਵਾਸ ਸਵਾਸਾ । ਸਵਾਸ ਸਵਾਸ ਸਵਾਸ ਹਰਿ ਗੁਣ ਗਾ । ਆਸ ਆਸ ਆਸ ਗੁਰਸਿਖ ਪੂਰ ਕਰਾ । ਰਾਸ ਰਾਸ ਰਾਸ ਮਾਨਸ

ਜਨਮ ਰਾਸ ਕਰਾ । ਵਾਸ ਵਾਸ ਵਾਸ ਗੁਰ ਪੂਰਾ ਵਿਚ ਵਾਸ ਕਰਾ । ਨਾਸ ਨਾਸ ਨਾਸ ਦੁਖ ਦਰਦ ਨਾਸ ਕਰਾ । ਮਾਸ ਮਾਸ ਮਾਸ ਮਦਿਰਾ
ਮਾਸ ਮਨੋਂ ਤਜਾ । ਦਾਸ ਦਾਸ ਦਾਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਰਿਹਾ ਦਾਸ ਬਣਾ । ਭਗਤ ਜਨ ਪ੍ਰਭ ਸਦਾ ਦਾਸ ।
ਆਪ ਆਪਣਾ ਵਿਚ ਰੱਖੇ ਵਾਸ । ਸਚਖੰਡ ਬਣਾਏ ਗੁਰਸਿਖ ਹਿਰਦੇ ਰਿਹਾ ਨਿਵਾਸ । ਪ੍ਰਭ ਅਬਿਨਾਸ਼ੀ ਨਾ ਕਦੇ ਵਿਨਾਸੀ, ਸਾਚੀ ਜੋਤ ਕਰੇ ਪਰਕਾਸ਼ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਗੁਰਸਿਖ ਤਰਾਏ, ਚਰਨ ਲਗਾਏ ਸੇਵ ਕਰਾਏ, ਸੋਹੰ ਜਪਾਏ ਸਵਾਸ ਸਵਾਸ । ਸੋਹੰ
ਜਪਾਏ ਇਕ ਵਸਾਏ ਆਤਮ ਤ੍ਰਿਪਾਏ । ਹਰਸ ਮਿਟਾਏ ਤਰਸ ਕਮਾਏ । ਗੁਰਸਿਖ ਪੂਰਨ ਆਸ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪਰਗਟ ਜੋਤ ਰਾਤੀ ਸੁੱਤਿਆਂ ਦਰਸ ਦਿਖਾਏ । ਗੁਰਸਿਖ ਸੋਇਆ ਪ੍ਰਭ ਸਾਚਾ ਜਾਗੇ । ਗੁਰਸਿਖ ਦੋਇਆ ਪ੍ਰਭ ਸ਼ਬਦ ਚਲਾਵੇ ਅਨਰਾਗੇ । ਗੁਰਸਿਖ
ਸਿਖ ਪੂਰਾ ਹੋਇਆ, ਰਾਤ ਸੁੱਤਿਆਂ ਪ੍ਰਭ ਚਰਨੀ ਲਾਗੇ । ਮਿਲਿਆ ਬੀਜ ਜੋ ਸਾਚਾ ਬੋਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ
ਜਨਮ ਦੇ ਲਾਹੇ ਦਾਗ਼ੇ । ਸਾਚਾ ਨਾਮ ਦੁਰਮਤ ਧੋਏ । ਸੋਹੰ ਸਚ ਸਾਚਾ ਬੋਏ । ਗੁਰਮੁਖ ਜਾਗੇ ਬੇਮੁਖ ਸੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਉਧਾਰੇ ਤਾਰੇ ਦੁਖ ਨਿਵਾਰੇ ਵਿਚ ਸੰਸਾਰੇ । ਗੁਰ ਦਰਸ ਜਿਸ ਜਨ ਪਾਇਆ । ਗੁਰ ਦਰਸ ਕਰ ਦੁਖ ਰੋਗ ਮਿਟਾਇਆ । ਗੁਰ
ਦਰਸ ਆਤਮ ਚਿੰਤਾ ਰੋਗ ਮਿਟਾਇਆ । ਗੁਰ ਦਰਸ ਕਰ ਗੁਰਸਿਖ ਪ੍ਰਭ ਸੋਹੰ ਚੋਗ ਚੁਗਾਇਆ । ਗੁਰ ਦਰਸ ਤੀਨ ਲੋਕ ਗੁਰਸਿਖ ਪ੍ਰਭ
ਵਡਿਆਇਆ । ਗੁਰ ਦਰਸ ਗੁਰਮੁਖ ਸਾਚੇ ਸਾਚਾ ਜੋਗ ਜਗਤ ਕਮਾਇਆ । ਗੁਰ ਦਰਸ ਗੁਰ ਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਤਮ ਤ੍ਰਿਪਤ ਕਰਾਇਆ ਗੁਰ ਦਰਸ ਚਿੰਤਾ ਜਾਏ । ਗੁਰ ਦਰਸ ਮਨ ਸਿੰਚਾ ਜਾਏ । ਗੁਰ ਦਰਸ ਰੋਗ ਹੰਗਤਾ ਜਾਏ । ਗੁਰ ਦਰਸ ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਵਿਚ ਸੰਗਤਾਂ ਮਾਣ ਰਖਾਏ । ਦਰਸ ਦੀਆ ਗੁਰ ਸਾਚੇ ਆ ਕੇ । ਜੋਤ ਸਰੂਪੀ ਜਾਮਾ ਪਾ ਕੇ ।
ਪੁਰੀ ਘਨਕ ਵਿਚ ਜੋਤ ਪਰਗਟਾ ਕੇ । ਨਿਹਕਲੰਕ ਕਲ ਨਾਂਓ ਧਰਾ ਕੇ । ਝੂਠੀ ਕਾਇਆ ਆਪ ਤਜਾ ਕੇ । ਸਾਚਾ ਬਾਣਾ ਆਪ ਬਣਾ ਕੇ ।
ਭੇਖ ਭੇਖ ਭੇਖ ਪ੍ਰਭ ਸਾਚਾ ਭੇਖ ਵਟਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਦਰਸ ਦਿਖਾ ਕੇ । ਜੋਤ ਸਰੂਪ ਬਿਨ ਰੰਗ
ਰੂਪ, ਮਹਿੰਮਾ ਅਨੂਪ ਸਤਿ ਸਰੂਪ, ਵਡ ਵਡ ਭੂਪ ਵਿਚ ਅੰਧ ਕੂਪ, ਗੁਰਮੁਖ ਸਾਚੇ ਬੈਠਾ ਜੋਤ ਜਗਾਏ । ਸਾਚੀ ਜੋਤ ਆਪ ਜਗਾਏ । ਆਪ
ਆਪਣੇ ਮਾਰਗ ਲਾਏ । ਸਾਚਾ ਰਾਗ ਆਪ ਉਪਜਾਏ । ਆਤਮ ਸਾਰੰਗ ਧੁਨ ਸੁਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ
ਸੁਨ ਖੁਲ੍ਹਾਏ । ਸਾਚਾ ਗੁਰ ਗੁਰਮੁਖ ਪਾਇਆ । ਲਿਖਿਆ ਧੁਰੋਂ ਦਰ ਘਰ ਆਇਆ । ਨਾ ਜਾਏ ਮਰ, ਪ੍ਰਭ ਦਇਆ ਕਮਾਇਆ । ਜੋ ਜਨ
ਆਏ ਦਰ, ਪ੍ਰਭ ਦਏ ਵਧਾਇਆ । ਆਤਮ ਵਿਚ ਸਰਦ, ਸੋਹੰ ਨਾਮ ਪ੍ਰਭ ਝੋਲੀ ਪਾਇਆ । ਮਾਣ ਦਵਾਏ ਵਾਸੀ ਘਨਕਪੁਰ ਸਾਚਾ ਮੇਲ ਮਿਲਾਇਆ ।
ਕਰੇ ਬੇਨੰਤੀ ਦੋਏ ਹੱਥ ਜੋੜ, ਪ੍ਰਭ ਸਾਚਾ ਲਏ ਬਖ਼ਸ਼ਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਥ ਅਨਾਥੇ ਸਗਲੇ ਸਾਥੇ ਤ੍ਰੈਲੋਕੀ ਨਾਥੇ
ਲੇਖ ਲਿਖਾਵੇ ਵਿਚ ਮਾਥੇ, ਗੁਰਸਿਖਾਂ ਆਣ ਤਰਾਇਆ । ਗੁਰ ਤਾਰੇ ਪਾਰ ਉਤਾਰੇ, ਪਾਵੇ ਸਾਰ ਨਾ ਦੇਵੇ ਹਾਰ ਕਰ ਵਿਚਾਰ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਏਕਾ ਚਰਨ ਦਿਸਾਏ ਗੁਰਮੁਖ ਸਾਚੇ ਚਰਨ ਪਿਆਰ । ਪਿਆਰ ਚਰਨ ਤਾਰਨ ਤਰਨ ਖੋਲ੍ਹੇ ਹਰਨ ਫਰਨ ਮੁਕਾਏ ਜੰਮ ਕਾ


੧੦੦ ੦੨

ਡੰਡ । ਗੇੜ ਕਟਾਏ ਜੰਮ ਕਾ ਫੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਗਾਏ ਆਪਣੀ ਸਰਨ । ਸਰਨ ਲਗਾਏ ਪਾਰ ਕਰਾਏ । ਦਰਸ ਦਿਖਾਏ ਹੋਏ ਸਹਾਏ । ਬਬਾਣ ਬਿਠਾਏ ਦਰਗਹਿ ਸਾਚੀ ਮਾਣ ਦਵਾਏ । ਬੈਕੁੰਠ ਨਿਵਾਸੀ ਵਿਚ ਬੈਕੁੰਠ ਨਿਵਾਸ ਰਖਾਏ । ਆਵਣ ਜਾਵਣ ਗੇੜ ਕਟਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਗੁਰਮੁਖ ਸਾਚੇ ਸਾਚੀ ਜੋਤ ਜਗਾਏ । ਜੋਤ ਮਿਲਾਏ ਇਕ ਕਰਾਏ । ਸਚਖੰਡ ਨਿਵਾਸੀ ਸਚਖੰਡ ਨਿਵਾਸ ਰਖਾਏ । ਬੈਕੁੰਠ ਨਿਵਾਸੀ ਗੁਰਮੁਖਾਂ ਸਾਚੇ ਧਾਮ ਪੁਚਾਏ । ਘਨਕਪੁਰ ਵਾਸੀ ਪ੍ਰਭ ਬਣਤ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਸ਼ਬਦ ਚਲਾਏ । ਸਾਚਾ ਨਾਮ ਸਚ ਅਧਾਰ । ਗੁਰਸਿਖ ਆਤਮ ਕਰੇ ਉਜਿਆਰ । ਅੰਤਕਾਲ ਪ੍ਰਭ ਬੇੜਾ ਕਰੇ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਚ ਸਹਾਰ । ਸਚ ਸਹਾਰਾ ਆਪੇ ਦੀਆ । ਸਾਚਾ ਨਾਮ ਗੁਰ ਦਰ ਪੀਆ । ਸਾਚਾ ਨਾਮ ਸੋਹੰ ਬੀਜ ਸਾਚਾ ਬੀਆ । ਸਾਚਾ ਰਾਮ ਆਪ ਰਖਾਏ ਸਾਚੀ ਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਜਗਾਏ ਸਾਚੇ ਦੀਆ । ਜੋਤ ਸਰੂਪ ਦੀਪਕ ਬਾਲੇ । ਗੁਰਮੁਖ ਸਾਚੇ ਦਇਆ ਕਮਾਏ । ਆਪ ਆਪਣੀ ਸਰਨ ਲਗਾਏ । ਜਨਮ ਮਰਨ ਦਾ ਗੇੜ ਕਟਾਏ । ਹਰਨ ਫਰਨ ਪ੍ਰਭ ਖੁਲ੍ਹਾਏ । ਵਰਨ ਬਰਨ ਪ੍ਰਭ ਇਕ ਕਰਾਏ । ਰਾਓ ਰੰਕ ਕੋਈ ਰਹਿਣ ਨਾ ਪਾਏ । ਸੋਹੰ ਅਵਾਜ਼ ਚਾਰ ਕੁੰਟ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਨਾ ਵਕ਼ਤ ਸੁਹਾਏ । ਚਾਰ ਕੁੰਟ ਜੈ ਜੈ ਜੈਕਾਰ । ਏਕਾ ਜੋਤ ਹੋਏ ਉਜਿਆਰ । ਏਕਾ ਏਕ ਕਰਾਏ ਇਕ ਵਰਤਾਏ ਵਿਚ ਸੰਸਾਰ । ਏਕਾ ਮਾਰਗ ਲਾਏ ਇਕ ਰਖਾਏ ਸੋਹੰ ਸਾਚਾ ਨਾਮ ਅਧਾਰ । ਆਪ ਆਪਣੀ ਦਇਆ ਕਮਾਏ । ਗੁਰਮੁਖ ਸਾਚੇ ਬੂਝ ਬੁਝਾਏ । ਆਪ ਏਕਾ ਦੂਜ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਸਚ ਆਪ ਵਰਤਾਏ । ਵਰਤਾਏ ਸਚ ਕਰਾਏ ਸਚ ਧਰਾਏ ਸਚ ਕਮਾਏ ਸਚ ਜੋਤ ਜਲਾਏ ਸਚ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜੋਤ ਪਰਗਟਾਏ, ਦਰਸ ਦਿਖਾਏ ਸਚ । ਸੁੱਚ ਵਰਤਾਏ ਸਚ ਵਕ਼ਤ ਸੁਹਾਵਣਾ । ਸਚ ਵਰਤਾਵਣਾ ਸਚ ਚਲਾਵਣਾ । ਸਚ ਨਾਮ ਜਗਤ ਦਵਾਵਣਾ । ਸਾਚਾ ਸਤਿਗੁਰ ਆਪ ਅਖਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜੋਤ ਪਰਗਟਾਵਣਾ । ਸਾਚੀ ਕਾਰਾ ਸਚ ਵਿਹਾਰਾ ਸਚ ਦਾਤਾਰਾ । ਸਚ ਸਚ ਵਰਤਾਏ ਸਚ ਨਿਰੰਕਾਰਾ । ਸਚ ਸਚ ਧਰੇ ਮਿਟੇ ਅੰਧ ਅੰਧਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਜੋਤ ਉਜਿਆਰਾ । ਸਚ ਕਮਾਵੇ ਸਚ ਖੁਲ੍ਹਾਵੇ ਸਚ ਦਵਾਵੇ ਝੂਠ ਗਵਾਵੇ । ਸਚ ਕਮਾਵੇ ਸੁੱਚ ਕਰਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਬਚਾਵੇ । ਸਾਚਾ ਪੀਆ ਸਾਚਾ ਜੀਆ ਸਾਚਾ ਕੀਆ ਸਾਚਾ ਦੀਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਰਤਾਵੇ ਆਪਣਾ ਕੀਆ । ਸਾਚਾ ਰਹਿਣਾ ਸਾਚਾ ਬਹਿਣਾ । ਸਾਚਾ ਲਹਿਣਾ ਸਾਚਾ ਕਹਿਣਾ ਸਾਚਾ ਸਹਿਣਾ । ਗੁਰਮੁਖ ਸਾਚਾ ਪ੍ਰਭ ਸਾਚਾ ਦੇਖੇ ਨੈਣਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਗੁਰ ਚਰਨ ਲਾਗ ਸਚ ਸਚ ਸਚਖੰਡ ਵਿਚ ਬਹਿਣਾ । ਗੁਰਮੁਖ ਸਾਚਾ ਪ੍ਰਭ ਸਾਚਾ ਵੇਖੇ । ਪ੍ਰਭ ਅਬਿਨਾਸ਼ੀ ਨੇਤਰ ਪੇਖੇ । ਆਪ ਆਪਣਾ ਲਾਏ ਲੇਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚਾ ਸਚਖੰਡ ਵੇਖੇ । ਸਚਖੰਡ ਹਰਿ ਕਾ ਦਵਾਰ । ਏਕਾ ਬਖ਼ਸ਼ੇ ਗੁਰ ਸੰਗਤ ਗੁਰ ਚਰਨ ਪਿਆਰ । ਦਰ ਦਰ ਦਰ ਆਏ ਪ੍ਰਭ ਚਾੜ੍ਹੇ ਸਾਚੀ ਆਤਮ ਰੰਗਤ, ਕੋਈ ਨਾ ਦੇਵੇ ਉਤਾਰ । ਆਪ ਬਣਾਏ ਸਾਚੀ ਸੰਗਤ, ਸਤਿਜੁਗ

ਲਗਾਏ ਸਾਚਾ ਦਰਬਾਰ । ਧੰਨ ਧੰਨ ਧੰਨ ਗੁਰਸਿਖ, ਨਿਹਕਲੰਕ ਚਲ ਆਏ ਤੇਰੇ ਦਰਬਾਰ । ਸਾਚਾ ਗੁਰ ਸਾਚੇ ਚਰਨ । ਸਾਚਾ ਦਰਸ ਗੁਰਮੁਖ ਦਰ ਕਰਨ । ਸਾਚੇ ਸਿਖ ਮਾਤਲੋਕ ਵਿਚ ਤਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਇਣ ਤੇਰੀ ਸਰਨ । ਚਾਰ ਵਰਨ ਆਪ ਤਰਾਏ । ਇਕ ਸਰਨ ਰਾਹ ਬਣਾਏ । ਕਾਰਨ ਕਰਨ ਕਾਰ ਕਮਾਏ । ਸਾਰਨ ਸਰਨ ਪ੍ਰਭ ਸਾਰ ਪਾਏ । ਉਧਾਰਨ ਧਰਨ ਪ੍ਰਭ ਧਰਮ ਕਮਾਏ । ਅਕਾਰਨ ਕਰਨ ਪ੍ਰਭ ਕਰਮ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਸਚ ਮਾਰਗ ਲਾਏ । ਸਾਚੇ ਮਾਰਗ ਗੁਰਸਿਖ ਸਾਚੇ ਲਾਏ । ਸਚ ਸਚ ਸਚ ਦੀ ਕਾਰ ਕਮਾਏ । ਜੋਤ ਸਰੂਪੀ ਪ੍ਰਭ ਨਸ਼ਟ ਕਰਾਏ । ਗੁਰਸਿਖ ਗਏ ਰੁੱਠ ਪ੍ਰਭ ਫੇਰ ਮਨਾਏ । ਦੇਵੇ ਨਾਮ ਰੰਗ ਅਨੁੱਠ, ਰਸਕ ਰਸਕ ਰਸਨਾ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਆਪ ਆਪਣੀ ਦਇਆ ਕਮਾਏ । ਦਇਆ ਧਾਰੇ ਆਪ ਨਿਰੰਕਾਰੇ । ਭਗਤ ਉਧਾਰੇ ਵਿਚ ਸੰਸਾਰੇ । ਪਾਰ ਉਤਾਰੇ ਜਨ ਕਰੇ ਨਿਮਸਕਾਰੇ । ਗੁਰਮੁਖ ਵਿਰਲਾ ਪਾਵੇ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰੇ । ਜਾਮਾ ਧਾਰਿਆ ਜੋਤ ਅਕਾਰਿਆ ਵਿਚ ਸੰਸਾਰਿਆ । ਗੁਰਮੁਖ ਵਿਰਲੇ ਕਿਸੇ ਵਿਚਾਰਿਆ । ਪ੍ਰਭ ਗਿਰਧਾਰਿਆ ਕ੍ਰਿਸ਼ਨ ਮੁਰਾਰਿਆ । ਰਾਮ ਅਵਤਾਰਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰਿਆ । ਘਨਕਪੁਰੀ ਪ੍ਰਭ ਭਾਗ ਲਗਾਇਆ । । ਸ਼ੇਰ ਸਿੰਘ ਨਾਉਂ ਰਖਾਇਆ । ਵਿਚ ਮਾਤ ਜੋਤ ਸਰੂਪੀ ਜੋਤ ਪਰਗਟਾਇਆ । ਨਿਹਕਲੰਕ ਆਪ ਅਖਵਾਇਆ । ਗੁਰਮੁਖ ਸਾਚੇ ਪਾਰ ਲੰਘਾਇਆ । ਹੰਕਾਰੀਆ ਪ੍ਰਭ ਹੰਕਾਰ ਗਵਾਇਆ । ਗੁਰਮੁਖ ਸਾਚੇ ਚਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਮਾਤ ਬਾਲਕ ਖੇਲ ਗੁਰ ਸੰਗਤ ਸੰਗ ਕਰਾਇਆ । ਗੁਰਸਿਖ ਗੁਰ ਪੂਰੇ ਬਾਲ । ਪ੍ਰਭ ਬਣੇ ਸੱਚਾ ਆਪ ਰਖਵਾਲ । ਸਦ ਸਹਾਈ ਸਦਾ ਸੰਗ ਨਾਲ । ਸਾਚਾ ਦੇਵੇ ਪ੍ਰਭ ਨਾਮ ਧਨ ਮਾਲ । ਆਤਮ ਦੀਪਕ ਦੇਵੇ ਬਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿੰਗਾ ਹੋਣ ਨਾ ਦੇਵੇ ਵਾਲ । ਜੋਤ ਪਰਗਟਾਏ ਨਾਮ ਧਰਾਏ ਨਿਰੰਕਾਰ ਅਖਵਾਏ । ਇਕ ਅਕਾਰ ਕਰਾਏ ਤੀਨ ਲੋਕ ਬਣਾਏ । ਮਾਤ ਪਤਾਲ ਅਕਾਸ਼ ਸੁਹਾਏ । ਬ੍ਰਹਿਮੰਡ ਬਣਾਏ ਖੰਡ ਖੰਡ ਸਭ ਸ੍ਰਿਸ਼ਟ ਉਪਾਏ । ਨਵ ਖੰਡ ਰਿਹਾ ਸਮਾਏ । ਵਿਚ ਵਰਭੰਡ ਕੋਈ ਅੰਤ ਨਾ ਪਾਏ । ਏਕਾ ਜੋਤ ਗਗਨ ਜਗਾਏ । ਏਕਾ ਅਗਨ ਏਕਾ ਮਗਨ ਰੰਗ ਚੰਦ ਸੂਰਜ ਉਪਜਾਏ । ਸਾਚਾ ਪ੍ਰਭ ਸਾਚਾ ਕਰਮ ਸਾਚਾ ਧਰਮ ਸਾਚੀ ਸਰਨ ਵਿਚ ਮਾਤ ਆਪ ਚਲਾਏ । ਜੋਤ ਸਰੂਪੀ ਜੋਤ ਪ੍ਰਭ ਵਰਤੇ ਵਰਤਾਏ । ਆਪ ਬਣਾਇਆ ਆਪ ਰਚਾਇਆ । ਧਵਲ ਉਪਜਾਇਆ ਨਾਮ ਧਰਵਾਇਆ । ਬ੍ਰਹਮਾ ਉਪਜਾਇਆ ਵੇਦ ਪੜ੍ਹਾਇਆ । ਜਗਤ ਸੁਣਾਇਆ ਮਾਣ ਦਵਾਇਆ । ਹੱਥ ਸ੍ਰਿਸ਼ਟ ਫੜਾਇਆ । ਬ੍ਰਹਮਲੋਕ ਸਰਨਾਇਆ । ਜੋਤ ਸਰੂਪੀ ਜੋਤ ਪ੍ਰਭ ਆਪਣਾ ਖੇਲ ਰਚਾਇਆ । ਸ਼ਿਵ ਉਪਜਾਏ ਨਾਮ ਦਵਾਏ । ਭਗਤੀ ਲਾਏ ਆਪ ਭੁਲਾਏ । ਹੰਕਾਰ ਧਰਾਏ ਮਾਣ ਗਵਾਏ, ਮੋਹਣੀ ਰੂਪ ਹੋਏ ਆਏ । ਆਪ ਅਛਲ ਛਲ ਕਰਾਏ । ਸ਼ਿਵ ਸੰਭੂ ਆਪ ਭੁਲਾਏ । ਜੋਤ ਸਰੂਪੀ ਜੋਤ ਪ੍ਰਭ, ਕੋਈ ਭੇਵ ਨਾ ਪਾਏ । ਆਪ ਭੁਲਾਇਆ ਆਪ ਡੁਲਾਇਆ । ਮੋਹਣੀ ਮੋਹਣਾ ਰੂਪ ਬਣਾਇਆ । ਆਪਣਾ ਧੀਰਜ ਆਪ ਅਖਵਾਇਆ । ਬੇਮੁਖ ਹੋਏ ਸੁੱਧ ਭੁਲਾਇਆ । ਕਾਮ ਕਰੋਧ ਬਹੁਤ ਸਤਾਇਆ । ਅਗਨੀ ਅਗਨ ਅਗਨ ਤਨ ਲਗਾਇਆ । ਮਗਨੀ ਮਗਨ ਹੱਥ ਨਾ ਆਇਆ । ਜੋਤ ਸਰੂਪੀ ਜੋਤ ਪ੍ਰਭ ਹੰਕਾਰ ਨਿਵਾਰੀ ਆਪ

ਅਖਵਾਇਆ । ਖੇਲ ਰਚਾਇਆ ਭੇਖ ਧਰਾਇਆ । ਦਰ ਮੰਗਾਇਆ ਦਾਨ ਦਵਾਇਆ । ਹੰਕਾਰ ਗਵਾਇਆ ਭਸਮੰਤਰ ਕਰ ਆਪ ਤਰਾਇਆ । ਆਏ ਭੰਨਾ ਹੱਥ ਨਾ ਆਇਆ । ਜਾਏ ਪਹਾੜਾਂ ਸਿਰ ਛੁਪਾਇਆ । ਪੂਛੋਂ ਖਿਚ ਬਾਹਰ ਕਢਾਇਆ । ਭੈਂਸਾ ਰੂਪ ਸ਼ਿਵ ਬਣਾਇਆ । ਆਪ ਆਪਣਾ ਫਿਰ ਵਟਾਇਆ । ਹੋਏ ਪਰਤੱਖ ਦਰਸ ਦਿਖਾਇਆ । ਲਿਆ ਰੱਖ ਕਰਮ ਕਮਾਇਆ । ਹੋਇਆ ਕੱਖ ਪ੍ਰਭ ਸਰਨ ਲਗਾਇਆ । ਜੋਤ ਸਰੂਪੀ ਜੋਤ ਪ੍ਰਭ, ਸ਼ਿਵ ਭੁਲਾਏ ਆਣ ਤਰਾਇਆ । ਆਪ ਤਰਾਏ ਮਾਣ ਦਵਾਏ । ਜਗਤ ਰਖਾਏ ਨਾਮ ਜਪਾਏ । ਸੇਵਾ ਲਾਏ ਦੇ ਵਡਿਆਏ । ਜੋਤ ਸਰੂਪੀ ਜੋਤ ਪ੍ਰਭ ਕੋਈ ਭੇਵ ਨਾ ਪਾਏ । ਦੇਵੇ ਵਡਿਆਈ ਬਣਤ ਬਣਾਈ । ਖੇਲ ਰਚਾਈ ਮਾਇਆ ਰੂਪੀ ਸੰਤਾਨ ਉਪਾਈ । ਪਾਰਬਤੀ ਦੀ ਗੋਦ ਸੁਹਾਈ । ਸੁਰਤੀ ਸੁਰਤ ਸ਼ਿਵ ਲਗਾਈ । ਚੌਵੀ ਬਰਸ ਘਰ ਤਜਾਈ । ਬ੍ਰਹਮਚਾਰੀ ਯਤ ਰਖਾਈ । ਬਾਰਾਂ ਬਰਸ ਸਤਿ ਰਖਾਈ । ਆਤਮ ਧੀਰਜ ਪਾਰਬਤੀ ਆਪ ਰਖਾਈ । ਦੂਜੀ ਤਾੜੀ ਫਿਰ ਲਗਾਈ । ਆਤਮ ਪਾਰਬਤੀ ਬਿਲਲਾਈ । ਭਗਵਾਨ ਆਪ ਇਹ ਬਣਤ ਬਣਾਈ । ਦੇਵੇ ਦਾਨ ਦਰ ਮੰਗਣ ਆਈ । ਏਕਾ ਧਿਆਨ ਸਰਨ ਲਗਾਈ । ਵਿਸ਼ਨੂੰ ਭਗਵਾਨ ਦਇਆ ਕਮਾਈ । ਸੇਤਜ ਪੂਤ ਆਪ ਉਪਜਾਈ । ਪਾਰਬਤੀ ਪਕੜ ਉਠਾਈ । ਮੋਹਣ ਮੁੰਮੇ ਲਿਆ ਪਾਈ । ਸਾਚਾ ਸੀਰ ਆਪ ਪਿਆਈ । ਆਪਣੀ ਪਤਿ ਆਪ ਰਖਾਈ । ਅਚਰਜ ਖੇਲ ਆਪ ਕਰਾਈ । ਬਿਨ ਮਾਤਾ ਬਿਨ ਪਿਤ ਜੋਤ ਉਪਜਾਈ । ਜੋਤ ਸਰੂਪੀ ਜੋਤ ਪ੍ਰਭ, ਜੀਵ ਜੰਤ ਕੋਈ ਭੇਵ ਨਾ ਪਾਈ । ਜੋਤ ਉਪਾਇਆ ਗੋਦ ਸੁਲਾਇਆ ਸੀਰ ਪਿਲਾਇਆ । ਬਾਰਾਂ ਬਰਸ ਵਕਤ ਸੁਹਾਇਆ । ਸ਼ਿਵ ਜੀ ਉਠ ਘਰ ਨੂੰ ਆਇਆ । ਵੇਖ ਪੂਤ ਆਤਮ ਘਬਰਾਇਆ । ਸਾਚਾ ਸੁਤ ਕਿਸ ਉਪਜਾਇਆ । ਬੋਲਿਆ ਪਾਰਬਤੀ ਦਾ ਜਾਇਆ । ਭੁਲਾਈ ਸੁਰਤ ਹੰਕਾਰ ਰਖਾਇਆ । ਤੇਗ ਉਠਾਇਆ ਤੁਰਤ ਸੀਸ ਉਡਾਇਆ । ਵੱਢਿਆ ਸੀਸ ਦਿਸ ਨਾ ਆਇਆ । ਜੋਤ ਸਰੂਪੀ ਜੋਤ ਪ੍ਰਭ ਅਚਰਜ ਖੇਲ ਕਰੇ ਕਰਾਇਆ । ਉਡਿਆ ਸੀਸ ਨਾ ਦਿਸੇ ਦੀਸ । ਖੇਲ ਕਰੇ ਆਪ ਜਗਦੀਸ । ਜੀਵ ਜੰਤ ਨਾ ਕਰੇ ਰੀਸ । ਹੰਕਾਰੀਆ ਪ੍ਰਭ ਜਾਏ ਪੀਸ । ਜੋਤ ਸਰੂਪੀ ਜੋਤ ਪ੍ਰਭ ਛਤਰ ਝੁਲਾਏ ਏਕਾ ਆਪਣੇ ਸੀਸ ।। ਸ਼ਿਵ ਆਇਆ ਚਰਨ ਲਗਾਇਆ । ਘਰ ਬਾਹਰ ਸੁਹਾਇਆ । ਪਾਰਬਤੀ ਸੀਸ ਝੁਕਾਇਆ । ਧੰਨ ਭਾਗ ਪ੍ਰਭ ਘਰ ਮੇਂ ਪਾਇਆ । ਹੋਇਆ ਸੁਹਾਗ ਆਈ ਜਾਗ ਚੌਵੀ ਬਰਸ ਵਿਹਾਇਆ । ਚਰਨ ਲਾਗ ਆਤਮ ਰਸ ਪਾਇਆ । ਜੋਤ ਸਰੂਪੀ ਜੋਤ ਪ੍ਰਭ ਆਪਣਾ ਭੇਦ ਨਾ ਕਿਸੇ ਜਣਾਇਆ । ਸਾਚੇ ਘਰ ਮੰਗਲਚਾਰ ਸਾਚਾ ਪ੍ਰਭ ਘਰ ਮੇਂ ਪਾਇਆ । ਆਪਣਾ ਆਪ ਆਪ ਸੁਣਾਇਆ । ਸਾਚਾ ਪੂਤਮ ਪ੍ਰਭ ਦਰ ਤੇ ਪਾਇਆ । ਸਾਚਾ ਸੂਤ ਤਾਣਾ ਪੇਟਾ ਇਕ ਰਖਾਇਆ । ਬੂਝਤ ਬੂਝ ਇਹ ਧਿਆਨ ਲਗਾਇਆ । ਪਤਿ ਪਰਮੇਸ਼ਵਰ ਇਹ ਕਰਮ ਕਮਾਇਆ । ਗੋਦ ਮੇਰੀ ਵਿਚ ਪੁੱਤ ਸੁਲਾਇਆ । ਵੇਖ ਅਸਚਰਜ ਸ਼ਿਵ ਕਰੇ ਦੁਹਾਇਆ । ਇਹ ਕੀ ਕਹਿਰ ਮੈਂ ਵਰਤਾਇਆ । ਪ੍ਰਭ ਸਾਚੇ ਦੀ ਸਾਰ ਨਾ ਪਾਇਆ । ਤੇਰਾ ਪੂਤ ਜਮ ਲੋਕ ਸਿਧਾਇਆ । ਪਾਰਬਤੀ ਨੂੰ ਆਖ ਸੁਣਾਇਆ । ਲੋਕ ਪਰਲੋਕ ਉਹ ਹੱਥ ਨਾ ਆਇਆ ।। ਵਡਾ ਸੋਗ ਪਾਰਬਤੀ ਮਨਾਇਆ । ਜੋਤ ਸਰੂਪੀ ਜੋਤ ਪ੍ਰਭ ਭਰਮ ਭੁਲੇਖੇ ਸਰਬ ਭੁਲਾਇਆ । ਪਾਰਬਤੀ ਕਰੇ ਪੁਕਾਰ । ਸੁਣ ਮੇਰੇ ਗੁਰ ਦਾਤਾਰ । ਮੈਂ ਹਾਂ ਤੇਰੀ ਚਰਨ ਪਨਿਹਾਰ । ਪੂਤ ਮਾਤ ਸਦ ਪਿਆਰ । ਮੇਰਾ ਪੂਤ ਪਾਰ ਉਤਾਰ । ਮਾਨਸ ਜਨਮ ਨਾ ਜਾਏ ਹਾਰ । ਦਰ ਦਰ ਹੋਵਾਂ ਮੈਂ ਖੁਆਰ । ਕੋਇ ਨਾ ਪਾਵੇ ਮੇਰੀ ਸਾਰ । ਕਿਰਪਾ ਕਰ ਆਪ ਕਰਤਾਰ ।

ਦੁਤਰ ਦੇਵੇ ਤਾਰ । ਸੱਤ ਸੰਗ ਮੇਰਾ ਪਿਆਰ । ਜੋਤ ਸਰੂਪੀ ਜੋਤ ਪ੍ਰਭ ਕੋਇ ਨਾ ਪਾਵੇ ਸਾਰ । ਸ਼ਿਵ ਜੀ ਇਹ ਸੁਣੀ ਪੁਕਾਰਾ । ਪਾਰਬਤੀ ਕਰੇ ਹਾਹਾਕਾਰਾ । ਆਤਮ ਕਰੇ ਗਹਿਰ ਵਿਚਾਰਾ । ਪ੍ਰਭ ਕਾ ਖੇਲ ਅਪਰ ਅਪਾਰਾ । ਜੀਵ ਜੰਤ ਕਿਆ ਕਰੇ ਵਿਚਾਰਾ । ਸਾਧ ਸੰਤ ਨਾ ਪਾਰਵਾਰਾ । ਅਨੰਤ ਅਨੰਤ ਅਨੰਤ ਮੁਰਾਰਾ । ਅਕੰਤ ਅਕੰਤ ਅਕੰਤ ਨਿਰਾਧਾਰਾ । ਜੋਤ ਸਰੂਪੀ ਜੋਤ ਪ੍ਰਭ ਗੁਰਮੁਖ ਵਿਰਲਾ ਕਰੇ ਵਿਚਾਰਾ । ਸਾਚੀ ਬੂਝ ਆਪ ਬੁਝਾਏ । ਏਕਾ ਦੂਜ ਆਪ ਚੁਕਾਏ । ਆਪਣਾ ਗੁਝ ਆਪ ਖੁਲ੍ਹਾਏ । ਜੋਤ ਸਰੂਪੀ ਜੋਤ ਪ੍ਰਭ ਆਪਣੀ ਬਣਤ ਆਪ ਬਣਾਏ । ਪਵਣ ਅਹਾਰੀ ਲਈ ਉਡਾਰੀ । ਚਾਰ ਕੁੰਟ ਵੇਖੇ ਸਾਰੀ । ਹੱਥ ਨਾ ਆਵੇ ਲੱਥਾ ਸੀਸ ਕਟਾਰੀ । ਰੈਣ ਸਬਾਈ ਹੋਏ ਖੁਆਰੀ । ਤੋੜੇ ਪ੍ਰਭ ਇਕ ਹੰਕਾਰੀ । ਇਕ ਬੇਨੰਤੀ ਪ੍ਰਭ ਦਰ ਗੁਜਾਰੀ । ਦਿਸੇ ਪ੍ਰਭ ਇਕ ਗਿਰਧਾਰੀ । ਦੇਵੇ ਧਿਆਨ ਆਪ ਮੁਰਾਰੀ । ਹੋਇਆ ਗਿਆਨ ਪਾਏ ਸ਼ੁਮਾਰੀ । ਜੋਤ ਸਰੂਪੀ ਜੋਤ ਪ੍ਰਭ ਆਪ ਕਰਾਏ ਆਪਣੀ ਕਾਰੀ । ਆਇਆ ਧਿਆਨ ਉਪਜਿਆ ਗਿਆਨ । ਕੀਆ ਇਸ਼ਨਾਨ ਵਿਚ ਬੀਆਬਾਨ । ਵੇਖੇ ਨਿਸ਼ਾਨ ਗਜਨੀ ਸੁੱਤੀ ਕਰ ਪਿਠਾਨ । ਪੁਤ ਪਾਇਆ ਨੈਣ ਮੁੰਧਾਨ । ਕੱਟਿਆ ਸੀਸ ਹੋਏ ਬਲੀ ਬਲਵਾਨ । ਘਰ ਲੈ ਆਇਆ ਸਾਚਾ ਧਾਨ । ਪਾਰਬਤੀ ਨੂੰ ਮਿਲਿਆ ਆਣ । ਜੋਤ ਸਰੂਪੀ ਜੋਤ ਪ੍ਰਭ ਗਵਾਏ ਸਭ ਦਾ ਮਾਣ । ਪਾਰਬਤੀ ਸ਼ਿਵ ਹੁਕਮ ਸੁਣਾਵੇ । ਆਪਣਾ ਕੀਆ ਆਪ ਬਤਾਵੇ । ਮੋਇਆ ਜੀਆ ਫੇਰ ਜਵਾਵੇ । ਏਕਾ ਦੂਆ ਦੂਆ ਤੀਆ ਹੋ ਜਾਵੇ । ਮੇਰਾਂ ਕੀਆ ਕਿਛ ਨਾ ਹੋਵੇ । ਸਾਚਾ ਕੀਆ ਪ੍ਰਭ ਰਘੁਰਾਵੇ । ਆਪਣੀ ਭੁਲ ਆਪ ਬਖ਼ਸ਼ਾਵੇ । ਕਰੇ ਬੇਨੰਤੀ ਜੋ ਜੀਵ ਕਰਾਵੇ । ਆਦਿਨ ਅੰਤੀ ਦਰਸ ਦਿਖਾਵੇ । ਸਾਧਨ ਸੰਤੀ ਲਾਜ ਰਖਾਵੇ । ਬੈਠ ਇਕੰਤੀ ਜੋਤ ਜਗਾਵੇ । ਕਰ ਬੇਨੰਤੀ ਜੋ ਜਨ ਚਰਨੀ ਸੀਸ ਨਿਵਾਵੇ । ਜੋਤ ਸਰੂਪੀ ਜੋਤ ਪ੍ਰਭ ਆਪਣੀ ਦਇਆ ਕਮਾਵੇ । ਸ਼ਿਵ ਆਤਮ ਭਾਖੇ ਅਲਖ ਨਾ ਲਾਖੇ ਸਾਚੇ ਵਸਾਖੇ । ਗਜਨੀ ਸੁਤ ਰਾਜ ਸੀਸ ਧੜ ਉਪਰ ਰਾਖੇ । ਬੀਸ ਇਕੀਸ ਏਕ ਅਲਾਖੇ । ਜੋਤ ਸਰੂਪੀ ਜੋਤ ਪ੍ਰਭ ਆਪੇ ਵੇਖੇ ਆਪੇ ਭਾਖੇ । ਉਪਰ ਸੀਸ ਧੜ ਟਿਕਾਇਆ । ਬਾਂਹੋਂ ਫੜ ਪ੍ਰਭ ਫੇਰ ਜਗਾਇਆ । ਹੰਕਾਰ ਗਿਆ ਸ਼ਿਵ ਪ੍ਰਭ ਸਰਨੀ ਸੀਸ ਝੁਕਾਇਆ । ਜੋਤ ਸਰੂਪੀ ਵਿਚ ਬੈਠ ਬੁਝਾ ਦੀਪਕ ਫੇਰ ਜਗਾਇਆ । ਆਪ ਚਲਾਏ ਨਾੜੀ ਨੜ ਆਪਣਾ ਆਪ ਵਿਚ ਸਮਾਇਆ । ਸ਼ਬਦ ਸ਼ਬਦ ਪ੍ਰਭ ਦੇਵੇ ਗੁਣ, ਲੋਕਮਾਤ ਵਿਚ ਨਾਮ ਵਡਿਆਇਆ । ਪ੍ਰਭ ਸਾਚੇ ਦੇ ਜਨ ਲਗੇ ਸਰਨ, ਪ੍ਰਭ ਬੇੜਾ ਪਾਰ ਕਰਾਇਆ । ਸਚ ਦਰ ਆਏ ਜਾਏ ਨਾ ਮਰ, ਪ੍ਰਭ ਸਾਚੇ ਸਿਰ ਹੱਥ ਟਿਕਾਇਆ । ਕੋਇ ਨਾ ਜਾਏ ਆਗੇ ਅੜ, ਏਕ ਸ਼ਬਦ ਪ੍ਰਭ ਚਲਾਇਆ । ਬੇਮੁਖਾਂ ਹੋਇਣ ਭਾਗ ਮਾੜ, ਪ੍ਰਭ ਸਾਚੇ ਮੁਖ ਭਵਾਇਆ । ਵਹਿੰਦੇ ਜਾਣ ਕਲ ਬਹਿੰਦੇ ਹੜ੍ਹ, ਨਾ ਕੋਈ ਹੋਏ ਸਹਾਇਆ । ਬੇਮੁਖ ਜੀਵ ਡਿਗਣ ਧੜ ਧੜ, ਅਗਨ ਮੇਘ ਆਪ ਬਰਸਾਇਆ । ਚਾਰ ਕੁੰਟ ਹੋਏ ਤੜ ਤੜ, ਬੀਰ ਬੇਤਾਲੀ ਪ੍ਰਭ ਟੁੰਬ ਉਠਾਇਆ । ਵਡ ਵਡ ਇੰਦ ਰਜਾਇਣ ਵਡ, ਸੋਹੰ ਬਾਣ ਪ੍ਰਭ ਚਲਾਇਆ । ਸ੍ਰਿਸ਼ਟ ਸਬਾਈ ਹੋ ਜਾਏ ਦੋ ਧੜ, ਅਚਰਜ ਖੇਲ ਪ੍ਰਭ ਆਪ ਕਰਾਇਆ । ਜੋਤ ਸਰੂਪੀ ਜੋਤ ਪ੍ਰਭ ਆਦਿ ਅੰਤ ਕਰੇ ਭਸਮੰਤ, ਹੰਕਾਰ ਨਿਵਾਰ ਆਪ ਅਖਵਾਇਆ । ਸ਼ਿਵ ਜੀ ਦੇਵੇ ਪ੍ਰਭ ਅਦੇਸਾ । ਸਾਚਾ ਪ੍ਰਭ ਹਿਰਦੇ ਪਰਵੇਸਾ । ਜੋਤ ਸਰੂਪੀ ਸੁਰਤ ਸ਼ਬਦ ਸ਼ਬਦ ਸੁਰਤ ਦੇਵੇ ਸਚ ਸੰਦੇਸਾ । ਮਾਤਲੋਕ ਪੂਤ ਪਬੀ ਨਾਉਂ ਧਰਾਏ ਗਨੇਸ਼ਾ । ਚਾਰ ਜੁਗ ਪੂਜ ਕਰਾਏ ਵਿਚ ਮਾਤ ਹਮੇਸਾ । ਅੰਤਕਲ ਚੌਥੇ ਜੁਗ ਪ੍ਰਭ ਮਿਟਾਏ ਅੰਦੇਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਮਾਣ


੧੦੪ ੦੨

ਗਵਾਏ ਬ੍ਰਹਮਾ ਵਿਸ਼ਨ ਮਹੇਸ਼ਾ । ਆਪ ਉਪਾਇਆ ਆਪ ਉਪਜਾਇਆ । ਆਪ ਤਰਾਇਆ ਆਪ ਗਵਾਇਆ । ਮਹਾਰਾਜ ਸ਼ੇਰ ਸਿੰਘ ਆਪੇ ਆਪ ਕਰੇ ਕਰਾਇਆ । ਜੋਤ ਜਗਾਏ ਗਗਨ ਮੰਡਲ ਰਹਾਏ । ਭਵਖੰਡਨ ਕੋਇ ਸਾਰ ਨਾ ਪਾਏ । ਵਡ ਵਡਣ ਪ੍ਰਭ ਆਪ ਅਖਵਾਏ । ਜੋਤ ਸਰੂਪੀ ਜੋਤ ਪ੍ਰਭ ਏਕਾ ਜੋਤ ਅਕਾਰ ਵਿਚ ਅਕਾਸ਼ ਰਖਾਏ । ਵਿਚ ਆਕਾਸ਼ ਜੋਤ ਨਿਰਾਲੀ । ਏਕਾ ਜੋਤ ਪ੍ਰਭ ਪਤਾਲਣ ਪਤਾਲੀ । ਬਾਸ਼ਕ ਸੇਜ ਆਪ ਸੰਭਾਲੀ । ਨੈਣ ਮੁੰਧਾਰੀ ਸੁਖ ਆਸਣ ਥਾਏ ਸਮਾਲੀ । ਕਿਰਪਾ ਨਿਧ ਕਿਰਪਾ ਕਰ ਲਛਮੀ ਚਰਨ ਝੱਸਣ ਲਾ ਲੀ । ਝੱਸੇ ਚਰਨ ਲੱਗੇ ਸਰਨ ਮਨ ਹੰਕਾਰ ਰਖਾ ਲੀ । ਕਰੇ ਪਿਆਰ ਆਤਮ ਵਿਚਾਰ ਜੋਤ ਸਰੂਪੀ ਜੋਤ ਪ੍ਰਭ ਗੂੜ੍ਹੀ ਨੀਂਦ ਸੁਲਾ ਲੀ । ਪ੍ਰਭ ਗਿਰਧਾਰੇ ਜੋਤ ਨਿਰੰਕਾਰੇ ਨਾ ਕੋਇ ਪਾਵੇ ਸਾਰੇ, ਆਲਸ ਨਿੰਦਰਾ ਪ੍ਰਭ ਨੇੜ ਨਾ ਆਏ । ਪਸਰ ਪਸਾਰ ਵਿਚ ਸੰਸਾਰ ਮਾਤਲੋਕ ਪ੍ਰਭ ਜੋਤ ਪਰਗਟਾਏ । ਜੋਤ ਜਗਾਏ ਆਪਣਾ ਆਪ ਉਪਾਏ । ਪੰਜ ਤੱਤਾਂ ਵਿਚ ਸਮਾਏ । ਮਛ ਕਛ ਰੂਪ ਹੋ ਜਾਏ । ਆਪਣੀ ਬਣਤ ਆਪ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਵਿਚ ਮਾਤ ਦੇ ਪਾਏ । ਜੋਤ ਸਰੂਪੀ ਜਾਮਾ ਪਾਇਆ । ਆਵਣ ਜਾਵਣ ਖੇਲ ਰਚਾਇਆ । ਪਤਤ ਪਾਵਨ ਆਪ ਅਖਵਾਇਆ । ਹੋਏ ਮਿਹਰਵਾਨ ਦਇਆ ਕਮਾਏ । ਹੰਸਾ ਹੰਸ ਭਗਵਾਨ ਆਪ ਅਖਵਾਏ । ਰੂਪ ਧਾਰ ਬਾਵਨ ਦਰ ਮੰਗਣ ਆਏ, ਕੋਇ ਨਾ ਪਾਵੇ ਸਾਰਾ । ਆਵੇ ਜਾਵੇ ਵਾਰੋ ਵਾਰਾ । ਕਿਆ ਕੋਈ ਜਨ ਕਰੇ ਵਿਚਾਰਾ । ਕਿਆ ਕੋਈ ਜਾਣੇ ਜਨ ਪ੍ਰਭ ਸਾਰਾ । ਕਿਆ ਕੋਈ ਜਾਣੇ ਪ੍ਰਭ ਦਰਸ ਅਪਾਰਾ । ਕਿਆ ਕੋਈ ਬੰਦਾ ਦਾਅਵਾ ਕਰੇ ਕਰਾਵੇ ਜੀਵ ਪ੍ਰਭ ਪਾਏ ਸਾਰਾ । ਪ੍ਰਭ ਸਾਚੇ ਕਾ ਸਚ ਵਰਤਾਰਾ । ਚਲੇ ਚਲਾਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰੇ ਆਪ ਵਰਤਾਰਾ । ਆਪ ਵਰਤਾਵੇ ਜੋਤ ਜਗਾਏ । ਨਾਮ ਰਖਾਏ ਜੀਵ ਜੰਤ ਤਰਾਏ । ਦੇਵ ਦੰਤ ਮਿਟਾਏ । ਸਾਧ ਸੰਤ ਸੁਹਾਏ ਆਪ ਬਣਤ ਬਣਾਏ । ਜੋਤ ਸਰੂਪੀ ਜੋਤ ਪ੍ਰਭ, ਜੁਗੋ ਜੁਗ ਵਿਚ ਮਾਤ ਦੇ ਆਏ । ਆਏ ਜਾਏ ਖੇਲ ਰਚਾਏ । ਜਨ ਭਗਤ ਉਪਾਏ ਸੇਵਾ ਲਾਏ । ਕਰਮ ਕਰਵਾਏ ਮਾਣ ਦਵਾਏ । ਸਾਚੀ ਦਰਗਹਿ ਪਾਈ ਥਾਏਂ । ਜੋਤ ਸਰੂਪੀ ਜੋਤ ਪਰਗਟਾਏ । ਆਪ ਆਪਣਾ ਮੇਲ ਮਿਲਾਏ । ਆਪ ਮਿਲਾਇਆ ਆਪ ਤਰਾਇਆ, ਆਪ ਉਪਾਇਆ ਨਾਉਂ ਰਖਾਇਆ, ਭਓ ਵਖਾਇਆ ਖਓ ਚੁਕਾਇਆ ਘਾਓ ਲਗਾਇਆ, ਸੋਹੰ ਰਿਦੇ ਵਸਾਇਆ, ਜੋਤ ਸਰੂਪੀ ਜੋਤ ਪ੍ਰਭ ਜੁਗੋ ਜੁਗ ਵਿਚ ਮਾਤ ਦੇ ਆਇਆ । ਸਾਚਾ ਆਏ ਜੋਤ ਜਗਾਏ, ਹੰਸਾ ਅਖਵਾਏ ਸਰਬੰਸਾ ਬਣ ਜਾਏ, ਜੋਤ ਸਰੂਪੀ ਜੋਤ ਪ੍ਰਭ ਆਪ ਆਪਣਾ ਰਿਹਾ ਪਰਗਟਾਏ । ਜੋਤ ਪਰਗਟਾਇਆ ਪ੍ਰਭ ਉਪਾਇਆ ਤਰਾਇਆ ਅਖਵਾਇਆ ਗਵਾਇਆ ਮਾਣ, ਰਾਵਣ ਆਣ ਚੁਕਾਏ ਕਾਨ, ਸੁੰਞ ਮਸਾਣ ਰਾਮ ਰਾਮ ਰਾਮ ਅਖਵਾਇਆ । ਰਾਮ ਅਖਵਾਏ ਭਗਤ ਤਰਾਏ ਤ੍ਰੇਤਾ ਸੁਹਾਏ । ਵਡ ਵਡ ਦੇਵੀ ਦੇਵ ਅਖਵਾਏ । ਨਿਤਾਣਿਆਂ ਸਿਰ ਹੱਥ ਟਿਕਾਏ । ਨਿਮਾਣਿਆ ਗਲੇ ਲਗਾਏ । ਜਾਏ ਭੀਲਨੀ ਬੇਰ ਖਾਏ । ਚਰਨ ਕਵਲ ਉਪਰ ਧਵਲ ਵਿੱਚ ਜਲ ਦੇ ਪਾਏ । ਪੂਰਨ ਪ੍ਰਭ ਸਰਨ ਸਰਬ ਲਗਾਏ । ਆਪ ਆਪਣੀ ਦਇਆ ਕਮਾਏ । ਅੱਗੇ ਚਰਨ ਫਿਰ ਉਠਾਏ । ਨਦੀ ਕਿਨਾਰੇ ਡੇਰਾ ਲਾਏ । ਸਤੋ ਸਤੀ ਪ੍ਰਭ ਆਪ ਤਰਾਏ । ਬੈਠੀ ਅਹਲਿਆ ਚਰਨ ਛੁਹਾਏ । ਕਿਰਪਾ ਕਰ ਪਾਰ ਕਰਾਏ । ਜੋਤ ਸਰੂਪੀ ਜੋਤ ਧਰ, ਵਿਚ ਬਬਾਣ ਲਏ ਬਿਠਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਵਿਚ ਜੋਤੀ ਮੇਲ ਮਿਲਾਏ । ਸਤੀ ਅਹਲਿਆ ਡੇਰਾ ਲਾਏ । ਸਤੀ ਅਹਲਿਆ ਆਪੇ ਤਾਰੇ । ਕਿਰਪਾ


੧੦੫ ੦੨

ਕਰੇ ਆਪ ਗਿਰਧਾਰੇ । ਚਲ ਕੇ ਆਏ ਗੰਗਾ ਕਿਨਾਰੇ । ਰੱਖੇ ਚਰਨ ਪ੍ਰਭ ਮੁਰਾਰੇ । ਏਕਾ ਜੋਤ ਹੋਏ ਅਕਾਰੇ । ਦੇਵੇ ਵਡਿਆਈ ਵਿਚ ਸੰਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਪਾਰ ਉਤਾਰੇ । ਮਾਣ ਦਵਾਏ ਵਕਤ ਸੁਹਾਏ ਜਗਤ ਰਖਾਏ । ਜੁਗੋ ਜੁਗ ਜੋਤ ਸਰੂਪ ਜਾਮਾ ਵਿਚ ਮਾਤ ਦੇ ਪਾਏ । ਜਾਮਾ ਪਾਇਆ ਜੁਗ ਉਲਟਾਇਆ । ਆਪ ਉਪਾਇਆ ਨਾਉਂ ਧਰਾਇਆ । ਕ੍ਰਿਸ਼ਨ ਅਖਵਾਇਆ ਰੂਪ ਵਟਾਇਆ । ਸਾਵਲ ਸੁੰਦਰ ਸਿਰ ਮੁਕਟ ਟਿਕਾਇਆ । ਕਵਲ ਨੈਣ ਆਪ ਅਖਵਾਇਆ । ਗੁਰਸਿਖ ਵੇਖੇ ਨੈਣ ਜਿਸ ਦਇਆ ਕਮਾਇਆ । ਵਹਿੰਦੇ ਵਹਿਣ ਜਗਤ ਵਹਾਇਆ । ਜੋਤ ਸਰੂਪੀ ਜੋਤ ਪ੍ਰਭ ਜੁਗੋ ਜੁਗ ਵਿਚ ਮਾਤ ਦੇ ਆਇਆ । ਸਾਚਾ ਪ੍ਰਭ ਜੋਤ ਪਰਗਟਾਏ । ਗੁਰਮੁਖ ਸਾਚੇ ਗਲੇ ਲਗਾਏ । ਮਾਨਸ ਜਨਮ ਲੇਖੇ ਲਾਏ । ਜੋਤ ਸਰੂਪੀ ਜੋਤ ਪ੍ਰਭ ਜੁਗੋ ਜੁਗ ਵਿਚ ਮਾਤ ਦੇ ਆਏ । ਜਨ ਭਗਤ ਪੈਜ ਰਖਾਏ । ਜਾਮਾ ਧਾਰਿਆ ਸੁਦਾਮਾ ਅਧਾਰਿਆ ਬਿਦਰ ਨਿਵਾਰਿਆ । ਦੁਰਯੋਧਨ ਹੰਕਾਰਿਆ ਕਰੇ ਖੁਆਰਿਆ । ਪ੍ਰਭ ਪਾਂਡੋ ਪੈਜ ਸਵਾਰਿਆ । ਰੱਖੇ ਲਾਜ ਦਰੋਪਤ ਸੁਤ ਵਿਚ ਸਭਾ ਆਪ ਮੁਰਾਰਿਆ । ਜੋਤ ਸਰੂਪ ਜੁਗੋ ਜੁਗ ਜਾਮਾ ਵਿਚ ਮਾਤ ਦੇ ਧਾਰਿਆ । ਜਾਮਾ ਧਾਰੇ ਖੇਲ ਰਚਾਏ । ਬਣਤ ਬਣਾਏ ਸਪਤ ਰਿਖ ਆਪ ਉਪਾਏ । ਸੰਗ ਪਰਾਸਰ ਆਪ ਰਲਾਏ । ਉਪਰ ਨਦੀ ਚਲ ਕੇ ਆਏ । ਉਪਰ ਤਟ ਚਰਨ ਟਿਕਾਏ । ਏਕਾ ਨੌਕਾ ਪਾਰ ਕਰਾਏ । ਝੀਵਰ ਸਪੁੱਤਰੀ ਕਰਮ ਕਮਾਏ । ਸਾਚਾ ਕੀਆ ਸਚ ਫਲ ਪਾਏ । ਜੁਗੋ ਜੁਗ ਜੋਤ ਸਰੂਪ ਜਾਮਾ ਵਿਚ ਮਾਤ ਦੇ ਪਾਏ । ਪਰਾਸਰ ਆਇਆ ਵੇਖ ਖਿਆਲ । ਕਰੇ ਪਿਆਰ ਅੰਞਾਣ । ਕੰਨਿਆ ਬਾਲ ਦੇਵੇ ਵਰ ਸਤਿ ਸਮਾਨ । ਕੁਵਾਰੀ ਜਨਮੇ ਏਕਾ ਬਾਲ । ਕੀਆ ਵਿਹਾਰ ਆਪ ਕਮਾਲ । ਕੋਇ ਨਾ ਜਾਣੇ ਜਗਤ ਖਿਆਲ । ਜੋਤ ਸਰੂਪੀ ਜੋਤ ਧਰ ਆਪ ਚਲਾਏ ਆਪਣੀ ਚਾਲ । ਬਾਲ ਕੰਨਿਆ ਕਰੇ ਵਿਚਾਰਾ । ਹੋਏ ਪੂਤ ਜਗਤ ਖੁਆਰਾ । ਕੋਇ ਨਾ ਦੇਵੇ ਮੈਂ ਸਹਾਰਾ । ਪਰਾਸਰ ਰਿਖ ਚਰਨ ਨਿਮਸਕਾਰਾ । ਕਿਰਪਾ ਕਰ ਆਪ ਗਿਰਧਾਰਾ । ਮੁਖ ਵਾਕ ਕੀਆ ਵਿਚਾਰਾ । ਕੁਆਰ ਕੰਨਿਆਂ ਦੁਖ ਲੱਗਾ ਭਾਰਾ । ਮੇਟ ਮਿਟਾਏ ਚਰਨ ਕਰ ਨਿਮਸਕਾਰਾ । ਜੋਤ ਸਰੂਪੀ ਜੋਤ ਪ੍ਰਭ ਕਰੇ ਖੇਲ ਅਪਰ ਅਪਾਰਾ । ਰਿਖ ਪਰਾਸਰ ਆਖ ਸੁਣਾਏ । ਆਪਣੀ ਦਇਆ ਆਪ ਕਮਾਏ । ਕੁਆਰ ਕੰਨਿਆਂ ਜੋਤ ਜਗਾਏ । ਬਾਲਕ ਜਨਮੇ ਕੋਈ ਵੇਖ ਨਾ ਪਾਏ । ਆਪੇ ਜਾਏ ਆਪੇ ਆਏ । ਮਾਤ ਪੂਤ ਆਪ ਅਖਵਾਏ । ਜੀਵ ਜੰਤ ਕੋਈ ਭੇਖ ਨਾ ਪਾਏ । ਬਿਆਸ ਰੂਪ ਹੋਏ ਰਘੁਰਾਏ । ਵੇਲੇ ਅੰਤ ਤੇਰਾ ਹੋਏ ਸਹਾਏ । ਵੇਦ ਵਿਦਾਂਤ ਵਖਾਣ ਪ੍ਰਭ ਵਿਚ ਮਾਤ ਚਲਾਏ । ਜੋਤ ਸਰੂਪੀ ਜੋਤ ਪ੍ਰਭ ਜਾਮਾ ਵਿਚ ਮਾਤ ਦੇ ਪਾਏ । ਆਪਣਾ ਖੇਲ ਆਪ ਪ੍ਰਭ ਕਰਿਆ । ਜੋਤ ਸਰੂਪੀ ਜਾਮਾ ਧਰਿਆ । ਵਿਚ ਭਰਵਾਸ ਰੱਖ ਵਾਸ, ਸਾਚਾ ਕਰਮ ਆਪ ਪ੍ਰਭ ਕਰਿਆ । ਜੋਤ ਸਰੂਪੀ ਜੋਤ ਪ੍ਰਭ ਨਾ ਕਦੇ ਜਾਏ ਨਾ ਕਦੇ ਮਰਿਆ । ਜੋਤ ਨਿਰੰਕਾਰੇ ਭਗਤ ਅਧਾਰੇ ਵਾਰੋ ਵਾਰੇ । ਜਾਮਾ ਮਾਤਲੋਕ ਵਿਚ ਧਾਰੇ । ਜਾਮਾ ਧਾਰ ਭਗਤ ਉਧਾਰੇ ਵਿਚ ਸੰਸਾਰੇ ਪ੍ਰਭ ਗਿਰਧਾਰੇ, ਜੋਤ ਸਰੂਪੀ ਜੋਤ ਪ੍ਰਭ ਸਰਬ ਜੀਆਂ ਦੀ ਪਾਵੇ ਸਾਰੇ । ਧਰੂ ਤਾਰੇ ਪ੍ਰਭ ਗਿਰਧਾਰੇ । ਪ੍ਰਹਿਲਾਦ ਤਰਾਇਆ ਹਰਨਾਕਸ਼ ਨਸ਼ਟ ਕਰਾਇਆ । ਬਾਵਨ ਰੂਪ ਬਣਾਇਆ ਬਲ ਦਰ ਮੰਗਣ ਆਇਆ । ਦੁਰਬਾਸ਼ਾ ਮਾਣ ਗਵਾਇਆ । ਚੱਕਰ ਸੁਦਰਸ਼ਨ ਬਾਣ ਲਗਾਇਆ । ਜਨਕ ਮਾਣ ਦਵਾਇਆ । ਕੁੰਡ ਅਠਾਰਾਂ ਆਣ ਤਰਾਇਆ । ਤਾਰਾ ਰਾਣੀ ਲਾਜ ਰਖਾਇਆ । ਸਾਧ ਸੰਗਤ ਇਕ ਮਨ ਧਿਆਇਆ । ਘਰ ਬਿਦਰ ਭੋਗ ਲਗਾਇਆ । ਅਲੂਣਾ ਸਾਗ ਆਪ ਪ੍ਰਭ ਖਾਇਆ । ਭਗਤ ਸੁਦਾਮਾ

ਦਵਾਰ ਪ੍ਰਭ ਆਇਆ । ਛੱਡ ਸਿੰਘਾਸਣ ਹਰਿ ਜੀ ਚਰਨੀ ਸੀਸ ਨਿਵਾਇਆ । ਦਰੋਪਤੀ ਪ੍ਰਭ ਆਪ ਤਰਾਇਆ । ਕੋਟਨ ਕੋਟ ਚੀਰ ਪਹਨਾਇਆ । ਨਾਮਦੇਵ ਸਿਰ ਹੱਥ ਟਿਕਾਇਆ । ਪਰਗਟ ਜੋਤ ਦਰਸ ਦਿਖਾਇਆ । ਹੋਏ ਪਰਤੱਖ ਭੋਗ ਲਗਾਇਆ । ਜੈ ਦਿਉ ਜਗਤ ਵਡਿਆਇਆ । ਪਰਗਟ ਹੋਏ ਵਿਚ ਲਲਾਟ ਲੇਖ ਲਿਖਾਇਆ । ਚੁਮਿਆਰ ਰਵਿਦਾਸ ਆਪ ਤਰਾਇਆ । ਇਕ ਕਸੀਰਾ ਲਹਿਣੇ ਪਾਇਆ । ਭਗਤ ਕਬੀਰ ਟੁੰਬ ਉਠਾਇਆ । ਏਕਾ ਨਾਮ ਰਾਮ ਤਰਾਇਆ । ਸੈਣ ਨਾਈ ਆਪ ਤਰਾਇਆ । ਸੈਣ ਰੂਪ ਹੋਏ ਘਰ ਰਾਣੇ ਦੇ ਆਪੇ ਆਇਆ । ਸਦਨੇ ਪ੍ਰਭ ਦਇਆ ਕਮਾਇਆ । ਅੰਤਕਾਲ ਹੋਏ ਸਹਾਇਆ । ਗੁਰਮੁਖ ਬੇਣੀ ਆਪ ਤਰਾਇਆ । ਸਿਰ ਨਿਮਾਣੇ ਹੱਥ ਟਿਕਾਇਆ । ਜੋਤ ਸਰੂਪੀ ਜੋਤ ਪ੍ਰਭ, ਜੁਗੋ ਜੁਗ ਜਾਮਾ ਵਿਚ ਮਾਤ ਦੇ ਪਾਇਆ । ਮਾਤਲੋਕ ਪ੍ਰਭ ਜਾਮਾ ਪਾਏ । ਗਨਕਾ ਪਾਪਣ ਆਣ ਤਰਾਏ । ਸੰਤ ਜਨਾਂ ਪ੍ਰਭ ਦੇ ਵਡਿਆਏ । ਆਪ ਤਰਲੋਚਨ ਨਾਮ ਦਵਾਏ । ਪਾਪਣ ਪੂਤਨਾ ਮੋਹਣ ਮੁੰਮੇ ਪਾਏ । ਸਾਚਾ ਪ੍ਰਭ ਅੰਤਮ ਅੰਤ ਆਪ ਕਰਾਏ । ਪ੍ਰਭ ਸਾਚੇ ਦੀ ਸਾਚੀ ਕਾਰ, ਜੁਗੋ ਜੁਗ ਵਿਚ ਮਾਤ ਲਏ ਅਵਤਾਰੇ । ਸਾਚੇ ਪ੍ਰਭ ਦਇਆ ਕਮਾਈ । ਧੰਨੇ ਜੱਟ ਦਿਤੀ ਵਡਿਆਈ । ਪੂਰਨ ਸਾਰ ਤਰਲੋਚਣ ਪਾਈ । ਸਾਚੀ ਭਗਤੀ ਪ੍ਰਭ ਮਿਲਾਈ । ਸਾਚਾ ਪ੍ਰਭ ਹੋਏ ਆਪ ਸਹਾਈ । ਦੇਵੇ ਨਾਮ ਦਾਨ ਦਰ ਭਿਛਿਆ ਪਾਈ । ਵਿਸ਼ਨੂੰ ਭਗਵਾਨ ਇਹ ਦਇਆ ਕਮਾਈ । ਜੋਤ ਸਰੂਪੀ ਜੋਤ ਪ੍ਰਭ ਜੁਗੋ ਜੁਗ ਵਿਚ ਮਾਤ ਦੇ ਆਈ । ਪਤਤ ਪਾਪੀ ਚਰਨ ਲਗਾਏ । ਜਿਉਂ ਅਜਾਮਲ ਬੈਕੁੰਠ ਸਿਧਾਏ । ਸਾਚਾ ਪ੍ਰਭ ਆਪ ਆਪਣੀ ਸੇਵਾ ਲਾਏ । ਜੋਤ ਸਰੂਪੀ ਜੋਤ ਧਰ ਜੁਗੋ ਜੁਗ ਵਿਚ ਮਾਤ ਦੇ ਆਏ । ਆਵਣ ਜਾਵਣ ਖੇਲ ਰਚਾਇਆ । ਪਤਤ ਪਾਵਨ ਆਪ ਅਖਵਾਇਆ । ਬੱਧਕ ਬਾਣ ਚਰਨ ਲਗਾਇਆ । ਹੋਏ ਮਿਹਰਵਾਨ ਗਲੇ ਲਗਾਇਆ । ਕ੍ਰਿਸ਼ਨ ਭਗਵਾਨ ਪਾਰ ਕਰਾਇਆ । ਆਪਣਾ ਕੀਆ ਆਪਣਾ ਦੀਆ ਆਪਣਾ ਹੀਆ ਲੇਖ ਚੁਕਾਇਆ । ਜੋਤ ਸਰੂਪੀ ਜੋਤ ਪ੍ਰਭ ਜੁਗੋ ਜੁਗ ਜਾਮਾ ਵਿਚ ਮਾਤ ਦੇ ਪਾਇਆ । ਜਾਮਾ ਪਾਏ ਕ੍ਰਿਸ਼ਨ ਮੁਰਾਰ । ਪਾਂਡੋ ਬਾਂਹੋ ਪਕੜ ਜਾਏ ਤਾਰ । ਹੰਕਾਰੀਆਂ ਜਾਏ ਹੰਕਾਰ ਨਿਵਾਰ । ਜਨ ਭਗਤਾਂ ਦੇਵੇ ਸ਼ਬਦ ਅਧਾਰ । ਸਾਚਾ ਸ਼ਬਦ ਪ੍ਰਭ ਦਏ ਅਪਾਰ । ਅਰਜਨ ਆਤਮ ਦਏ ਸੁਧਾਰ । ਕਰੇ ਕਰਾਵੇ ਆਪ ਵਿਚਾਰ । ਹਉਮੇ ਵਿਚੋਂ ਦਿਤੀ ਮਾਰ । ਏਕਾ ਬਖ਼ਸ਼ਿਆ ਚਰਨ ਪਿਆਰ । ਜੋਤ ਸਰੂਪੀ ਜੋਤ ਪ੍ਰਭ, ਜਨ ਭਗਤਾਂ ਪਾਵੇ ਸਾਰ । ਆਪਣਾ ਖੇਲ ਆਪ ਕਰਾਇਆ । ਦੁਆਪਰ ਜੁਗ ਅੰਤ ਕਰਾਇਆ । ਸਾਚੀ ਬਣਤ ਆਪ ਬਣਾਇਆ । ਹੋਏ ਰਥਵੰਤ ਮਹਾਂਸਾਰਥੀ ਆਪ ਅਖਵਾਇਆ । ਜੋਤ ਸਰੂਪੀ ਪਰਗਟ ਜੋਤ, ਜੁਗੋ ਜੁਗ ਵਿਚ ਮਾਤ ਦੇ ਆਇਆ । ਦੁਆਪਰ ਜੁਗ ਅੰਤ ਕਰਾਏ । ਕੌਰੋ ਪਾਂਡੋ ਆਪ ਖਪਾਏ । ਆਪਣਾ ਆਪ ਨਾਉਂ ਰਖਾਏ । ਗੀਤਾ ਗਿਆਨ ਆਪ ਉਪਜਾਏ । ਕ੍ਰਿਸ਼ਨ ਘਨਈਆ ਨਾਮ ਜਪਾਏ । ਭਗਤ ਭਗਵਾਨ ਮੇਲ ਮਿਲਾਏ । ਅੰਤਮ ਅੰਤ ਸਰਬ ਕਰਾਏ । ਜਾਦਵ ਖੇਲ ਆਪ ਮਿਟਾਏ । ਆਪ ਆਪਣੇ ਖੇਲ ਰਚਾਏ । ਜੋਤ ਸਰੂਪੀ ਜੋਤ ਪ੍ਰਭ ਅੰਤ ਮਿਲਿਆ ਜੋਤ ਵਿਚ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਰੂਪੀ ਪਰਦਾ ਲਾਹੇ । ਦੁਆਪਰ ਅੰਤ ਆਪ ਕਰਾਇਆ । ਕਲਜੁਗ ਨਾਮ ਜਗਤ ਧਰਾਇਆ । ਵੇਦ ਅਥਰਬਣ ਤਖ਼ਤ ਬਹਾਇਆ । ਅੱਲਾ ਅਲ੍ਹਾਹੂ ਨੂਰ ਉਪਾਇਆ । ਈਸਾ ਮੂਸਾ ਪ੍ਰਭ ਜੋਤ ਜਗਾਇਆ । ਨਾਮ ਖ਼ੁਦਾਈ ਆਪ ਅਖਵਾਇਆ । ਨਾਮ ਦੁਹਾਈ ਮਾਤ ਕਰਾਇਆ । ਗਊ ਬਧਾਏ ਕਰਮ ਕਮਾਏ ਹੋਏ ਤਬਾਹੇ ਅੰਤ ਲੇਖ ਲਿਖਾਇਆ । ਦੇਵੇ ਗਵਾਹੀ ਸਰਬ

ਲੋਕਾਇਆ । ਮੁਖ ਤੇ ਸ਼ਾਹੀ, ਪ੍ਰਭ ਸਰਬ ਭੁਲਾਇਆ । ਅੰਤਕਾਲ ਕਲਜੁਗ ਕੋਈ ਦੀਸੇ ਨਾਹੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਇਆ ਜਾਮਾ ਪਾਇਆ । ਈਸਾ ਮੂਸਾ ਹੋਏ ਕ੍ਰਿਸਤੀ । ਆਪ ਭੁਲਾਏ ਸਰਬ ਸ੍ਰਿਸ਼ਟੀ । ਨਈ ਚਲਾਏ ਜਗਤ ਇਸ਼ਟੀ । ਆਤਮ ਸਭ ਦੀ ਗਈ ਭਰਿਸ਼ਟੀ । ਰੱਖਣ ਮੁਖ ਮਦਿਰਾ ਮਾਸ ਵਿਸ਼ਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤਕਾਲ ਕਲਜੁਗ ਸਭ ਕਰਾਏ ਨਸ਼ਟੀ । ਜੋਤ ਸਰੂਪ ਪ੍ਰਭ ਗਿਰਧਾਰ । ਉਪਰ ਗਰੜ ਹੋਏ ਸਵਾਰ । ਗਰੜ ਜਾਏ ਪ੍ਰਭ ਚਰਨ ਦਵਾਰ । ਰੋਏ ਮਾਤ ਏਕਾ ਸੰਗ ਬੜਾ ਪਿਆਰ । ਦੂਜਾ ਹੋਏ ਸਦਾ ਖੁਆਰ । ਆਪਣਾ ਆਪ ਨਾ ਸਕੇ ਉਚਾਰ । ਬਣਤ ਬਣਾਏ ਕਰੇ ਵਿਚਾਰ । ਬੱਤੀ ਧਾਰ ਦੀਆ ਦੁੱਧ ਧਾਰ । ਕਿਰਪਾ ਕਰ ਦੇਵੇ ਤਾਰ । ਬਚਨ ਮੇਰਾ ਨਾ ਜਾਏ ਹਾਰ । ਆਪ ਆਪਣੀ ਕਰੇ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਪ੍ਰਭ ਏਕਾ ਜੋਤ ਜੁਗੋ ਜੁਗ ਵਰਤਾਰ । ਭੇਖ ਵਟਾਇਆ ਆਪ ਪ੍ਰਭ, ਆਪ ਆਪਣਾ ਧਰਿਆ ਨਾ । ਭੇਖ ਵਟਾਏ ਆਪ ਪ੍ਰਭ, ਬੇਮੁਖ ਪਛਾੜੇ ਪਕੜ ਬਾਂਹ । ਭੇਖ ਵਟਾਏ ਆਪ ਪ੍ਰਭ, ਮਾਣ ਗਵਾਏ ਰੰਕ ਰਾਜਾਨ । ਭੇਖ ਮਿਟਾਏ ਆਪ ਪ੍ਰਭ, ਏਕਾ ਨਾਮ ਕਰੇ ਪਰਧਾਨ । ਭੇਖ ਮਿਟਾਏ ਆਪ ਪ੍ਰਭ, ਭਰਮ ਭੁਲੇਖੇ ਜੀਵ ਭੁਲਾਣ । ਭੇਖ ਮਿਟਾਏ ਆਪ ਪ੍ਰਭ, ਜੂਠ ਝੂਠ ਨਸ਼ਟ ਹੋ ਜਾਣ । ਭਰਮ ਭੁਲਾਏ ਆਪ ਪ੍ਰਭ, ਕਲਜੁਗ ਜੀਵ ਹੋਏ ਨਿਧਾਨ । ਭੇਖ ਮਿਟਾਏ ਆਪ ਪ੍ਰਭ, ਸਤਿਜੁਗ ਲਾਇਆ ਆਣ । ਭੇਖ ਮਿਟਾਏ ਆਪ ਪ੍ਰਭ, ਆਤਮ ਦੇਵੇ ਬ੍ਰਹਮ ਗਿਆਨ । ਭੇਖ ਮਿਟਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਭੇਖ ਮਿਟਾਇਆ ਆਪ ਪ੍ਰਭ, ਆਪਣੀ ਕਲ ਵਰਤਾਏ । ਭੇਖ ਮਿਟਾਏ ਆਪ ਪ੍ਰਭ, ਬੇਮੁਖਾਂ ਦੇ ਸਜਾਏ । ਭੇਖ ਮਿਟਾਏ ਆਪ ਪ੍ਰਭ, ਗੇਰੂਦਾਰ ਚੀਰ ਪਹਿਨਾਏ । ਭੇਖ ਮਿਟਾਏ ਆਪ ਪ੍ਰਭ, ਸ਼ੇਖ਼ ਮੁਸਾਇਕ ਜੋ ਰਹੇ ਅਖਵਾਏ । ਭੇਖ ਮਿਟਾਏ ਆਪ ਪ੍ਰਭ, ਚੇਟਕ ਨਾਟਕ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਨਾਮ ਜਗਤ ਧਰਾਏ । ਭੇਖ ਮਿਟਾਏ ਆਪ ਪ੍ਰਭ, ਜਗਤ ਨਾਉਂ ਧਰ । ਭੇਖ ਮਿਟਾਏ ਆਪ ਪ੍ਰਭ, ਗੁਰਮੁਖ ਸਾਚੇ ਇਕ ਕਰ । ਭੇਖ ਮਿਟਾਏ ਜਗਤ ਪ੍ਰਭ, ਏਕਾ ਜਪਾਏ ਨਾਮ ਹਰਿ । ਭੇਖ ਮਿਟਾਏ ਆਪ ਪ੍ਰਭ, ਸੰਤ ਹੋਏ ਨਾ ਮੰਗੇ ਦਰ । ਭੇਖ ਮਿਟਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਦੇਵੇ ਸਾਚਾ ਵਰ । ਭੇਖ ਮਿਟਾਏ ਆਪ ਪ੍ਰਭ, ਏਕਾ ਮਾਰਗ ਲਾ । ਭੇਖ ਮਿਟਾਏ ਆਪ ਪ੍ਰਭ, ਏਕਾ ਰਾਗ ਉਪਜਾ । ਭੇਖ ਮਿਟਾਏ ਆਪ ਪ੍ਰਭ, ਸੋਹੰ ਜਾਗ ਲਗਾ । ਭੇਖ ਮਿਟਾਏ ਆਪ ਪ੍ਰਭ, ਓਅੰ ਦਰਸ ਦਿਖਾ । ਭੇਖ ਮਿਟਾਏ ਆਪ ਪ੍ਰਭ, ਦੋਇੰਗ ਇਕ ਜਣਾ । ਭੇਖ ਮਿਟਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਜਗਤ ਚਲਾ । ਭੇਖ ਮਿਟਾਏ ਆਪ ਪ੍ਰਭ, ਕੂੜ ਕੁੜਿਆਰੇ । ਭੇਖ ਮਿਟਾਏ ਆਪ ਪ੍ਰਭ, ਜੋ ਵਰਤੇ ਵਿਚ ਸੰਸਾਰੇ । ਭੇਖ ਮਿਟਾਏ ਆਪ ਪ੍ਰਭ, ਕੋਇ ਨਾ ਦਿਸੇ ਜਗਤ ਜੁਆਰੀ । ਭੇਖ ਮਿਟਾਏ ਆਪ ਪ੍ਰਭ, ਗੰਗਾ ਮਿਲੇ ਨਾ ਕੋਈ ਨਰ ਨਾਰੀ । ਭੇਖ ਮਿਟਾਏ ਆਪ ਪ੍ਰਭ, ਗੁਰਸਿਖ ਗੁਰਮੁਖ ਨਾ ਕਰਨ ਝੱਖ ਮਾਰੀ । ਭੇਖ ਮਿਟਾਏ ਆਪ ਪ੍ਰਭ, ਸਰਬ ਜੀਆਂ ਕਰੇ ਆਪੇ ਕਾਰੀ । ਭੇਖ ਮਿਟਾਏ ਆਪ ਪ੍ਰਭ, ਸਤਿਜੁਗ ਦੇਵੇ ਸੱਚੀ ਸਿਕਦਾਰੀ । ਭੇਖ ਮਿਟਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਨਿਮਸਕਾਰੀ । ਭੇਖ ਮਿਟਾਏ ਆਪ ਪ੍ਰਭ, ਦੇਵੇ ਬ੍ਰਹਮ ਗਿਆਨਾ । ਭੇਖ ਮਿਟਾਏ ਆਪ ਪ੍ਰਭ, ਏਕਾ ਦੇਵੇ ਚਰਨ ਧਿਆਨਾ । ਭੇਖ ਮਿਟਾਏ ਆਪ ਪ੍ਰਭ, ਸੋਹੰ

੧੦੯

ਪਹਿਨਾਏ ਸਾਚਾ ਬਾਣਾ । ਭੇਖ ਮਿਟਾਏ ਆਪ ਪ੍ਰਭ, ਜਗਤ ਪਖੰਡ ਨਸ਼ਟ ਕਰਾਣਾ । ਭੇਖ ਮਿਟਾਏ ਆਪ ਪ੍ਰਭ, ਰੰਡ ਸੁਹਾਗਣ ਇਕ ਰੰਗ ਮਾਣਾ । ਭੇਖ ਮਿਟਾਏ ਆਪ ਪ੍ਰਭ, ਰੋਗ ਸੋਗ ਪ੍ਰਭ ਜਗਤ ਮਿਟਾਣਾ । ਭੇਖ ਮਿਟਾਏ ਆਪ ਪ੍ਰਭ, ਸਾਚਾ ਡੰਗ ਬੇਮੁਖਾਂ ਲਗਾਣਾ । ਭੇਖ ਮਿਟਾਏ ਆਪ ਪ੍ਰਭ, ਸਰਬ ਵਰਭੰਡ ਇਕ ਮਾਰਗ ਲਾਣਾ । ਭੇਖ ਮਿਟਾਏ ਆਪ ਪ੍ਰਭ, ਨਵਖੰਡ ਪ੍ਰਭ ਪਰੇ ਕਰਾਣਾ । ਭੇਖ ਮਿਟਾਏ ਆਪ ਪ੍ਰਭ, ਚੰਡ ਪਰਚੰਡ ਕੋਇ ਰਹਿਣ ਨਾ ਪਾਣਾ । ਭੇਖ ਮਿਟਾਏ ਆਪ ਪ੍ਰਭ, ਏਕਾ ਜੋਤ ਵਰਭੰਡ ਜਗਾਣਾ । ਭੇਖ ਮਿਟਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਚਲਾਣਾ । ਭੇਖ ਮਿਟਾਏ ਆਪ ਪ੍ਰਭ, ਆਤਮ ਦੇਵੇ ਸੋਹੰ ਦਾਤੀ । ਭੇਖ ਮਿਟਾਏ ਆਪ ਪ੍ਰਭ, ਏਕਾ ਜੋਤ ਜਗਾਏ ਆਤਮ ਬਾਤੀ । ਭੇਖ ਮਿਟਾਏ ਆਪ ਪ੍ਰਭ, ਦੇਵੇ ਦਰਸ ਗੁਰਮੁਖ ਸੁੱਤਿਆਂ ਰਾਤੀ । ਭੇਖ ਮਿਟਾਏ ਆਪ ਪ੍ਰਭ, ਸੋਹੰ ਦੇਵੇ ਦਾਨ ਵਡਾ ਵਡ ਦਾਤੀ । ਭੇਖ ਮਿਟਾਏ ਆਪ ਪ੍ਰਭ, ਸੱਚੋ ਸਚ ਵਰਤੇ ਵਿਚ ਮਾਤੀ । ਭੇਖ ਮਿਟਾਏ ਆਪ ਪ੍ਰਭ, ਚਾਰ ਵਰਨ ਸਤਿਜੁਗ ਬਣਾਏ ਭੈਣ ਭਰਾਤੀ । ਭੇਖ ਮਿਟਾਏ ਆਪ ਪ੍ਰਭ, ਊਚ ਨੀਚ ਪ੍ਰਭ ਨਸ਼ਟ ਕਰਾਤੀ । ਭੇਖ ਮਿਟਾਏ ਆਪ ਪ੍ਰਭ, ਅੰਮ੍ਰਿਤ ਦੇਵੇ ਬੂੰਦ ਸਵਾਂਤੀ । ਭੇਖ ਮਿਟਾਏ ਆਪ ਪ੍ਰਭ, ਬੈਠਾ ਅਡੋਲ ਰਹੇ ਇਕਾਂਤੀ । ਭੇਖ ਮਿਟਾਏ ਆਪ ਪ੍ਰਭ, ਗੁਰਮੁਖ ਸਾਚੇ ਪ੍ਰਭ ਸਾਚੇ ਬਣਤ ਬਣਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ ਭਾਂਤਨ ਭਾਂਤੀ । ਭੇਖ ਮਿਟਾਏ ਵੇਖ ਵਖਾਏ ਦੇਖ ਜਗਾਏ ਮੇਖ ਹਿਲਾਏ ਰੇਖ ਮਿਟਾਏ ਗੁਰਮੁਖ ਤਰਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚੇ ਮਾਰਗ ਲਾਏ । ਮਾਰਗ ਲਾਇਆ ਭਰਮ ਚੁਕਾਇਆ । ਕਰਮ ਕਰਾਇਆ ਧਰਮ ਧਰਾਇਆ ਪਾਰ ਕਰਾਇਆ ਅਧਾਰ ਰਖਾਇਆ ਵਿਕਾਰ ਗਵਾਇਆ ਸੋਹੰ ਜੈ ਜੈਕਾਰ ਕਰਾਇਆ । ਨਿਰਾਧਾਰ ਵਿਚ ਸਮਾਇਆ । ਏਕਾ ਹਾਰ ਜੋਤ ਰਖਾਇਆ । ਵਿਚ ਸੰਸਾਰ ਆਪ ਵਡਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹੋਏ ਸਹਾਇਆ । ਹੋਏ ਸਹਾਏ ਲਏ ਤਰਾਏ । ਸਰਨ ਲਗਾਏ ਮਾਣ ਦਵਾਏ । ਸਿਰ ਹੱਥ ਟਿਕਾਏ ਲੇਖੇ ਲਾਏ । ਦਰਸ ਦਿਖਾਏ ਜੋਤ ਪਰਗਟਾਏ । ਲੇਖੇ ਲਾਏ ਦਰ ਤੇ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਅੰਤਕਾਲ ਲਏ ਤਰਾਏ । ਤਾਰਨਹਾਰਾ ਹਰਿ ਭਗਤ ਪਿਆਰਾ । ਦੇਵੇ ਮੋਖ ਦਵਾਰਾ । ਗੁਰਸਿਖ ਉਤਰੇ ਪਾਰਾ । ਏਕਾ ਦੇਵੇ ਸ਼ਬਦ ਅਧਾਰਾ । ਲੱਖ ਚੁਰਾਸੀ ਗੇੜ ਨਿਵਾਰਾ । ਏਕਾ ਜੋਤ ਕੀਆ ਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਉਤਾਰਨਹਾਰਾ । ਪਾਰ ਉਤਾਰਿਆ ਜਨਮ ਮਰਨ ਸਵਾਰਿਆ । ਭੁਲੇਖਾ ਭਰਮ ਨਿਵਾਰਿਆ । ਜਨ ਆਏ ਗੁਰ ਦਰਬਾਰਿਆ । ਮਾਨਸ ਜਨਮ ਕਲ ਸਵਾਰਿਆ । ਪ੍ਰਭ ਸਾਚੇ ਕਰ ਨਿਮਸਕਾਰਿਆ । ਦੁਖ ਰੋਗ ਸਰਬ ਗਵਾ ਲਿਆ । ਆਤਮ ਚਿੰਤਾ ਸੋਗ ਸਰਬ ਮਿਟਾ ਲਿਆ । ਪ੍ਰਭ ਆਤਮ ਸਾਚਾ ਭੋਗ, ਕਰ ਦਰਸ ਗੁਰਮੁਖ ਲਗਾ ਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਲੇਖੇ ਲਾ ਲਿਆ । ਰਸਨਾ ਗਾਵਣਾ ਰੋਗ ਮਿਟਾਵਣਾ ਜੋਗ ਕਮਾਵਣਾ । ਦਰਸ ਅਮੋਘ ਪ੍ਰਭ ਦਿਖਾਵਣਾ । ਹਉਮੇ ਰੋਗ ਵਿਚੋਂ ਚੁਕਾਵਣਾ । ਪਰਗਟ ਜੋਤ ਗੁਰਮੁਖ ਸਾਚੇ ਭੋਗ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧੀਰ ਧਰਾਏ, ਸਾਚਾ ਵਕ਼ਤ ਆਪ ਸੁਹਾਵਣਾ । ਲੇਖੇ ਲਾਏ ਆਪ ਤਰਾਏ ਚੜ੍ਹਾਏ ਸਾਚੀ ਨਾਏ । ਬਹਾਏ ਸਾਚੀ ਥਾਂਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਲਏ ਤਰਾਏ । ਵਕ਼ਤ ਸੁਹਾਏ ਜੋਤ ਪਰਗਟਾਏ ਭਗਤ ਤਰਾਏ ਦਰਸ ਦਿਖਾਏ ਧੀਰ ਧਰਾਏ ਅੰਮ੍ਰਿਤ

ਸੀਰ ਪਿਲਾਏ । ਕਲਜੁਗ ਸਾਚੇ ਬੀਰ ਬਣਾਏ । ਵਡ ਪੀਰਨ ਪੀਰ ਆਪ ਅਖਵਾਏ । ਹੀਰਨ ਹੀਰ ਗੁਰਸਿਖ ਬਣਾਏ । ਚੀਰਨ ਚੀਰ ਸਰਬ ਲੁਹਾਏ । ਵਹੀਰਨ ਵਹੀਰ ਜਗਤ ਕਰਾਏ । ਅਖੀਰਨ ਅਖੀਰ ਅੰਤਕਾਲ ਕਰਾਏ । ਨੇੜਨ ਨੇੜ ਬੇਮੁਖਾਂ ਹੱਥ ਨਾ ਆਏ । ਵਡ ਧੀਰਨ ਧੀਰ ਗੁਰਮੁਖਾਂ ਧੀਰ ਧਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਏ । ਸਰਨ ਲਗਾ ਗੁਰਸਿਖ ਜਗਾ ਦਰਸ ਦਿਖਾ ਹਰਸ ਮਿਟਾ ਤਰਸ ਕਮਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੇੜਾ ਬੰਨ੍ਹੇ ਲਾ । ਬੇੜਾ ਬੰਧੇ ਹੋਏ ਸਹਾਈ ਜਿਉਂ ਮੂਰਖ ਧੰਨੇ ਸਤਿ ਕਰ ਮੰਨੇ । ਭੋਗ ਲਗਾਏ ਖਾਲੀ ਛੰਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਜਨਾਂ ਸਦ ਸਦ ਸਦ ਮੰਨੇ । ਭਗਤਨ ਮਾਣ ਭਗਤਨ ਤਾਣ ਭਗਤਨ ਜਾਣ ਭਗਤ ਪਛਾਣ ਵਡ ਵਡ ਵਡ ਮਿਹਰਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਵਿਸ਼ਨੂੰ ਭਗਵਾਨਾ ਵਡ ਮਿਹਰਵਾਨਾ । ਵਡ ਮਿਹਰਵਾਨ ਗੁਰਸਿਖ ਤਰਾਣਾ । ਦੁਖ ਰੋਗ ਮਿਟਾਣਾ । ਆਤਮ ਜੋਤ ਜਗਾਣਾ । ਅਨਹਦ ਧੁਨ ਉਪਜਾਣਾ । ਆਤਮ ਸੁੰਨ ਖੁਲ੍ਹਾਣਾ । ਕਲਜੁਗ ਚੁਣ ਚੁਣ ਚੁਣ ਪਛਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਦੀਆ ਸਾਚਾ ਦਾਨਾ । ਦੇਵੇ ਰਖਾਏ ਮਾਣਾ । ਤੋੜੇ ਅਭਿਮਾਨਾ ਜੋੜੇ ਧਿਆਨਾ । ਵਾਲੀ ਦੋ ਜਹਾਨਾਂ ਗੁਣ ਨਿਧਾਨਾ । ਸਰਬ ਥਾਂਏ ਸੁਹਾਨਾ । ਜੋਤ ਸਰੂਪੀ ਪਹਰਿਆ ਬਾਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਾਲੀ ਦੋ ਜਹਾਨਾਂ । ਹਰਿ ਗਾਓ ਜਨਮ ਸੁਹੇਲਾ । ਹਰਿ ਗਾਓ ਪ੍ਰਭ ਸਾਚੇ ਕਾ ਸਾਚਾ ਮੇਲਾ । ਹਰਿ ਗਾਓ ਮੇਲ ਮਿਲਾਏ ਰੰਗ ਨਵੇਲਾ । ਹਰਿ ਗਾਓ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪਾਓ ਸੱਜਣ ਸੁਹੇਲਾ । ਹਰਿ ਗਾਓ ਘਰ ਸਾਚਾ ਪਾਓ । ਹਰਿ ਪਾਓ ਦਰ ਦਰਬਾਰ ਪ੍ਰਭ ਕੇ ਭਾਓ । ਹਰਿ ਗਾਓ ਨਰ ਅਵਤਾਰ ਜੋਤ ਮਿਲ ਜਾਓ । ਹਰਿ ਗਾਓ ਨਿਜ ਘਰ ਵਾਸੀ ਘਰ ਮੇਂ ਪਾਓ । ਹਰਿ ਪਾਓ ਮਿਟੇ ਅਭਿਮਾਨਾ । ਹਰਿ ਗਾਓ ਦਰਸ ਭਗਵਾਨਾ । ਹਰਿ ਗਾਓ ਸਾਚਾ ਸ਼ਬਦ ਉਪਜਾਏ ਕਾਨਾ । ਹਰਿ ਗਾਓ ਦੇਵੇ ਦਰਸ ਜੋਤ ਸਰੂਪੀ ਪਹਰਿਆ ਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਸਮਾਣਾ । ਹਰਿ ਗਾਇਆ ਹਰਿ ਹਰਿ ਹਰਿ ਨਿਜ ਘਰ ਮੇਂ ਪਾਇਆ । ਹਰਿ ਗਾਇਆ ਆਤਮ ਦਰ ਆਪ ਖੁਲ੍ਹਾਇਆ । ਹਰਿ ਗਾਇਆ ਸਾਚੇ ਘਰ ਪ੍ਰਭ ਸਚ ਵਸਾਇਆ । ਹਰਿ ਗਾਇਆ ਹਿਰਦੇ ਵਾਚੇ, ਗੁਰਮੁਖ ਗੁਰ ਪੂਰਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਸਹਾਇਆ । ਹਰਿ ਹਰਿ ਹਰਿ ਗੁਣ ਗਾਓ । ਦਰ ਦਰ ਦਰ ਪ੍ਰਭ ਆਤਮ ਧੁਨ ਉਪਜਾਓ । ਕਰ ਕਰ ਕਰ ਦਰਸ, ਗੁਰ ਆਤਮ ਤ੍ਰਿਖਾ ਮਿਟਾਓ । ਸਰ ਸਰ ਸਰ ਅੰਮ੍ਰਿਤਸਰ, ਗੁਰ ਚਰਨ ਧੂੜ ਸਦ ਗੁਰ ਬਣਾਓ । ਵਰ ਵਰ ਵਰ ਗੁਰ ਦਰ ਗੁਰਮੁਖ ਸਾਚੇ ਸਦ ਪਾਓ । ਤਰ ਤਰ ਤਰ ਗੁਰ ਚਰਨ ਲਾਗ ਤਰ, ਦੋਏ ਜੋੜ ਸੀਸ ਝੁਕਾਓ । ਠਰ ਠਰ ਠਰ ਕਰ ਦਰਸ ਗੁਰ ਠਰ ਆਤਮ ਤ੍ਰਿਪਤ ਕਰਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੁਲ੍ਹਾ ਭੰਡਾਰ ਗੁਰਮੁਖ ਸਾਚੇ ਝੋਲੀ ਭਰ ਘਰ ਲੈ ਜਾਓ । ਸਾਚਾ ਖੋਲ੍ਹੇ ਨਾਮ ਭੰਡਾਰਾ । ਆਪੇ ਬਣੇ ਭਗਤ ਵਰਤਾਰਾ । ਆਪੇ ਭੰਨੇ ਰਣੇ ਜੋ ਕਰੇ ਹੰਕਾਰਾ । ਸੁਫਲ ਕਰਾਇਆ ਸੀਰ ਮਾਤ ਦੋ ਥਣੇ ਜੋ ਜਨ ਕਰਨ ਨਿਮਸਕਾਰਾ । ਧੰਨ ਧੰਨ ਧੰਨ ਮਾਤ ਗੁਰਮੁਖ ਸਾਚੇ ਜਾਣੇ, ਚਲ ਆਇਣ ਪ੍ਰਭ ਚਰਨ ਦਵਾਰਾ । ਕਦੇ ਨਾ ਹੋਵੇ ਅੰਧੇਰੀ ਰਾਤ, ਖੋਲ੍ਹ ਦੇਵੇ ਪ੍ਰਭ ਦਸਮ ਦਵਾਰਾ । ਗੁਰਮੁਖ ਸਾਚੇ ਦਰ ਮਾਰ ਝਾਤ, ਪਰਗਟੇ ਜੋਤ ਨਿਹਕਲੰਕ ਅਵਤਾਰਾ । ਬਿਨ ਗੁਰ ਪੂਰੇ ਕੋਈ ਨਾ ਪੁੱਛੇ ਵਾਤ, ਅੰਤਕਾਲ ਹੋਇਣ ਸਰਬ ਆਰਾ । ਆਪ ਬਣੇ ਪਿਤ ਮਾਤ, ਗੁਰਮੁਖ

ਦੇਵੇ ਗੋਦ ਹੁਲਾਰਾ । ਹੋਏ ਸਹਾਈ ਆਪ ਬਹੁ ਭਾਂਤ, ਜਨ ਭਗਤਾਂ ਹੋਏ ਆਪ ਸਹਾਰਾ । ਬੈਠਾ ਰਹੇ ਵਿਚ ਇਕਾਂਤ, ਜੋਤ ਸਰੂਪ ਵਿਚ ਦੇਹ ਮੁਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੰਤ ਨਾ ਪਾਰਾਵਾਰਾ । ਅੰਤ ਨਾ ਜਾਣੇ ਕਵਣ ਪਛਾਣੇ । ਪ੍ਰਭ ਭਗਵਾਨੇ ਗੁਣ ਨਿਧਾਨੇ । ਚਤੁਰ ਸੁਜਾਨ ਮਾਤ ਜੋਤ ਪਰਗਟਾਣੇ । ਸ੍ਰਿਸ਼ਟ ਸਬਾਈ ਆਪ ਭੁਲਾਣੇ । ਅੰਤ ਭੁੰਨਾਏ ਜਿਉਂ ਭਠਿਆਲੇ ਦਾਣੇ । ਮਦਿਰਾ ਮਾਸੀਆਂ ਗਈ ਖਾਣੇ । ਭਗਤ ਜਨਾਂ ਪ੍ਰਭ ਆਪੇ ਜਾਣੇ । ਆਪ ਚਲਾਏ ਆਪਣੇ ਭਾਣੇ । ਜੋ ਜਨ ਹੋਏ ਗੁਰ ਦਰ ਨਿਮਾਣੇ । ਆਤਮ ਰੱਖੇ ਹੰਕਾਰ ਮਹਾਣੇ । ਤਖ਼ਤੋਂ ਲਾਹੇ ਰਾਜੇ ਰਾਣੇ । ਅੰਤਕਾਲ ਵਿਚ ਖਾਕ ਮਿਲਾਣੇ । ਘਰ ਘਰ ਫਿਰਨ ਮੰਗਣ ਦਾਣੇ । ਪ੍ਰਭ ਸਾਚਾ ਨਾ ਕੋਇ ਪਛਾਣੇ । ਏਕਾ ਦੇਖੇ ਵੇਖ ਵਖਾਣੇ । ਲੇਖਾ ਲਿਖੇ ਲੇਖ ਲਿਖਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ । ਸਚ ਭਗਵਾਨ ਝੂਠਾ ਜਹਾਨ । ਵਡ ਬਲੀ ਬਲਵਾਨ ਜੀਵ ਜੰਤ ਸਰਬ ਨਿਧਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਜੋਤ ਜਗਾਏ ਵਾਲੀ ਦੋ ਜਹਾਨ । ਆਪਣੇ ਗੁਣ ਆਪ ਵਖਾਣੇ । ਆਪਣੇ ਰੰਗ ਪ੍ਰਭ ਆਪ ਸਮਾਣੇ । ਆਪਣੇ ਸੰਗ ਪ੍ਰਭ ਆਪ ਨਿਭਾਣੇ । ਗੁਰਮੁਖ ਰੰਗ ਪ੍ਰਭ ਹਿਰਦੇ ਮਾਣੇ । ਬੇਮੁਖ ਜੀਵ ਕਾਚੀ ਵੰਗ ਪ੍ਰਭ ਭੰਨ ਵਖਾਣੇ । ਏਕਾ ਰੰਗਾਏ ਆਪਣੇ ਰੰਗ, ਦਰ ਨਿਮਾਣਿਆਂ ਦੇਵੇ ਮਾਣੇ । ਵਡ ਦਾਤਾ ਸੂਰਾ ਸਰਬੰਗ, ਕਲਜੁਗ ਜੋਤ ਧਰੇ ਮਹਾਨੇ । ਮਾਨਸ ਜਨਮ ਨਾ ਹੋਏ ਭੰਗ, ਗੁਰਮੁਖ ਸਾਚੇ ਦਰ ਪਰਵਾਨੇ । ਕਲਜੁਗ ਪਾਰ ਜਾਇਣ ਲੰਘ, ਸੋਹੰ ਚੱਪੂ ਵੰਞ ਮਹਾਣੇ । ਪਵਣ ਜੋਤ ਲਗਾਏ ਖੰਭ, ਗੁਰਮੁਖ ਸਾਚਾ ਗੁਰ ਸ਼ਬਦ ਉਡਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਣੇ । ਸਚ ਤੁਰੰਗ ਆਪ ਚੜ੍ਹਾਇਆ । ਸਚ ਰੰਗ ਆਪ ਲਗਾਇਆ । ਸਾਚਾ ਦਾਨ ਮੰਗ ਗੁਰਮੁਖ ਸਾਚੇ ਦਰ ਤੇ ਪਾਇਆ । ਦਰ ਘਰ ਸਾਚਾ ਮੂਲ ਨਾ ਸੰਗ, ਪ੍ਰਭ ਦੇਵੇ ਮਾਣ ਸਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ । ਜਾਮਾ ਧਾਰ ਕਰੇ ਪਾਰ ਕਾਜ ਸਵਾਰ । ਰੱਖੇ ਲਾਜ ਆਪ ਮੁਰਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਾਮ ਅਧਾਰ । ਭਗਤ ਸਹਾਰਾ ਜਗਤ ਦਵਾਰਾ । ਕੋਈ ਪਾਵੇ ਗੁਰਮੁਖ ਵਿਰਲਾ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਖੋਲ੍ਹੇ ਸਚ ਭੰਡਾਰਾ । ਭਗਤ ਭੰਡਾਰੇ ਸਚ ਵਰਤਾਰੇ, ਪ੍ਰਭ ਗਿਰਧਾਰੇ ਗੁਰਮੁਖ ਵਿਰਲਾ ਪਾਵੇ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੋਇ ਵਿਚਾਰੇ । ਗੁਰਸਿਖ ਵਿਚਾਰੇ ਪਾਵੇ ਸਾਰੇ ਉਤਰੇ ਪਾਰੇ, ਕਿਰਪਾ ਧਾਰੇ ਆਪ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਨਰ ਅਵਤਾਰੇ । ਆਪ ਤਰਾਏ ਚਰਨ ਲਗਾਏ । ਦਰ ਲਿਆਏ ਮਾਣ ਦਵਾਏ । ਤਾਣ ਰਖਾਏ ਕਾਣ ਚੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਏ । ਨਾਉਂ ਰਖਾਇਆ ਜੋਤ ਪਰਗਟਾਇਆ । ਬੇਮੁਖ ਕਲਜੁਗ ਜੀਵ ਗੂੜ੍ਹੀ ਨੀਂਦ ਸਵਾਇਆ । ਜੋਤ ਸਰੂਪੀ ਜੋਤ ਪ੍ਰਭ, ਬੇਮੁਖਾਂ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਵਿਚ ਸਮਾਇਆ । ਸਦਾ ਸਦਾ ਸਦ ਵਿਚ ਸਮਾਏ । ਨਿਜ ਘਰ ਵਾਸੀ ਨਿਜ ਘਰ ਵਾਸ ਰਖਾਏ । ਜਨ ਭਗਤਾਂ ਕਰੇ ਬੰਦ ਖਲਾਸੀ ਬੰਦੀ ਤੋੜ ਆਪ ਬਣ ਜਾਏ । ਹਉਮੇ ਰੋਗ ਹੋਏ ਵਿਨਾਸੀ, ਚਰਨ ਪ੍ਰੀਤੀ ਤੋੜ ਨਿਭਾਏ । ਮਾਨਸ ਜਨਮ ਕਲ ਰਹਰਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਨੀਤੀ ਜੋੜ ਜੁੜਾਏ । ਜੁੜਿਆ ਜੋੜ ਨਿਭੇ ਤੋੜ । ਬੇਮੁਖ ਰੋੜ੍ਹ ਦੇਵੇ ਬੋੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਚਲਾਏ ਦੇਹੀ ਕੋਹੜ । ਬੇਮੁਖ ਖਪਾਏ ਦੁਖ ਪੁਚਾਏ

੧੧੧ ੦੨

ਸੁਖ ਗਵਾਏ ਭੁੱਖ ਵਰਤਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਗਰਭ ਉਲਟੇ ਰੁੱਖ ਲਗਾਏ । ਭਗਤ ਤਰਾਏ ਸਰਨ ਲਗਾਏ ਹਰਨ ਫਰਨ ਖੁਲ੍ਹਾਏ ਵਰਨ ਬਰਨ ਮਿਟਾਏ । ਏਕਾ ਸਾਚਾ ਨਾਮ ਦਵਾਏ । ਸੋਹੰ ਸਾਚਾ ਜਾਮ ਪਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਵਾਸ ਆਪ ਰਖਾਏ । ਵਾਸ ਦੇਵ ਨਿਰੰਜਣ ਦਾਤਾ, ਸਰਬ ਜੀਆ ਕਾ ਆਪੇ ਗਿਆਤਾ । ਮੁਕੰਦ ਮਨੋਹਰ ਭਗਤ ਜਨਾਂ ਸਾਚਾ ਸਾਕ ਸੱਜਣ ਸੈਣ ਮੋਹਣ ਮਾਧਵ ਕ੍ਰਿਸ਼ਨ ਮੁਰਾਰੀ ਜਨ ਭਗਤਾਂ ਜਾਏ ਪੈਜ ਸਵਾਰੀ । ਜੋਤ ਸਰੂਪ ਰੰਗ ਰੂਪ ਨਾ ਰੇਖ, ਕਲਜੁਗ ਜਾਮਾ ਪਾਇਆ ਅਛਲ ਕਰਾਇਆ ਭੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਆਏ ਨੇਤਰ ਪੇਖ । ਨੇਤਰ ਪੇਖਿਆ ਜਾਏ ਭੁਲੇਖਿਆ, ਪ੍ਰਭ ਸਾਚਾ ਜਿਸ ਜਨ ਜੋਤ ਸਰੂਪੀ ਵੇਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਿਖਾਏ ਸਾਚੇ ਲੇਖਿਆ । ਲੇਖ ਲਿਖਾਏ ਦਇਆ ਕਮਾਏ, ਵੇਖ ਵੇਖ ਵੇਖ ਗੁਰਸਿਖ ਜਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਵਿਸ਼ੇਸ਼ ਜਪਾਏ । ਨਾਮ ਜਪਾਏ ਆਪ ਪ੍ਰਭ, ਆਪਣਾ । ਨਾਮ ਜਪਾਏ ਆਪ ਪ੍ਰਭ, ਸੋਹੰ ਦੇਵੇ ਸਾਚਾ ਜਪ ਜਪਣਾ । ਨਾਮ ਜਪਾਏ ਆਪ ਪ੍ਰਭ, ਕੋਟ ਉਤਾਰੇ ਪਾਪ ਪਪਣਾ । ਨਾਮ ਜਪਾਏ ਆਪ ਪ੍ਰਭ, ਆਤਮ ਦੇਵੇ ਸਾਚੀ ਮਤਿ ਮਤਨਾ । ਨਾਮ ਜਪਾਏ ਆਪ ਪ੍ਰਭ, ਸਾਚਾ ਸ਼ਬਦ ਦੇਵੇ ਯਤ ਜਤਨਾ । ਧੀਰ ਧਰਾਏ, ਸੋਹੰ ਸ਼ਬਦ ਸਚ ਬੀਜ ਬਿਜਾਏ ਵਤ ਵਤਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੀਰ ਪਿਲਾਏ ਸਤਿ ਸਤਨਾ । ਸਤਿ ਸਤਿ ਸਤਿ ਅੰਮ੍ਰਿਤ ਦੇਵੇ । ਪ੍ਰਭ ਅਬਿਨਾਸ਼ੀ ਅਲਖ ਅਭੇਵੇ । ਦੇਵੇ ਅੰਮ੍ਰਿਤ ਜੀਆ ਦਾਤਾ । ਆਪ ਬਣੇ ਪੁਰਖ ਬਿਧਾਤਾ । ਬੇਮੁਖਾਂ ਦਿਸਾਏ ਅੰਤਕਾਲ ਅੰਧੇਰੀ ਰਾਤਾ । ਗੁਰਮੁਖ ਸਾਚੇ ਜੋਤ ਜਗਾਏ, ਆਤਮ ਵੇਖ ਮਾਰ ਝਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਇਆ ਕਮਾਏ, ਬ੍ਰਹਮ ਬ੍ਰਹਮ ਕਾ ਗਿਆਤਾ । ਬ੍ਰਹਮ ਸਰੂਪ ਬ੍ਰਹਮ ਸਮਾਏ । ਰੰਗ ਅਨੂਪ ਆਪ ਬਣਾਏ । ਵਡ ਵਡ ਰੂਪ ਆਪ ਅਖਵਾਏ । ਵਿਚ ਅੰਧਕੂਪ ਹੋਏ ਸਹਾਏ । ਬਿਨ ਰੰਗ ਰੂਪ ਸਦ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਕਲਜੁਗ ਜੀਆਂ ਦਿਸ ਨਾ ਆਏ । ਸਾਚਾ ਪ੍ਰਭ ਕਲ ਨਾ ਦੀਸੇ । ਗੁਰਮੁਖ ਵਿਰਲੇ ਪ੍ਰਭ ਚਰਨ ਝੁਕਾਵਣ ਸੀਸੇ । ਬੇਮੁਖ ਕਲਜੁਗ ਜੀਵ ਅੰਤਕਾਲ ਕਲ ਪੀਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਚੁਕਾਏ ਬੀਸ ਇਕੀਸੇ । ਭੇਵ ਚੁਕਾਉਣਾ ਭੇਵ ਖੁਲ੍ਹਾਉਣਾ ਸੇਵ ਲਗਾਉਣਾ, ਗੁਰਮੁਖ ਸਾਚੇ ਪਰਗਟ ਜੋਤ ਆਪਣਾ ਦਰਸ ਦਿਖਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਗੁਰਮੁਖ ਸਾਚੇ ਗਾਉਣਾ । ਸਾਚਾ ਪ੍ਰਭ ਗੁਰਸਿਖ ਤਰਾਏ । ਸਾਚਾ ਪ੍ਰਭ ਦੁਖ ਰੋਗ ਮਿਟਾਏ । ਸਾਚਾ ਪ੍ਰਭ ਸੁਖ ਭੋਗ ਉਪਜਾਏ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸੰਸਾ ਰੋਗ ਮਿਟਾਏ । ਮਿਟਿਆ ਰੋਗ ਵਿਨਾਸੀ ਚਿੰਤਾ । ਚੁਕਿਆ ਸੋਗ ਗਿਆ ਸੰਸਾ । ਕੋਟਨ ਕੋਟ ਕੋਟ ਵਿਚ ਉਪਾਏ ਗੁਰਸਿਖ ਹੰਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾਏ ਸਾਚੀ ਅੰਸਾ । ਅੰਸ ਹੰਸ ਆਪ ਬਣਾਏ । ਵਿਚ ਸੰਸਾ ਆਪ ਉਪਜਾਏ । ਸਾਚਾ ਬੰਸ ਜਗਤ ਜਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਕਿਰਪਾ ਕਰੇ ਭਗਤ ਉਧਾਰੇ । ਕਿਰਪਾ ਕਰੇ ਜਨਮ ਮਰਨ ਸਵਾਰੇ । ਕਿਰਪਾ ਕਰੇ ਦੇਵੇ ਪਿਆਰ ਚਰਨ ਦਵਾਰੇ । ਕਿਰਪਾ ਕਰੇ ਭਗਤ ਵਛਲ ਆਪ ਗਿਰਧਾਰੇ । ਕਿਰਪਾ ਕਰੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੀ ਸਰਕਾਰੇ । ਕਿਰਪਾ ਕਰੇ ਮੇਲ ਮਿਲਾਏ । ਕਿਰਪਾ ਕਰੇ ਕਲ

ਖੇਲ ਕਰਾਏ । ਕਿਰਪਾ ਕਰੇ ਗੁਰਸਿਖ ਤਰਾਏ । ਕਿਰਪਾ ਕਰੇ ਨਾਮ ਭਿੱਖ ਦਵਾਏ । ਕਿਰਪਾ ਕਰੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਰਸਨਾ ਜੈ ਜੈ ਜੈਕਾਰ ਕਰਾਏ । ਆਪ ਕਰਾਏ ਜੈ ਜੈਕਾਰਾ । ਵਰਨ ਬਰਨ ਸਦ ਰਹੇ ਬਾਹਰਾ । ਤਾਰਨ ਤਰਨ ਜੀਵ ਜੰਤ ਉਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੇਵੇ ਦਰਸ ਗੁਰਮੁਖ ਦਵਾਰਾ । ।

## * ੧੮ ਜੇਠ ੨੦੦੯ ਬਿਕ੍ਰਮੀ ਲਛਮਣ ਸਿੰਘ ਦੇ ਗ੍ਰਹਿ ਦਿੱਲੀ *

ਗੁਰ ਪੂਰਾ ਕਰਮ ਵਿਚਾਰਦਾ । ਕਰ ਕਿਰਪਾ ਪਾਰ ਉਤਾਰਦਾ । ਜਨਮ ਮਰਨ ਦਾ ਕਾਜ ਸਵਾਰਦਾ । ਜੋ ਜਨ ਆਏ ਚਰਨ ਨਿਮਸਕਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਸਾਚੇ ਕਰਤਾਰ ਦਾ । ਏਕਾ ਰੰਗ ਸੱਚੇ ਕਰਤਾਰਾ । ਏਕਾ ਰੰਗ ਜੋਤ ਨਿਰੰਕਾਰਾ । ਏਕਾ ਵਰਤੇ ਵਰਤਾਵੇ ਵਿਚ ਸੰਸਾਰਾ । ਏਕਾ ਆਪ ਏਕਾ ਜਾਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਕਰੇ ਵਰਤਾਰਾ । ਆਪ ਆਪਣਾ ਆਪ ਉਪਾਏ । ਆਪ ਆਪਣੀ ਜੋਤ ਜਗਾਏ । ਗੁਰਮੁਖ ਸਾਚੇ ਪ੍ਰਭ ਸੋਗ ਮਿਟਾਏ । ਦਰਸ ਅਮੋਘ ਆਪ ਦਿਖਾਏ । ਹਉਮੇ ਰੋਗ ਦੇਹੀ ਗਵਾਏ । ਏਕਾ ਜੋਤ ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਏ । ਜੋਤ ਸਰੂਪੀ ਦਰਸ ਦਿਖਾਇਆ । ਆਪ ਆਪਣਾ ਕਰਮ ਕਮਾਇਆ । ਗੁਰਮੁਖ ਸਾਚਾ ਸਚ ਸੇਵਾ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦੇਵੀ ਦੇਵਾ ਆਪ ਅਖਵਾਇਆ । ਵਡ ਵਡ ਦੇਵੀ ਦੇਵ । ਕਰੋੜ ਤੇਤੀਸ ਲਗਾਏ ਸੇਵ । ਗੁਰਮੁਖ ਸਾਚੇ ਆਪ ਮੇਲ ਮਿਲਾਏ ਪਾਏ ਭੇਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਜੋਤ ਜਗਾਏ ਗੁਰਮੁਖ ਸਾਚੇ ਆਪ ਤਰਾਏ, ਕਿਰਪਾ ਕਰੇ ਸੁਖ ਦੇਵ । ਕਿਰਪਾ ਕਰੇ ਕਰਤਾਰ । ਗੁਰਸਿਖ ਸਾਚੇ ਜਾਏ ਤਾਰ । ਏਕਾ ਦੇਵੇ ਸ਼ਬਦ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਬਿਰਦ ਸੰਭਾਰ । ਆਪਣਾ ਬਿਰਦ ਆਪ ਸੰਭਾਰਿਆ । ਕਲਜੁਗ ਅੰਤਮ ਅੰਤ ਕਰਾ ਰਿਹਾ । ਮਹਿੰਮਾ ਅਗਣਤ ਜਨ ਵਿਰਲਾ ਭੇਵ ਪ੍ਰਭ ਪਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪਣੀ ਸੇਵ ਲਗਾ ਰਿਹਾ । ਗੁਰ ਸੂਰਾ ਗੁਰ ਦਰ ਪਰਵਾਨ । ਗੁਰ ਸੂਰਾ ਗੁਰਸਿਖ ਹੋਏ ਚਤੁਰ ਸੁਜਾਨ । ਗੁਰ ਪੂਰਾ ਗੁਣੀ ਗੁਣ ਨਿਧਾਨ । ਗੁਰ ਪੂਰਾ ਆਤਮ ਦੇਵੇ ਬ੍ਰਹਮ ਗਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਆਪ ਮਹਾਨ । ਆਪਣੀ ਬੂਝ ਬੁਝਾਏ ਆਪ । ਆਪਣੀ ਸੂਝ ਰਖਾਏ ਆਪ । ਗੁਰਮੁਖ ਸਾਚੇ ਤੇਰੇ ਵਿਚ ਸਮਾਏ ਆਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਟਨ ਕੋਟ ਉਤਾਰੇ ਪਾਪ । ਕੋਟਨ ਕੋਟ ਪਾਪ ਉਤਾਰੇ । ਏਕਾ ਜੋਤ ਕਰੇ ਅਕਾਰੇ । ਪਵਣ ਉਨੰਜਾ ਛਤਰ ਝੁਲਾਰੇ । ਗੁਰਮੁਖ ਸਾਚੇ ਤੀਨ ਲੋਕ ਤੇਰੇ ਨਾਮ ਜੈ ਜੈ ਜੈਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਤੇਰੇ ਕਾਜ ਸਵਾਰੇ । ਆਪ ਸਵਾਰੇ ਗੁਰਸਿਖ ਕਾਜ । ਸੋਹੰ ਦੇਵੇ ਸਾਚਾ ਤਾਜ । ਗੁਰਮੁਖ ਸਾਚੇ ਪ੍ਰਭ ਰਖਾਏ ਤੇਰੀ ਲਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਵਿਚ ਮਾਝ । ਆਪਣੀ ਜੋਤ ਆਪ ਜਗਾਏ । ਜੁਗੋ ਜੁਗ ਸਚ ਕਰਮ ਕਮਾਏ । ਜਗਤ ਅਗਿਆਨ ਆਪ ਮਿਟਾਏ । ਏਕਾ ਧਾਮ ਗੁਰ ਚਰਨ ਟਿਕਾਏ । ਚਤੁਰ ਸੁਜਾਨ ਗੁਰਸਿਖ ਬਣਾਏ । ਮੂਰਖ ਮੁਗਧ

ਅੰਞਾਣ ਪ੍ਰਭ ਆਣ ਤਰਾਏ । ਸਾਚੀ ਦਰਗਹਿ ਦੇਵੇ ਮਾਣ ਜੋ ਜਨ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਮੇਲ ਮਿਲਾਏ । ਗੁਰ ਸਾਚਾ ਆਪ ਜਗਾਵਣਾ । ਬਾਂਹੋਂ ਪਕੜ ਚਰਨ ਲਗਾਵਣਾ । ਸੋਹੰ ਸਾਚਾ ਗਿਆਨ ਦਵਾਵਣਾ । ਏਕਾ ਮਾਣ ਮਾਤ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਧਰ ਨਿਹਕਲੰਕ ਕਲ ਨਾਉਂ ਰਖਾਵਣਾ । ਨਿਹਕਲੰਕ ਕਲ ਪ੍ਰਭ ਆਏ । ਜੋਤ ਸਰੂਪੀ ਜਾਮਾ ਪਾਏ । ਬੇਮੁਖਾਂ ਪ੍ਰਭ ਲਏ ਭੁਲਾਏ । ਗੁਰਸਿਖਾਂ ਪ੍ਰਭ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤਕਾਲ ਗੁਰਮੁਖ ਸਾਚੇ ਮੇਲ ਮਿਲਾਏ । ਕਲਜੁਗ ਅੰਤਮ ਹੋਏ ਅਖੀਰ । ਸੋਹੰ ਦੇਵੇ ਪ੍ਰਭ ਸਾਚਾ ਧੀਰ । ਚਾਰ ਕੁੰਟ ਪੈ ਜਾਏ ਵਹੀਰ । ਥਲ ਜਲ ਜਲੋਂ ਥਲ ਕਰਾਏ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਤਮ ਦੇਵੇ ਧੀਰ । ਗੁਰਮੁਖ ਸਾਚੇ ਧੀਰ ਧਰਾਏ । ਅੰਮ੍ਰਿਤ ਸਾਚਾ ਸੀਰ ਪਿਲਾਏ । ਵੇਲਾ ਅੰਤ ਅਖੀਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਕਲ ਚੀਰ ਲੁਹਾਏ । ਆਪਣੇ ਰੰਗ ਆਪ ਰੰਗਾਣਿਆਂ । ਹੋਏ ਸਹਾਈ ਜਗਤ ਨਿਮਾਣਿਆਂ । ਤਖ਼ਤੋਂ ਲਾਹੇ ਰਾਜੇ ਰਾਣਿਆਂ । ਦਰ ਦਰ ਭਵਾਏ ਸੇਠ ਸਿਠਾਣਿਆਂ । ਮਾਣ ਗਵਾਏ ਵੇਦ ਪੁਰਾਣਿਆਂ । ਆਪ ਖਪਾਏ ਖਾਣੀ ਬਾਣੀਆਂ । ਦਿਸ ਨਾ ਆਏ ਅੰਜੀਲ ਕੁਰਾਨਿਆਂ । ਹਰਸ ਮਿਟਾਏ ਗੁਰਮੁਖ ਸਾਚੇ ਪ੍ਰਭ ਦਰਸ ਦਿਖਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਵਿਸ਼ਨੂੰ ਭਗਵਾਨਿਆਂ । ਅੰਤਕਾਲ ਅੰਤ ਹੋ ਜਾਣਾ । ਪ੍ਰਭ ਸਾਚੇ ਕਾ ਸਾਚਾ ਭਾਣਾ । ਗੁਰਮੁਖ ਸਾਚੇ ਸਚ ਕਰ ਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤਕਾਲ ਕਲ ਆਪ ਕਰਾਣਾ । ਅੰਤਮ ਕਲਜੁਗ ਆਪ ਕਰਾਏ । ਬੇਮੁਖ ਪ੍ਰਭ ਜਗਤ ਖਪਾਏ । ਗੁਰਸਿਖ ਪ੍ਰਭ ਆਪ ਤਰਾਏ । ਵਡ ਵਡ ਮੁਨ ਰਿਖ ਪ੍ਰਭ ਸ਼ਬਦ ਜਗਾਏ । ਆਤਮ ਤ੍ਰਿਖ ਪ੍ਰਭ ਗੁਰਸਿਖ ਮਿਟਾਏ । ਬੇਮੁਖ ਪ੍ਰਭ ਜਗਤ ਖਪਾਏ । ਗੁਰਸਿਖ ਪ੍ਰਭ ਆਪ ਤਰਾਏ । ਏਕਾ ਭਿੱਖ ਸੋਹੰ ਨਾਮ ਪ੍ਰਭ ਝੋਲੀ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤਕਾਲ ਕਲ ਆਪ ਕਰਾਏ । ਕਲਜੁਗ ਅੰਤਮ ਹੋਏ ਅੰਤਾ । ਜੋਤ ਜਗਾਏ ਪ੍ਰਭ ਭਗਵੰਤਾ । ਦਰਸ ਦਿਖਾਏ ਹੋਏ ਸਹਾਏ ਗੁਰਮੁਖ ਸਾਚੇ ਸੰਤਾ । ਕਲਜੁਗ ਮਾਇਆ ਪਾਏ ਬੇਅੰਤਾ । ਆਏ ਵਕਤ ਜੋਤ ਜਗਾਏ ਪ੍ਰਭ ਭਗਵੰਤਾ । ਦਰਸ ਦਿਖਾਏ ਗੁਰਮੁਖ ਸਾਚੇ ਸੰਤਾ । ਜੀਵ ਜੰਤ ਭੁਲਾਏ, ਨਾ ਦਿਸੇ ਸਾਚਾ ਕੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਇ ਨਾ ਜਾਣੇ ਏਕਾ ਜੋਤ ਆਦਿਨ ਅੰਤਾ । ਆਦਿਨ ਅੰਤ ਆਪ ਪ੍ਰਭ ਹੋਏ । ਸਾਧਨ ਸੰਤ ਪ੍ਰਭ ਦੀਨੇ ਲੋਏ । ਬੈਠ ਅਚੁਤ ਵੇਖੇ ਸਭ ਸੋਏ । ਬਣਾਏ ਬਣਤ ਨਾ ਜਾਣੇ ਕੋਇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਮਾਤ ਪਰਗਟ ਹੋਏ ਮਾਤਲੋਕ ਪ੍ਰਭ ਜੋਤ ਜਗਾਏ । ਆਪ ਆਪਣਾ ਭੇਦ ਖੁਲ੍ਹਾਏ । ਪਾਰ ਬਿਆਸੋਂ ਚਰਨ ਟਿਕਾਏ । ਸ਼ਬਦ ਅਕਾਸੋਂ ਏਕ ਚਲਾਏ । ਸੋਹੰ ਸੁਵਾਸੋਂ ਸੁੰਨ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਪਾਰ ਬਿਆਸੋਂ ਆਏ ਚਲ । ਸ੍ਰਿਸ਼ਟ ਸਬਾਈ ਜਾਏ ਹੱਲ । ਥਲੋਂ ਜਲ ਜਲੋਂ ਕਰਾਏ ਥਲ । ਜੋਤ ਸਰੂਪੀ ਜੋਤ ਪਰਗਟਾਏ ਨਾ ਲਾਏ ਘੜੀ ਪਲ । ਆਪਣਾ ਭਾਣਾ ਜਗਤ ਵਰਤਾਏ ਨਾ ਦੇਖੇ ਅੱਜ ਕੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਦਰ ਬੈਠੇ ਮੱਲ । ਚਰਨ ਬਿਆਸੋਂ ਪਾਰ ਧਰ । ਸ੍ਰਿਸ਼ਟ ਸਬਾਈ ਖੁਆਰ ਕਰ । ਏਕਾ ਜੋਤ ਅਕਾਰ ਕਰ । ਗੁਰ ਸੰਗਤ ਪਿਆਰ ਕਰ । ਨਿਹਕਲੰਕ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਮਸਤੂਆਣੇ ਆਵੇ ਸਾਚੇ ਸਰ । ਸਾਚਾ ਸਰ ਜਗਤ ਬਣਾਏ । ਅਵਤਾਰ ਨਰ ਦਇਆ ਕਮਾਏ । ਏਕਾ ਘਰ ਚਾਰ ਵਰਨ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਪਰਗਟਾਏ । ਮਸਤੂਆਣਾ ਮੋਖ ਦਵਾਰੀ । ਧਰੇ ਜੋਤ ਨਿਹਕਲੰਕ ਨਰਾਇਣ ਨਰ ਅਵਤਾਰੀ । ਚਾਰ ਵਰਨ ਹੋਏ ਪਨਿਹਾਰੀ । ਸਾਧ ਸੰਗਤ ਪ੍ਰਭ ਪਾਰ ਉਤਾਰੀ । ਦੁਖੀਆਂ ਦੁਖ ਭੁੱਖਿਆਂ ਭੁੱਖ ਪ੍ਰਭ ਸਰਬ ਉਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡਾ ਆਪ ਵਡ ਸੰਸਾਰੀ । ਵਡਾ ਪ੍ਰਭ ਆਪ ਸੰਸਾਰਾ । ਜੀਵ ਜੰਤ ਪ੍ਰਭ ਜੋਤ ਅਧਾਰਾ । ਸਾਧ ਸੰਤ ਪਾਰ ਉਤਾਰਾ । ਆਦਿ ਅੰਤ ਏਕਾ ਅਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਰੇ ਜੋਤ ਅਕਾਰਾ । ਮਸਤੂਆਣੇ ਜੋਤ ਜਗਾਏ । ਆਪਣਾ ਆਪ ਕਲ ਪਰਗਟਾਏ । ਰਾਣਾ ਸੰਗਰੂਰ ਪਕੜ ਉਠਾਏ । ਜੋਤ ਸਰੂਪੀ ਦਰਸ ਦਿਖਾਏ । ਆਪਣੇ ਚਰਨ ਆਪ ਲਗਾਏ । ਸਾਚਾ ਮਾਣ ਜਗਤ ਦਵਾਏ । ਏਕਾ ਅਕਾਰ ਵਿਚ ਦੇਹ ਕਰਾਏ । ਜੋਤ ਅਧਾਰ ਪ੍ਰਭ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਆਪ ਆਪਣੀ ਦਇਆ ਕਮਾਏ । ਦਇਆ ਕਮਾਏ ਸਰਨ ਲਗਾਏ । ਸਰਨ ਲਗਾਏ ਮਾਣ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਏ । ਨਿਹਕਲੰਕ ਕਲ ਨਾਉਂ ਧਰਾਏ । ਸਾਚਾ ਸ਼ਬਦ ਆਪ ਉਪਜਾਏ । ਅਗਨ ਮੀਂਹ ਆਪ ਬਰਸਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਭਸਮ ਕਰਾਏ । ਏਕਾ ਜੋਤ ਅਗਨ ਲਗਾਏ । ਸ੍ਰਿਸ਼ਟ ਸਬਾਈ ਚਾਰ ਕੁੰਟ ਬਿਲਲਾਏ । ਜੀਵ ਜੰਤ ਪ੍ਰਭ ਖਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਹੋਏ ਸਹਾਏ । ਸਾਚੇ ਸੰਤਾਂ ਪਾਵੇ ਸਾਰ । ਏਕਾ ਦੇਵੇ ਨਾਮ ਅਧਾਰ । ਬੇਮੁਖਾਂ ਪ੍ਰਭ ਕਰੇ ਖੁਆਰ । ਮਾਨਸ ਜਨਮ ਅੰਤ ਕਲ ਗਏ ਹਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚਾ ਕਰੇ ਚਰਨ ਪਿਆਰ । ਚਰਨ ਦਵਾਰ ਗੁਰ ਕਾ ਘਰ । ਨਰ ਨਰਾਇਣ ਆਏ ਅਵਤਾਰ ਨਰ । ਕਰ ਦਰਸ ਗੁਰਮੁਖ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣਾ ਬਣਾਵੇ ਸਾਚਾ ਸਰ । ਸਾਚਾ ਸਰ ਸਦਾ ਭਰਪੂਰ । ਜੋਤ ਸਰੂਪੀ ਪ੍ਰਭ ਦੀਆ ਨੂਰ । ਆਸਾ ਮਨਸਾ ਸਰਬ ਭਰਪੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਜਣਾਏ ਉਪਜਾਏ ਸੁਣਾਏ ਗੁਰਮੁਖ ਸਾਚੇ ਸਾਚਾ ਨੂਰ । ਸਾਚਾ ਪ੍ਰਭ ਸ਼ਬਦ ਭੰਡਾਰਾ । ਗੁਰਮੁਖ ਸਾਚਾ ਪਾਏ ਸਾਰਾ । ਮੰਗਣ ਆਏ ਚਲ ਦਵਾਰਾ । ਦੇਵੇ ਨਾਮ ਪ੍ਰਭ ਅਧਾਰਾ । ਏਕਾ ਬਣੇ ਆਪ ਵਰਤਾਰਾ । ਸ੍ਰਿਸ਼ਟ ਸਬਾਈ ਨਾ ਪਾਵੇ ਸਾਰਾ । ਨਿਹਕਲੰਕ ਕਲ ਲਿਆ ਅਵਤਾਰਾ । ਜੋਤ ਸਰੂਪੀ ਪ੍ਰਭ ਖੇਲ ਨਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਏਕਾ ਬਖ਼ਸ਼ੇ ਚਰਨ ਪਿਆਰਾ । ਗੁਰਮੁਖਾਂ ਦੇਵੇ ਚਰਨ ਪਿਆਰ । ਪ੍ਰਭ ਸਾਚੇ ਦੀ ਸਾਚੀ ਕਾਰ । ਗੁਰਮੁਖ ਸਾਚਾ ਪ੍ਰਭ ਸਾਚੇ ਦੀ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਤਰ ਜਾਏ ਤਾਰ । ਮਸਤੂਆਣੇ ਮਾਣ ਦਵਾ ਕੇ । ਰਾਣਾ ਸੰਗਰੂਰ ਸੰਗ ਰਲਾ ਕੇ । ਆਪਣਾ ਚਰਨ ਪ੍ਰਭ ਆਪ ਉਠਾ ਕੇ । ਸਾਧ ਸੰਗਤ ਸਿਰ ਹੱਥ ਟਿਕਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਸੋ ਜਗਾਏ ਜਮਨ ਕਿਨਾਰੇ ਡੇਰਾ ਲਾ ਕੇ । ਜਮਨ ਕਿਨਾਰੇ ਚਰਨ ਟਿਕਾਵਣਾ । ਸਾਚਾ ਕਰਮ ਪ੍ਰਭ ਆਪ ਕਮਾਵਣਾ । ਵੇਲਾ ਅੰਤ ਕਲ ਆਪ ਕਰਾਵਣਾ । ਗੁਰਮੁਖ ਸਾਚੇ ਸੰਤ ਸ਼ਬਦ ਸ਼ਬਦ ਰੂਪ ਆਪ ਜਗਾਵਣਾ । ਪਰਗਟ ਜੋਤ ਆਪ ਭਗਵੰਤ, ਕਲਜੁਗ ਜੀਆਂ ਭਰਮ ਚੁਕਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ

ਸਰੂਪ ਪਰਗਟ ਜੋਤ ਜਮਨ ਕਿਨਾਰੇ ਚਰਨ ਟਿਕਾਵਣਾ । ਜਮਨ ਕਿਨਾਰੇ ਚਰਨ ਟਿਕਾਏ । ਲਿਖਤ ਭਵਿਖਤ ਸਤਿ ਵਰਤਾਏ । ਸੰਤ ਮਨੀ ਸਿੰਘ ਗਿਆ ਲਿਖਾਏ । ਵਡ ਵਡ ਧਨੀ ਧੰਨ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਮਨ ਕਿਨਾਰੇ ਭਾਗ ਲਗਾਏ । ਜਮਨ ਕਿਨਾਰਾ ਸਾਚਾ ਧਾਮਾ । ਜੋਤ ਜਗਾਏ ਰਮਈਆ ਰਾਮਾ । ਆਪ ਪਰਗਟਾਏ ਘਨਈਆ ਸ਼ਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਾ । ਜੋਤ ਜਗਾਏ ਸਾਚੇ ਘਰ । ਆਪ ਦਿਸਾਏ ਵਖਾਏ ਪਰਗਟਾਏ ਅਵਤਾਰ ਨਰ । ਚਾਰ ਵਰਨ ਚਲ ਆਇਣ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਜਾਏ ਕਰ । ਕਿਨਾਰੇ ਜਮਨ ਜੋਤ ਪਰਗਟਾ ਕੇ । ਸਾਚਾ ਕਰਮ ਪ੍ਰਭ ਕਮਾ ਕੇ । ਏਕਾ ਵਰਨ ਜਗਤ ਬਣਾ ਕੇ । ਏਕਾ ਧਰਮ ਮਾਤ ਰਖਾ ਕੇ । ਏਕਾ ਭਰਮ ਸਰਬ ਮਿਟਾ ਕੇ । ਏਕਾ ਵਰਨ ਆਪਣਾ ਆਪ ਉਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਸਚ ਸਚ ਦਰਬਾਰ ਲਗਾ ਕੇ । ਸਾਚਾ ਪ੍ਰਭ ਸਚ ਦਰਬਾਰਾ । ਸਤਿ ਸਤਿ ਸਤਿ ਕਰਾਏ ਸਤਿ ਵਰਤਾਰਾ । ਏਕਾ ਜੋਤ ਜਗਾਏ ਏਕਾ ਏਕੰਕਾਰਾ । ਏਕਾ ਦਰ ਦਿਸਾਏ ਚਾਰ ਕੁੰਟ ਸਰਬ ਸੰਸਾਰਾ । ਏਕਾ ਘਰ ਵਸਾਏ ਸਾਧ ਸੰਗਤ ਸੋਹੇ ਗੁਰ ਚਰਨ ਦਵਾਰਾ । ਏਕਾ ਨਾਮ ਜਪਾਏ ਸੋਹੰ ਕਰਾਏ ਜੈ ਜੈ ਜੈਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਏ ਸਭ ਦੀ ਸਾਰਾ । ਸਾਚੇ ਗੁਰਮੁਖ ਸੰਤ । ਪ੍ਰਭ ਜਗਾਏ ਵਡ ਵਡ ਸੰਤ । ਪਕੜ ਉਠਾਏ ਬੈਠ ਇਕੰਤ । ਜੋ ਰਹੇ ਗਾਏ ਮਾਇਆ ਪਾਏ ਬੇਅੰਤ । ਕਲਜੁਗ ਜੀਵ ਭੁਲਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤੰਤ । ਜਮਨ ਕਿਨਾਰਾ ਧਾਮ ਨਿਆਰਾ । ਜੋਤ ਜਗਾਏ ਅਗੰਮ ਅਪਾਰਾ । ਚਰਨ ਟਿਕਾਏ ਕ੍ਰਿਸ਼ਨ ਮੁਰਾਰਾ । ਪਕੜ ਉਠਾਏ ਨੈਣ ਮੁਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਨਾ ਪਾਰਾਵਾਰਾ । ਅੰਤਨ ਅੰਤ ਪ੍ਰਭ ਬੇਅੰਤ । ਕੰਤਨ ਕੰਤ ਗੁਰਮੁਖ ਸਾਚੇ ਪ੍ਰਭ ਮਿਲਿਆ ਸਾਚਾ ਕੰਤ । ਜੰਤਨ ਜੰਤ ਪ੍ਰਭ ਵਡਿਆਏ ਸਾਧਨ ਸੰਤ । ਬਣਤਣ ਬਣਤ ਬਣਾਏ ਗੁਰਸਿਖ ਤੇਰੀ ਸਾਚੀ ਬਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਟਿਕਾਏ ਰਖਾਏ ਦਿਸਾਏ ਸਾਚੇ ਸਾਧਨ ਸੰਤ । ਸੰਤ ਜਨਾਂ ਪ੍ਰਭ ਆਪ ਉਠਾਵਣਾ । ਸੰਤ ਜਨਾਂ ਪ੍ਰਭ ਭਰਮ ਚੁਕਾਵਣਾ । ਸੰਤ ਜਨਾਂ ਪ੍ਰਭ ਸਰਨ ਲਗਾਵਣਾ । ਸੰਤ ਜਨਾਂ ਪ੍ਰਭ ਪੂਰਨ ਘਾਲ ਕਰਾਵਣਾ । ਸੰਤ ਜਨਾਂ ਸੋਹੰ ਸੱਚਾ ਧਨ ਮਾਲ ਝੋਲੀ ਪਾਵਣਾ । ਸੰਤ ਜਨਾਂ ਏਕਾ ਆਤਮ ਲਾਲ ਰਖਾਵਣਾ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਸਦ ਰਸਨਾ ਗਾਵਣਾ । ਸੰਤ ਜਨਾਂ ਦੇਵੇ ਵਡਿਆਈ । ਸੰਤ ਜਨਾਂ ਪ੍ਰਭ ਹੋਏ ਸਹਾਈ । ਸੰਤ ਜਨਾਂ ਮਨ ਵੱਜੇ ਵਧਾਈ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਜਮਨ ਕਿਨਾਰੇ ਹੋਏ ਸਹਾਈ । ਜਮਨ ਕਿਨਾਰੇ ਆਪ ਪ੍ਰਭ ਆਏ । ਸੋਹੰ ਸਾਚਾ ਜਾਪ ਜਪਾਏ । ਕੋਟਨ ਕੋਟ ਪ੍ਰਭ ਪਾਪ ਗਵਾਏ । ਸਰਬ ਸ੍ਰਿਸ਼ਟ ਮਾਈ ਬਾਪ ਆਪ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ । ਜਮਨ ਕਿਨਾਰੇ ਜੋਤ ਜਗਈਆ । ਭਗਤ ਉਧਾਰੇ ਸੋਹੰ ਚਲਾਵੇ ਸਾਚੀ ਨਈਆ । ਵਡ ਸੰਸਾਰੇ ਚਾਰ ਵਰਨ ਕਰਾਏ ਏਕਾ ਭੈਣਾਂ ਭਈਆ । ਪ੍ਰਭ ਗਿਰਧਾਰੇ ਸੋਹੰ ਸਾਚਾ ਨਾਮ ਦਵਈਆ । ਕਰਮ ਵਿਚਾਰੇ ਏਕਾ ਮਾਰਗ ਜਗਤ ਰਖਈਆ । ਜੋਤ ਅਧਾਰੇ ਊਚ ਨੀਚ ਪ੍ਰਭ ਭੇਖ ਮਿਟਈਆ । ਆਪ ਨਿਰੰਕਾਰੇ ਸਤਿਜੁਗ ਸਾਚਾ ਰਾਹ ਦਿਸਈਆ । ਵਡ ਸਿਕਦਾਰੇ ਪ੍ਰਭ ਆਪਣੇ ਹੱਥ ਰਖਈਆ । ਸ੍ਰਿਸ਼ਟ ਪਨਿਹਾਰੇ ਰਾਓ ਉਮਰਾਓ ਪ੍ਰਭ ਮਾਣ ਗਵਈਆ ।

੧੧੯ ੦੨

ਜੋਤ ਅਧਾਰੇ ਆਪਣਾ ਕਰਮ ਧਰਮ ਵਰਮ ਜਗਤ ਵਰਤਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਪਰਗਟਈਆ । ਜੋਤ ਸਰੂਪ ਪਰਗਟਾਏ ਜੋਤ । ਵਰਨ ਚਾਰ ਕਰਾਏ ਏਕਾ ਗੋਤ । ਗੁਰਮੁਖ ਜਗਾਏ ਬੇਮੁਖ ਕਲ ਰਹੇ ਸੋਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦੁਰਮਤ ਮੈਲ ਤੇਰੀ ਜਾਏ ਧੋਤ । ਗੁਰਮੁਖ ਸਾਚਾ ਗੁਰ ਦਰ ਆਏ । ਸਾਚਾ ਮਾਣ ਪ੍ਰਭ ਆਪ ਰਖਾਏ । ਏਕਾ ਦਾਨ ਪ੍ਰਭ ਝੋਲੀ ਪਾਏ । ਗੁਣ ਨਿਧਾਨ ਪ੍ਰਭ ਦਇਆ ਕਮਾਏ । ਚਤੁਰ ਸੁਜਾਨ ਵਿਚ ਮਾਤ ਦੇ ਬਣਾਏ । ਬ੍ਰਹਮ ਗਿਆਨ ਪ੍ਰਭ ਬੂਝ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਜਗਾਏ । ਜੋਤ ਪਰਗਟਾਏ ਜਮਨ ਕਿਨਾਰ । ਸ੍ਰਿਸ਼ਟ ਸਬਾਈ ਆਰ ਪਾਰ । ਬੇਮੁਖਾਂ ਅੰਤਕਾਲ ਕਲਜੁਗ ਆਈ ਹਾਰ । ਗੁਰਮੁਖਾਂ ਦਿਸੇ ਨਿਹਕਲੰਕ ਤੇਰਾ ਸਚ ਦਰਬਾਰ । ਏਕਾ ਵੱਜੇ ਸੋਹੰ ਸਾਚਾ ਡੰਕ, ਚਾਰ ਕੁੰਟ ਹੋਏ ਧੁਨਕਾਰ । ਏਕਾ ਰਖਾਏ ਏਕ ਅੰਕ, ਸੋਹੰ ਸ਼ਬਦ ਜੈ ਜੈ ਜੈਕਾਰ । ਸੁਹਾਏ ਥਾਨ ਬੰਕ, ਪ੍ਰਭ ਕਰੇ ਜੋਤ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਨਰਾਇਣ ਨਰ ਅਵਤਾਰ ਕਲ ਆਏ, ਪਾਰਬ੍ਰਹਮ ਖੇਲ ਰਚਾਏ, ਕਲਜੁਗ ਜੀਵ ਨਾ ਪਾਵੇ ਸਾਰਾ । ਆਪ ਸਹਾਏ ਭਗਤ ਤਰਾਏ, ਸਾਧ ਸੰਤ ਆਪ ਰਖਾਏ ਸਚ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਜਗਤ ਹਿਲਾਏ ਗੁਰਮੁਖ ਉਪਜਾਏ ਪੂਰਨ ਕਰਮ ਵਿਚਾਰਾ । ਪੂਰਨ ਕਰਮ ਪ੍ਰਭ ਵਿਚਾਰੇ । ਗੁਰਮੁਖ ਸਾਚੇ ਪਾਰ ਉਤਾਰੇ । ਦੇਵੇ ਦਰਸ ਪ੍ਰਭ ਗਿਰਧਾਰੇ । ਮਿਟਾਏ ਹਰਸ ਆਪ ਕਰਤਾਰੇ । ਜਨ ਰਹੇ ਤਰਸ ਪ੍ਰਭ ਆਏ ਚਲ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਚਰਨ ਲਗਾਏ ਟਿਕਾਏ ਜਮਨ ਕਿਨਾਰੇ । ਜਮਨ ਕਿਨਾਰੇ ਪ੍ਰਭ ਸਾਚੇ ਆਵਣਾ । ਸਾਚਾ ਸਮਾਂ ਆਪ ਸੁਹਾਵਣਾ । ਜੋਤ ਸਰੂਪੀ ਦੀਪਕ ਵਿਚ ਮਾਤ ਜਗਾਵਣਾ । ਪ੍ਰਭ ਸਾਚਾ ਸਰਬ ਸਮੀਪਤ, ਏਕਾ ਰੰਗ ਵਰਤਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਵਡ ਹੰਕਾਰੀਆਂ ਆਪ ਮਾਣ ਗਵਾਵਣਾ । ਆਏ ਪ੍ਰਭ ਜਮਨ ਕਿਨਾਰ । ਜੋਤ ਪਰਗਟਾਏ ਪ੍ਰਭ, ਜੋਤ ਸਰੂਪ ਤੋੜੇ ਸਰਬ ਹੰਕਾਰ । ਸਾਧ ਸੰਤ ਅੰਮ੍ਰਿਤ ਝਿਰਨਾ ਝਿਰਾਏ ਨਭ, ਏਕਾ ਜੋਤ ਕਰੇ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੇਵੇ ਦਰਸ ਗੁਰਸਿਖ ਸਾਚੇ ਤੇਰੇ ਦਰਬਾਰ । ਜਮਨ ਕਿਨਾਰਾ ਸਾਚਾ ਤੱਟ । ਪ੍ਰਭ ਅਬਿਨਾਸ਼ੀ ਲਾਏ ਸਾਚਾ ਹੱਟ । ਸੋਹੰ ਸਾਚਾ ਗੁਰਮੁਖ ਵਿਰਲਾ ਜਾਏ ਖੱਟ । ਪ੍ਰਭ ਅਬਿਨਾਸ਼ੀ ਲਾਗ ਭਓ, ਹੋਏ ਸਹਾਈ ਵਸੇ ਘਟ ਘਟ । ਅਵਰ ਨਾ ਦੀਸੇ ਦੂਜਾ ਥਾਉਂ, ਪ੍ਰਭ ਜੋਤ ਜਗਾਏ ਦਰਸ ਦਿਖਾਏ ਹਰਸ ਮਿਟਾਏ ਗੁਰਮੁਖ ਝੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਾਣ ਜਮਨ ਕਿਨਾਰੇ ਫਟ । ਗੁਰਮੁਖ ਸਾਚੇ ਪ੍ਰਭ ਸਾਚਾ ਤਾਰੇ । ਜੋਤ ਜਗਾਏ ਪਰਗਟਾਏ ਵਸਾਏ ਗੁਰਮੁਖ ਸਾਚੇ ਅਗੰਮ ਅਪਾਰੇ । ਬੇਮੁਖ ਤੜਫਾਏ ਅਗਨ ਜੋਤ ਲਗਾਏ, ਕਰਨ ਹਾਏ ਹਾਏ ਨਾ ਕੋਈ ਪਾਵੇ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਨਰਾਇਣ ਨਰ ਅਵਤਾਰੇ । ਨਰਾਇਣ ਨਰਾਇਣ ਨਰਾਇਣ ਨਰ । ਮਾਤਲੋਕ ਆਇਆ ਜਾਮਾ ਧਰ । ਚਾਰ ਵਰਨ ਇਕ ਜਾਏ ਕਰ । ਏਕਾ ਸ਼ਬਦ ਸੋਹੰ ਵਿਚ ਮਾਤ ਜਾਏ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਹਿੰਮਾ ਜਗਤ ਅਪਰ । ਅਪਰ ਅਪਾਰ ਜਾਵੇ ਤਾਰ । ਆਵੇ ਦਵਾਰ, ਪਾਵੇ ਸਾਰ, ਕਰਮ ਵਿਚਾਰ, ਲੇਖ ਲਿਖਾਰ, ਭਗਤ ਉਧਾਰ, ਆਪ ਕਰਤਾਰ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਪਿਆਰ । ਚਰਨ ਨਾਤਾ ਭਗਤ

੧੧੭
੦੨

੧੧੮ ੦੨

ਪਛਾਤਾ । ਸੋਹੰ ਦੇਵੇ ਸਾਚੀ ਦਾਤਾ । ਪਾਰਬ੍ਰਹਮ ਪੁਰਖ ਬਿਧਾਤਾ । ਜਨ ਭਗਤ ਪ੍ਰਭ ਆਪ ਪਛਾਤਾ । ਗੁਣੀ ਗੁਣ ਵਡ ਗੁਣ ਦਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦੇਵੇ ਦਰਸ ਸੁੱਤਿਆਂ ਰਾਤਾ । ਗੁਰਮੁਖ ਸੋਇਆ ਪ੍ਰਭ ਸਾਚਾ ਜਾਗਾ । ਪ੍ਰਭ ਉਪਜਾਏ ਸੁਣਾਏ ਅਨਹਦ ਸਾਚਾ ਰਾਗਾ । ਦਰਸ ਦਿਖਾਏ ਚਰਨ ਲਗਾਏ ਆਤਮ ਧੋਏ ਵਡ ਦਾਗ਼ਨ ਦਾਗ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਜੋ ਜਨ ਤੇਰੀ ਸਰਨ ਲਾਗਾ । ਸਰਨ ਲਾਗ ਸਿਖ ਸਾਚੀ ਪਾਏ । ਸਰਨ ਲਾਗ ਆਤਮ ਅਗਨ ਗੁਰਸਿਖ ਬੁਝਾਏ । ਸਰਨ ਲਾਗ ਦੀਪਕ ਜਗਣ, ਪ੍ਰਭ ਸਾਚਾ ਜੋਤ ਜਗਾਏ । ਸਰਨ ਲਾਗ ਹੋਏ ਮਗਨ, ਪ੍ਰਭ ਏਕਾ ਭੇਵ ਖੁਲ੍ਹਾਏ । ਸਰਨ ਲਾਗ ਰੰਗੇ ਰੰਗਣ, ਰੰਗ ਉਤਰ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸਗਨ ਗੁਰਮੁਖ ਤੇਰੇ ਮੁਖ ਲਗਾਏ । ਸੋਹੰ ਮੁਖ ਪ੍ਰਭ ਰਖਾਇਆ । ਆਤਮ ਸੁਖ ਪ੍ਰਭ ਉਪਜਾਇਆ । ਉਤਰੀ ਭੁੱਖ ਰਸਨਾ ਗਾਇਆ । ਮਿਟਿਆ ਦੁਖ ਪ੍ਰਭ ਦਰਸ਼ਨ ਪਾਇਆ । ਸੁਫਲ ਕੁੱਖ ਪ੍ਰਭ ਸਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਦੋ ਜਹਾਨ ਜੋਤ ਸਰੂਪੀ ਕਲ ਜਾਮਾ ਪਾਇਆ । ਜੋਤ ਸਰੂਪੀ ਜਾਮਾ ਧਾਰੇ । ਆਪਣੀ ਜੋਤ ਆਪ ਨਿਰੰਕਾਰੇ । ਭੇਦ ਅਭੇਦ ਅਭੇਵ ਕਰਤਾਰੇ । ਦੇਵੀ ਦੇਵ ਨਾ ਪਾਇਣ ਸਾਰੇ । ਗੁਰਮੁਖ ਸਾਚੇ ਕਰ ਸਾਚੀ ਸੇਵ, ਪ੍ਰਭ ਆਏ ਚਲ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਭਾਗ ਲਗਾਏ ਦਰਸ ਦਿਖਾਏ ਜਮਨ ਕਿਨਾਰੇ । ਜਮਨ ਕਿਨਾਰਾ ਧਾਮ ਸੁਹਾਏ ਰਾਮ ਅਵਤਾਰ । ਜੋਤ ਪਰਗਟਾਏ ਕ੍ਰਿਸ਼ਨ ਮੁਰਾਰ । ਦਰਸ ਦਿਖਾਏ ਕਲੰਕਨਿਹ ਅਵਤਾਰ । ਨਾਂਓ ਤਰਾਵੇ ਆਪ ਬੁਝਾਵੇ ਆਪ ਜਣਾਵੇ ਗੁਰਮੁਖ ਸਾਚਾ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਨਾਰਾ ਜਮਨ ਮਾਤਲੋਕ ਬਣਾਏ ਸਚਖੰਡ ਦਵਾਰ ਸਚਖੰਡ ਦਵਾਰ ਬਣਾਏ ਏਕਾ ਅਕਾਰ । ਜੋਤ ਪਰਗਟਾਏ ਕਰਾਏ ਜੈ ਜੈ ਜੈਕਾਰ । ਸੋਹੰ ਵਰਤਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਪਰਗਟਾਏ ਵਿਚ ਸੰਸਾਰ । ਜੋਤ ਸਰੂਪੀ ਜੋਤ ਪਰਗਟਾਏ । ਆਪਣਾ ਭੇਵ ਆਪ ਚੁਕਾਏ ਵਡ ਵਡ ਦੇਵੀ ਦੇਵ ਆਪ ਅਖਵਾਏ । ਘਨਕਪੁਰ ਵਾਸੀ ਆਪਣਾ ਭੇਵ ਆਪ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਅੰਤਕਾਲ ਸਾਚੀ ਜੋਤ ਜਗਾਏ । ਸਾਚੇ ਪ੍ਰਭ ਕਰਮ ਕਮਾਵਣਾ । ਜੋਤ ਸਰੂਪੀ ਖੇਲ ਰਚਾਵਣਾ । ਵਡ ਵਡ ਭੂਪੀ ਮੇਲ ਮਿਲਾਵਣਾ । ਵਿਚ ਅੰਧ ਕੂਪੀ ਦੀਪਕ ਜੋਤ ਜਗਾਵਣਾ । ਸਤਿ ਸਰੂਪੀ ਦਰਸ ਦਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਸਰਨ ਲਗਾਵਣਾ । ਵਾਲੀ ਹਿੰਦ ਦਇਆ ਕਮਾਏ । ਆਪ ਆਪਣੀ ਬਣਤ ਬਣਾਏ ਭੁੱਲੇ ਡੁੱਲੇ ਪ੍ਰਭ ਚਰਨ ਲਗਾਏ । ਕਲਜੁਗ ਰੁਲੇ ਪ੍ਰਭ ਆਪ ਤਰਾਏ । ਵਡ ਵਡ ਅਨਮੁੱਲੇ ਗੁਰਸਿਖ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਏ । ਜੋਤ ਸਰੂਪੀ ਖੇਲ ਰਚਾਏ । ਆਪਣੀ ਬਣਤ ਆਪ ਬਣਾਏ । ਕ੍ਰਿਸ਼ਨਾ ਸਾਵਲਾ ਭੇਖ ਵਟਾਏ । ਸਰਬ ਸ੍ਰਿਸ਼ਟ ਮਵਲਾ ਆਪਣਾ ਆਪ ਜਣਾਏ । ਉਪਰ ਧਵਲਾ ਏਕਾ ਮਾਰਗ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਬਾਂਹੋਂ ਪਕੜ ਉਠਾਏ । ਆਤਮ ਪਕੜ ਸਰਬ ਗਵਾਏ । ਸ਼ਬਦ ਜਕੜ ਚਰਨ ਲਗਾਏ । ਰਸਨਾ ਮੱਕਾ ਸਰਬ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ ਜੋਤ ਸਰੂਪੀ ਰੰਗ ਅਪਾਰਾ । ਗੁਰਮੁਖ ਵਿਰਲਾ ਪਾਵੇ ਸਾਰਾ । ਏਕਾ ਦੇਵੇ ਦਰਸ ਅਪਾਰਾ । ਨਜ਼ਰੀ ਆਵੇ ਕ੍ਰਿਸ਼ਨ ਮੁਰਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ

ਹਿੰਦ ਆਏ ਚਰਨ ਦਵਾਰਾ । ਕ੍ਰਿਸ਼ਨ ਘਨਈਆ ਦਰਸ ਦਿਖਾਏ । ਰਾਮ ਰਮਈਆ ਨਜ਼ਰੀ ਆਏ । ਸੋਹੰ ਜਾਮ ਪਲਈਆ ਜੋਤ ਪਰਗਟਾਏ । ਨਿਹਕਲੰਕ ਕਲਜੁਗ ਮਿਟਈਆ ਆਪ ਅਖਵਾਏ । ਸਤਿਜੁਗ ਸਾਚੇ ਲੇਖ ਲਿਖਾਏ । ਸਾਚਾ ਪ੍ਰਭ ਦਇਆ ਕਮਾਏ । ਗੁਰਮੁਖਾਂ ਪ੍ਰਭ ਸਰਨ ਲਗਾਏ । ਵੇਖਾ ਵੇਖ ਬੇਮੁਖ ਭੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਮਾਰਗ ਲਾਏ । ਵਾਲੀ ਹਿੰਦ ਸਰਨੀ ਆਏ । ਧਰਨੀ ਧਰ ਵਡ ਦਇਆ ਕਮਾਏ । ਕਰਨੀ ਕਰ ਹੋਏ ਸਹਾਏ । ਚਰਨ ਲਾਗ ਭੁਲ ਬਖ਼ਸ਼ਾਏ । ਆਤਮ ਅਗਨ ਸਰਬ ਬੁਝਾਏ । ਹੰਸੋਂ ਕਾਗ ਜੀਵ ਕਲ ਬਣਾਏ । ਕਾਗੋਂ ਹੰਸ ਗੁਰਸਿਖ ਉਪਜਾਏ । ਵਡ ਸਰਬੰਸ ਆਪ ਚਲਾਏ । ਏਕਾ ਅੰਸ ਗੁਰਸਿਖ ਧਰਾਏ । ਜਿਉਂ ਕ੍ਰਿਸ਼ਨਾ ਕੰਸ ਬੇਮੁਖ ਖਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਲ ਜਾਮਾ ਪਾਏ । ਜੋਤ ਜਗਾਏ, ਦਰਸ ਦਿਖਾਏ, ਭਰਮ ਮਿਟਾਏ, ਸਰਨ ਲਗਾਏ, ਕਰਮ ਕਮਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਤੀਨ ਜਨਮ ਦੀ ਬੂਝ ਬੁਝਾਏ । ਸਾਚੇ ਪ੍ਰਭ ਕਰਮ ਕਮਾਵਣਾ । ਜੋਤ ਸਰੂਪੀ ਦਰਸ ਦਿਖਾਵਣਾ । ਆਤਮ ਭਰਮ ਸਰਬ ਮਿਟਾਵਣਾ । ਤੀਨ ਜਨਮ ਦੀ ਬੂਝ ਬੁਝਾਵਣਾ । ਆਤਮ ਭੇਦ ਗੁਝ ਖੁਲ੍ਹਾਵਣਾ । ਏਕਾ ਦੂਜ ਭਉ ਚੁਕਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਵਣਾ । ਵਾਲੀ ਹਿੰਦ ਸਰਨ ਲਗਾਵਣਾ । ਤੀਨ ਜਨਮ ਦੀ ਬੂਝ ਬੁਝਾਏ । ਏਕਾ ਭਉ ਸ਼ਬਦ ਰਖਾਏ । ਆਤਮ ਗੋਝ ਪ੍ਰਭ ਆਪ ਕਢਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਏ । ਵਾਲੀ ਹਿੰਦ ਹੋਏ ਬਵਲਾ । ਅੰਮ੍ਰਿਤ ਝਿਰੇ ਮੁਖ ਕਵਲਾ । ਸਰਨੀ ਪੜੇ ਦਿਸੇ ਕ੍ਰਿਸ਼ਨ ਸਵਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰਵ ਰਵਲਾ । ਸਾਵਲ ਸੁੰਦਰ ਨਜ਼ਰੀ ਆਏ । ਕਵਲ ਨੈਣ ਸਿਰ ਮੁਕਟ ਟਿਕਾਏ । ਸਾਜਨ ਸਾਕ ਸੈਣ ਕੋਈ ਦਿਸ ਨਾ ਆਏ । ਏਕਾ ਸੱਜਣ ਸੁਹੇਲ ਆਪ ਬਣ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਏ । ਵੇਖ ਦਰਸ ਆਤਮ ਤ੍ਰਿਪਤਾਸੇ । ਸਾਚਾ ਪ੍ਰਭ ਹਿਰਦੇ ਵਾਸੇ । ਹਉਮੇ ਰੋਗ ਹੋਏ ਵਿਨਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸੇ । ਸਾਚਾ ਪ੍ਰਭ ਦਰਸ ਦਿਖਾਏ । ਪਰਗਟ ਜੋਤ ਭਰਮ ਚੁਕਾਏ । ਕਵਲ ਨਭ ਆਪ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਏ । ਜੋਤ ਸਰੂਪੀ ਜੋਤ ਜਗਾਏ । ਵਾਲੀ ਹਿੰਦ ਸੁਰਤ ਰਖਾਏ । ਵਡ ਮਰਗਿੰਦ ਸਚ ਮੂਰਤ ਪਾਏ । ਗੁਣੀ ਗਹਿੰਦ ਸੋਹੰ ਸ਼ਬਦ ਦੇਹ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਦਿਸੇ ਦੂਰਤ, ਆਪ ਚਲ ਸਰਨੀ ਆਏ । ਆਏ ਸਰਨ ਪ੍ਰਭ ਨਿਮਸਕਾਰਿਆ । ਤਾਰਨ ਤਰਨ ਗੁਣ ਕਰਮ ਵਿਚਾਰਿਆ । ਹਰਨ ਫਰਨ ਪ੍ਰਭ ਆਪ ਖੁਲ੍ਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਚਰਨ ਪਿਆਰਿਆ । ਵਾਲੀ ਹਿੰਦ ਚਰਨ ਪਿਆਰ । ਸਾਚਾ ਦੇਵੇ ਦਰ ਦਰਬਾਰ । ਏਕਾ ਕਰਾਏ ਜਗਤ ਵਰਤਾਰ । ਸੋਹੰ ਕਰਾਏ ਜੈ ਜੈ ਜੈਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਦੇਵੇ ਸ਼ਬਦ ਅਧਾਰ । ਸਾਚਾ ਪ੍ਰਭ ਨਾਮ ਅਧਾਰਾ । ਸਾਚਾ ਪ੍ਰਭ ਜਗਤ ਵਰਤਾਰਾ । ਸਾਚਾ ਪ੍ਰਭ ਵਰਤੇ ਵਰਤਾਏ ਵਿਚ ਸੰਸਾਰਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਆਪ ਲਿਆਏ ਚਰਨ ਦਵਾਰਾ । ਸਾਚਾ ਪ੍ਰਭ ਦਇਆ ਕਮਾਏ । ਸਾਚਾ ਪ੍ਰਭ ਸੇਵਾ ਲਾਏ । ਸਾਚਾ ਪ੍ਰਭ ਆਪਣਾ ਭੇਦ ਆਪ ਚੁਕਾਏ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਉਠ ਜਾਗ ਪ੍ਰਭ ਆਪ ਜਗਾਏ । ਜਨ ਕਿਉਂ

ਸੋਏ ਭਾਗ ਵੇਲਾ ਅੰਤਕਾਲ ਆਏ । ਇਕ ਉਪਜਾਏ ਰਾਗ ਪ੍ਰਭ ਸਾਚੀ ਦਇਆ ਕਮਾਏ । ਪਹਿਲੀ ਮਾਘ ਪ੍ਰਭ ਸਾਚਾ ਸਤਿਜੁਗ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਲਿਖਤ ਲਿਖਾਏ । ਆਪ ਲਿਖਾਏ ਜਗਤ ਲੇਖ । ਜੋਤ ਸਰੂਪੀ ਕੀਆ ਭੇਖ । ਸ੍ਰਿਸ਼ਟ ਸਬਾਈ ਰਹੀ ਵੇਖਾ ਵੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਲਿਖਾਏ ਸਾਚੇ ਲੇਖ । ਗੁਰਮੁਖਾਂ ਪ੍ਰਭ ਮੇਲ ਮਿਲਾਇਆ । ਗੁਰਸਿਖਾਂ ਪ੍ਰਭ ਆਣ ਤਰਾਇਆ । ਗੁਰਮੁਖਾਂ ਪ੍ਰਭ ਭੈ ਚੁਕਾਇਆ । ਗੁਰਮੁਖਾਂ ਪ੍ਰਭ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਹੋਏ ਸਹਾਇਆ । ਅੰਤਮ ਅੰਤ ਆਪ ਰਖਵਾਲਾ । ਭਗਤ ਵਛਲ ਆਪ ਕ੍ਰਿਪਾਲਾ । ਸੋਹੰ ਦੇਵੇ ਸਾਚੀ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਕਰੇ ਉਜਾਲਾ । ਜੋਤ ਨਿਰੰਜਣ ਸਰਬ ਪਸਰ ਪਸਾਰ । ਜੋਤ ਨਿਰੰਜਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕੀਆ ਆਕਾਰ । ਜੋਤ ਨਿਰੰਜਣ ਮਾਤ ਅਕਾਰੇ । ਜੋਤ ਨਿਰੰਜਣ ਪ੍ਰਭ ਵਿਚ ਸੰਸਾਰੇ । ਜੋਤ ਨਿਰੰਜਣ ਆਵੇ ਵਾਰੋ ਵਾਰੇ । ਜੋਤ ਨਿਰੰਜਣ ਏਕਾ ਰੰਗ ਪ੍ਰਭ ਕਰਤਾਰੇ । ਜੋਤ ਨਿਰੰਜਣ ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਏ ਅਵਤਾਰੇ । ਜੋਤ ਨਿਰੰਜਣ ਆਪਣੇ ਰੰਗ । ਜੋਤ ਨਿਰੰਜਣ ਗੁਰਮੁਖ ਸਾਚੇ ਸੰਗ । ਜੋਤ ਨਿਰੰਜਣ ਕਰ ਦਰਸ ਗੁਰਮੁਖ ਸਾਚੇ ਪਾਰ ਲੰਘ । ਜੋਤ ਨਿਰੰਜਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਦਰਸ ਦਾਨ ਦਰ ਮੰਗ । ਜੋਤ ਨਿਰੰਜਣ ਆਪ ਅਕਾਰਿਆ । ਜੋਤ ਨਿਰੰਜਣ ਪ੍ਰਭ ਵਡ ਸੰਸਾਰਿਆ । ਜੋਤ ਨਿਰੰਜਣ ਜੋਤ ਸਰੂਪ ਜਾਮਾ ਵਿਚ ਮਾਤ ਦੇ ਧਾਰਿਆ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਿਆ । ਨਿਹਕਲੰਕ ਵਿਚ ਮਾਤ ਦੇ ਆਏ । ਜੋਤ ਨਿਰੰਜਣ ਨਿਹਕਲੰਕ ਕਲ ਨਾਉਂ ਧਰਾਏ । ਨਿਹਕਲੰਕ ਸਾਚਾ ਥਾਉਂ ਆਪ ਸੁਹਾਏ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਹੋਏ ਦਰਸ ਦਿਖਾਏ । ਜੋਤ ਨਿਰੰਜਣ ਨਿਰਾਹਾਰ । ਜੋਤ ਨਿਰੰਜਣ ਨਰ ਅਵਤਾਰ । ਜੋਤ ਨਿਰੰਜਣ ਸਰਬ ਅਕਾਰ । ਜੋਤ ਨਿਰੰਜਣ ਜੀਵ ਜੰਤ ਅਧਾਰ । ਜੋਤ ਨਿਰੰਜਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਿਹਾ ਪਸਰ ਪਸਾਰ । ਜੋਤ ਨਿਰੰਜਣ ਸਾਚਾ ਗੁਣ । ਜੋਤ ਨਿਰੰਜਣ ਸਾਚੀ ਧੁਨ । ਜੋਤ ਨਿਰੰਜਣ ਜੋਤ ਜਗਾਏ ਗੁਰਮੁਖ ਸਾਚੇ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੁਣਾਏ ਜਣਾਏ ਗੁਰਮੁਖ ਸਾਚੇ ਸੁਣ । ਜੋਤ ਨਿਰੰਜਣ ਸਾਚਾ ਕੰਤ । ਜੋਤ ਨਿੰਰਜਣ ਮੇਲ ਮਿਲਾਏ ਸਾਚੇ ਸੰਤ । ਜੋਤ ਨਿੰਰਜਣ ਜੋਤ ਟਿਕਾਏ ਵਿਚ ਬੈਠ ਇਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਇ ਨਾ ਜਾਣੇ ਆਦਿਨ ਅੰਤ । ਆਦਿ ਅੰਤ ਨਾ ਕੋਇ ਜਾਣੇ । ਜੀਵ ਜੰਤ ਨਾ ਕੋਏ ਪਛਾਣੇ । ਵਰਤੇ ਵਰਤਾਵੇ ਪ੍ਰਭ ਆਪਣੇ ਭਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਬੂਝ ਬੁਝਾਣੇ । ਗੁਰਮੁਖ ਬੂਝੇ ਘਰ ਸੂਝੇ । ਬੇਮੁਖ ਕਲਜੁਗ ਜੀਵ ਦਰ ਦਰ ਲੂਝੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਭੇਵ ਖੁਲ੍ਹਾਵੇ ਗੂਝੇ । ਆਤਮ ਭੇਵ ਪ੍ਰਭ ਖੁਲ੍ਹਾਏ । ਜੋਤ ਸਰੂਪੀ ਦੀਪ ਜਗਾਏ । ਵਡ ਰਹੀਮ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ । ਜਾਮਾ ਪਾਇਆ, ਨਾਮ ਧਰਾਇਆ, ਦਿਸ ਨਾ ਆਇਆ, ਦੇਹ ਤਜਾਇਆ, ਜੋਤ ਸਰੂਪੀ ਗੁਰਸਿਖ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਇਆ । ਲੀਆ ਅਵਤਾਰਾ, ਕੀਆ ਅਕਾਰਾ, ਜਗਤ ਵਰਤਾਰਾ, ਸੰਸਾਰ ਖੁਆਰਾ, ਗੁਰਮੁਖ

ਉਧਾਰਾ, ਸੋਹੰ ਜੈ ਜੈ ਜੈਕਾਰਾ, ਆਪਣਾ ਵਰਤੇ ਆਪ ਵਰਤਾਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵਰਤੇ ਆਪ ਚਾਰ ਵਰਨ ਇਕ ਦਰ ਦਰਬਾਰਾ । ਚਾਰ ਵਰਨ ਲਾਗ ਸਰਨ, ਕਲ ਤਰਨ, ਮਿਟਾਏ ਡਰਨ, ਖੁਲ੍ਹਾਏ ਹਰਨ ਫਰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਸਰਨ । ਸਾਚੀ ਸਰਨਾ ਹੋਏ ਨਾ ਮਰਨਾ, ਮਿਲੇ ਪ੍ਰਭ ਧਰਨੀ ਧਰਨਾ, ਗੁਰਮੁਖ ਵਿਰਲੇ ਕਲਜੁਗ ਵਰਨਾ, ਕਰ ਦਰਸ ਨਿਹਕਲੰਕ ਕਲ ਤਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਆਏ ਸਰਨਾ । ਚਰਨ ਪ੍ਰੀਤੀ ਸਾਚੀ ਨੀਤੀ । ਆਤਮ ਜੀਤੀ ਸਦਾ ਅਤੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ ਗੁਰਮੁਖ ਸਾਚੇ ਕਾਇਆ ਸੀਤਲ ਕੀਤੀ । ਸ਼ਾਂਤ ਸਰੀਰ ਆਵੇ ਧੀਰ ਮਿਟੇ ਪੀੜ । ਅੰਮ੍ਰਿਤ ਪਿਲਾਏ ਸਾਚਾ ਸੀਰ । ਝਿਰਨਾ ਝਿਰਾਏ ਚੁਆਏ ਮੁਖ ਕਵਲ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸ਼ਾਂਤ ਕਰਾਏ ਸਰੀਰ । ਰਸਨਾ ਗਾਓ ਸਰਬ ਸੁਖ ਪਾਓ । ਦੁਖ ਮਿਟਾਓ ਭਰਮ ਚੁਕਾਓ । ਪ੍ਰਭ ਅਬਿਨਾਸ਼ੀ ਘਰ ਮੇਂ ਪਾਓ । ਗੁਣ ਨਿਧਾਨ ਚਤੁਰ ਸੁਜਾਨ ਵਡ ਲੇਖ ਲਿਖਾਓ । ਵਡ ਬਲਵਾਨ ਵਡ ਮਿਹਰਵਾਨ ਓਟ ਰਖਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਮਾਨਸ ਜਨਮ ਸੁਫਲ ਕਰਾਓ । ਜਨਮ ਸਵਾਰੇ ਪਾਰ ਉਤਾਰੇ, ਆਪ ਨਿਰੰਕਾਰੇ ਸ਼ਬਦ ਅਧਾਰੇ ਦੇਵੇ ਦਰਸ ਅਪਾਰੇ । ਗੁਰਮੁਖ ਆਏ ਦਰ ਦਰਬਾਰੇ ਕਾਜ ਸਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਾਮ ਅਧਾਰੇ । ਨਾਮ ਅਧਾਰਾ ਵਿਚ ਸੰਸਾਰਾ, ਜੋਤ ਉਜਿਆਰਾ ਵਿਚ ਦੇਹ ਅੰਧ ਅੰਧਿਆਰਾ । ਪਾਵੇ ਸਾਰਾ ਪ੍ਰਭ ਕਿਰਪਾ ਧਾਰਾ । ਦੇਵੇ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਦਰਸ ਕਰਨ ਪ੍ਰਭ ਅਬਿਨਾਸ਼ੀ ਵਰਨ । ਅੰਮ੍ਰਿਤ ਝਿਰਾਏ ਝਿਰਨਾ ਝਿਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ, ਖੁਲ੍ਹਾਏ ਹਰਨ ਫਰਨ । ਜੋਤ ਜਗਾਏ ਅੰਧੇਰ ਮਿਟਾਏ । ਸੰਝ ਸਵੇਰ ਇਕ ਕਰਾਏ । ਹੇਰ ਫੇਰ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ । ਦਇਆ ਕਮਾਈ ਜੋਤ ਜਗਾਈ । ਆਪ ਰਘੁਰਾਈ ਦਰਸ ਦਿਖਾਈ । ਮਿਲੇ ਵਡਿਆਈ ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਦਰ ਘਰ ਸਾਚੇ ਬੂਝ ਬੁਝਾਈ । ਦਰ ਘਰ ਸਾਚਾ ਪਾਏ । ਅਵਤਾਰ ਨਰ ਦਇਆ ਕਮਾਏ । ਭੰਡਾਰੇ ਭਰ ਪ੍ਰਭ ਹੋਏ ਸਹਾਏ । ਨਾ ਜਾਏ ਹਰ ਨਿਹਕਲੰਕ ਸਿਰ ਹੱਥ ਟਿਕਾਏ । ਚਾਰ ਵਰਨ ਇਕ ਕਰ ਪ੍ਰਭ, ਇਕ ਦਰ ਦਰਬਾਰ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ । ਸਤਿਜੁਗ ਸਾਚਾ ਮਾਰਗ ਲਾਇਆ । ਪਹਿਲੀ ਮਾਘ ਲੇਖ ਲਿਖਾਇਆ । ਕਲਜੁਗ ਭੇਖ ਸਰਬ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਵਿਚ ਮਾਤ ਜਨਮ ਦਵਾਇਆ । ਸਤਿਜੁਗ ਸਾਚੇ ਜਨਮ ਦਵਾਇਆ । ਸਾਚਾ ਕਰਮ ਪ੍ਰਭ ਲਿਖਾਇਆ । ਏਕਾ ਧਰਮ ਝੋਲੀ ਪਾਇਆ । ਏਕਾ ਵਰਨ ਆਪ ਅਖਵਾਇਆ । ਏਕਾ ਸਰਨ ਨਿਹਕਲੰਕ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਇਆ । ਸਤਿਜੁਗ ਲਾਇਆ, ਕਰਮ ਕਮਾਇਆ, ਸ਼ਬਦ ਧਰਾਇਆ । ਸੋਹੰ ਜੈ ਜੈ ਜੈਕਾਰ ਕਰਾਇਆ । ਖਾਣੀ ਬਾਣੀ ਮੇਟ ਮਿਟਾਇਆ । ਕੁਰਾਨ ਅੰਜੀਲ ਰਹਿਣ ਨਾ ਪਾਇਆ । ਜਗਤ ਲੇਖ ਪ੍ਰਭ ਲਿਖਾਇਆ । ਝੂਠਾ ਭੇਖ ਸਰਬ ਮਿਟਾਇਆ । ਵੇਖਾ ਵੇਖ ਜਗਤ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਮੇਲ ਮਿਲਾਇਆ । ਸਤਿਜੁਗ ਸਾਚਾ ਘਰ । ਇਕ ਬਣਾਇਆ

ਸਾਚਾ ਦਰ । ਜੋਤ ਜਗਾਏ ਏਕਾ ਨਰ । ਚਾਰ ਵਰਨ ਜਾਏ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਸ੍ਰਿਸ਼ਟ ਸਬਾਈ ਜਾਏ ਕਰ । ਏਕਾ ਏਕ ਏਕੰਕਾਰਾ । ਏਕ ਕਰਾਏ ਜਗਤ ਵਿਹਾਰਾ । ਕਲਜੁਗ ਲੇਖ ਅੰਤ ਆਈ ਹਾਰਾ । ਨਿਹਕਲੰਕ ਪ੍ਰਭ ਲਏ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਾਮ ਅਧਾਰਾ । ਸਤਿਜੁਗ ਲੇਖ ਲਿਖਾਇਆ । ਕਲਜੁਗ ਝੂਠਾ ਭੇਖ ਮਿਟਾਇਆ । ਸੋਹੰ ਸਾਚਾ ਜਗਤ ਧਰਾਇਆ । ਜਨ ਹਿਰਦੇ ਵਾਚਾ ਪ੍ਰਭ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਚਾਰ ਕੁੰਟ ਹੋਏ ਸਹਾਇਆ, ਜੈ ਜੈ ਜੈਕਾਰ ਕਰਾਇਆ । ਚਾਰ ਕੁੰਟ ਜੈ ਜੈ ਜੈਕਾਰਾ । ਸਤਿਜੁਗ ਤੇਰਾ ਸਤਿ ਵਰਤਾਰਾ । ਸੋਹੰ ਸ਼ਬਦ ਭਰੇ ਭੰਡਾਰਾ । ਚਾਰ ਵਰਨ ਆਏ ਏਕਾ ਦਰ ਦਰਬਾਰਾ । ਏਕਾ ਜੋਤ ਜਗੇ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਊਚੋ ਊਚ ਅਗੰਮ ਅਪਾਰਾ । ਊਚੋ ਊਚ ਆਪ ਦਾਤਾਰ । ਚਾਰ ਵਰਨ ਪ੍ਰਭ ਜਾਏ ਪੈਜ ਸਵਾਰ । ਕਾਰਨ ਕਰਨ ਆਪ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਏ ਨਾ ਪਾਵੇ ਤੇਰੀ ਸਾਰ । ਸਤਿਜੁਗ ਸਾਚਾ ਮਾਰਗ ਲਾਇਆ । ਸਾਰੰਗ ਧਰ ਆਪ ਅਖਵਾਇਆ । ਅਵਤਾਰ ਨਰ ਇਕ ਨਾਮ ਜਪਾਇਆ । ਕਿਰਪਾ ਕਰ ਸੋਹੰ ਜਾਮ ਪਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਪਹਿਲੀ ਮਾਘ ਸਤਿਜੁਗ ਸਾਚੇ ਮਾਤ ਜਨਮ ਦਵਾਇਆ । ਜਨਮ ਦਵਾਏ ਵਿਚ ਮਾਤ । ਸੋਹੰ ਦੇਵੇ ਸਾਚੀ ਦਾਤ । ਸਤਿਜੁਗ ਵਰਤੇ ਵਡ ਕਰਾਮਾਤ । ਚਾਰ ਵਰਨ ਏਕਾ ਨਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਬਣਾਏ ਭੈਣ ਭਰਾਤ । ਏਕਾ ਚਰਨ ਏਕਾ ਵਰਨ ਏਕਾ ਧਰਮ ਏਕਾ ਬਰਨ ਏਕਾ ਸਰਨ ਏਕਾ ਕਰਮ ਏਕਾ ਏਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਜੀਵ ਜੰਤ ਸਰਬ ਤਰਨ । ਏਕਾ ਆਪ ਏਕਾ ਜਾਪ ਏਕਾ ਮਾਤ ਏਕਾ ਬਾਪ ਏਕਾ ਨਾਮ ਏਕਾ ਦਾਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਬੂੰਦ ਸਵਾਂਤ । ਇਕ ਕਰਾਏ ਇਕ ਵਰਤਾਏ ਇਕ ਰਹਾਏ ਇਕ ਥਾਂ ਬਹਾਏ । ਊਚ ਨੀਚ ਨੀਚ ਊਚ ਕੋਇ ਰਹਿਣ ਨਾ ਪਾਏ । ਸੂਚੋ ਸੂਚ ਪ੍ਰਭ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰਨ ਬਰਨ ਸਭ ਮੇਟ ਮਿਟਾਏ । ਨੀਚ ਊਚ ਇਕ ਕਰਾਵਣਾ । ਸਾਚਾ ਮਾਰਗ ਸਤਿਜੁਗ ਲਗਾਵਣਾ । ਰਾਜਾ ਰਾਣਾ ਤਖ਼ਤੋਂ ਲਾਹਵਣਾ । ਰਾਓ ਰੰਕ ਇਕ ਕਰਾਵਣਾ । ਸੋਹੰ ਡੰਕ ਜਗਤ ਵਜਾਵਣਾ । ਦਵਾਰ ਬੰਕ ਪ੍ਰਭ ਸੁਹਾਵਣਾ । ਗੁਰਮੁਖ ਸਾਚੇ ਅੰਤਮ ਸ਼ੰਕ ਪ੍ਰਭ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਜੋਤ ਸਰੂਪੀ ਦਰਸ ਦਿਖਾਵਣਾ । ਸਤਿਜੁਗ ਦਇਆ ਧਾਰ । ਪ੍ਰਭ ਜਾਏ ਪੈਜ ਸਵਾਰ । ਸਤਿਜੁਗ ਕਰਮ ਵਿਚਾਰ । ਪ੍ਰਭ ਸਾਚਾ ਸੋਹੰ ਦੇਵੇ ਨਾਮ ਅਧਾਰ । ਸਤਿਜੁਗ ਪ੍ਰਭ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਇਕ ਵਰਤੇ ਵਰਤਾਰ । ਵਰਨ ਚਾਰ ਏਕਾ ਗੁਣ ਏਕਾ ਸ਼ਬਦ ਏਕਾ ਉਪਜਾਵੇ ਸਾਚੀ ਧੁੰਨ । ਸੋਹੰ ਸਾਚਾ ਸ੍ਰਿਸ਼ਟ ਸਬਾਈ ਲਏ ਸੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਕਵਣ ਜਾਣੇ ਗੁਣ । ਜੀਵ ਜੰਤ ਨਾ ਗੁਣ ਵਿਚਾਰੇ । ਆਦਿ ਅੰਤ ਨਾ ਪਸਰ ਪਸਾਰੇ । ਸਾਧਨ ਸੰਤ ਕਰੇ ਵਿਚਾਰੇ । ਮਾਇਆ ਬੇਅੰਤ ਵਿਚ ਸੰਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਡੁੱਬੇ ਅੰਧ ਅੰਧਿਆਰੇ । ਅੰਧ ਅੰਧਿਆਰਾ ਆਪ ਰਖਾਇਆ । ਜੋਤ ਸਰੂਪੀ ਜਾਮਾ ਪਾਇਆ । ਬੇਮੁਖਾਂ ਪ੍ਰਭ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖੇ ਜਗਤ ਭੁਲਾਇਆ । ਆਪ ਭੁਲਾਏ, ਆਪ ਰੁਲਾਏ, ਆਪ ਗੁਆਏ, ਅਪ ਖਪਾਏ, ਆਪ ਉਪਾਏ,

ਆਪ ਮਿਟਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਤਰਾਏ ਦਰਸ ਦਿਖਾਏ । ਦਰਸ ਦਿਖਾਵਣਾ, ਵਕ਼ਤ ਸੁਹਾਵਣਾ, ਜੋਤ ਜਗਾਵਣਾ, ਸਤਿ ਵਰਤਾਵਣਾ, ਚਲੇ ਚਲਾਏ ਆਪਣੇ ਭਾਣਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਰੰਗ ਤੇਰਾ ਮਾਨਣਾ । ਰੰਗ ਮਾਣੇ ਜਨ ਵਖਾਣੇ ਚਲਾਏ ਭਾਣੇ ਜੋਤ ਜਗਾਏ ਮਹਾਨੇ, ਜਨ ਹੋਏ ਸੁਘੜ ਸਿਆਣੇ, ਬੇਮੁਖ ਜੀਵ ਕਲ ਭੁੰਨੇ ਜਿਉਂ ਭਠਿਆਲੇ ਦਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਣੇ । ਕਲ ਵਰਤੇ ਉਪਰ ਧਰਤੇ । ਬੇਮੁਖ ਮਾਨਸ ਜਨਮ ਕਲ ਹਰਤੇ । ਜੋਤ ਜਗਾਈ ਅਵਤਾਰ ਨਰ ਕਾਦਰ ਕਰਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਅੰਤਕਾਲ ਕਲਜੁਗ ਆਇਣ ਦਰ ਤੇ । ਸੋ ਜਨ ਆਏ ਜਿਸ ਦਇਆ ਕਮਾਏ । ਸੋ ਜਨ ਆਏ ਪਾਏ ਜਿਸ ਦਰਸ ਦਿਖਾਏ । ਸੋ ਜਨ ਗਾਏ ਜਿਸ ਰਿਦੇ ਵਸਾਏ । ਸੋ ਜਨ ਪਾਏ ਜਿਸ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਲਏ ਤਰਾਏ । ਤਾਰਨਹਾਰ ਆਪ ਦਾਤਾਰਾ । ਸੋਹੰ ਦੇਵੇ ਨਾਮ ਭੰਡਾਰਾ । ਭਗਤ ਵਛਲ ਆਪ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਅਪਾਰਾ । ਅਚਰਜ ਖੇਲ ਆਪ ਕੀਆ । ਗੁਰਮੁਖ ਮਿਲ ਕਰ ਸਾਚਾ ਹੀਆ । ਬਿਨ ਬਾਤੀ ਬਿਨ ਤੇਲ, ਆਤਮ ਜੋਤ ਜਗਾਇਆ ਦੀਆ । ਬੇਮੁਖ ਬੇੜਾ ਸ਼ੌਹ ਦਰਿਆ ਠੇਲ, ਆਪ ਡੁਬਾਈ ਝੂਠੀ ਨਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਆਪ ਕਲ ਕੀਆ । ਆਪੇ ਖੇਲੇ, ਆਪੇ ਮੇਲੇ, ਸੱਜਣ ਸੁਹੇਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਬਿਨ ਬਾਤੀ ਬਿਨ ਤੇਲੇ । ਜੋਤ ਜਗਾਏ ਕਰੇ ਰੁਸ਼ਨਾਏ । ਅੰਧੇਰ ਮਿਟਾਏ ਸਵੇਰ ਵਖਾਏ । ਹੇਰ ਫੇਰ ਚੁਕਾਏ ਨਾ ਦੇਰ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਜੋਤ ਸਰੂਪੀ ਦਰਸ ਦਿਖਾਏ । ਦਰਸ ਦਿਖਾਇਆ ਭਰਮ ਗਵਾਇਆ । ਕਰਮ ਕਮਾਇਆ ਧਰਮ ਚਲਾਇਆ । ਵਰਨ ਉਪਾਇਆ ਜਨਮ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਜਗਤ ਰਖਾਇਆ । ਸਤਿਜੁਗ ਤੇਰੀ ਸਾਚੀ ਆਣ । ਸੋਹੰ ਦੇਵੇ ਪ੍ਰਭ ਸਾਚੀ ਬਾਣ । ਗੁਰਮੁਖ ਹੋਏ ਪ੍ਰਭ ਦਰ ਪਰਵਾਨ । ਦਰ ਘਰ ਆਏ ਗੁਣੀ ਨਿਧਾਨ । ਵਰ ਘਰ ਪਾਏ ਗੁਰਮੁਖ ਚਤੁਰ ਸੁਜਾਨ । ਅਵਤਾਰ ਨਰ ਦਇਆ ਕਮਾਏ, ਕਲਜੁਗ ਜੀ ਭੁਲ ਨਾ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਆਪ ਹੋਏ ਮਿਹਰਵਾਨ । ਜੋਤ ਸਰੂਪ ਪ੍ਰਭ ਮਿਹਰਵਾਨਾ । ਸੋਹੰ ਦੇਵੇ ਦਾਨੀ ਦਾਨਾ । ਆਤਮ ਉਪਜੇ ਬ੍ਰਹਮ ਗਿਆਨਾ । ਜਗੇ ਜੋਤ ਦੇਹ ਮਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਵਿਸ਼ਨੂੰ ਭਗਵਾਨਾ । ਭਗਤ ਭਗਵਾਨ ਇਕ ਜਨ ਜਾਣ, ਸਤਿ ਕਰ ਮਾਨ । ਦੇਵੇ ਦਰਸ ਵਾਲੀ ਦੋ ਜਹਾਨ । ਮਿਟਾਏ ਹਰਸ ਦਰ ਘਰ ਆਣ । ਦਰਸ ਪਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਵਿਸ਼ਨੂੰ ਵਿਸ਼ਨੂੰ ਵਿਸ਼ਨੂੰ ਭਗਵਾਨਾ । ਕ੍ਰਿਸ਼ਨਾ ਕ੍ਰਿਸ਼ਨਾ ਕ੍ਰਿਸ਼ਨ ਗੁਣ ਨਿਧਾਨਾ । ਦਸਨਾ ਦਿਸਨਾ ਦੇਵੇ ਦਰਸ ਮਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾਦਿ ਆਦਿ ਏਕਾ ਜੋਤ ਜਗਾਣਾ । ਏਕਾ ਜੋਤ ਜਗਤ ਵਰਤੰਤ । ਜੁਗੋ ਜੁਗ ਪ੍ਰਭ ਭਗਵੰਤ । ਮੇਲ ਮਿਲਾਏ ਗੁਰਮੁਖ ਸਾਚੇ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਦਰ ਘਰ ਆਏ ਗੁਰਮੁਖ ਸਾਚੇ ਸੰਤ । ਸਾਚੇ ਸਿਖ ਦਇਆ ਕਮਾਏ । ਨਾਮ ਭਿੱਖ ਝੋਲੀ ਪਾਏ । ਲੇਖ ਲਿਖ ਮਾਤ ਵਡਿਆਏ । ਆਤਮ ਭੁੱਖ ਦੇ ਦਰਸ ਮਿਟਾਏ । ਮਿਟੇ ਤ੍ਰਿਖ ਪ੍ਰਭ ਚਰਨੀ ਆਏ । ਮਹਾਰਾਜ ਸ਼ੇਰ ਸਿੰਘ



੧੨੩ ੦੨

ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ । ਗੁਰਸਿਖ ਪ੍ਰਭ ਦਰਸ ਦਿਖਾਇਆ । ਗੁਰਸਿਖ ਪ੍ਰਭ ਆਪ ਵਡਿਆਇਆ । ਗੁਰਸਿਖ ਪ੍ਰਭ ਹੋਏ ਸਹਾਇਆ । ਗੁਰਸਿਖ ਪ੍ਰਭ ਸਾਚੇ ਦੀ ਸਾਚੀ ਛਾਇਆ । ਗੁਰਸਿਖ ਸੋਹੰ ਦੇਵੇ ਪ੍ਰਭ ਸਾਚੀ ਮਾਇਆ । ਗੁਰਸਿਖ ਗੁਰ ਚਰਨ ਧੂੜ ਗੁਰ ਦਰ ਨੁਹਾਇਆ । ਗੁਰਸਿਖ ਰੰਗ ਗੂੜ੍ਹ ਪ੍ਰਭ ਦਰ ਚੜ੍ਹਾਇਆ । ਗੁਰਸਿਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਂਹੋਂ ਪਕੜ ਆਣ ਤਰਾਇਆ । ਗੁਰਸਿਖ ਆਪ ਤਾਰੇ । ਗੁਰਸਿਖ ਆਪ ਕਾਜ ਸਵਾਰੇ । ਗੁਰਸਿਖ ਪ੍ਰਭ ਪਾਰ ਉਤਾਰੇ । ਗੁਰਸਿਖ ਸੋਹੇ ਗੁਰ ਚਰਨ ਦਵਾਰੇ । ਗੁਰਸਿਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰੇ ਤੇਰੇ ਭੰਡਾਰੇ । ਗੁਰਸਿਖ ਸਾਚੀ ਮਤਿ । ਗੁਰਸਿਖ ਦੇਵੇ ਪ੍ਰਭ ਸੋਹੰ ਸਾਚਾ ਯਤ । ਗੁਰਸਿਖ ਆਤਮ ਵਿਚ ਏਕਾ ਦੇਵੇ ਸ਼ਬਦ ਤਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਰਖਾਵੇ ਤੇਰੀ ਪਤਿ । ਗੁਰਸਿਖ ਪ੍ਰਭ ਧੀਰ ਧਰਾਈ । ਗੁਰਸਿਖ ਅੰਮ੍ਰਿਤ ਆਤਮ ਸੀਰ ਪਿਲਾਈ । ਗੁਰਸਿਖ ਅਖੀਰਨ ਅਖ਼ੀਰ ਪ੍ਰਭ ਮਿਲ ਜਾਈ । ਗੁਰਸਿਖ ਵੇਲੇ ਅੰਤ ਪ੍ਰਭ ਜੋਤ ਸਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਈ । ਗੁਰਸਿਖ ਪ੍ਰਭ ਜੋਤ ਮਿਲਾਇਆ । ਗੁਰਸਿਖ ਪ੍ਰਭ ਪਾਰ ਕਰਾਇਆ । ਗੁਰਸਿਖ ਪ੍ਰਭ ਤਾਰਨ ਆਇਆ । ਬੇਮੁਖ ਪ੍ਰਭ ਦਰ ਦੁਰਕਾਇਆ । ਗੁਰਸਿਖ ਪ੍ਰਭ ਚਰਨ ਲਗਾਇਆ । ਗੁਰਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਦਵਾਇਆ । ਗੁਰਸਿਖ ਦਰ ਪਰਵਾਨਾ । ਗੁਰਸਿਖ ਗੁਰ ਘਰ ਸਾਚਾ ਜਾਣਾ । ਗੁਰਸਿਖ ਅਵਤਾਰ ਨਰ ਵਾਲੀ ਦੋ ਜਹਾਨਾਂ । ਗੁਰਸਿਖ ਸਰਨ ਪਰ ਆਪ ਮੁਕਾਏ ਆਵਣ ਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਜੋਤੀ ਜੋਤ ਮਿਲਾਨਾ । ਗੁਰਸਿਖ ਮੇਲ ਮਿਲਾਇਆ । ਗੁਰਸਿਖ ਅਚਰਜ ਖੇਲ ਪ੍ਰਭ ਦਿਖਾਇਆ । ਗੁਰਸਿਖ ਸੱਜਣ ਸੁਹੇਲ ਤੇਰਾ ਹੋਏ ਸਹਾਇਆ । ਗੁਰਸਿਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਤੇਰੇ ਹੱਥ ਟਿਕਾਇਆ । ਗੁਰਸਿਖਾਂ ਸਿਰ ਹੱਥ ਟਿਕਾਏ । ਕਲਜੁਗ ਨਾ ਲਾਏ ਤੱਤੀ ਵਾਏ । ਪ੍ਰਭ ਸਾਚੇ ਦੀ ਸਚ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਆਪੇ ਆਪ ਆਪ ਵਰਤੰਤਾ । ਆਪੇ ਆਪ ਭਗਤ ਭਗਵੰਤਾ । ਆਪੇ ਆਪ ਵਿਚ ਸਾਧਨ ਸੰਤਾ । ਆਪੇ ਆਪ ਵਿਚ ਜੀਵ ਜੰਤਾਂ । ਆਪੇ ਆਪ ਬੈਠਾ ਅਡੋਲ ਵਿਚ ਪ੍ਰਭ ਸਾਚਾ ਕੰਤਾ । ਆਪੇ ਆਪ ਗੁਰਮੁਖ ਸਾਚੇ ਤੇਰੀ ਬਣਾਏ ਬਣਤਾ । ਆਪੇ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਆਦਿਨ ਅੰਤਾ । ਆਪੇ ਆਪ ਆਪ ਰਖਵਾਲਾ । ਆਪੇ ਆਪ ਗੁਰਸਿਖ ਪ੍ਰਿਤਪਾਲਾ । ਆਪੇ ਆਪ ਪ੍ਰਭ ਦੀਨ ਦਿਆਲਾ । ਆਪੇ ਆਪ ਸੋਹੰ ਦੇਵੇ ਪ੍ਰਭ ਨਾਮ ਸੁਖਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀਨ ਦਿਆਲਾ । ਆਪੇ ਆਪ ਸੋਹੰ ਦੀਆ । ਆਪੇ ਆਪ ਗੁਰਮੁਖ ਆਪਣੇ ਜਿਹਾ ਕੀਆ । ਆਪੇ ਆਪ ਸਤਿਜੁਗ ਰਖਾਈ ਸਾਚੀ ਨੀਆ । ਆਪੇ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਤਮ ਜੋਤ ਜਗਾਇਆ ਦੀਆ । ਆਪੇ ਆਪ ਆਪ ਉਪਾਏ । ਆਪੇ ਆਪ ਗੁਰਸਿਖ ਤਰਾਏ । ਆਪੇ ਆਪ ਵਿਚ ਰਿਹਾ ਸਮਾਏ । ਆਪੇ ਆਪ ਪ੍ਰਭ ਦਿਸ ਨਾ ਆਏ । ਆਪੇ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਹਰਸ ਮਿਟਾਏ । ਆਪਣਾ ਆਪ ਆਪੇ ਵੇਖ । ਜੋਤ ਸਰੂਪੀ ਪ੍ਰਭ ਕੀਆ ਭੇਖ । ਆਪ ਆਪਣੇ ਲਿਖਾਏ ਲੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਲਗਾਏ ਸਤਿਜੁਗ ਸਾਚੀ ਮੇਖ । ਸੋਹੰ ਲਾਇਆ ਜਗਤ ਧਰਾਇਆ । ਪ੍ਰਭ ਸਾਚੇ ਦੀ ਸਾਚੀ ਛਾਇਆ । ਕਲਜੁਗ ਪਾਈ ਝੂਠੀ ਮਾਇਆ ।

ਆਵਣ ਜਾਵਣ ਆਣ ਪ੍ਰਭ ਖੇਲ ਰਚਾਇਆ । ਜੁਗੋ ਜੁਗ ਜੋਤ ਸਰੂਪ ਜਾਮਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਇਆ । ਕਲਜੁਗ ਆਏ ਜਾਮਾ ਪਾਏ । ਜੋਤ ਪਰਗਟਾਏ ਦੇਹ ਤਜਾਏ । ਗੁਰਸਿਖ ਸਮਾਏ ਦਿਸ ਨਾ ਆਏ । ਭੇਖ ਵਟਾਏ ਦੁਖ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰਸ ਦਿਖਾਏ । ਦਰਸ ਦੇਖੇ ਨੇਤਰ ਪੇਖੇ ਪ੍ਰਭ ਵਸੇਖੇ । ਲੇਖ ਲਿਖਾਏ ਪ੍ਰਭ ਸਾਚੇ ਲੇਖੇ । ਸ੍ਰਿਸ਼ਟ ਸਬਾਈ ਭੁਲ ਭੁਲੇਖੇ । ਆਪ ਅਡੋਲ ਬੈਠਾ ਵਿਚ ਵੇਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਦਰ ਆਏ ਦਰਸ ਨੇਤਰ ਪੇਖੇ । ਦਰਸ ਪੇਖ ਆਤਮ ਤ੍ਰਿਪਤਾਏ । ਮਿਲੇ ਪ੍ਰਭ ਸਰਬ ਸੁਖਦਾਏ । ਕਰ ਦਰਸ ਆਤਮ ਦੁਖ ਮਿਟਾਏ । ਮਿਟੇ ਹਰਸ ਪ੍ਰਭ ਸਰਨੀ ਲਾਏ । ਕਰ ਦਰਸ ਪ੍ਰਭ ਸੋਹੰ ਨਾਮ ਜਪਾਏ । ਅੰਮ੍ਰਿਤ ਬਰਸ ਪ੍ਰਭ ਆਤਮ ਤ੍ਰਿਖਾ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰਮੁਖ ਸਾਚਾ ਮਾਨਸ ਜਨਮ ਕਲ ਸੁਫਲ ਕਰਾਏ । ਮਾਨਸ ਜਨਮ ਹੋਏ ਰਾਸਾ । ਸੋਹੰ ਜਪੇ ਸਵਾਸ ਸਵਾਸਾ । ਜੋਤ ਸਰੂਪੀ ਵਿਚ ਰਖੇ ਵਾਸਾ । ਏਕਾ ਜੋਤ ਜਗੇ ਅਬਿਨਾਸ਼ਾ । ਗੁਰਮੁਖ ਸਾਚੇ ਪ੍ਰਭ ਸਾਚਾ ਹੋਏ ਦਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸਾ । ਮਾਨਸ ਜਨਮ ਹੋਏ ਰਾਸਾ । ਪ੍ਰਭ ਅਬਿਨਾਸ਼ੀ ਹਿਰਦੇ ਵਾਸਾ । ਏਕਾ ਜੋਤ ਹੋਏ ਪਰਕਾਸ਼ਾ । ਅਗਿਆਨ ਅੰਧੇਰ ਸਰਬ ਵਿਨਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰਾ ਦਾਸਨ ਦਾਸਾ । ਦਾਸਨ ਦਾਸ ਆਪੇ ਹੋਇਆ । ਵਾਸਨ ਵਾਸ ਵਿਚ ਦੇਹ ਵਸੋਇਆ । ਸਵਾਸਨ ਸਵਾਸ ਗੁਰਮੁਖ ਵਿਰਲੇ ਵਿਚ ਸਵਾਸ ਪਰੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਿਰ ਘਰ ਵਾਸੀ ਥਿਰ ਘਰ ਵਾਸ ਰਖੋਇਆ । ਥਿਰ ਘਰ ਪ੍ਰਭ ਕਾ ਵਾਸਾ । ਜੋਤ ਸਰੂਪ ਪ੍ਰਭ ਅਬਿਨਾਸ਼ਾ । ਏਕਾ ਜੋਤ ਹੋਏ ਪਰਕਾਸ਼ਾ । ਅਗਿਆਨ ਅੰਧੇਰ ਦਰ ਤੋਂ ਨਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਮਾਤ ਪਤਾਲ ਅਕਾਸ਼ਾ । ਏਕਾ ਜੋਤ ਪ੍ਰਭ ਅਕਾਰੇ । ਜੋਤ ਸਰੂਪੀ ਵਿਚ ਸੰਸਾਰੇ । ਮਾਤ ਪਤਾਲ ਅਕਾਸ਼ ਪ੍ਰਭ ਸਾਚਾ ਸਚ ਵਰਤਾਰੇ । ਜੋਤ ਸਰੂਪੀ ਸਦਾ ਅਬਿਨਾਸ਼, ਸਦਾ ਸਦਾ ਨਿਰਹਾਰੇ । ਲੱਖ ਚੁਰਾਸੀ ਰੱਖੇ ਵਾਸ, ਬੈਠਾ ਅਡੋਲ ਰਹੇ ਗਿਰਧਾਰੇ । ਝੂਠੀ ਕਾਇਆ ਹੋਵੇ ਨਾਸ, ਆਪ ਅਡੋਲ ਅਡੋਲ ਰਹੇ ਮੁਰਾਰੇ । ਸਰਬ ਘਟਾਂ ਘਟ ਰੱਖੇ ਵਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪ ਜੋਤ ਪਸਾਰੇ । ਜੋਤ ਸਰੂਪੀ ਜਗਤ ਭੁਲਾਏ । ਜੋਤ ਸਰੂਪੀ ਜੀਵ ਜੰਤ ਡੁਲਾਏ । ਜੋਤ ਸਰੂਪੀ ਮਾਇਆ ਅਗਣਤ ਕਲ ਵਰਤਾਏ । ਜੋਤ ਸਰੂਪੀ ਸਾਧ ਸੰਤ ਝੂਠਾ ਭੇਖ ਮਿਟਾਏ । ਜੋਤ ਸਰੂਪੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਬਣਤ ਬਣਾਏ । ਧਰਤ ਮਾਤ ਦਰ ਪੁਕਾਰੇ । ਸੁਣੇ ਪੁਕਾਰ ਪ੍ਰਭ ਗਿਰਧਾਰੇ । ਕਲਜੁਗ ਜੀਵ ਵਡ ਹੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਪਾਵੇ ਸਾਰੇ । ਧਰਤ ਮਾਤ ਦੇਵੇ ਦੁਹਾਈ । ਪ੍ਰਭ ਸਾਚੇ ਤੇਰੇ ਦਰ ਤੇ ਆਈ । ਕਲਜੁਗ ਜੀਵ ਰਹੇ ਮੇਰੀ ਪਤਿ ਗਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਕਾਲ ਹੋਏ ਸਹਾਈ । ਧਰਤ ਮਾਤ ਦਰ ਬਿਲਲਾਏ । ਕਲਜੁਗ ਜੀਵ ਰਹੇ ਸਤਾਏ । ਬੁਝੀ ਦੀਪਕ ਨਾ ਕੋਇ ਜਗਾਏ । ਮਦਿਰਾ ਮਾਸ ਖਾਣ ਪੀਣ ਅਗਿਆਨ ਅੰਧੇਰ ਦੇਹ ਹੋ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲਜੁਗ ਦਏ ਖਪਾਏ । ਧਰਤ ਮਾਤ ਸਤਿ ਸਤਿਵੰਤੀ । ਸਾਚਾ ਪ੍ਰਭ ਸੁਣੇ ਬੇਨੰਤੀ । ਸਤਿਜੁਗ ਲਗਾਏ ਆਪ ਉਪਾਏ ਮਾਤ ਧਰਾਏ ਰੁੱਤ ਬਸੰਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਮੇਲ ਮਿਲਾਏ ਕਲਜੁਗ ਗੁਰਸਿਖ ਉਪਜਾਏ ਭਗਤ ਭਗਵੰਤੀ । ਭਗਤ ਭਗਵੰਤ ਦਇਆ ਕਰ । ਸਾਧ ਸੰਤ ਇਕ ਦਰ । ਆਦਿ ਅੰਤ ਦੇਵੇ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਦਾਨ ਧਰਤ ਮਾਤ ਦੇਵੇ ਧਰ । ਪ੍ਰਭ ਦਰ ਦਰ ਪੁਕਾਰੇ । ਸੁਣੀ ਪੁਕਾਰ ਆਪ ਗਿਰਧਾਰੇ । ਜੋਤ ਸਰੂਪੀ ਲਏ ਅਵਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਪਾਵੇ ਸਾਰੇ । ਸੁਣੀ ਪੁਕਾਰ ਆਪ ਦਾਤਾਰ । ਮਾਤਲੋਕ ਆਇਆ ਜਾਮਾ ਧਾਰ । ਜੋਤ ਸਰੂਪੀ ਜੋਤ ਅਪਾਰ । ਕੋਇ ਨਾ ਪਾਵੇ ਪ੍ਰਭ ਦੀ ਸਾਰ । ਜੋਤੀ ਜੋਤ ਜੋਤ ਪ੍ਰਭ ਏਕਾ ਜੋਤ ਕਰੇ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਨਰਾਇਣ ਨਰ ਆਇਆ ਜਗ । ਉਪਰ ਧਰਤ ਪ੍ਰਭ ਧਰਿਆ ਪਗ । ਬੇਮੁਖ ਜੀਵ ਤਨ ਲਗਾਏ ਅੱਗ । ਬੇਮੁਖਾ ਪ੍ਰਭ ਅੰਤ ਖਪਾਏ ਪਕੜ ਸ਼ਾਹ ਰਗ । ਗੁਰਸਿਖ ਪ੍ਰਭ ਚਰਨ ਲਗਾਏ, ਅੰਮ੍ਰਿਤ ਬਰਖ ਆਤਮ ਮਿਟਾਏ ਤ੍ਰਿਸਨਾ ਅੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਜਣਾਏ ਗੁਰਮੁਖ ਸਾਚੇ ਚਰਨ ਜਾਇਣ ਲੱਗ । ਸੋ ਜਨ ਲਾਗੇ ਜਿਸ ਆਪ ਲਗਾਏ । ਬੇਮੁਖ ਭਾਗੇ ਦਰ ਠੋਹਰ ਨਾ ਪਾਏ । ਸ਼ਬਦ ਅਨਰਾਗੇ ਪ੍ਰਭ ਆਪ ਉਪਜਾਏ । ਪਹਿਲੀ ਮਾਘੇ ਜੀਵ ਲੇਖ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਧੁੰਨ ਆਪ ਉਪਜਾਏ । ਆਪ ਉਪਜਾਏ ਏਕਾ ਧੁਨ । ਆਪ ਖੁਲ੍ਹਾਏ ਆਤਮ ਸੁਨ । ਆਪ ਵਡਿਆਏ ਗੁਰਸਿਖ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਸੋਹੰ ਸ਼ਬਦ ਸੁਣਾਏ ਗੁਰਮੁਖ ਸਾਚੇ ਸਦਾ ਕੰਨ ਸੁਣ । ਸੋਹੰ ਸ਼ਬਦ ਸੱਚੀ ਧੁਨਕਾਰ । ਉਪਜੇ ਉਪਜਾਵੇ ਵਿਚ ਸੰਸਾਰ । ਸੁਣੇ ਸੁਣਾਵੇ ਆਪ ਕਰਤਾਰ । ਗੁਰਮੁਖ ਵਿਰਲਾ ਕਰੇ ਵਿਚਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜਿਸ ਬਖ਼ਸ਼ੇ ਕਿਰਪਾ ਧਾਰ । ਨਾਮ ਧੁਨ ਆਪ ਉਪਜਾਏ । ਆਤਮ ਸੁਨ ਆਪ ਖੁਲ੍ਹਾਏ । ਗੁਰਮੁਖ ਚੁਣ ਪ੍ਰਭ ਜੋਤ ਜਗਾਏ । ਕੌਣ ਜਾਣੇ ਗੁਣ ਨਿਹਕਲੰਕ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਏ । ਸਾਚਾ ਪ੍ਰਭ ਭਰਮ ਮਿਟਾਏ । ਏਕਾ ਕਰਮ ਆ ਕਮਾਏ । ਏਕਾ ਸੁੰਨ ਗੁਰਸਿਖ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਪਰਗਟ ਜੋਤ ਦਰਸ ਦਿਖਾਏ । ਦਰ ਘਰ ਦਰਸ ਦਿਖਾਏ ਆ । ਗੁਰਮੁਖ ਸਾਚੇ ਸਾਚੀ ਬੂਝ ਬੁਝਾ । ਸੋਹੰ ਸਾਚਾ ਹਿਰਦੇ ਵਾਚੇ, ਏਕਾ ਦੂਜ ਪ੍ਰਭ ਜਾਏ ਮਿਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦੀ ਮੈਲ ਗਵਾ । ਜਨਮ ਜਨਮ ਪ੍ਰਭ ਮੈਲ ਗਵਾਏ । ਭਰਮ ਭਰਮ ਪ੍ਰਭ ਭਰਮ ਚੁਕਾਏ । ਆਪਣਾ ਕਰਮ ਪ੍ਰਭ ਆਪ ਕਮਾਏ । ਆਪਣੇ ਚਰਨ ਆਪ ਲਗਾਏ । ਏਕਾ ਸਰਨ ਨਿਹਕਲੰਕ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣ ਦਵਾਏ । ਗੁਰਮੁਖ ਸਾਚਾ ਦਰ ਵਡਿਆਇਆ । ਗੁਰਮੁਖ ਸਾਚਾ ਪ੍ਰਭ ਦਰ ਭਾਇਆ । ਗੁਰਮੁਖ ਸਾਚਾ ਸਚ ਘਰ ਪੁਚਾਇਆ । ਗੁਰਮੁਖ ਸਾਚੇ ਪ੍ਰਭ ਸਾਚੇ ਦੀ ਸੇਵਾ ਲਾਇਆ । ਗੁਰਮੁਖ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਰਤ ਸ਼ਬਦ ਸ਼ਬਦ ਸੁਰਤ ਮੇਲ ਮਿਲਾਇਆ । ਸੁਰਤ ਸ਼ਬਦ ਮੇਲ ਮਿਲਾਏ । ਸੁਰਤ ਸ਼ਬਦ ਪ੍ਰਭ ਸ਼ਬਦ ਜਣਾਏ । ਸੁਰਤ ਸ਼ਬਦ ਪ੍ਰਭ ਭੇਵ ਖੁਲ੍ਹਾਏ । ਸੁਰਤ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਏ । ਸੁਰਤੀ ਸੁਰਤ ਸੁਰਤ ਗਿਆਨ । ਸਾਚਾ ਦੇਵੇ ਚਰਨ ਧਿਆਨ । ਗੁਰਮੁਖ ਸਾਚਾ ਪ੍ਰਭ ਸਾਚੇ ਕਾ ਸਚ ਰੰਗ ਮਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਮਹਾਨ । ਜਗੇ ਜੋਤ ਆਤਮ ਉਜਿਆਰਾ । ਗੁਰਮੁਖ ਸਾਚਾ ਪ੍ਰਭ ਸਾਚਾ ਪਾਏ ਸਾਰਾ । ਜਨ ਹਿਰਦੇ

ਵਾਚਾ ਪ੍ਰਭ ਚਲ ਆਏ ਦਰਬਾਰਾ । ਬੇਮੁਖ ਦਰ ਆਏ ਨਾਚਾ ਪ੍ਰਭ ਸਾਚਾ ਨਾ ਪਾਏ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਾਏ ਤਾਰਾ । ਸਦਾ ਸਦਾ ਸਦਾ ਪ੍ਰਭ ਤਾਰੇ । ਸਦਾ ਸਦਾ ਸਦਾ ਪ੍ਰਭ ਚਰਨ ਬਲਿਹਾਰੇ । ਸਦਾ ਸਦਾ ਸਦਾ ਪ੍ਰਭ ਆਏ ਗੁਰਸਿਖ ਦਵਾਰੇ । ਸਦਾ ਸਦਾ ਸਦਾ ਪ੍ਰਭ ਕਰ ਕਿਰਪਾ ਪਾਰ ਉਤਾਰੇ । ਸਦਾ ਸਦਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਾਲੀ ਭਰੇ ਭੰਡਾਰੇ । ਗੁਰਸਿਖਾਂ ਗੁਰ ਸੁਣੇ ਪੁਕਾਰਾ । ਗੁਰਸਿਖਾਂ ਪ੍ਰਭ ਸਦ ਸਦ ਰੱਖੇ ਪਿਆਰਾ । ਗੁਰਸਿਖਾਂ ਦੇਵੇ ਸਾਚਾ ਨਾਮ ਅਧਾਰਾ । ਗੁਰਸਿਖਾਂ ਪ੍ਰਭ ਸਾਚਾ ਸਚ ਕਰੇ ਵਿਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਿਹਕਲੰਕ ਨਰਾਇਣ ਨਰ ਅਵਤਾਰਾ । ਗੁਰਸਿਖ ਮਾਣ ਦਵਾਏ । ਗੁਰਸਿਖ ਤਾਰਨਹਾਰ ਅਖਵਾਵੇ । ਗੁਰਸਿਖ ਬੇੜੇ ਬੰਨ੍ਹ ਵਖਾਵੇ । ਗੁਰਸਿਖ ਜਾਣੀ ਜਾਣ ਪ੍ਰਭ ਦਰਸ ਦਿਖਾਵੇ । ਗੁਰਸਿਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨੀ ਲਗਾਵੇ । ਸਰਨ ਲਾਗੇ ਭਾਗ ਜਾਗੇ । ਪ੍ਰਭ ਸਾਚਾ ਕਲ ਪਕੜੇ ਵਾਗੇ । ਮਾਨਸ ਜਨਮ ਨਾ ਲਾਗੇ ਦਾਗ਼ੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਸੁਵਾਏ ਗੁਰਮੁਖ ਸਾਚੇ ਪ੍ਰਭ ਦਰ ਜਾਗੇ । ਗੁਰਸਿਖਾਂ ਪ੍ਰਭ ਜਗਾਇਆ । ਬੇਮੁਖਾਂ ਪ੍ਰਭ ਸੁਲਾਇਆ । ਗੁਰਸਿਖਾਂ ਪ੍ਰਭ ਵਡਿਆਇਆ । ਬੇਮੁਖਾਂ ਪ੍ਰਭ ਭੁਲਾਇਆ । ਗੁਰਮੁਖਾਂ ਪ੍ਰਭ ਦਇਆ ਕਮਾਇਆ । ਬੇਮੁਖਾਂ ਪ੍ਰਭ ਨਸ਼ਟ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਤੀਜੀ ਵਾਰ ਵਿਚ ਦਿਲੀ ਸ਼ਬਦ ਲਿਖਾਇਆ । ਤੀਜੀ ਵਾਰ ਕਰੇ ਖੁਆਰ । ਵਾਸੀ ਦਿਲੀ ਨਾ ਕਰਨ ਵਿਚਾਰ । ਅੰਤਕਾਲ ਕਲ ਆਏ ਹਾਰ । ਸੋਹੰ ਮਾਰੇ ਪ੍ਰਭ ਸ਼ਬਦ ਕਟਾਰ । ਬੇਮੁਖ ਜੀਵ ਆਰ ਨਾ ਪਾਰ । ਬੇੜਾ ਡੁੱਬੇ ਵਿਚ ਮੰਝਧਾਰ । ਜੋਤ ਪਰਗਟਾਏ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਏ ਤੇਰੀ ਸਾਰ । ਜੀਵ ਜੰਤ ਸਰਬ ਭੁਲਾਇਆ । ਪ੍ਰਭ ਇਕੰਤ ਜੋਤ ਪਰਗਟਾਇਆ । ਦੂਤੀ ਦੰਤ ਪ੍ਰਭ ਦਿਸ ਨਾ ਆਇਆ । ਕਲਜੁਗ ਮਾਇਆ ਪਾਈ ਬੇਅੰਤ, ਭਰਮ ਭੁਲੇਖੇ ਵਿਚ ਭੁਲਾਇਆ । ਗੁਰਸਿਖ ਬਣਾਇਆ ਸਾਚਾ ਸੰਤ, ਦਰ ਘਰ ਆਏ ਪ੍ਰਭ ਡੇਰਾ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਸਾਚਾ ਕਾਮ ਸਾਚਾ ਧਾਮ ਆਪਣਾ ਆਪ ਉਪਾਇਆ । ਪ੍ਰਭ ਸਾਚੇ ਪਾਇਆ ਸਾਚਾ ਫੇਰਾ । ਬੇਮੁਖਾਂ ਹੋਏ ਸ਼ਹਿਰ ਅੰਧੇਰਾ । ਗੁਰਸਿਖਾਂ ਹੋਏ ਨਿਜ ਸਵੇਰਾ । ਕਲਜੁਗ ਅੰਤ ਅੰਤਕਾਲ ਪ੍ਰਭ ਕਰਾਏ ਹੇਰਾ ਫੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਅਗਨ ਲਗਾਏ ਬੇਮੁਖ ਖਪਾਏ ਨਾ ਲਾਏ ਦੇਰਾ । ਸਾਚਾ ਪ੍ਰਭ ਸਰਬ ਭੁਲਾਇਆ । ਲਬ ਲੋਭ ਹੰਕਾਰ ਵਸਾਇਆ । ਕਾਮ ਕਰੋਧ ਵਿਚ ਜੀਵ ਫਸਾਇਆ । ਗੁਰਮੁਖ ਸਾਚੇ ਪ੍ਰਭ ਆਤਮ ਸੋਧ ਸਰਨ ਲਗਾਇਆ । ਗਿਆਨ ਬੋਧ ਬੋਧ ਗਿਆਨ ਪ੍ਰਭ ਸ਼ਬਦ ਲਿਖਾਇਆ । ਚਰਨ ਧਿਆਨ ਗੁਰਸਿਖ ਰਖਾਇਆ । ਵਡ ਦੇਵੇ ਦਾਨੀ ਦਾਨ, ਜਨ ਸੋਹੰ ਝੋਲੀ ਪਾਇਆ । ਤੋੜੇ ਸਰਬ ਅਭਿਮਾਨ ਨਿਹਕਲੰਕ ਕਲ ਜੋਤ ਪਰਗਟਾਇਆ । ਸਰਬ ਜਨਾਂ ਪ੍ਰਭ ਜਾਣੀ ਜਾਣ, ਆਪ ਅਭੁੱਲ ਜਗਤ ਭੁਲਾਇਆ । ਭਗਤ ਚੁਕਾਏ ਕਾਨ, ਪ੍ਰਭ ਸਾਚੇ ਦੀ ਸਾਚੀ ਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਜੋਤ ਸਰੂਪੀ ਭੇਖ, ਵਿਚ ਦਿੱਲੀ ਆਏ ਲਿਖਾਇਆ । ਪ੍ਰਭ ਚਰਨ ਟਿਕਾਏ ਦਿੱਲੀ । ਚਾਰ ਕੁੰਟ ਸ੍ਰਿਸ਼ਟੀ ਹਿਲੀ । ਕਲਜੁਗ ਜੀਵ ਜਿਉਂ ਆਵਿਉਂ ਨਿਕਲੀ ਇੱਟ ਪਿਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਏ, ਵਾਲੀ ਹਿੰਦ ਪਕੜ ਉਠਾਏ, ਜਮਨ ਕਿਨਾਰੇ ਚਰਨ ਟਿਕਾਏ, ਜੋਤ ਪਰਗਟਾਏ ਆਏ ਆਏ ਦਿੱਲੀ । ਸੰਤ ਮਨੀ

ਸਿੰਘ ਸਤਿਵਾਦ । ਸਾਚਾ ਸ਼ਬਦ ਪ੍ਰਭ ਵਜਾਇਆ ਨਾਦ । ਸਾਚੇ ਸੰਤ ਪ੍ਰਭ ਅਬਿਨਾਸ਼ੀ ਕਲਜੁਗ ਲਿਆ ਲਾਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਹੁਕਮ ਸੁਣਾਇਆ, ਸੇਵਾ ਲਾਇਆ, ਸ਼ਬਦ ਉਪਾਇਆ ਬੋਧ ਅਗਾਧ । ਸਾਚੇ ਸੰਤ ਸ਼ਬਦ ਸੁਣਾਏ । ਆਪਣੀ ਕਾਰੇ ਆਪੇ ਲਾਏ । ਆਪਣੇ ਵਿਹਾਰੇ ਆਪ ਚਲਾਏ । ਕੋਈ ਨਾ ਪਾਵੇ ਸਾਰੇ ਜੋਤ ਸਰੂਪੀ ਖੇਲ ਰਚਾਏ । ਆਦਿ ਅੰਤ ਨਾ ਪਾਰਾਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਪਿਤ ਆਪ ਬਨਵਾਰੇ । ਸਾਚੀ ਬਣਤ ਆਪ ਬਣਾਇਆ । ਸੰਤ ਮਨੀ ਸਿੰਘ ਸ਼ਬਦ ਉਪਾਇਆ । ਸੰਤ ਮਨੀ ਸਿੰਘ ਹੁਕਮ ਸੁਣਾਇਆ । ਸੰਤ ਮਨੀ ਸਿੰਘ ਪ੍ਰਭ ਸੇਵਾ ਲਾਇਆ । ਸੰਤ ਮਨੀ ਸਿੰਘ ਧੰਨ ਧੰਨ ਧੰਨ ਹਰਿ ਰਸਨਾ ਗਾਇਆ । ਸੰਤ ਮਨੀ ਸਿੰਘ ਪ੍ਰਭ ਸਾਚਾ ਸਾਚੇ ਦਾ ਪੂਰ ਕਾਮ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧੰਦੇ ਸਾਚਾ ਸੰਤ ਲਗਾਇਆ । ਸਾਚੇ ਸੰਤ ਸ਼ਬਦ ਉਪਾ ਕੇ । ਪ੍ਰਭ ਅਬਿਨਾਸ਼ੀ ਜੋਤ ਜਗਾ ਕੇ । ਸਚ ਘਰ ਸਚ ਦਰ ਦੀ ਬੂਝ ਬੁਝਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸੇਵਾ ਸਾਚੇ ਸੰਤ ਲਗਾ ਕੇ । ਸਾਚੇ ਸੰਤ ਪ੍ਰਭ ਸੇਵਾ ਲਾਈ । ਸਾਚੇ ਸੰਤ ਇਹ ਬਣਤ ਬਣਾਈ । ਸਾਚੇ ਸੰਤ ਪ੍ਰਭ ਦਇਆ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠ ਇਕੰਤ ਪੁਰੀ ਘਨਕ ਏਕਾ ਜੋਤ ਦੇ ਜਗਾਈ । ਏਕਾ ਜੋਤ ਆਤਮ ਉਜਿਆਰੇ । ਏਕਾ ਸ਼ਬਦ ਏਕਾ ਧੁਨਕਾਰੇ । ਸੰਤ ਮਨੀ ਸਿੰਘ ਸਾਚੇ ਪ੍ਰਭ ਦਰ ਦਰਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਕਰੇ ਨਿਮਸਕਾਰੇ । ਸਾਚਾ ਸੰਤ ਕਰੇ ਪੁਕਾਰ । ਪ੍ਰਭ ਅਬਿਨਾਸ਼ੀ ਪਾਵੇ ਸਾਰ । ਦੇਵੇ ਹੁਕਮ ਆਪ ਗਿਰਧਾਰ । ਲੇਖ ਲਿਖਾਏ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਉਪਜਾਵੇ ਸਾਚੀ ਧੁਨਕਾਰ । ਸਾਚੇ ਸੰਤ ਡੇਰਾ ਲਾਇਆ । ਦਿਵਸ ਰੈਣ ਪ੍ਰਭ ਸੇਵ ਕਮਾਇਆ । ਸਾਲ ਤਿੰਨ ਬਹਿਣ ਨਾ ਪਾਇਆ । ਆਤਮ ਬੰਨ੍ਹ ਪ੍ਰਭ ਸ਼ਬਦ ਚਲਾਇਆ । ਵਡ ਵਡ ਜਨ ਪ੍ਰਭ ਸਾਚੇ ਸੰਤ ਸੇਵਾ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਧੁਨ ਦੇ ਉਪਜਾਇਆ । ਸ਼ਬਦ ਸੁਰਤ ਹੁਕਮ ਸੁਣਾਏ । ਆਤਮ ਸਾਚੀ ਬੂਝ ਬੁਝਾਏ । ਲਿਖਿਆ ਲੇਖ ਨਾ ਕੋਈ ਮਿਟਾਏ । ਜਗਤ ਭੇਖ ਪ੍ਰਭ ਰਿਹਾ ਦਿਖਾਏ । ਸਾਚਾ ਧਾਮ ਸਾਚਾ ਨਾਮ ਸਾਚਾ ਕਾਮ ਵੇਖ ਪ੍ਰਭ ਨਿਸ਼ਾਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਹੁਕਮ ਸੁਣਾਏ । ਸਾਚੇ ਸੰਤ ਸਚ ਨਿਸ਼ਾਨਾ । ਉਪਜੇ ਧਾਮ ਜਗਤ ਮਹਾਨਾ । ਪੂਰਨ ਕਾਮ ਕਰੇ ਭਗਵਾਨਾ । ਜਗਾਏ ਜੋਤ ਵਾਲੀ ਦੋ ਜਹਾਨਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਅੰਤਕਾਲ ਕਲ ਆਪ ਸੁਹਾਨਾ । ਸਾਚੇ ਸੰਤ ਹੁਕਮ ਕਮਾਇਆ । ਪ੍ਰਭ ਅਬਿਨਾਸ਼ੀ ਜੋ ਸੁਣਾਇਆ । ਦਿਵਸ ਰੈਣ ਪ੍ਰਭ ਸੇਵਾ ਲਾਇਆ । ਨਾ ਮਿਲੇ ਬਹਿਣ ਸ਼ਬਦ ਧੁਨ ਪ੍ਰਭ ਉਪਜਾਇਆ । ਸਾਚਾ ਲਹਿਣਾ ਲੈਣ ਜਿਸ ਜਨ ਸੇਵ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਗਹਿਣਾ ਤਨ ਪਹਿਨਾਇਆ । ਗੁਰ ਧਾਮ ਸੰਤ ਤਜਾਏ । ਵਿਚ ਪਰਭਾਸ ਬੈਠੇ ਆਏ । ਪ੍ਰਭ ਅਬਿਨਾਸ਼ ਸ਼ਬਦ ਜਣਾਏ । ਹਿਰਦੇ ਵਾਸ ਰਿਹਾ ਸੁਣਾਏ । ਹੋਇਆ ਦਾਸ ਸੀਸ ਝੁਕਾਏ । ਕਾਰਜ ਰਾਸ ਨਿਸ਼ਾਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਵਿਚ ਕਾਨ ਸੁਣਾਏ । ਸਚ ਧਾਮ ਸਚ ਨਿਸ਼ਾਨਾ । ਪੂਰ ਕਰਾਏ ਪ੍ਰਭ ਸਾਚੇ ਕਾਮਾ । ਚਰਨ ਟਿਕਾਏ ਘਨਈਆ ਸ਼ਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਪਜਾਏ ਆਪਣਾ ਧਾਮਾ । ਸਾਚਾ ਧਾਮ ਆਪ ਉਪਜਾਏ । ਸਾਚਾ ਕਾਮ ਆਪ ਕਰਾਏ । ਸਾਚਾ ਰਾਮ ਜੋਤ


੧੨੮ ੦੨

ਪਰਗਟਾਏ । ਘਨਈਆ ਸ਼ਾਮ ਨਾਮ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਪੂਰਨ ਆਸ ਕਰਾਏ । ਰਾਜਨ ਰਾਜ ਆਪ ਵਡ ਰਾਜਾ । ਸਾਜਨ ਸਾਜ ਆਪ ਵਡ ਸਾਜਾ । ਤਾਜਨ ਤਾਜ ਆਪ ਵਡ ਤਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੱਖੇ ਲਾਜ ਗੁਰ ਗਰੀਬ ਨਿਵਾਜ਼ਾ । ਸਾਚੇ ਸੰਤ ਮੇਖ ਲਗਾਈ । ਧਰਮ ਵੇਖ ਲੇਖ ਲਿਖਾਈ । ਜੋਤ ਸਰੂਪ ਕਰੇ ਭੇਖ ਆਪ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲਜੁਗ ਆਪਣਾ ਚਰਨ ਆਏ ਟਿਕਾਈ । ਆਪਣੇ ਚਰਨ ਆਪ ਟਿਕਾ ਕੇ । ਸਾਚਾ ਦਰ ਦਰਬਾਰ ਲਗਾ ਕੇ । ਝੂਠਾ ਰਾਜ ਨਸ਼ਟ ਕਰਾ ਕੇ । ਏਕਾ ਤਾਜ ਨਿਹਕਲੰਕ ਸੀਸ ਰਖਾ ਕੇ । ਸੋਹੰ ਅਵਾਜ਼ ਚਾਰ ਕੁੰਟ ਲਗਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਸਰਨ ਲਗਾ ਕੇ । ਵਾਲੀ ਹਿੰਦ ਝੂਠਾ ਮਾਣ । ਆਪਣਾ ਆਪ ਆਪ ਪਛਾਣ । ਕਲਜੁਗ ਭੁਲ ਨਾ ਹੋ ਨਿਧਾਨ । ਪ੍ਰਭ ਸਾਚਾ ਤੋੜੇ ਸਰਬ ਅਭਿਮਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਬਲੀ ਬਲਵਾਨ । ਸਾਚੇ ਸੰਤ ਧਾਮ ਉਪਜਾਇਆ । ਬਣਾਈ ਬਣਤ ਪ੍ਰਭ ਕਰਮ ਕਮਾਇਆ । ਵਡ ਰਾਜੇ ਰਾਜਵੰਤ ਪ੍ਰਭ ਸੇਵਾ ਲਾਇਆ । ਮਹਿੰਮਾ ਅਗਣਤ ਕਿਸੇ ਭੇਦ ਨਾ ਪਾਇਆ । ਹੋਏ ਅੰਤ ਪ੍ਰਭ ਜੋਤ ਜਗਾਇਆ । ਬੈਠੇ ਇਕੰਤ ਸਾਚਾ ਧਾਮ ਸੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਸਰਨ ਲਗਾਇਆ । ਵਾਲੀ ਹਿੰਦ ਪ੍ਰਭ ਸਰਨ ਲਗਾਏ । ਵਡ ਮਰਗਿੰਦ ਆਪ ਅਖਵਾਏ । ਸੁਰਪਤ ਰਾਜਾ ਇੰਦ ਸਿਰ ਛਤਰ ਝੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਪਰਗਟਾਏ । ਜੋਤ ਪਰਗਟਾਏ ਪ੍ਰਭ ਜਗਦੀਸ । ਏਕਾ ਛਤਰ ਝੁਲਾਏ ਸਾਚੇ ਸੀਸ । ਭੇਖ ਮਿਟਾਏ ਬੀਸ ਇਕੀਸ । ਝੂਠਾ ਤਾਜ ਝੂਠਾ ਰਾਜ ਕੋਇ ਨਾ ਕਰੇ ਪ੍ਰਭ ਸਾਚੇ ਕੀ ਰੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਜਾਏ ਪੀਸ । ਸਾਚੇ ਧਾਮ ਜੋਤ ਪਰਗਟਾ । ਸਾਚਾ ਦੀਪਕ ਮਾਤ ਜਗਾ । ਆਪ ਆਪਣਾ ਪ੍ਰਭ ਉਪਾ । ਸਾਚਾ ਕਰਮ ਜਗਤ ਕਮਾ । ਝੂਠਾ ਭਰਮ ਸਰਬ ਗਵਾ । ਏਕਾ ਧਰਮ ਜਗਤ ਵਰਤਾ । ਏਕਾ ਵਰਨ ਆਪ ਅਖਵਾ । ਏਕਾ ਸਰਨ ਨਿਹਕਲੰਕ ਤੇਰਾ ਨਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਮਾਣ ਰਖਾਏ ਵਾਲੀ ਹਿੰਦ ਸਰਨ ਲਗਾ । ਵਾਲੀ ਹਿੰਦ ਪ੍ਰਭ ਸਰਨ ਲਗਾਏ । ਆਪਣੀ ਸੇਵਾ ਆਪ ਕਰਾਏ । ਸਾਚਾ ਮੇਵਾ ਨਾਮ ਦਵਾਏ । ਅਲਖ ਅਭੇਵਾ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛਤਰ ਸੀਸ ਆਪਣੇ ਆਪ ਝੁਲਾਏ । ਸਾਚਾ ਛਤਰ ਸੀਸ ਝੁਲਾਰ । ਵਾਲੀ ਹਿੰਦ ਪ੍ਰਭ ਚਰਨ ਦਵਾਰ । ਦੋਏ ਜੋੜ ਕਰੇ ਨਿਮਸਕਾਰ । ਸ੍ਰਿਸ਼ਟ ਸਬਾਈ ਹੋਏ ਪਨਿਹਾਰ । ਸੋਹੰ ਸ਼ਬਦ ਕਰਾਏ ਜੈ ਜੈ ਜੈਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲਜੁਗ ਜੋਤ ਸਰੂਪੀ ਲਏ ਅਵਤਾਰ । ਵੇਲੇ ਅੰਤ ਸਭ ਪਛਤਾਵਣਾ । ਗਿਆ ਵਕ਼ਤ ਹੱਥ ਨਾ ਆਵਣਾ । ਸੋਹੰ ਰਥ ਪ੍ਰਭ ਚਲਾਵਣਾ । ਮਹਿੰਮਾ ਅਕਥ ਨਾ ਭੇਵ ਕਿਸੇ ਕਲ ਪਾਵਣਾ । ਸਾਚੀ ਵਥ ਗੁਰਸਿਖ ਗੁਰ ਦਰ ਸਦ ਝੋਲੀ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ ਅੰਤਕਾਲ ਕਲ ਵਕ਼ਤ ਸੁਹਾਵਣਾ । ਸਰਬ ਕਲ ਸਰਬ ਸਮਰਥਾ । ਬੇਮੁਖਾਂ ਪ੍ਰਭ ਪਾਏ ਨੱਥਾ । ਗੁਰਸਿਖਾਂ ਪ੍ਰਭ ਰੱਖੇ ਦੇ ਕਰ ਹੱਥਾ । ਸਾਚੇ ਲੇਖ ਲਿਖਾਏ ਮਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਚਲਾਵੇ ਸਾਚੀ ਗਾਥਾ । ਸੋਹੰ ਚਲੇ ਸਾਚੀ ਗਾਥਾ । ਆਪ ਚਲਾਏ ਤ੍ਰੈਲੋਕੀ ਨਾਥ । ਹੋਏ ਸਹਾਈ ਸਗਲਾ ਸਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਲਿਖਾਏ ਸਾਚੇ

੧੨੯ ੦੨

ਮਾਥ । ਲਿਖਿਆ ਲੇਖ ਨਾ ਮੇਟੇ ਕੋਇ । ਆਪ ਲਿਖਾਏ ਵਾਲੀ ਜਹਾਨਾਂ ਦੋਏ । ਗੁਰਸਿਖ ਗੁਰ ਦਰ ਜਾਗੇ ਬੇਮੁਖ ਸੋਏ । ਕਲਜੁਗ ਜੀਵ ਹੋਏ ਅਭਾਗੇ, ਆਲਸ ਨਿੰਦਰਾ ਰਿਦੇ ਪਰੋਏ । ਨਿਹਕਲੰਕ ਜਨ ਸਰਨੀ ਲਾਗੇ ਮੈਲ ਆਤਮ ਪ੍ਰਭ ਦੇਵੇ ਧੋਏ । ਏਕਾ ਸ਼ਬਦ ਉਪਜਾਏ ਅਨਰਾਗੇ, ਗੁਰਮੁਖ ਵਿਰਲਾ ਸੁਣੇ ਕੋਇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਜਹਾਨਾਂ ਦੋਏ । ਵਾਹ ਵਾਹ ਗੁਰ ਆਇਆ ਸੂਰਾ । ਵਾਹ ਵਾਹ ਗੁਰ ਪਾਇਆ ਪੂਰਾ । ਵਾਹ ਵਾਹ ਦੁਖ ਮਿਟੇ ਵਸੂਰਾ । ਵਾਹ ਵਾਹ ਆਤਮ ਸੁਖ ਉਪਜਾਏ ਪ੍ਰਭ ਵਡ ਗੁਣ ਭਰਪੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਨਹਦ ਵਜਾਏ ਸਾਚੀ ਤੂਰਾ । ਵਾਹ ਵਾਹ ਦਰ ਮੰਗਲ ਗਾਇਆ । ਵਾਹ ਵਾਹ ਹਰਿ ਵਰ ਘਰ ਪਾਇਆ । ਵਾਹ ਵਾਹ ਜਨਮ ਮਰਨ ਗੇੜ ਕਟਾਇਆ । ਵਾਹ ਵਾਹ ਗੁਰਮੁਖ ਸਾਚੇ ਗੁਰ ਪੂਰੇ ਹਰਨ ਫਰਨ ਖੁਲ੍ਹਾਇਆ । ਵਾਹ ਵਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਿਰ ਤੇਰੇ ਹੱਥ ਟਿਕਾਇਆ । ਗੁਰਸਿਖ ਤੇਰੀ ਵਡਿਆਈ । ਪ੍ਰਭ ਸਾਚੇ ਤੇਰੀ ਬਣਤ ਬਣਾਈ । ਸਾਚਾ ਨਾਮ ਜਗਤ ਰਖਾਈ । ਸਾਚਾ ਥਾਉਂ ਆਪ ਸੁਹਾਈ । ਜੋਤੀ ਜੋਤ ਪ੍ਰਭ ਜੋਤ ਪਰਗਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰਾ ਹੋਏ ਸਹਾਈ । ਗੁਰਮੁਖ ਸਾਚੇ ਸਚ ਕਰ ਮਨ । ਪ੍ਰਭ ਸਾਚਾ ਆਤਮ ਜੋਤ ਜਗਾਵੇ ਤਨ । ਸੋਹੰ ਸ਼ਬਦ ਪ੍ਰਭ ਸੁਣਾਵੇ ਕੰਨ । ਆਪ ਕਢਾਏ ਗੁਰਮੁਖ ਸਾਚੇ ਤੇਰਾ ਆਤਮ ਜਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਜੋਤ ਸਰੂਪ ਸਤਿ ਕਰ ਮੰਨ । ਸਾਚਾ ਪ੍ਰਭ ਸਤਿ ਕਰ ਮੰਨਣਾ । ਬੇੜਾ ਅੰਤ ਪ੍ਰਭ ਸਾਚੇ ਬੰਨ੍ਹਣਾ । ਚਰਨ ਲਾਗ ਕਲਜੁਗ ਪਾਰ ਲੰਘਣਾ । ਸੋਹੰ ਚਾੜ੍ਹੇ ਪ੍ਰਭ ਸਾਚੀ ਰੰਗਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਸਾਚਾ ਦਾਨ ਸਾਚਾ ਦਰਸ ਪ੍ਰਭ ਦਰ ਮੰਗਣਾ । ਦਰਸ ਦਾਨ ਪ੍ਰਭ ਆਪ ਦੇਵੇ । ਚਤੁਰ ਸੁਜਾਨ ਜਨ ਰਸਨਾ ਸੇਵੇ । ਰਸ ਮਹਾਨ ਪ੍ਰਭ ਆਤਮ ਲੇਵੇ । ਕੋਟ ਭਾਨ ਪ੍ਰਭ ਜੋਤ ਜਗੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਦਾਨ ਅਲਖ ਅਭੇਵੇ । ਆਪ ਅਲਖ ਗੁਰਮੁਖ ਸਾਚੇ ਕੀਨੇ ਵੱਖ । ਸ੍ਰਿਸ਼ਟ ਸਬਾਈ ਹੋਏ ਭੱਖ । ਗੁਰਮੁਖ ਸਾਚੇ ਪ੍ਰਭ ਸਾਚਾ ਲਏ ਰੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਜਲਾਏ ਜਿਉਂ ਬਸੰਤਰ ਕੱਖ । ਗੁਰਸਿਖ ਗੁਰ ਦਰ ਸਾਚਾ ਵਰ । ਅਵਤਾਰ ਨਰ ਸਰਨ ਪਰ । ਮਾਤ ਤਰ ਕਰਮ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਏ ਜੋੜ ਚਰਨ ਨਿਮਸਕਾਰ ਕਰ । ਗੁਰ ਚਰਨ ਗੁਰਸਿਖ ਨਿਮਸਕਾਰੇ । ਸਾਚਾ ਪ੍ਰਭ ਸਦ ਬਲਿਹਾਰੇ । ਆਵੇ ਜਾਵੇ ਵਾਰੋ ਵਾਰੇ । ਜੋਤ ਪਰਗਟਾਏ ਵਿਚ ਸੰਸਾਰੇ । ਭਗਤ ਉਧਾਰੇ ਪਾਵੇ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਰਗਟ ਜੋਤ ਨਿਹਕਲੰਕ ਕਲ ਨਾਮ ਧਰਾਰੇ । ਸਾਚਾ ਪ੍ਰਭ ਭਗਤ ਉਧਾਰਨ । ਆਪ ਕਰਾਏ ਪੂਰਨ ਕਾਰਨ । ਸਰਬ ਜਨਾਂ ਦੀ ਪਾਵੇ ਸਾਰਨ । ਦੁਖ ਦਰਦ ਪ੍ਰਭ ਨਿਵਾਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰ ਘਰ ਆਇਆ, ਪ੍ਰਭ ਸਾਚਾ ਕਾਜ ਸੁਵਾਰਨ । ਗੁਰਮੁਖ ਸਾਚੇ ਕਾਜ ਸਵਾਰਿਆ । ਕਰ ਕਿਰਪਾ ਪ੍ਰਭ ਪਾਰ ਉਤਾਰਿਆ । ਸੋਹੰ ਸਾਚਾ ਨਾਮ ਰਿਦੇ ਵਿਚਾਰਿਆ । ਪ੍ਰਭ ਸਾਚਾ ਆਏ ਚਲ ਦਰ ਦਰਬਾਰਿਆ । ਗੁਰਮੁਖ ਨਾਮ ਅਟੱਲ ਵਿਚ ਸੰਸਾਰਿਆ । ਸ੍ਰਿਸ਼ਟ ਸਬਾਈ ਜਾਏ ਹੱਲ, ਗੁਰਮੁਖ ਸੋਹੇ ਪ੍ਰਭ ਚਰਨ ਦਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦ ਸਦ ਚਰਨ ਬਲਿਹਾਰਿਆ । ਚਰਨ ਲਾਗ ਮਿਲੇ ਵਡਿਆਈ । ਚਰਨ ਲਾਗ ਭਗਤ ਤਰ ਜਾਈ । ਚਰਨ ਲਾਗ ਜਗਤ

ਨਾਮ ਰਹਿ ਜਾਈ । ਚਰਨ ਲਾਗ ਦੁਰਮਤ ਮੈਲ ਗਵਾਈ । ਚਰਨ ਲਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਆਪ ਸਹਾਈ । ਸਾਚਾ ਪ੍ਰਭ ਸਦਾ ਸਹਾਇਆ । ਗੁਰਮੁਖ ਸਾਚੇ ਸਿਰ ਹੱਥ ਟਿਕਾਇਆ । ਸਾਚੀ ਨਾਮ ਵਥ ਪ੍ਰਭ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਜੋਤ ਸਰੂਪੀ ਮੇਲ ਮਿਲਾਇਆ । ਮਾਣ ਮੋਹ ਜਗਤ ਤਿਆਗੇ । ਪ੍ਰਭ ਸਾਚੇ ਦੀ ਸਰਨੀ ਲਾਗੇ । ਸਤਿਜੁਗ ਲਗਾਇਆ ਪ੍ਰਭ ਪਹਿਲੀ ਮਾਘੇ । ਸਤਿ ਸਤਿ ਸਤਿ ਵਰਤਾਇਆ ਸਾਧ ਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਇਆ ਅਨਰਾਗੇ । ਅਨਰਾਗ ਸ਼ਬਦ ਚਲਾਇਆ । ਸੋਹੰ ਨਾਦ ਆਪ ਵਜਾਇਆ । ਬੋਧ ਅਗਾਧ ਭੇਦ ਖੁਲ੍ਹਾਇਆ । ਗੁਰਮੁਖ ਸਾਚੇ ਪ੍ਰਭ ਆਤਮ ਸਾਧ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਇਆ । ਵੇਖੇ ਦਰਸ ਗੁਰ ਦਰ ਆਏ । ਪੂਰਨ ਆਸ ਪ੍ਰਭ ਕਰਾਏ । ਆਤਮ ਹਰਸ ਸਰਬ ਮਿਟਾਏ । ਆਤਮ ਸ਼ਬਦ ਪ੍ਰਭ ਬਰਸ ਬਰਸ ਕਰ ਪ੍ਰਭ ਤ੍ਰਿਖਾ ਮਿਟਾਏ । ਗੁਰ ਚਰਨ ਪਰਸ ਪਰਸ ਕਰ, ਗੁਰਸਿਖ ਮਾਨਸ ਜਨਮ ਸੁਫਲ ਕਰਾਏ । ਬੇਮੁਖ ਕਲ ਰਹੇ ਤਰਸ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਸਿੰਘ ਲਛਮਣ ਦਰ ਤੇਰੇ ਘਰ ਆਏ । ਸਾਚੇ ਦਰ ਜੋਤ ਜਗਾਈ । ਸਾਚਾ ਦਰ ਆਪ ਦਵਾਈ । ਧਰਨੀ ਧਰ ਦਇਆ ਕਮਾਈ । ਜੋਤ ਨਿਰੰਜਣ ਪ੍ਰਭ ਪਰਗਟਾਈ । ਦੁਖ ਭੈ ਭੰਜਨ ਬਣਤ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਾਚੇ ਦਰ ਮਿਲੇ ਵਡਿਆਈ । ਸਾਂਤਕ ਸਤਿ ਸਤਿ ਵਰਤਾਵੇ । ਸਾਂਤਕ ਆਪਣਾ ਰੰਗ ਚੜ੍ਹਾਵੇ । ਸਾਂਤਕ ਸਾਚਾ ਨਾਮ ਰਖਾਵੇ । ਸਾਂਤਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਝੋਲੀ ਪਾਵੇ । ਸਾਂਤਕ ਤੇਰਾ ਸਚ ਵਰਤਾਰਾ । ਸਾਂਤਕ ਵਰਤੇ ਵਿਚ ਸੰਸਾਰ । ਸਾਂਤਕ ਦੇਵੇ ਸੋਹੰ ਨਾਮ ਅਧਾਰ । ਸਾਂਤਕ ਸਤਿ ਸਤਿ ਸਤਿ ਸਰੂਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਕਾਰ । ਸਾਂਤਕ ਸਾਚਾ ਸਾਚਾ ਰੂਪ । ਸਾਂਤਕ ਦੇਵੇ ਸਤਿਜੁਗ ਪ੍ਰਭ ਸਾਚਾ ਭੂਪ । ਸਾਂਤਕ ਵਰਤੇ ਉਪਰ ਧਰਤੇ ਜੋਤ ਜਗਾਈ ਪ੍ਰਭ ਸਾਚੇ ਕਰਤੇ ਵਿਚ ਸ੍ਰਿਸ਼ਟ ਅੰਧ ਕੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਂਤਕ ਵਰਤਾਵੇ ਸਤਿ ਸਰੂਪ । ਸਾਂਤਕ ਤੇਰਾ ਸਾਚਾ ਤਾਣ । ਸਾਂਤਕ ਵਰਤੇ ਵਿਚ ਜਹਾਨ । ਸਾਂਤਕ ਸਾਂਤ ਦੇਵੇ ਵਡ ਗੁਣੀ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਤਿ ਸਤਿ ਸਤਿ ਕਰੇ ਵਰਤਾਨ । ਸਤਿ ਸਤਿ ਸਤਿ ਹੋਏ ਵਰਤਾਰਾ । ਸਤਿਜੁਗ ਲਾਏ ਪ੍ਰਭ ਗਿਰਧਾਰਾ । ਏਕਾ ਨਾਮ ਧਰਾਏ ਵਿਚ ਸੰਸਾਰਾ । ਜਗਤ ਭੇਖ ਮੇਟ ਮਿਟਾਏ, ਏਕਾ ਰੰਗ ਚੜ੍ਹਾਏ ਜੋਤ ਜਗਾਏ ਤੀਨ ਲੋਕ ਕਰੇ ਅਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਟ ਮਿਟਾਏ ਕਲਜੁਗ ਧੁੰਦੂਕਾਰਾ । ਕਲਜੁਗ ਮਿਟੇ ਅੰਧ ਅੰਧਿਆਰਾ । ਜੋਤ ਜਗਾਵੇ ਪ੍ਰਭ ਅਪਾਰਾ । ਨਿਹਕਲੰਕ ਕਲ ਲਿਆ ਅਵਤਾਰਾ । ਸਤਿਜੁਗ ਲਗਾਏ ਵਿਚ ਸੰਸਾਰਾ । ਏਕਾ ਦਰ ਦਰਬਾਰ ਰਖਾਏ ਚਾਰ ਵਰਨ ਆਏ ਗੁਰ ਦਰ ਦਰਬਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਧਰਾਏ ਜੋਤ ਸਰੂਪੀ ਨਿਹਕਲੰਕ ਅਵਤਾਰਾ । ਸਤਿਜੁਗ ਸਾਚਾ ਮਾਰਗ ਲਾਇਆ । ਵਿਚ ਮਾਤ ਪ੍ਰਭ ਜਨਮ ਦਵਾਇਆ । ਰਾਓ ਉਮਰਾਓ ਸਰਬ ਮਿਟਾਇਆ । ਵਰਨ ਬਰਨ ਪ੍ਰਭ ਇਕ ਕਰਾਇਆ । ਸਾਚਾ ਧਰਮ ਜਗਤ ਚਲਾਇਆ । ਏਕਾ ਸਰਨ ਨਿਹਕਲੰਕ ਰਖਾਇਆ । ਸੋਹੰ ਸਾਚਾ ਡੰਕ ਪ੍ਰਭ ਵਜਾਇਆ । ਰਾਓ ਰੰਕ ਰੰਕ ਰਾਓ ਪ੍ਰਭ ਇਕ ਕਰਾਇਆ । ਸੁਹਾਏ ਥਾਨ ਬੰਕ ਜਿਥੇ ਪ੍ਰਭ ਚਰਨ ਟਿਕਾਇਆ । ਇਕ ਰਖਾਏ ਏਕਾ ਅੰਕ, ਏਕੰਕਾਰ ਏਕਾ ਨਾਮ

ਧਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਇਆ । ਸਤਿਜੁਗ ਪ੍ਰਭ ਮਾਣ ਦਵਾਏ । ਸੋਹੰ ਸਾਚਾ ਦਾਨ ਪ੍ਰਭ ਝੋਲੀ ਪਾਏ । ਵਡ ਗੁਣੀ ਨਿਧਾਨ ਇਹ ਦਇਆ ਕਮਾਏ । ਤੋੜੇ ਸਰਬ ਅਭਿਮਾਨ, ਸਿਰ ਹੱਥ ਟਿਕਾਏ । ਰਾਓ ਰੰਕ ਰੰਕ ਰਾਜਾਨ ਪ੍ਰਭ ਇਕ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਬਾਣ ਲਗਾਏ । ਸੋਹੰ ਸਾਚਾ ਬਾਣ ਲਗਾਇਆ । ਏਕਾ ਆਣ ਜਗਤ ਲਿਖਾਇਆ । ਸਚ ਨਿਸ਼ਾਨ ਨਿਹਕਲੰਕ ਸੋਹੰ ਸਾਚਾ ਨਾਮ ਚਲਾਇਆ । ਭਗਤ ਭਗਵਾਨ ਪਰਗਟ ਆਪ, ਪ੍ਰਭ ਸਾਚੇ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਨਿਹਕਲੰਕ ਆਪਣਾ ਭੇਵ ਚੁਕਾਇਆ । ਆਪ ਆਪਣਾ ਭੇਵ ਚੁਕਾਏ । ਗੁਰਮੁਖ ਸਾਚੇ ਬੂਝ ਬੁਝਾਏ । ਬੇਮੁਖ ਵੇਖੇ ਪ੍ਰਭ ਦਿਸ ਨਾ ਆਏ । ਆਤਮ ਵਿਚ ਹੰਕਾਰ ਰਖਾਏ । ਮਦਿਰਾ ਮਾਸ ਰਸਨ ਆਹਾਰ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਅੰਤਕਾਲ ਕਲਜੁਗ ਦੇ ਸਜ਼ਾਏ । ਗੁਰਮੁਖ ਸਾਚੇ ਪ੍ਰਭ ਚਰਨ ਪਿਆਰਾ । ਸੋਹੰ ਦੇਵੇ ਨਾਮ ਅਧਾਰਾ । ਬੇਮੁਖ ਦਰ ਹੋਏ ਖੁਆਰਾ । ਮਦਿਰਾ ਮਾਸ ਰਸਨ ਅਹਾਰਾ । ਗੁਰਮੁਖ ਸਾਚੇ ਪ੍ਰਭ ਭਰੇ ਭੰਡਾਰਾ । ਏਕਾ ਜੋਤ ਕਰੇ ਉਜਿਆਰਾ । ਬੇਮੁਖ ਦਰ ਆਏ ਗਏ ਝੱਖ ਮਾਰਾ । ਆਤਮ ਤ੍ਰਿਖ ਸਦ ਹੰਕਾਰਾ । ਗੁਰਮੁਖ ਪ੍ਰਭ ਦਰ ਆਏ ਚਰਨ ਕਰੇ ਨਿਮਸਕਾਰਾ । ਸੋਹੰ ਦੇਵੇ ਨਾਮ ਅਧਾਰਾ । ਕਰ ਕਿਰਪਾ ਪ੍ਰਭ ਪਾਰ ਉਤਾਰਾ । ਬੇਮੁਖ ਆਤਮ ਸਦ ਵਿਕਾਰਾ । ਸੋਹੰ ਮਾਰੇ ਪ੍ਰਭ ਖੰਡਾ ਦੋ ਧਾਰਾ । ਬੇਮੁਖ ਹੋਏ ਦੁਸ਼ਟ ਦੁਰਾਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਪਾਵੇ ਸਾਰਾ । ਗੁਰਮੁਖ ਸਾਚੇ ਲਏ ਤਾਰ । ਬੇਮੁਖਾਂ ਪ੍ਰਭ ਕਰੇ ਖੁਆਰ । ਬੇੜਾ ਡੋਬੇ ਵਿਚ ਮੰਝਧਾਰ । ਨਾ ਦਿਸੇ ਆਰ ਨਾ ਪਾਰ । ਗੁਰਮੁਖ ਸਾਚੇ ਸੁਹਣ ਨਿਹਕਲੰਕ ਤੇਰੇ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਅੰਮ੍ਰਿਤ ਆਤਮ ਬਰਖੇ ਕਿਰਪਾ ਧਾਰ । ਅੰਮ੍ਰਿਤ ਆਤਮ ਪ੍ਰਭ ਚੁਆਇਆ । ਸੋਹੰ ਸਾਚਾ ਜਾਮ ਪਿਲਾਇਆ । ਜੋਤ ਸਰੂਪੀ ਪਰਗਟ ਜੋਤ ਦਰਸ ਘਨਈਏ ਸ਼ਾਮ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਇਆ । ਨਿਹਕਲੰਕ ਨਾਉਂ ਧਰਾਏ । ਨਿਹਕਲੰਕ ਜੋਤ ਜਗਾਏ । ਨਿਹਕਲੰਕ ਜਗਤ ਭੁਲਾਏ । ਨਿਹਕਲੰਕ ਆਪਣਾ ਭੇਵ ਆਪ ਛੁਪਾਏ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਰਿਹਾ ਡੰਕ ਵਜਾਏ । ਨਿਹਕਲੰਕ ਨਾਮ ਨਿਰਬਾਨ । ਨਿਹਕਲੰਕ ਮੁਸ਼ਕਲਾਂ ਕਰੇ ਸਭ ਆਸਾਨ । ਨਿਹਕਲੰਕ ਗੁਣੀ ਗੁਣ ਨਿਧਾਨ । ਨਿਹਕਲੰਕ ਵਡ ਬਲਵਾਨ । ਨਿਹਕਲੰਕ ਮੇਲ ਮਿਲਾਏ ਭਗਤ ਭਗਵਾਨ । ਨਿਹਕਲੰਕ ਜੋਤ ਜਗਾਏ ਵਿਚ ਦੇਹ ਮਹਾਨ । ਨਿਹਕਲੰਕ ਏਕਾ ਸ਼ਬਦ ਉਪਜਾਏ ਸੁਣਾਏ ਕਾਨ । ਨਿਹਕਲੰਕ ਗੁਰਮੁਖ ਸਾਚੇ ਜੋਤ ਸਰੂਪੀ ਸਾਚਾ ਜਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਕਰਾਏ ਰੰਕ ਰਾਜਾਨ । ਨਿਹਕਲੰਕ ਨੇਤਰ ਪੇਖ । ਨਿਹਕਲੰਕ ਪ੍ਰਭ ਸਾਚਾ ਵੇਖ । ਨਿਹਕਲੰਕ ਜੋਤ ਸਰੂਪੀ ਕੀਆ ਭੇਖ । ਨਿਹਕਲੰਕ ਜਗਤ ਲਿਖਾਏ ਸਾਚੇ ਲੇਖ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਰਿਹਾ ਵੇਖ । ਆਪੇ ਵੇਖੇ ਵੇਖ ਵਖਾਏ । ਬੇਮੁਖਾਂ ਪ੍ਰਭ ਦਿਸ ਨਾ ਆਏ । ਗੁਰਸਿਖਾਂ ਪ੍ਰਭ ਬੂਝ ਜੋਤ ਸਰੂਪੀ ਦਰਸ ਦਿਖਾਏ । ਅਗਿਆਨ ਅੰਧੇਰ ਸਰਬ ਮਿਟਾਏ । ਏਕਾ ਧਿਆਨ ਚਰਨ ਲਗਾਏ । ਬ੍ਰਹਮ ਗਿਆਨ ਬੂਝ ਬੁਝਾਏ । ਗੁਣ ਨਿਧਾਨ ਦਇਆ ਕਮਾਏ । ਆਤਮ ਸੁੰਨ ਖੋਲ੍ਹ ਵਖਾਏ । ਸਾਚੀ ਰੁਣ ਝੁਣ ਆਪ ਉਪਜਾਏ । ਗੁਰਮੁਖ ਵਿਰਲੇ ਚੁਣ ਪ੍ਰਭ ਸਰਨ ਲਗਾਏ । ਸੋਹੰ ਸਾਚੀ ਧੁਨ ਪ੍ਰਭ ਨਾਦ ਵਜਾਏ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨ ਲਾਗ ਦਵਾਰ ਦਸਮ ਖੋਲ੍ਹ ਵਖਾਏ । ਦਸਮ ਦਵਾਰ ਪ੍ਰਭ ਖੁਲ੍ਹਾਏ । ਏਕਾ ਆਕਾਰ ਜੋਤ ਕਰਾਏ । ਪ੍ਰਭ ਨਿਰਾਹਾਰ ਨਜ਼ਰੀ ਆਏ । ਜਨਮ ਸੁਧਾਰ ਗੁਰਸਿਖ ਤਰ ਜਾਏ । ਭਗਤ ਅਧਾਰ ਵਿਚ ਰਿਹਾ ਸਮਾਏ । ਨਦਰੀ ਨਦਰ ਕਰ ਜਾਏ ਪਾਰ ਜੋ ਜਨ ਆਏ ਸਰਨੀ ਸੀਸ ਝੁਕਾਏ । ਅੰਤਕਾਲ ਨਾ ਹੋਏ ਖੁਆਰ, ਪ੍ਰਭ ਸਾਚਾ ਮੇਲ ਮਿਲਾਏ । ਮਾਨਸ ਜਨਮ ਨਾ ਆਏ ਹਾਰ, ਬਾਂਹੋਂ ਪਕੜ ਲਏ ਤਰਾਏ । ਧਰਮ ਰਾਏ ਨਾ ਮਾਰੇ ਮਾਰ, ਜੋਤ ਸਰੂਪੀ ਪ੍ਰਭ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਿਰ ਤੇਰੇ ਹੱਥ ਟਿਕਾਏ । ਗੁਰਮੁਖ ਸਾਚਾ ਪ੍ਰਭ ਸਾਚਾ ਤਾਰੇ । ਅੰਤਕਾਲ ਕਲ ਪ੍ਰਭ ਆਏ ਖੜਾ ਦਵਾਰੇ । ਗੁਰ ਗੋਪਾਲ ਭਗਤ ਵਿਛਾਲ ਗੁਰਮੁਖ ਸਾਚਾ ਪਾਰ ਉਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਚਰਨ ਨਿਮਸਕਾਰੇ । ਗੁਰ ਚਰਨ ਨਿਮਸਕਾਰ । ਪ੍ਰਭ ਸਾਚਾ ਸਾਚੀ ਪਾਏ ਸਾਰ । ਆਪ ਆਪਣੀ ਜੋਤ ਪਰਗਟਾਏ ਚਲ ਆਏ ਭਗਤ ਦਵਾਰ । ਗੁਰਮੁਖ ਸਾਚੇ ਹੋਏ ਸਹਾਏ, ਦੇਵੇ ਵਡਿਆਈ ਵਿਚ ਸੰਸਾਰ । ਏਥੇ ਓਥੇ ਦੋਏ ਥਾਏਂ ਰੱਖੇ ਪਤਿ ਆਪ ਮੁਰਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦੁੱਤਰ ਜਾਏ ਤਾਰ । ਆਪੇ ਤਾਰੇ ਤਾਰਨਹਾਰਾ । ਪੈਜ ਸਵਾਰੇ ਪ੍ਰਭ ਗਿਰਧਾਰਾ । ਗੁਰਮੁਖ ਬੂਝੇ ਕਰ ਵਿਚਾਰਾ । ਦਰ ਘਰ ਸੂਝੇ ਪਾਵੇ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਿਸਾਵੇ ਸਾਚਾ ਦਰ ਸਾਚਾ ਘਰ ਸਚਖੰਡ ਦਵਾਰਾ । ਸਚਖੰਡ ਪ੍ਰਭ ਦਵਾਰ । ਜੋਤ ਜਗੇ ਅਗੰਮ ਅਪਾਰ । ਏਕਾ ਹੋਏ ਜੋਤ ਅਕਾਰ । ਦਿਵਸ ਰੈਣ ਸੱਚੀ ਧੁਨਕਾਰ । ਗੁਰਮੁਖ ਸਾਚੇ ਪ੍ਰਭ ਦਰ ਬਹਿਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸਦਾ ਨਿਰਹਾਰ । ਜੋਤ ਸਰੂਪ ਸਦਾ ਨਿਰਹਾਰਾ । ਮਹਿੰਮਾ ਅਨੂਪ ਸਦਾ ਨਿਰਾਹਾਰਾ । ਬਿਨ ਰੰਗ ਰੂਪ ਰਵੇ ਕਰਤਾਰਾ । ਵਿਚ ਅੰਧ ਕੂਪ ਏਕਾ ਜੋਤ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਦੇਵੇ ਮੇਟ ਝੂਠਾ ਪਸਰ ਪਸਾਰਾ । ਕਲਜੁਗ ਝੂਠਾ ਪਸਰ ਪਸਾਰ । ਝੂਠੀ ਸ੍ਰਿਸ਼ਟ ਝੂਠਾ ਵਿਹਾਰ । ਝੂਠੀ ਸ੍ਰਿਸ਼ਟ ਪ੍ਰਭ ਕਰੇ ਖੁਆਰ । ਆਤਮ ਭਰਿਸ਼ਟ ਮਦਿਰਾ ਮਾਸ ਕਰਨ ਆਹਾਰ । ਏਕਾ ਸਾਚੀ ਦ੍ਰਿਸ਼ਟ ਇਸ਼ਟ ਏਕਾ ਏਕੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਿਹਕਲੰਕ ਨਰਾਇਣ ਨਰ ਅਵਤਾਰ । ਏਕਾ ਜੀਆ ਏਕਾ ਪੀਆ । ਏਕਾ ਜੋਤ ਏਕਾ ਦੀਆ । ਏਕਾ ਗੋਤ ਏਕਾ ਬੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੀਵ ਜੰਤ ਜੰਤ ਜੀਵ ਸਰਬ ਵਿਚ ਵਸਈਆ । ਜੀਵ ਜੰਤ ਆਪੇ ਵਸੇ । ਸਾਚੇ ਗੁਰਮੁਖ ਸੰਤ ਰਾਹ ਸਾਚਾ ਦੱਸੇ । ਬੇਮੁਖਾਂ ਅੰਧੇਰ ਜਿਉਂ ਚੰਦ ਮੱਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਤਮ ਜੋਤ ਜਗਾਏ ਕੋਟ ਰਵ ਸੱਸੇ । ਆਤਮ ਜੋਤ ਹੋਏ ਉਜਿਆਰ । ਗੁਰਮੁਖ ਪਾਏ ਪ੍ਰਭ ਦੀ ਸਾਰ । ਆਪਣਾ ਆਪ ਪ੍ਰਭ ਆਪ ਲਏ ਵਿਚਾਰ । ਹਉਮੇ ਪਾਪ ਉਤਰੇ ਤਾਪ ਪ੍ਰਭ ਦਰ ਲਏ ਉਤਾਰ । ਸੋਹੰ ਸਾਚਾ ਜਾਪ ਦੇਵੇ ਆਪ ਕਰਤਾਰ । ਸਰਬ ਸ੍ਰਿਸ਼ਟ ਮਾਈ ਬਾਪ ਹੋਏ ਆਪ ਸਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜੁਗੋ ਜੁਗ ਪਰਗਟ ਜੋਤ ਜੋਤ ਸਰੂਪ ਵਿਚ ਮਾਤ ਬੇੜਾ ਕਰ ਜਾਏ ਪਾਰ । ਮਾਤਲੋਕ ਜੋਤ ਪਰਗਟਾਏ । ਜਨ ਭਗਤ ਆਣ ਤਰਾਏ । ਸਾਧ ਸੰਤ ਲਾਜ ਰਖਾਏ । ਪੂਰਨ ਕਾਜ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਪ੍ਰਭ ਨਿਹਕਲੰਕ ਕਲ ਨਾਉਂ ਰਖਾਏ । ਨਿਹਕਲੰਕ ਜਿਸ ਜਨ ਜਾਣਿਆਂ । ਪ੍ਰਭ ਪੂਰਨ ਦੇਵੇ ਬ੍ਰਹਮ ਗਿਆਨਿਆਂ । ਨਿਹਕਲੰਕ ਜਿਸ ਜਨ

ਪਛਾਨਿਆਂ । ਪ੍ਰਭ ਦੇਵੇ ਮਾਣ ਬਿਰਧਾਂ ਬਾਲ ਅੰਞਾਨਿਆਂ । ਨਿਹਕਲੰਕ ਜੋ ਜਨ ਚਲੇ ਭਾਨਿਆਂ । ਜੋਤ ਸਰੂਪੀ ਪਰਗਟ ਜੋਤ ਗੁਰਮੁਖ ਸਾਚੇ ਸਦ ਖੜਾ ਤੇਰੇ ਸਰਹਾਨਿਆਂ । ਨਿਹਕਲੰਕ ਜਿਸ ਜਨ ਵਖਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇੜਾ ਬੰਨ੍ਹੇ ਸੋਹੰ ਦੇਵੇ ਵੰਞ ਮੁਹਾਨਿਆਂ । ਗੁਰਮੁਖ ਤੇਰਾ ਬੇੜਾ ਬੰਨ੍ਹ । ਆਤਮ ਮਿਟਾਵੇ ਸਾਚਾ ਜਨ । ਝੂਠਾ ਭਾਂਡਾ ਪ੍ਰਭ ਜਾਏ ਭੰਨ । ਸੋਹੰ ਸਾਚਾ ਪ੍ਰਭ ਸੁਣਾਏ ਕੰਨ । ਜਿਸ ਜਨ ਹਿਰਦੇ ਵਾਚਾ ਆਤਮ ਜਾਏ ਮਨ । ਪ੍ਰਭ ਅਬਿਨਾਸ਼ੀ ਹਿਰਦੇ ਰਾਚਾ, ਹੋਏ ਧੰਨ ਧੰਨ ਧੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਦਾਨ ਨਾ ਲੱਗੇ ਕਦੇ ਸੰਨ੍ਹ । ਸਾਚਾ ਨਾਮ ਰਿਦੇ ਵਸਾਓ । ਰਿਧ ਸਿਧ ਨਵ ਨਿਧ ਸਚ ਘਰ ਮੇਂ ਪਾਓ । ਪ੍ਰਭ ਮਿਲਣ ਦੀ ਸਾਚੀ ਬਿਧ, ਸਵਾਸ ਸਵਾਸ ਹਰਿ ਗੁਣ ਗਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਭੁਲ ਨਾ ਜਾਓ । ਆਪ ਅਭੁਲ ਜਗਤ ਭੁਲਾਵੇ । ਝੂਠੇ ਮਾਰਗ ਆਪ ਲਗਾਵੇ । ਆਪ ਅਤੁੱਲ ਜਗਤ ਤੁਲਾਵੇ । ਆਪ ਅਡੁੱਲ ਜਗਤ ਡੁਲਾਵੇ । ਜੀਵ ਜੰਤ ਕੋਈ ਸਾਰ ਨਾ ਪਾਵੇ । ਆਪ ਅਰੁੱਲ ਸਭ ਜਗਤ ਰੁਲਾਵੇ । ਅਗਨ ਜੋਤ ਪ੍ਰਭ ਜਲਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਰਗਟ ਜੋਤ ਘਨਕਪੁਰੀ ਕਲ ਜਾਮਾ ਪਾਵੇ । ਘਨਕਪੁਰੀ ਪ੍ਰਭ ਜਾਮਾ ਪਾਇਆ । ਸ਼ੇਰ ਸਿੰਘ ਕਲ ਨਾਉਂ ਧਰਾਇਆ । ਆਪ ਆਪਣਾ ਆਪ ਛੁਪਾਇਆ । ਛੱਡ ਦੇਹ ਅਪਾਰ, ਜੋਤ ਸਰੂਪੀ ਜੋਤ ਸਮਾਇਆ । ਕੀਆ ਜੋਤ ਅਕਾਰ, ਵਿਚ ਮਾਤ ਪ੍ਰਭ ਜੋਤ ਜਗਾਇਆ । ਵਰਤੇ ਵਰਤਾਵੇ ਵਿਚ ਸੰਸਾਰ, ਕਲਜੁਗ ਜੀਵਾਂ ਭੇਦ ਨਾ ਪਾਇਆ । ਗੁਰਮੁਖ ਸਾਚੇ ਪ੍ਰਭ ਦੇਵੇ ਤਾਰ, ਪਰਗਟ ਹੋਏ ਦਰਸ ਦਿਖਾਇਆ । ਏਕਾ ਦਿਸੇ ਏਕਾ ਏਕੰਕਾਰ, ਜੋਤ ਸਰੂਪੀ ਪ੍ਰਭ ਆਤਮ ਜੋਤ ਜਗਾਇਆ । ਝੂਠੀ ਦਿਸੇ ਜਗਤ ਬਹਾਰ, ਪ੍ਰਭ ਸਾਚਾ ਨਜ਼ਰੀ ਆਇਆ । ਪਾਰਬ੍ਰਹਮ ਰੂਪ ਅਪਾਰ, ਜੋਤੀ ਜੋਤ ਜੋਤ ਜਗਾਇਆ । ਝੂਠੀ ਕਾਇਆ ਜੋਤ ਅਕਾਰ, ਆਤਮ ਦੀਪ ਜੋਤ ਜਗਾਇਆ । ਸਾਚਾ ਨਾਮ ਪਾਇਆ ਅਧਾਰ, ਦਿਵਸ ਰੈਣ ਦੂਣ ਸਵਾਇਆ । ਮਾਨਸ ਜਨਮ ਨਾ ਜਾਏ ਹਾਰ, ਸੋਹੰ ਨਾਮ ਜਿਨ ਰਸਨੀ ਗਾਇਆ । ਪ੍ਰਭ ਸਾਚਾ ਭਰੇ ਭੰਡਾਰ, ਅਖੁੱਟ ਅਤੁੱਟ ਆਪ ਅਖਵਾਇਆ । ਪਾਰਬ੍ਰਹਮ ਰੂਪ ਅਪਾਰ, ਬਿਨ ਰੰਗ ਰੂਪ ਵਿਚ ਗੁਰਸਿਖ ਸਮਾਇਆ । ਵਿਰਲਾ ਗੁਰਮੁਖ ਪਾਵੇ ਸਾਰ, ਜੋਤ ਸਰੂਪ ਵਿਚ ਮਾਤ ਦੇ ਆਇਆ । ਬੇਮੁਖਾਂ ਨਾ ਕਰੇ ਵਿਚਾਰ, ਆਪਣਾ ਭੇਦ ਪ੍ਰਭ ਆਪ ਛੁਪਾਇਆ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਨਰਾਇਣ ਨਰ ਅਵਤਾਰ, ਜੋਤ ਸਰੂਪੀ ਜਾਮਾ ਪਾਇਆ । ਘਰ ਭਗਤ ਗੁਣ ਨਿਧਾਨ । ਆਇਆ ਜਗਤ ਵਿਸ਼ਨੂੰ ਭਗਵਾਨ । ਦਿੱਲੀ ਸਾਰੇ ਸੁੰਞ ਮਸਾਣ । ਕਲਜੁਗ ਜੀਵ ਸੋਏ ਬੇਪਰਾਣ । ਅੰਤਕਾਲ ਕਲਜੁਗ ਆਈ ਹਾਨ । ਪ੍ਰਭ ਅਬਿਨਾਸ਼ੀ ਨਾ ਕਰੇ ਪਛਾਣ । ਸਰਬ ਘਟ ਵਾਸੀ ਸਰਬ ਜੀਆਂ ਦਾ ਜਾਣੀ ਜਾਣ । ਵੇਲੇ ਅੰਤ ਕਰੇ ਬੰਦ ਖਲਾਸੀ, ਜੋ ਜਨ ਚਰਨੀ ਡਿਗੇ ਆਨ । ਹਉਮੇ ਮਮਤਾ ਦਰ ਤੋਂ ਨਾਸੀ, ਸੋਹੰ ਰਸਨਾ ਜੋ ਜਨ ਗਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਬਲੀ ਬਲਵਾਨ । ਗੁਰਮੁਖ ਸਾਚੇ ਪ੍ਰਭ ਚਰਨ ਦਵਾਰੇ । ਬੇਮੁਖ ਸੁੱਤੇ ਪੈਰ ਪਸਾਰੇ । ਗੁਰਮੁਖ ਸੋਹੰ ਰਸਨਾ ਜੈ ਜੈ ਜੈਕਾਰੇ । ਬੇਮੁਖ ਆਤਮ ਹਾਹਾਕਾਰੇ । ਗੁਰਮੁਖ ਸਾਚਾ ਪ੍ਰਭ ਸਾਚੇ ਦੀ ਪਾਵੇ ਸਾਰੇ । ਬੇਮੁਖ ਕਲਜੁਗ ਜੀਵ ਮਦਿਰਾ ਮਾਸ ਕਰਨ ਆਹਾਰੇ । ਜੋਤ ਸਰੂਪੀ ਜੋਤ ਪ੍ਰਭ, ਜੁਗੋ ਜੁਗ ਜਨ ਭਗਤਾਂ ਖੜਾ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜਾਮਾ ਘਨਕਪੁਰੀ ਵਿਚ ਧਾਰੇ । ਘਨਕਪੁਰੀ ਪਾਇਆ ਜਾਮਾ । ਜੋਤ ਜਗਾਈ ਰਮਈਆ ਰਾਮਾ ।


੧੩੪
੦੨

ਮਿਲੀ ਵਧਾਈ ਘਨਈਆ ਸ਼ਾਮਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਵਿਸ਼ਨੂੰ ਭਗਵਾਨਾ । ਭਗਵਾਨ ਭਗਵਾਨ ਭਗਵਾਨ । ਸੋਹੰ ਦੇਵੇ ਦਾਨੀ ਦਾਨ ਪ੍ਰਭ ਦਾਨ । ਗੁਰਮੁਖ ਬੋਵੇ ਸੋਹੰ ਸਾਚਾ ਨਾਮ ਵਿਚ ਜਹਾਨ । ਬੇਮੁਖ ਪਤਿ ਆਪਣੀ ਖੋਵੇ, ਮਦਿਰਾ ਮਾਸ ਰਸਨ ਲਗਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਸਾਚੀ ਦਰਗਹਿ ਦੇਵੇ ਮਾਣ । ਸਾਚੀ ਦਰਗਹਿ ਦੇਵੇ ਮਾਣੇ । ਆਪ ਆਪਣੇ ਰੰਗ ਸਮਾਣੇ । ਗੁਰਮੁਖ ਸਾਚਾ ਸਚ ਦੀਬਾਣੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਸਚਖੰਡ ਨਿਵਾਸ ਰਖਾਣੇ । ਸਾਚੀ ਦਰਗਹਿ ਸਚ ਦਰਬਾਰਾ । ਵਸੇ ਆਪ ਏਕੰਕਾਰਾ । ਜਗੇ ਜੋਤ ਇਕ ਨਿਰੰਕਾਰਾ । ਹੋਏ ਇਕ ਸਰਬ ਅਕਾਰਾ । ਏਕਾ ਏਕ ਪ੍ਰਭ ਭਗਤ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਸਾਚੀ ਜੋਤ ਅਗੰਮ ਅਪਾਰਾ । ਸਾਚੀ ਜੋਤ ਅਗੰਮ ਅਪਾਰ । ਏਕਾ ਕਰੇ ਤੀਨ ਲੋਕ ਆਕਾਰ । ਜੀਵ ਜੰਤ ਵਿਚ ਪਸਾਰ । ਗੁਰਮੁਖ ਵਿਰਲੇ ਕਰਨ ਵਿਚਾਰ । ਬੇਮੁਖ ਜੀਵ ਰਹੇ ਝੱਖ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਆਪ ਨਿਰੰਕਾਰ । ਜੋਤ ਸਰੂਪ ਜੋਤ ਜਗਾਈ । ਆਪਣਾ ਨਾਉਂ ਆਪ ਧਰਾਈ । ਭਰਮ ਭੁਲੇਖੇ ਸ੍ਰਿਸ਼ਟ ਭੁਲਾਈ । ਗੁਰਸਿਖ ਲਾਏ ਲੇਖੇ ਪ੍ਰਭ ਭੇਵ ਚੁਕਾਈ । ਦਿਵਸ ਰੈਣ ਪ੍ਰਭ ਦਰਸ਼ਨ ਪੇਖੇ, ਨਜ਼ਰੀ ਆਏ ਆਪ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਦੇਵੇ ਵਡਿਆਈ । ਵਿਚ ਮਾਤ ਆਪ ਵਡਿਆਏ । ਆਪਣਾ ਹੱਥ ਸਿਰ ਟਿਕਾਏ । ਸਰਬ ਕਲਾ ਸਮਰਥ ਹੋਏ ਸਹਾਏ । ਏਕਾ ਦੇਵੇ ਸਾਚੀ ਵੱਥ, ਸੋਹੰ ਨਾਮ ਝੋਲੀ ਪਾਏ । ਸ੍ਰਿਸ਼ਟ ਸਬਾਈ ਜਾਏ ਮੱਥ ਜਿਉਂ ਮੱਖਣ ਦੁੱਧ ਮਧਾਣ ਲਿਆਏ । ਬੇਮੁਖ ਪ੍ਰਭ ਪਾਏ ਨੱਥ, ਦਰ ਦਰ ਫਿਰਾਏ । ਮਹਿੰਮਾ ਜਗਤ ਪ੍ਰਭ ਅਕਥ, ਆਪਣੀ ਖੇਲ ਆਪ ਰਚਾਏ । ਵੇਲਾ ਗਿਆ ਨਾ ਆਵੇ ਹੱਥ, ਅੰਤਕਾਲ ਜਾਇਣ ਪਛਤਾਏ । ਗੁਰਮੁਖਾਂ ਦੇਵੇ ਸੋਹੰ ਸਾਚਾ ਰਥ, ਪ੍ਰਭ ਪਾਰ ਲੰਘਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਨ ਭਗਤਾਂ ਹੋਏ ਸਹਾਏ । ਸੋਹੰ ਸਾਚਾ ਰਥ ਚਲਾਏ । ਜਨ ਭਗਤਾਂ ਪ੍ਰਭ ਲਏ ਚੜ੍ਹਾਏ । ਕਰ ਕਿਰਪਾ ਪਾਰ ਲੰਘਾਏ । ਅਵਤਾਰ ਨਰ ਦਇਆ ਕਮਾਏ । ਬੇਮੁਖ ਕੋਇ ਥਾਏ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਲਏ ਤਰਾਏ । ਆਪ ਤਰਾਏ ਆਪ ਭੁਲਾਏ, ਆਪ ਰੁਲਾਏ, ਆਪ ਡੁਲਾਏ, ਪ੍ਰਭ ਅਬਿਨਾਸ਼ੀ ਜਨ ਗਏ ਭੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਸ਼ਾਹੀ ਪਾਏ । ਭੁੱਲੇ ਵਾਕ ਸਿਰ ਖ਼ਾਕ, ਕੱਟੇ ਨਾਕ ਛੁੱਟੇ ਸਾਕ, ਨਾ ਮਿਲੇ ਪਾਕੀ ਪਾਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਹਿਰਦੇ ਵਸੇ ਕਲਜੁਗ ਜੀਵ ਆਤਮ ਵੇਖ ਖੋਲ੍ਹ ਤਾਕ ।



## * ਪਹਿਲੀ ਸਾਵਣ ੨੦੦੯ ਬਿਕ੍ਰਮੀ ਮੇਰਠ ਛਾਉਣੀ *

ਗੁਰਮੁਖ ਵੇਖ ਗੁਰ ਵਿਚਾਰੇ । ਗੁਰ ਸਾਚੇ ਦੀ ਸਾਚੀ ਕਾਰੇ । ਏਕਾ ਜੋਤ ਆਪ ਨਿਰੰਕਾਰੇ । ਜੁਗੋ ਜੁਗ ਵਿਚ ਮਾਤ ਲਏ ਅਵਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਧਾਰੇ । ਜਾਮਾ ਧਾਰੇ ਘਨਕਪੁਰ । ਪ੍ਰਭ ਅਬਿਨਾਸ਼ੀ ਸਾਚਾ ਗੁਰ । ਗੁਰਮੁਖ ਸਾਚੇ ਦਰ ਆਇਣ ਤੁਰ । ਬੇਮੁਖ ਖਾਲੀ ਹੱਥ ਜਾਇਣ ਮੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਗਾਏ ਕਰੋੜ ਤੇਤੀਸ ਸੁਰ ।

ਕਰੋੜ ਤੇਤੀਸ ਚਰਨ ਲਗਾਏ । ਏਕਾ ਜੋਤ ਆਪ ਜਗਾਏ । ਤੀਨ ਲੋਕ ਪ੍ਰਭ ਰਿਹਾ ਸਮਾਏ । ਮਾਤ ਪਤਾਲ ਅਕਾਸ਼ ਪ੍ਰਭ ਆਪ ਉਪਾਏ । ਕੀਆ ਸਰਬ ਘਟ ਵਾਸ, ਜੋਤ ਸਰੂਪੀ ਦਿਸ ਨਾ ਆਏ । ਅੰਤਕਾਲ ਕਲਜੁਗ ਕਰ ਜਾਏ ਨਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਜਾਮਾ ਪਾਏ । ਸਾਚਾ ਪ੍ਰਭ ਜਾਮਾ ਪਾਏ । ਜੁਗੋ ਜੁਗ ਜਨ ਭਗਤ ਉਪਾਏ । ਆਪਣੀ ਖੇਲ ਆਪ ਰਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲਜੁਗ ਘਨਕਪੁਰੀ ਵਿਚ ਭਾਗ ਲਗਾਏ । ਘਨਕਪੁਰੀ ਪ੍ਰਭ ਭਾਗ ਲਗਾਣਾ । ਜੋਤ ਸਰੂਪੀ ਦੀਪ ਜਗਾਣਾ । ਚਾਰ ਵਰਨ ਪ੍ਰਭ ਸਰਨ ਲਗਾਣਾ । ਸਾਚਾ ਧਾਮ ਨਿਹਕਲੰਕ ਵਿਚ ਮਾਤ ਉਪਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਡੰਕ ਚਾਰ ਕੁੰਟ ਵਜਾਣਾ । ਏਕੰਕਾਰ ਏਕਾ ਅੰਕ ਕਰਾਣਾ । ਆਪ ਆਪਣਾ ਨਾਮ ਜਪਾਣਾ । ਸੋਹੰ ਵਿਚ ਸੰਸਾਰ ਰਖਾਣਾ । ਚਾਰ ਵਰਨ ਰਸਨਾ ਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਜੈ ਜੈ ਜੈਕਾਰ ਪ੍ਰਭ ਕਰਾਣਾ । ਜੈ ਜੈ ਜੈਕਾਰ ਪ੍ਰਭ ਕਰਾਏ । ਤੀਨ ਲੋਕ ਜੋਤ ਜਗਾਏ । ਸੁਰਪਤ ਰਾਜਾ ਇੰਦ ਪ੍ਰਭ ਉਠਾਏ । ਦੇਵੇ ਸ਼ਬਦ ਗਿਆਨ ਵਾਲੀ ਹਿੰਦ ਪ੍ਰਭ ਸਰਨ ਲਗਾਏ । ਏਕਾ ਦੇਵੇ ਚਰਨ ਧਿਆਨ, ਏਕਾ ਦੂਜਾ ਭਉ ਚੁਕਾਏ । ਏਕਾ ਦੂਜਾ ਭਉ ਚੁਕਾਏ, ਆਤਮ ਦੇਵੇ ਬ੍ਰਹਮ ਗਿਆਨ ਘਨਈਆ ਸ਼ਾਮ ਨਜ਼ਰੀ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਏ । ਆਪਣਾ ਹੱਥ ਸਿਰ ਆਪ ਟਿਕਾਏ । ਜੋਤ ਸਰੂਪੀ ਦਰਸ ਦਿਖਾਏ । ਅੰਧ ਅੰਧਿਆਰ ਸਰਬ ਮਿਟਾਏ । ਆਤਮ ਸਾਚਾ ਗਿਆਨ ਦਵਾਏ । ਜੋਤ ਸਰੂਪੀ ਵਿਚ ਸਮਾਏ । ਆਪ ਆਪਣੀ ਬੂਝ ਬੁਝਾਏ । ਸਾਚੇ ਮਾਰਗ ਵਾਲੀ ਹਿੰਦ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਬਣਤ ਬਣਾਏ । ਸਤਿਜੁਗ ਸਾਚਾ ਪ੍ਰਭ ਸਾਚੇ ਲਾਵਣਾ । ਏਕਾ ਮਾਰਗ ਜਗਤ ਚਲਾਵਣਾ । ਵਰਨ ਬਰਨ ਸਰਬ ਮਿਟਾਵਣਾ । ਰਾਓ ਰੰਕ ਇਕ ਕਰਾਵਣਾ । ਰਾਜਾ ਰਾਣਾ ਤਖ਼ਤੋਂ ਲਾਹਵਣਾ । ਆਪਣਾ ਹੁਕਮ ਆਪ ਵਰਤਾਵਣਾ । ਵਡ ਪਰਤਾਪ ਆਪ ਧਰਾਵਣਾ । ਸੋਹੰ ਸ਼ਬਦ ਜਗਤ ਚਲਾਵਣਾ । ਸਾਚਾ ਹੁਕਮ ਸ਼ਬਦ ਸੁਣਾਵਣਾ । ਵਾਲੀ ਦੋ ਜਹਾਨ ਨਿਹਕਲੰਕ ਅਖਵਾਵਣਾ । ਜੋਤ ਸਰੂਪੀ ਕਰਮ ਕਮਾਵਣਾ । ਸਰਬ ਭਰਮ ਆਪ ਮਿਟਾਵਣਾ । ਸਾਚਾ ਕਰਮ ਜਗਤ ਕਰਾਵਣਾ । ਏਕਾ ਧਰਮ ਮਾਤ ਰਖਾਵਣਾ । ਸਾਚਾ ਬਰਨ ਨਿਹਕਲੰਕ ਸਰਨ ਧਰਾਵਣਾ । ਨਾ ਹੋਏ ਮਰਨ, ਪ੍ਰਭ ਦਇਆ ਕਮਾਵਣਾ । ਖੁਲ੍ਹੇ ਹਰਨ ਫਰਨ, ਜਿਸ ਦਰਸ਼ਨ ਪਾਵਣਾ । ਕਲਜੁਗ ਜੀਵ ਦੁਖ ਅੰਤ ਭਰਨ, ਮਦਿਰਾ ਮਾਸ ਜਿਸ ਮੁਖ ਰਖਾਵਣਾ । ਗੁਰਮੁਖ ਪ੍ਰਭ ਚਰਨ ਲਾਗ ਤਰਨ, ਜਨਮ ਮਰਨ ਗੇੜ ਕਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਾਉਂ ਧਰਾਵਣਾ । ਨਿਹਕਲੰਕ ਨਾਉਂ ਧਰਾਏ । ਜੋਤ ਸਰੂਪੀ ਜਾਮਾ ਪਾਏ । ਸਾਚੀ ਜੋਤ ਜਗਤ ਜਗਾਏ । ਗੁਰਮੁਖ ਸਾਚੇ ਪ੍ਰਭ ਉਪਜਾਏ । ਸਾਧਾਂ ਸੰਤਾਂ ਪ੍ਰਭ ਨਜ਼ਰੀ ਆਏ । ਏਕਾ ਕੰਤਾ ਦਇਆ ਕਮਾਏ । ਦਿਵਸ ਰੈਣ ਜੋ ਰਹੇ ਗਾਏ । ਆਪਣੇ ਭਾਣੇ ਆਪ ਰਹਾਏ । ਸੁਘੜ ਸਿਆਣੇ ਆਪ ਬਣਾਏ । ਕਲਜੁਗ ਜੀਵ ਅੰਞਾਣੇ ਆਪ ਭੁਲਾਏ । ਭੁੱਲੇ ਡੁੱਲੇ ਦਰ ਨਾ ਆਏ । ਪ੍ਰਭ ਅਬਿਨਾਸ਼ੀ ਨਜ਼ਰ ਨਾ ਆਏ । ਸਾਚਾ ਪ੍ਰਭ ਕੋਈ ਸਾਰ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ । ਮਾਤਲੋਕ ਆਏ ਕਲ ਧਾਰ । ਨਿਹਕਲੰਕ ਲਿਆ ਅਵਤਾਰ । ਬੇਮੁਖ ਸੁੱਤੇ ਪੈਰ ਪਸਾਰ । ਗੁਰਮੁਖਾਂ ਦੇਵੇ ਚਰਨ ਪਿਆਰ । ਆਪੇ ਆਪ ਕਰੇ ਵਿਚਾਰ । ਬੇਮੁਖਾਂ ਡੋਬੇ ਵਿਚ ਮੰਝਧਾਰ । ਗੁਰਸਿਖਾਂ ਬੇੜਾ ਕਰ


੧੩੯ ੦੨

ਜਾਏ ਪਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਿਹਕਲੰਕ ਨਰਾਇਣ ਨਰ ਅਵਤਾਰ । ਨਿਹਕਲੰਕ ਅਵਤਾਰ ਨਰ । ਚਰਨ ਲਾਗ ਗੁਰ ਸੰਗਤ ਜਾਏ ਤਰ । ਖਾਲੀ ਭੰਡਾਰੇ ਪ੍ਰਭ ਜਾਏ ਭਰ । ਬੇਮੁਖਾਂ ਦਰ ਆਏ ਡਰ । ਗੁਰਸਿਖਾਂ ਆਤਮ ਉਪਜੇ ਹਰਿ ਹਰਿ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਬਣਾਏ ਸਾਚਾ ਦਰ । ਸਾਚਾ ਦਰ ਸੱਚਾ ਦਰਬਾਰ । ਧਰੇ ਜੋਤ ਆਪ ਕਰਤਾਰ । ਗੁਰਸਿਖਾਂ ਪ੍ਰਭ ਪਾਵੇ ਸਾਰ । ਬੇਮੁਖ ਦਰ ਆਏ ਜਾਏ ਝੱਖ ਮਾਰ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਲਾਏ, ਕਲਜੁਗ ਆਇਆ ਜਾਮਾ ਧਾਰ । ਜਾਮਾ ਧਾਰੇ ਪਾਰ ਉਤਾਰੇ । ਜਨ ਆਏ ਚਰਨ ਦਵਾਰੇ । ਕਿਰਪਾ ਕਰੇ ਆਪ ਗਿਰਧਾਰੇ । ਦੇਵੇ ਦਰਸ ਗੁਰਸਿਖ ਪਿਆਰੇ । ਜਗਾਏ ਜੋਤ ਵਿਚ ਝੂਠੇ ਦੇਹ ਮੁਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੇ । ਜਾਮਾ ਧਾਰਿਆ ਕਾਜ ਸਵਾਰਿਆ । ਭਗਤ ਉਧਾਰਿਆ ਸ਼ਬਦ ਲਿਖਾਰਿਆ । ਜੋਤ ਸਰੂਪੀ ਖੇਲ ਵਰਤਾਰਿਆ । ਆਪਣਾ ਆਪ ਛੁਪਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਵਕਤ ਆਪ ਸੁਹਾ ਰਿਹਾ । ਆਪਣਾ ਵਕਤ ਆਪ ਸੁਹਾਇਆ । ਭਗਤ ਜਨਾਂ ਪ੍ਰਭ ਸਰਨ ਲਗਾਇਆ । ਤਾਰਨ ਤਰਨ ਆਪ ਅਖਵਾਇਆ । ਮਰਨ ਡਰਨ ਭਉ ਚੁਕਾਇਆ । ਜੋਤ ਸਰੂਪੀ ਪਰਗਟ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਇਆ । ਸਾਚਾ ਪ੍ਰਭ ਅਚਰਜ ਖੇਲ, ਸਾਚਾ ਮੇਲ ਭਗਤ ਭਗਵਾਨ । ਰਸਨਾ ਗਾਇਣ ਗੁਣ ਗੁਣੀ ਨਿਧਾਨ । ਦੇਵੇ ਵਡਿਆਈ ਵਾਲੀ ਦੋ ਜਹਾਨ । ਦਿਵਸ ਰੈਣ ਗੁਰਮੁਖ ਸਾਚੇ ਪ੍ਰਭ ਸਾਚੇ ਚਰਨ ਧਿਆਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਕਰੇ ਪਛਾਣ । ਆਪ ਪਛਾਣੇ ਭਗਤ ਅੰਵਾਣੇ । ਦਰ ਪ੍ਰਭ ਆਇਣ ਹੋਏ ਨਿਮਾਣੇ । ਦੇਵੇ ਮਾਣ ਚਤੁਰ ਸੁਜਾਨੇ । ਸਾਚੇ ਦਰ ਦਰਬਾਨ ਪ੍ਰਭ ਸਰਨ ਲਗਾਣੇ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਜੋ ਜਨ ਚਰਨੀ ਡਿਗੇ ਆਣੇ । ਚਰਨ ਆਏ ਸੀਸ ਝੁਕਾਏ । ਹੰਕਾਰ ਗਵਾਏ ਭੁਲ ਬਖ਼ਸ਼ਾਏ । ਮਦਿਰਾ ਮਾਸ ਤਜਾਏ ਆਗੇ ਪ੍ਰਭ ਮਾਰਗ ਪਾਏ । ਸੋਹੰ ਨਾਮ ਝੋਲੀ ਪਾਏ । ਸਵਾਸ ਸਵਾਸ ਰਸਨ ਜਪਾਏ । ਹੋਏ ਦਾਸ ਦਰਸ ਦਿਖਾਏ । ਪੁਰਖ ਅਬਿਨਾਸ਼ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਇਆ ਕਮਾਏ । ਆਤਮ ਸੁਖ ਪ੍ਰਭ ਸਾਚੇ ਧਰਿਆ । ਪ੍ਰਭ ਸਾਚੇ ਦੀ ਸਰਨੀ ਪਰਿਆ । ਸੁੱਕਾ ਕਾਸ਼ਟ ਪ੍ਰਭ ਕਰੇ ਹਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸਰਨੀ ਪਰਿਆ । ਜਗਤ ਤ੍ਰਿਸ਼ਨਾ ਬਹੁਤ ਤਰਸਾਇਆ । ਚਰਨ ਆਏ ਬਹੁਤ ਘਿਗਰਾਇਆ । ਆਪਣੀ ਭੁਲ ਆਪ ਬਖ਼ਸ਼ਾਇਆ । ਲਿਖਿਆ ਲੇਖ ਪ੍ਰਭ ਮੋੜ ਮੁੜਾਇਆ । ਗਿਆ ਨਾ ਹੁੱਲ ਪ੍ਰਭ ਫਲ ਫੁੱਲ ਲਗਾਇਆ । ਕੀਨੀ ਸੇਵ ਅਤੁੱਲ ਪ੍ਰਭ ਦਇਆ ਕਮਾਇਆ । ਡਾਲ੍ਹੀ ਟੁੱਟਾ ਫਲ ਪ੍ਰਭ ਫੇਰ ਲਗਾਇਆ । ਸਿੰਘ ਦਲਬੀਰ ਜਨਮ ਦਵਾਇਆ । ਪਿਤਾ ਪੂਤ ਸੱਚਾ ਸਪੂਤ ਮਾਤ ਪਰਗਟਾਇਆ । ਸਿੰਘ ਭਜਨ ਸੁਤ ਸੁਖਦਾਇਆ । ਦੁਖ ਭੁੱਖ ਰੋਗ ਮਿਟਾਇਆ । ਭਗਤ ਭਗਵੰਤ ਦਇਆ ਕਮਾਇਆ । ਨਾਮ ਕੁਲਵੰਤ ਸਿੰਘ ਆਪ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਸਾਵਣ ਪਰਗਟ ਜੋਤ ਗੁਰਮੁਖ ਸਾਚੇ ਤੇਰਾ ਨਾਉਂ ਜਗਤ ਰਖਾਇਆ । ਗੁਰਮੁਖ ਗੁਰਸਿਖ ਕਦੇ ਨਾ ਭੁੱਲ । ਪ੍ਰਭ ਅਬਿਨਾਸ਼ੀ ਸਦਾ ਅਤੁੱਲ । ਕਲਜੁਗ ਅੰਤ ਨਾ ਜਾਣਾ ਰੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਤਿਜੁਗ ਉਪਜਾਵੇ ਕਵਲ ਫੁੱਲ । ਗੁਰਮੁਖ ਸਾਚਾ, ਆਪ ਜਗਾ ਰਿਹਾ । ਕਿਰਪਾ ਕਰ ਆਪ ਗਿਰਧਾਰਿਆ । ਕਲ ਬੇੜਾ ਪ੍ਰਭ ਸਾਚੇ ਪਾਰ ਉਤਾਰਿਆ ।

੧੩੭ ੦੨

ਪਹਿਲੀ ਸਾਵਣ ਪਰਗਟ ਜੋਤ, ਪ੍ਰਭ ਸਾਚਾ ਸ਼ਬਦ ਲਿਖਾ ਰਿਹਾ । ਆਪ ਉਪਜਾਏ ਸਾਚੀ ਜੋਤ, ਪ੍ਰਭ ਅਗਿਆਨ ਅੰਧੇਰ ਮਿਟਾ ਰਿਹਾ । ਦੁਰਮਤ ਮੈਲ ਆਤਮ ਧੋਤ, ਅੰਮ੍ਰਿਤ ਸਾਚਾ ਜਾਮ ਪਿਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ, ਜੋਤੀ ਮੇਲ ਮਿਲਾ ਰਿਹਾ । ਦਰਸ ਦਿਖਾਏ ਆਪ ਪ੍ਰਭ, ਗੁਰਸਿਖ ਕਿਰਪਾ ਧਾਰ । ਹਰਸ ਮਿਟਾਏ ਆਪ ਪ੍ਰਭ, ਜੋਤ ਜਗਾਏ ਅਪਰ ਅਪਾਰ । ਤਰਸ ਕਮਾਏ ਆਪ ਪ੍ਰਭ, ਗੁਰਮੁਖਾਂ ਦੇਵੇ ਸ਼ਬਦ ਅਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਬਖ਼ਸ਼ੇ ਚਰਨ ਪਿਆਰ । ਚਰਨ ਪਿਆਰ ਸਾਚੀ ਰੀਤੀ । ਗੁਰਮੁਖ ਬਖ਼ਸ਼ੇ ਸਚ ਪ੍ਰੀਤੀ । ਦੇਵੇ ਦਰਸ ਮਿਟਾਏ ਹਰਸ, ਕਾਇਆ ਸੀਤਲ ਕੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭੁਲ ਬਖ਼ਸ਼ਾਏ ਚਰਨ ਲਗਾਏ ਦਇਆ ਕਮਾਏ ਗੁਰਮੁਖ ਤਰਾਏ ਪਿਛੇ ਜੋ ਜਨ ਕੀਤੀ । ਜੀਵ ਅੰਞਾਣਾ ਪ੍ਰਭ ਸਤਿਗੁਰ ਸਿਆਣਾ । ਆਪੇ ਦੇਵੇ ਚਰਨ ਧਿਆਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਆਤਮ ਬ੍ਰਹਮ ਗਿਆਨਾ । ਸੋਹੰ ਸ਼ਬਦ ਸਾਚੀ ਧਾਰਾ । ਗੁਰਮੁਖ ਵਿਰਲਾ ਪਾਵੇ ਸਾਰਾ । ਆਤਮ ਜੋਤ ਜਗੇ ਅਪਾਰਾ । ਏਕਾ ਧੁਨ ਏਕਾ ਧੁਨਕਾਰਾ । ਏਕਾ ਸੁੰਨ ਖੋਲ੍ਹੇ ਦਵਾਰਾ । ਗੁਰਮੁਖ ਸਾਚੇ ਜਨ ਪ੍ਰਭ ਦੇਵੇ ਦਰਸ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਖੋਲ੍ਹ ਦੇਵੇ ਦਸਮ ਦਵਾਰਾ । ਦਸਮ ਦਵਾਰ ਆਪ ਖੁਲ੍ਹਾਏ । ਨਿਜ ਘਰ ਵਾਸੀ ਨਿਜ ਘਰ ਜੋਤ ਜਗਾਏ । ਨਾੜੀ ਬਹੱਤਰ ਹੋਏ ਰੁਸ਼ਨਾਏ । ਗੁਰਸਿਖ ਸਾਚਾ ਪ੍ਰਭ ਦਰਸ਼ਨ ਪਾਏ । ਬੇਮੁਖ ਜੀਵ ਰਹੇ ਬਿਲਲਾਏ । ਪ੍ਰਭ ਅਬਿਨਾਸ਼ੀ ਨਜ਼ਰੀ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਸਮਾਏ । ਜੋਤ ਸਰੂਪੀ ਜੋਤ ਸਮਈਆ । ਬੇਮੁਖਾਂ ਡੁਬਾਏ ਕਲਜੁਗ ਨਈਆ । ਗੁਰਸਿਖਾਂ ਸਿਰ ਆਪ ਪ੍ਰਭ ਵਿਚ ਮਾਤ ਹੱਥ ਰਖਈਆ । ਸਾਚੀ ਦਰਗਹਿ ਪ੍ਰਭ ਸਾਚਾ ਮਾਣ ਦਵਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪਰਗਟ ਦਰਸ ਦਿਖਾਏ ਸਾਵਲ ਸੁੰਦਰ ਕਾਹਨ ਘਨਈਆ । ਸਾਵਲ ਸੁੰਦਰ ਰੂਪ ਬਣਾ ਕੇ । ਜੋਤ ਸਰੂਪੀ ਗੁਰਸਿਖ ਸਮਾ ਕੇ । ਬੇਮੁਖਾਂ ਪ੍ਰਭ ਦਿਸ ਨਾ ਆਏ, ਗੁਰਮੁਖ ਸਿਰ ਰੱਖੇ ਹੱਥ ਟਿਕਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਵਿਚ ਮਾਤ ਦੇ ਪਾ ਕੇ । ਏਕਾ ਜੋਤ ਆਪ ਅਕਾਰੇ । ਏਕਾ ਜੋਤ ਆਪ ਨਿਰੰਕਾਰੇ । ਏਕਾ ਜੋਤ ਪਸਰ ਪਸਾਰੇ । ਏਕਾ ਜੋਤ ਵਿਚ ਸੰਸਾਰੇ । ਏਕਾ ਜੋਤ ਪ੍ਰਭ ਵਰਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਵਿਚ ਮਾਤ ਦੇ ਧਾਰੇ । ਏਕਾ ਜੋਤ ਆਦਿ ਅੰਤ । ਏਕਾ ਜੋਤ ਭਗਤ ਭਗਵੰਤ । ਏਕਾ ਜੋਤ ਗੁਰਮੁਖ ਸਾਚੇ ਸੰਤ । ਏਕਾ ਜੋਤ ਪ੍ਰਭ ਜਗਾਏ ਲੱਖ ਚੁਰਾਸੀ ਵਿਚ ਰਖਾਏ ਸਾਚੋ ਸਾਚ ਪ੍ਰਭ ਇਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾਏ ਸਾਚੀ ਬਣਤ । ਸਾਚੀ ਬਣਤ ਆਪ ਬਣਾਏ । ਜੋਤ ਸਰੂਪੀ ਜੋਤ ਜਗਾਏ । ਏਕਾ ਜੋਤ ਅਧਾਰ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਿਰ ਘਰ ਵਾਸੀ ਥਿਰ ਘਰ ਨਿਵਾਸ ਰਖਾਏ । ਥਿਰ ਘਰ ਪ੍ਰਭ ਕਾ ਵਾਸ । ਜਗੇ ਜੋਤ ਪ੍ਰਭ ਅਬਿਨਾਸ਼ । ਸ੍ਰਿਸ਼ਟ ਸਬਾਈ ਰੱਖੇ ਵਾਸ । ਜਨ ਭਗਤਾਂ ਪ੍ਰਭ ਹੋਏ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਜਪੇ ਸਵਾਸ ਸਵਾਸ । ਸਵਾਸ ਸਵਾਸ ਰਸਨਾ ਜਪ । ਪ੍ਰਭ ਉਤਾਰੇ ਤੀਨੋ ਤਪ । ਕੋਟ ਉਤਾਰੇ ਪ੍ਰਭ ਸਾਚਾ ਪਪ । ਸੋਹੰ ਦੇਵੇ ਪ੍ਰਭ ਸਾਚਾ ਜਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਦਰਸ ਦਿਖਾਏ ਆਪਣਾ ਅਪ । ਆਪਣਾ ਆਪ ਆਪ ਉਪਾਏ । ਆਪ ਆਪਣੀ ਬਣਤ ਬਣਾਏ । ਜੀਵ ਜੰਤ ਕੋਈ ਭੇਵ ਨਾ ਪਾਏ ।

੧੩੮
੦੨

ਪ੍ਰਭ ਇਕੰਤ ਸਚ ਘਰ ਰਹਾਏ । ਗੁਰਸਿਖ ਸਾਚੇ ਸੰਤ ਪ੍ਰਭ ਪਕੜ ਉਠਾਏ । ਬੇਮੁਖਾਂ ਪਾਏ ਮਾਇਆ ਬੇਅੰਤ, ਕਲ ਗਹਿਰੀ ਨੀਂਦ ਸੁਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਲੇ ਅੰਤ ਬੇਮੁਖਾਂ ਦੇ ਸਜਾਏ । ਵੇਲਾ ਅੰਤ ਅੰਤ ਕਲ ਆਇਆ । ਨਿਹਕਲੰਕ ਕਲ ਜਾਮਾ ਪਾਇਆ । ਜੋਤ ਸਰੂਪੀ ਭੇਖ ਵਟਾਇਆ । ਗੁਰਸਿਖ ਵੇਖ ਪ੍ਰਭ ਸਾਚਾ ਦਇਆ ਕਮਾਇਆ । ਜਗਤ ਲਿਖਾਏ ਲੇਖ, ਸ੍ਰਿਸ਼ਟ ਸਬਾਈ ਰਹੀ ਵੇਖਾ ਵੇਖ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਜੋਤ ਸਰੂਪੀ ਪ੍ਰਭ ਕਾ ਭੇਖ, ਗੁਰਮੁਖ ਸਾਚੇ ਵਿਚ ਸਮਾਇਆ । ਅੰਤਕਾਲ ਕਲਜੁਗ ਆਇਆ ਜੋਤ ਸਰੂਪ ਵਿਚ ਮਾਤ ਦੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਇਆ । ਆਪਣਾ ਭਾਣਾ ਆਪ ਵਰਤਾਏ । ਰਾਜੇ ਰਾਣੇ ਤਖ਼ਤੋਂ ਲਾਹੇ । ਸੁਘੜ ਸਿਆਣਾ ਆਪ ਅਖਵਾਏ । ਗੁਣ ਨਿਧਾਨ ਕੋਈ ਸਾਰ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਸਰਬ ਭੁਲਾਏ । ਅਲਖ ਅਲਖਣਾ ਨਾ ਲਖਿਆ ਜਾਏ । ਦੁਖ ਸੁਖ ਆਪ ਵਖਾਏ । ਗੁਰਮੁਖ ਸਾਚੇ ਪ੍ਰਭ ਆਪ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਮਾਤ ਜੋਤ ਪਰਗਟਾਏ । ਮਾਤਲੋਕ ਪ੍ਰਭ ਦੀਪ ਜਗਾਣਾ । ਏਕਾ ਜੋਤ ਏਕਾ ਰੰਗ ਚਾਰ ਕੁੰਟ ਪ੍ਰਭ ਲਗਾਣਾ । ਏਕਾ ਗੋਤ ਸ੍ਰਿਸ਼ਟ ਸਬਾਈ ਪ੍ਰਭ ਕਰਾਣਾ । ਦੁਰਮਤ ਮੈਲ ਧੋਤ, ਸੋਹੰ ਸਾਚਾ ਨਾਮ ਜਪਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਣਾ । ਆਪਣਾ ਆਪ ਆਪ ਉਪਾਏ । ਆਪਣਾ ਸ਼ਬਦ ਆਪ ਲਿਖਾਏ । ਸਤਿਜੁਗ ਸਾਚਾ ਮਾਰਗ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਕਰ ਆਪਣੀ ਖੇਲ ਦਿਖਾਏ । ਸਾਚਾ ਖੇਲ ਆਪ ਵਰਤਾਏ । ਸਾਚਾ ਮੇਲ ਆਪ ਕਰਾਏ । ਬਿਨ ਬਾਤੀ ਬਿਨ ਤੇਲ ਗੁਰ ਸਾਚਾ ਜੋਤ ਜਗਾਏ । ਬੇਮੁਖਾਂ ਬੇੜਾ ਸ਼ੌਹ ਦਰਿਆ ਠੇਲ, ਨਰਕ ਨਿਵਾਸ ਰਖਾਏ । ਪਾਰਬ੍ਰਹਮ ਅਚਰਜ ਖੇਲ, ਕਲਜੁਗ ਜੀਵ ਭੇਵ ਨਾ ਪਾਏ । ਭਗਤ ਭਗਵਾਨ ਹੋ ਜਾਏ ਮੇਲ, ਸੋਹੰ ਸਾਚਾ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਏ । ਸੋਹੰ ਗਾਇਆ ਪ੍ਰਭ ਉਪਾਇਆ । ਸੋਹੰ ਗਾਇਆ ਪ੍ਰਭ ਸਾਚਾ ਪਾਇਆ । ਸੋਹੰ ਗਾਇਆ ਦਰ ਦਵਾਰ ਪ੍ਰਭ ਆਇਆ । ਸੋਹੰ ਗਾਇਆ ਗੁਰਮੁਖ ਸਾਚੇ ਪ੍ਰਭ ਸਾਚਾ ਕਰਮ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਕਾਮ ਏਕਾ ਨਾਮ ਏਕਾ ਜਾਮ ਸਤਿਜੁਗ ਸਾਚੇ ਮੁਖ ਚੁਆਇਆ । ਸੋਹੰ ਸਾਚਾ ਸਚ ਕਰ ਜਾਣ । ਸੋਹੰ ਸਾਚਾ ਗੁਣ ਨਿਧਾਨ । ਸੋਹੰ ਗਾਵੇ ਦਰ ਪਰਵਾਨ । ਸੋਹੰ ਦੇਵੇ ਆਪ ਵਡ ਬਲੀ ਬਲਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਾਲੀ ਦੋ ਜਹਾਨ । ਸੋਹੰ ਸਾਚਾ ਗੁਰਸਿਖ ਉਪਜਾ ਕੇ । ਸਵਾਸ ਸਵਾਸ ਰਸਨ ਜਪਾ ਕੇ । ਨਾਸ ਨਾਸ ਨਾਸ ਦੁਖ ਦਰਦ ਨਾਸ ਕਰਾ ਕੇ । ਵਾਸ ਵਾਸ ਵਾਸ ਨਿਜ ਘਰ ਵਾਸੀ ਨਿਜ ਘਰ ਵਾਸ ਰਖਾ ਕੇ । ਰਾਸ ਰਾਸ ਰਾਸ ਗੁਰਮੁਖ ਸਾਚੇ ਮਾਨਸ ਜਨਮ ਪ੍ਰਭ ਰਾਸ ਕਰਾ ਕੇ । ਵਾਸ ਵਾਸ ਵਾਸ ਪ੍ਰਭ ਆਪਣਾ ਆਪ ਵਿਚ ਵਾਸ ਕਰਾ ਕੇ । ਮਹਾਰਾਜ ਸ਼ੇਰ ਸਿੰਘ ਹੋਏ ਸਹਾਈ ਦੇਵੇ ਵਡਿਆਈ, ਉਧਰੇ ਪਾਰ ਜਨ ਰਸਨਾ ਗਾ ਕੇ । ਸੋਹੰ ਗਾਵਣਾ ਸਰਬ ਸੁਖ ਪਾਵਣਾ । ਆਤਮ ਵਸਾਵਣਾ । ਜੋਤ ਸਰੂਪੀ ਆਤਮ ਸਾਚਾ ਦੀਪ ਜਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਛਤਰ ਝੁਲਾਏ ਗੁਰਸਿਖ ਉਪਰ ਸੀਸ ਉਨੰਜਾ ਪਵਣਾ । ਸੋਹੰ ਤੇਰਾ ਸਚ ਵਰਤਾਰ । ਕਲਜੁਗ ਕੂੜ ਹੋਏ ਖਵਾਰ । ਨਿਹਕਲੰਕ ਲਏ ਅਵਤਾਰ । ਸਤਿਜੁਗ ਵਰਤਾਵੇ ਵਿਚ ਸੰਸਾਰ । ਸਤਿ ਪੁਰਖ ਉਪਜਾਵੇ ਸਭ ਨਰ ਨਾਰ । ਏਕਾ ਜੋਤ

ਜਗਾਵੇ ਸਾਚੀ ਦੇਵੇ ਸ਼ਬਦ ਧੁਨਕਾਰ । ਏਕਾ ਮਾਰਗ ਲਾਵੇ ਦਰਸ ਦਿਖਾਵੇ ਦੂਸਰ ਕੋਈ ਨਜ਼ਰ ਨਾ ਆਵੇ ਬਿਨ ਸਾਚੇ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟੇ ਜੋਤ ਵਿਚ ਮਾਤ ਕ੍ਰਿਸ਼ਨ ਮੁਰਾਰ । ਕ੍ਰਿਸ਼ਨ ਮੁਰਾਰੀ ਭਗਤ ਉਧਾਰੀ । ਜਾਏ ਦਰ ਆਏ ਪੈਜ ਸਵਾਰੀ । ਪ੍ਰਭ ਸਾਚੇ ਦੀ ਸਾਚੀ ਕਾਰੀ । ਏਕਾ ਜੋਤ ਏਕਾ ਗੋਤ ਵਿਚ ਮਾਤ ਵਰਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਆਇਆ ਜਗ ਪਿਤ ਮਾਤ । ਸੋਹੰ ਦੇਵੇ ਜਨ ਭਗਤਾਂ ਸਾਚੀ ਦਾਤ । ਸਤਿਜੁਗ ਉਪਜਾਵੇ ਰਖਾਵੇ ਪਰਗਟਾਵੇ ਧਰਾਵੇ ਸਾਚੀ ਕਰਾਮਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦਿਸਾਵੇ ਸਾਚ ਚਰਨ ਨਾਤ । ਸਾਚਾ ਨਾਤ ਗੁਰ ਚਰਨ ਰਖਾਏ । ਗੁਰਸਿਖ ਸਾਚਾ ਪ੍ਰਭ ਦਰ ਆਏ । ਹਰਨ ਫਰਨ ਪ੍ਰਭ ਆਪ ਖੁਲ੍ਹਾਏ । ਤੀਜਾ ਲੋਇਣ ਖੋਲ੍ਹ ਵਖਾਏ । ਖੋਲ੍ਹੇ ਸੁੰਨ ਸ਼ਬਦ ਜਣਾਏ । ਬੇਮੁਖ ਤਰਸਣ ਪ੍ਰਭ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸੋਹੰ ਸਾਚਾ ਨਾਮ ਜਪਾਏ । ਸੋਹੰ ਸਾਚਾ ਨਾਮ ਧਰਈਆ । ਸਤਿਜੁਗ ਚਲਾਈ ਸਾਚੀ ਨਈਆ । ਚਾਰ ਵਰਨ ਕਰਾਏ ਏਕਾ ਭੈਣਾਂ ਭਈਆ । ਪ੍ਰਭ ਚਰਨ ਲਗਾਏ ਆਤਮ ਮੈਲ ਸਰਬ ਧਵਈਆ । ਦਰ ਦਰਬਾਨ ਰਖਾਏ ਏਕਾ ਰਾਗ ਕੰਨ ਸੁਣਈਆ । ਭਗਤ ਭਗਵਾਨ ਮੇਲ ਕਰਾਏ, ਸ਼ਬਦ ਸੁਰਤ ਸਾਚੀ ਧੁਨ ਉਪਜਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਵਈਆ । ਸਤਿਜੁਗ ਸਾਚਾ ਮਾਰਗ ਲਾਏ । ਸੋਹੰ ਸ਼ਬਦ ਮੁਖ ਰਖਾਏ । ਮਾਤ ਕੁੱਖ ਪ੍ਰਭ ਬਾਲ ਜਣਾਏ । ਉਲਟਾ ਰੁੱਖ ਦੁਖ ਨਾ ਪਾਏ । ਸਾਚਾ ਸੁਖ ਆਪ ਵਖਾਏ । ਤ੍ਰਿਸਨਾ ਭੁੱਖ ਜੀਵ ਗਵਾਏ । ਉਜਲ ਮੁਖ ਵਿਚ ਜਗਤ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ । ਸਤਿਜੁਗ ਸਾਚਾ ਜਗਤ ਚਲਾ ਕੇ । ਸਾਚਾ ਸ਼ਬਦ ਆਪ ਟਿਕਾ ਕੇ । ਚਾਰ ਵਰਨ ਪ੍ਰਭ ਦਰ ਬਹਾ ਕੇ । ਸੋਹੰ ਸ਼ਬਦ ਜੈ ਜੈ ਜੈਕਾਰ ਕਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾ ਕੇ । ਨਿਹਕਲੰਕ ਤੇਰੀ ਵਡਿਆਈ । ਕਲਜੁਗ ਅੰਤਮ ਅੰਤ ਕਰਾਈ । ਜੀਵ ਜੰਤ ਕੋਈ ਵੇਖ ਨਾ ਪਾਈ । ਆਪ ਆਪਣੀ ਬਣਤ ਬਣਾਈ । ਸਾਧਨ ਸੰਤ ਪ੍ਰਭ ਰਿਹਾ ਜਣਾਈ । ਆਦਿਨ ਅੰਤ ਗੁਰਸਿਖ ਸਮਾਈ । ਸਾਚਾ ਕੰਤ ਆਪ ਰਘੁਰਾਈ । ਮਾਇਆ ਬੇਅੰਤ ਸ੍ਰਿਸ਼ਟ ਪ੍ਰਭ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਆਪ ਕਲ ਵਰਤਾਈ । ਆਪੇ ਖੇਲੇ ਆਪੇ ਮੇਲੇ । ਆਪ ਬਣਾਏ ਆਪਣੇ ਚੇਲੇ । ਜੋਤ ਪਰਗਟਾਏ ਆਪ ਆਪਣੇ ਅੰਤ ਵੇਲੇ । ਗੁਰਮੁਖ ਸਾਚੇ ਸਤਿ ਪੁਰਖ ਬਣਾਏ, ਸਾਚੇ ਸੱਜਣ ਸੁਹੇਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਆਪ ਪ੍ਰਭ ਖੇਲੇ । ਸਾਚਾ ਖੇਲ ਆਪ ਖਿਲਾਇਆ । ਗੁਰਮੁਖ ਸਾਚੇ ਮੇਲ ਮਿਲਾਇਆ । ਬੇਮੁਖਾਂ ਗਿਆ ਵੇਲਾ ਹੱਥ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਪਰਗਟ ਜੋਤ ਨਿਹਕਲੰਕ ਸੋਹੰ ਸਾਚਾ ਡੰਕ ਵਜਾਇਆ । ਪ੍ਰਭ ਸਾਚਾ ਸਾਚਾ ਡੰਕ । ਸੋਹੰ ਸੁਣਾਏ ਪ੍ਰਭ ਰਾਓ ਰੰਕ । ਗੁਰਮੁਖ ਵਡਿਆਏ ਜਿਉਂ ਰਾਜਾ ਜਨਕ । ਆਪ ਲਗਾਏ ਜੋਤ ਸਰੂਪੀ ਸਾਚੀ ਤਨਕ । ਏਕਾ ਜੋਤ ਜਗਾਏ ਆਪ ਆਪਣਾ ਵਿਚ ਟਿਕਾਏ ਸੋਹੰ ਰਖਾਏ ਆਤਮ ਸਾਚਾ ਮਨਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਪਾਏ ਵਿਚ ਮਾਤ ਬਾਰ ਅਨਕ । ਅਨਕ ਬਾਰ ਬਾਰ ਅਨਕ । ਕਲਜੁਗ ਜੋਤ ਪਰਗਟਾਏ ਵਿਚ ਪੁਰੀ ਘਨਕ । ਗੁਰਮੁਖ ਸਾਚੇ ਮੇਲ ਮਿਲਾਏ । ਆਪ ਲਗਾਏ ਸਾਚੀ ਤਨਕ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ ਗੁਰਮੁਖਾਂ ਬਣਾਏ ਸਾਚੀ ਬਣਤ । ਸਚ

ਘਰ ਦੀਪਕ ਪਰਗਾਸਿਆ । ਪ੍ਰਭ ਪਾਇਆ ਪੁਰਖ ਅਬਿਨਾਸ਼ਿਆ । ਸਰਬ ਘਟ ਘਟ ਕੀਆ ਵਾਸਿਆ । ਸੋਹੰ ਜਪਾਵੇ ਸਵਾਸ ਸਵਾਸਿਆ । ਮਾਨਸ ਜਨਮ ਕਰਾਵੇ ਰਹਿਰਾਸਿਆ । ਗੁਰਸਿਖ ਹੋਏ ਚਰਨ ਦਾਸਿਆ । ਬੇਮੁਖ ਦਰ ਤੋਂ ਜਾਏ ਨਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਹਿਰਦੇ ਵਾਸਿਆ । ਸਾਚਾ ਪ੍ਰਭ ਹਿਰਦੇ ਵਾਸ । ਸਾਚਾ ਪ੍ਰਭ ਸਦ ਰਹੇ ਪਾਸ । ਸਾਚਾ ਪ੍ਰਭ ਹੋਏ ਦਾਸ । ਸਾਚਾ ਪ੍ਰਭ ਨਾ ਜਾਏ ਵਿਨਾਸ । ਸਾਚਾ ਪ੍ਰਭ ਸਦਾ ਅਬਿਨਾਸ਼ । ਸਾਚਾ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਪ ਸਵਾਸ ਸਵਾਸ । ਸਾਚਾ ਪ੍ਰਭ ਸਚ ਘਰ ਆਇਆ । ਸਾਚਾ ਪ੍ਰਭ ਬੂਝ ਬੁਝਾਇਆ । ਸਾਚਾ ਪ੍ਰਭ ਆਤਮ ਭੇਵ ਗੂਝ ਖੁਲ੍ਹਾਇਆ । ਸਾਚਾ ਪ੍ਰਭ ਏਕਾ ਦੂਜ ਮਿਟਾਇਆ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲੂਝ ਗੁਰਸਿਖ ਸੁਖ ਪਾਇਆ । ਸਾਚਾ ਪ੍ਰਭ ਸਦਾ ਅਤੀਤਾ । ਸਾਚਾ ਪ੍ਰਭ ਪਰਖੇ ਨੀਤਾ । ਸਾਚਾ ਪ੍ਰਭ ਗੁਰਮੁਖ ਸਾਚੇ ਏਕਾ ਦੇਵੇ ਚਰਨ ਪ੍ਰੀਤਾ । ਸਾਚਾ ਪ੍ਰਭ ਕਰ ਦਰਸ ਗੁਰਸਿਖ ਆਤਮ ਹੋਏ ਸੀਤਾ । ਸਾਚਾ ਗੁਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਮਾਨਸ ਜਨਮ ਗੁਰਸਿਖ ਸਾਚੇ ਕਲਜੁਗ ਜੀਤਾ । ਸਾਚਾ ਪ੍ਰਭ ਦਇਆ ਨੰਦ । ਸਾਚਾ ਪ੍ਰਭ ਆਤਮ ਉਪਜਾਵੇ ਪਰਮਾਨੰਦ । ਸਾਚਾ ਪ੍ਰਭ ਦੁਖ ਕਟਾਏ ਬੰਦ ਬੰਦ । ਸਾਚਾ ਪ੍ਰਭ ਗੁਰਸਿਖ ਉਪਜਾਵੇ ਸਤਿਜੁਗ ਸਾਚੇ ਚੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦਿਸ ਨਾ ਆਏ ਕਲਜੁਗ ਹੋਏ ਭਾਗ ਮੰਦ । ਸਾਚਾ ਪ੍ਰਭ ਸਾਚਾ ਰੂਪ । ਸਾਚਾ ਪ੍ਰਭ ਜੋਤ ਸਰੂਪ । ਸਾਚਾ ਪ੍ਰਭ ਮਹਿੰਮਾ ਅਨੂਪ । ਸਾਚਾ ਪ੍ਰਭ ਕਲ ਜੋਤ ਪਰਗਟਾਵੇ, ਸਤਿਜੁਗ ਸਾਚਾ ਮਾਰਗ ਲਾਵੇ ਵਡ ਭੂਪਨ ਭੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਕਰੇ ਰੁਸ਼ਨਾਏ ਵਿਚ ਮਾਤ ਅੰਧ ਕੂਪ । ਸਾਚਾ ਪ੍ਰਭ ਜੋਤ ਜਗਾਏ । ਸਾਚਾ ਪ੍ਰਭ ਕਰੇ ਰੁਸ਼ਨਾਏ । ਸਾਚਾ ਪ੍ਰਭ ਹੋਏ ਸਹਾਏ । ਸਾਚਾ ਪ੍ਰਭ ਦੁਖ ਰੋਗ ਮਿਟਾਏ । ਸਾਚਾ ਪ੍ਰਭ ਆਤਮ ਚਿੰਤਾ ਸੋਗ ਮਿਟਾਏ । ਸਾਚਾ ਪ੍ਰਭ ਗੁਰਮੁਖ ਸਾਚੇ ਦਰਸ ਅਮੋਘ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਸਾਚਾ ਪ੍ਰਭ ਸਤਿ ਦਾਤਾਰਾ । ਸਾਚਾ ਪ੍ਰਭ ਆਪ ਨਿਰੰਕਾਰਾ । ਸਾਚਾ ਪ੍ਰਭ ਜੋਤ ਅਧਾਰਾ । ਸਾਚਾ ਪ੍ਰਭ ਸਦ ਨਿਰਾਹਾਰਾ । ਸਾਚਾ ਪ੍ਰਭ ਆਪ ਗਿਰਧਾਰਾ । ਸਾਚਾ ਪ੍ਰਭ ਰਾਮ ਅਵਤਾਰਾ । ਸਾਚਾ ਪ੍ਰਭ ਕ੍ਰਿਸ਼ਨ ਮੁਰਾਰਾ । ਸਾਚਾ ਪ੍ਰਭ ਨਿਹਕਲੰਕ ਨਰਾਇਣ ਨਰ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲਜੁਗ ਏਕਾ ਜੋਤ ਜਗਾਏ ਪਰਗਟਾਏ ਵਿਚ ਸੰਸਾਰਾ । ਸਾਚਾ ਪ੍ਰਭ ਵਡ ਸੰਸਾਰੀ । ਸਾਚਾ ਪ੍ਰਭ ਵਡ ਭੰਡਾਰੀ । ਸਾਚਾ ਪ੍ਰਭ ਭਗਤ ਉਧਾਰੀ । ਸਾਚਾ ਪ੍ਰਭ ਬੇਮੁਖਾਂ ਕਰੇ ਖੁਆਰੀ । ਸਾਚਾ ਪ੍ਰਭ ਕਲਜੁਗ ਜੋਤ ਜਗਾਏ ਏਕਾ ਏਕ ਏਕੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਆਇਆ ਜਾਮਾ ਧਾਰੀ । ਸਾਚਾ ਪ੍ਰਭ ਦੀਨ ਦਿਆਲ । ਸਾਚਾ ਪ੍ਰਭ ਭਗਤ ਵਛਲ ਰੱਛਕ ਆਪ ਕਿਰਪਾਲ । ਸਾਚਾ ਪ੍ਰਭ ਆਤਮ ਜੋਤ ਗੁਰਸਿਖ ਦੇਵੇ ਬਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਸਾਰ ਸਮਾਲ । ਸਾਚਾ ਪ੍ਰਭ ਪਾਏ ਸਾਰ । ਸਾਚਾ ਪ੍ਰਭ ਜਾਏ ਤਾਰ । ਸਾਚਾ ਪ੍ਰਭ ਦੇਵੇ ਨਾਮ ਅਧਾਰ । ਸਾਚਾ ਪ੍ਰਭ ਗੁਰਮੁਖ ਬਖ਼ਸ਼ੇ ਚਰਨ ਪਿਆਰ । ਸਾਚਾ ਪ੍ਰਭ ਆਤਮ ਜੋਤ ਕਰੇ ਉਜਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਾਏ ਏਕਾ ਨਾਮ ਜਪਾਏ ਏਕਾ ਮਾਰਗ ਲਾਏ ਸਰਬ ਸੰਸਾਰ । ਸਾਚਾ ਪ੍ਰਭ ਸਚ ਘਰ ਆਇਆ । ਮਾਤਲੋਕ ਗੁਰ ਧਾਮ ਬਹਾਇਆ । ਆਪ ਆਪਣਾ ਪ੍ਰਭ ਪਰਗਟਾਇਆ । ਜੋਤ ਸਰੂਪ ਪਰਗਟ ਜੋਤ ਸਿੰਘਾਸਣ ਡੇਰਾ

੧੪੨
੦੨

ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਤੇਰਾ ਬੇੜਾ ਬੰਨ੍ਹ ਵਖਾਇਆ । ਗੁਰਸਿਖ ਤੇਰਾ ਬੇੜਾ ਬੰਨ੍ਹ । ਸੋਹੰ ਦੇਵੇ ਮਾਲ ਧੰਨ । ਗੁਰਮੁਖ ਸਾਚੇ ਨਾ ਲੱਗੇ ਕਦੇ ਸੰਨ੍ਹ । ਸਾਚਾ ਪ੍ਰਭ ਏਕਾ ਰਾਗ ਸੁਣਾਵੇ ਕੰਨ । ਗੁਰਮੁਖ ਸਾਚੇ ਤੇਰੀ ਆਤਮ ਜਾਏ ਮੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਵਡ ਭੂਪਨ ਭੂਪ ਵਿਚ ਅੰਧ ਕੂਪ ਦੇਵੇ ਦਰਸ ਪਰਗਟ ਜੋਤ ਗੁਰਸਿਖ ਬਣਾਏ ਸਾਚੇ ਜਨ । ਸਾਚਾ ਪ੍ਰਭ ਸਾਚਾ ਦਰ । ਸਾਚਾ ਪ੍ਰਭ ਸਾਚਾ ਦੇਵੇ ਵਰ । ਸਾਚਾ ਪ੍ਰਭ ਗੁਰਸਿਖ ਪੁਚਾਵੇ ਸਾਚੇ ਘਰ । ਸਾਚਾ ਪ੍ਰਭ ਨਿਹਕਲੰਕ ਅਵਤਾਰ ਨਰ । ਸਾਚਾ ਪ੍ਰਭ ਮਾਤਲੋਕ ਆਇਆ ਜਾਮਾ ਧਰ । ਸਾਚਾ ਪ੍ਰਭ ਕਲਜੁਗ ਜੀਵ ਮਾਨਸ ਜਨਮ ਗਏ ਹਰ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਚਰਨ ਲਾਗ ਜਾਇਣ ਤਰ । ਸਾਚਾ ਪ੍ਰਭ ਤਾਰਨਹਾਰ । ਸਾਚਾ ਪ੍ਰਭ ਇਕ ਕਰਤਾਰ । ਸਾਚਾ ਪ੍ਰਭ ਜੀਵ ਜੰਤ ਅਧਾਰ । ਸਾਚਾ ਪ੍ਰਭ ਵਡ ਪਸਰ ਪਸਾਰ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਅੰਤ ਆਦਿ ਏਕਾ ਏਕੰਕਾਰਾ । ਏਕਾ ਰੰਗ ਆਪ ਰੰਗਾਏ । ਸਾਚਾ ਪ੍ਰਭ ਸਚ ਕਰਮ ਕਮਾਏ । ਸਚ ਸੁੱਚ ਦੀ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਏ । ਸਤਿਜੁਗ ਤੇਰਾ ਜਨਮ ਦਵਾਇਆ । ਪ੍ਰਭ ਸਾਚੇ ਸਚ ਕਰਮ ਕਮਾਇਆ । ਸਰਬ ਜਨਾਂ ਦਾ ਭਰਮ ਮਿਟਾਇਆ । ਏਕਾ ਬ੍ਰਹਮ ਆਪ ਉਪਾਇਆ । ਸਾਚਾ ਕਰਮ ਆਪ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਦਾਨ ਤੇਰੀ ਝੋਲੀ ਪਾਇਆ । ਸਤਿਜੁਗ ਦੇਵੇ ਸਾਚਾ ਦਾਨ । ਵਿਚ ਮਾਤ ਪ੍ਰਭ ਦੇਵੇ ਸਾਚਾ ਮਾਣ । ਗੁਰਮੁਖ ਸਾਚੇ ਸੰਤ ਉਪਾਏ, ਆਤਮ ਦੇਵੇ ਬ੍ਰਹਮ ਗਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਜੋਤ ਪਰਗਟਾਏ ਖੇਲ ਕਰੇ ਬਿਧਨਾਨ । ਆਪਣੀ ਜੋਤ ਆਪ ਜਗਾਏ । ਵੇਲਾ ਵਕ਼ਤ ਆਪ ਸੁਹਾਏ । ਸਾਚੀ ਲਿਖਤ ਰਿਹਾ ਲਿਖਾਏ । ਵਾਕ ਭਵਿਖਤ ਸਤਿ ਵਰਤਾਏ । ਲਿਖੀ ਲਿਖਤ ਮਿਟ ਨਾ ਜਾਏ । ਨਿਹਕਲੰਕ ਨਾਮ ਧਰਾਏ । ਜੋਤ ਸਰੂਪੀ ਜਾਮਾ ਪਾਏ । ਛੱਡ ਦੇਹ ਗੁਰਸਿਖ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਲ ਆਪ ਵਰਤਾਏ । ਕਲਜੁਗ ਤੇਰੀ ਹੋਏ ਅਖ਼ੀਰ । ਸੋਹੰ ਸ਼ਬਦ ਚਲਾਇਆ ਤੀਰ । ਮਾਣ ਗਵਾਏ ਅਠਸਠ ਤੀਰਥ ਨੀਰ । ਰਹਿਣ ਨਾ ਪਾਏ ਫ਼ਕੀਰ ਪੈਗ਼ੰਬਰ ਔਲੀਆ ਪੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਪਵਾਏ ਵਹੀਰ । ਸੋਹੰ ਸ਼ਬਦ ਪ੍ਰਭ ਚਲਾਇਆ । ਏਕਾ ਡੰਕ ਆਪ ਵਜਾਇਆ । ਰਾਓ ਰੰਕ ਪ੍ਰਭ ਸੁਣਾਇਆ । ਦਵਾਰ ਬੰਕ ਕੋਈ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲਜੁਗ ਆਪਣਾ ਖੇਲ ਆਪ ਰਚਾਇਆ । ਕਲਜੁਗ ਅੰਤਮ ਅੰਤ ਕਰਾਏ । ਗੁਰਮੁਖ ਸਾਚੇ ਸੰਤ ਜਗਾਏ । ਬੇਮੁਖ ਜੀਵ ਰਹੇ ਬਿਲਲਾਏ । ਚਾਰ ਕੁੰਟ ਪੈ ਜਾਏ ਦੁਹਾਏ । ਈਸਾ ਮੂਸਾ ਮੁਹੰਮਦੀ ਪ੍ਰਭ ਦੇ ਖਪਾਏ । ਕੋਈ ਨਾ ਰਹੇ ਅਹਿਮਦੀ ਪ੍ਰਭ ਦੇ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਕਰਾਏ । ਕਲਜੁਗ ਅੰਤਮ ਅੰਤ ਕਰਾਣਾ । ਪ੍ਰਭ ਸਾਚੇ ਦਾ ਸਾਚਾ ਭਾਣਾ । ਜੋਤ ਜਗਾਏ ਵਾਲੀ ਦੋ ਜਹਾਨਾਂ । ਵੇਲਾ ਅੰਤਮ ਅੰਤ ਕਰਾਏ ਵੇਦ ਪੁਰਾਨਾਂ । ਕਲਜੁਗ ਕੋਈ ਰਹਿਣ ਨਾ ਪਾਏ ਪ੍ਰਭ ਮਿਟਾਏ ਅੰਜ਼ੀਲ ਕੁਰਾਨਾਂ । ਏਕਾ ਸ਼ਬਦ ਪ੍ਰਭ ਚਲਾਏ, ਜੋਤ ਸਰੂਪੀ ਪਹਰਿਆ ਬਾਣਾ । ਏਕਾ ਨਾਮ ਜਗਤ ਚਲਾਏ, ਸੋਹੰ ਦੇਵੇ ਗੁਣ ਨਿਧਾਨਾ । ਊਚ ਨੀਚ ਇਕ ਥਾਂ ਬਹਾਏ, ਕੋਇ ਨਾ ਦਿਸੇ ਰੰਕ ਰਾਜਾਨਾ । ਏਕਾ ਛਤਰ ਸੀਸ ਝੁਲਾਏ, ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨਾ । ਏਕਾ ਛਤਰ ਝੁੱਲੇ ਸੀਸ । ਪਰਗਟੇ ਜੋਤ ਨਿਹਕਲੰਕ ਜਗਦੀਸ । ਜਗਤ ਮਿਟਾਏ ਭੇਸ ਬੀਸ ਇਕੀਸ । ਪ੍ਰਭ ਸਾਚਾ ਜੀਵ ਜੰਤ ਨਾ ਕੋਈ ਕਰੇ ਰੀਸ । ਅੰਤਕਾਲ ਕਲਜੁਗ ਪਰਗਟ ਜੋਤ ਨਿਹਕਲੰਕ ਸ੍ਰਿਸ਼ਟ ਸਬਾਈ ਜਾਏ ਪੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਉਪਾਏ ਜਗਤ ਸੁਣਾਏ, ਮਾਤ ਤਰਾਏ ਦੇ ਵਡਿਆਏ ਦੂਸਰ ਨਾ ਕੋਇ ਦੀਸ । ਨਾ ਕੋਇ ਦੂਸਰ ਨਾ ਕੋਇ ਦੋਆ । ਏਕਾ ਪ੍ਰਭ ਜਗਤ ਜੋਤ ਬਲੋਆ । ਜੋਤ ਪਰਗਟਾਏ ਕਰੇ ਰੁਸ਼ਨਾਏ ਨਿਹਕਲੰਕ ਤੀਨ ਲੋਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਡੰਕ ਵਜਾਏ ਰਿਹਾ ਸੁਣਾਏ, ਗੁਰਸਿਖ ਜਗਾਏ, ਆਤਮ ਤ੍ਰਿਖਾ ਮਿਟਾਏ, ਜਗਤ ਦੁਖ ਗਵਾਏ, ਸਾਚੇ ਲੇਖ ਲਿਖਾਏ, ਬੇਮੁਖ ਕਲ ਰਿਹਾ ਸੋਇਆ । ਬੇਮੁਖ ਜੀਵ ਦਰ ਦੁਰਕਾਰੀ । ਪ੍ਰਭ ਸਾਚਾ ਅੰਤਮ ਕਰੇ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਵੇ ਨਰਕ ਮਝਾਰੀ । ਬੇਮੁਖ ਜੀਵ ਆਪਣਾ ਆਪ ਪਛਾਣ । ਸੋਹੰ ਸ਼ਬਦ ਪ੍ਰਭ ਮਾਰੇ ਬਾਣ । ਝੂਠਾ ਚੁਕਾਵੇ ਜਗਤ ਮਾਣ । ਅੰਤਕਾਲ ਕਲ ਜਾਇਣ ਪਛਤਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਦਾ ਜਾਣੀ ਜਾਣ । ਆਪੇ ਜਾਣੇ ਆਪ ਵਖਾਣੇ । ਆਪ ਚਲਾਏ ਆਪਣੇ ਭਾਣੇ । ਮਾਣ ਗਵਾਏ ਰਾਜੇ ਰਾਣੇ । ਪਕੜ ਲਗਾਏ ਚਰਨ ਅੰਞਾਣੇ । ਜੋ ਜਨ ਹੋਏ ਚਰਨ ਨਿਮਾਣੇ । ਦਰਗਹਿ ਸਾਚੀ ਦਰ ਪਰਵਾਣੇ । ਮਾਨਸ ਜਨਮ ਸੁਫਲ ਕਰਾਣੇ । ਸਾਚਾ ਪ੍ਰਭ ਆਤਮ ਸਾਚੀ ਜੋਤ ਜਗਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਭੇਵ ਨਾ ਜਾਣੇ । ਕਲਜੁਗ ਭੇਵ ਨਾ ਪਾਇਆ । ਵਡ ਦੇਵੀ ਦੇਵ ਨਜ਼ਰ ਨਾ ਆਇਆ । ਸਾਚੀ ਸੇਵ ਨਾ ਚਰਨ ਕਮਾਇਆ । ਕਾਮ ਕਰੋਧ ਮੋਹ ਰਸਨ ਹਲਕਾਇਆ । ਮਦਿਰਾ ਮਾਸ ਮੁਖ ਰਖਾਇਆ । ਮਾਤ ਕੁੱਖ ਕਲੰਕ ਲਗਾਇਆ । ਸਾਚਾ ਪ੍ਰਭ ਮਨੋਂ ਭੁਲਾਇਆ । ਆਪਣਾ ਆਪ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਰਗਹਿ ਦਰ ਦੁਰਕਾਇਆ । ਸਾਚੀ ਦਰਗਹਿ ਸਚ ਦਰਬਾਰਾ । ਚਲੇ ਚਲਾਵੇ ਆਪ ਨਿਰੰਕਾਰਾ । ਏਕਾ ਜੋਤ ਅਗੰਮ ਅਪਾਰਾ । ਪ੍ਰਭ ਸਾਚੇ ਦਾ ਸਚ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਮ ਏਕ ਏਕ ਅਨੇਕ ਏਕਾ ਇਕ ਆਪ ਕਰਤਾਰਾ । ਏਕਾ ਏਕ ਏਕ ਕਰਤਾਰ । ਏਕਾ ਜੋਤ ਆਪ ਅਪਰ ਅਪਾਰ । ਏਕਾ ਜੋਤ ਪ੍ਰਭ ਗਿਰਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜੋਤ ਸਰੂਪ ਵਿਚ ਮਾਤ ਆਏ ਜਾਮਾ ਧਾਰ । ਜਾਮਾ ਧਾਰੇ ਪ੍ਰਭ ਨਿਰੰਕਾਰੇ । ਵਿਚ ਸੰਸਾਰੇ ਭਗਤ ਉਧਾਰੇ ਸ੍ਰਿਸ਼ਟ ਸੰਘਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦ ਸਦ ਚਰਨ ਬਲਿਹਾਰੇ । ਚਰਨ ਬਲਿਹਾਰੀ ਪ੍ਰਭ ਗਿਰਧਾਰੀ । ਇਕ ਨਿਰੰਕਾਰੀ ਜੋਤ ਨਿਆਰੀ । ਵਡ ਸੰਸਾਰੀ ਗੁਰਮੁਖ ਆਤਮ ਕਰੇ ਉਜਿਆਰੀ । ਬੇਮੁਖਾਂ ਕਲਜੁਗ ਹੋਏ ਖਵਾਰੀ । ਗੁਰਸਿਖਾਂ ਦੇਵੇ ਸ਼ਬਦ ਭੰਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਚਰਨ ਬਲਿਹਾਰੀ । ਚਰਨ ਬਲਿਹਾਰ ਜਾਏ ਤਾਰ ਪੈਜ ਸਵਾਰ । ਦੇਵੇ ਨਾਮ ਅਧਾਰ ਉਪਜੇ ਧੁਨਕਾਰ ਸ਼ਬਦ ਗੁਣ ਵਿਚਾਰ ਵਿਚ ਅੰਧ ਅੰਧਿਆਰ ਕਰੇ ਜੋਤ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦਾ ਬਲਿਹਾਰ । ਜੋਤ ਉਜਿਆਰੇ ਵਿਚ ਝੂਠੇ ਮਹੱਲ ਮੁਨਾਰੇ । ਖੋਲ੍ਹੇ ਦਸਮ ਦਵਾਰੇ । ਜਗੇ ਜੋਤ ਅਗੰਮ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦਾ ਚਰਨ ਬਲਿਹਾਰੇ । ਜੋਤ ਜਗਾਏ ਕਰੇ ਰੁਸ਼ਨਾਏ । ਅੰਧੇਰ ਮਿਟਾਏ ਹਰਨ ਫਰਨ ਖੁਲ੍ਹਾਏ । ਦਰਸ ਦਿਖਾਏ ਦੇਰ ਨਾ ਲਾਏ । ਸੰਞ ਸਵੇਰ ਇਕ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਚਰਨ ਬਲਿਹਾਰੇ । ਗੁਰ ਚਰਨ


੧੪੩ ੦੨

ਸਾਚਾ ਧਾਮ । ਗੁਰ ਚਰਨ ਪੂਰਨ ਕਾਮ । ਗੁਰ ਚਰਨ ਸਾਚਾ ਜਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮ । ਸਾਚਾ ਨਾਮ ਗੁਰ ਦਰ ਪਾਇਆ । ਆਤਮ ਸਾਚਾ ਦੀਪ ਜਗਾਇਆ । ਸਾਚਾ ਪ੍ਰਭ ਸਾਚਾ ਘਰ ਆਇਆ । ਬਜਰ ਕਪਾਟ ਖੋਲ੍ਹ ਵਖਾਇਆ । ਸਾਚਾ ਨਾਮ ਨਾ ਹੱਟ ਵਿਕਾਇਆ । ਤੱਟ ਤੀਰਥ ਕੋਈ ਹੱਥ ਨਾ ਆਇਆ । ਸਾਚਾ ਸੀਰਥ ਗੁਰ ਪੂਰਾ ਰਸਨਾ ਗਾਇਆ । ਆਤਮ ਤੀਰਥ ਗੁਰਮੁਖ ਵਿਰਲਾ ਨਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਇਆ । ਆਤਮ ਤੀਰਥ ਆਪ ਨੁਹਾਏ । ਸਾਚਾ ਸੀਰਥ ਅੰਮ੍ਰਿਤ ਪਿਲਾਏ । ਨਾਭ ਕਵਲ ਦੇਵੇ ਉਲਟਾਏ । ਜੋਤ ਸਰੂਪੀ ਵਿਚ ਰਿਹਾ ਮਵਲ, ਆਪਣੀ ਜੋਤ ਜਗਾਏ । ਗੁਰਮੁਖ ਸਾਚਾ ਹੋਵੇ ਬਵਲ, ਏਕਾ ਬੂੰਦ ਕਵਲ ਮੁਖ ਵਿਚ ਪਾਵੇ । ਨਜ਼ਰੀ ਆਵੇ ਕ੍ਰਿਸ਼ਨਾ ਸਵਲ, ਜੋਤ ਸਰੂਪ ਗੁਰਸਿਖ ਸਮਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਵੇ । ਸਾਚਾ ਖੇਲ ਆਪ ਪ੍ਰਭ ਕਰਨਾ । ਆਪਣਾ ਨਾਮ ਜਗਤ ਪ੍ਰਭ ਧਰਨਾ । ਆਪ ਮਿਟਾਏ ਵਰਨਾ ਬਰਨਾ । ਰਾਓ ਰੰਕ ਇਕ ਪ੍ਰਭ ਕਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਧਰਨੀ ਧਰਨਾ । ਸਾਚਾ ਪ੍ਰਭ ਜੋਤ ਜਗਾਏ । ਆਪ ਆਪਣੀ ਪਤਿ ਰਖਾਏ । ਝੂਠਾ ਨਾਤ ਜਗਤ ਤਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ । ਜੋਤ ਸਰੂਪੀ ਜਾਮਾ ਧਾਰ । ਨਿਹਕਲੰਕ ਆਇਆ ਅਵਤਾਰ । ਵਰਤੇ ਵਰਤਾਵੇ ਵਿਚ ਸੰਸਾਰ । ਸਾਚਾ ਪ੍ਰਭ ਕਰੇ ਆਪ ਵਿਹਾਰ । ਕੋਈ ਨਾ ਪਾਵੇ ਪ੍ਰਭ ਕੀ ਸਾਰ । ਜੁਗ ਚੌਥਾ ਅੰਤ ਅੰਤਕਾਲ ਕਰੇ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਲੇਖ ਲੇਖ ਲਿਖਤ ਆਪ ਕਰਤਾਰ । ਆਪ ਲਿਖਾਰੀ ਆਪ ਭੰਡਾਰੀ ਆਪ ਦਰਬਾਰੀ ਆਪ ਸਿਕਦਾਰੀ ਜੋਤ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਕਰੇ ਖੁਆਰੀ । ਕਲਜੁਗ ਅੰਤਮ ਆਪ ਕਰਾਏ । ਪ੍ਰਭ ਸਾਚਾ ਬਣਤ ਬਣਾਏ । ਬੈਠ ਇਕੰਤ ਜੀਵ ਜੰਤ ਖਪਾਏ । ਗੁਰਮੁਖ ਸਾਚੇ ਸੰਤ ਪ੍ਰਭ ਸ਼ਬਦ ਜਣਾਏ । ਆਪ ਬਣਾਏ ਸਾਚੀ ਬਣਤ, ਜੋਤ ਸਰੂਪੀ ਰਿਹਾ ਸਮਾਏ । ਪ੍ਰਭ ਕੀ ਮਹਿੰਮਾ ਬੜੀ ਅਗਣਤ, ਜੀਵ ਜੰਤ ਕੋਈ ਭੇਵ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਬਣਤ ਬਣਾਏ । ਸਾਚਾ ਪ੍ਰਭ ਬਣਤ ਬਣਾ ਕੇ । ਜੋਤ ਸਰੂਪੀ ਖੇਲ ਰਚਾ ਕੇ । ਏਕਾ ਜੋਤ ਅਗਨ ਲਗਾ ਕੇ । ਹਾਹਾਕਾਰ ਚਾਰ ਕੁੰਟ ਮਚਾ ਕੇ । ਵਕਤ ਅਖ਼ੀਰ ਆਪ ਕਰਾ ਕੇ । ਵਡ ਪੀਰਨ ਪੀਰ ਆਪ ਅਖਵਾ ਕੇ । ਵਡ ਚੀਰਨ ਚੀਰ ਬੇਮੁਖਾਂ ਜਾਏ ਚੀਰ ਲੁਹਾ ਕੇ । ਵਡ ਸੀਰਨ ਸੀਰ ਗੁਰਮੁਖਾਂ ਜਾਏ ਸੀਰ ਪਿਲਾ ਕੇ । ਵਡ ਨੀਰਮ ਨੀਰ ਬੇਮੁਖ ਜੀਵ ਨੀਰ ਤਰਸਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਜਾਏ ਆਪ ਕਰਾ ਕੇ । ਕਲਜੁਗ ਅੰਤਮ ਆਪ ਕਰਾਵੇ । ਸ੍ਰਿਸ਼ਟ ਸਬਾਈ ਝੂਠੇ ਦਾਅਵੇ । ਪ੍ਰਭ ਅਬਿਨਾਸ਼ੀ ਕੋਈ ਵਿਰਲਾ ਗਾਵੇ । ਜਗਤ ਉਦਾਸੀ ਮਾਇਆ ਹਾਵੇ । ਨਰਕ ਨਿਵਾਸੀ ਜੀਵ ਬਿਲਲਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਆਪ ਕਰਾਵੇ । ਅੰਤਮ ਅੰਤ ਆਪ ਕਰਾਵਣਾ । ਆਪਣਾ ਵਕਤ ਆਪ ਸੁਹਾਵਣਾ । ਝੂਠਾ ਖੇਲ ਕਲ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਮਾਂ ਆਪ ਸੁਹਾਵਣਾ । ਵੇਲਾ ਅੰਤ ਆਪ ਕਰ । ਆਪਣੀ ਜੋਤ ਜਾਏ ਧਰ । ਜੋਤ ਜਗਾਏ ਅਵਤਾਰ ਨਰ । ਸ੍ਰਿਸ਼ਟ ਸਬਾਈ ਆਪਣਾ ਕੀਆ ਲਏ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਸ੍ਰਿਸ਼ਟ ਸਬਾਈ ਜਾਏ ਕਰ । ਸ੍ਰਿਸ਼ਟ ਸਬਾਈ ਹੋਏ ਦੋ ਫਾੜ ।

ਆਪ ਚਬਾਏ ਆਪਣੀ ਦਾੜ੍ਹ । ਕਲਜੁਗ ਜੀਵ ਹੋਏ ਭਾਗ ਮਾੜ । ਅਗਨ ਜੋਤ ਪ੍ਰਭ ਲਗਾਏ, ਚਾਰ ਕੁੰਟ ਦੇਵੇ ਸਾੜ । ਬੇਮੁਖ ਜੀਵ ਠੋਹਰ ਨਾ ਪਾਏ, ਸ਼ਬਦ ਸਰੂਪੀ ਪਏ ਸਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਉਪਜਾਏ ਸਤਿਜੁਗ ਸਾਚੇ ਲਾੜ । ਸਾਚੇ ਸਿਖ ਆਪ ਉਪਾਏ । ਨਿਹਕਲੰਕ ਕਲ ਜਾਮਾ ਪਾਏ । ਆਪਣਾ ਆਪ ਆਪ ਉਪਾਏ । ਸਾਧ ਸੰਗਤ ਪ੍ਰਭ ਰਿਹਾ ਸੁਣਾਏ । ਏਕਾ ਰੰਗਤ ਨਾਮ ਚੜ੍ਹਾਏ । ਜੀਵ ਮੰਗਤ ਕੋਈ ਰਹਿਣ ਨਾ ਪਾਏ । ਸਾਚੀ ਸੰਗਤ ਵਿਚ ਰਲਾਏ । ਮਾਣ ਹੰਗਤ ਸਰਬ ਗਵਾਏ । ਬੇਮੁਖ ਜੀਵ ਵਿਚ ਅਗਨ ਜਲਾਏ । ਕੋਇ ਨਾ ਹੋਏ ਅੰਤ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ । ਅੰਤਕਾਲ ਕਲਜੁਗ ਕਲ ਆਇਆ । ਮਹੀਨਾ ਜੇਠ ਪ੍ਰਭ ਆਪ ਲਿਖਾਇਆ । ਵਡ ਵਡ ਸੇਠ ਨਸ਼ਟ ਕਰਾਇਆ । ਰਾਓ ਉਮਰਾਓ ਦਰ ਦੁਰਕਾਇਆ । ਕਲਜੁਗ ਜੀਵ ਕੌੜੇ ਰੇਠ ਪ੍ਰਭ ਭੰਨ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਕਰਾਇਆ । ਮਹੀਨਾ ਜੇਠ ਆਏ ਜੱਗ । ਅਗਨ ਜੋਤ ਜਾਏ ਲੱਗ । ਸ੍ਰਿਸ਼ਟ ਸਬਾਈ ਜਾਏ ਦੱਗ । ਪਕੜ ਪਛਾੜੇ ਪ੍ਰਭ ਸ਼ਾਹ ਰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਅਗੇ ਧਰਮ ਰਾਏ ਲਗਾਏ ਵਗ । ਧਰਮ ਰਾਜ ਪ੍ਰਭ ਸਾਚੇ ਕਾ ਸਾਚਾ ਸਾਜ । ਝੂਠੇ ਜੀਵਾਂ ਖੋਲ੍ਹੇ ਪਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਗੁਰਮੁਖ ਤੇਰੀ ਰੱਖੇ ਲਾਜ । ਗੁਰਸਿਖ ਸਾਚੇ ਪ੍ਰਭ ਤੇਰੀ ਲਾਜ ਰਖਾਵੇ । ਸੋਹੰ ਸਾਚੀ ਅਵਾਜ਼ ਪ੍ਰਭ ਆਪ ਲਗਾਵੇ । ਅੰਤਕਾਲ ਸਾਚਾ ਦਾਜ ਪ੍ਰਭ ਝੋਲੀ ਪਾਵੇ । ਵਿਚ ਮਾਝ ਪ੍ਰਭ ਜੋਤ ਪਰਗਟਾਵੇ । ਬੇਮੁਖਾਂ ਭਾਜ ਪ੍ਰਭ ਸ਼ਬਦ ਲਿਖਾਵੇ । ਛੁਡਾਏ ਜਗਤ ਸਾਂਝ, ਭੈਣ ਭਰਾ ਕੋਈ ਦਿਸ ਨਾ ਆਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹੀਨਾ ਜੇਠ ਕਹਿਰ ਵਰਤਾਵੇ । ਮਹੀਨਾ ਜੇਠ ਹੋਏ ਅਖ਼ੀਰ । ਕਲਜੁਗ ਜੀਵ ਨਾ ਦੇਵੇ ਕੋਈ ਧੀਰ । ਬਿਰਧਾਂ ਬਾਲ ਅੰਞਾਣੇ ਨਜ਼ਰ ਨਾ ਆਵੇ ਭੈਣ ਭਾਈ ਵੀਰ । ਚਾਰ ਕੁੰਟ ਪੈ ਜਾਏ ਦੁਹਾਈ, ਪੈ ਜਾਏ ਸਰਬ ਵਹੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਇਆ ਇਕ ਤੀਰ । ਵਡ ਸੂਰਾ ਆਪ ਸਰਬੰਗ । ਗੁਰਸਿਖ ਚਾੜ੍ਹੇ ਆਤਮ ਸਾਚੇ ਰੰਗ । ਬੇਮੁਖ ਕਲਜੁਗ ਜੀਵ ਅੰਤਕਾਲ ਕਲ ਹੋਏ ਨੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰੇ ਭੰਗ । ਸਾਚੇ ਪ੍ਰਭ ਸਚ ਵਰਤਾਣਾ । ਇਕ ਚਲਾਏ ਆਪਣਾ ਭਾਣਾ । ਕੋਈ ਨਾ ਦੀਸੇ ਰਾਜਾ ਰਾਣਾ । ਸਰ ਅੰਮ੍ਰਿਤ ਪ੍ਰਭ ਬੇਹ ਕਰਾਣਾ । ਲਿਖਿਆ ਲੇਖ ਨਾ ਕਿਸੇ ਮਿਟਾਣਾ । ਸੰਤ ਮਨੀ ਸਿੰਘ ਸਤਿਗੁਰ ਬਨਾਣਾ । ਸਤਿਜੁਗ ਸਾਚਾ ਸਤਿਗੁਰ ਉਪਜਾਣਾ । ਸਾਧ ਸੰਗਤ ਪ੍ਰਭ ਸਰਨ ਲਗਾਣਾ । ਚਾਰ ਵਰਨ ਪ੍ਰਭ ਮਾਣ ਦਵਾਣਾ । ਸ਼ਬਦ ਸੁਰਤ ਪ੍ਰਭ ਮੇਲ ਮਿਲਾਣਾ । ਤੁਰਤ ਫੁਰਤ ਹਰਨ ਫਰਨ ਖੁਲ੍ਹਾਣਾ । ਗੁਰਮੁਖ ਵਿਰਲੇ ਚਰਨ ਜੁੜ । ਦਿਵਸ ਰੈਣ ਦਰਸ ਦਿਖਾਣਾ । ਏਕਾ ਜੋਤ ਅਕਾਰ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਪਹਿਰਿਆ ਬਾਣਾ । ਜੋਤ ਸਰੂਪੀ ਗੁਰਮੁਖ ਸਾਚੇ ਵਿਚ ਸਮਾਣਾ । ਜੋਤ ਸਰੂਪੀ ਜੋਤ ਗੁਰਸਿਖ ਸਮਾਏ । ਜੋਤ ਨਿਰੰਜਣ ਵਿਚ ਮਾਤ ਦੇ ਆਏ । ਜੋਤ ਸਰੂਪੀ ਜਾਮਾ ਪਾਏ । ਬੇਮੁਖਾਂ ਪ੍ਰਭ ਰਿਹਾ ਭੁਲਾਏ । ਗੁਰਸਿਖਾਂ ਪ੍ਰਭ ਆਪ ਜਗਾਏ । ਆਪ ਆਪਣੀ ਬੂਝ ਬੁਝਾਏ । ਰਾਤੀ ਸੁੱਤਿਆਂ ਦਰਸ ਦਿਖਾਏ । ਆਤਮ ਹਉਮੇ ਤ੍ਰਿਖਾ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸ ਪੁਜਾਏ । ਸਾਚਾ ਪ੍ਰਭ ਸ਼ਬਦ ਭਰਪੂਰਾ । ਦੇਵੇ ਸ਼ਬਦ ਅਨਹਦ ਤੂਰਾ । ਝੂਠੀ ਕਾਇਆ ਹੋਏ ਨੂਰੀ ਨੂਰਾ ।

੧੪੯
੦੨

ਦਿਵਸ ਰੈਣ ਏਕਾ ਦਿਸੇ ਸਤਿ ਸਰੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰਾ । ਸਰਬ ਕਲਾ ਪ੍ਰਭ ਭਰਪੂਰ । ਗੁਰਸਿਖਾਂ ਪ੍ਰਭ ਸਦਾ ਹਜ਼ੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਾਲੀ ਭਾਂਡੇ ਕਰੇ ਭਰਪੂਰ । ਵਡ ਵਡ ਵਡ ਆਪ ਵਡ ਦਾਨਾ । ਵਡ ਵਡ ਵਡ ਆਪ ਗਿਆਨਾ । ਵਡ ਵਡ ਵਡ ਆਪ ਪ੍ਰਭ ਪੁਰਖ ਸੁਜਾਨਾ । ਵਡ ਵਡ ਵਡ ਆਪ ਸਰਬ ਜੀਆਂ ਕਮਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਆਪ ਵਡ ਬ੍ਰਹਮ ਗਿਆਨਾ । ਸਾਚਾ ਪ੍ਰਭ ਬ੍ਰਹਮ ਗਿਆਤਾ । ਊਚੋ ਊਚ ਪੁਰਖ ਬਿਧਾਤਾ । ਸੂਚੋ ਸੂਚ ਜਗਤ ਪਿਤ ਮਾਤਾ । ਕੂਚੋ ਕੂਚ ਕਲਜੁਗ ਕਰਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਗੋਦ ਸਵਾਤਾ । ਆਪ ਆਪਣੀ ਗੋਦ ਸਵਾਏ । ਕਲਜੁਗ ਅੰਤਮ ਅੰਤ ਕਰਾਏ । ਜੁਗ ਚੌਥਾ ਮਾਤ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਨਿਹਕਲੰਕ ਕਲ ਨਾਉਂ ਧਰਾਏ । ਕਲਜੁਗ ਅੰਤਮ ਅੰਤ ਪ੍ਰਭ ਕੀਆ । ਪੂਰਬ ਲਹਿਣਾ ਪ੍ਰਭ ਦਰ ਲੀਆ । ਮਿਲਿਆ ਫਲ ਬੀਜ ਜੋ ਬੀਆ । ਆਪ ਲਗਾਏ, ਆਪ ਗਵਾਏ, ਆਪ ਧਰਾਏ, ਆਪ ਤਰਾਏ, ਆਪ ਰਹਾਏ, ਆਪ ਮਿਟਾਏ ਕਲਜੁਗ ਜਿਸ ਰਖਾਈ ਨੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲਜੁਗ ਪਰਗਟ ਜੋਤ ਅੰਤ ਕਲ ਕੀਆ । ਅੰਤਕਾਲ ਕਲਜੁਗ ਕਰਾਇਆ । ਪ੍ਰਭ ਸਾਚੇ ਸਚ ਸ਼ਬਦ ਲਿਖਾਇਆ । ਭਰਮ ਭੁਲੇਖਾ ਸਰਬ ਮਿਟਾਇਆ । ਵੇਖੀ ਵੇਖਾ ਜੀਵ ਭੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਲਿਖਾਇਆ । ਲੇਖ ਲਿਖਾਵੇ ਆਪ ਜਗ । ਸੋਹੰ ਪਹਿਨਾਵੇ ਆਤਮ ਸਾਚਾ ਤਗ । ਸਾਚਾ ਸ਼ਬਦ ਜਣਾਵੇ ਗੁਰਮੁਖ ਸਾਚੇ ਪ੍ਰਭ ਚਰਨੀ ਜਾਇਣ ਲੱਗ । ਆਤਮ ਭਰਮ ਚੁਕਾਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੁਖ ਲਗਾਵੇ ਸਾਚਾ ਸਗ । ਸੋਹੰ ਸ਼ਬਦ ਸਾਚਾ ਸਗਣਾ । ਗੁਰਮੁਖ ਸਾਚੇ ਆਤਮ ਰੰਗਣਾ । ਆਪ ਕਟਾਵੇ ਭੁੱਖ ਨੰਗਣਾ । ਪਾਪ ਪਹਾੜਾਂ ਗੁਰਮੁਖ ਲੰਘਣਾ । ਵਿਚ ਉਜਾੜਾਂ ਦਰਸ ਪ੍ਰਭ ਮੰਗਣਾ । ਬਹੱਤਰ ਨਾੜੀ ਪ੍ਰਭ ਸਾਚਾ ਚਾੜ੍ਹੇ ਸਾਚੀ ਰੰਗਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੀਪ ਜੋਤ ਸਰੂਪੀ ਸਤਿਜੁਗ ਸਾਚੇ ਜਗਣਾ । ਏਕਾ ਦੀਪ ਹੋਏ ਪਰਕਾਸ਼ । ਕਲਜੁਗ ਅੰਧੇਰ ਜਾਏ ਵਿਨਾਸ । ਸੋਹੰ ਸਤਿਜੁਗ ਦੇਵੇ ਸਤਿ ਪੁਰਖਾ ਪ੍ਰਭ ਸਤਿ ਧਰਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮਾਇਆ ਕੀਨੀ ਨਾਸ । ਕਲਜੁਗ ਮਾਇਆ ਆਪ ਜਲਾਈ । ਪੂਰੇ ਗੁਰ ਇਹ ਵਡਿਆਈ । ਗੁਰਮੁਖ ਸਾਚੇ ਬੂਝ ਬੁਝਾਈ । ਆਤਮ ਸਾਚਾ ਦੀਪ ਜਗਾਈ । ਏਕਾ ਧੁਨ ਸ਼ਬਦ ਧੁਨ ਉਪਜਾਈ । ਸਾਚੀ ਸੁੰਨ ਆਪ ਖੁਲ੍ਹਾਈ । ਰੁਣ ਝੁਣ ਦਿਵਸ ਰੈਣ ਰਖਾਈ । ਨਿਹਕਲੰਕ ਤੇਰੇ ਗੁਣ ਜੀਵ ਜੰਤ ਨਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਰਿਹਾ ਲੇਖ ਲਿਖਾਈ । ਸਤਿਜੁਗ ਤੇਰਾ ਸਚ ਵਰਤਾਰਾ । ਸਾਚਾ ਪ੍ਰਭ ਸਚ ਭੰਡਾਰਾ । ਵਰਤੇ ਵਰਤਾਵੇ ਵਿਚ ਸੰਸਾਰਾ । ਜਨ ਭਗਤ ਆਇਣ ਨਿਹਕਲੰਕ ਤੇਰੇ ਚਰਨ ਦਵਾਰਾ । ਏਕਾ ਸ਼ਬਦ ਸੋਹੰ ਸਚ ਸਚ ਸਚ ਕਰੇ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਜੋਤ ਜਗਾਏ ਅਪਰ ਅਪਾਰਾ । ਰਜੋ ਰਾਜ ਆਪ ਤਜਾਏ । ਤਜੋ ਤਾਜ ਕੋਈ ਰਹਿਣ ਨਾ ਪਾਏ । ਅਸਵ ਅਸਵਾਰ ਪ੍ਰਭ ਜੋਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਦਿਸ ਨਾ ਆਏ । ਚਿੱਟੇ ਅਸਵ ਕਰੇ ਅਸਵਾਰੀ । ਨਿਹਕਲੰਕ ਜੋਤ ਨਿਰੰਕਾਰੀ । ਮਾਤਲੋਕ ਆਏ ਜਾਮਾ ਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਗੁਰ ਸੱਚਾ ਦਰਬਾਰੀ । ਸਾਚਾ ਪ੍ਰਭ ਸਚ ਦਰਬਾਰ । ਜੋਤ ਜਗਾਏ ਆਪ

ਨਿਰੰਕਾਰ । ਭੇਵ ਖੁਲ੍ਹਾਏ ਨੈਣ ਮੁੰਧਾਰ । ਦੇਵੀ ਦੇਵ ਨਾ ਪਾਇਣ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਆਪ ਆਪ ਜਾਣੇ ਕਰਤਾਰ । ਆਪਣਾ ਰੰਗ ਆਪ ਦਿਖਾਨਿਆਂ । ਜੋਤ ਸਰੂਪੀ ਪਹਰਿਆ ਬਾਨਿਆਂ । ਸਾਚਾ ਧਾਮ ਆਪ ਉਪਜਾਨਿਆਂ । ਕਲਜੁਗ ਅੰਤਮ ਅੰਤ ਨਿਸ਼ਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਏ ਆਪ ਭਗਵਾਨਿਆਂ । ਕਲਜੁਗ ਅੰਤਮ ਅੰਤ ਨਿਸ਼ਾਨੀ । ਕਲਜੁਗ ਪਰਗਟੇ ਵਾਲੀ ਦੋ ਜਹਾਨੀ । ਆਪ ਮਿਟਾਏ ਖਾਣੀ ਬਾਣੀ । ਮਾਣ ਗਵਾਏ ਵੇਦ ਪੁਰਾਨੀ । ਰਹਿਣ ਨਾ ਦੇਵੇ ਅੰਜੀਲ ਕੁਰਾਨੀ । ਏਕਾ ਜੋਤ ਅਗਨ ਲਗਾਣੀ । ਸ੍ਰਿਸ਼ਟ ਸਬਾਈ ਹੋਏ ਵੈਰਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਵੰਤ ਗੁਣ ਨਿਧਾਨੀ । ਸਾਚਾ ਪ੍ਰਭ ਚੰਡ ਪਰਚੰਡਾ । ਸੋਹੰ ਲਗਾਵੇ ਬੇਮੁਖਾਂ ਸਿਰ ਡੰਡਾ । ਕਲਜੁਗ ਜੀਵ ਤੋਲੇ ਸੋਹੰ ਸਾਚੇ ਕੰਡਾ । ਸ੍ਰਿਸ਼ਟ ਸਬਾਈ ਹੋਈ ਰੰਡਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਉਠਾਏ ਦੋ ਧਾਰਾ ਖੰਡਾ । ਸੋਹੰ ਸ਼ਬਦ ਖੰਡਾ ਦੋ ਧਾਰ । ਗੁਰਮੁਖਾਂ ਜਾਏ ਤਾਰ । ਬੇਮੁਖਾਂ ਮਾਰੇ ਡਾਹਢੀ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਨਾ ਪਾਵੇ ਤੇਰੀ ਸਾਰ । ਆਪ ਚਲਾਵੇ ਖੰਡਾ ਦੋ ਧਾਰਾ । ਵਰਤੇ ਵਰਤਾਵੇ ਵਿਚ ਸੰਸਾਰਾ । ਬੇਮੁਖ ਜੀਵ ਨਾਂ ਦੀਸੇ ਕੋਈ ਕਿਨਾਰਾ । ਗੁਰਸਿਖਾਂ ਦੇਵੇ ਸੋਹੰ ਸ਼ਬਦ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਰਾਇਣ ਨਰ ਜਾਮਾ ਧਾਰਿਆ । ਆਪ ਆਪਣਾ ਬਿਰਦ ਆਪ ਸੰਭਾਰਿਆ । ਕਲਜੁਗ ਜੀਵਾਂ ਭਰਮ ਭੁਲਾ ਰਿਹਾ । ਝੂਠਾ ਕਾਮ ਵਿਚ ਜਲਾ ਰਿਹਾ । ਆਪਣਾ ਨਾਮ ਆਪ ਭੁਲਾ ਲਿਆ । ਝੂਠੇ ਧੰਦੇ ਆਪ ਲਗਾ ਲਿਆ । ਕਲਜੁਗ ਅੰਤਮ ਅੰਤ ਕਰਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪ ਰਚਾ ਲਿਆ । ਕਲਜੁਗ ਆਪ ਭੁਲਾਏ । ਝੂਠੀ ਕਾਇਆ ਅਗਨ ਲਗਾਏ । ਮਦਿਰਾ ਮਾਸ ਮੁਖ ਸਗਨ ਲਗਾਏ । ਪ੍ਰਭ ਸਾਚੇ ਕਾ ਸਾਚਾ ਰਾਹ, ਗੁਰਮੁਖ ਸਾਚੇ ਦਇਆ ਕਮਾਏ । ਗੁਰਮੁਖ ਸਾਚਾ ਸਾਚਾ ਘਰ, ਪ੍ਰਭ ਆਤਮ ਤ੍ਰਿਖਾ ਬੁਝਾਏ । ਏਕਾ ਦੇਵੇ ਸਾਚਾ ਵਰ, ਸੋਹੰ ਝੋਲੀ ਪਾਏ । ਦਰ ਆਇਣ ਜਾਇਣ ਤਰ, ਮਹਾਰਾਜ ਸ਼ੇਰ ਸਿੰਘ ਜਿਸ ਜਨ ਦਇਆ ਕਮਾਏ । ਦਇਆ ਕਮਾਏ ਦਇਆਨੰਦ । ਸਾਚਾ ਪ੍ਰਭ ਸਦਾ ਬਖ਼ਸ਼ੰਦ । ਜੋ ਜਨ ਰਸਨ ਲਾਇਣ ਮਦਿਰਾ ਮਾਸ ਗੰਦ । ਨਜ਼ਰ ਨਾ ਆਵੇ ਲਖਮੀ ਨਰਾਇਣ ਮਨੋਹਰ ਮੁਕੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਫੜਾਏ ਧਰਮ ਰਾਏ ਦੇ ਸਜਾਏ ਕਟਾਏ ਬੰਦ ਬੰਦ । ਸਾਚਾ ਪ੍ਰਭ ਸਾਚੇ ਕਰਮਾ । ਸਾਚਾ ਪ੍ਰਭ ਸਚ ਲਿਖਾਏ ਗੁਰਸਿਖ ਤੇਰੇ ਕਰਮਾ । ਅੰਤਮ ਅੰਤਕਾਲ ਕਲਜੁਗ ਚੌਥੇ ਜੁਗ ਪ੍ਰਭ ਮਾਣ ਗਵਾਏ ਬ੍ਰਹਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮਲੋਕ ਮਿਟਾਏ ਵਿਚ ਜੋਤੀ ਮੇਲ ਮਿਲਾਏ ਸਰਬ ਮਿਟਾਏ ਭਰਮਾ । ਚੌਥੇ ਜੁਗ ਪ੍ਰਭ ਕਰਮ ਕਮਾਇਆ । ਬ੍ਰਹਮਲੋਕ ਦੇ ਉਲਟਾਇਆ । ਬ੍ਰਹਮ ਸਰੂਪ ਬ੍ਰਹਮ ਸਮਾਇਆ । ਜੋਤ ਸਰੂਪੀ ਮੇਲ ਕਰ, ਆਪ ਆਪਣੇ ਵਿਚ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚੇ ਮਾਇਆ ਜਗਤ ਭੁਲਾਇਆ । ਸਤਿਜੁਗ ਸਾਚਾ ਆਪ ਲਗਾਏ । ਗੁਰਮੁਖ ਸਾਚੇ ਸਚ ਮਾਣ ਦਵਾਏ । ਸਿੰਘ ਪਾਲ ਬ੍ਰਹਮਲੋਕ ਬਹਾਏ । ਸ੍ਰਿਸ਼ਟ ਸਬਾਈ ਹੱਥ ਫੜਾਏ । ਆਪ ਆਪਣਾ ਸਿਰ ਹੱਥ ਟਿਕਾਏ । ਜੋਤ ਸਰੂਪੀ ਜੋਤ ਪ੍ਰਭ, ਗੁਰਸਿਖ ਸਾਚੇ ਵਿਚ ਸਮਾਏ । ਮਾਤਲੋਕ ਪ੍ਰਭ ਭੇਖ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਆਪਣੀ ਖੇਲ ਆਪ ਵਰਤਾਏ । ਆਪਣਾ ਭਾਣਾ ਆਪ ਵਰਤਾਇਆ । ਬ੍ਰਹਮਾ ਬ੍ਰਹਮ ਸਰੂਪ ਸਮਾਇਆ ।

ਜੋਤ ਸਰੂਪੀ ਵਿਚ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਾਚੇ ਧਾਮ ਬਹਾਇਆ । ਸਾਚੇ ਧਾਮ ਗੁਰਸਿਖ ਬਹਾ ਕੇ । ਪੂਰਨ ਕਾਮ ਆਪ ਕਰਾ ਕੇ । ਸਤਿਜੁਗ ਸਾਚੀ ਬਣਤ ਬਣਾ ਕੇ । ਆਪ ਆਪਣੀ ਜੋਤ ਪਰਗਟਾ ਕੇ । ਵੇਲੇ ਅੰਤਮ ਅੰਤ ਕਰਾ ਕੇ । ਸਾਧ ਸੰਤ ਪ੍ਰਭ ਚਰਨ ਬਹਾ ਕੇ । ਸਾਚਾ ਸ਼ਬਦ ਆਪ ਸੁਣਾ ਕੇ । ਗੁਰਮੁਖ ਸਾਚੇ ਸੰਗ ਰਲਾ ਕੇ । ਏਕਾ ਰੰਗ ਨਾਮ ਚੜ੍ਹਾ ਕੇ । ਅੰਗ ਸੰਗ ਪ੍ਰਭ ਆਪ ਰਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤਕਾਲ ਜਾਏ ਆਪਣੀ ਖੇਲ ਵਰਤਾ ਕੇ । ਸਾਧ ਸੰਗਤ ਹੋਏ ਇਕੱਠ । ਪ੍ਰਭ ਚਰਨ ਆਏ ਨੱਠ । ਸ੍ਰਿਸ਼ਟ ਸਬਾਈ ਹੋਏ ਭੱਠ । ਅਗਨ ਜੋਤ ਲਗਾਏ ਮੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਨਾ ਛੋੜੇ ਤੇਰਾ ਹੱਠ । ਗੁਰਸਿਖ ਏਕਾ ਆਤਮ ਧੀਰਾ । ਗੁਰ ਦਰ ਆਏ ਘੱਤ ਵਹੀਰਾ । ਪ੍ਰਭ ਸਾਚਾ ਅੰਮ੍ਰਿਤ ਮੁਖ ਚੁਆਏ ਸਾਚਾ ਸੀਰਾ । ਹਉਮੇ ਰੋਗ ਗਵਾਏ ਵਿਚੋਂ ਕੱਢੇ ਪੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਤੇਰੇ ਚਰਨ ਲਗਾਏ ਜੀਅੜਾ । ਸਾਚਾ ਜੀਆ ਪ੍ਰਭ ਕਾ ਹੀਆ । ਅੰਮ੍ਰਿਤ ਰਸ ਪ੍ਰਭ ਦਰ ਪੀਆ । ਆਤਮ ਜੋਤ ਜਗਾਇਆ ਦੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਆਪ ਆਪਣੇ ਜਿਹਾ ਕੀਆ । ਆਪ ਆਪਣੇ ਰੰਗ ਰੰਗਾਣਾ । ਸਾਚਾ ਸੰਗ ਗੁਰਸਿਖ ਨਿਭਾਣਾ । ਸਿੰਘਾਸਣ ਆਪਣਾ ਪ੍ਰਭ ਉਠਾਣਾ । ਅੰਤਮ ਅੰਤ ਜੁਗ ਪ੍ਰਭ ਆਪ ਕਰਾਣਾ । ਸਾਚਾ ਭਾਣਾ ਵਰਤਾਏ ਕਲਸੀਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਣਾ । ਆਪ ਆਪਣਾ ਭੇਵ ਖੁਲ੍ਹਾਏ । ਸ੍ਰਿਸ਼ਟ ਸਬਾਈ ਲੇਖ ਲਿਖਾਏ । ਦੇਖ ਦੇਖ ਦੇਖ ਕੋਈ ਭੁਲ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਤੁੱਲ ਅਭੁੱਲ ਅਡੁੱਲ ਅਰੁੱਲ ਰੁਲ ਨਾ ਜਾਏ । ਸਾਚਾ ਹੁਕਮ ਆਪ ਸੁਣਾਇਆ । ਪ੍ਰਭ ਸਾਚੇ ਸਚ ਕਰਮ ਕਮਾਇਆ । ਸਾਧ ਸੰਗਤ ਹਰਿਜਨ ਹਰਿ ਦਰਸ ਕਮਾਇਆ । ਅੰਤਮ ਅੰਤਕਾਲ ਕਲਜੁਗ ਤੇਰਾ ਆਇਆ । ਸੰਤ ਮਨੀ ਸਿੰਘ ਪਰਗਟ ਜੋਤ ਨਿਹਕਲੰਕ ਤਿਲਕ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਗੁਰ ਉਪਜਾਇਆ । ਸੰਤ ਮਨੀ ਸਿੰਘ ਤਿਲਕ ਲਗਾਏ । ਆਤਮ ਸਾਚੀ ਜੋਤ ਜਗਾਏ । ਵਿਚ ਲਲਾਟ ਲੇਖ ਲਿਖਾਏ । ਆਪਣਾ ਭੇਖ ਰਿਹਾ ਵਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਏ । ਸਾਚਾ ਪ੍ਰਭ ਸਚ ਪਰਧਾਨਾ । ਦੇਵੇ ਸ਼ਬਦ ਗੁਣ ਨਿਧਾਣਾ । ਬਣਤ ਬਣਾਏ ਆਪ ਬਿਧਨਾਨਾ । ਕੋਇ ਨਾ ਜਾਣੇ ਪ੍ਰਭ ਕਾ ਭਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਕਰਾਣਾ । ਲਿਖਾਏ ਲੇਖ ਸ਼ਬਦ ਲਿਖਾਰੀ । ਸ੍ਰਿਸ਼ਟ ਸਬਾਈ ਹੋਈ ਦੁਖਿਆਰੀ । ਪਰਗਟੇ ਜੋਤ ਨਿਹਕਲੰਕ ਅਵਤਾਰੀ । ਚਾਰ ਕੁੰਟ ਹੋਏ ਹਾਹਾਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਅਪਰ ਅਪਾਰੀ । ਅਪਰ ਅਪਾਰ ਜੋਤ ਜਗਾ । ਸਾਚਾ ਭਾਣਾ ਆਪ ਵਰਤਾ । ਰਾਜਾ ਰਾਣਾ ਤਖ਼ਤੋਂ ਲਾਹ । ਜੋਤ ਸਰੂਪੀ ਬਾਣਾ ਵਿਚ ਮਾਤ ਦੇ ਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘਾਸਣ ਆਪਣਾ ਲਏ ਉਠਾ । ਸਿੰਘਾਸਣ ਪ੍ਰਭ ਉਠਾਏ । ਸਵਾਸਨ ਸਵਾਸਨ ਪ੍ਰਭ ਨਾਮ ਜਪਾਏ । ਆਸ ਆਸ ਆਸ ਪ੍ਰਭ ਪੂਰਨ ਆਸ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਲਿਖਾਈ ਲਿਖਤ ਵਾਕ ਭਵਿਖਤ ਸਤਿ ਪੂਰਨ ਆਪ ਕਰਾਏ । ਗੁਰ ਸੰਗਤ ਪ੍ਰਭ ਕਿਰਪਾ ਧਾਰੇ । ਦੇਵੇ ਸ਼ਬਦ ਅਗੰਮ ਅਪਾਰੇ । ਸ੍ਰਿਸ਼ਟ ਸਬਾਈ ਸੁੱਤੀ ਪੈਰ ਪਸਾਰੇ । ਕਲਜੁਗ ਜੀਵ ਹੋਏ ਅੰਧ ਅੰਧਿਆਰੇ । ਅੰਤਮ ਬੁਝੀ ਦੀਵ ਝੂਠੇ ਮਹੱਲ ਮੁਨਾਰੇ । ਗੁਰਸਿਖ ਚਲ ਆਇਣ

ਪ੍ਰਭ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸ਼ਬਦ ਆਪ ਨਿਰੰਕਾਰੇ । ਦੇਵੇ ਦਰਸ ਆਪ ਨਿਰੰਕਾਰਾ । ਸਾਚਾ ਵਰਤੇ ਜਗਤ ਵਿਹਾਰਾ । ਉਪਰ ਧਰਤੇ ਜੋਤ ਅਕਾਰਾ । ਏਕੰਕਾਰ ਕਰੇ ਖੇਲ ਅਪਾਰਾ । ਬੇਮੁਖ ਦਰ ਤੇ ਜਾਇਣ ਝੱਖ ਮਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜਾਣੇ ਸਾਰਾ । ਆਪ ਆਪਣਾ ਆਪੇ ਜਾਣੇ । ਵੇਲਾ ਵਕ਼ਤ ਆਪ ਪਛਾਣੇ । ਸਾਧ ਸੰਗਤ ਸੰਗ ਰਲਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰਤੇ ਵਰਤਾਵੇ ਚਲੇ ਚਲਾਵੇ ਆਪਣੇ ਭਾਣੇ । ਸਾਧ ਸੰਗਤ ਦਰ ਬੁਲਾਏ । ਪ੍ਰਭ ਸਾਚਾ ਦੇਵੇ ਆਪ ਵਡਿਆਏ । ਏਕਾ ਸ਼ਬਦ ਹੁਕਮ ਸੁਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਓਟ ਆਪ ਰਖਾਏ । ਜਿਸ ਜਨ ਜਾਣਿਆਂ ਆਪ ਪਛਾਣਿਆਂ ਹੋਏ ਨਿਮਾਣਿਆਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਅੰਤਕਾਲ ਕਲਜੁਗ ਪਾਰ ਲੰਘਾਏ, ਸੋਹੰ ਦੇਵੇ ਵੰਝ ਮੁਹਾਣਿਆਂ । ਗੁਰ ਸੰਗਤ ਪ੍ਰਭ ਹੁਕਮ ਸੁਣਾਏ । ਆਪਣੀ ਬਣਤ ਪ੍ਰਭ ਆਪ ਬਣਾਏ । ਸਾਧ ਸੰਗਤ ਸੰਗ ਰਲਾਏ । ਦਿਵਸ ਰੈਣ ਰਹੇ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠ ਇਕੰਤ ਜੋਤ ਜਗਾਏ । ਸੰਤ ਜਨਾਂ ਪ੍ਰਭ ਸੁਣੇ ਪੁਕਾਰਾ । ਮਾਤਲੋਕ ਲਏ ਅਵਤਾਰਾ । ਬੇਮੁਖਾਂ ਦੁਖ ਲੱਗੇ ਭਾਰਾ । ਗੁਰਸਿਖ ਆਤਮ ਹੋਏ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੂਪ ਅਨੂਪ ਦਰਸ ਅਪਾਰਾ । ਦਰਸ਼ਨ ਅਪਾਰ ਜੋਤ ਕਰਤਾਰ । ਆਪ ਨਿਰੰਕਾਰ ਵਿਚ ਸੰਸਾਰ ਲਿਆ ਅਵਤਾਰ । ਛੱਡੀ ਦੇਹ ਅਪਾਰ । ਕੀਆ ਜੋਤ ਅਕਾਰ । ਗੁਰਸਿਖ ਸਾਚੇ ਸਿੰਘ ਪੂਰਨ ਰਿਹਾ ਪਸਾਰ । ਸ੍ਰਿਸ਼ਟ ਸਬਾਈ ਕਰੇ ਖੁਆਰ । ਗੁਰਸਿਖਾਂ ਪ੍ਰਭ ਜਾਏ ਤਾਰ । ਵੇਲਾ ਵਕ਼ਤ ਜਗਤ ਸੁਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰਸਿਖ ਤੇਰਾ ਬੇੜਾ ਕਰ ਜਾਏ ਪਾਰ । ਅੰਤਕਾਲ ਅੰਤ ਪ੍ਰਭ ਕਰਨਾ । ਸਾਚੇ ਸੰਤ ਪ੍ਰਭ ਸਾਚਾ ਵਰਨਾ । ਬੇਮੁਖ ਜੀਵਾਂ ਅੰਤਕਾਲ ਕਲਜੁਗ ਦੁਖ ਡਾਹਢਾ ਭਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰ ਬਿਆਸੋਂ ਚਰਨ ਜਾ ਧਰਨਾ । ਪਾਰ ਬਿਆਸੋਂ ਚਰਨ ਟਿਕਾਏ । ਸ੍ਰਿਸ਼ਟ ਸਬਾਈ ਪ੍ਰਭ ਉਲਟਾਏ । ਥਲ ਜਲ ਜਲ ਥਲ ਕਰਾਏ । ਦਲ ਮਲ ਪ੍ਰਭ ਸਰਬ ਕਰਾਏ । ਇਕ ਅਟੱਲ ਆਪ ਰਹਿ ਜਾਏ । ਨਾ ਲਾਏ ਘੜੀ ਪਲ, ਪ੍ਰਭ ਅਗਨ ਮੇਘ ਬਰਸਾਏ । ਭਾਣਾ ਜਾਏ ਨਾ ਟਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਿਹਾ ਸ਼ਬਦ ਲਿਖਾਏ । ਸ੍ਰਿਸ਼ਟ ਸਬਾਈ ਜਾਏ ਹੱਲ, ਏਕਾ ਬਾਣ ਸ਼ਬਦ ਚਲਾਏ । ਜੋਤ ਸਰੂਪੀ ਕੀਆ ਛੱਲ, ਕਲਜੁਗ ਜੀਆਂ ਦਿਸ ਨਾ ਆਏ । ਜੋਤ ਸਰੂਪ ਆਪ ਅਚੱਲ, ਆਪਣੇ ਭਾਣੇ ਸਰਬ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਭਵਿਖਤ ਰਿਹਾ ਲਿਖਾਏ । ਪਾਰ ਬਿਆਸੋਂ ਚਰਨ ਧਰ । ਸਰ ਅੰਮ੍ਰਿਤ ਪ੍ਰਭ ਥੇਹ ਕਰ । ਮਸਤੂਆਣਾ ਉਪਜਾਵੇ ਸਾਚਾ ਸਰ । ਜੋਤ ਜਗਾਵੇ ਅੱਪਰ ਅਪਰ । ਚਾਰ ਵਰਨ ਦਿਸਾਏ ਏਕਾ ਵਰ । ਜੋਤ ਪਰਗਟਾਵੇ ਨਿਹਕਲੰਕ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸਾਚਾ ਵਰ । ਸਾਚਾ ਦਰ ਇਕ ਦਿਸਾਵੇ । ਜੋਤ ਸਰੂਪੀ ਜੋਤ ਜਗਾਵੇ । ਦਿਵਸ ਚਾਲੀ ਪ੍ਰਭ ਲਿਖਤ ਲਿਖਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ ਉਮਰਾਓ ਸਭ ਸਰਨ ਲਗਾਵੇ । ਦਿਵਸ ਚਾਲੀ ਸ਼ਬਦ ਲਿਖਾਏ । ਸ੍ਰਿਸ਼ਟ ਪਾਲੀ ਆਪ ਰਖਵਾਲੀ ਸਾਚਾ ਮਾਲੀ ਆਪ ਬਣ ਜਾਏ । ਦੋ ਜਹਾਨਾਂ ਵਾਲੀ ਨਿਹਕਲੰਕ ਕਲ ਜੋਤ ਪਰਗਟਾਏ । ਮਸਤੂਆਣਾ ਸਾਂਤਕ ਸਤਿ । ਪ੍ਰਭ ਸਾਚਾ ਰੱਖੇ ਸਾਚੀ ਪਤਿ । ਚਾਰ ਵਰਨ ਰਖਾਵੇ ਏਕਾ ਤਤ । ਏਕਾ ਸਚ ਬਿਜਾਏ ਸੋਹੰ ਸਾਚੇ ਵੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਚਾਰ ਵਰਨ ਦੇਵੇ ਸਾਚੀ ਮਤਿ । ਚਾਰ ਵਰਨ ਆਪ ਉਪਦੇਸ਼ੇ । ਜੋਤ ਸਰੂਪ ਸਰਬ ਪਰਵੇਸ਼ੇ । ਭੇਵ ਨਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਅਦੇਸੇ । ਚਾਰ ਵਰਨ ਸਚ ਦਰਬਾਰਾ । ਇਕ ਦਿਸਾਏ ਪ੍ਰਭ ਨਿਰੰਕਾਰਾ । ਮਸਤੂਆਣਾ ਧਾਮ ਅਪਾਰਾ । ਨਿਹਕਲੰਕ ਲਏ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਅਗੰਮ ਅਪਾਰਾ । ਏਕਾ ਜੋਤ ਆਪ ਜਗਾ ਕੇ । ਸ੍ਰਿਸ਼ਟ ਸਬਾਈ ਲੇਖ ਲਿਖਾ ਕੇ । ਜੋਤ ਸਰੂਪੀ ਜੋਤ ਪਰਗਟਾ ਕੇ । ਰਾਣਾ ਸੰਗਰੂਰ ਪਕੜ ਉਠਾ ਕੇ । ਦੇਵੇ ਦਰਸ ਸੁੱਤਿਆਂ ਜਾ ਕੇ । ਜਗਾਏ ਜੋਤ ਆਪਣਾ ਆਪ ਟਿਕਾ ਕੇ । ਚਰਨੀ ਡਿਗੇ ਆਪ ਭੁਲ ਬਖ਼ਸ਼ਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਲਗਾਏ ਦਇਆ ਕਮਾ ਕੇ । ਰਾਣਾ ਸੰਗਰੂਰ ਪ੍ਰਭ ਚਰਨ ਲਗਾ ਕੇ । ਆਤਮ ਭਰਪੂਰ ਪ੍ਰਭ ਆਪ ਕਰਾ ਕੇ । ਸਾਚਾ ਨੂਰ ਪ੍ਰਭ ਜੋਤ ਦਵਾ ਕੇ । ਆਤਮ ਸੁਰਤ ਪ੍ਰਭ ਸ਼ਬਦ ਖੁਲ੍ਹਾ ਕੇ । ਨਾ ਦਿਸੇ ਦੂਰ ਪ੍ਰਭ ਬੈਠਾ ਵਿਚ ਆਪਣਾ ਆਪ ਸਮਾ ਕੇ । ਸਰਬ ਕਲਾ ਭਰਪੂਰ ਪ੍ਰਭ ਨਜ਼ਰੀ ਆ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜਾਏ ਧੀਰ ਧਰਾ ਕੇ । ਸਿੰਘਾਸਣ ਪ੍ਰਭ ਆਪ ਬਣਾਏ । ਗੁਰਮੁਖਾਂ ਪ੍ਰਭ ਪਕੜ ਉਠਾਏ । ਸਾਚਾ ਹੁਕਮ ਆਪ ਸੁਣਾਏ । ਪੰਜ ਗਜ਼ ਚੌਗਿਰਦ ਲਕੀਰ ਲਗਾਏ । ਅੰਮ੍ਰਿਤ ਸਾਚਾ ਨੀਰ ਪ੍ਰਭ ਛਿੜਕਾਏ । ਵਡ ਰਾਜਨ ਰਾਜ ਵਡ ਪੀਰਨ ਪੀਰ ਕੋਈ ਨੇੜ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਆਪਣੀ ਆਪ ਵਰਤਾਏ । ਸਿੰਘਾਸਣ ਪ੍ਰਭ ਸਚ ਰਚਾਇਆ । ਆਪ ਆਪਣਾ ਉਪਰ ਟਿਕਾਇਆ । ਸਾਚਾ ਸੁਖਨ ਆਪ ਅਲਾਇਆ । ਭੁੱਖਿਆਂ ਭੁੱਖ ਪ੍ਰਭ ਦੇ ਗਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣਾ ਸਾਚਾ ਲੇਖ ਲਿਖਾਇਆ । ਸਾਚਾ ਲੇਖ ਆਪ ਲਿਖਾਏ । ਸਾਚਾ ਭੇਖ ਆਪ ਵਟਾਏ । ਗੁਰਮੁਖ ਸਾਚਾ ਵੇਖ ਪ੍ਰਭ ਵਿਚ ਸਮਾਏ । ਆਪ ਲਿਖਾਏ ਸਾਚੇ ਲੇਖ, ਕੋਈ ਜੀਵ ਭੇਵ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਦਰਬਾਰ ਮਸਤੂਆਣੇ ਆਪ ਲਗਾਏ । ਸਾਚਾ ਪ੍ਰਭ ਵਡ ਦਰਬਾਰੀ । ਆਪੇ ਆਪ ਆਪ ਨਿਰੰਕਾਰੀ । ਵਰਤੇ ਵਰਤਾਵੇ ਵਡ ਸੰਸਾਰੀ । ਸ੍ਰਿਸ਼ਟ ਸਬਾਈ ਕਰੇ ਪਨਹਾਰੀ । ਏਕਾ ਜੋਤ ਜਗਾਏ ਅਪਾਰੀ । ਚਾਰ ਵਰਨ ਆਏ ਦਵਾਰੀ । ਵਰਨ ਬਰਨ ਪ੍ਰਭ ਸਰਬ ਨਿਵਾਰੀ । ਏਕਾ ਸਰਨ ਨਿਹਕਲੰਕ ਅਵਤਾਰੀ । ਤਾਰਨ ਤਰਨ ਪ੍ਰਭ ਬਨਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰੀ । ਮਸਤੂਆਣਾ ਪ੍ਰਭ ਸੁਹਾਣਾ । ਰਾਜਾ ਰਾਣਾ ਸਰਨ ਲਗਾਣਾ । ਨੀਚੋਂ ਊਚ ਊਚੋਂ ਨੀਚ ਪ੍ਰਭ ਕਰਾਣਾ । ਰਾਓ ਰੰਕ ਇਕ ਥਾਂ ਬਹਾਣਾ । ਸਾਚਾ ਦਰ ਦਰਬਾਰ ਲਗਾਣਾ । ਏਕਾ ਸ਼ਬਦ ਪ੍ਰਭ ਸੁਨਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ ਰੰਕ ਇਕ ਕਰਾਣਾ । ਮਸਤੂਆਣਾ ਮਸਤ ਕਰਾਏ । ਆਪ ਆਪਣੀ ਵਸਤ ਟਿਕਾਏ । ਸੋਹੰ ਨਾਮ ਦਸਤ ਫੜਾਏ । ਸਾਚਾ ਅਸਤ ਆਪ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਬਣਤ ਆਪ ਬਣਾਏ । ਮਸਤੂਆਣੇ ਮਾਣ ਦਵਾਇਆ । ਮਾਤਲੋਕ ਪ੍ਰਭ ਵਡਿਆਇਆ । ਚਾਰ ਵਰਨ ਇਕ ਧਾਮ ਬਣਾਇਆ । ਅੱਠ ਸੱਠ ਤੀਰਥ ਰਹਿਣ ਨਾ ਪਾਇਆ । ਏਕਾ ਸੀਰਥ ਪ੍ਰਭ ਉਪਜਾਇਆ । ਵਡ ਨੀਰਨ ਨੀਰਥ ਪ੍ਰਭ ਚਰਨ ਛੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਸਤਿਜੁਗ ਉਪਜਾਇਆ । ਮਸਤੂਆਣਾ ਧਾਮ ਉਪਜਾਏ । ਪੂਰਨ ਕਾਮ ਆਪ ਕਰਾਏ । ਰਮਈਆ ਰਾਮ ਚਰਨ ਛੁਹਾਏ । ਨਿਮਾਣਿਆਂ ਨਿਤਾਣਿਆਂ ਪ੍ਰਭ ਗਲੇ ਲਗਾਏ । ਰਾਓ ਉਮਰਾਓ ਪ੍ਰਭ ਨਸ਼ਟ ਕਰਾਏ ।


੧੫੦ ੦੨

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਏਕਾ ਇਸ਼ਟ ਆਪ ਰਖਾਏ । ਏਕਾ ਇਸ਼ਟ ਆਪ ਕਰਤਾਰਾ । ਕਰੇ ਭਰਿਸ਼ਟ ਕਲ ਵਿਕਾਰਾ । ਖੁਲ੍ਹਾਵੇ ਦ੍ਰਿਸ਼ਟ ਗੁਰਸਿਖ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਭਰੇ ਸ਼ਬਦ ਭੰਡਾਰਾ । ਸ਼ਬਦ ਭੰਡਾਰੀ ਆਪ ਪ੍ਰਭ, ਵਡ ਗੁਣ ਦਾਤਾ । ਸ਼ਬਦ ਭੰਡਾਰੀ ਆਪ ਪ੍ਰਭ, ਮੁਖ ਦੇਵੇ ਬੂੰਦ ਸਵਾਂਤਾ । ਸ਼ਬਦ ਭੰਡਾਰੀ ਆਪ ਪ੍ਰਭ, ਆਤਮ ਦੇਵੇ ਬ੍ਰਹਮ ਗਿਆਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਆਪ ਪਛਾਤਾ । ਗੁਰਸਿਖ ਸਾਚਾ ਆਪ ਪਛਾਨਿਆਂ । ਰਾਣਾ ਸੰਗਰੂਰ ਵਿਚ ਰਾਣਿਆਂ ਮਹਾਂਰਾਣਿਆਂ । ਪ੍ਰਭ ਭਾਂਡਾ ਕਰੇ ਭਰਪੂਰ ਹੋਵੇ ਸੁਘੜ ਸਿਆਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਾਮ ਨਿਧਾਨਿਆਂ । ਸੋਹੰ ਸਾਚਾ ਦੇਵੇ ਦਾਨ । ਆਤਮ ਕੱਢੇ ਸਰਬ ਅਭਿਮਾਨ । ਏਕਾ ਦੇਵੇ ਚਰਨ ਧਿਆਨ । ਸੋਹੰ ਸ਼ਬਦ ਸੁਣਾਏ ਕਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਇਕ ਰਖਾਏ ਆਪਣੀ ਆਣ । ਆਪ ਆਪਣੀ ਆਣ ਰਖਾਏ । ਸੋਹੰ ਸਾਚਾ ਬਾਣ ਲਗਾਏ । ਹੋਏ ਨਿਮਾਣਾ ਜਨ ਚਰਨੀ ਸੀਸ ਝੁਕਾਏ । ਪਕੜ ਭਗਵਾਨ ਆਪਣੇ ਗਲੇ ਲਗਾਏ । ਜਗਤ ਰਖਾਏ ਮਾਣ, ਪ੍ਰਭ ਸਾਚਾ ਸੰਗ ਨਿਭਾਏ । ਧੁਰੋਂ ਹੋਏ ਫ਼ਰਮਾਣ, ਪ੍ਰਭ ਸਾਚਾ ਲਿਖਤ ਲਿਖਾਏ । ਨਾ ਕੋਈ ਊਚ ਨੀਚਾਨ, ਨਿਹਕਲੰਕ ਕਲ ਜਾਮਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਬਲੀ ਬਲਵਾਨ, ਰੰਕ ਰਾਜਾਨ ਸਭ ਸਰਨ ਲਗਾਏ । ਰਾਓ ਰੰਕ ਸਰਨ ਲਗਾ ਕੇ । ਸੋਹੰ ਸਾਚਾ ਨਾਉਂ ਜਪਾ ਕੇ । ਮਸਤੂਆਣਾ ਸਾਚਾ ਧਾਮ ਉਪਜਾ ਕੇ । ਸਤਿਜੁਗ ਸਾਚਾ ਮਾਣ ਦਵਾ ਕੇ । ਸਾਧ ਸੰਗਤ ਪ੍ਰਭ ਸੰਗ ਰਲਾ ਕੇ । ਰਾਣਾ ਸੰਗਰੂਰ ਪਕੜ ਉਠਾ ਕੇ । ਜਗਤ ਭੁਲੇਖਾ ਸਰਬ ਕਢਾ ਕੇ । ਜੋਤੀ ਜੋਤ ਜੋਤ ਪਰਗਟਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਜਾਏ ਭੇਵ ਖੁਲ੍ਹਾ ਕੇ । ਰਾਣਾ ਸੰਗਰੂਰ ਸੰਗ ਰਲਾਇਆ । ਸਾਚਾ ਪ੍ਰਭ ਹੋਏ ਸਹਾਇਆ । ਮੰਗੀ ਮੰਗ, ਸੋਹੰ ਦਾਨ ਪ੍ਰਭ ਝੋਲੀ ਪਾਇਆ । ਅੰਗੀ ਅੰਗ ਅੰਗ ਸੰਗ ਪ੍ਰਭ ਸਦ ਰਹਾਇਆ । ਅੰਮ੍ਰਿਤ ਆਤਮ ਸਾਚਾ ਨੀਰ ਪ੍ਰਭ ਗੰਗ ਵਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਮਨ ਕਿਨਾਰੇ ਡੇਰਾ ਲਾਇਆ । ਜਮਨ ਕਿਨਾਰੇ ਚਰਨ ਟਿਕਾਏ । ਰਾਣਾ ਸੰਗਰੂਰ ਸੰਗ ਰਲਾਏ । ਚਰਨ ਧੂੜ ਪ੍ਰਭ ਮਸਤਕ ਲਾਏ । ਆਤਮ ਗੂੜ੍ਹ ਪ੍ਰਭ ਰੰਗ ਚੜ੍ਹਾਏ । ਪਾਏ ਜੂੜ ਜਨ ਆਤਮ ਸੁੰਨ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਮਨ ਕਿਨਾਰੇ ਸਾਚਾ ਦੀਪ ਜਗਾਏ । ਜਮਨ ਕਿਨਾਰਾ ਧਾਮ ਉਪਜਾਣਾ । ਸਾਧਾਂ ਸੰਤਾਂ ਪ੍ਰਭ ਸ਼ਬਦ ਜਨਾਣਾ । ਕਲਜੁਗ ਜੀਵਾਂ ਪ੍ਰਭ ਆਪ ਭੁਲਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਣਾ । ਸਾਚਾ ਪ੍ਰਭ ਸਚ ਕਲ ਵਰਤੇ । ਕਰੇ ਖੇਲ ਉਪਰ ਧਰਤੇ । ਲਏ ਮੇਲ ਜੋ ਜਨ ਆਇਣ ਦਰ ਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਧਾਰੇ ਜੋ ਜਨ ਸਰਨੀ ਪੜਤੇ । ਜਮਨ ਕਿਨਾਰਾ ਧਾਮ ਨਿਆਰਾ । ਪ੍ਰਭ ਲਗਾਵੇ ਸਚ ਦਰਬਾਰਾ । ਜੋਤ ਜਗਾਵੇ ਅਗੰਮ ਅਪਾਰਾ । ਵਰਤੇ ਵਰਤਾਵੇ ਵਿਚ ਸੰਸਾਰਾ । ਨੇਹਕਲੰਕ ਅੰਤ ਨਾ ਪਾਰਾਵਾਰਾ । ਬਣਾਏ ਬਣਤ ਜਗਾਏ ਸਾਧ ਸੰਤ ਦੇਵੇ ਸ਼ਬਦ ਹੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪ ਲਗਾਏ ਸਚ ਦਰਬਾਰਾ । ਸਾਚਾ ਪ੍ਰਭ ਸਚ ਦਰਬਾਰ ਲਗਾਏ । ਸਾਚਾ ਪ੍ਰਭ ਇਕ ਘਰ ਬਾਹਰ ਆਪ ਉਪਜਾਏ । ਸਾਚਾ ਪ੍ਰਭ ਅਵਤਾਰ ਨਰ ਆਪ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਮਨ ਕਿਨਾਰਾ ਧਾਮ ਸੁਹਾਏ । ਧਾਮ ਸੁਹਾਵਣਾ ਦਰਬਾਰ ਲਗਾਵਣਾ ਸ਼ਬਦ ਚਲਾਵਣਾ ਭੇਵ ਖੁਲ੍ਹਾਵਣਾ । ਲੇਖ ਲਿਖਾਇਆ

ਵਾਲੀ ਹਿੰਦ ਪਕੜ ਉਠਾਵਣਾ । ਜਮਨ ਕਿਨਾਰੇ ਦਰਸ ਦਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਆਪ ਖੁਲ੍ਹਾਵਣਾ । ਸਾਚਾ ਭੇਖ ਭੇਖਾਧਾਰੀ । ਸਾਚਾ ਪ੍ਰਭ ਨਿਹਕਲੰਕ ਅਵਤਾਰੀ । ਸਾਚਾ ਪ੍ਰਭ ਜੋਤ ਨਿਰੰਕਾਰੀ । ਸਾਚਾ ਪ੍ਰਭ ਜਗਤ ਵਿਹਾਰੀ । ਸਾਚਾ ਪ੍ਰਭ ਸ੍ਰਿਸ਼ਟ ਸਬਾਈ ਰਹੀ ਝੱਖ ਮਾਰੀ । ਸਾਚਾ ਪ੍ਰਭ ਗੁਰਸਿਖ ਵੇਖ ਆਏ ਚਰਨ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਕਾਰੀ । ਸਾਚਾ ਭੇਖ ਆਪ ਵਟਾਇਆ । ਵੇਖਾ ਵੇਖ ਜਗਤ ਭੁਲਾਇਆ । ਸਾਚਾ ਭੇਖ ਪ੍ਰਭ ਧਰਾਇਆ । ਜਿਉਂ ਬਲ ਦਵਾਰ ਮੰਗਣ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਭੁਲਾਇਆ । ਸਾਚਾ ਭੇਖ ਪ੍ਰਭ ਸਾਚੇ ਕਰਨਾ । ਦੇਵੇ ਦਰਸ ਵਡ ਧਰਨੀ ਧਰਨਾ । ਵਾਲੀ ਹਿੰਦ ਪ੍ਰਭ ਲਾਏ ਸਰਨਾ । ਚਰਨ ਧੂੜ ਲਾਏ ਚਰਨਾਂ । ਆਤਮ ਖੁਲ੍ਹਾਏ ਹਰਨਾ ਫਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਣ ਰਖਾਏ ਚਾਰ ਵਰਨਾਂ । ਵਾਲੀ ਹਿੰਦ ਸਰਨ ਪ੍ਰਭ ਆਏ । ਵਡ ਵਡ ਮਰਗਿੰਦ ਪ੍ਰਭ ਸਰਨੀ ਆਏ ਸੀਸ ਝੁਕਾਏ । ਸੁਰਪਤ ਰਾਜਾ ਇੰਦ ਪ੍ਰਭ ਦਰ ਆਏ ਸੇਵ ਕਮਾਏ । ਪ੍ਰਭ ਸਾਚਾ ਵਾਲੀ ਹਿੰਦ ਆਪਣੀ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਦਰਸ ਦਿਖਾਏ । ਵਾਲੀ ਹਿੰਦ ਪ੍ਰਭ ਦਰ ਭਿਖਾਰੀ । ਏਕਾ ਮੰਗੇ ਨਾਮ ਅਧਾਰੀ । ਦੇਵੇ ਦਰਸ ਕ੍ਰਿਸ਼ਨ ਮੁਰਾਰੀ । ਮਿਟਾਏ ਹਰਸ ਪ੍ਰਭ ਗਿਰਧਾਰੀ । ਆਤਮ ਰਹੀ ਤਰਸ ਹੋਈ ਦੁਖਿਆਰੀ । ਅੰਮ੍ਰਿਤ ਮੇਘ ਬਰਸ, ਸਾਚਾ ਦੇਵੇ ਜੋਤ ਸਰੂਪ ਜੋਤ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਸਦ ਸਦ ਸਦ ਬਲਿਹਾਰੀ । ਵਾਲੀ ਹਿੰਦ ਕਰੇ ਪੁਕਾਰਾ । ਆਏ ਦਰ ਪ੍ਰਭ ਨਿਮਸਕਾਰਾ । ਹੋਏ ਦਾਸ ਚਰਨ ਪਨਿਹਾਰਾ । ਕਰੇ ਵਾਸ ਸਾਚਾ ਦੇਵੇ ਨਾਮ ਅਧਾਰਾ । ਸਾਚਾ ਪ੍ਰਭ ਸਚ ਦਰਬਾਰਾ । ਜੋਤ ਸਰੂਪੀ ਜੋਤ ਪ੍ਰਭ, ਏਕਾ ਜੋਤ ਕਰੇ ਅਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਆਤਮ ਭਰੇ ਭੰਡਾਰਾ । ਸਾਚਾ ਦਾਨ ਪ੍ਰਭ ਦਰ ਮੰਗੇ । ਵਾਲੀ ਹਿੰਦ ਮੂਲ ਨਾ ਸੰਗੇ । ਹੋਏ ਸਹਾਈ ਅੰਗ ਸੰਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਰਬਾਰ ਗੁਰਮੁਖ ਸਾਚਾ ਸਾਚੀ ਮੰਗ ਪ੍ਰਭ ਦਰ ਮੰਗੇ । ਮੰਗੀ ਮੰਗ ਆਤਮ ਰੰਗ । ਸਾਚਾ ਪ੍ਰਭ ਸਾਚਾ ਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਵੇ ਆਪਣੇ ਅੰਗ । ਆਪਣੇ ਅੰਗ ਆਪ ਲਗਾਇਆ । ਆਪਣਾ ਸੰਗ ਆਪ ਰਖਾਇਆ । ਮੰਗੀ ਮੰਗ, ਪ੍ਰਭ ਸਾਚਾ ਦਾਨ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਧਿਆਨ ਅੰਤਕਾਲ ਕਲ ਵਿਚ ਦਿੱਲੀ ਸ਼ਹਿਰ ਟਿਕਾਇਆ । ਸਾਚਾ ਪ੍ਰਭ ਸਚ ਵਰਤਾਏ । ਦਰ ਦਵਾਰ ਇਕ ਰਖਾਏ । ਜਗਤ ਲਿਖਾਰ ਆਪ ਬਣ ਜਾਏ । ਸ੍ਰਿਸ਼ਟ ਭਿਖਾਰ ਪ੍ਰਭ ਦਰ ਮੰਗਣ ਆਏ । ਭਗਤ ਉਧਾਰ ਇਕ ਅਖਵਾਏ । ਅਤੁੱਟ ਭੰਡਾਰ ਤੋਟ ਕਦੇ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਭੰਡਾਰ ਅੰਤਮ ਅੰਤਕਾਲ ਵਿਚ ਦਿੱਲੀ ਆਪ ਕਰਾਏ । ਸਾਚਾ ਪ੍ਰਭ ਸ਼ਬਦ ਭੰਡਾਰੀ । ਸਾਚਾ ਪ੍ਰਭ ਵਡ ਸਿਕਦਾਰੀ । ਸਾਚਾ ਪ੍ਰਭ ਚਰਨ ਲਗਾਏ ਵਡ ਵਡ ਹੰਕਾਰੀ । ਸਾਚਾ ਪ੍ਰਭ ਮਾਣ ਗਵਾਏ ਅਗਾਧ ਬੋਧ ਬੋਧ ਅਗਾਧ ਨਿਹਕਲੰਕ ਨਰਾਇਣ ਨਰ ਅਵਤਾਰੀ । ਸਚ ਦਰਬਾਰਾ ਸਚ ਵਰਤੰਤ । ਏਕਾ ਜੋਤ ਜਗਾਏ ਆਪ ਭਗਵੰਤ । ਅੰਤਮ ਅੰਤ ਰਹਾਏ ਆਪ ਇਕੰਤ । ਗੁਰਸਿਖ ਸਾਚੇ ਆਪ ਉਪਜਾਏ । ਪ੍ਰਭ ਬਣਾਏ ਸਾਚੇ ਸੰਤ । ਸਾਚਾ ਹੁਕਮ ਆਪ ਸੁਣਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਬਣਾਏ ਸਾਚੀ ਬਣਤ । ਰਾਜਸ ਰਾਜ ਆਪ ਵਡ ਰਾਜਾ । ਸ੍ਰਿਸ਼ਟ ਸਬਾਈ

੧੫੨ ੦੨

ਸਵਾਰੇ ਕਾਜਾ । ਸਰਬ ਜਨਾਂ ਦੀ ਰੱਖੇ ਲਾਜਾ । ਪ੍ਰਭ ਅਬਿਨਾਸ਼ੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਧੁਨ ਉਪਜਾਏ ਵਜਾਏ ਸਾਚਾ ਵਾਜਾ । ਸਾਚਾ ਸ਼ਬਦ ਸਾਚੀ ਧੁਨ । ਗੁਰਮੁਖਾਂ ਖੁਲ੍ਹਾਵੇ ਆਤਮ ਸੁੰਨ । ਪਕੜ ਉਠਾਵੇ ਪ੍ਰਭ ਸਾਚਾ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਜਾਣੇ ਕਵਣ ਗੁਣ । ਗੁਣਵੰਤ ਗੁਣ ਨਿਧਾਨਾ । ਪ੍ਰਭ ਅਬਿਨਾਸ਼ੀ ਆਪ ਭਗਵਾਨਾ । ਜੋਤ ਸਰੂਪ ਸਦ ਮਿਹਰਵਾਨਾ । ਬਿਨ ਰੰਗ ਰੂਪ ਗੁਰਸਿਖ ਸਮਾਨਾ । ਵਡ ਭੂਪਨ ਭੂਪ ਆਪ ਅਖਵਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਾ । ਸਾਚਾ ਪ੍ਰਭ ਜੋਤ ਸਰੂਪਾ । ਜੋਤ ਸਰੂਪੀ ਰੰਗ ਅਨੂਪਾ । ਜੋਤ ਜਗਾਏ ਵਿਚ ਅੰਧ ਕੂਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਭੂਪਨ ਭੂਪਾ । ਅੰਮ੍ਰਿਤ ਆਤਮ ਸਾਚਾ ਸੀਰ । ਗੁਰਮੁਖਾਂ ਪ੍ਰਭ ਕੱਢੇ ਪੀੜ । ਆਤਮ ਦੇਵੇ ਅੰਮ੍ਰਿਤ ਧੀਰ । ਗੁਰਸਿਖਾਂ ਪਿਲਾਇਆ ਸਾਚਾ ਅੰਮ੍ਰਿਤ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਮੁਖ ਚੁਆਏ ਸੁਖ ਉਪਜਾਏ ਦੁਖ ਮਿਟਾਏ ਭੁੱਖ ਗਵਾਏ ਸ਼ਾਂਤ ਕਰੇ ਸਰੀਰ । ਸਾਚਾ ਅੰਮ੍ਰਿਤ ਗੁਰ ਦਰ ਪੀਆ । ਨਿਰਮਲ ਕਰਾਇਆ ਸਾਚਾ ਜੀਆ । ਆਤਮ ਜੋਤ ਜਗਾਇਆ ਦੀਆ । ਪ੍ਰਭ ਸਾਚੇ ਕਾ ਸਾਚਾ ਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਉਪਾਏ ਬਣਾਏ ਪੁੱਤਰ ਧੀਆ । ਅੰਮ੍ਰਿਤ ਪ੍ਰਭ ਸਾਚਾ ਦੇਵੇ । ਪ੍ਰਭ ਸਾਚੇ ਦਰ ਸਾਚੇ ਮੇਵੇ । ਸਾਚਾ ਰਸ ਗੁਰਸਿਖ ਵਿਰਲਾ ਪ੍ਰਭ ਦਰ ਆਏ ਲੇਵੇ । ਪ੍ਰਭ ਅਬਿਨਾਸ਼ੀ ਜੋ ਜਨ ਰਸਨਾ ਸੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਪਰਗਟਾਵੇ, ਦਰਸ ਦਿਖਾਏ ਹਰਸ ਮਿਟਾਏ, ਗੁਰਸਿਖ ਪ੍ਰਭ ਤਰਸ ਕਮਾਏ ਵਡ ਅਲਖ ਅਭੇਵੇ । ਅੰਮ੍ਰਿਤ ਆਤਮ ਗੁਰ ਸਾਚਾ ਦੇਵੇ । ਵਡ ਵਡ ਕਰਮ ਪ੍ਰਭ ਆਪ ਕਰੇਵੇ । ਗੁਰਮੁਖ ਸਾਚਾ ਸਾਚਾ ਲਹਿਣਾ ਪ੍ਰਭ ਦਰ ਲੇਵੇ । ਸੋਹੰ ਸਾਚਾ ਗਹਿਣਾ ਗੁਰਮੁਖ ਸਾਚੇ ਪ੍ਰਭ ਸਾਚਾ ਤਨ ਪਹਿਨਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਸੇਵੇ । ਅੰਮ੍ਰਿਤ ਪੀ ਆਤਮ ਰਸ । ਪਰਗਟੇ ਜੋਤ ਨਿਜ ਘਰ ਵਸ । ਜੋਤ ਸਰੂਪੀ ਸਰਬ ਘਟ ਰਿਹਾ ਵਸ । ਨਾਮ ਜਪਾਏ ਸਵਾਸ ਸਵਸ । ਅੰਤਕਾਲ ਕਲਜੁਗ ਗੁਰਮੁਖ ਸਾਚੇ ਤੇਰੀ ਕਰੇ ਬੰਦ ਖੁਲਸ । ਮਾਨਸ ਜਨਮ ਵਿਚ ਮਾਤ ਆਪ ਕਰਾਏ ਰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹੋਏ ਤੇਰਾ ਦਾਸਨ ਦਸ । ਅੰਮ੍ਰਿਤ ਆਤਮ ਸਾਚੀ ਜਾਗ । ਗੁਰਮੁਖ ਸੋਇਆ ਗਿਆ ਜਾਗ । ਰਸਨਾ ਅੰਮ੍ਰਿਤ ਲਾਏ ਲਾਗ । ਆਤਮ ਧੋਏ ਪ੍ਰਭ ਸਾਚਾ ਦਾਗ਼ । ਵੇਲੇ ਅੰਤ ਗੁਰਮੁਖ ਸਾਚੇ ਨਿਹਕਲੰਕ ਤੇਰੀ ਪਕੜੇ ਵਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਇਆ ਕਰਮ ਕਮਾਇਆ ਸਚ ਦਵਾਇਆ ਮਾਤ ਉਪਜਾਇਆ ਨਾਉਂ ਧਰਾਇਆ ਸਤਿਜੁਗ ਲਾਇਆ ਪਹਿਲੀ ਮਾਘ । ਅੰਮ੍ਰਿਤ ਪੀ ਆਤਮ ਤ੍ਰਿਪਤਾਓ । ਆਤਮ ਸੰਸਾ ਰੋਗ ਮਿਟਾਓ । ਪ੍ਰਭ ਅਬਿਨਾਸ਼ੀ ਘਰ ਮੇਂ ਪਾਓ । ਸਰਬ ਘਟ ਵਾਸੀ ਰਿਦੇ ਵਸਾਓ । ਘਨਕਪੁਰ ਵਾਸੀ ਚਰਨ ਲਗ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਵਣ ਜਾਵਣ ਗੇੜ ਕਟਾਓ । ਅੰਮ੍ਰਿਤ ਦੇਵੇ ਅੰਮ੍ਰਿਤ ਧਾਰਾ । ਗੁਰਮੁਖ ਕਰੇ ਪ੍ਰਭ ਪਿਆਰਾ । ਗੁਣ ਅਵਗੁਣ ਨਾ ਕਿਸੇ ਵਿਚਾਰਾ । ਜੋ ਜਨ ਆਏ ਚਰਨ ਨਿਮਸਕਾਰਾ । ਸਾਚਾ ਪ੍ਰਭ ਸਦ ਸਦ ਸਦ ਵਡ ਸੰਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਪਾਏ ਸਾਰਾ । ਅੰਮ੍ਰਿਤ ਪ੍ਰਭ ਆਪ ਵਰਤਾਏ । ਬਿਨ ਗੁਰ ਸਾਚੇ ਹੱਥ ਨਾ ਆਏ । ਕਲਜੁਗ ਜੀਵ ਹੋਏ ਕਾਚੇ, ਸਚ ਦਰ ਫਿਰਨ ਹਲਕਾਏ । ਆਇਣ ਜਾਇਣ ਦਰ ਦਰ ਨਾਚੇ, ਆਤਮ ਤ੍ਰਿਖਾ ਨਾ ਕੋਇ ਬੁਝਾਏ । ਪ੍ਰਭ ਸਾਚਾ

੧੫੪

ਗੁਰਮੁਖ ਢਾਲੇ ਸਾਂਚੇ ਢਾਂਚੇ, ਆਤਮ ਸਾਚੀ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਹਿਰਦੇ ਵਾਚੇ, ਸਵਛ ਸਰੂਪ ਪ੍ਰਭ ਦਰਸ ਦਿਖਾਏ । ਅੰਮ੍ਰਿਤ ਸਾਚਾ ਮੁਖ ਚੁਆਇਆ । ਜਨਮ ਜਨਮ ਦਾ ਰੋਗ ਗਵਾਇਆ । ਪ੍ਰਭ ਸਾਚੇ ਰਸਨਾ ਭੋਗ ਆਪ ਲਗਾਇਆ । ਕਰਮ ਵਿਯੋਗ ਪ੍ਰਭ ਆਪ ਗਵਾਇਆ । ਸਾਚਾ ਅੰਮ੍ਰਿਤ ਰਸ ਭੋਗ ਰਸਨ ਰਸਨ ਪ੍ਰਭ ਰਸਨਾ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਇਆ । ਅੰਮ੍ਰਿਤ ਦੇਵੇ ਅੰਮ੍ਰਿਤ ਧਰਵਾਸਾ । ਸਾਚਾ ਪ੍ਰਭ ਪੂਰਨ ਭਰਵਾਸਾ । ਅੰਮ੍ਰਿਤ ਮੁਖ ਚੁਆਏ ਖੁਲ੍ਹਾਏ ਕਵਲ ਸੋਹੰ ਜਪੇ ਜਨ ਸਵਾਸ ਸਵਾਸਾ । ਦਰਸ ਦਿਖਾਏ ਪਰਗਟ ਜੋਤ ਝੱਬ, ਜੋ ਜਨ ਤਜਾਏ ਮਦਿਰਾ ਮਾਸਾ । ਪ੍ਰਭ ਸਾਚਾ ਆਤਮ ਧੀਰ ਧਰਾਏ, ਅੰਮ੍ਰਿਤ ਸਾਚਾ ਸੀਰ ਪਿਲਾਏ ਆਪ ਆਪਣਾ ਕਰੇ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲਜੁਗ ਜਨ ਭਗਤਾਂ ਕਰੇ ਬੰਦ ਖਲਾਸਾ । ਗੁਰ ਅੰਮ੍ਰਿਤ ਸਾਚੀ ਧਾਰਾ । ਗੁਰ ਅੰਮ੍ਰਿਤ ਸਾਚੀ ਆਤਮ ਕਟਾਰਾ । ਗੁਰ ਅੰਮ੍ਰਿਤ ਕੱਢੇ ਸਰਬ ਵਿਕਾਰਾ । ਗੁਰ ਅੰਮ੍ਰਿਤ ਖਾਲੀ ਤੇਰਾ ਭਰੇ ਭੰਡਾਰਾ । ਗੁਰ ਪੀਵੇ ਚਲ ਆਏ ਪ੍ਰਭ ਦਰ ਦਰਬਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਸ਼ਬਦ ਅਧਾਰਾ । ਗੁਰ ਅੰਮ੍ਰਿਤ ਗੁਰ ਮੁਖ ਚੁਆਇਆ । ਗੁਰ ਅੰਮ੍ਰਿਤ ਸਿੰਚ ਆਤਮ ਹਰਾ ਕਰਾਇਆ । ਗੁਰ ਅੰਮ੍ਰਿਤ ਭਿੰਚ ਪ੍ਰਭ ਆਤਮ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਅੰਮ੍ਰਿਤ ਮੁਖ ਚੁਆਇਆ । ਅੰਮ੍ਰਿਤ ਦੇਵੇ ਸਾਚੀ ਧਾਰਾ । ਅੰਮ੍ਰਿਤ ਪਿਆਏ ਗਵਾਏ ਮਿਟਾਏ ਧੁੰਧੂਕਾਰਾ । ਅੰਮ੍ਰਿਤ ਚੁਆਏ ਜਗਾਏ ਉਪਾਏ ਜੋਤ ਅਪਾਰਾ । ਅੰਮ੍ਰਿਤ ਵਰਸਾਏ ਕਵਲ ਉਲਟਾਏ ਬੂੰਦ ਮੁਖ ਪਾਏ ਖੋਲ੍ਹ ਦੇਵੇ ਪ੍ਰਭ ਸਾਚਾ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਨਿਗਮ ਕਰ ਵਿਚਾਰਾ । ਅੰਮ੍ਰਿਤ ਦੇਵੇ ਆਪ ਅਪਾਰ । ਅੰਮ੍ਰਿਤ ਮੁਖ ਚੁਆਏ, ਪ੍ਰਭ ਸਾਚਾ ਜਾਏ ਤਾਰ । ਆਤਮ ਦੁਖ ਗਵਾਏ, ਦੁਖ ਭੁੱਖ ਨਾ ਕਰੇ ਖੁਆਰ । ਆਤਮ ਸਾਚਾ ਸੁਖ ਉਪਜਾਏ, ਅੰਮ੍ਰਿਤ ਬਰਸੇ ਕਿਰਪਾ ਧਾਰ । ਉਜਲ ਮੁਖ ਆਪ ਕਰਾਏ, ਪ੍ਰਭ ਸਾਚਾ ਵਿਚ ਸੰਸਾਰ । ਮਾਤ ਕੁੱਖ ਸੁਫਲ ਕਰਾਏ, ਜਨਮ ਨਾ ਪਾਏ ਦੂਜੀ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਚਰਨ ਕਰਨ ਨਿਮਸਕਾਰ । ਅੰਮ੍ਰਿਤ ਦੇਵੇ ਵਡ ਗੁਰਦੇਵਾ । ਪ੍ਰਭ ਅਬਿਨਾਸ਼ੀ ਅਲਖ ਅਭੇਵਾ । ਗੁਰਮੁਖ ਵਿਰਲੇ ਲਾਏ ਸੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਆਪ ਵਡ ਦੇਵੀ ਦੇਵਾ । ਅੰਮ੍ਰਿਤ ਪ੍ਰਭ ਆਪ ਬਣਾਏ । ਜੀਵ ਜੰਤ ਪ੍ਰਭ ਮੁਖ ਚੁਆਏ । ਸਾਧ ਸੰਤ ਪ੍ਰਭ ਦਰਸ ਸਦ ਰਹੇ ਬਿਲਲਾਏ । ਬੂੰਦ ਸਵਾਂਤੀ ਪ੍ਰਭ ਮੁਖ ਚੁਆਏ । ਬੈਠਾ ਇਕਾਂਤੀ ਖੇਲ ਕਰਾਏ । ਮਾਰ ਝਾਤੀ ਪ੍ਰਭ ਵਿਚ ਸਮਾਏ । ਦਿਵਸ ਰਾਤੀ ਰਹੇ ਰਸਨਾ ਗਾਏ । ਸ੍ਰਿਸ਼ਟ ਨਾਤੀ ਸਰਬ ਤਜਾਏ । ਵਡ ਕਰਾਮਾਤੀ ਲਿਖਤ ਲਿਖਾਏ । ਬਹੁ ਬਹੁ ਭਾਂਤੀ ਦੁਖ ਉਠਾਏ । ਪੁਰਖ ਵਿਧਾਂਤੀ ਦਿਸ ਨਾ ਆਏ । ਬੂੰਦ ਸਵਾਂਤੀ ਨਾ ਕੋਇ ਪਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲਜੁਗ ਪਰਗਟ ਜੋਤ ਦਇਆ ਕਮਾਏ । ਅੰਮ੍ਰਿਤ ਦੇਵੇ ਆਤਮ ਜੀਤਾ । ਜੋਤ ਸਰੂਪ ਪ੍ਰਭ ਅਤੀਤਾ । ਗੁਰਮੁਖ ਵਿਰਲੇ ਪ੍ਰਭ ਦਰ ਪੀਤਾ । ਕਲਜੁਗ ਮਿਲਿਆ ਪ੍ਰਭ ਸਾਚਾ ਮੀਤਾ । ਮਾਨਸ ਜਨਮ ਕਲਜੁਗ ਜੀਤਾ । ਜੋ ਜਨ ਕਰੇ ਨਿਹਕਲੰਕ ਚਰਨ ਪ੍ਰੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਭੇਵ ਖੁਲ੍ਹਾਏ, ਵੇਲਾ ਹੱਥ ਨਾ ਕਲਜੁਗ ਜੀਵ ਆਏ, ਜਾਏ ਅੰਤਕਾਲ ਜੁਗ ਬੀਤਾ । ਵੇਲਾ ਅੰਤ ਜਾਏ ਬੀਤ । ਪ੍ਰਭ ਸਾਚਾ ਗੁਰਮੁਖ ਸਾਚੇ ਅੰਮ੍ਰਿਤ ਬਰਖ ਕਾਇਆ

ਕੀਨੀ ਸੀਤ । ਮਿਟਾਏ ਹਰਸ ਦਿਖਾਏ ਦਰਸ ਸਾਚੀ ਬਖ਼ਸ਼ੇ ਚਰਨ ਪ੍ਰੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਪੂਰਨ ਭਾਗ, ਮਾਨਸ ਜਨਮ ਜਾਏ ਜਗ ਜੀਤ । ਮਾਨਸ ਜਨਮ ਜੀਵ ਜਗ ਜਿੱਤ । ਪ੍ਰਭ ਸਾਚੇ ਕਾ ਸਾਚਾ ਹਿਤ । ਗੁਰਮੁਖ ਸਾਚੇ ਪ੍ਰਭ ਸਾਚਾ ਜਾਣੇ ਗਤ ਮਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਜੁਗੋ ਜੁਗ ਨਿਤ ਨਵਿਤ । ਜੋਤ ਸਰੂਪ ਨਿਤ ਰਹਾਏ । ਭਗਤ ਹੇਤ ਜੋਤ ਉਪਾਏ । ਸਾਚਾ ਪਿਤ ਆਪ ਅਖਵਾਏ । ਮਾਨਸ ਜਨਮ ਜਾਏ ਜਿਤ, ਜੋ ਜਨ ਚਰਨੀ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਜੋਤ ਸਰੂਪੀ ਦਰਸ ਦਿਖਾਏ । ਦਰਸ ਦੇਵੇ ਆਪ ਦਿਆਲਾ । ਗੁਰਸਿਖ ਪੂਰਨ ਹੋਏ ਘਾਲਾ । ਆਤਮ ਦੇਵੇ ਸੋਹੰ ਸਾਚੀ ਮਾਲਾ । ਹੋਏ ਸਹਾਈ ਆਪ ਰਖਵਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦ ਸਦ ਰਖਵਾਲਾ । ਭਗਤ ਜਨਾਂ ਆਪ ਉਧਾਰੇ । ਜਿਉਂ ਹਰਨਾਕਸ਼ ਦੁਸ਼ਟ ਸੰਘਾਰੇ । ਧਰੂ ਬਾਲ ਪਾਰ ਉਤਾਰੇ । ਮੰਗਣ ਆਏ ਬਲ ਦਵਾਰੇ । ਮਾਣ ਰਖਾਏ ਅਮਰੀਕ ਅਪਾਰੇ । ਭਗਤ ਜਨਕ ਆਪ ਵਡਿਆਰੇ । ਰਾਣੀ ਤਾਰਾ ਪਾਰ ਉਤਾਰੇ । ਬਿਦਰ ਝੁੱਗੀ ਪੈਰ ਪਸਾਰੇ । ਭਗਤ ਸੁਦਾਮੇ ਚਰਨ ਨਿਮਸਕਾਰੇ । ਦਰੋਪਤ ਰੱਖੇ ਪਤਿ ਮੁਰਾਰੇ । ਜੈਦੇਵ ਲੇਖ ਲਿਖੇ ਅਪਾਰੇ । ਭਗਤ ਜਨਾਂ ਜੁਗੋ ਜੁਗ ਪ੍ਰਭ ਸਾਚਾ ਜਾਏ ਤਾਰੇ । ਜੋਤ ਸਰੂਪੀ ਜੋਤ ਪ੍ਰਭ ਜੁਗੋ ਜੁਗ ਵਿਚ ਮਾਤ ਲਏ ਅਵਤਾਰੇ । ਨਾਮਦੇਵ ਆਣ ਤਰਾਇਆ । ਰਵੀਦਾਸ ਕਬੀਰਾ ਅੰਗ ਲਗਾਇਆ । ਨਿਰਧਨ ਬੈਣੀ ਮਾਣ ਰਖਾਇਆ । ਸੱਜਣ ਸਾਕ ਸੈਣ ਆਪ ਅਖਵਾਇਆ । ਜੁਗੋ ਜੁਗ ਪਰਗਟ ਜੋਤ, ਜਨ ਭਗਤਾਂ ਹੋਏ ਆਪ ਸਹਾਇਆ । ਤਾਰਨਹਾਰ ਆਪ ਸਮਰਥ । ਜਨ ਭਗਤਾਂ ਰੱਖੇ ਦੇ ਕਰ ਹੱਥ । ਸੋਹੰ ਦੇਵੇ ਸਾਚਾ ਰਥ । ਪ੍ਰਭ ਮਹਿੰਮਾ ਬੜੀ ਅਕਥ । ਬੇਮੁਖਾਂ ਪ੍ਰਭ ਪਾਏ ਨੱਥ । ਸ੍ਰਿਸ਼ਟ ਸਬਾਈ ਹੋਵੇ ਸੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰਮੁਖ ਸਾਚੇ ਆਤਮ ਵਸੂਰੇ ਜਾਇਣ ਲੱਥ । ਆਪੇ ਤਾਰੇ ਭਗਤ ਉਧਾਰੇ । ਜੋਤ ਨਿਰੰਕਾਰੇ ਪਾਰ ਉਤਾਰੇ ਪ੍ਰਭ ਬਨਵਾਰੇ । ਕੋਟਨ ਕੋਟ ਪਾਪ ਉਤਾਰੇ । ਜੋ ਜਨ ਆਏ ਚਰਨ ਨਿਮਸਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦੀ ਮੈਲ ਉਤਾਰੇ । ਸਾਚਾ ਵਕਤ ਜਗਤ ਸੁਹੇਲਾ । ਪ੍ਰਭ ਸਾਚੇ ਕਾ ਸਾਚਾ ਮੇਲਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਬਣ ਜਾਏ ਸੱਜਣ ਸੁਹੇਲਾ । ਸੱਜਣ ਸੁਹੇਲਾ ਆਪੇ ਆਪ । ਭਗਤ ਜਨਾਂ ਪ੍ਰਭ ਮਾਈ ਬਾਪ । ਸੋਹੰ ਦੇਵੇ ਸਾਚਾ ਜਾਪ । ਕੋਟਨ ਕੋਟ ਉਤਾਰੇ ਪਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਪਾਏ ਆਪਣਾ ਆਪ । ਆਪਣਾ ਆਪ ਆਪ ਉਪਾਇਆ । ਜੋਤ ਸਰੂਪੀ ਜੋਤ ਜਗਾਇਆ । ਮਾਇਆ ਰੂਪੀ ਪਰਦਾ ਪਾਇਆ । ਵਡ ਵਡ ਭੂਪੀ ਪ੍ਰਭ ਭੁਲਾਇਆ । ਕਲ ਅੰਧ ਕੂਪੀ ਅੰਧ ਅੰਧੇਰ ਰਖਾਇਆ । ਸਤਿ ਸਰੂਪੀ ਪ੍ਰਭ ਦਿਸ ਨਾ ਆਇਆ । ਬਿਨ ਰੰਗ ਰੂਪੀ ਗੁਰਸਿਖ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਿਹਕਲੰਕ ਕਲ ਜਾਮਾ ਪਾਇਆ । ਨਿਹਕਲੰਕ ਸਾਚਾ ਡੰਕ । ਨਿਹਕਲੰਕ ਏਕਾ ਅੰਕ । ਨਿਹਕਲੰਕ ਸੁਹਾਏ ਥਾਨ ਬੰਕ । ਨਿਹਕਲੰਕ ਇਕ ਕਰਾਏ ਰਾਓ ਰੰਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਪਰਗਟਾਏ ਬੈਠਾ ਰਹੇ ਸਦਾ ਅਟੰਕ । ਨਿਹਕਲੰਕ ਧੀਰਜ ਧਰ । ਨਿਹਕਲੰਕ ਸਾਚਾ ਦਰ । ਨਿਹਕਲੰਕ ਅਵਤਾਰ ਨਰ । ਨਿਹਕਲੰਕ ਜਨ ਸਰਨੀ ਪਰ । ਨਿਹਕਲੰਕ ਪੁਚਾਏ ਸਾਚੇ ਘਰ । ਨਿਹਕਲੰਕ ਜੋਤ ਜਗਾਏ ਆਤਮ ਅਪਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ

ਸਾਚੇ ਦੇਵੇ ਸਾਚਾ ਵਰ । ਨਿਹਕਲੰਕ ਜਨ ਸਾਚੇ ਵਰਿਆ । ਨਿਹਕਲੰਕ ਆਪ ਪ੍ਰਭ ਹਰਿਆ । ਨਿਹਕਲੰਕ ਜੋਤ ਸਰੂਪੀ ਜਾਮਾ ਵਿਚ ਮਾਤ ਦੇ ਧਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਾ ਜੰਮੇ ਨਾ ਮਰਿਆ । ਨਿਹਕਲੰਕ ਜੋਤ ਨਿਰੰਕਾਰ । ਨਿਹਕਲੰਕ ਆਪ ਕਰਤਾਰ । ਨਿਹਕਲੰਕ ਚਿੱਟੇ ਅਸਵ ਅਸਵਾਰ । ਨਿਹਕਲੰਕ ਭਗਤ ਅਧਾਰ । ਨਿਹਕਲੰਕ ਵਡ ਸਿਕਦਾਰ । ਨਿਹਕਲੰਕ ਤੇਰਾ ਸਾਚਾ ਸਚ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਟਨ ਕੋਟ ਮੰਗਣ ਖੜੇ ਦਵਾਰ । ਨਿਹਕਲੰਕ ਊਚਾ ਦਰਬਾਰਾ । ਨਿਹਕਲੰਕ ਊਚਾ ਘਰ ਬਾਹਰਾ । ਨਿਹਕਲੰਕ ਊਚ ਸੰਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਕਾਰਾ । ਨਿਹਕਲੰਕ ਮਹਿੰਮਾ ਅਨੂਪ । ਨਿਹਕਲੰਕ ਸਤਿ ਸਰੂਪ । ਨਿਹਕਲੰਕ ਬਿਨ ਰੰਗ ਰੂਪ । ਨਿਹਕਲੰਕ ਜੋਤ ਸਰੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਪਰਗਟ ਜੋਤ ਸਰਬ ਮਾਣ ਗਵਾਏ, ਏਕਾ ਛਤਰ ਝੁਲਾਏ ਆਪ ਵਡ ਭੂਪਨ ਭੂਪ । ਨਿਹਕਲੰਕ ਸਚ ਤੇਰੀ ਗਾਥਾ । ਨਿਹਕਲੰਕ ਤ੍ਰੈਲੋਕੀ ਨਾਥਾ । ਨਿਹਕਲੰਕ ਸਗਲਾ ਸਾਥਾ । ਨਿਹਕਲੰਕ ਮਿਟਾਏ ਸ਼ੰਕ ਚਰਨ ਧੂੜ ਜਨ ਲਾਏ ਮਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਆਪ ਟਿਕਾਏ, ਚਰਨ ਲਗਾਏ ਮਾਣ ਦਵਾਏ, ਵਿਚ ਲੋਕਮਾਤ ਵਡਿਆਏ, ਸਤਿਜੁਗ ਸਾਚੇ ਤੇਰੀ ਪਤਿ ਰਖਾਏ, ਰੱਖੇ ਦੇ ਕਰ ਹਾਥਾ । ਨਿਹਕਲੰਕ ਸਿਰ ਹੱਥ ਟਿਕਾਇਆ । ਨਿਹਕਲੰਕ ਗੁਰਸਿਖ ਤਰਾਇਆ । ਨਿਹਕਲੰਕ ਉਜਲ ਮੁਖ ਵਿਚ ਮਾਤ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਨਿਹਕਲੰਕ ਕੀਆ ਭੇਖਾ । ਸ੍ਰਿਸ਼ਟ ਸਬਾਈ ਰਹੀ ਭਰਮ ਭੁਲੇਖਾ । ਗੁਰਮੁਖ ਸਾਚੇ ਆਏ ਦਰ, ਸਾਚਾ ਪ੍ਰਭ ਵਿਚ ਮਾਤ ਨੇਤਰ ਪੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਢਾਏ ਹਉਮੇ ਗਵਾਏ, ਰਿਦੇ ਧਿਆਏ ਭਉ ਚੁਕਾਏ, ਸੰਸਾ ਮਿਟਾਏ ਅੰਸ ਬਣਾਏ, ਆਪ ਲਿਖਾਏ ਸਾਚਾ ਲੇਖਾ । ਨਿਹਕਲੰਕ ਲੇਖ ਲਿਖੰਤਾ । ਨਿਹਕਲੰਕ ਪੂਰਨ ਭਗਵੰਤਾ । ਨਿਹਕਲੰਕ ਸਾਚੇ ਉਪਜਾਏ ਵਿਚ ਮਾਤ ਗੁਰਮੁਖ ਸਾਚੇ ਸੰਤਾ । ਨਿਹਕਲੰਕ ਸਾਚੇ ਸਿਖ ਤੇਰੀ ਆਪ ਬਣਾਏ ਬਣਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਵਡ ਚੇਤਨ ਚਨਤਾ । ਆਪੇ ਚੇਤਨ ਆਪੇ ਮਨ । ਆਪੇ ਧੀਰ ਧਰਾਵੇ ਜਨ । ਆਪੇ ਸ਼ਬਦ ਸੁਣਾਏ ਕੰਨ । ਗੁਰਮੁਖ ਰਸਨਾ ਗਾਏ ਧੰਨ ਧੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਤੇਰੀ ਆਤਮ ਜਾਏ ਮੰਨ । ਮਿਟਾਏ ਜਨ ਸੀਤਲ ਤਨ ਪ੍ਰਭ ਬੇੜਾ ਬੰਨ੍ਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸਾਚੇ ਧਾਮ ਬਹਾਇਆ । ਨਿਹਕਲੰਕ ਨਰ ਅਵਤਾਰ ਜੋਤ ਅਕਾਰ । ਨਿਹਕਲੰਕ ਵਰਤੇ ਵਰਤਾਵੇ ਵਿਚ ਸੰਸਾਰ । ਨਿਹਕਲੰਕ ਜੋਤ ਸਰੂਪ ਕਲਜੁਗ ਜੀਵ ਨਾ ਪਾਇਣ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜਗਤ ਵਰਤਾਰ । ਨਿਹਕਲੰਕ ਨਿਹਕਲੰਕ ਨਿਹਕਲੰਕ ਏਕਾ ਅੰਕ । ਨਿਹਕਲੰਕ ਨਿਹਕਲੰਕ ਨਿਹਕਲੰਕ ਇਕ ਕਰਾਏ ਰਾਓ ਰੰਕ । ਨਿਹਕਲੰਕ ਨਿਹਕਲੰਕ ਨਿਹਕਲੰਕ ਸੁਹਾਏ ਥਾਨ ਬੰਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਚਲਾਏ ਇਕ ਵਰਤਾਏ ਇਕ ਸਰਨਾਏ ਇਕ ਰਖਾਏ ਏਕਾ ਅੰਕ । ਏਕਾ ਅੰਕ ਇਕ ਅਕਾਰਾ । ਏਕਾ ਵਰਤੇ ਵਿਚ ਸੰਸਾਰਾ । ਏਕਾ ਦੂਜਾ ਭਰਮ ਬਿਰਥਾ, ਪ੍ਰਭ ਸਾਚਾ ਵਰਤੇ ਸਚ ਵਰਤਾਰਾ । ਨਿਹਕਲੰਕ ਕੀਆ ਪਸਾਰਾ । ਕਲਜੁਗ ਮਿਟਿਆ ਅੰਧ ਅੰਧਿਆਰਾ । ਸਤਿਜੁਗ ਵਰਤੇ ਸਤਿ ਸਤਿ ਸਤਿ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਪਾਏ ਸਾਰਾ । ਸਚ ਵਰਤਾਏ ਵਰਤੇ ਸਚ । ਸਚ ਚਲਾਏ ਉਪਰ

ਧਰਤੇ ਸਚ । ਸਚ ਰਹਾਏ ਕਰੇ ਕਰਾਏ ਸਚ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਬੀਜ ਬਿਜਾਏ ਆਪ ਉਗਾਏ ਅੰਮ੍ਰਿਤ ਸਿੰਚ ਆਤਮ ਉਪਜਾਏ ਸੱਚੋ ਸਚ । ਸਚ ਸਚ ਸਚ ਵਰਤਾਰ । ਸਚ ਸਚ ਸਚ ਵਿਹਾਰ । ਸਚ ਸਚ ਸਚ ਰੰਗ ਕਰਤਾਰ । ਸਚ ਸਚ ਸਚ ਮੰਗਣ ਜਨ ਗੁਰ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ, ਸਾਚਾ ਦੇਵੇ ਸ਼ਬਦ ਅਧਾਰ । ਸਾਚਾ ਦਾਨ ਪ੍ਰਭ ਸਾਚਾ ਦੇਵੇ । ਗੁਰਮੁਖ ਸਾਚੇ ਪ੍ਰਭ ਦਰ ਸਾਚੇ ਮੇਵੇ । ਮਿਲਿਆ ਪ੍ਰਭ ਅਲਖ ਅਭੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਹੋਏ ਸਹਾਈ ਪੈਜ ਰਖਾਈ ਜੋ ਜਨ ਰਸਨਾ ਸੇਵੇ । ਸਾਚਾ ਪ੍ਰਭ ਰਸਨਾ ਗਾਇਆ । ਸਾਚਾ ਪ੍ਰਭ ਹਿਰਦੇ ਵਸਾਇਆ । ਸਾਚਾ ਪ੍ਰਭ ਹੋਏ ਸਹਾਇਆ । ਸਾਚਾ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦੇਵੇ ਸਦ ਸਦ ਸਜ਼ਾਇਆ । ਸਾਚਾ ਪ੍ਰਭ ਦਇਆ ਧਾਰ । ਸਾਚਾ ਪ੍ਰਭ ਆਪ ਦਾਤਾਰ । ਸਾਚਾ ਪ੍ਰਭ ਸਚ ਦੀ ਕਾਰ । ਸਾਚਾ ਪ੍ਰਭ ਦੁਤਰ ਬੇੜਾ ਜਾਏ ਤਾਰ । ਸਾਚਾ ਪ੍ਰਭ ਗੁਰਮੁਖ ਸਾਚਾ ਮੰਗੇ ਸਚ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਜਾਏ ਤਾਰ । ਗੁਰਸਿਖਾਂ ਪ੍ਰਭ ਦਇਆ ਕਮਾਏ । ਲਿਖਿਆ ਲੇਖ ਆਪ ਮਿਟਾਏ । ਗੁਰਮੁਖ ਵੇਖ ਚਰਨ ਲਗਾਏ । ਬੁੱਧ ਵਸੇਖ ਆਪ ਕਰਾਏ । ਜਗਤ ਭੇਖ ਨੇੜ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ । ਲਿਖੀ ਲਿਖਤ ਆਪ ਮਿਟਾ ਕੇ । ਸਾਚੀ ਲਿਖਤ ਪ੍ਰਭ ਕਰਾ ਕੇ । ਬੇੜਾ ਬੰਨ੍ਹਿਆ ਰੇਖ ਮਿਟਾ ਕੇ । ਜੀਵਣ ਸਿੰਘ ਤੇਰੀ ਧੀਰ ਧਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਆਸ ਜਾਏ ਤੇਰੀ ਕਰਾ ਕੇ । ਸਾਚੀ ਸੇਵ ਪ੍ਰਭ ਦਰ ਕਮਾਈ । ਭੁੱਲਿਆਂ ਰੁਲਿਆਂ ਪ੍ਰਭ ਗਲੇ ਲਗਾਈ । ਵਡ ਵਡ ਅਨਮੁਲਿਆਂ ਗੁਰਸਿਖ ਬਣਾਈ । ਜਗਤ ਅੰਧੇਰ ਅੰਤ ਕਲਜੁਗ ਝੁੱਲਿਆ, ਕੋਈ ਰਹਿਣ ਨਾ ਪਾਈ । ਗੁਰਮੁਖ ਸਾਚਾ ਪ੍ਰਭ ਫੁਲਵਾੜੀ ਫੁਲਿਆ, ਕਦੇ ਟੁੱਟੇ ਨਾ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਅਡੋਲ ਕਦੇ ਨਾ ਡੋਲ ਜਾਈ । ਗੁਰਸਿਖ ਤੇਰਾ ਧਰਿਆ ਨਾਉਂ । ਧੰਨ ਧੰਨ ਗੁਰਸਿਖ ਧੰਨ ਜਣੇਂਦੀ ਮਾਉਂ । ਸੁਹਾਏ ਥਾਨ ਪ੍ਰਭ ਅਬਿਨਾਸ਼ੀ ਜਿਥੇ ਟਿਕਾਏ ਪਾਉਂ । ਤਨ ਮਨ ਪ੍ਰਭ ਸਾਚਾ ਸਦ ਰਸਨਾ ਗਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਾਣ ਜਗਤ ਤਾਣ ਗੁਣ ਨਿਧਾਨ ਭਗਤ ਦਾਨ ਸੋਹੰ ਸਾਚਾ ਨਾਂਓ । ਸਾਚੇ ਪ੍ਰਭ ਮਾਣ ਦਵਾਇਆ । ਪੂਰਬ ਲਹਿਣਾ ਆਪ ਦਵਾਇਆ । ਭਾਣਾ ਸਹਿਣਾ ਹੁਕਮ ਸੁਣਾਇਆ । ਗੁਰ ਚਰਨ ਬਹਿਣਾ ਭਰਮ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਆਣ ਤਰਾਇਆ । ਸਾਚੇ ਲੇਖ ਗੁਰਸਿਖ ਲਿਖਾਏ । ਗੁਰਮੁਖ ਸਾਚਾ ਵੇਖ ਪ੍ਰਭ ਚਰਨ ਲਗਾਏ । ਆਪ ਮਿਟਾਏ ਬਿਧਨਾ ਲਿਖੀ ਰੇਖ, ਪ੍ਰਭ ਸਾਚਾ ਲੇਖ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਮਸਤਕ ਮੇਖ ਲਗਾਏ । ਮਸਤਕ ਦੇਵੇ ਸਾਚਾ ਨੂਰ । ਆਤਮ ਕਰੇ ਪ੍ਰਭ ਭਰਪੂਰ । ਕੀਤੀ ਭੁਲ ਹੋਈ ਦੂਰ । ਸਦ ਰਹਿ ਪ੍ਰਭ ਚਰਨ ਹਜ਼ੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇੜਨ ਨੇੜ ਨਾ ਦਿਸੇ ਦੂਰ । ਸਾਚਾ ਪ੍ਰਭ ਚਰਨ ਲਾਗ । ਆਪ ਆਪਣੀ ਜਗਾਏ ਜਾਗ । ਪ੍ਰਭ ਸੁਣਾਏ ਸਾਚਾ ਰਾਗ । ਆਤਮ ਬੁਝਾਏ ਤ੍ਰਿਸਨਾ ਆਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਹੋਏ ਸਹਾਏ ਘਰ ਲਗਾਏ ਤੇਰੇ ਭਾਗ । ਗੁਰਸਿਖ ਤੇਰੇ ਪੂਰਨ ਭਾਗਾ । ਪ੍ਰਭ ਸਾਚੇ ਦੀ ਸਰਨੀ ਲਾਗਾ । ਸਾਚੇ ਪ੍ਰਭ ਹੰਸ ਬਣਾਇਆ ਕਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਸ਼ਬਦ ਜਣਾਏ ਦਰਸ ਦਿਖਾਏ

ਰੈਣ ਦਿਵਸ ਦਿਵਸ ਰੈਣ ਅਨਰਾਗਾ । ਅਨੁਰਾਗ ਸ਼ਬਦ ਧੁਨ । ਗੁਰਮੁਖ ਸਾਚੇ ਕੰਨ ਸੁਣ । ਸਦਾ ਰਹੇ ਰੁਣ ਝੁਣ । ਪ੍ਰਭ ਸਾਚੇ ਦੇ ਸਾਚੇ ਗੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਕੜ ਉਠਾਏ ਦਰ ਲਿਆਏ ਸੇਵ ਲਗਾਏ ਕਲਜੁਗ ਚੁਣ ਚੁਣ । ਗੁਰਸਿਖਾਂ ਪ੍ਰਭ ਆਪ ਉਪਾਇਆ । ਜੋਤ ਸਰੂਪੀ ਦਰਸ ਦਿਖਾਇਆ । ਬੇਮੁਖਾਂ ਪ੍ਰਭ ਦਰ ਦੁਰਕਾਇਆ । ਆਪ ਆਪਣਾ ਮੁਖ ਛੁਪਾਇਆ । ਗੁਰਸਿਖਾਂ ਪ੍ਰਭ ਨਾਮ ਦਵਾਇਆ । ਆਪ ਆਪਣਾ ਮਾਣ ਰਖਾਇਆ । ਬੇਮੁਖਾਂ ਮਦਿਰਾ ਮਾਸ ਮੁਖ ਰਖਾਇਆ । ਆਪਣਾ ਨਾਸ ਕਲਜੁਗ ਜੀਵਾਂ ਆਪ ਕਰਾਇਆ । ਗੁਰਸਿਖਾਂ ਵਾਸ ਆਪ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਰਿਹਾ ਲੇਖ ਲਿਖਾਇਆ । ਕਰਮ ਵੇਖ ਲਿਖਾਏ ਲੇਖ । ਪ੍ਰਭ ਸਾਚਾ ਸਚ ਕਰਾਇਆ ਭੇਖ । ਅਰਜ਼ ਗੁਜਾਰੇ ਗੁਰ ਦਰ ਦਰਬਾਰੇ, ਬਖ਼ਸ਼ ਦੇ ਪ੍ਰਭ ਬਖ਼ਸ਼ਣਹਾਰੇ, ਆਇਆ ਗੁਰਸਿਖ ਦਰ ਦਰਵੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਿਚਾਰੇ ਗੁਰਸਿਖ ਉਧਾਰੇ ਜਨਮ ਕਰਮ ਦੋਏ ਜਗ ਵੇਖ । ਅਰਜ਼ ਗੁਜਾਰੀ ਗੁਰ ਦਰਬਾਰ । ਸਾਚਾ ਪ੍ਰਭ ਸੁਣੇ ਪੁਕਾਰ । ਦਰ ਆਇਣ ਜੋ ਨਰ ਨਾਰ । ਪ੍ਰਭ ਪੂਰਨ ਕਾਜ ਦੇ ਸਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਾਏ ਸਾਰ । ਆਪੇ ਜਾਣੇ ਆਪੇ ਬੂਝੇ । ਆਪ ਵਖਾਣੇ ਆਪ ਸੂਝੇ । ਆਪੇ ਭੇਵ ਖੁਲ੍ਹਾਏ ਗੂਝੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਉਪਜਾਏ ਤਰਾਏ ਭੇਵ ਚੁਕਾਏ ਦੂਜੇ । ਏਕਾ ਦੂਜਾ ਆਪ ਮਿਟਾਏ । ਸਾਚੀ ਬੂਝ ਆਪ ਬੁਝਾਏ । ਚਰਨ ਲੂਝ ਗੁਰਸਿਖ ਬਖ਼ਸ਼ਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ । ਭਿੰਨੜੀ ਰੈਣ ਵਕ਼ਤ ਸੁਹੰਜਣਾ । ਜੋਤ ਜਗਾਏ ਪ੍ਰਭ ਨਿਰੰਜਣਾ । ਚਰਨ ਧੂੜ ਪ੍ਰਭ ਦਰ ਸਾਚਾ ਮਜਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸਾਕ ਸੈਣ ਸੱਜਣਾ । ਸਾਚਾ ਪ੍ਰਭ ਗੁਰਸਿਖ ਉਧਾਰੇ । ਕਿਰਪਾ ਕਰ ਪਾਰ ਉਤਾਰੇ । ਮੰਗਣ ਆਇਆ ਪ੍ਰਭ ਦਰ, ਦੁੱਧ ਪੁੱਤ ਪ੍ਰਭ ਭਰੇ ਭੰਡਾਰੇ । ਹੋਏ ਸੁਤ ਪ੍ਰਭ ਸ਼ਬਦ ਲਿਖਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹਣ ਸਿੰਘ ਲੇਖ ਲਿਖਾਰੇ । ਸਾਚੀ ਦਾਤ ਦਇਆ ਕਰ । ਪ੍ਰਭ ਅਬਿਨਾਸ਼ੀ ਦੀਆ ਸਾਚਾ ਵਰ । ਖਾਲੀ ਭੰਡਾਰੇ ਪ੍ਰਭ ਦਏ ਭਰ । ਚਰਨ ਲਾਗ ਗੁਰਮੁਖ ਸਾਚਾ ਜਾਏ ਤਰ । ਦੇਵੇ ਵਡਿਆਈ ਨਿਹਕਲੰਕ ਅਵਤਾਰ ਨਰ । ਹੋਏ ਸਹਾਈ ਜਨ ਸਰਨੀ ਜਾਏ ਪਰ । ਵੱਜੇ ਵਧਾਈ ਪ੍ਰਭ ਸਾਚਾ ਸਾਚੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਮੰਗਣ ਤੇਰਾ ਦਰ । ਵਡ ਦਰ ਅਖੁੱਟ ਅਤੋਲ । ਪ੍ਰਭ ਅਬਿਨਾਸ਼ੀ ਸਦ ਅਮੋਲ । ਗੁਰਮੁਖ ਵੇਖ ਮੁਖੋਂ ਕੱਢੇ ਸਾਚਾ ਬੋਲ । ਗੁਰਮੁਖ ਆਤਮ ਰੰਗੇ ਪ੍ਰਭ ਸਾਚਾ ਰੰਗ, ਸੋਹੰ ਕੰਡੇ ਤੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਨਿਧ ਉਪਜਾਏ ਵੱਜੇ ਵਧਾਏ ਦਰ ਘਰ ਸੋਹੰ ਸ਼ਬਦ ਸਾਚਾ ਢੋਲ । ਸਾਚੇ ਘਰ ਵੱਜੇ ਵਧਾਈ । ਪੂਰਨ ਆਸਾ ਪ੍ਰਭ ਕਰਾਈ । ਦਾਸਨ ਦਾਸ ਗੁਰਸਿਖ ਹੋਏ ਸੇਵ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਾਤ ਝੋਲੀ ਪਾਈ । ਸਾਚੀ ਦਾਤ ਸਚਾ ਸੁੱਤ । ਦੇਵੇ ਦਰਸ ਪ੍ਰਭ ਅਬਿਨਾਸ਼ੀ ਅਚੁੱਤ । ਆਏ ਵਕ਼ਤ ਸੁਹਾਏ ਰੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਦਰ ਮੰਗੇ ਗੁਰਮੁਖ ਨਾ ਸੰਗੇ ਆਪਣੇ ਰੰਗ ਰੰਗੇ ਸੋਹੰ ਦੇਵੇ ਦਾਤ ਅਤੁੱਟ । ਜਗਤ ਪਿਤ ਮਾਤ ਆਪ ਬਣਾਏ । ਸਾਚਾ ਨਾਤ ਜਗਤ ਰਹਿ ਜਾਏ । ਸਾਚਾ ਸਤਿ ਆਪ ਰਖਾਏ । ਸਾਚਾ ਪ੍ਰਭ ਦਇਆ ਕਮਾਏ । ਪਿਤਾ ਪੂਤ ਮੇਲ ਮਿਲਾਏ । ਸਾਚਾ ਸੂਤ ਤਾਣਾ ਪੇਟਾ ਇਕ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ

੧੫੯
੦੨

ਜਨ ਬੂਝ ਬੁਝਾਏ । ਸਾਚੀ ਵਸਤ ਪ੍ਰਭ ਸਾਚੇ ਦਰ । ਪ੍ਰਭ ਅਬਿਨਾਸ਼ੀ ਦੇਵੇ ਸਾਚਾ ਵਰ । ਆਪ ਸੁਹਾਏ ਗੁਰਮੁਖ ਤੇਰਾ ਘਰ । ਸੁੱਕਾ ਕਾਸ਼ਟ ਹਰਾ ਕਰਾਏ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਦੇਵੇ ਵਰ । ਬੇਮੁਖ ਜੀਵ ਆਪ ਹੋ ਜਾਏ । ਸਾਚਾ ਪ੍ਰਭ ਸਾਰ ਨਾ ਪਾਏ । ਹੋਏ ਕੁਕਰਮੀ ਕੁਕਰਮ ਕਮਾਏ । ਵਡ ਅਧਰਮੀ ਧਰਮ ਗਵਾਏ । ਗੁਰਸਿਖ ਗੁਰਮੁਖ ਜੋ ਮੁਖ ਭਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਦੁਖੀਆਂ ਦੁਖ ਦੇ ਸਜਾਏ । ਗੁਰਸਿਖ ਹੋਏ ਮੁਖ ਭੁਆਵਣਾ । ਨਿਹਕਲੰਕ ਕਲੰਕ ਨਾਉਂ ਲਗਾਵਣਾ । ਪ੍ਰਭ ਅਬਿਨਾਸ਼ੀ ਏਕਾ ਡੰਕ ਆਪਣਾ ਜਗਤ ਵਜਾਵਣਾ । ਰਾਓ ਰੰਕ ਨੀਚ ਊਚ ਊਚ ਨੀਚ ਇਕ ਕਰਾਵਣਾ । ਜੋਤ ਸਰੂਪੀ ਜੋਤ ਪ੍ਰਭ, ਚਾਰ ਵਰਨ ਸਰਨ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਜਗਤ ਚਲਾਵਣਾ । ਏਕਾ ਨਾਮ ਜਗਤ ਚਲਾ ਕੇ । ਏਕਾ ਧਾਮ ਆਪ ਉਪਾ ਕੇ । ਏਕਾ ਰਾਮ ਆਪ ਅਖਵਾ ਕੇ । ਸੋਹੰ ਜਾਮ ਸ੍ਰਿਸ਼ਟ ਪਿਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਜਾਏ ਕਰਾ ਕੇ । ਸਾਚਾ ਗੁਰ ਸਾਚੀ ਸੀਖਿਆ । ਸਾਚੀ ਦੇਵੇ ਗੁਰਮੁਖ ਭੀਖਿਆ । ਵੇਲੇ ਅੰਤਕਾਲ ਕਲ ਕਰੇ ਸਚ ਪਰੀਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਦੀਖਿਆ । ਗੁਰਸਿਖ ਹੋਏ ਨਾ ਮਨ ਡੁਲਾਏ । ਗੁਰਸਿਖ ਹੋਏ ਨਾ ਕਾਮ ਕਰੋਧ ਤਨ ਜਲਾਏ । ਗੁਰਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰਸਨਾ ਗਾਏ । ਗੁਰਸਿਖ ਗੁਰ ਏਕਾ ਰੰਗ । ਗੁਰਸਿਖ ਪ੍ਰਭ ਕੱਟੇ ਭੁੱਖ ਨੰਗ । ਗੁਰਸਿਖ ਪ੍ਰਭ ਸਾਚੇ ਦਾ ਸਾਚਾ ਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਸਦਾ ਸਹਾਈ ਅੰਗ ਸੰਗ । ਏਕਾ ਸੰਗ ਸਦਾ ਪ੍ਰਭ ਤੇਰਾ । ਪ੍ਰਭ ਅਬਿਨਾਸ਼ੀ ਵਿਚ ਸਦ ਵਸੇਰਾ । ਦੂਰਨ ਦੂਰ ਪ੍ਰਭ ਨੇਰਨ ਨੇਰਾ । ਗੁਰਸਿਖ ਮਿਟਾਏ ਹੇਰਾ ਫੇਰਾ । ਪਰਗਟ ਜੋਤ ਦਰਸ ਦਿਖਾਏ ਨਾ ਲਾਏ ਦੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਆਪ ਕਰਾਏ ਸਰਬ ਨਬੇੜਾ । ਆਪਣਾ ਕਾਮ ਪ੍ਰਭ ਆਪ ਕਰਾਏ । ਜੋਤ ਸਰੂਪੀ ਦਰਸ ਦਿਖਾਏ । ਜੋਤ ਸਰੂਪੀ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਮਾਣ ਦਵਾਏ । ਦਰਗਹਿ ਸਾਚੀ ਸਾਚਾ ਧਾਮ । ਏਕਾ ਜੋਤ ਰਮਈਆ ਰਾਮ । ਗੁਰਸਿਖ ਪੂਰਨ ਕਰਾਏ ਕਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਬਣਾਇਆ ਸਾਚਾ ਧਾਮ । ਧਾਮ ਸੁਹਾਇਆ ਜੋਤ ਜਗਾਇਆ । ਗੁਰਸਿਖ ਬਹਾਇਆ ਆਪ ਆਪਣਾ ਨਾਮ ਜਪਾਇਆ । ਸਾਚੇ ਧਾਮ ਗੁਰਸਿਖ ਬਹਾਇਆ । ਆਵਣ ਜਾਵਣ ਗੇੜ ਚੁਕਾਇਆ । ਪਤਤ ਪਾਵਨ ਆਪ ਅਖਵਾਇਆ । ਅੰਮ੍ਰਿਤ ਮੇਘ ਸਾਵਣ ਬਰਸਾਇਆ । ਸਾਚੇ ਪ੍ਰਭ ਸਤਿਜੁਗ ਸੋਹੰ ਸ਼ਬਦ ਚਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਾਧ ਬੋਧ ਬੋਧ ਅਗਾਧ ਸਾਚਾ ਸ਼ਬਦ ਪਰਗਟ ਜੋਤ ਵਿਚ ਮਾਤ ਲਿਖਾਇਆ । ਸੁਰਤ ਸ਼ਬਦ ਪ੍ਰਭ ਮੇਲ ਮਿਲਾਏ । ਸੁਰਤ ਸ਼ਬਦ ਗੁਰਸਿਖ ਤਰਾਏ । ਸੁਰਤ ਸ਼ਬਦ ਪ੍ਰਭ ਵੇਖ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਚੁਕਾਏ । ਸੁਰਤ ਸ਼ਬਦ ਚਰਨ ਧਿਆਨਾ । ਸੁਰਤ ਸ਼ਬਦ ਜੋਤ ਮਹਾਨਾ । ਸੁਰਤ ਸ਼ਬਦ ਅਨਹਦ ਉਪਜਾਏ ਸੁਣਾਏ ਰਾਗ ਸਾਚਾ ਕਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਸੁਰਤ ਸ਼ਬਦ ਵਿਸ਼ਨੂੰ ਭਗਵਾਨਾ । ਸੁਰਤ ਸ਼ਬਦ ਜਿਸ ਜਨ ਦਵਾਏ । ਸੁਰਤ ਸ਼ਬਦ ਗੁਰ ਆਪ ਉਪਾਏ । ਸੁਰਤ ਸ਼ਬਦ ਪ੍ਰਭ ਬੂਝ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਲਾਜ ਰਖਾਏ ਦੂਜ ਮਿਟਾਏ ।

ਦੂਜ ਮਿਟਾਈ ਬੂਝ ਬੁਝਾਈ । ਸਚ ਘਰ ਦੀ ਸੋਝੀ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਇਆ ਕਮਾਈ । ਸਾਚਾ ਪ੍ਰਭ ਦੀਨ ਦਿਆਲਾ । ਸਦਾ ਸਦਾ ਸਦਾ ਪ੍ਰਿਤਪਾਲਾ । ਏਕਾ ਰੰਗ ਸਦਾ ਸਮਾਏ ਬਿਰਧ ਜਵਾਨ ਬਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਜਪਾਏ ਆਤਮ ਚੜ੍ਹਾਏ ਰੰਗ ਗੁਲਾਲਾ । ਸਾਚੇ ਰੰਗ ਆਤਮ ਰੰਗ । ਗੁਰਮੁਖ ਸਾਚੇ ਪ੍ਰਭ ਚਰਨ ਤੇਰਾ ਸਾਚਾ ਸੰਗ । ਬੇਮੁਖ ਜੀਵ ਅੰਤਕਾਲ ਟੁੱਟ ਜਾਇਣ ਜਿਉਂ ਕਾਚੀ ਵੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਏ ਸਦਾ ਅੰਗ ਸੰਗ । ਇਕ ਘਰ ਇਕ ਵਰਤਾਰ । ਇਕ ਘਰ ਇਕ ਦਰਬਾਰ । ਇਕ ਦਰ ਇਕ ਦਾਤਾਰ । ਇਕ ਘਰ ਦੋ ਵਿਹਾਰ । ਇਕ ਘਰ ਦੋ ਗਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਏਕਾ ਘਰ ਏਕਾ ਵਰ ਏਕਾ ਅਵਤਾਰ ਨਰ ਦੇਵੇ ਸਰਬ ਸੰਸਾਰ । ਏਕਾ ਘਰ ਦੋ ਧੜ । ਪ੍ਰਭ ਅਬਿਨਾਸ਼ੀ ਛੱਡਿਆ ਲੜ । ਕਲਜੁਗ ਮਾਇਆ ਗਏ ਹੜ੍ਹ । ਹੰਗਤਾ ਰੋਗ ਵਿਚ ਗਏ ਸੜ । ਅੰਤਕਾਲ ਕਲਜੁਗ ਜਾਏ ਛੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਏ ਸਤਿ ਵਰਤਾਏ ਜੋ ਜਨ ਫੜੇ ਪ੍ਰਭ ਸਾਚੇ ਦਾ ਸਾਚਾ ਲੜ । ਸਾਚਾ ਪ੍ਰਭ ਸਚ ਹੁਕਮ ਲਿਖੰਤਾ । ਦੇਵੇ ਵਡਿਆਈ ਮਨੀ ਸਿੰਘ ਸਾਚੇ ਸੰਤਾ । ਕਿਆ ਕੋਏ ਕਰੇ ਕਲਜੁਗ ਜੀਵ ਜੰਤਾ । ਆਪ ਬਣਾਏ ਸਾਚੀ ਬਣਤਾ । ਸਿਰ ਰੱਖੇ ਹੱਥ ਪ੍ਰਭ ਸਾਚਾ ਕੰਤਾ । ਪ੍ਰਭ ਵਕਤ ਸੁਹਾਏ ਜੋਤ ਪਰਗਟਾਏ, ਸਾਧ ਸੰਗਤ ਪ੍ਰਭ ਚਰਨ ਲਗਾਏ, ਆਪ ਉਠਾਏ ਮਾਣ ਦਵਾਏ ਪੂਰਨ ਭਗਵੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਭੇਵ ਨਾ ਪਾਏ, ਏਕਾ ਜੋਤ ਆਦਿਨ ਅੰਤਾ । ਸੰਤ ਮਨੀ ਸਿੰਘ ਤੇਰਾ ਦੁਖ । ਜਨ ਨਾ ਪਾਏ ਕੋਈ ਸੁਖ । ਦਰ ਘਰ ਵਰਤੇ ਮਾਰੇ ਭੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਏ ਸਚ ਵਰਤਾਏ ਜੋ ਉਪਜਾਏ ਸਾਚੇ ਮੁਖ । ਗੁਰਸਿਖ ਭੁੱਲੇ ਹੋਏ ਅੰਞਾਣ । ਪ੍ਰਭ ਸਾਚੇ ਦੀ ਸਾਚੀ ਬਾਣ । ਏਕਾ ਸ਼ਬਦ ਰਖਾਇਆ ਆਣ । ਸੰਤ ਮਨੀ ਸਿੰਘ ਕੀਆ ਪਰਧਾਨ । ਦੇਵੇ ਵਡਿਆਈ ਵਾਲੀ ਦੋ ਜਹਾਨ । ਸਰਨ ਤਕਾਈ ਨਿਹਕਲੰਕ ਬਲੀ ਬਲਵਾਨ । ਚਰਨ ਲਗਾਏ ਦਰਸ ਦਿਖਾਏ ਜੋਤ ਜਗਾਏ ਵਿਚ ਲਲਾਟ ਮਹਾਨ । ਸਾਚੇ ਸੰਤ ਦਇਆ ਕਮਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸੰਤ ਮਨੀ ਸਿੰਘ ਸਤਿ ਕਰ ਮੰਨਿਆ । ਸਾਚਾ ਬੇੜਾ ਪ੍ਰਭ ਸਾਚੇ ਬੰਨ੍ਹਿਆ । ਜੋ ਜਨ ਭੁੱਲੇ ਜਗਤ ਡੁੱਲੇ ਜਗਤ ਪੀੜੇ ਜਿਉਂ ਵੇਲਨੇ ਗੰਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਤਰੇ ਪਾਰ ਜਿਸ ਜਨ ਸਤਿ ਸਤਿ ਕਰ ਮੰਨਿਆ । ਮਨੀ ਸਿੰਘ ਜੋਤ ਅਧਾਰ । ਜੋਤੀ ਜੋਤ ਆਪ ਨਿਰੰਕਾਰ । ਸਤਿਜੁਗ ਬਣੇ ਸੱਚੀ ਸਰਕਾਰ । ਧਰੇ ਹੱਥ ਸਿਰ ਆਪ ਕਰਤਾਰ । ਜਗੇ ਜੋਤ ਵਿਚ ਸੰਸਾਰ । ਚਾਰ ਵਰਨ ਆਇਣ ਦਰਬਾਰ । ਸੋਹੰ ਰੰਗ ਹੋਇਣ ਪਨਿਹਾਰ । ਸਾਧਨ ਸੰਤਨ ਦਰਸ ਅਪਾਰ । ਊਚੋ ਊਚ ਆਪ ਨਿਹਕਲੰਕ ਨਰਾਇਣ ਨਰ ਅਵਤਾਰ । ਸੰਤ ਮਨੀ ਸਿੰਘ ਸਤਿ ਪੁਰਖ ਮਨਾਇਆ । ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਮਸਤਕ ਲੇਖ ਆਪ ਲਿਖਾਇਆ । ਸਾਚਾ ਸੰਤ ਵੇਖ ਪ੍ਰਭ ਸੇਵਾ ਲਾਇਆ । ਜੋਤ ਸਰੂਪੀ ਭੇਵ ਪ੍ਰਭ ਆਪ ਖੁਲ੍ਹਾਇਆ । ਮਸਤੂਆਣੇ ਲਗਾਈ ਮੇਖ, ਸਾਚਾ ਕਰਮ ਸੰਤ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸੇਵਾ ਲਾਇਆ । ਸੰਤ ਮਨੀ ਸਿੰਘ ਸੇਵਾ ਲੱਗ । ਪ੍ਰਭ ਅਬਿਨਾਸ਼ੀ ਸੋਹੇ ਪੱਗ । ਲੇਖ ਲਿਖਾਵੇ ਸਾਰੇ ਜਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਜਗਾਏ ਕਰੇ ਰੁਸ਼ਨਾਏ ਆਤਮ ਜੋਤ ਬੁਝਾਏ ਅੱਗ । ਸੰਤ ਮਨੀ ਸਿੰਘ ਸਚ ਕਰ ਮੰਨ । ਆਪਣਾ ਬੇੜਾ ਲਿਆ ਬੰਨ੍ਹ । ਆਤਮ ਕਢਾਇਆ ਸਾਰਾ

ਜਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਉਪਜਾਇਆ ਸੁਣਾਇਆ ਸਾਚਾ ਕੰਨ । ਸਾਚੇ ਸੰਤ ਸ਼ਬਦ ਜਣਾਇਆ । ਨਿਹਕਲੰਕ
ਦਰਸ ਦਿਖਾਇਆ । ਸਾਚੀ ਅੰਸ ਗੁਰਸਿਖ ਉਪਜਾਇਆ । ਵਿਚ ਸਹੰਸ ਮੁਖ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲ ਅਵਸਥਾ
ਅਚਰਜ ਖੇਲ ਆਪ ਕਰਾਇਆ । ਸੰਤ ਮਨੀ ਸਿੰਘ ਸ਼ਬਦ ਜਣਾਏ । ਪ੍ਰਭ ਅਬਿਨਾਸ਼ੀ ਹੁਕਮ ਸੁਣਾਏ । ਗੁਰਮੁਖ ਸਿੰਘ ਸੰਗ ਰਲਾਏ । ਨਿਹਕਲੰਕ
ਸੀਸ ਉਠਾਏ । ਸਰ ਅੰਮ੍ਰਿਤ ਪਹੁੰਚੇ ਜਾਏ । ਦਰ ਦਰਬਾਰ ਬੂਝ ਬੁਝਾਏ । ਆਪਣਾ ਘਰ ਬਾਹਰ ਆਪ ਸੁਹਾਏ । ਹਰਿ ਹਰਿ ਹਰਿ ਪ੍ਰਭ ਹਰਿਮੰਦਰ
ਆਏ । ਸੰਤ ਮਨੀ ਸਿੰਘ ਸਾਚਾ ਸੰਤ ਸਾਚਾ ਕਰਮ ਕਮਾਏ । ਬਾਂਹੋਂ ਪਕੜ ਸਾਚਾ ਸੰਤ ਨਿਹਕਲੰਕ ਮੰਜੀ ਸਾਹਿਬ ਉਪਰ ਬਿਠਾਏ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਧਾਮ ਸੁਹਾਏ । ਅੰਮ੍ਰਿਤਸਰ ਦੇ ਉਠੇ ਪੁਜਾਰੀ । ਕਲਜੁਗ ਜੀਵ ਦੁਸ਼ਟ ਦੁਰਾਚਾਰੀ । ਮਦਿਰਾ ਮਾਸ
ਕਰਨ ਆਹਾਰੀ । ਦਰ ਗੁਰ ਭੋਗਣ ਸਰਬ ਨਰ ਨਾਰੀ । ਬੇਮੁਖਾਂ ਮਤਿ ਕਲ ਗਈ ਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ
ਅੰਤ ਕਲ ਕਰੇ ਖਵਾਰੀ । ਅਚਰਜ ਖੇਲ ਆਪ ਖਿਲੰਤਾ । ਸਾਚਾ ਪ੍ਰਭ ਸਚ ਵਰਤੰਤਾ । ਕੋਇ ਨਾ ਜਾਣੇ ਜੀਵ ਜੰਤਾ । ਪ੍ਰਭ ਸਾਚਾ ਸਚ ਥਾਏਂ
ਰਹੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਜੋਤ ਸਰੂਪ ਪੂਰਨ ਭਗਵੰਤਾ । ਆਪਣਾ ਭੇਵ ਆਪ ਛੁਪਾਇਆ । ਸਰ ਅੰਮ੍ਰਿਤ
ਇਹ ਖੇਲ ਰਚਾਇਆ । ਦਰ ਦਰਬਾਰੀ । ਦਰ ਦਰਬਾਰੀ ਧੱਕੇ ਲਾਇਆ । ਸੰਗ ਸੰਤ ਮਨੀ ਸਿੰਘ ਬਾਹਰ ਕਢਾਇਆ । ਸਾਚੇ ਪ੍ਰਭ ਸਚ ਸ਼ਬਦ
ਉਪਜਾਇਆ । ਸੰਤ ਮਨੀ ਸਿੰਘ ਕਲਮ ਉਠਾਇਆ । ਲਿਖਾਇਆ ਲੇਖ ਮਿਟ ਨਾ ਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰ
ਅੰਮ੍ਰਿਤ ਇਹ ਸਰਾਫ ਦਵਾਇਆ । ਅੰਤਕਾਲ ਕਲ ਪਰਗਟੀ ਜੋਤ ਬੇਮੁਖਾਂ ਦੇ ਸਜਾਇਆ । ਸੰਤ ਵਾਕ ਭਵਿਖਤ ਸਤਿ ਕਰਾਈ । ਲਿਖਿਆ ਲੇਖ
ਨਾ ਕੋਈ ਮਿਟਾਈ । ਸਰ ਅੰਮ੍ਰਿਤ ਜੋ ਲਿਖਤ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਕ਼ਤ ਕਲਜੁਗ ਲਏ ਜੋਤ ਪਰਗਟਾਈ । ਅੰਮ੍ਰਿਤਸਰ
ਸਾਚਾ ਸਰ । ਰਾਮ ਦਾਸ ਤੇਰਾ ਸਾਚਾ ਘਰ । ਕਲਜੁਗ ਜੀਵ ਆਪਣਾ ਬਚਨ ਗਏ ਹਰ । ਵੇਲੇ ਅੰਤ ਅੰਤਕਾਲ ਆਪਣਾ ਕੀਆ ਲੈਣ ਭਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਮ ਕਮਾਇਆ ਸ਼ਬਦ ਸ਼ਬਦ ਲਿਖਾਇਆ ਆਣ ਭੁਗਤਾਇਆ ਅਵਤਾਰ ਨਰ । ਗੁਰ ਅਰਜਨ ਇਹ ਲਿਖਤ
ਲਿਖਾਈ । ਹਰਿ ਜੂ ਹਰਿਮੰਦਰ ਵਿਚ ਆਈ । ਨਿਹਕਲੰਕ ਇਹ ਕਲ ਵਰਤਾਈ । ਬੇਮੁਖਾਂ ਕਲ ਸਾਰ ਨਾ ਪਾਈ । ਕਲਜੁਗ ਜੀਵ ਹੋਏ ਦੁੱਖਦਾਈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਦੇ ਸਜਾਈ । ਅੰਮ੍ਰਿਤਸਰ ਸਰਾਫ ਦਵਾ ਕੇ । ਘਨਕਪੁਰੀ ਬੈਠੇ ਆ ਕੇ । ਸਾਚੇ ਸੰਤ ਸ਼ਬਦ
ਜਣਾ ਕੇ । ਪੁਰੀ ਅਨੰਦ ਦਾ ਹੁਕਮ ਸੁਣਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲ ਅਵਸਥਾ ਸਾਚਾ ਕਰਮ ਕਮਾ ਕੇ । ਪੁਰੀ ਅਨੰਦ
ਡੇਰਾ ਲਾਇਆ । ਆਪ ਆਪਣਾ ਖੇਲ ਰਚਾਇਆ । ਸੰਤ ਮਨੀ ਸਿੰਘ ਸਰਬ ਸੁਣਾਇਆ । ਨਿਹਕਲੰਕ ਕਲ ਜਾਮਾ ਪਾਇਆ । ਕੂਚੋ ਕੂਚ ਆਪ
ਸੁਣਾਇਆ । ਵਾਲੀ ਦੋ ਜਹਾਨ ਵਿਚ ਮਾਤ ਦੇ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਨਾਉਂ ਧਰਾਇਆ । ਪੁਰੀ ਅਨੰਦ
ਪ੍ਰਭ ਸਾਚਾ ਜਾਏ । ਗੁਰ ਗੋਬਿੰਦ ਜਿਥੇ ਗਿਆ ਗਵਾਏ । ਏਕਾ ਓਟ ਨਿਹਕਲੰਕ ਰਖਾਏ । ਕਲਜੁਗ ਅੰਤਮ ਪਰਗਟ ਜੋਤ ਹੋਏ ਜੋਤ ਸਰੂਪ
ਖੇਲ ਰਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਅਨੰਦ ਚਤੁਰਭੁਜ ਆਪ ਅਖਵਾਏ । ਸਾਚੇ ਸੰਤ ਪਾਈ ਦੁਹਾਈ । ਪੁਰੀ ਅਨੰਦ

੧੬੧ ੦੨

ਦੀ ਸੁਣੇ ਲੋਕਾਈ । ਅਵਤਾਰ ਨਰ ਜੋਤ ਪਰਗਟਾਈ । ਕਲਗੀਧਰ ਆਪ ਅਖਵਾਈ । ਸਰਨ ਆਓ ਸਰਬ ਮਾਈ ਭਾਈ । ਵੇਲਾ ਗਿਆ ਫਿਰ ਹੱਥ ਨਾ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਖੇਲ ਆਪ ਰਚਾਈ । ਸਾਚੇ ਸੰਤ ਸ਼ਬਦ ਜਣਾਇਆ । ਆਪਣਾ ਭਾਣਾ ਆਪ ਸੁਣਾਇਆ । ਨੀਲਾ ਬਾਣਾ ਸੰਤ ਬਣਾਇਆ । ਪ੍ਰਭ ਸਾਚੇ ਦੇ ਗਲ ਪਹਿਨਾਇਆ । ਆਪਣੇ ਸੀਸ ਸੰਤ ਉਠਾਇਆ । ਅਮਾਮ ਮਹਿੰਦੀ ਨਾਉਂ ਰਖਾਇਆ । ਗਲੀ ਗਲੀ ਵਿਚ ਫਿਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਕਾਮ ਬਾਲ ਅਵਸਥਾ ਆਪ ਕਰਾਇਆ । ਬਾਲ ਅਵਸਥਾ ਖੇਲ ਕਰਾ ਕੇ । ਕਲਜੁਗ ਜੀਵਾਂ ਮਾਇਆ ਪਾ ਕੇ । ਭਰਮ ਭੁਲੇਖੇ ਜਗਤ ਭੁਲਾ ਕੇ । ਝੂਠੀ ਦੇਹ ਆਪ ਤਜਾ ਕੇ । ਜੋਤ ਸਰੂਪੀ ਜੋਤ ਮਿਲਾ ਕੇ । ਏਕਾ ਜੋਤ ਜੋਤੀ ਜੋਤ ਪਰਗਟਾ ਕੇ । ਜੋਤ ਸਰੂਪੀ ਜੋਤ ਪ੍ਰਭ ਗੁਰਮੁਖ ਸਾਚੇ ਰੱਖੇ ਵਿਚ ਮਿਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਂਓ ਧਰਾ ਕੇ । ਦੇਹ ਤਜਾਏ ਜੋਤ ਪਰਗਟਾਏ ਨਿਹਕਲੰਕ ਅਖਵਾਏ । ਜੋਤ ਸਰੂਪੀ ਜਾਮਾ ਪਾਏ । ਸਾਚੀ ਜੋਤ ਵਿਚ ਮਾਤ ਟਿਕਾਏ । ਦਿਵਸ ਰਾਤ ਪ੍ਰਭ ਇਕ ਕਰਾਏ । ਸਾਚਾ ਨਾਤ ਸੋਹੰ ਜਗਤ ਰਖਾਏ । ਉਠ ਪਰਭਾਤ ਜੋ ਜਨ ਰਸਨਾ ਗਾਏ । ਵਿਚ ਕੁੱਖ ਮਾਤ ਫੇਰ ਨਾ ਆਏ । ਪ੍ਰਭ ਸਾਚਾ ਬਖ਼ਸ਼ੇ ਸਾਚੀ ਦਾਤ, ਜਨਮ ਮਰਨ ਦਾ ਗੇੜ ਕਟਾਏ । ਨਪੁੰਸਕ ਹੋਏ ਜੋ ਜਨ । ਝੂਠਾ ਦਿਸੇ ਜਗਤ ਧਨ । ਆਤਮ ਬੁਝੀ ਜੋਤ ਅੰਧੇਰ ਮਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬੰਨ੍ਹੇ ਸਾਚਾ ਬੰਨ । ਆਤਮ ਸਤਿ ਧੀਰਜ ਧਰ । ਆਤਮ ਸਤਿ ਜੋਤ ਕਰ । ਸਾਚਾ ਵੱਤ ਬੀਜ ਹਰਿ । ਪੂਰਨ ਮਤਿ ਪ੍ਰਭ ਦੇਵੇ ਕਰ । ਸਾਚਾ ਸਤਿ ਪ੍ਰਭ ਸਰਨ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਹਰਿਆਵਲਾ ਦੇਵੇ ਕਰ । ਪ੍ਰਭ ਸਾਚਾ, ਰਾਹ । ਸਾਚਾ ਪ੍ਰਭ ਬੇਪਰਵਾਹ । ਸਾਚਾ ਪ੍ਰਭ ਅਗੰਮ ਅਥਾਹ । ਸਾਚਾ ਪ੍ਰਭ ਜਨ ਕੋਇ ਬੂਝੇ ਨਾ । ਸਾਚਾ ਪ੍ਰਭ ਨਿਮਾਣਿਆਂ ਨਿਤਾਣਿਆਂ ਪਕੜੇ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਭੁੱਲੇ ਨਾਹ । ਸਚ ਦਰ ਦਵਾਰ ਪੁਕਾਰਾ । ਆਤਮ ਦੁਖ ਜੀਵ ਦੁੱਖਿਆਰਾ । ਉਪਜੇ ਸੁਖ ਪ੍ਰਭ ਦੇਵੇ ਜੋਤ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਚ ਦਰਬਾਰਾ । ਸਚ ਦਵਾਰ ਸਚ ਦਰਬਾਰ । ਸਚ ਦਾਤਾਰ ਸਚ ਕਰਤਾਰ ਸਚ ਵਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਕਰੇ ਵਿਹਾਰ । ਆਤਮ ਸੱਚੀ ਨਾ ਹੋਏ ਕੱਚੀ । ਗੁਰਮੁਖ ਸਾਚੇ ਪ੍ਰਭ ਸਾਚਾ ਸ਼ਬਦ ਲਿਖਾਏ ਸਚ ਸੱਚੀ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਧੀਰ ਧਰਾਏ, ਦੀਰਘ ਰੋਗ ਗਵਾਏ, ਚਿੰਤਾ ਸੋਗ ਮਿਟਾਏ ਦਿਵਸ ਰੈਣ ਰਹੇ ਜੋ ਲਗੀ । ਆਤਮ ਚਿੰਤਾ ਆਪ ਮਿਟਾਏ । ਸੁਣੇ ਬੇਨੰਤੀ ਆਪ ਰਘੁਰਾਏ । ਏਕਾ ਤਿਨਕਾ ਜੋਤ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਇਆ ਕਮਾਏ । ਦਇਆ ਕਮਾਈ ਵੇਖ ਵੇਖ ਕਰ । ਲੇਖ ਲਿਖਾਏ ਵੇਖ ਵੇਖ ਕਰ । ਕਲਜੁਗ ਜੀਵ ਭੁਲ ਨਾ ਜਾਏ । ਕਲਜੁਗ ਮਾਇਆ ਵੇਖ ਵੇਖ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਬੁੱਧ ਬਿਬੇਕ ਏਕ ਕਰ । ਏਕਾ ਬੁੱਧੀ ਹੋਏ ਬਿਬੇਕ । ਏਕਾ ਰਾਖੋ ਚਰਨ ਟੇਕ । ਕਲਜੁਗ ਅਗਨ ਲਗਾਏ ਸੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੁਖ ਮਿਟਾਏ, ਨਾੜੀ ਬਹੱਤਰ ਸੁਫਲ ਕਰਾਏ, ਹੁਕਮ ਸੁਣਾਏ ਸਾਚਾ ਏਕ । ਸੱਚਾ ਹੁਕਮ ਸੱਚਾ ਫ਼ਰਮਾਣ । ਦੇਵੇ ਆਪ ਵਾਲੀ ਦੋ ਜਹਾਨ । ਭਗਤ ਭਗਵਾਨ ਇਕ ਰੰਗ ਸਮਾਣ । ਏਕਾ ਆਣ ਏਕਾ ਤਾਣ ਵਿਚ

ਜਹਾਨ । ਏਕਾ ਤਾਣ ਏਕਾ ਮਾਣ ਪਿਤਾ ਪੂਤ ਸਮਾਨ । ਦੇਵੇ ਵਡਿਆਈ ਦੁਖ ਮਿਟਾਈ ਦੇਹੀ ਰੋਗ ਗਵਾਈ ਪ੍ਰਭ ਬਲੀ ਬਲਵਾਨ । ਦੁਖ ਦਰਦ ਮਿਟਾਏ ਸੁਖ ਉਪਜਾਏ ਮੁਖ ਰਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਚਾ ਦਰਸ ਆਪ ਦਿਖਾਏ । ਸਾਚਾ ਮਾਰਗ ਜਗਤ ਲਗਾਏ । ਸਾਚਾ ਮਾਰਗ ਸਤਿ ਕਰ ਮੰਨਣਾ । ਆਤਮ ਸਾਚੀ ਧੀਰਜ ਬੰਨਣਾ । ਪ੍ਰਭ ਅਬਿਨਾਸ਼ੀ ਸਤਿ ਕਰ ਮੰਨਣਾ । ਆਪ ਰੰਗਾਏ ਆਪਣੀ ਰੰਗਣਾ । ਆਪਣੇ ਰੰਗ ਆਪ ਰੰਗ । ਸਾਚਾ ਦਰਸ ਗੁਰ ਦਰ ਮੰਗ । ਮਦਿਰਾ ਮਾਸ ਝੂਠਾ ਸੰਗ । ਅੰਤਕਾਲ ਧਰਮ ਰਾਏ ਕਰਾਏ ਨੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਸਜਾਏ ਥਾਏਂ ਨਾ ਪਾਏ, ਮਾਨਸ ਜਨਮ ਹੋ ਜਾਏ ਭੰਗ । ਸਾਚਾ ਪ੍ਰਭ ਸਾਂਤਕ ਸੀਤਲਾ । ਗੁਰਮੁਖ ਸਾਚੇ ਤੇਰਾ ਸਾਚਾ ਮੀਤਲਾ । ਪ੍ਰਭ ਸਾਚੇ ਦੀ ਸਾਚੀ ਰੀਤਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਮਾਨਸ ਜਨਮ ਕਲਜੁਗ ਜੀਤਲਾ । ਮਨ ਵੈਰਾਗੀ, ਜਗਤ ਤਿਆਗੀ, ਹੋਏ ਵੈਰਾਗੀ, ਪ੍ਰਭ ਸੇਵਾ ਲਾਗੀ ਦੂਜ ਭਾਗੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਜਪਾਏ ਆਤਮ ਧੋਏ ਪਾਪਾਂ ਦਾਗ਼ੀ । ਆਤਮ ਰਸ ਜਿਸ ਜਨ ਜਾਣਿਆਂ, ਪੂਰਨ ਬ੍ਰਹਮ ਆਪ ਪਛਾਣਿਆਂ । ਆਤਮ ਰਸ ਜਿਸ ਜਨ ਵਖਾਣਿਆਂ, ਰਸਨਾ ਰਸ ਆਤਮ ਰਸ ਮਾਣਿਆਂ । ਆਤਮ ਰਸ ਜਿਸ ਜਨ ਜਾਣਿਆਂ, ਪ੍ਰਭ ਅਬਿਨਾਸ਼ੀ ਹੋਏ ਵਸ, ਦੇਵੇ ਦਰਸ ਪ੍ਰਭ ਭਗਵਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਕਲ ਪਛਾਣਿਆਂ । ਪ੍ਰਭ ਸਾਚਾ ਕਲਜੁਗ ਭੇਖ । ਸਾਚਾ ਪ੍ਰਭ ਸਚ ਕਰ ਵੇਖ । ਚਰਨ ਨਾ ਲਾਗ ਵੇਖਾ ਵੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਗਤ ਭੇਖ । ਸਾਚਾ ਪ੍ਰਭ ਸਚ ਵਰਤਾਰਾ । ਜੂਠ ਝੂਠ ਪ੍ਰਭ ਦਰ ਨਿਵਾਰਾ । ਹੱਥ ਠੂਠ ਜਗਤ ਭਿਖਾਰਾ । ਰੰਗ ਅਨੂਠ ਪ੍ਰਭ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਜਾਣੇ ਸਚ ਸਚ ਨਿਰੰਕਾਰਾ । ਨਿਰੰਕਾਰ ਨਿਰੰਕਾਰ ਨਿਰੰਕਾਰ । ਕਰੇ ਕਰਾਵੇ ਆਪ ਕਰਤਾਰ । ਜੋਤ ਜਗਾਏ ਵਿਚ ਮਾਤ ਸਦ ਗਿਰਧਾਰ । ਭਗਤ ਪਰਗਟਾਵੇ ਦਰਸ ਦਿਖਾਵੇ ਸਿੱਧ ਮਾਰਗ ਪਾਵੇ ਨਾਮ ਜਪਾਵੇ ਆਪਣੀ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਪੂਰਬ ਕਰ ਵਿਚਾਰ । ਪੂਰਬ ਵਿਚਾਰ ਗੁਰਸਿਖ ਕਰ । ਸਾਚਾ ਪ੍ਰਭ ਫੇਰ ਵਰ । ਆਪਣਾ ਆਤਮ ਸੁਹਾਏ ਸਾਚਾ ਘਰ । ਸੋਹੰ ਉਪਜੇ ਖੁਲ੍ਹੇ ਦਰ । ਪ੍ਰਭ ਅਬਿਨਾਸ਼ੀ ਆਵੇ ਤੇਰੇ ਆਤਮ ਸਾਚੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਦਰਸ ਦਿਖਾਏ ਹਰਸ ਮਿਟਾਏ ਅਵਤਾਰ ਨਰ । ਆਤਮ ਘਰ ਆਪ ਵਸਾਵਣਾ । ਭਰਮ ਭੁਲੇਖਾ ਸਰਬ ਮਿਟਾਵਣਾ । ਵੇਖਾ ਵੇਖ ਨਾ ਸੀਸ ਝੁਕਾਵਣਾ । ਅਛੱਲ ਛਲ ਪ੍ਰਭ ਆਪ ਕਰਾਵਣਾ । ਵਲ ਛਲ ਵਿਚ ਨਾ ਆਵਣਾ । ਆਪਣਾ ਆਪ ਜੀਵ ਸਮਝਾਵਣਾ । ਮਦਿਰਾ ਮਾਸ ਨਾ ਰਸਨ ਲਗਾਵਣਾ । ਸਾਚਾ ਵਾਸ ਜਿਸ ਵਿਚ ਰਖਾਵਣਾ । ਦੁਖੜਾ ਨਾਸ ਤਨ ਕਰਾਵਣਾ । ਵਿਚ ਪਰਭਾਸ ਚੰਦਨ ਬਿਰਖ ਗੁਰਸਿਖ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਰਾਗ ਗੁਰਮੁਖ ਸਾਚੇ ਤੇਰੀ ਆਤਮ ਵਿਚ ਉਪਜਾਵਣਾ । ਸਾਚਾ ਪ੍ਰਭ ਸਚ ਲਿਖਾਏ । ਵੱਖ ਵੱਖ ਵੱਖ ਕਰਾਏ । ਕੱਖ ਕੱਖ ਕੱਖ ਬਣਾਏ । ਭੱਖ ਭੱਖ ਸ੍ਰਿਸ਼ਟ ਸਬਾਈ ਭੱਖ ਹੋ ਜਾਏ । ਗੁਰਮੁਖ ਸਾਚੇ ਵੇਖ ਪ੍ਰਭ ਆਪਣੀ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ । ਜਿਸ ਜਨ ਪ੍ਰਭ ਦਇਆ ਧਾਰੇ । ਆਪੇ ਜਾਏ ਕਾਜ ਸਵਾਰੇ । ਸਾਚਾ ਦੇਵੇ ਸ਼ਬਦ ਅਧਾਰੇ । ਭੁਲ ਜਾਇਣ ਜੋ ਜਨ ਗਵਾਰੇ । ਪ੍ਰਭ ਸਾਚਾ ਕਰੇ ਆਪ

ਖੁਆਰੇ । ਸੋਹੰ ਸ਼ਬਦ ਮਾਰ ਮਾਰੇ । ਵੇਲੇ ਅੰਤਕਾਲ ਅੰਤ ਕਲ ਦਰ ਦੁਰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਮਨੋਂ ਵਿਸਾਰੇ । ਮਨ ਤਨ ਸਤਿ ਕਰ ਮੰਨ । ਆਪ ਮਿਟਾਏ ਆਪਣਾ ਜਨ । ਪ੍ਰਭ ਅਬਿਨਾਸ਼ੀ ਬੇੜਾ ਜਾਏ ਬੰਨ੍ਹ । ਸਾਚਾ ਸ਼ਬਦ ਸੁਣਾਇਆ ਕੰਨ । ਕਲਜੁਗ ਜੀਵ ਨਾ ਹੋਏ ਅੰਨ੍ਹ । ਜਗਤ ਤ੍ਰਿਸਨਾ ਜਲਾਏ ਤਨ । ਆਤਮ ਹੋਈ ਰਹੇ ਸਦਾ ਦੁਰਗਣ । ਝੂਠਾ ਠੂਠਾ ਪ੍ਰਭ ਜਾਏ ਭੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਕਰ ਮੰਨ । ਵਕ਼ਤ ਸੁਹਾਏ ਆਪ ਪ੍ਰਭ, ਆਪਣੀ ਜੋਤ ਪਰਗਟਾਏ । ਵਕ਼ਤ ਸੁਹਾਏ ਆਪ ਪ੍ਰਭ, ਆਪਣੀ ਬਣਤ ਬਣਾਏ । ਵਕ਼ਤ ਸੁਹਾਏ ਆਪ ਪ੍ਰਭ, ਗੁਰਸਿਖ ਸਾਚੇ ਚਰਨ ਬਹਾਏ । ਵਕ਼ਤ ਸੁਹਾਏ ਆਪ ਪ੍ਰਭ, ਦਰ ਘਰ ਆਏ ਭਿਛਿਆ ਪਾਏ । ਵਕ਼ਤ ਸੁਹਾਏ ਆਪ ਪ੍ਰਭ, ਪੂਰਨ ਇਛਿਆ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਚਰਨੀ ਸੀਸ ਝੁਕਾਏ । ਬਣਤ ਬਣਾਏ ਆਪ ਪ੍ਰਭ, ਰਮਈਆ ਰਾਮਾ । ਬਣਤ ਬਣਾਏ ਆਪ ਪ੍ਰਭ, ਘਨਈਆ ਸ਼ਾਮਾ । ਬਣਤ ਬਣਾਏ ਆਪ ਪ੍ਰਭ, ਨਿਹਕਲੰਕ ਕਲ ਪਹਰਿਆ ਜਾਮਾ । ਬਣਤ ਬਣਾਏ ਆਪ ਪ੍ਰਭ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਬਣਤ ਬਣਾਏ ਆਪ ਪ੍ਰਭ, ਦਰਦ ਦੁਖ ਭੈ ਭੰਜਨ । ਬਣਤ ਬਣਾਏ ਆਪ ਪ੍ਰਭ, ਚਰਨ ਧੂੜ ਦੇਵੇ ਸਾਚਾ ਅੰਜਣ । ਬਣਤ ਬਣਾਏ ਆਪ ਪ੍ਰਭ, ਆਪ ਬਣਾਏ ਗੁਰਸਿਖ ਸਾਚੇ ਸੱਜਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਦਰ ਦਰਬਾਰ ਆਏ ਹਰਿ ਹਰਿ ਗਾਏ ਪ੍ਰਭ ਸਾਚਾ ਭੈ ਭੰਜਨ । ਬਣਤ ਬਣਾਏ ਗਣਤ ਗਿਣਾਏ । ਜੀਵ ਜੰਤ ਉਪਾਏ ਜੋਤ ਜਗਾਏ । ਆਪ ਉਪਾਏ ਆਪ ਮਿਟਾਏ । ਆਪਣੀ ਖੇਲ ਆਪ ਰਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਸੋ ਜਨ ਪ੍ਰਭ ਦਰ ਪਾਏ । ਆਸਾ ਮਨਸਾ ਪ੍ਰਭ ਸਾਚਾ ਪੂਰੇ । ਜੋ ਜਨ ਆਏ ਚਰਨ ਹਜ਼ੂਰੇ । ਖਾਲੀ ਭਰੇ ਭੰਡਾਰ, ਕਰੇ ਆਪ ਭਰਪੂਰੇ । ਦੁਖ ਨਾ ਪਾਏ ਦੂਜੀ ਵਾਰ, ਦਰ ਆਇਆ ਸਤਿਗੁਰ ਪੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਸਰਬ ਜਨਾਂ ਦੀ ਆਸਾ ਪੂਰੇ । ਜੀਵ ਜੰਤ ਆਪ ਉਧਾਰੀ । ਸਾਚਾ ਕੰਤ ਜੋਤ ਨਿਰੰਕਾਰੀ । ਏਕਾ ਜੋਤ ਜਗਤ ਪਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੁਖੀਆ ਆਪੇ ਭੁਖੀਆ ਆਪੇ ਕਰੇ ਕਾਰੀ । ਖੱਟ ਰੋਗ ਪ੍ਰਭ ਗਵਾਇਆ । ਹਾਕਨ ਡਾਕਨ ਸਿਰ ਮੁੰਡਵਾਇਆ । ਨਿਰਮਲ ਤਨ ਆਪ ਕਰਾਇਆ । ਸਾਚਾ ਧਨ ਪ੍ਰਭ ਝੋਲੀ ਪਾਇਆ । ਮਿਟਾਇਆ ਜਨ ਜਨ ਸਰਨੀ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਕੁੱਖ ਸਰਬ ਗਵਾਇਆ । ਦੁਖ ਰੋਗ ਪ੍ਰਭ ਮਿਟਾਏ । ਸਾਚਾ ਸੁਖ ਆਪ ਉਪਜਾਏ । ਆਤਮ ਭੁੱਖ ਸਰਬ ਗਵਾਏ । ਦੁਖੀਏ ਜੀਵ ਜੋ ਰਹੇ ਬਿਲਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਜੀਆ ਦਾਨ ਪ੍ਰਭ ਸਾਚੇ ਦੀਆ । ਆਪ ਰਖਾਏ ਜਗਤ ਨੀਆ । ਸਾਚਾ ਅੰਮ੍ਰਿਤ ਪ੍ਰਭ ਦਰ ਪੀਆ । ਨਿਰਮਲ ਕਰਾਏ ਪ੍ਰਭ ਸਾਚਾ ਸੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਮਿਟਾਏ ਸੁਖ ਵਖਾਏ ਸਚ ਘਰ ਸਚ ਦਰ ਆਤਮ ਜੋਤ ਜਗਾਇਆ ਦੀਆ । ਪ੍ਰਭ ਸਾਚਾ ਸਚ ਵਖਾਣਦਾ । ਵਾਲੀ ਦੋ ਜਹਾਨ ਦਾ । ਹੁਣ ਵੇਲਾ ਭੁਲ ਬਖ਼ਸ਼ਾਣ ਦਾ । ਰੁਲ ਰੁਲ ਨਹੀਂ ਵਕਤ ਲੰਘਾਣ ਦਾ । ਵੇਲਾ ਅੰਤਕਾਲ ਕਲਜੁਗ ਆਇਆ ਜਗਤ ਮਿਟਾਣ ਦਾ । ਏਕਾ ਮੰਗ ਦਰਸ ਪ੍ਰਭ ਸਾਚੇ ਭਗਵਾਨ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲਾ ਦਰਸਨ ਪਾਣ ਦਾ । ਸਾਚਾ ਪ੍ਰਭ ਅਖੁੱਟ ਭੰਡਾਰਾ । ਸਾਚਾ ਪ੍ਰਭ ਆਪ ਵਰਤਾਰਾ । ਸਾਚਾ ਪ੍ਰਭ ਜਗਤ ਦਾਤਾਰਾ ।

ਕੋਟਨ ਕੋਟ ਖੜੇ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਵਸੇ ਰਾਹ ਸਾਚਾ ਦੱਸੇ ਜੋਤ ਸਰੂਪੀ ਜੋਤ ਨਿਰੰਕਾਰਾ । ਸਾਚਾ ਦਰ ਜਨ ਪਛਾਣ । ਆਤਮ ਵਿਚ ਮਾਰ ਧਿਆਨ । ਬੈਠਾ ਪ੍ਰਭ ਗੁਣੀ ਨਿਧਾਨ । ਕਲਜੁਗ ਜੀਵ ਹੋਏ ਨਿਧਾਨ । ਪ੍ਰਭ ਅਬਿਨਾਸ਼ੀ ਨਾ ਕਰਨ ਪਛਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦਾ ਜਾਣੀ ਜਾਣ । ਸਾਚਾ ਜਨ ਸਚ ਦਰ ਪਰਵਾਨ । ਜੋ ਜਨ ਜਾਣੇ ਗੁਣ ਨਿਧਾਨ । ਏਕਾ ਰੰਗ ਜਾਣੇ ਚਤੁਰ ਸੁਜਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਦਰ ਸਾਚਾ ਘਰ ਕਰੇ ਸਰਬ ਪਛਾਣ । ਸਾਚਾ ਘਰ ਉਚ ਦਰਬਾਰ । ਏਕਾ ਜੋਤ ਆਪ ਨਿਰੰਕਾਰ । ਪੂਰਨ ਕਰਮ ਰਿਹਾ ਵਿਚਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜਨਾਂ ਦੀ ਪਾਵੇ ਸਾਰ । ਕਰਮ ਵਿਚਾਰ ਆਪ ਕਰ । ਭਗਤ ਉਧਾਰ ਸਾਚਾ ਹਰਿ । ਚਰਨ ਲਾਗ ਜੀਵ ਜਾਏ ਤਰ । ਬੇਮੁਖ ਜਾਇਣ ਭਾਗ ਪ੍ਰਭ ਦਰ ਆਏ ਸਾਚਾ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਅਵਤਾਰ ਨਰ । ਆਪਣਾ ਆਪ ਜੀਵ ਸੁਧਾਰ । ਪੂਰਨ ਬ੍ਰਹਮ ਕਰ ਵਿਚਾਰ । ਸਾਚਾ ਧਰਮ ਵਿਚ ਸੰਸਾਰ । ਮਾਨਸ ਜਨਮ ਨਾ ਆਏ ਦੂਜੀ ਵਾਰ । ਮਦਿਰਾ ਮਾਸ ਤਜ ਅਹਾਰ, ਮਿਲੇ ਆਪ ਸਚ ਕਰਤਾਰ । ਦਰ ਦਰ ਘਰ ਘਰ ਨਾ ਹੋਏ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਜਾਏ ਤਾਰ । ਆਪਣੀ ਆਤਮ ਆਪ ਸੋਧ । ਪ੍ਰਭ ਅਬਿਨਾਸ਼ੀ ਵਡ ਵਡ ਬੋਧ । ਗੁਰਮੁਖ ਸਾਚੇ ਸੰਤ ਪ੍ਰਭ ਸਾਚਾ ਜਾਏ ਸੋਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਏ ਅਗਾਧ ਬੋਧ । ਸਾਚਾ ਸ਼ਬਦ ਜੋ ਜਨ ਮੰਨੇ । ਪ੍ਰਭ ਅਬਿਨਾਸ਼ੀ ਬੇੜਾ ਬੰਨ੍ਹੇ । ਜੋਤ ਜਗਾਏ ਦਰਸ ਦਿਖਾਏ ਮਾਣ ਰਖਾਏ ਜਿਉਂ ਮਾਲ ਚਰਾਏ ਧੰਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਸੁਣਾਏ ਕੰਨੇ । ਕੰਨ ਸੁਣ ਆਤਮ ਪੁਨ ਲਗਾਏ ਧੁਨ ਜੀਵ ਚੁਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਵਰਤਾਏ ਲਿਖਾਏ ਭੁਗਤਾਏ ਜੀਵ ਜੰਤ ਨਾ ਜਾਣੇ ਤੇਰੇ ਗੁਣ । ਗੁਣਵੰਤ ਗੁਣ ਨਿਧਾਨਾ । ਪੂਰਨ ਪ੍ਰਭ ਆਪ ਭਗਵਾਨਾ । ਵੇਖ ਵਿਚਾਰਾ ਚਤੁਰ ਸੁਜਾਨਾ । ਜਗਤ ਸੁਧਾਰੇ ਕਾਜ ਸਵਾਰੇ ਜਿਸ ਜਨ ਸਾਚਾ ਮਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਪਹਰਿਆ ਬਾਣਾ । ਪੂਰਨ ਸੁਖ ਆਤਮ ਰਾਸ । ਰਸਨਾ ਤਜਾਓ ਮਦਿਰਾ ਮਾਸ । ਪ੍ਰਭ ਦਰ ਮੰਗਣ ਦਰਸ ਅਬਿਨਾਸ਼ । ਘਟ ਘਟ ਘਟ ਵਸੇ ਸਰਬ ਘਟ ਰੱਖੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖੀਆਂ ਦੁਖ ਮਿਟਾਏ ਸਾਚਾ ਸੁਖ ਉਪਜਾਏ ਜਨਮ ਕਰਾਏ ਰਾਸ । ਸੋਹੰ ਸਾਚਾ ਬਾਣ ਲਗਾਏ । ਆਪ ਆਪਣੀ ਆਣ ਰਖਾਏ । ਗੁਰਮੁਖ ਸਾਚਾ ਜਾਣ ਪ੍ਰਭ ਦਇਆ ਕਮਾਏ । ਭਗਤ ਭਗਵਾਨ ਪ੍ਰਭ ਮੇਲ ਮਿਲਾਏ । ਚਤੁਰ ਸੁਜਾਨ ਪ੍ਰਭ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਏ । ਸਾਚਾ ਪ੍ਰਭ ਸਚ ਘਰ ਆਇਆ । ਦਰ ਘਰ ਸਾਚਾ ਗੁਰਮੁਖ ਪਾਇਆ । ਹਿਰਦੇ ਵਾਚਾ ਪ੍ਰਭ ਦਇਆ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸੇਵਾ ਲਾਇਆ । ਆਪ ਆਪਣੀ ਸੇਵਾ ਲਾਏ । ਏਕਾ ਓਟ ਚਰਨ ਰਖਾਏ । ਕੋਟਨ ਕੋਟ ਪ੍ਰਭ ਪਾਪ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚੀ ਚੋਟ ਪ੍ਰਭ ਸ਼ਬਦ ਲਗਾਏ । ਸਾਚਾ ਪ੍ਰਭ ਸਚ ਸੁਣਾਇਆ । ਆਪ ਆਪਣਾ ਭਰਮ ਚੁਕਾਇਆ । ਸਾਚਾ ਕਰਮ ਗੁਰਸਿਖ ਕਮਾਇਆ । ਏਕਾ ਵਰਮ ਸ਼ਬਦ ਕਰਾਇਆ । ਬਜਰ ਕਪਾਟ ਖੋਲ੍ਹ ਵਖਾਇਆ । ਝੂਠਾ ਆਨ ਬਾਟ ਪ੍ਰਭ ਮੇਟ ਮਿਟਾਇਆ । ਝੂਠਾ ਤਨ ਪ੍ਰਭ ਆਤਮ ਸਾਚੀ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਦੇਵੇ ਦਰਸ ਆਪ ਰਘੁਰਾਇਆ । ਦਰਸ ਦੇਵੇ ਦਇਆ ਕਰ । ਗੁਰਮੁਖ ਸਾਚੇ ਸਾਚੇ ਵਰ । ਜੋਤ ਪਰਗਟਾਏ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਦਸਮ ਦਰ । ਦਸਮ ਦਰ ਆਪ ਖੁਲ੍ਹਾਇਆ । ਆਤਮ ਜਿੰਦਾ ਤੋੜ ਵਖਾਇਆ । ਅੰਮ੍ਰਿਤ ਬੂੰਦ ਮੁਖ ਚੁਆਇਆ । ਕਵਲ ਨਾਭ ਆਪ ਉਲਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਗੁਰਸਿੱਖ ਲਿਖਾਇਆ । ਮੁਖ ਕਵਲ ਬੂੰਦ ਚੁਆਏ । ਸਵਾਂਤਕ ਸਾਂਤ ਆਪ ਵਰਤਾਏ । ਭਾਂਤੀ ਭਾਂਤ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬੁਝੀ ਦੀਪ ਗੁਰਸਿਖ ਸਾਚੇ ਪ੍ਰਭ ਕਰੇ ਰੁਸ਼ਨਾਏ । ਆਤਮ ਦੀਪ ਪ੍ਰਭ ਜਗਾਇਆ । ਸਚ ਸਮੀਪ ਵਿਚ ਸਮਾਇਆ । ਵਡ ਮਹੀਪ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਏਕੋ ਏਕ ਏਕ ਕਰ, ਆਪ ਆਪਣਾ ਬਿਰਦ ਰਖਾਇਆ । ਜੀਵ ਜੰਤ ਪ੍ਰਭ ਉਪਾਏ । ਜੋਤ ਸਰੂਪੀ ਵਿਚ ਸਮਾਏ । ਆਦਿਨ ਅੰਤ ਦਿਸ ਨਾ ਆਏ । ਸਾਧਨ ਸੰਤ ਰਿਹਾ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਜਗਤ ਛੁਪਾਏ । ਆਪਣਾ ਆਪ ਪ੍ਰਭ ਛੁਪਾਇਆ । ਕਲਜੁਗ ਜੀਵਾਂ ਭਰਮ ਭੁਲਾਇਆ । ਨਾ ਕੋਈ ਵੇਖੇ ਵੇਖ ਵਖਾਇਆ । ਲਾਏ ਲੇਖੇ ਜਿਸ ਜਨ ਦਇਆ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮਾਰਗ ਗੁਰਸਿਖ ਸਾਚਾ ਲਾਇਆ । ਸਾਚੇ ਮਾਰਗ ਆਪ ਲਗਾਏ । ਆਪ ਆਪਣੀ ਦਇਆ ਕਮਾਏ । ਆਤਮ ਸਾਚਾ ਗਿਆਨ ਦਵਾਏ । ਚਰਨ ਧਿਆਨ ਆਪ ਰਖਾਏ । ਗੁਣ ਨਿਧਾਨ ਸਦ ਵਿਚ ਸਮਾਏ । ਵਡ ਵਡ ਮਿਹਰਵਾਨ ਦਇਆ ਕਮਾਏ । ਜੋ ਜਨ ਸਰਨੀ ਡਿਗੇ ਆਣ, ਪ੍ਰਭ ਪਕੜ ਉਠਾਏ । ਗੁਣਵੰਤ ਗੁਣ ਨਿਧਾਨ, ਜੋਤ ਸਰੂਪ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਜਿਸ ਜਨ ਦਇਆ ਕਮਾਏ । ਗੁਰਸਿਖ ਗੁਰ ਆਪ ਸਹਾਰਾ । ਆਪੇ ਦੇਵੇ ਨਾਮ ਅਧਾਰਾ । ਆਪੇ ਪਾਵੇ ਆਤਮ ਸਾਰਾ । ਆਪ ਜਗਾਏ ਜੋਤ ਅਪਾਰਾ । ਆਪ ਰਹਾਏ ਵਿਚ ਟਿਕਾਏ ਦੇਹੀ ਮਹੱਲ ਮੁਨਾਰਾ । ਕਲਜੁਗ ਜੀਵ ਭੇਵ ਨਾ ਪਾਏ, ਜੋਤ ਸਰੂਪੀ ਪ੍ਰਭ ਅਕਾਰਾ । ਗੁਰਮੁਖ ਸਾਚੇ ਪ੍ਰਭ ਦਰ ਆਏ, ਸੋਹੰ ਸ਼ਬਦ ਭਰੇ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸ਼ਬਦ ਅਧਾਰਾ । ਸ਼ਬਦ ਆਧਾਰ ਗੁਰਸਿਖ ਰਖਾਇਆ । ਵਿਚ ਸੰਸਾਰ ਆਪ ਵਡਿਆਇਆ । ਜਨਮ ਸਵਾਰ ਗਰਭਵਾਸ ਕਟਾਇਆ । ਕੀਆ ਪਾਰ ਨਾਂ ਦੇਰ ਲਗਾਇਆ । ਸਾਚੀ ਸਾਰ ਜਿਸ ਜਨ ਸਰਨੀ ਸੀਸ ਝੁਕਾਇਆ । ਆਤਮ ਹੋਏ ਅਧਾਰ ਪ੍ਰਭ ਸਾਚਾ ਰਸਨੀ ਗਾਇਆ । ਕਲਜੁਗ ਨਾ ਹੋਏ ਖੁਆਰ, ਨਿਹਕਲੰਕ ਸਚ ਤੇਰੀ ਸਰਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਿਰ ਹੱਥ ਧੁਰ ਸਾਚਾ ਦੀਆ ਪ੍ਰਭ ਸਾਚੇ ਵਰ, ਆਪ ਆਪਣਾ ਨਾਮ ਜਪਾਇਆ । ਸਾਚਾ ਨਾਮ ਜੋ ਜਨ ਗਾਏ । ਜਗਤ ਮਾਣ ਪ੍ਰਭ ਰਖਾਏ । ਦੇਵੀ ਦੇਵ ਵਿਚ ਵਡਿਆਏ । ਸਾਚੀ ਸੇਵ ਚਰਨ ਕਮਾਏ । ਅਲੱਖ ਅਭੇਵ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਿਰ ਤੇਰੇ ਹੱਥ ਟਿਕਾਏ । ਸੁਰਤੀ ਸੁਰਤ ਸੁਰਤ ਗਿਆਨਾ । ਆਤਮ ਸੁਰਤ ਸ਼ਬਦ ਉਪਜਾਣਾ । ਸਾਚੀ ਮੂਰਤ ਇਕ ਭਗਵਾਨਾ । ਨੂਰੋ ਨੂਰਤ ਵਿਚ ਜਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਪਹਰਿਆ ਬਾਣਾ । ਰਸਨਾ ਗਾਏ ਮਾਣ ਰਖਾਏ । ਪੁਰਖ ਅਬਿਨਾਸ਼ੀ ਪ੍ਰਭ ਅਬਿਨਾਸ਼ੀ ਦੇਖੇ ਦੇਖ ਭਰਮ ਭਰਮ ਭੁਲਾਏ । ਗੁਰਮੁਖ ਸਾਚੇ ਪ੍ਰਭ ਸਾਚਾ ਲੇਖੇ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ

ਗਾਏ । ਰਸਨਾ ਜਪ ਸਵਾਸ ਸਵਾਸਾ । ਪੂਰਨ ਪ੍ਰਭ ਪੁਰਖ ਅਬਿਨਾਸ਼ਾ । ਜੋਤ ਜਗਾਏ ਆਤਮ ਰਾਸਾ । ਦੇਵੇ ਦਰਸ ਸਰਬ ਘਟ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਭਰੇ ਭੰਡਾਰ, ਸਦਾ ਸਦਾ ਹਿਰਦੇ ਰੱਖੇ ਵਾਸਾ । ਹਿਰਦੇ ਵਾਸ ਪ੍ਰਭ ਰਖਾਇਆ । ਸਚ ਨਿਵਾਸ ਪ੍ਰਭ ਸਚ ਘਰ ਦਵਾਇਆ । ਪੁਰਖ ਅਬਿਨਾਸ਼ ਵਿਚ ਸਮਾਇਆ । ਪੂਰਨ ਆਸ ਗੁਰਸਿਖ ਕਰਾਇਆ । ਬਲ ਬਲ ਬਲ ਜਾਸ ਜਿਸ ਜਨ ਹਰਿ ਹਰਿ ਹਰਿ ਰਿਦੇ ਵਸਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਇਆ । ਦਰਸ ਦੇਵੇ ਗੁਰਸਿਖ ਗੁਰਮੁਖ ਦੋਏ । ਪ੍ਰਭ ਸਾਚਾ ਸੋਹੰ ਧਾਗੇ ਲਏ ਪਰੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਜਗਾਏ ਗੁਰਮੁਖ ਸੋਏ । ਸਾਚੇ ਪ੍ਰਭ ਸਚ ਪੁਰਖ ਉਪਾਏ । ਸਤਿ ਪੁਰਖਾਂ ਵਿਚ ਆਪ ਸਮਾਏ । ਆਪ ਆਪਣਾ ਵਿਚ ਛੁਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੰਤ ਜੋਤ ਸਰੂਪੀ ਦਿਸ ਨਾ ਆਏ । ਨਾ ਦਿਸੇ ਨਾ ਵੇਖ ਵਖਾਣੇ । ਕਲਜੁਗ ਜੀਵ ਭੁੱਲੇ ਅੰਞਾਣੇ । ਗੁਰਮੁਖ ਵਿਰਲੇ ਸੁਘੜ ਸਿਆਣੇ । ਸਦ ਹੀ ਚੱਲਣ ਪ੍ਰਭ ਕੇ ਭਾਣੇ । ਸਾਚਾ ਰੰਗ ਪ੍ਰਭ ਦਰ ਮਾਣੇ । ਆਪ ਰਖਾਏ ਆਪਣੀ ਆਣੇ । ਜਗਤ ਜਗਾਏ ਬਾਲ ਅੰਞਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਮਿਟਾਏ ਹਰਸ ਗੁਣਵੰਤ ਗੁਣੀ ਨਿਧਾਨੇ । ਊਚ ਅਗੰਮ ਅਪਰ ਅਪਾਰ । ਪੂਰਨ ਬ੍ਰਹਮ ਕਰੇ ਵਿਚਾਰ । ਸਾਚਾ ਧਰਮ ਆਪ ਕਰਤਾਰ । ਖੋਟੇ ਕਰਮ ਕਲਜੁਗ ਕਲ ਹੋਇਣ ਖੁਆਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਮਾਰੇ ਮਾਰ । ਦੁਸ਼ਟੀ ਦੁਸ਼ਟ ਦੁਰਾਚਾਰ । ਜਗਤ ਕਰਨ ਕੁਕਰਮ ਵਿਹਾਰ । ਸਾਚਾ ਧਰਮ ਗਏ ਵਿਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖਪਾਏ ਦੁਸ਼ਟ ਦੁਰਾਚਾਰ । ਦੁਸ਼ਟ ਦੁਰਾਚਾਰਾਂ ਕਰੇ ਖੁਆਰਾ ਖੰਡਾ ਦੋ ਧਾਰਾ । ਖੰਡਾ ਦੋ ਧਾਰਾ ਪ੍ਰਭ ਸਾਚੇ ਮਾਰਾ । ਸਾਚਾ ਸ਼ਬਦ ਆਪ ਉਚਾਰਾ । ਦੁਖੀਆਂ ਦੁਖ ਸਰਬ ਨਿਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਮੰਗਣ ਆਏ ਦਵਾਰਾ । ਸ਼ਦੌਣ ਮਾਈ ਪੌਣ ਖਾਣ ਪੀਣ ਕਿਸ ਕੀ ਚਾਟੀ ਕਿਸ ਕਾ ਮਧਾਣ ਆਪੇ ਹੋਏ ਆਪ ਪਰਧਾਨ । ਮਾਈ ਗੌਰਜ਼ਾਂ ਵਡ ਬਲੀ ਬਲਵਾਨ । ਸੋਹੰ ਰਖਾਏ ਪ੍ਰਭ ਏਕਾ ਆਨ । ਦੁਖ ਮਿਟਾਏ ਵਾਲੀ ਦੋ ਜਹਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਚੁਕਾਏ ਝੂਠੀ ਕਾਨ । ਕਿੰਗਰੇ ਕਿੰਗਰੇ ਮਰਦੰਗ ਵਜਾਇਆ । ਇਕ ਆਪਣਾ ਰੰਗ ਆਪ ਵਖਾਇਆ । ਮਾਈ ਗੌਰਜ਼ਾਂ ਦੁੱਧ ਗਵਾਇਆ । ਮੱਖਣ ਮਧਾਣ ਬੰਨ੍ਹ ਵਖਾਇਆ । ਭਗਤ ਭਗਵਾਨ ਦਇਆ ਕਮਾਇਆ । ਦੁਸ਼ਟ ਦੁਰਾਚਾਰਾਂ ਦੇ ਸਜਾਇਆ । ਸਾਚਾ ਦਰ ਫੇਰ ਵਸਾਇਆ । ਏਕਾ ਸ਼ਬਦ ਮੁਖ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਰਖ ਤੇਰਾ ਮਾਣ ਗਵਾਇਆ । ਮੂੰਡ ਮੁੰਡਾਏ ਕੰਨ ਪੜਵਾਏ । ਜਲੰਧਰ ਮਛੰਦਰ ਆਪ ਅਖਵਾਏ । ਜੋਤ ਕਲੰਦਰ ਜੀਵ ਬੰਦਰ ਪ੍ਰਭ ਆਪ ਨਚਾਏ । ਸਾਚੇ ਮੰਦਰ ਪ੍ਰਭ ਸਾਚੀ ਜੋਤ ਜਗਾਏ । ਕਲਜੁਗ ਕਾਇਆ ਝੂਠੀ ਕੰਦਰ ਅੰਧ ਅੰਧੇਰ ਫੇਰ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਗੁਰ ਪਰਸਾਦਿ ਗੁਰ ਦਰ ਆਏ । ਗੁਰ ਪਰਸਾਦਿ ਪ੍ਰਭ ਦਇਆ ਕਮਾਏ । ਗੁਰ ਪਰਸਾਦਿ ਅਨਾਦ ਅਨਾਦੀ ਵਡ ਬ੍ਰਹਿਮਾਦੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਭੋਗ ਲਗਾਏ । ਭੋਗ ਲਗਾਏ ਆਪ ਪ੍ਰਭ, ਆਪਣੀ ਜੋਤ ਜਗਾ । ਭੋਗ ਲਗਾਏ ਆਪ ਪ੍ਰਭ, ਮਾਤ ਜੋਤ ਪਰਗਟਾ । ਭੋਗ ਲਗਾਏ ਆਪ ਪ੍ਰਭ, ਸਾਚੀ ਦਇਆ ਕਮਾ । ਭੋਗ ਲਗਾਏ ਆਪ ਪ੍ਰਭ, ਸਾਧ ਸੰਗਤ ਦਏ ਵਰਤਾ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਸਭ ਥਾਈਂ ਹੋਏ ਸਹਾ । ਗੁਰ ਸੰਗਤ ਗੁਰ ਦਰ ਪਰਵਾਨ ਸਾਧ ਸੰਗਤ ਚਤੁਰ ਸੁਜਾਨ । ਗੁਰ ਸੰਗਤ ਪ੍ਰਭ ਦੇਵੇ ਮਾਣ । ਸਾਧ ਸੰਗਤ ਪ੍ਰਭ ਸਚ ਪਛਾਣ । ਗੁਰ ਸੰਗਤ ਹੋਏ ਦਰਬਾਨ । ਸਾਧ ਸੰਗਤ ਪ੍ਰਭ ਸਾਚਾ ਪਾਇਆ, ਆਤਮ ਦੁਖ ਗਵਾਇਆ, ਸਰਬ ਸੁਖ ਪ੍ਰਭ ਦਰ ਤੇ ਪਾਇਆ, ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਧ ਸੰਗਤ ਤੇਰੀ ਬੰਦ ਖਲਾਸੀ । ਮਿਲਿਆ ਪ੍ਰਭ ਘਨਕਪੁਰ ਵਾਸੀ । ਦਰਸ ਪਰਸ ਮਿਟਾਈ ਹਰਸ ਪ੍ਰਭ ਸਾਚਾ ਸਦ ਬਲ ਬਲ ਜਾਸੀ । ਸਾਧ ਸੰਗਤ ਪ੍ਰਭ ਉਤਾਰੀ ਸਰਬ ਉਦਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਕਰਾਏ ਰਾਸੀ । ਸਾਧ ਸੰਗਤ ਤੇਰੀ ਆਤਮ ਰਾਸ । ਗੁਰ ਸੰਗਤ ਪ੍ਰਭ ਰੱਖੇ ਵਾਸ । ਗੁਰ ਸੰਗਤ ਪ੍ਰਭ ਵਸੇ ਪਾਸ । ਸਾਧ ਸੰਗਤ ਮਿਲਿਆ ਪ੍ਰਭ ਅਬਿਨਾਸ਼ । ਗੁਰ ਸੰਗਤ ਤਜਾਏ ਰਸਨ ਨਾ ਲਾਏ ਮਦਿਰਾ ਮਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸ । ਮਾਨਸ ਜਨਮ ਜਗਤ ਸੁਧਾਰ । ਗੁਰ ਚਰਨ ਪ੍ਰੀਤੀ ਸਚ ਪਿਆਰ । ਸਰਬਜੀਤ ਸਦਾ ਜਗ ਜੀਤੀ, ਮਿਲਿਆ ਮੋਖ ਦਵਾਰ । ਪ੍ਰਭ ਸਾਚੇ ਦੀ ਸਚ ਪ੍ਰੀਤੀ, ਸਦ ਸਦ ਸਦ ਜਾਓ ਚਰਨ ਬਲਿਹਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਾਧ ਸੰਗਤ ਕਲ ਜਾਏ ਤਾਰ । ਸਾਚੇ ਘਰ ਪ੍ਰਭ ਸਾਚਾ ਆਇਆ । ਸਾਚਾ ਦਰ ਆਪ ਸੁਹਾਇਆ । ਅਵਤਾਰ ਨਰ ਜੋਤ ਸਰੂਪੀ ਜਾਮਾ ਪਾਇਆ । ਏਕਾ ਹਰਿ ਗੁਰਮੁਖ ਸਾਚੇ ਵਿਚ ਸਦ ਸਮਾਇਆ । ਆਪ ਖੁਲ੍ਹਾਏ ਦਸਮ ਦਰ, ਅਗਿਆਨ ਅੰਧੇਰ ਸਰਬ ਮਿਟਾਇਆ । ਕਰ ਦਰਸ ਤਨ ਮਨ ਜਾਏ ਠਰ, ਪ੍ਰਭ ਸਾਂਤਕ ਸਤਿ ਵਰਤਾਇਆ । ਝਿਰਨਾ ਝਿਰੇ ਅਪਰ ਅਪਰ, ਪ੍ਰਭ ਨਿਝਰੋਂ ਦੇ ਝਿਰਾਇਆ । ਚਰਨ ਲਾਗ ਗੁਰ ਸੰਗਤ ਜਾਏ ਤਰ, ਨਿਹਕਲੰਕ ਕਲ ਦਰਸ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸੀਤਲ ਸਤਿ ਸਤਿ ਸਤਿ ਪਰਸਾਦਿ ਆਪ ਵਰਤਾਇਆ ।

## * ੧੫ ਸਾਵਣ ੨੦੦੯ ਬਿਕ੍ਰਮੀ ਮੇਰਠ ਛਾਉਣੀ *

ਸਚਖੰਡ ਸਚ ਅਕਾਰਾ । ਏਕਾ ਜੋਤ ਆਪ ਨਿਰੰਕਾਰਾ । ਸਚਖੰਡ ਰੂਪ ਅਪਾਰਾ । ਜੋਤ ਸਰੂਪੀ ਦਿਸੇ ਗਿਰਧਾਰਾ । ਜੋਤ ਸਰੂਪ ਆਪ ਨਿਰਾਹਾਰਾ । ਏਕਾ ਇਕ ਏਕਾ ਇਕ ਓਅੰਕਾਰਾ । ਏਕਾ ਏਕੰਕਾਰਾ । ਜੋਤ ਸਰੂਪੀ ਲੋਕ ਤੀਨ ਪਸਾਰਾ । ਅਲਖ ਅਗੋਚਰ ਅਗੰਮ ਅਪਾਰਾ । ਆਪ ਆਪਣਾ ਰੱਖੇ ਅਧਾਰਾ । ਮਾਤ ਜੋਤ ਪਰਗਟਾਏ ਆਏ ਵਾਰੋ ਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਸਚਖੰਡ ਸਚ ਦਵਾਰਾ । ਗੁਰ ਸਾਚੇ ਕਾ ਸਚ ਪਸਾਰਾ । ਏਕਾ ਆਪ ਏਕਾ ਕਰੇ ਅਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਨਰਾਇਣ ਨਰ ਅਵਤਾਰਾ । ਸਚਖੰਡ ਸਚ ਵਰਤੰਤ । ਏਕਾ ਜੋਤ ਜਗੇ ਪ੍ਰਭ ਭਗਵੰਤ । ਗੁਰਮੁਖ ਵਿਰਲੇ ਮਾਤ ਵਸਾਏ ਪ੍ਰਭ ਸਾਚਾ ਸੰਤ । ਬੈਠੇ ਆਪ ਅਡੋਲ ਸਦ ਸਦਾ ਇਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਭੇਵ ਨਾ ਜਾਣੇ ਕੋਈ ਜੀਵ ਜੰਤ । ਜੋਤ ਨਿਰੰਜਣ ਮਾਤ ਅਕਾਰੇ । ਨਿਹਕਲੰਕ ਕਲ ਜਾਮਾ ਧਾਰੇ । ਘਨਕਪੁਰੀ ਕਰੇ ਉਜਿਆਰੇ । ਲਿਖਾਵੇ ਸ਼ਬਦ ਅਗੰਮ ਅਪਾਰੇ । ਅਚਰਜ ਖੇਲ ਪਾਰਬ੍ਰਹਮ ਨਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਖੇਲ ਰਚਾਵੇ, ਸੁਰਤ ਸ਼ਬਦ ਦਵਾਵੇ, ਗੁਰਸਿਖ ਜਗਾਵੇ ਦੇਵੇ ਸ਼ਬਦ ਹੁਲਾਰੇ । ਸ਼ਬਦ

ਹੁਲਾਰਾ ਆਪੇ ਦੀਆ । ਗੁਰਸਿਖ ਆਤਮ ਜੋਤ ਪ੍ਰਭ ਜਗਾਇਆ ਦੀਆ । ਪ੍ਰਭ ਸਾਚੇ ਕਾ ਸਾਚਾ ਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਚ ਉਪਜਾਏ ਜਗਤ ਵਰਤਾਏ ਸੋਹੰ ਨਾਮ ਝੋਲੀ ਪਾਏ ਸਤਿਜੁਗ ਰਖਾਈ ਸਾਚੀ ਨੀਆ । ਸਤਿਜੁਗ ਸਾਚਾ ਸਤਿ ਲਗਾਵਣਾ । ਆਪਣਾ ਕਰਮ ਪ੍ਰਭ ਆਪ ਕਰਾਵਣਾ । ਸਾਚਾ ਧਰਮ ਮਾਤ ਚਲਾਵਣਾ । ਕਲਜੁਗ ਕੂੜਾ ਅੰਤ ਮਿਟਾਵਣਾ । ਬੇਮੁਖ ਕਲਜੁਗ ਜੀਵ ਮੂੜਾਂ, ਪ੍ਰਭ ਗੂੜੀ ਨੀਂਦ ਸੁਲਾਵਣਾ । ਗੁਰਸਿਖਾਂ ਦੇਵੇ ਪ੍ਰਭ ਚਰਨ ਧੂੜ, ਦਰਸ ਅਮੋਘ ਪ੍ਰਭ ਆਪ ਦਿਖਾਵਣਾ । ਆਤਮ ਰੰਗ ਚੜ੍ਹਾਏ ਗੂੜ੍ਹੇ ਗੂੜ੍ਹ, ਨਿਹਕਲੰਕ ਪ੍ਰਭ ਸਾਚਾ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਵਿਚ ਮਾਤ ਜੋਤ ਸਰੂਪੀ ਅਚਰਜ ਖੇਲ ਆਪ ਵਰਤਾਵਣਾ । ਅਚਰਜ ਖੇਲ ਆਪ ਵਰਤਾਏ । ਜੋਤ ਸਰੂਪੀ ਜਾਮਾ ਪਾਏ । ਸ੍ਰਿਸ਼ਟ ਸਬਾਈ ਪ੍ਰਭ ਭੁਲਾਏ । ਗੁਰਮੁਖ ਸਾਚੇ ਕਵਲ ਨਭ ਅੰਮ੍ਰਿਤ ਬੂੰਦ ਮੁਖ ਚੁਆਏ । ਦੇਵੇ ਦਰਸ ਪਰਗਟ ਜੋਤ ਸਾਚਾ ਕਰਮ ਅੰਤਕਾਲ ਪ੍ਰਭ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਵਿੱਚ ਮਾਤ ਦੇ ਆਏ । ਜੋਤ ਸਰੂਪ ਪ੍ਰਭ ਜਾਮਾ ਧਰਿਆ । ਗੁਰਮੁਖ ਵਿਰਲੇ ਕਲਜੁਗ ਵਰਿਆ । ਬੇਮੁਖ ਦਰ ਤੇ ਆਏ ਡਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰ ਉਤਾਰੇ ਜਨਮ ਸਵਾਰੇ ਜੋ ਜਨ ਸਰਨੀ ਪਰਿਆ । ਸਾਚੇ ਪ੍ਰਭ ਸਾਚੀ ਸਰਨ । ਗੁਰਮੁਖ ਸਾਚੇ ਕਲਜੁਗ ਤਰਨ । ਬੇਮੁਖ ਕਲਜੁਗ ਅੰਤਮ ਅੰਤ ਮਾਨਸ ਜਨਮ ਹਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਜੋਤ ਪਰਗਟਾਈ ਸ੍ਰਿਸ਼ਟ ਭੁਲਾਈ ਗੁਰਸਿਖ ਵਧਾਈ ਦੇਵੇ ਵਡਿਆਈ ਦਰ ਦਰ ਦਰ ਪ੍ਰਭ ਮਾਣ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਪਰਗਟ ਜੋਤ ਗੁਰਮੁਖ ਸਾਚੇ ਤੇਰਾ ਹੋਏ ਆਪ ਸਹਾਈ । ਸਾਚਾ ਪ੍ਰਭ ਸਦਾ ਸਹਾਇਆ । ਆਵਣ ਜਾਵਣ ਖੇਲ ਰਚਾਇਆ । ਪਤਤ ਪਾਵਨ ਆਪ ਅਖਵਾਇਆ । ਬਾਵਨ ਰੂਪ ਜਿਉਂ ਭੇਖ ਵਟਾਇਆ । ਗੁਰਮੁਖ ਸਾਚੇ ਤੇਰੇ ਆਤਮ ਅੰਮ੍ਰਿਤ ਮੇਘ ਪ੍ਰਭ ਸਾਵਣ ਆਪ ਵਰਸਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਰਗਟ ਜੋਤ ਨਿਹਕਲੰਕ ਕਲ ਜਾਮਾ ਪਾਇਆ । ਜੋਤ ਸਰੂਪੀ ਜਾਮਾ ਧਰ । ਅਚਰਜ ਖੇਲ ਕਰੇ ਅਵਤਾਰ ਨਰ । ਗੁਰਮੁਖਾਂ ਭਉ ਚੁਕਾਏ ਨਾ ਆਏ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਕਲਜੁਗ ਲਿਆ ਵਰ । ਸਾਚਾ ਪ੍ਰਭ ਜਿਸ ਜਨ ਵਰਿਆ । ਮਾਨਸ ਜਨਮ ਕਲਜੁਗ ਹਰਿਆ । ਪੂਰਨ ਕਰਮ ਪ੍ਰਭ ਸਰਨੀ ਪਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ ਤਰਸ ਮਿਟਾਏ ਤਰਸ ਕਮਾਏ ਗੁਰਮੁਖ ਸਾਚੇ ਤੇਰੇ ਦਰ ਦਰਬਾਨ ਪ੍ਰਭ ਸਾਚਾ ਖੜਿਆ । ਆਏ ਚਲ ਦਰ ਦਵਾਰ । ਧਰੇ ਜੋਤ ਇਕ ਕਰਤਾਰ । ਗੁਰਮੁਖ ਸਾਚੇ ਪੂਰਬ ਕਰਮ ਵਿਚਾਰ । ਨਿਹਕਲੰਕ ਘਰ ਆਇਆ, ਮੂਰਖ ਮੁਗਧ ਨਾ ਕਰਨ ਵਿਚਾਰ । ਭਰਮ ਭੁਲੇਖੇ ਆਪ ਭੁਲਾਇਆ, ਬੇਮੁਖਾਂ ਦਰ ਦੇ ਦੁਰਕਾਰ । ਕਲਜੁਗ ਜੀਵਾਂ ਪ੍ਰਭ ਰੁਲਾਇਆ, ਆਪਣਾ ਆਪ ਆਪ ਭੁਲਾਇਆ, ਗੂੜ੍ਹੀ ਨੀਂਦ ਆਪ ਸੁਲਾਇਆ, ਮਦਿਰਾ ਮਾਸ ਕਰਨ ਅਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਅੰਤਮ ਅੰਤਕਾਲ ਕਲਜੁਗ ਕਰੇ ਸਰਬ ਖੁਆਰ । ਕਲਜੁਗ ਅੰਤਮ ਹੋਏ ਖੁਆਰੀ । ਆਇਆ ਕਲ ਪ੍ਰਭ ਨਿਰੰਕਾਰੀ । ਜਾਮਾ ਧਾਰੇ ਭਗਤ ਅਧਾਰੀ ਦੁਸ਼ਟ ਸੰਘਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਚਲਾਏ ਬੇਮੁਖ ਖਪਾਏ ਆਪ ਉਠਾਏ ਖੰਡਾ ਦੋ ਧਾਰੀ । ਸੋਹੰ ਖੰਡਾ ਸਾਚੀ ਧਾਰਾ । ਕਲਜੁਗ ਜੀਆਂ ਕਰੇ ਖੁਆਰਾ । ਬੇਮੁਖਾਂ ਆਤਮ ਲਾਇਆ ਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਮਿਟਾਏ

੧੭੦ ੦੨

ਕੋਈ ਰਹਿਣ ਨਾ ਪਾਏ ਵਿਚ ਮਾਤ ਦੁਸ਼ਟ ਦੁਰਾਚਾਰਾ । ਦੁਸ਼ਟ ਦੁਰਾਚਾਰ ਪ੍ਰਭ ਦਰ ਖੁਆਰ । ਦਰ ਦਰ ਬਿਲਲਾਇਣ ਹੋਇਣ ਖੁਆਰ । ਆਪਣਾ ਆਪ ਜੀਵ ਨਾ ਪਾਇਣ, ਭੁੱਲਿਆ ਪ੍ਰਭ ਸਾਚਾ ਕਰਤਾਰ । ਅੰਤਕਾਲ ਕਲ ਖਾਲੀ ਹੱਥ ਜਾਇਣ, ਕੋਈ ਨਾ ਹੋਏ ਅੰਤ ਸਹਾਰ । ਗੁਰਮੁਖ ਸਾਚੇ ਸਾਚੇ ਦਰ ਆਇਣ, ਦੇਵੇ ਦਰਸ ਪਰਗਟ ਜੋਤ ਜੋਤ ਸਰੂਪ ਆਪ ਨਿਰੰਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਤੇਰਾ ਬੇੜਾ ਕਰ ਜਾਏ ਪਾਰ । ਸਤਿਗੁਰ ਸਾਚਾ ਬੇੜਾ ਬੰਨ੍ਹ । ਸੋਹੰ ਸ਼ਬਦ ਸੁਣਾਵੇ ਕੰਨ । ਗੁਰਮੁਖ ਸਾਚੇ ਆਪ ਤਰਾਏ ਚਰਨ ਲਗਾਏ ਜਗਤ ਵਡਿਆਏ, ਸੋਹੰ ਸ਼ਬਦ ਸੁਣਾਏ ਕੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਦਇਆ ਕਮਾਏ, ਗੁਰਸਿਖ ਸਾਚੇ ਤੇਰੀ ਆਤਮ ਜਾਏ ਮੰਨ । ਗੁਰਮੁਖ ਸਾਚਾ ਆਪ ਬਣਾਏ । ਗੁਰਮੁਖ ਸਾਚਾ ਆਪ ਤਰਾਏ । ਗੁਰਮੁਖ ਸਾਚਾ ਆਪ ਵਡਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਸਮਾਏ । ਗੁਰਮੁਖ ਸਾਚੇ ਸਚ ਘਰ ਪਾਇਆ । ਗੁਰਮੁਖ ਸਾਚੇ ਪ੍ਰਭ ਡੇਰਾ ਲਾਇਆ । ਗੁਰਮੁਖ ਸਾਚੇ ਦਰ ਦਰਬਾਨ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਚੌਥੇ ਜੁਗ ਸਵਰਨ ਮਾਣ ਦਵਾਇਆ । ਗੁਰਸਿਖ ਤੇਰੀ ਧੰਨ ਕਮਾਈ, ਦਰ ਸਾਚੇ ਪ੍ਰਭ ਸੇਵ ਕਮਾਈ । ਗੁਰਸਿਖ ਤੇਰੀ ਧੰਨ ਕਮਾਈ, ਸਾਚੀ ਧੁਨ ਆਪ ਉਪਜਾਈ । ਗੁਰਸਿਖ ਤੇਰੀ ਧੰਨ ਕਮਾਈ, ਜੋਤ ਸਰੂਪ ਪਰਗਟ ਜੋਤ ਆਤਮ ਜੋਤ ਕਰੇ ਰੁਸ਼ਨਾਈ । ਗੁਰਸਿਖ ਤੇਰੀ ਧੰਨ ਕਮਾਈ, ਏਕਾ ਧੁਨ ਸਾਚੀ ਅਨਹਦ ਆਪ ਉਪਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਦੇਵੇ ਵਡਿਆਈ । ਮਾਤਲੋਕ ਪ੍ਰਭ ਵਡਿਆਏ । ਆਪ ਆਪਣੀ ਦਇਆ ਕਮਾਏ । ਗੁਰਮੁਖ ਸਾਚੇ ਚਰਨ ਲਗਾਏ । ਹਰਨ ਫਰਨ ਪ੍ਰਭ ਆਪ ਖੁਲ੍ਹਾਏ । ਤਾਰਨ ਤਰਨ ਆਪ ਅਖਵਾਏ । ਮਰਨ ਡਰਨ ਭਉ ਚੁਕਾਏ । ਏਕਾ ਚਰਨ ਜਨ ਓਟ ਰਖਾਏ । ਸੋਹੰ ਸ਼ਬਦ ਚੋਟ ਪ੍ਰਭ ਆਪ ਲਗਾਏ । ਹਉਮੇ ਕੱਢੇ ਆਤਮ ਖੋਟ, ਜੋ ਜਨ ਚਰਨੀ ਆਏ । ਕਲਜੁਗ ਜੀਵ ਆਲਣਿਓਂ ਡਿਗੇ ਬੋਟ, ਕਲਜੁਗ ਨਾ ਕੋਈ ਫੇਰ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਨਿਹਕਲੰਕ ਜੋਤ ਸਰੂਪੀ ਜਾਮਾ ਪਾਏ । ਜੋਤ ਸਰੂਪੀ ਜਾਮਾ ਪਾਇਆ । ਕਲਜੁਗ ਜੀਆਂ ਭਰਮ ਭੁਲਾਇਆ । ਬੇਮੁਖਾਂ ਪ੍ਰਭ ਦਿਸ ਨਾ ਆਇਆ । ਗੁਰਸਿਖਾਂ ਉਤਾਰੇ ਆਤਮ ਭੁੱਖ, ਪਰਗਟ ਹੋਏ ਦਰਸ ਦਿਖਾਇਆ । ਸੁਫਲ ਕਰਾਈ ਮਾਤ ਕੁੱਖ, ਨਿਹਕਲੰਕ ਜਿਸ ਚਰਨੀ ਸੀਸ ਝੁਕਾਇਆ । ਨਿਹਕਲੰਕ ਕਲ ਜਾਮਾ ਧਾਰਿਆ । ਜੋਤ ਸਰੂਪੀ ਭੇਖ ਵਟਾ ਰਿਹਾ । ਵਡ ਵਡ ਵਡ ਆਪ ਅਖਵਾ ਰਿਹਾ । ਬਿਨ ਰੰਗ ਰੂਪ ਗੁਰਸਿਖ ਸਮਾ ਰਿਹਾ । ਵਿਚ ਅੰਧ ਕੂਪ ਜੋਤ ਜਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਰਗਟ ਜੋਤ ਗੁਰਮੁਖ ਸਾਚੇ ਸਵਛ ਸਰੂਪ ਪ੍ਰਭ ਦਰਸ ਦਿਖਾ ਰਿਹਾ । ਗੁਰ ਪੂਰਾ ਰੰਗ ਅਨੂਪਾ । ਗੁਰ ਪੂਰਾ ਸਤਿ ਸਰੂਪਾ । ਗੁਰ ਪੂਰਾ ਨਾ ਦਿਸੇ ਰੰਗ ਰੂਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਜਾਣੇ ਰੂਪਾ । ਆਪਣਾ ਆਪ ਆਪੇ ਜਾਣੇ । ਕਲਜੁਗ ਜੀਵ ਨਾ ਕੋਇ ਪਛਾਣੇ । ਮਦਿਰਾ ਮਾਸੀ ਹੋਏ ਅੰਞਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਪਰਗਟ ਜੋਤ ਸੋਹੰ ਸ਼ਬਦ ਚਲਾਏ ਬਾਣੇ । ਸੋਹੰ ਸ਼ਬਦ ਬਾਣ ਚਲਾਏ । ਜਗਤ ਮਾਣ ਸਰਬ ਗਵਾਏ । ਏਕਾ ਆਣ ਆਪ ਰਖਾਏ । ਕਲਜੁਗ ਝੂਠੀ ਕਾਣ ਸਰਬ ਚੁਕਾਏ । ਏਕਾ ਬਖ਼ਸ਼ੇ ਚਰਨ ਧਿਆਨ, ਕਾਹਨ ਘਨਈਆ ਜੋਤ ਪਰਗਟਾਏ । ਗੁਰਮੁਖ ਵਿਰਲੇ ਚਰਨੀ ਡਿਗੇ ਆਣ, ਜਿਸ ਆਤਮ ਜੋਤ ਪ੍ਰਭ ਜਗਾਏ । ਬੇਮੁਖਾਂ ਕਲ ਆਈ ਹਾਣ, ਪ੍ਰਭ

ਸਾਚਾ ਨਜ਼ਰ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਛਲ ਅਛੱਲ ਛਲ ਕਰ ਸਰਬ ਭੁਲਾਏ । ਆਪ ਭੁਲਾਇਆ ਆਪ ਡੁਲਾਇਆ । ਆਪ ਤੁਲਾਇਆ ਆਪਣਾ ਆਪ, ਕਲਜੁਗ ਜੀਵਾਂ ਅੰਤਮ ਅੰਤ ਆਪਣਾ ਆਪ ਗਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਨਿਹਕਲੰਕ ਅੰਤਮ ਦੇ ਸਜ਼ਾਇਆ । ਅੰਤਮ ਅੰਤ ਆਪ ਪ੍ਰਭ ਆਏ । ਸਾਚਾ ਕੰਤ ਜੋਤ ਪਰਗਟਾਏ । ਮਾਇਆ ਬੇਅੰਤ ਜਗਤ ਵਿਚ ਪਾਏ । ਝੂਠੇ ਜੀਵ ਜੰਤ ਪ੍ਰਭ ਸਰਬ ਭੁਲਾਏ । ਗੁਰਮੁਖ ਸਾਚੇ ਸੰਤ ਸੁਰਤ ਸ਼ਬਦ ਪ੍ਰਭ ਆਪ ਜਗਾਏ । ਬੈਠੇ ਅਡੋਲ ਆਪ ਇਕੰਤ, ਨਿਹਕਲੰਕ ਕਲ ਜਾਮਾ ਪਾਏ । ਪ੍ਰਭ ਕੀ ਮਾਇਆ ਬੜੀ ਬੇਅੰਤ, ਜੋਤ ਸਰੂਪੀ ਕਲ ਖੇਲ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਇਕੰਤ ਮਹਿੰਮਾ ਗਣੀ ਨਾ ਜਾਏ । ਸੁਰਤ ਸ਼ਬਦ ਮੇਲ ਮਿਲਾਏ । ਸੁਰਤ ਸ਼ਬਦ ਪ੍ਰਭ ਆਪ ਜਗਾਏ । ਸੁਰਤ ਸ਼ਬਦ ਗੁਰਸਿਖ ਉਠਾਏ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਸੁਰਤ ਸ਼ਬਦ ਦੇਵੇ ਗਿਆਨਾ । ਸੁਰਤ ਸ਼ਬਦ ਉਪਜਾਵੇ ਪ੍ਰਭ ਭਗਵਾਨਾ । ਸੁਰਤ ਸ਼ਬਦ ਦੇਵੇ ਗੁਣਵੰਤ ਗੁਣ ਨਿਧਾਨਾ, ਸੁਰਤ ਸ਼ਬਦ ਗੁਰਮੁਖ ਜਾਣੇ । ਪ੍ਰਭ ਦਰ ਮਾਣੇ ਹੋਏ ਸੁਘੜ ਸਿਆਣੇ । ਆਤਮ ਜੋਤ ਜਗਾਵੇ ਪ੍ਰਭ ਮਹਾਨਾ, ਕਲਜੁਗ ਜੀਵ ਹੋਏ ਅੰਞਾਣੇ । ਮਦਿਰਾ ਮਾਸ ਰਸਨ ਲੁਭਾਣੇ । ਅੰਤਕਾਲ ਕਲਜੁਗ ਭੁੰਨੇ ਜਿਉਂ ਭਠਿਆਲੇ ਦਾਣੇ । ਗੁਰਸਿਖਾਂ ਉਪਜਾਏ ਏਕਾ ਸ਼ਬਦ ਧੁਨ, ਬਾਂਹੋਂ ਪਕੜ ਪ੍ਰਭ ਆਪ ਉਠਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਪਰਗਟਾਏ ਤਖ਼ਤੋਂ ਲਾਹੇ ਰਾਜੇ ਰਾਣੇ । ਰਾਜਾ ਰਾਣਾ ਤਖ਼ਤੋਂ ਲਾਹੇ । ਜੋਤ ਸਰੂਪੀ ਸ਼ਬਦ ਲਿਖਾਏ । ਲਿਖਿਆ ਲੇਖ ਮਿਟ ਨਾ ਜਾਏ । ਏਕਾ ਓਟ ਆਪ ਰਹਿ ਜਾਏ । ਸ੍ਰਿਸ਼ਟ ਸਬਾਈ ਜੁਗੋ ਜੁਗ ਪ੍ਰਭ ਸਾਚਾ ਦੇ ਖਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਨਿਹਕਲੰਕ ਕਲ ਨਾਉਂ ਧਰਾਏ । ਸਾਚੇ ਪ੍ਰਭ ਸਚ ਕਰਮ ਕਮਾਣਾ । ਜੋਤ ਸਰੂਪੀ ਭੇਖ ਵਟਾਣਾ । ਆਪਣਾ ਆਪ ਜਗਤ ਛੁਪਾਣਾ । ਤਖ਼ਤੋਂ ਲਾਹੇ ਰਾਜਾ ਰਾਣਾ । ਏਕਾ ਆਣ ਆਪ ਰਖਾਣਾ । ਸੋਹੰ ਚਲਾਏ ਸਾਚਾ ਬਾਣਾ । ਵਰਨ ਚਾਰ ਪ੍ਰਭ ਸਰਨ ਲਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਲਜੁਗ ਅੰਤਮ ਆਪ ਕਰਾਣਾ । ਚਾਰ ਵਰਨ ਸਰਨ ਲਗਾਏ । ਵਰਨ ਬਰਨ ਮੇਟ ਮਿਟਾਏ । ਏਕਾ ਸਰਨ ਨਿਹਕਲੰਕ ਆਪਣੀ ਆਪ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਪਰਗਟ ਜੋਤ ਕਲਜੁਗ ਨਿਹਕਲੰਕ ਕਲ ਨਾਉਂ ਧਰਾਏ । ਚਾਰ ਵਰਨ ਇਕ ਕਰਾਣਾ । ਊਚ ਨੀਚ ਪ੍ਰਭ ਮੇਟ ਮਿਟਾਣਾ । ਵੇਖਾ ਵੇਖ ਜਗਤ ਭੁਲਾਣਾ । ਗੁਰਮੁਖ ਸਾਚੇ ਪ੍ਰਭ ਲਿਖੇ ਲੇਖ, ਸਤਿਜੁਗ ਸਾਚਾ ਦੀਪਕ ਆਪ ਜਗਾਣਾ । ਪ੍ਰਭ ਅਬਿਨਾਸ਼ੀ ਨੇਤਰ ਪੇਖ, ਆਤਮ ਸੰਸਾ ਰੋਗ ਮਿਟਾਣਾ । ਜੋਤ ਸਰੂਪੀ ਕੀਆ ਭੇਖ, ਨਿਹਕਲੰਕ ਕਲ ਪਹਰਿਆ ਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਨਾਮ ਧਰਾਣਾ । ਇਕ ਆਪਣਾ ਨਾਂਓ ਧਰਾਏ । ਦੇਹ ਤਜਾਏ ਜੋਤ ਸਰੂਪੀ ਜੋਤ ਸਮਾਏ । ਜੋਤੋ ਜੋਤ ਜੋਤ ਆਪ ਪਰਗਟਾਏ । ਏਕਾ ਜੋਤ ਏਕਾ ਗੋਤ ਆਪ ਹੋ ਜਾਏ । ਗੁਰਮੁਖ ਸਾਚੇ ਖੋਲ੍ਹੇ ਸੋਤ, ਜੋਤ ਸਰੂਪੀ ਦਰਸ ਦਿਖਾਏ । ਆਤਮ ਮੈਲ ਦੁਰਮਤ ਧੋਤ, ਪ੍ਰਭ ਸਾਚੇ ਦਾ ਦਰਸ਼ਨ ਪਾਏ । ਆਤਮ ਜਗੇ ਨਿਰਮਲ ਜੋਤ, ਜਿਸ ਜਨ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਹਿਰਦੇ ਵਿਚ ਸਮਾਏ । ਜੋਤ ਸਰੂਪੀ ਵਿਚ ਸਮਾਇਆ । ਆਪ ਆਪਣਾ ਵਿਚ ਟਿਕਾਇਆ । ਕਲਜੁਗ ਜੀਆਂ ਭਰਮ ਭੁਲੇਖੇ ਆਪ ਭੁਲਾਇਆ । ਜੋ ਜਨ

੧੭੨

ਰਹੇ ਵੇਖਾ ਵੇਖੇ, ਪ੍ਰਭ ਅਬਿਨਾਸ਼ੀ ਦਿਸ ਨਾ ਆਇਆ । ਮਾਨਸ ਜਨਮ ਲਗਾਏ ਲੇਖੇ, ਜੋ ਜਨ ਸਰਨਾਈ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਖ ਵਟਾਇਆ । ਭੇਖ ਵਟਾਏ ਭੇਖਾ ਧਾਰੀ । ਜਗਤ ਡੁਲਾਏ ਆਪ ਗਿਰਧਾਰੀ । ਜਗਤ ਵਡਿਆਏ ਸ਼ਬਦ ਅਧਾਰੀ । ਗੁਰਮੁਖ ਜਗਾਏ ਸੋਹੰ ਸ਼ਬਦ ਦੇ ਭੰਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਅੰਧ ਅੰਧਿਆਰ ਮਿਟਾਏ ਨਿਹਕਲੰਕ ਨਰਾਇਣ ਨਰ ਅਵਤਾਰੀ । ਅੰਧ ਅੰਧੇਰ ਗੁਰਸਿਖ ਮਿਟਾਵਣਾ । ਸੰਞ ਸਵੇਰ ਇਕ ਕਰਾਵਣਾ । ਇਕ ਦੀਪਕ ਜੋਤ ਜਗਾਵਣਾ । ਵਡ ਵਡ ਸਮੀਪ ਪ੍ਰਭ ਵਿਚ ਸਮਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਆਪ ਕਰਾਵਣਾ । ਸਾਚਾ ਪ੍ਰਭ ਸਾਚਾ ਕਰਮਾ । ਪ੍ਰਭ ਸਾਚੇ ਕਾ ਸਾਚਾ ਧਰਮਾ । ਗੁਰਮੁਖ ਸਾਚੇ ਚਰਨ ਲਾਗ, ਆਪ ਸਵਾਰੇ ਆਪਣਾ ਜਨਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਪਰਗਟਾਏ ਲੇਖ ਲਿਖਾਏ ਗੁਰਮੁਖ ਸਾਚੇ ਕਰਮਾ । ਸਾਚਾ ਕਰਮ ਆਪ ਕਰਾਏ । ਲਿਖਿਆ ਲੇਖ ਪ੍ਰਭ ਮਿਟਾਏ । ਬਿਧਨਾ ਲੇਖ ਜੋ ਰਹੀ ਲਿਖਾਏ । ਅਲਖ ਅਲੇਖ ਨਾ ਲਿਖਿਆ ਜਾਏ । ਵੇਖਾ ਵੇਖ ਜਗਤ ਭੁਲਾਏ । ਦੇਖੇ ਆਪ ਨਾ ਦੇਖਿਆ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕ੍ਰਿਸ਼ਨਾ ਕਲ ਮਾਤਲੋਕ ਕਲ ਜਾਮਾ ਪਾਏ । ਕਲਜੁਗ ਤੇਰਾ ਹੋਏ ਅੰਤ । ਜੋਤ ਪਰਗਟਾਏ ਪ੍ਰਭ ਭਗਵੰਤ । ਚਾਰ ਕੁੰਟ ਬਿਲਲਾਇਣ ਸਰਬ ਜੀਵ ਜੰਤ । ਨੀਰ ਤਰਸਾਏ ਕੋਈ ਥਾਂ ਨਾ ਪਾਏ, ਪੈ ਜਾਏ ਦੁਹਾਏ ਨਾ ਕੋਈ ਧੀਰ ਧਰਾਏ ਚੀਰ ਲੁਹਾਏ ਬੈਠੇ ਅਡੋਲ ਆਪ ਇਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਦੇਵੇ ਵਡਿਆਏ, ਪੰਚਮ ਜੇਠ ਮਿਲੇ ਵਧਾਏ, ਰਸਨਾ ਗਾਣ ਵਿਰਲੇ ਸਾਧ ਸੰਤ । ਪਹਿਲੀ ਮਾਘ ਸਤਿਜੁਗ ਸਾਚੇ ਨੀਂਹ ਰਖਾਈ । ਸ੍ਰਿਸ਼ਟ ਸਬਾਈ ਆਪ ਭੁਲਾਈ । ਕਲਜੁਗ ਤੇਰੀ ਮਿਟੀ ਵਡਿਆਈ । ਧੁਨਕਾਰ ਅੰਧ ਅੰਧਿਆਰ ਜੀਵ ਜੰਤ ਖੁਆਰ ਕਰੇ ਗਿਰਧਾਰਾ ਆਪ ਮੁਰਾਰਾ ਸਦ ਨਿਰਾਹਾਰ ਕਰੇ ਅਕਾਰ ਵਿਚ ਸੰਸਾਰ, ਗੁਰਮੁਖ ਸਾਚੇ ਪ੍ਰਭ ਜਾਏ ਤਾਰੀ । ਪਰਗਟ ਜੋਤ ਖਿਚ ਲਿਆਏ ਦਰ ਦਰਬਾਰ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਰਾਇਣ ਨਰ ਅਵਤਾਰੀ । ਕਲਜੁਗ ਤੇਰਾ ਅੰਤ ਅਖ਼ੀਰ । ਪ੍ਰਭ ਅਬਿਨਾਸ਼ੀ ਲਾਹੇ ਚੀਰ । ਏਕਾ ਸ਼ਬਦ ਚਲਾਏ ਤੀਰ । ਚਾਰ ਕੁੰਟ ਪੈ ਜਾਏ ਵਹੀਰ । ਕੋਈ ਨਾ ਦੇਵੇ ਕਲਜੁਗ ਜੀਵਾਂ ਧੀਰ । ਬਿਰਧਾਂ ਬਾਲ ਅੰਞਾਣਿਆਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਮਾਣ ਗਵਾਏ ਆਪ ਮਿਟਾਏ ਜਗਤ ਭੁਲਾਏ ਰਹਿਣ ਨਾ ਪਾਏ ਕੋਈ ਪੀਰ ਦਸਤਗੀਰ ਪੈਗ਼ੰਬਰ ਔਲੀਆ ਫ਼ਕੀਰ । ਆਪਣਾ ਸ਼ਬਦ ਆਪ ਚਲਾਇਆ । ਅੰਤਮ ਅੰਤ ਜੁਗ ਚੌਥਾ ਆਣ ਕਰਾਇਆ । ਮਾਣ ਅਥਰਬਣ ਵੇਦ ਪ੍ਰਭ ਸਾਚੇ ਆਪ ਮਿਟਾਇਆ । ਕੁਰਾਨ ਅੰਜੀਲ ਕੋਇ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਵਿਚ ਮਾਤ ਜੋਤ ਸਰੂਪੀ ਜਾਮਾ ਪਾਇਆ । ਅੰਤਮ ਅੰਤ ਆਪ ਕਰਾਵਣਾ । ਆਪ ਆਪਣਾ ਭੇਖ ਮਿਟਾਵਣਾ । ਨਿਹਕਲੰਕ ਪ੍ਰਭ ਨਾਮ ਰਖਾਵਣਾ । ਜੋਤ ਸਰੂਪੀ ਵਿਚ ਮਾਤ ਕਰਮ ਕਮਾਵਣਾ । ਮੇਟ ਮਿਟਾਏ ਆਪ ਖਪਾਏ ਅੰਜ਼ੀਲ ਕੁਰਾਨ ਅੰਤਮ ਜੁਗ ਰਹਿਣ ਨਾ ਪਾਏ, ਮਾਣ ਗਵਾਏ ਵੇਦ ਪੁਰਾਨਾ । ਸਤਿਜੁਗ ਸਾਚਾ ਮਾਰਗ ਲਾਏ, ਬੇਮੁਖ ਖਪਾਏ ਗੁਰਸਿਖ ਉਪਜਾਏ, ਸੋਹੰ ਸਾਚਾ ਸ਼ਬਦ ਵਰਤਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਵਿਚ ਮਾਤ ਆਪ ਕਰਾਵਣਾ । ਆਪਣਾ ਕਰਮ ਆਪ ਕਰਾਏ । ਜੁਗੋ ਜੁਗ ਪ੍ਰਭ ਜੋਤ ਪਰਗਟਾਏ । ਮਾਤ ਪਤਾਲ ਅਕਾਸ਼ ਸਦ ਰਹਾਏ । ਜੋਤ ਸਰੂਪੀ ਸਰਬ ਸਮਾਏ । ਵਡ ਵਡ ਭੂਪੀ ਪ੍ਰਭ

ਆਪ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ । ਨਿਹਕਲੰਕ ਜੋਤ ਨਿਰੰਕਾਰ । ਨਿਹਕਲੰਕ ਇਕ ਕਰਤਾਰ । ਨਿਹਕਲੰਕ ਆਪ ਅਧਾਰ । ਨਿਹਕਲੰਕ ਜੋਤ ਸਰੂਪ ਜੁਗੋ ਜੁਗ ਵਿਚ ਮਾਤ ਲਏ ਅਵਤਾਰ । ਨਿਹਕਲੰਕ ਜੋਤ ਨਿਰੰਕਾਰਾ । ਨਿਹਕਲੰਕ ਰੂਪ ਅਪਾਰਾ । ਨਿਹਕਲੰਕ ਰਾਮ ਅਵਤਾਰਾ । ਨਿਹਕਲੰਕ ਜੋਤ ਗਿਰਧਾਰਾ । ਨਿਹਕਲੰਕ ਸਰਬ ਅਧਾਰਾ । ਨਿਹਕਲੰਕ ਜੁਗੋ ਜੁਗ ਪਰਗਟ ਜੋਤ ਵਿਚ ਮਾਤ ਲਏ ਅਵਤਾਰਾ । ਨਿਹਕਲੰਕ ਜੋਤ ਅਕਾਰੇ । ਨਿਹਕਲੰਕ ਸਦ ਨਿਰਾਹਾਰੇ । ਨਿਹਕਲੰਕ ਆਪ ਮੁਰਾਰੇ । ਨਿਹਕਲੰਕ ਕ੍ਰਿਸ਼ਨ ਮੁਰਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਅੰਤਮ ਜੁਗ ਜਾਮਾ ਵਿਚ ਮਾਤ ਦੇ ਧਾਰੇ । ਨਿਹਕਲੰਕ ਏਕਾ ਅੰਕ । ਨਿਹਕਲੰਕ ਏਕਾ ਡੰਕ । ਨਿਹਕਲੰਕ ਜੋਤ ਅਟੰਕ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ ਹਰਸ ਮਿਟਾਏ ਆਪ ਕਢਾਏ ਆਤਮ ਸ਼ੰਕ । ਆਤਮ ਸੰਸਾ ਆਪ ਨਿਵਾਰੇ । ਜੋ ਜਨ ਆਏ ਚਲ ਦਰਬਾਰੇ । ਪ੍ਰਭ ਅਬਿਨਾਸ਼ੀ ਜੋਤ ਅਪਾਰੇ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰੇ । ਜਨ ਭਗਤਾਂ ਪ੍ਰਭ ਪਾਰ ਉਤਾਰੇ । ਦੋਏ ਜੋੜ ਚਰਨ ਕਰਨ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਦਰਸ ਦੁਤਰ ਪਾਰ ਉਤਾਰੇ । ਗੁਰਸਿਖ ਦੁਤਰ ਤਰਨਾ । ਪ੍ਰਭ ਅਬਿਨਾਸ਼ੀ ਲਾਗੇ ਸਰਨਾ । ਅੰਤਮ ਅੰਤ ਨਾ ਹੋਏ ਮਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ ਦਇਆ ਕਮਾਏ ਵਿਚ ਜੋਤੀ ਮੇਲ ਮਿਲਾਏ, ਆਪ ਬਹਾਏ ਸਾਚੇ ਦਰਨਾ । ਸਾਚਾ ਦਰ ਸਚ ਦਰਬਾਰਾ । ਦਿਸੇ ਆਪ ਏਕੰਕਾਰਾ । ਗੁਰਮੁਖ ਵਿਰਲਾ ਪਾਵੇ ਸਾਰਾ । ਜਿਸ ਜਨ ਦੇਵੇ ਅੰਮ੍ਰਿਤ ਆਤਮ ਸਾਚੀ ਧਾਰਾ । ਦੇਵੇ ਧਾਰ ਹੋਏ ਉਜਿਆਰ, ਮਿਟੇ ਅੰਧਿਆਰ ਦੇਵੇ ਖੋਲ੍ਹ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਗੁਰਮੁਖ ਸਾਚੇ ਪੂਰਨ ਕਰੇ ਵਿਚਾਰਾ । ਆਪ ਵਿਚਾਰੇ ਗੁਰਸਿਖ ਤਾਰੇ । ਆਪ ਵਿਚਾਰੇ ਗੁਰਸਿਖ ਉਧਾਰੇ । ਆਪ ਵਿਚਾਰੇ ਦੇਵੇ ਦਰਸ ਜੋਤ ਸਰੂਪ ਅਪਾਰੇ । ਆਪ ਵਿਚਾਰੇ ਮਿਟਾਏ ਹਰਸ ਗੁਰਮੁਖ ਆਏ ਚਰਨ ਦਵਾਰੇ । ਆਪ ਵਿਚਾਰੇ ਗੁਰਮੁਖ ਆਤਮ ਧੁਨ ਦੇਵੇ ਸਾਚੀ ਧੁਨਕਾਰੇ । ਆਪ ਵਿਚਾਰੇ ਗੁਰਮੁਖ ਸਾਚੇ ਤੇਰੀ ਖੁਲ੍ਹੇ ਸੁੰਨ, ਆਏ ਪ੍ਰਭ ਦਵਾਰੇ । ਕਲਜੁਗ ਪਕੜ ਉਠਾਏ ਪ੍ਰਭ ਸਾਚਾ ਸਰਨ ਲਗਾਏ, ਨਿਹਕਲੰਕ ਦਇਆ ਕਮਾਏ, ਕਲਜੁਗ ਵਿਰਲੇ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕੋਈ ਨਾ ਜਾਣੇ ਤੇਰੇ ਗੁਣ । ਪ੍ਰਭ ਗੁਣ ਕਵਣ ਵਿਚਾਰੇ । ਕਲਜੁਗ ਜੀਵ ਅੰਧ ਅੰਧਿਆਰੇ । ਆਪਣੀ ਆਪ ਨਾ ਪਾਇਣ ਸਾਰੇ । ਪ੍ਰਭ ਅਬਿਨਾਸ਼ੀ ਮਨੋਂ ਵਿਸਾਰੇ । ਆਤਮ ਉਦਾਸੀ ਸਦਾ ਪੁਕਾਰੇ । ਸਚਖੰਡ ਨਿਵਾਸੀ ਸਦਾ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਪਰਗਟਾਏ ਜੋਤ ਵਿਚ ਮਾਤ ਏਕਾ ਆਪ ਕਰਤਾਰੇ । ਏਕਾ ਆਪ ਜੋਤ ਜਗਾਈ । ਚਾਰ ਕੁੰਟ ਹੋਏ ਰੁਸ਼ਨਾਈ । ਸੋਹੰ ਪ੍ਰਭ ਧੁਨ ਵਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅੰਕ ਏਕਾ ਡੰਕ ਚਾਰ ਵਰਨ ਚਾਰ ਕੁੰਟ ਦੇਵੇ ਆਪ ਵਜਾਈ । ਏਕਾ ਡੰਕ ਆਪ ਵਜਾਇਆ । ਰਾਓ ਰੰਕ ਇਕ ਕਰਾਇਆ । ਰੰਕਾਂ ਪਕੜ ਪ੍ਰਭ ਆਪ ਉਠਾਇਆ । ਜੋਤ ਸਰੂਪੀ ਲਾਏ ਤਨਕ, ਆਪ ਆਪਣਾ ਲਏ ਪਰਗਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਅੰਤ ਮਹੀਨਾ ਜੇਠ ਵਿਚ ਮਾਤ ਲਿਖਾਇਆ । ਮਹੀਨਾ ਜੇਠ ਕਲਜੁਗ ਜੀਵ ਕੌੜੇ ਰੇਠ । ਪ੍ਰਭ ਮਿਟਾਏ ਵਡ ਵਡ ਸੇਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਵਿਚ ਮਾਤ ਟਿਕਾਏ ਸੋਹੰ ਸ਼ਬਦ ਆਪ ਉਪਜਾਏ । ਸਾਚੀ

ਧੁਨ ਧੁਰ ਦਰਗਹਿ ਪ੍ਰਭ ਸਾਚੇ ਆਪ ਉਪਜਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਉਂ ਪੈ ਜਾਏ ਦੁਹਾਈ । ਮਹੀਨਾ ਜੇਠ ਆਏ ਜਗ । ਸ਼ਬਦ ਅੰਧੇਰੀ ਜਾਏ ਵਗ । ਅਗਨ ਜੋਤ ਲਗਾਏ ਅੱਗ । ਵਡ ਵਡ ਬਲੀ ਬਲਵਾਨ, ਪ੍ਰਭ ਮਿਟਾਏ ਪਕੜ ਸ਼ਾਹ ਰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤਾਏ ਜੋਤ ਪਰਗਟਾਏ, ਆਪੇ ਦੇਖੇ ਦੇਖ ਦਿਖਾਏ, ਗੁਰਮੁਖ ਸਾਚੇ ਚਰਨ ਲਗਾਏ ਹੰਸ ਬਣਾਏ ਕਗ । ਮਹੀਨਾ ਜੇਠ ਮਾਤ ਲਿਖਾਇਆ । ਮਹੀਨਾ ਜੇਠ ਪ੍ਰਭ ਵਡਿਆਇਆ । ਮਹੀਨਾ ਜੇਠ ਨਿਹਕਲੰਕ ਕਲ ਜਾਮਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਅੰਤ ਦੇਵੇ ਅੰਤ ਕਰਾਇਆ । ਚੌਥਾ ਜੁਗ ਆਏ ਬਗ । ਪ੍ਰਭ ਅਬਿਨਾਸ਼ੀ ਸਦਾ ਅਭੱਗ । ਸਰਬ ਘਟ ਵਾਸੀ ਆਪ ਅਲੱਗ । ਘਨਕਪੁਰ ਵਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰਾਏ ਸੱਗ । ਸ੍ਰਿਸ਼ਟ ਸਬਾਈ ਹੋਏ ਸੋਗ । ਆਤਮ ਲੱਗਾ ਹਉਮੇ ਰੋਗ । ਸੋਹੰ ਛੱਡਿਆ ਸਾਚਾ ਜੋਗ । ਆਤਮ ਵਸਿਆ ਝੂਠਾ ਭੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਆਪ ਖਪਾਏ ਆਪ ਉਪਾਏ ਆਪ ਬਣਾਏ ਆਪ ਤਰਾਏ ਗੁਰਮੁਖ ਸਾਚੇ ਦੇਵੇ ਦਰਸ ਅਮੋਗ । ਜੇਠ ਮਹੀਨਾ ਜਗਤ ਜਿਤ । ਪ੍ਰਭ ਸਾਚੇ ਦਾ ਸਾਚਾ ਹਿਤ । ਏਕਾ ਪ੍ਰਭ ਸਾਚਾ ਮਿਤ । ਜੋਤ ਪਰਗਟਾਏ ਵਿੱਚ ਮਾਤ ਆਏ ਭਗਤ ਹਿਤ ਨਿਤ ਨਵਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਸਾਰ ਨਾ ਪਾਏ, ਆਪਣਾ ਆਪ ਗਏ ਜੀਵ ਭੁਲਾਏ, ਗੁਰਮੁਖ ਪ੍ਰਭ ਆਪ ਤਰਾਏ ਸਾਚਾ ਕੀਆ ਹਿਤ । ਸੰਤ ਜਨਾਂ ਪ੍ਰਭ ਦਇਆ ਕਮਾਏ । ਸੰਤ ਜਨਾਂ ਪ੍ਰਭ ਵਿਚ ਸਮਾਏ । ਸੰਤ ਜਨਾਂ ਪ੍ਰਭ ਆਪ ਉਠਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਦਰ ਵਡਿਆਏ । ਸੰਤ ਜਨਾਂ ਦੇਵੇ ਵਡਿਆਈ । ਸੰਤ ਜਨਾਂ ਆਪ ਸਹਾਈ । ਸੰਤ ਜਨਾਂ ਪ੍ਰਭ ਸ਼ਬਦ ਜਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਈ । ਸੰਤ ਜਨਾਂ ਸਦ ਬਲਿਹਾਰਾ । ਸੰਤ ਜਨਾਂ ਦਿਸੇ ਆਪ ਨਿਰੰਕਾਰਾ । ਸੰਤ ਜਨਾਂ ਏਕਾ ਦੇਵੇ ਸ਼ਬਦ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਦਵਾਏ ਮੋਖ ਦਵਾਰਾ । ਸੰਤ ਜਨ ਸਾਚੇ ਸੁੱਤ । ਆਪ ਉਪਜਾਏ ਪ੍ਰਭ ਅਚੁਤ । ਸੰਤ ਜਨਾਂ ਸੰਗ ਸਾਚਾ ਹਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ, ਬਜਰ ਕਪਾਟ ਖੁਲ੍ਹਾਏ, ਅਗਿਆਨ ਅੰਧੇਰ ਸਰਬ ਮਿਟਾਏ, ਆਪ ਸੁਹਾਏ ਸਾਚੀ ਰੁੱਤ । ਸਾਚਾ ਦਰ ਜਨ ਕੋਈ ਵਖਾਣੇ । ਸਾਚਾ ਘਰ ਗੁਰਮੁਖ ਪਛਾਣੇ । ਅਵਤਾਰ ਨਰ ਜਿਸ ਦਰਸ ਦਿਖਾਣੇ । ਦੇਵੇ ਸੋਹੰ ਸਾਚਾ ਦਾਨ ਜੀਵ ਜਾਏ ਤਰ, ਮਿਲਿਆ ਪ੍ਰਭ ਭਗਵਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਚਰਨ ਧਿਆਨੇ । ਏਕਾ ਦੇਵੇ ਚਰਨ ਧਿਆਨਾ । ਆਤਮ ਦੇਵੇ ਬ੍ਰਹਮ ਗਿਆਨਾ । ਸੋਹੰ ਦੇਵੇ ਵਡ ਦਾਨੀ ਦਾਨਾ । ਰਸਨਾ ਜਪੇ ਪੁਰਖ ਸੁਜਾਨਾ । ਆਤਮ ਜੋਤ ਜਗੇ ਮਹਾਨਾ । ਏਕਾ ਦਿਸੇ ਵਿਸ਼ਨੂੰ ਭਗਵਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ, ਸਾਚਾ ਸਰਬ ਜਨਾਂ ਦੀ ਆਪੇ ਜਾਨਾ । ਆਪੇ ਜਾਣੇ ਆਪ ਪਛਾਣੇ । ਆਪ ਚਲਾਏ ਆਪਣੇ ਭਾਣੇ । ਗੁਰਸਿਖ ਸਾਚੇ ਸੁਘੜ ਸਿਆਣੇ । ਦੇਵੇ ਵਡਿਆਈ ਦਰ ਦਰਬਾਰ ਬਹਾਈ, ਹੋਏ ਸਹਾਈ ਵਡ ਬਲੀ ਬਲਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸਾਚਾ ਜਾਣੇ । ਸਾਚਾ ਮਾਣ ਆਪ ਪਛਾਣ । ਦੇਵੇ ਮਾਣ ਦਰ ਪਰਵਾਣ । ਅੰਤਮ ਅੰਤ ਜੋਤੀ ਜੋਤ ਮਿਲ ਜਾਣ । ਸਚਖੰਡ ਸਚ ਦਰ ਪ੍ਰਭ ਮਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਅੰਤਮ ਅੰਤ ਆਤਮ ਦੇਵੇ ਸ਼ਬਦ ਬਬਾਣ । ਗੁਰਮੁਖ ਸਾਚੇ ਰਸਨਾ ਗਾਣਾ ।

ਹੋਏ ਸਹਾਈ ਆਪ ਭਗਵਾਨਾ । ਦੇਵੇ ਵਡਿਆਈ ਗੁਰਮੁਖ ਸਾਚੇ ਧਾਮ ਪ੍ਰਭ ਬਹਾਣਾ । ਪੂਰਨ ਕਾਮ ਆਪ ਕਰਾਣਾ । ਏਕਾ ਜਾਮ ਪ੍ਰਭ ਸੋਹੰ ਪਿਲਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਸਾਚਾ ਕਰਮ ਕਮਾਣਾ । ਸਾਚਾ ਕਰਮ ਆਪ ਕਮਾਏ । ਸਾਚਾ ਧਰਮ ਆਪ ਚਲਾਏ । ਸਾਚਾ ਬ੍ਰਹਮ ਆਪ ਅਖਵਾਏ । ਝੂਠਾ ਭਰਮ ਆਪ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਨਾਉਂ ਧਰਾਏ । ਝੂਠਾ ਭਰਮ ਆਪ ਗਵਾ ਕੇ । ਨਿਹਕਲੰਕ ਜੋਤ ਪਰਗਟਾ ਕੇ । ਪੁਰੀ ਘਨਕ ਪ੍ਰਭ ਭਾਗ ਲਗਾ ਕੇ । ਮਾਝਾ ਦੇਸ ਕੀਆ ਭੇਸ ਸਾਚਾ ਵੇਸ ਜੋਤੀ ਜੋਤ ਪਰਗਟਾ ਕੇ । ਨਿਹਕਲੰਕ ਅੰਤਮ ਅੰਤ ਖੇਲ ਆਪਣੀ ਆਪ ਜਾਏ ਵਰਤਾ ਕੇ । ਆਪਣੀ ਜੋਤ ਜਗਾਏ ਮਹਾਨਾ । ਜੋਤ ਸਰੂਪੀ ਪਹਰਿਆ ਬਾਣਾ । ਕਰੇ ਕਰਾਏ ਆਪ, ਪ੍ਰਭ ਕਾ ਖੇਲ ਨਾ ਕਿਸੇ ਪਛਾਣਾ । ਸਰਬ ਸ੍ਰਿਸ਼ਟ ਮਾਈ ਬਾਪ, ਏਕਾ ਏਕ ਆਪ ਭਗਵਾਨਾ । ਏਕ ਚਲਾਏ ਸੋਹੰ ਜਾਪ, ਕਲਜੁਗ ਭੇਖ ਸਰਬ ਮਿਟਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਏ ਜਗਤ ਵਰਤਾਏ, ਝੂਠਿਆਂ ਠੂਠਿਆਂ ਹੱਥ ਫੜਾਏ ਵਿਚਾਰੇ ਗੁਣ ਗੁਣਵੰਤ ਗੁਣ ਨਿਧਾਨਾ । ਗੁਣਵੰਤ ਗੁਣ ਨਿਧਾਨ । ਆਪੇ ਆਪ ਚਤੁਰ ਸੁਜਾਨ । ਜੀਵ ਜੰਤ ਸਰਬ ਅੰਞਾਣ । ਅੰਤਮ ਅੰਤ ਕਰੇ ਸੰਮਤ ਪ੍ਰਭ ਸਾਚੇ ਦੀ ਸਾਚੀ ਬਾਣ । ਕਲਜੁਗ ਖੇਲ ਵਰਤਾਏ, ਲਿਖਾਏ ਲਿਖਤ ਸਰ ਅੰਮ੍ਰਿਤ ਥੇਹ ਕਰਾਏ, ਸੱਤਰ ਲੱਖ ਚੜ੍ਹੇ ਪਠਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਲਿਖਾਏ ਲੇਖ ਆਪ ਮਹਾਨ । ਕੱਖ ਕੱਖ ਕੱਖ ਲੱਖ ਲੱਖ ਲੱਖ ਇਕ ਹੋ ਜਾਏ । ਰੱਖ ਰੱਖ ਰੱਖ ਗੁਰਮੁਖ ਸਾਚੇ ਪ੍ਰਭ ਆਪ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਅਚਰਜ ਖੇਲ ਵਿਚ ਮਾਤ ਵਰਤਾਏ । ਅੰਤਮ ਅੰਤ ਆਪੇ ਕਰ । ਸ੍ਰਿਸ਼ਟ ਸਬਾਈ ਕਰੇ ਦੋ ਧੜ । ਏਕਾ ਜੋਤ ਜਗਾਈ ਅਵਤਾਰ ਨਰ । ਆਪਣਾ ਕੀਆ ਕਲਜੁਗ ਜੀਵ ਲੈਣ ਭਰ । ਮਾਨਸ ਜਨਮ ਵਿਚ ਮਾਤ ਜਾਇਣ ਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਸਚ ਵਰਤਾਏ ਭੁਗਤਾਏ ਨਿਹਕਲੰਕ ਅਵਤਾਰ ਨਰ । ਸਾਚਾ ਕਰਮ ਆਪੇ ਕਰਨਾ । ਆਪ ਦੇਵੇ ਆਪਣੀ ਸਰਨਾ । ਜੋ ਜਨ ਸੇਵੇ ਪ੍ਰਭ ਖੋਲ੍ਹੇ ਹਰਨਾ ਫਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਵਡ ਧਰਨੀ ਧਰਨਾ । ਨਿਹਕਲੰਕ ਨਰ ਅਵਤਾਰਾ । ਜੋਤ ਸਰੂਪੀ ਜਗਤ ਪਸਾਰਾ । ਸਤਿ ਸਰੂਪੀ ਕੀਆ ਅਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਰਮ ਧਰਮ ਜਰਮ ਆਪ ਵਿਚਾਰਾ । ਕਲਜੁਗ ਕਰਮ ਆਪ ਵਿਚਾਰਿਆ । ਸਾਚਾ ਧਰਮ ਅੰਤਮ ਅੰਤ ਹਾਰਿਆ । ਝੂਠਾ ਜਰਮ ਪ੍ਰਭ ਆਪ ਨਿਵਾਰਿਆ । ਸਾਚਾ ਬ੍ਰਹਮ ਆਪ ਅਪਾਰਿਆ । ਸਾਚਾ ਧਰਮ ਜਗਤ ਚਲਾ ਰਿਹਾ । ਸਾਚਾ ਕਰਮ ਨਿਹਕਲੰਕ ਕਮਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਵਿਚ ਮਾਤ ਆਪ ਟਿਕਾ ਰਿਹਾ । ਸੋਹੰ ਨਾਮ ਸਾਚਾ ਜਾਮ । ਪੂਰਨ ਕਾਮ ਕਰੇ ਰਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਜਪਾਏ ਇਕ ਕਰਾਏ ਇਕ ਧਰਾਏ ਇਕ ਵਰਤਾਏ ਏਕਾ ਏਕ ਏਕ ਹੋ ਜਾਏ । ਦੂਸਰ ਕੋਈ ਰਹਿਣ ਨਾ ਪਾਏ । ਰਾਓ ਰੰਕ ਇਕ ਥਾਂ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਕਲ ਨਾਉਂ ਰਖਾਏ । ਨਿਹਕਲੰਕ ਨਿਹਕਲੰਕ ਨਿਹਕਲੰਕ ਅਗਨ ਮੇਂਹ । ਸ੍ਰਿਸ਼ਟ ਸ੍ਰਿਸ਼ਟ ਸ੍ਰਿਸ਼ਟ ਸਰਬ ਥੇਹ । ਕਲਜੁਗ ਜੀਵ ਹੋਏ ਖੇਹ । ਇਸ ਹੱਥ ਦੇ ਇਸ ਹੱਥ ਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਕਾਮ ਆਪ ਕਰੇ । ਆਪੇ ਕਰੇ ਪੂਰਨ ਕਾਜਾ । ਸ੍ਰਿਸ਼ਟ ਸਬਾਈ ਜਿਸ ਸਾਜਨ ਸਾਜਾ । ਵਡਾ ਆਪ ਵਡ ਵਡ ਰਾਜਨ ਰਾਜਾ । ਕਲਜੁਗ ਜੋਤ

ਪਰਗਟਾਏ ਨਿਹਕਲੰਕ ਵਿਚ ਦੇਸ ਮਾਝਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਉਂ ਰਖਾਈ, ਪਾਵੇ ਦੁਹਾਈ ਸੁਣੇ ਲੋਕਾਈ, ਰਿਹਾ ਸ਼ਬਦ ਲਿਖਾਈ ਵਾਕ ਭਵਿਖਤ ਨਾ ਬਿਰਥਾ ਜਾਈ, ਲਿਖਾਈ ਲਿਖਤ ਨਾ ਮੇਟ ਮਿਟਾਈ, ਜੋਤ ਜਗਾਈ ਵਡ ਲਾਜਨ ਲਾਜਾ । ਵਡ ਬਲੀ ਆਪ ਬਲਵਾਨਾ । ਪ੍ਰਭ ਅਬਿਨਾਸ਼ੀ ਵਾਲੀ ਦੋ ਜਹਾਨਾਂ । ਸਭ ਸ੍ਰਿਸ਼ਟ ਵਿਨਾਸੀ, ਏਕਾ ਮਾਰੇ ਸੋਹੰ ਬਾਣਾ । ਜਨ ਭਗਤ ਆਤਮ ਦਰਸ ਸਦਾ ਉਦਾਸੀ, ਦੇਵੇ ਦਰਸ ਆਪ ਭਗਵਾਨਾ । ਜੋ ਜਨ ਹੋਏ ਮਦਿਰਾ ਮਾਸੀ, ਨਰਕ ਨਿਵਾਸ ਪ੍ਰਭ ਰਖਾਣਾ । ਦਰ ਆਇਣ ਕਰ ਕਰ ਜਾਇਣ ਹਾਸੀ, ਸਾਚਾ ਪ੍ਰਭ ਕਰੇ ਪਛਾਣਾ । ਜੋ ਜਨ ਜਪੇ ਰਸਨ ਸਵਾਸ ਸਵਾਸੀ, ਸਾਚਾ ਰੰਗ ਪ੍ਰਭ ਆਤਮ ਆਪ ਰੰਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਓ ਰੰਕ ਰੰਕ ਰਾਓ ਇਕ ਰੰਗ ਸਮਾਣਾ । ਰਾਓ ਰੰਕ ਇਕ ਵਰਤਾਰ । ਰਾਓ ਰੰਕ ਇਕ ਦਰਬਾਰ । ਰਾਓ ਰੰਕ ਇਕ ਕਰਤਾਰ । ਰਾਓ ਰੰਕ ਇਕ ਸਿਕਦਾਰ । ਰਾਓ ਰੰਕ ਇਕ ਵਰਤਾਰ । ਰਾਓ ਰੰਕ ਇਕ ਦਾਤਾਰ । ਰਾਓ ਰੰਕ ਇਕ ਆਧਾਰ । ਰਾਓ ਰੰਕ ਇਕ ਦਵਾਰ । ਇਕ ਸ਼ਬਦ ਦੇਵੇ ਜਨ ਵਿਰਲਾ ਲੇਵੇ, ਪ੍ਰਭ ਅਬਿਨਾਸ਼ੀ ਰਸਨਾ ਸੇਵੇ, ਪ੍ਰਭ ਸਾਚੇ ਦਰ ਸਾਚੇ ਮੇਵੇ, ਸੋਹੰ ਸ਼ਬਦ ਸੱਚੀ ਧੁਨਕਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਪੂਰਬ ਕਰਮ ਤੇਰੇ ਲਏ ਵਿਚਾਰ । ਪੂਰਬ ਲਹਿਣਾ ਦਰ ਸਾਚੇ ਲੈਣਾ । ਸੋਹੰ ਦੇਵੇ ਪ੍ਰਭ ਆਤਮ ਗਹਿਣਾ । ਰਸਨਾ ਜਪ ਜਪ ਜੀਵ ਆਤਮ ਰਸ ਪੀਵ ਦੇਵੇ ਦਰਸ ਪ੍ਰਭ ਤੀਜੇ ਨੈਣਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਰਹਾਈ, ਝੂਠੇ ਵਹਿਣ ਆਪ ਵਹਾਈ, ਗੁਰਮੁਖ ਸਾਚੇ ਪ੍ਰਭ ਦਰ ਲੈਣ ਲਹਿਣਾ । ਕਲਜੁਗ ਜੀਵ ਭਾਂਡੇ ਕਾਚੇ, ਦਰ ਆਏ ਨਾਚੇ, ਭੇਵ ਨਾ ਜਾਣੇ ਪ੍ਰਭ ਸਾਚੋ ਸਾਚੇ, ਸ਼ਬਦ ਨਾ ਹਿਰਦੇ ਵਾਸੇ, ਅਗਨ ਜੋਤ ਪ੍ਰਭ ਲਾਏ ਤਮਾਚੇ, ਝੂਠੀ ਰਸਨਾ ਝੂਠਾ ਕਹਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਤੁਰ ਸੁਜਾਨ ਗੁਣ ਨਿਧਾਨ ਭਗਤ ਭਗਵਾਨ ਆਪ ਦਵਾਏ ਭਿਖਿਆ ਪਾਏ, ਤ੍ਰਿਪਤ ਕਰਾਏ ਜੋ ਜਨ ਆਏ ਸੋਹੰ ਸਾਚਾ ਲਹਿਣਾ ਲੈਣ । ਸੋਹੰ ਸਾਚਾ ਪ੍ਰਭ ਸਾਚੇ ਦੀਆ । ਪੂਰਬ ਜਨਮ ਬੀਜ ਜੋ ਬੀਆ । ਰਸਨਾ ਰਸ ਆਤਮ ਵਸ, ਰਾਹ ਸਾਚਾ ਪ੍ਰਭ ਜਾਏ ਦੱਸ, ਜਪ ਜੀਵ ਸਦ ਹੋਏ ਵਸ, ਨਿਰਮਲ ਕਰਾਏ ਜੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ, ਕਪਾਟ ਬਜਰ ਖੁਲ੍ਹਾਏ, ਆਤਮ ਜੋਤ ਆਪ ਜਗਾਏ, ਵਿਚ ਲਲਾਟ ਕਰੇ ਰੁਸ਼ਨਾਏ ਆਨ ਬਾਟ ਵਿਚ ਫੇਰ ਨਾ ਆਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਇਆ ਦੀਆ । ਆਤਮ ਜੋਤ ਕਰੇ ਪਰਕਾਸ਼, ਅਗਿਆਨ ਅੰਧੇਰ ਵਿਨਾਸ । ਆਤਮ ਹੋਏ ਗੁਰਮੁਖ ਰਾਸ । ਪ੍ਰਭ ਸਾਚੇ ਵਿਚ ਕੀਆ ਵਾਸ । ਭਗਤ ਜਨਾਂ ਸਦ ਹੋਏ ਦਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਗੁਰਮੁਖ ਕਰਾਏ ਰਾਸ । ਮਾਨਸ ਜਨਮ ਆਪ ਵਿਚਾਰ । ਪ੍ਰਭ ਸਾਚੇ ਦੀ ਸਾਚੀ ਸਾਰ । ਵੇਲਾ ਅੰਤ ਨਾ ਭੁਲ ਗਵਾਰ । ਕਲ ਜੋਤ ਪਰਗਟਾਈ ਪ੍ਰਭ ਭਗਵੰਤ, ਵੇਲਾ ਹੱਥ ਨਾ ਆਏ ਦੂਜੀ ਵਾਰ । ਗੁਰਮੁਖ ਜਗਾਏ ਪ੍ਰਭ ਸਾਚੇ ਸੰਤ, ਏਕਾ ਦੇਵੇ ਸ਼ਬਦ ਧੁਨਕਾਰ । ਆਪ ਬਣਾਏ ਸਾਚੀ ਬਣਤ, ਜੋ ਜਨ ਕਰੇ ਚਰਨ ਨਿਮਸਕਾਰ । ਦੇਵੇ ਵਡਿਆਈ ਵਿਚ ਜੀਵ ਜੰਤ, ਰਸਨਾ ਤਜਾਏ ਮਦਿਰਾ ਮਾਸ ਅਹਾਰ । ਹੋਏ ਸਹਾਈ ਪ੍ਰਭ ਸਾਚਾ ਕੰਤ, ਬਾਂਹੋਂ ਪਕੜ ਕਲ ਜਾਏ ਤਾਰ । ਆਪ ਬਣਾਏ ਗੁਰਮੁਖ ਤੇਰੀ ਬਣਤ, ਜੋਤ ਸਰੂਪ ਵਿਚ ਦਿਸੇ ਆਪ ਗਿਰਧਾਰ । ਮਹਾਰਾਜ ਸ਼ੇਰ ਸਿੰਘ ਵਰਤੇ ਵਰਤਾਵੇ ਚਲੇ ਚਲਾਵੇ ਕਰੇ ਕਰਾਵੇ ਵਿਚ ਆਪ ਸੰਸਾਰ । ਸਾਚਾ ਪ੍ਰਭ ਵਡ ਸੰਸਾਰੀ । ਸਾਚਾ

ਪ੍ਰਭ ਵਡ ਗਿਰਧਾਰੀ । ਸਾਚਾ ਪ੍ਰਭ ਜੋਤ ਨਿਰਹਾਰੀ । ਸਾਚਾ ਪ੍ਰਭ ਏਕਾ ਏਕੰਕਾਰੀ । ਸਾਚਾ ਪ੍ਰਭ ਜੋਤ ਸਰੂਪ ਜੋਤ ਨਿਰੰਕਾਰੀ । ਸਾਚਾ ਪ੍ਰਭ ਮਾਤ ਜੋਤ ਪਰਗਟਾਏ, ਨਿਹਕਲੰਕ ਨਾਉਂ ਧਰਾਏ, ਜੋਤ ਸਰੂਪੀ ਜਾਮਾ ਪਾਏ ਵਡ ਵਡ ਵਡ ਆਪ ਦਰਬਾਰੀ । ਸਾਚਾ ਪ੍ਰਭ ਵਡ ਦਰਬਾਰੀ । ਸਾਚਾ ਪ੍ਰਭ ਵਡ ਭੰਡਾਰੀ । ਸਾਚਾ ਪ੍ਰਭ ਕੋਟਨ ਕੋਟ ਖੜੇ ਦਵਾਰੀ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਏਕਾ ਏਕੰਕਾਰੀ । ਸਾਚਾ ਪ੍ਰਭ ਵਡ ਸਿਕਦਾਰਾ । ਸਾਚਾ ਪ੍ਰਭ ਸਚ ਵਿਹਾਰਾ । ਸਾਚਾ ਪ੍ਰਭ ਸਚ ਜਗਤ ਅਧਾਰਾ । ਸਾਚਾ ਪ੍ਰਭ ਸ੍ਰਿਸ਼ਟ ਸਬਾਈ ਕਰੇ ਪਸਾਰਾ । ਸਾਚਾ ਪ੍ਰਭ ਏਕਾ ਏਕ ਏਕਾ ਏਕੰਕਾਰਾ । ਸਾਚਾ ਪ੍ਰਭ ਆਪ ਅਡੋਲ । ਸਾਚਾ ਪ੍ਰਭ ਅਖੁੱਟ ਅਤੋਲ । ਸਾਚਾ ਪ੍ਰਭ ਅਤੁਲ ਅਤੋਲ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਏ ਜਗਤ ਵਰਤਾਏ, ਸ੍ਰਿਸ਼ਟ ਸਬਾਈ ਖਪਾਏ ਸੋਹੰ ਆਪ ਵਜਾਏ ਢੋਲ । ਉਠ ਜੀਵ ਜਾਗ ਪ੍ਰਭ ਜੋਤ ਜਗਾਏ । ਉਠ ਜੀਵ ਜਾਗ ਪ੍ਰਭ ਵਿਚ ਮਾਤ ਦੇ ਆਏ । ਉਠ ਜੀਵ ਜਾਗ, ਸਾਚਾ ਨਾਤ ਪ੍ਰਭ ਚਰਨ ਰਖਾਏ । ਉਠ ਜੀਵ ਜਾਗ ਪ੍ਰਭ ਚਰਨ ਲਾਗ ਨਾ ਲਾਏ ਦਾਗ਼, ਅੰਤਮ ਅੰਤ ਪਕੜੇ ਤੇਰੀ ਵਾਗ, ਨਿਹਕਲੰਕ ਹੋਏ ਸਹਾਏ । ਉਠ ਜੀਵ ਜਾਗ, ਵੇਲਾ ਸਚ । ਉਠ ਜੀਵ ਜਾਗ, ਪ੍ਰਭ ਭਗਤ ਸੁਹੇਲਾ ਸਚ । ਉਠ ਜੀਵ ਜਾਗ, ਪ੍ਰਭ ਮਿਲਣ ਦਾ ਵੇਲਾ ਸਚ । ਉਠ ਜੀਵ ਜਾਗ, ਅਚਰਜ ਖੇਲ ਪਾਰਬ੍ਰਹਮ ਖੇਲਾ ਸਚ । ਉਠ ਜੀਵ ਜਾਗ, ਪ੍ਰਭ ਸਾਚੇ ਦੀ ਸਰਨੀ ਲਾਗ, ਨਿਹਕਲੰਕ ਆਪਣਾ ਆਪ ਕਰਾਏ ਮੇਲਾ ਸਚ । ਉਠ ਜੀਵ ਜਾਗ, ਪ੍ਰਭ ਸਚ ਮਿਲਾਵਾ । ਉਠ ਜੀਵ ਜਾਗ, ਪ੍ਰਭ ਦਰ ਆਏ ਜੋਤ ਪਰਗਟਾਏ ਨਿਹਕਲੰਕ ਨਾਉਂ ਰਖਾਏ, ਸਾਚਾ ਰੱਖ ਪ੍ਰਭ ਮਿਲਣ ਦਾ ਦਾਅਵਾ । ਉਠ ਜੀਵ ਜਾਗ, ਪ੍ਰਭ ਸੋਹੰ ਲਾਏ ਜਾਗ, ਸਾਚਾ ਨਾਉਂ ਸਦ ਰਸਨਾ ਗਾਵਾ । ਉਠ ਜੀਵ ਜਾਗ, ਨਿਹਕਲੰਕ ਜੋਤ ਪਰਗਟਾਈ । ਭੇਖ ਵਟਾਈ ਰੇਖ ਕਲ ਮਿਟਾਈ । ਸਤਿਜੁਗ ਲੇਖ ਰਿਹਾ ਲਿਖਾਈ । ਸੋਹੰ ਸਾਚੀ ਨਈਆ ਵਿਚ ਮਾਤ ਚਲਾਈ । ਚਾਰ ਵਰਨ ਕਰਾਏ ਭੈਣਾਂ ਭਾਈ । ਨਿਹਕਲੰਕ ਤੇਰੀ ਸਚ ਵਡਿਆਈ । ਸਤਿਜੁਗ ਸਾਚੀ ਨੀਂਹ ਰਖਾਈ । ਸੋਹੰ ਸਚ ਪ੍ਰਭ ਆਪ ਬਿਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਵਿਚ ਮਾਤ ਦੇਵੇ ਸਾਚੀ ਦਾਤ, ਸੋਹੰ ਵਡ ਕਰਾਮਾਤ, ਆਤਮ ਮਾਰ ਝਾਤ, ਜੋਤ ਸਰੂਪੀ ਜੋਤ ਪ੍ਰਭ ਗੁਰਮੁਖ ਤੇਰੇ ਹਿਰਦੇ ਰਿਹਾ ਸਮਾਈ । ਉਠ ਜੀਵ ਜਾਗ, ਕਲ ਜਨਮ ਗਵਾਇਆ । ਉਠ ਜੀਵ ਜਾਗ, ਕਿਉਂ ਭਰਮ ਭੁਲਾਇਆ । ਉਠ ਜੀਵ ਜਾਗ, ਆਪਣਾ ਆਪ ਕਿਉਂ ਮਾਇਆ ਮਮਤਾ ਵਿਚ ਰੁਲਾਇਆ । ਉਠ ਜੀਵ ਜਾਗ, ਹਉਮੇ ਹੰਗਤਾ ਰੋਗ ਲਗਾਇਆ । ਉਠ ਜੀਵ ਜਾਗ, ਪ੍ਰਭ ਸਾਚਾ ਸਚ ਲਗਾਏ ਅੰਗਤਾ, ਆਤਮ ਰੰਗ ਮਜੀਠ ਚੜ੍ਹਾਏ, ਬੇਮੁਖ ਦਰ ਫਿਰੇ ਮੰਗਤਾ, ਸਾਚਾ ਨਾਮ ਝੋਲੀ ਕਿਸੇ ਨਾ ਪਾਇਆ । ਉਠ ਜੀਵ ਜਾਗ, ਕਲਜੁਗ ਜਾਗਣ ਤੇਰੇ ਭਾਗ, ਰਲ ਸਾਚੀ ਸੰਗਤਾ, ਨਿਹਕਲੰਕ ਹੋਏ ਸਹਾਇਆ । ਕਰ ਦਰਸ ਗੁਰਸਿਖ ਸਾਚਾ ਪਾਰ ਲੰਘਾਏ, ਜਿਸ ਜਨ ਪ੍ਰਭ ਸਾਚਾ ਦਇਆ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਸਾਧ ਸੰਤ ਬਣਾਏ ਬਣਤ ਸਾਚਾ ਕੰਤ ਹੋਏ ਆਪ ਸਹਾਇਆ । ਉਠ ਜੀਵ ਜਾਗ, ਮੰਗ ਸੱਚੀ ਮੰਗ । ਉਠ ਜੀਵ ਜਾਗ, ਪ੍ਰਭ ਸਾਚੇ ਦੇ ਲਾਗ ਅੰਗ । ਉਠ ਜੀਵ ਜਾਗ, ਆਤਮ ਧੋ ਦਾਗ਼, ਪ੍ਰਭ ਗਵਾਏ ਭੁੱਖ ਨੰਗ । ਉਠ ਜੀਵ ਜਾਗ, ਅਨਹਦ ਸੁਣ ਸਾਚਾ ਰਾਗ, ਪ੍ਰਭ ਦਰ ਆਏ ਮੂਲ ਨਾ ਸੰਗ । ਸੋਹੰ ਲਗਾਏ ਪ੍ਰਭ ਆਤਮ ਅਵਾਜ਼, ਆਪਣੇ ਰੰਗ ਪ੍ਰਭ ਜਾਏ ਰੰਗ । ਮਹਾਰਾਜ ਸ਼ੇਰ ਸਿੰਘ

੧੭੮ ੦੨

ਸਤਿਗੁਰ ਸਾਚਾ, ਗੁਰਸਿਖ ਸਾਚੇ ਸਦਾ ਸਹਾਈ ਅੰਗ ਸੰਗ । ਸਾਚਾ ਪ੍ਰਭ ਸਦਾ ਅੰਗ ਸੰਗਾ । ਸਾਚਾ ਪ੍ਰਭ ਵਡ ਸੂਰਾ ਸਰਬੰਗਾ । ਸਾਚਾ ਪ੍ਰਭ ਆਤਮ ਵਜਾਏ ਸੋਹੰ ਸਾਚਾ ਮਰਦੰਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਰੰਗਾਏ ਆਪਣੇ ਰੰਗਾ । ਆਪਣੇ ਰੰਗ ਆਪ ਰੰਗਾਏ । ਸਾਚਾ ਸੰਗ ਗੁਰ ਸੰਗਤ ਬਣਾਏ । ਦਰ ਦਰ ਮੰਗਤ ਨਸ਼ਟ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਆਪਣਾ ਆਪ ਜਾਏ ਕਰਾਏ । ਸਾਚਾ ਕਰਮ ਆਪੇ ਕਰ । ਪਾਰ ਬਿਆਸੋਂ ਚਰਨ ਧਰ । ਸ਼ਬਦ ਅਕਾਸ਼ੋਂ ਦੇਵੇ ਧਰ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ ਅਵਤਾਰ ਨਰ । ਪਾਰ ਬਿਆਸੋਂ ਚਰਨ ਧਰਾ ਕੇ । ਮਸਤੂਆਣਾ ਸਾਚਾ ਧਾਮ ਉਪਾ ਕੇ । ਰਾਣਾ ਸੰਗਰੂਰ ਸੰਗ ਰਲਾ ਕੇ । ਜਮਨ ਕਿਨਾਰੇ ਪ੍ਰਭ ਸਾਚਾ ਆ ਕੇ । ਸ਼ਬਦ ਸੁਰਤ ਵਡ ਸੰਤ ਜਗਾ ਕੇ । ਅਕਾਲ ਮੂਰਤ ਆਪਣੀ ਬਣਤ ਆਪ ਬਣਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਆਪਣੀ ਸਰਨ ਆਪ ਲਗਾ ਕੇ । ਵਾਲੀ ਹਿੰਦ ਸਰਨ ਲਗਾ ਕੇ । ਜੋਤ ਸਰੂਪੀ ਮੇਲ ਮਿਲਾ ਕੇ । ਬਿਨ ਬਾਤੀ ਬਿਨ ਤੇਲ, ਆਤਮ ਸਾਚਾ ਦੀਪ ਜਗਾ ਕੇ । ਅਚਰਜ ਕੀਆ ਖੇਲ, ਜੋਤ ਸਰੂਪੀ ਭੇਖ ਵਟਾ ਕੇ । ਪ੍ਰਭ ਸਾਚੇ ਦਰ ਸਾਚਾ ਮੇਲ, ਗੁਰਸਿਖਾਂ ਮਿਲਾਏ ਆਪ ਮਿਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਮਾਣ ਦਵਾਏ, ਆਪਣੀ ਸਰਨ ਆਪ ਲਗਾ ਕੇ । ਆਪਣੀ ਸਰਨ ਆਪ ਲਗਾਵਣਾ । ਨਿਹਕਲੰਕ ਕਲ ਜੋਤ ਪਰਗਟਾਵਣਾ । ਸਾਚਾ ਕਰਮ ਪ੍ਰਭ ਆਪ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਆਪ ਉਪਾਵਣਾ । ਆਪਣਾ ਆਪ ਆਪ ਉਪਾ ਕੇ । ਵਾਲੀ ਹਿੰਦ ਸਰਨ ਲਗਾ ਕੇ । ਵਡ ਵਡ ਮਰਗਿੰਦ ਮਾਣ ਗਵਾ ਕੇ । ਗੁਣੀ ਗਹਿੰਦ ਆਪ ਅਖਵਾ ਕੇ । ਆਪਣੀ ਜੋਤ ਆਪ ਪਰਗਟਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਏ, ਸ਼ਬਦ ਲਿਖਾਏ ਦਰ ਦਰਬਾਰ ਖੁਲ੍ਹਾ ਕੇ । ਸਾਚਾ ਦਰ ਦਰਬਾਰ ਲਗਾਣਾ । ਸਾਚਾ ਕਰਮ ਪ੍ਰਭ ਆਪ ਕਰਾਣਾ । ਸਤਿਜੁਗ ਸਾਚਾ ਸ਼ਬਦ ਲਿਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਆਪ ਕਮਾਣਾ । ਸਾਚਾ ਸ਼ਬਦ ਆਪ ਲਿਖਾਵੇ । ਸਾਚਾ ਸ਼ਬਦ ਆਪ ਖੁਲ੍ਹਾਵੇ । ਸਾਚਾ ਸ਼ਬਦ ਆਪ ਵਰਤਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਦੇਵੇ ਆਪ ਵਡਿਆਏ । ਸਾਚਾ ਲੱਗੇ ਵਡ ਦਰਬਾਰਾ । ਧਰੇ ਜੋਤ ਆਪ ਕਰਤਾਰਾ । ਨਿਹਕਲੰਕ ਲਏ ਅਵਤਾਰਾ । ਵਾਲੀ ਹਿੰਦ ਖੜਾ ਦਵਾਰਾ । ਸੁਣੇ ਸ਼ਬਦ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜਸ ਰਾਜ ਆਪ ਰਾਜ ਧਾਰਾ । ਰਾਜਸ ਰਾਜ ਆਪ ਵਡ ਰਾਜਾ । ਸ੍ਰਿਸ਼ਟ ਸਬਾਈ ਆਪੇ ਸਾਜਾ । ਏਕਾ ਸ਼ਬਦ ਉਪਜਾਏ ਸਤਿਜੁਗ ਸੋਹੰ ਅਵਾਜ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਆਪ ਰਖਾਏ ਲਾਜਾ । ਸਾਚਾ ਪ੍ਰਭ ਵਡ ਸਿਕਦਾਰਾ । ਗੁਰਮੁਖ ਸਾਚੇ ਸੰਤ ਆਇਣ ਚਲ ਦਵਾਰਾ । ਆਪ ਬਣਾਏ ਆਪਣੀ ਬਣਤ ਸੱਚੀ ਸਰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰਤੇ ਵਰਤਾਵੇ ਵਿਚ ਸੰਸਾਰਾ । ਸੋਹੰ ਤੇਰੀ ਸਾਚੀ ਧਾਰਾ । ਏਕਾ ਵਰਤੇ ਵਿਚ ਸੰਸਾਰਾ । ਆਪ ਵਰਤਾਏ ਚਲਾਏ ਖੰਡਾ ਦੋ ਧਾਰਾ । ਗੁਰਮੁਖ ਉਪਾਏ ਸੋਹੰ ਦੇਵੇ ਨਾਮ ਅਧਾਰਾ । ਬੇਮੁਖ ਖਪਾਏ ਸੋਹੰ ਮਾਰੇ ਸ਼ਬਦ ਕਟਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਰਾਇਣ ਨਰ ਨਰ ਨਰਾਇਣ । ਸਾਚਾ ਘਰ ਸਾਚਾ ਦਰ ਗੁਰਮੁਖ ਵਿਰਲੇ ਪ੍ਰਭ ਦਰ ਬਹਿਣ । ਪ੍ਰਭ ਅਬਿਨਾਸ਼ੀ ਦੇਵੇ ਸਾਚਾ ਵਰ, ਜੋ ਜਨ ਪ੍ਰਭ ਦਰ ਆਏ ਪੈਣ । ਕਲਜੁਗ ਜੀਵ ਜਾਇਣ

ਤਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋ ਜਨ ਪੇਖੇ ਨੈਣ । ਨੇਤਰ ਪੇਖ ਆਤਮ ਵੇਖ । ਜੋਤ ਸਰੂਪੀ ਪ੍ਰਭ ਦਾ ਭੇਖ । ਪਰਗਟ ਜੋਤ ਸਾਚਾ ਪ੍ਰਭ ਵਿਚ ਮਾਤ ਗੁਰਮੁਖ ਤੇਰੀ ਫੇਰ ਲਗਾਏ ਮੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਤਰਾਏ ਪਾਰ ਲੰਘਾਏ, ਸੋਹੰ ਸਾਚੀ ਨਈਆ ਆਪ ਚੜ੍ਹਾਏ ਗੁਰਮੁਖ ਸਾਚੇ ਕਲਜੁਗ ਵੇਖ ਵੇਖ । ਗੁਰਸਿਖ ਪ੍ਰਭ ਆਪੇ ਤਾਰੇ । ਬੇਮੁਖ ਪ੍ਰਭ ਆਪ ਸੰਘਾਰੇ । ਗੁਰਮੁਖ ਸੋਹਨ ਪ੍ਰਭ ਦਰ ਦਵਾਰੇ । ਬੇਮੁਖ ਪ੍ਰਭ ਦਰ ਦੁਰਕਾਰੇ । ਗੁਰਮੁਖ ਸੋਹੰ ਰਸਨਾ ਜੈ ਜੈ ਜੈਕਾਰੇ । ਬੇਮੁਖ ਮਦਿਰਾ ਮਾਸ ਰਸਨ ਅਹਾਰੇ । ਗੁਰਮੁਖ ਆਤਮ ਜੋਤ ਜਗਾਏ ਆਪ ਨਿਰੰਕਾਰੇ । ਬੇਮੁਖ ਆਤਮ ਅੰਧ ਅੰਧਿਆਰੇ । ਗੁਰਮੁਖ ਜਗਾਏ ਉਠਾਏ ਕਿਰਪਾ ਕਰ ਆਪ ਗਿਰਧਾਰੇ । ਬੇਮੁਖ ਰੁਲਾਏ ਆਪ ਸਵਾਏ ਸੁੱਤੇ ਪੈਰ ਪਸਾਰੇ । ਗੁਰਮੁਖਾਂ ਦੇਵੇ ਏਕਾ ਜਾਮ ਏਕ ਨਾਮ ਆਪ ਕਰਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਚਰਨ ਨਿਮਸਕਾਰੇ । ਚਰਨ ਦਵਾਰ ਸਾਚਾ ਧਾਮਾ । ਪੂਰ ਕਰਾਏ ਪ੍ਰਭ ਸਾਚਾ ਕਾਮਾ । ਏਕਾ ਜੋਤ ਜਗਾਏ ਰਮਈਆ ਰਾਮਾ । ਆਪਣਾ ਆਪ ਪਰਗਟਾਏ ਘਨੀਆ ਸ਼ਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਪਹਰਿਆ ਜਾਮਾ । ਗੁਰਮੁਖ ਘਰ ਸਾਚਾ ਪਾਇਆ ਗੁਰਮੁਖ ਪ੍ਰਭ ਆਪ ਬੁਝਾਇਆ । ਗੁਰਮੁਖ ਦਰ ਦਵਾਰ ਪ੍ਰਭ ਆਪ ਖੁਲ੍ਹਾਇਆ । ਗੁਰਮੁਖ ਅਧਾਰ ਪ੍ਰਭ ਜੋਤ ਰਖਾਇਆ । ਗੁਰਮੁਖ ਅਕਾਰ ਪ੍ਰਭ ਆਪ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਵਡਿਆਇਆ । ਗੁਰਮੁਖ ਗੁਰ ਏਕਾ ਰੰਗ । ਗੁਰਮੁਖ ਗੁਰ ਏਕਾ ਸੰਗ । ਗੁਰਮੁਖ ਪ੍ਰਭ ਦਰ ਮੰਗੇ ਸਾਚੀ ਮੰਗ । ਗੁਰਮੁਖ ਕਰ ਦਰਸ ਨਿਹਕਲੰਕ ਪਾਰ ਜਾਏ ਲੰਘ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਅੰਗ ਸੰਗ । ਸਾਚਾ ਪ੍ਰਭ ਸਗਲਾ ਸਾਥਾ । ਆਪੇ ਰੱਖੇ ਦੇ ਕਰ ਹਾਥਾ । ਸਾਚੇ ਲੇਖ ਲਿਖਾਵੇ ਮਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰੈਲੋਕੀ ਨਾਥਾ । ਅਨਾਥਨ ਅਨਾਥ ਆਪ ਅਖਵਈਆ । ਸਾਥਨ ਸਾਥ ਗੁਰਸਿਖ ਰਖਈਆ । ਰਾਥਨ ਰਾਥ ਸੋਹੰ ਸਾਚੇ ਰਾਥ ਪ੍ਰਭ ਆਪ ਚੜ੍ਹਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰੈਲੋਕੀ ਨਾਥ ਆਪ ਅਖਵਈਆ । ਤੀਨ ਲੋਕ ਪ੍ਰਭ ਆਪੇ ਵਰਤੇ । ਸਾਚਾ ਪ੍ਰਭ ਸਚ ਕਲ ਵਰਤਾਏ ਉਪਰ ਧਰਤੇ । ਕਲਜੁਗ ਗੁਰਮੁਖ ਆਇਣ ਦਰ ਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰ ਉਤਾਰੇ ਵਿਚ ਸੰਸਾਰੇ ਜੋ ਜਨ ਸਰਨੀ ਪਰਤੇ । ਤੀਨ ਲੋਕ ਪ੍ਰਭ ਅਕਾਰਾ । ਏਕਾ ਜੋਤ ਏਕੰਕਾਰਾ । ਵਿਚ ਅਕਾਸ਼ ਰੂਪ ਅਪਾਰਾ । ਪ੍ਰਭ ਅਬਿਨਾਸ਼ ਜੋਤ ਅਧਾਰਾ । ਵਿਚ ਮਾਤ ਹੋਏ ਦੇਹ ਧਾਰਾ । ਛੱਡੇ ਦੇਹ ਆਪ ਅਪਾਰਾ । ਜੋਤ ਸਰੂਪੀ ਰੰਗ ਕਰਤਾਰਾ । ਜੀਵ ਜੰਤ ਨਾ ਪਾਵੇ ਸਾਰਾ । ਸਾਚਾ ਪ੍ਰਭ ਸਰਬ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਚਰਨ ਕਰਨ ਨਿਮਸਕਾਰਾ, ਏਕਾ ਦੇਵੇ ਨਾਮ ਅਧਾਰਾ । ਵਿਚ ਪਾਤਾਲੀ ਸੇਜ ਸੁਖਾਲੀ, ਨੈਣ ਮੁਧਾਲੀ ਬਾਸ਼ਕ ਸੰਘਾਲੀ ਲਛਮੀ ਪਾਲੀ । ਜੋਤ ਸਰੂਪ ਜੋਤ ਪ੍ਰਭ ਆਪਣਾ ਆਪ ਆਪ ਉਪਾਏ । ਆਲਸ ਨਿੰਦਰਾ ਮਗਰੋਂ ਲਾਹੇ । ਜੋਤੀ ਜੋਤ ਸਦ ਡਗਮਗਾਏ । ਪ੍ਰਭ ਕੀ ਖੇਲ ਸਦ ਨਿਰਾਲੀ, ਏਕਾ ਜੋਤ ਡਗਮਗਾਏ । ਏਕਾ ਜੋਤ ਅੱਗ ਲਗਾਏ । ਏਕਾ ਜੋਤ ਜਗਤ ਜਗਾਏ । ਏਕਾ ਜੋਤ ਜੀਵ ਜੰਤ ਰਹਾਏ । ਏਕਾ ਜੋਤ ਸਾਧ ਸੰਤ ਆਪ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਪ੍ਰਭ, ਜਾਮਾ ਵਿਚ ਮਾਤ ਦੇ ਪਾਏ । ਜੋਤ ਜੋਤ ਜੋਤ ਪ੍ਰਭ ਜੋਤ ਇਕਾਗਰ । ਜੋਤ ਜੋਤ ਜੋਤ ਪ੍ਰਭ ਜੋਤ ਵਡ ਸਾਗਰ । ਜੋਤ ਜੋਤ ਜੋਤ ਪ੍ਰਭ ਵਡ ਜੋਤ ਰਤਨਾਗਰ । ਮਹਾਰਾਜ ਸ਼ੇਰ ਸਿੰਘ

੧੭੯
੦੨

ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਗੁਰਮੁਖ ਤਰਾਏ ਨਿਰਮਲ ਕਰਮ ਕਰੇ ਉਜਾਗਰ । ਜੋਤ ਜੋਤ ਜੋਤ ਵਰਤੰਤ । ਜੋਤ ਜੋਤ ਜੋਤ ਸਰਬ ਜੀਵ ਜੰਤ । ਜੋਤ ਜੋਤ ਜੋਤ ਏਕਾ ਜੋਤ ਪ੍ਰਭ ਭਗਵੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਪ ਉਪਾਏ ਗੁਰਮੁਖ ਸਾਚੇ ਸੰਤ । ਜੋਤ ਜੋਤ ਜੋਤ ਪ੍ਰਭ ਜੋਤ ਜਗਾਏ । ਜੋਤ ਜੋਤ ਜੋਤ ਪ੍ਰਭ ਸਾਧ ਸੰਤ ਉਠਾਏ । ਜੋਤ ਜੋਤ ਜੋਤ ਪ੍ਰਭ ਸਾਚੇ ਕੰਤ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਤ ਅੰਤਮ ਅੰਤ ਏਕਾ ਜੋਤ ਏਕਾ ਗੋਤ ਆਪ ਹੋ ਜਾਏ । ਸਾਧ ਸੰਤ ਏਕਾ ਜੋਤੀ । ਪ੍ਰਭ ਉਪਾਏ ਗੁਰਮੁਖ ਸਾਚੇ ਕਲਜੁਗ ਮਾਣਕ ਮੋਤੀ । ਸ੍ਰਿਸ਼ਟ ਸਬਾਈ ਅੰਤਕਾਲ ਕਲ ਰਹੀ ਸੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਕਤ ਲਿਆਏ ਕਹਿਰ ਵਰਤਾਏ, ਵੇਲਾ ਗਿਆ ਹੱਥ ਨਾ ਆਏ, ਉਠਾਵਣ ਨਾ ਦੇਵੇ ਟੋਪੀ ਧੋਤੀ । ਵੇਲਾ ਵਕਤ ਆਪੇ ਕਰਨਾ । ਆਪਣਾ ਕਰਮ ਕਲਜੁਗ ਜੀਆਂ ਆਪੇ ਹਰਨਾ । ਗੁਰਮੁਖ ਸਾਚੇ ਆਇਣ ਚਲ ਪ੍ਰਭ ਸਾਚੇ ਤੇਰੇ ਸਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਮਾਣ ਰਖਾਏ ਆਪੇ ਆਪ ਚਾਰ ਵਰਨਾਂ । ਚਾਰ ਵਰਨ ਆਇਣ ਸਰਨਾਈ । ਸਾਚੇ ਦਰ ਮਿਲੀ ਵਡਿਆਈ । ਸਾਚਾ ਘਰ ਪ੍ਰਭ ਲਏ ਬਹਾਈ । ਅਵਤਾਰ ਨਰ ਵਡੀ ਵਡਿਆਈ । ਕਲਗੀ ਧਰ ਆਪ ਅਖਵਾਈ । ਸਾਚਾ ਛਤਰ ਸੀਸ ਝੁਲਾਈ । ਵਾਲੀ ਹਿੰਦ ਦਰ ਦਰਬਾਨ ਰਖਾਈ । ਏਕਾ ਆਣ ਨਿਹਕਲੰਕ ਚਾਰ ਕੁੰਟ ਹੋ ਜਾਈ । ਗੁਰ ਗੋਬਿੰਦ ਤੇਰੀ ਪਤਿ ਅੰਤਮ ਅੰਤ ਕਲੰਕਨਿਹ ਆਪ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਧਾਰੇ ਵਿਚ ਸੰਸਾਰੇ, ਵਡ ਗਿਰਧਾਰੇ ਵਡ ਸਿਕਦਾਰੇ ਕ੍ਰਿਸ਼ਨ ਮੁਰਾਰੇ ਏਕਾ ਰੱਖੇ ਆਪਣੀ ਆਪ ਸਰਨਾਈ । ਦਸ ਦਸ ਦਸ ਗੁਰ ਅਵਤਰਾ । ਏਕਾ ਜੋਤ ਨਰ ਹਰਿ ਹਰਾ । ਏਕਾ ਮੰਗਣ ਸਾਚਾ ਦਰ ਦਰਾ । ਸਾਚਾ ਪ੍ਰਭ ਪੂਰਨ ਭੰਡਾਰੇ ਭਰ ਭਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਿਰੰਜਣ ਜੋਤ ਨਿਹਕਲੰਕ ਨਰਾਇਣ ਨਰ ਨਰ ਹਰਾ । ਨਰ ਹਰਿ ਹਰਿ ਨਰ । ਮਾਤਲੋਕ ਆਏ ਜਾਮਾ ਧਰ । ਸ੍ਰਿਸ਼ਟ ਸਬਾਈ ਕਰ ਜਾਏ ਸਰ । ਚਾਰ ਵਰਨ ਏਕਾ ਏਕ ਕਰ । ਸੋਹੰ ਸਾਚਾ ਨਾਮ ਰਸਨਾ ਆਪ ਉਚਰ । ਸਤਿਜੁਗ ਸਾਚੇ ਦੇਵੇ ਵਡਿਆਈ, ਸਾਚੀ ਦਾਤ ਪ੍ਰਭ ਝੋਲੀ ਪਾਈ, ਸੋਹੰ ਦੀਆ ਸਾਚਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਈ ਨਿਹਕਲੰਕ ਅਵਤਾਰ ਨਰ । ਅਵਤਾਰ ਨਰ ਜੋਤ ਧਰ । ਆਪ ਬਣਾਇਆ ਵਿਚ ਮਾਤ ਸਾਚਾ ਦਰ । ਏਕਾ ਨਾਤ ਚਰਨ ਰਖਾਇਆ, ਚਾਰ ਵਰਨ ਦਿਖਾਇਆ ਸਾਚਾ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ, ਰਾਜਾ ਰਾਣਾ ਸਰਨ ਲਗਾਏ, ਮਸਤੂਆਣਾ ਧਾਮ ਨਿਆਰ । ਚਾਰ ਵਰਨ ਏਕਾ ਦਵਾਰਾ । ਤਾਰਨ ਤਰਨ ਭਗਤ ਭੰਡਾਰਾ । ਛੁਹਾਏ ਚਰਨ ਕਲੰਕਨਿਹ ਨਰਾਇਣ ਨਰ ਅਵਤਾਰਾ । ਮਿਟਾਏ ਡਰਨ ਜੋ ਜਨ ਆਏ ਪ੍ਰਭ ਚਰਨ ਦਵਾਰਾ । ਕਾਰਨ ਕਰਨ ਆਪ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਉਪਜਾਏ ਮਸਤੂਆਣਾ ਸਾਚਾ ਸਚ ਦਵਾਰਾ । ਸਚ ਦਰ ਵਡ ਦਰਬਾਰਾ । ਧਰੇ ਚਰਨ ਆਪ ਨਿਰੰਕਾਰਾ । ਪੂਰਨ ਕਰਮ ਸਤਿਜੁਗ ਵਿਚਾਰਾ । ਸਾਚਾ ਧਰਮ ਜਗਤ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ । ਸ੍ਰਿਸ਼ਟ ਸਬਾਈ ਲੇਖ ਲਿਖਾਏ । ਕਲਜੁਗ ਝੂਠਾ ਭੇਖ ਮਿਟਾਏ । ਸਤਿਜੁਗ ਸਾਚੀ ਮੇਖ ਲਗਾਏ । ਮਸਤੂਆਣਾ ਆਪ ਉਪਜਾਏ । ਰਾਣਾ ਸੰਗਰੂਰ ਪ੍ਰਭ ਸਰਨ ਲਗਾਏ । ਚਰਨ ਧੂੜ ਮਸਤਕ ਛੁਹਾਏ । ਆਤਮ ਗਰੂਰ ਸਰਬ ਮਿਟਾਏ । ਆਏ ਹਜ਼ੂਰ ਸੀਸ ਝੁਕਾਏ । ਨੂਰੋ ਨੂਰ ਪ੍ਰਭ ਜੋਤ ਜਗਾਏ ।

ਦੂਰੋ ਦੂਰ ਪ੍ਰਭ ਆਪ ਹੋ ਜਾਏ । ਵਡ ਸੂਰਨ ਸੂਰ ਸਿਰ ਹੱਥ ਟਿਕਾਏ । ਸਰਬ ਕਲਾ ਭਰਪੂਰ ਆਤਮ ਭਰਪੂਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਵਿਚ ਮਾਤ ਪਰਗਟ ਜੋਤ ਨਿਹਕਲੰਕ ਆਪ ਕਰਾਏ । ਮਸਤੂਆਣਾ ਧਾਮ ਅਟੱਲ । ਪ੍ਰਭ ਅਬਿਨਾਸ਼ੀ ਆਏ ਚਲ । ਜਗਤ ਭੁਲਾਏ ਕਰ ਕਰ ਵਲ ਛਲ । ਗੁਰਮੁਖ ਉਠਾਏ ਦਰ ਘਰ ਜਾਏ ਜਿਉਂ ਰਾਜਾ ਬਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਆਪਣੀ ਖੇਲ ਵਰਤਾਏ ਕਲ । ਮਸਤੂਆਣੇ ਆਪੇ ਪ੍ਰਭ ਆ । ਸਾਧ ਸੰਗਤ ਸੰਗ ਰਲਾ । ਸਾਚੀ ਰੰਗਤ ਨਾਮ ਚੜ੍ਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਏ ਸਾਚੇ ਥਾਂ । ਸਾਚਾ ਧਾਮ ਜਗਤ ਨਿਆਰਾ । ਧਰੇ ਜੋਤ ਆਪ ਕਰਤਾਰਾ । ਸਚ ਸਚ ਸਚ ਕਰੇ ਵਰਤਾਰਾ । ਰਚ ਰਚ ਰਚ ਗੁਰਮੁਖ ਹਿਰਦੇ ਰਚ, ਆਤਮ ਜੋਤ ਕਰੇ ਉਜਿਆਰਾ । ਵਾਚ ਵਾਚ ਵਾਚ ਗੁਰਮੁਖ ਸਾਚੇ ਰਸਨਾ ਵਾਚ, ਪ੍ਰਭ ਮਿਟਾਏ ਅੰਧ ਅੰਧਿਆਰਾ । ਬੇਮੁਖ ਦਰ ਆਏ ਨੱਚ ਨੱਚ ਨੱਚ, ਮੂਰਖ ਮੁਗਧ ਨਾ ਜਾਣੇ ਪ੍ਰਭ ਦੀ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚੇ ਸੱਚ, ਨਿਹਕਲੰਕ ਨਰਾਇਣ ਨਰ ਅਵਤਾਰਾ । ਨਿਹਕਲੰਕ ਤੇਰਾ ਦਰ । ਨਿਹਕਲੰਕ ਸਾਚਾ ਘਰ । ਨਿਹਕਲੰਕ ਜੋਤ ਹਰਿ । ਨਿਹਕਲੰਕ ਗੁਰਮੁਖ ਮੰਗਣ ਤੇਰਾ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣਾ ਉਪਜਾਵੇ ਸਾਚਾ ਸਰ । ਸਾਚਾ ਧਾਮ ਆਪ ਉਪਾਵਣਾ । ਦਿਵਸ ਚਾਲੀ ਪ੍ਰਭ ਸ਼ਬਦ ਲਿਖਾਵਣਾ । ਰੈਣ ਦਿਵਸ ਦਿਵਸ ਰੈਣ ਪ੍ਰਭ ਇਕ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੰਕਾਰੀਆਂ ਆਤਮ ਵਿਕਾਰੀਆਂ ਸਰਬ ਮਾਣ ਗਵਾਵਣਾ । ਦਿਵਸ ਚਾਲੀ ਸ਼ਬਦ ਲਿਖਾਏ । ਨਿਹਕਲੰਕ ਖੇਲ ਵਰਤਾਏ । ਸਾਚਾ ਡੰਕ ਆਪ ਵਜਾਏ । ਰਾਓ ਰੰਕ ਆਪ ਉਠਾਏ । ਦਿਸਾਵੇ ਬੰਕ ਜੋਤ ਸਰੂਪੀ ਸ਼ਬਦ ਜਣਾਏ । ਏਕਾ ਅੰਕ ਸੋਹੰ ਸਾਚਾ ਜਗਤ ਧਰਾਏ । ਸਰਬ ਮਿਟਾਏ ਆਪੇ ਸ਼ੰਕ, ਸੁਖ ਆਸਣ ਬੈਠੇ ਡੇਰਾ ਲਾਏ । ਗੁਰਮੁਖ ਤਰਾਏ ਜਿਉਂ ਜਗਤ ਜਨਕ, ਨਿਹਕਲੰਕ ਕਲ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਮਸਤੂਆਣੇ ਅੰਤਮ ਅੰਤ ਕਲਜੁਗ ਆਪਣੀ ਆਪ ਕਰਾਏ । ਮਸਤੂਆਣਾ ਸਾਚਾ ਨੂਰ । ਚਾਰ ਵਰਨ ਆਏ ਦੂਰੋ ਦੂਰ । ਅਠਸਠ ਤੀਰਥ ਮੇਟ ਮਿਟਾਏ ਕਲਜੁਗ ਗਵਾਏ ਕੂੜੋ ਕੂੜ । ਗੰਗਾ ਗੋਦਾਵਰੀ ਨੀਰ ਖਿਚਾਏ, ਏਕਾ ਸਰਨ ਰਖਾਏ ਨਿਹਕਲੰਕ ਚਰਨ ਧੂੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣਾ ਸਾਚਾ ਧਾਮ ਉਪਜਾਏ, ਅੰਮ੍ਰਿਤ ਸਾਚਾ ਜਾਮ ਪਿਆਏ, ਚਤੁਰ ਸੁਜਾਨ ਆਪ ਬਣਾਏ ਜੋ ਜਨ ਆਤਮ ਮੂੜ੍ਹ । ਕਲਜੁਗ ਜੀਵ ਆਤਮ ਅੰਧ । ਏਕਾ ਮਨਕ ਆਤਮ ਕੰਧ । ਆਪ ਗਵਾਇਆ ਨਿਜਾਨੰਦ । ਰਸਨਾ ਨਾ ਗਾਇਆ ਪ੍ਰਭ ਅਬਿਨਾਸ਼ੀ ਜੀਵ ਭੁਲਾਇਆ ਆਪ ਗਵਾਇਆ ਪਰਮਾਨੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਲਏ ਛੁਡਾਇਆ, ਜੋ ਜਨ ਆਏ ਸਰਨਾਇਆ । ਭੁਲ ਬਖ਼ਸ਼ਾਏ ਰਸਨਾ ਬੋਲੇ ਵਿਚੋਂ ਬੱਤੀ ਧਾਰ । ਮਾਤਾ ਸੀਰ ਅੰਮ੍ਰਿਤ ਅਪਾਰ । ਏਕਾ ਅੰਮ੍ਰਿਤ ਆਤਮ ਸਾਚਾ ਤੀਰ ਪ੍ਰਭ ਚਰਨ ਦਵਾਰ । ਆਤਮ ਦੇਵੇ ਸਾਚੀ ਧੀਰ, ਸੋਹੰ ਦੇਵੇ ਪ੍ਰਭ ਸ਼ਬਦ ਅਧਾਰ । ਹਉਮੇ ਵਿਚੋਂ ਕੱਢੇ ਪੀੜ ਜੋ ਜਨ ਰਸਨਾ ਲਏ ਉਚਾਰ । ਆਤਮ ਵੱਜੇ ਸ਼ਬਦ ਤੀਰ ਝੂਠਾ ਬਜਰ ਦੇਵੇ ਪਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਨਿਹਕਲੰਕ ਅੰਤਮ ਕਲ ਗੁਰਮੁਖ ਸਾਚੇ ਜਾਏ ਤਾਰ । ਤਾਰਨਹਾਰ ਆਪ ਦਿਆਲਾ । ਭਗਤ ਜਨਾਂ ਸਦ ਸਦ ਰਖਵਾਲਾ । ਆਤਮ ਦੇਵੇ ਸੋਹੰ ਸਾਚੀ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦਾ ਗੁਰਮੁਖ ਸਾਚੇ ਤੇਰਾ ਸਦ

ਰਖਵਾਲਾ । ਪ੍ਰਭ ਸਾਚੇ ਦੀ ਸਾਚੀ ਸਰਨਾ । ਚਰਨ ਲਾਗ ਗੁਰਮੁਖ ਕਲਜੁਗ ਤਰਨਾ । ਬੇਮੁਖ ਕਲਜੁਗ ਜੀਵ ਆਪਣਾ ਕੀਆ ਆਪੇ ਭਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਝਿਰਾਏ ਸਾਚਾ ਝਿਰਨਾ । ਅੰਮ੍ਰਿਤ ਝਿਰਨਾ ਝਿਰੇ ਅਪਾਰਾ । ਏਕਾ ਬੂੰਦ ਜੀਵ ਅਧਾਰਾ । ਦੇਵੇ ਖੋਲ੍ਹ ਸਚ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨ ਉਚਾਰਾ । ਆਪ ਆਪਣੀ ਸਰਨ ਰਖਾਏ । ਲੱਖ ਚੁਰਾਸੀ ਗੇੜ ਕਟਾਏ । ਸਚਖੰਡ ਨਿਵਾਸੀ ਸਚਖੰਡ ਨਿਵਾਸ ਰਖਾਏ । ਸਰਬ ਘਟ ਵਾਸੀ ਆਪ ਆਪਣੀ ਦਇਆ ਕਮਾਏ । ਘਨਕਪੁਰ ਵਾਸੀ ਨਿਹਕਲੰਕ ਕਲ ਨਾਂਓ ਧਰਾਏ । ਸ੍ਰਿਸ਼ਟ ਸਬਾਈ ਕਰਾਏ ਦਾਸੀ, ਚਾਰ ਵਰਨ ਆਏ ਸਰਨਾਏ । ਜੋ ਜਨ ਹੋਏ ਮਦਿਰਾ ਮਾਸੀ, ਗੁਰ ਸਾਚਾ ਦੇ ਸਜਾਏ । ਗੁਰਮੁਖ ਸਾਚੇ ਆਤਮ ਰਹਿਰਾਸੀ, ਗੁਰ ਸਾਚਾ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਪਰਕਾਸ਼ੀ, ਕਲਜੁਗ ਅੰਧੇਰ ਸਰਬ ਮਿਟ ਜਾਏ । ਸਾਚੀ ਸਰਨ ਪ੍ਰਭ ਸਰਨਾਗਤ । ਗੁਰਮੁਖ ਸਾਚੇ ਆਪੇ ਜਾਣੇ ਤੇਰੀ ਗਤ ਮਿਤ । ਪ੍ਰਭ ਸਾਚੇ ਕਾ ਸਾਚਾ ਹਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਲਾਗ ਮਾਨਸ ਜਨਮ ਕਲ ਜਾਏ ਜਿਤ । ਸਰਨ ਲਾਗ ਸਰਬ ਸੁਖ । ਕਰ ਦਰਸ ਉਤਰੇ ਭੁੱਖ । ਪ੍ਰਭ ਉਤਾਰੇ ਆਤਮ ਦੁਖ । ਕਲਜੁਗ ਜੀਵ ਹੋਏ ਬੇਮੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਜਣ ਵਡ ਵਡ ਸੂਖਮ ਸੂਖ । ਸੂਖਮ ਸੂਖ ਆਪ ਵਡ ਸੁਖੀਆ । ਭੂਖਮ ਭੂਖ ਭੂਖ ਆਪ ਵਡ ਭੁਖੀਆ । ਦੂਖਮ ਦੂਖ ਦੂਖ ਆਪ ਵਡ ਦੁਖੀਆ । ਸੂਖਮ ਸੂਖ ਉਪਜਾਏ ਸਾਧ ਸੰਤ ਤੇਰੀ ਆਤਮ ਕਰਾਏ ਸੁਖੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਜਣ ਗੁਰਸਿਖ ਉਧਾਰੇ ਆਪ ਨਿਰੰਕਾਰੇ ਪੂਰਬ ਕਰੇ ਵਿਚਾਰੇ ਸੁਫਲ ਕਰਾਏ ਮਾਤ ਕੁਖੀਆ । ਮਾਤ ਕੁੱਖ ਸੁਫਲ ਕਰਾਓ । ਨਿਹਕਲੰਕ ਕਲ ਦਰਸ਼ਨ ਪਾਓ । ਆਤਮ ਸੰਸਾ ਰੋਗ ਮਿਟਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਧਰ ਆਤਮ ਸਾਚਾ ਦੀਪ ਜੋਤ ਜਗਾਓ । ਦੀਪਕ ਜੋਤ ਆਪ ਜਗਾਏ । ਗੁਰਮੁਖ ਸਾਚੇ ਪ੍ਰਭ ਸਾਚਾ ਦਇਆ ਕਮਾਏ । ਆਪੇ ਢਾਲੇ ਸਾਚੇ ਢਾਂਚੇ ਜੋ ਜਨ ਸੋਹੰ ਰਸਨਾ ਗਾਏ । ਕਲਜੁਗ ਜੀਵ ਭਾਂਡੇ ਕਾਚੇ, ਅੰਤਮ ਅੰਤ ਕਲ ਪ੍ਰਭ ਸਾਚਾ ਭੰਨ ਵਖਾਏ । ਗੁਰਮੁਖ ਸਾਚੇ ਧੰਨ ਧੰਨ ਧੰਨ ਜਿਨ ਆਤਮ ਗਿਆ ਮੰਨ, ਪ੍ਰਭ ਸਾਚਾ ਸੇਵ ਕਮਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਗੁਰਮੁਖ ਗੁਰਸਿਖ ਸਾਚੇ ਸੰਤ ਉਪਜਾਏ । ਸਾਚੀ ਧੁਨ ਗੁਰ ਦਰਬਾਰੇ । ਮੰਗਣ ਮੰਗ ਦਿਲ ਉਮੰਗ, ਰਸਨ ਨਾ ਮੂਲ ਉਚਾਰੇ । ਪ੍ਰਭ ਅਬਿਨਾਸ਼ੀ ਸਦ ਆਤਮ ਸੰਗ, ਆਤਮ ਜੀਵ ਸਦਾ ਵਿਚਾਰੇ । ਸੋਹੰ ਦੇਵੇ ਸਾਚਾ ਰੰਗ, ਪ੍ਰਭ ਸਾਚਾ ਖਾਲੀ ਭਰੇ ਭੰਡਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਮੰਗਣ ਤੇਰੇ ਦਵਾਰੇ । ਸਾਚਾ ਧੰਨ ਪ੍ਰਭ ਸਾਚੇ ਘਰ । ਸਾਚਾ ਜਨ ਬਣਾਏ ਹਰਿ । ਏਕਾ ਜੋਤ ਟਿਕਾਏ ਜਗਾਏ ਕਰੇ ਰੁਸ਼ਨਾਏ, ਹਰਿਆ ਹੋਵੇ ਮਨ ਤਨ । ਏਕਾ ਸ਼ਬਦ ਉਪਜਾਏ ਏਕਾ ਰਾਗ ਸੁਣਾਏ ਕੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਆਤਮ ਦੁਖ ਮਿਟਾਏ । ਏਕਾ ਸੁਖ ਉਪਜਾਏ । ਤ੍ਰਿਸਨਾ ਭੁੱਖ ਰਹਿਣ ਨਾ ਪਾਏ । ਕਾਹਨਾ ਕ੍ਰਿਸ਼ਨਾ ਦਇਆ ਕਮਾਏ । ਬ੍ਰਹਮਾ ਵਿਸ਼ਨ ਜਿਸ ਰਹੇ ਧਿਆਏ । ਪਰਗਟ ਜੋਤ ਜੋਤ ਸਰੂਪ ਵਿਚ ਮਾਤ ਦੇ ਆਏ । ਪ੍ਰਭ ਸਾਚਾ ਰੰਗ ਨਾ ਰੂਪ ਮਹਿੰਮਾ ਅਨੂਪ ਗੁਰਮੁਖ ਸਾਚੇ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਸਾਚਾ ਡੰਕ ਏਕਾ ਅੰਕ ਚਾਰ ਵਰਨ ਏਕਾ ਸਰਨ ਆਪਣੀ ਆਪ ਰਖਾਏ । ਸਾਚਾ ਦਰ ਪਾਏ ਵਡ ਭਾਗਾ । ਪ੍ਰਭ ਸਾਚੇ

ਦੀ ਸਰਨੀ ਲਾਗਾ । ਬੇਮੁਖ ਕਲ ਸੋਇਆ, ਗੁਰਮੁਖ ਸਾਚਾ ਪ੍ਰਭ ਦਰ ਜਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਸੁਣਾਏ ਧੁਨ ਉਪਜਾਏ ਆਪ ਆਪਣੀ ਅਨਹਦ ਅਨਰਾਗਾ । ਅਨਹਦ ਰਾਗ ਆਪ ਉਪਾਏ । ਗੁਰਮੁਖ ਸਾਚੇ ਜੋ ਜਨ ਰਸਨਾ ਗਾਏ । ਹਿਰਦੇ ਵਸਣਾ ਪ੍ਰਭ ਦਰਸ ਦਿਖਾਏ । ਕੋਟਨ ਕੋਟ ਕੋਟ ਰਵ ਸੱਸਣਾ ਪ੍ਰਭ ਜੋਤ ਜਗਾਏ । ਬੇਮੁਖ ਆਤਮ ਅੰਧੇਰ ਜਿਉਂ ਚੰਦ ਮੱਸਣਾ, ਪ੍ਰਭ ਅਬਿਨਾਸ਼ੀ ਦਿਸ ਨਾ ਆਏ । ਗੁਰਮੁਖ ਸਾਚੇ ਰਸਨਾ ਜਪ ਆਤਮ ਰਸ ਰਸਨਾ, ਅੰਮ੍ਰਿਤ ਆਤਮ ਪ੍ਰਭ ਮੁਖ ਕਵਲ ਨਾਭ ਚੁਆਏ । ਬੇਮੁਖ ਕਲਜੁਗ ਜੀਵ ਨਿਹਕਲੰਕ ਤੇਰੇ ਦਰ ਤੋਂ ਰੁਸ਼ਨਾ, ਸੋਹੰ ਸ਼ਬਦ ਪ੍ਰਭ ਤੀਰ ਚਲਾਏ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਤੇਰੇ ਆਤਮ ਦੀਪ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰ ਵਾਸੀ ਨਿਹਕਲੰਕ ਕਲ ਜਾਮਾ ਪਾਏ । ਸਾਚਾ ਪ੍ਰਭ ਵਡ ਵਡ ਦਾਤਾ । ਸਾਚਾ ਪ੍ਰਭ ਸਰਬ ਕਾ ਗਿਆਤਾ । ਸਾਚਾ ਪ੍ਰਭ ਗੁਰਮੁਖ ਸਾਚੇ ਸਾਚਾ ਬਖ਼ਸ਼ੇ ਚਰਨੀ ਨਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਕਲ ਪਛਾਤਾ । ਸਾਚਾ ਪ੍ਰਭ ਵਡ ਵਡ ਖ਼ਜ਼ੀਨਾ । ਸਾਚਾ ਪ੍ਰਭ ਵਡ ਪਰਬੀਨਾ । ਸਾਚਾ ਪ੍ਰਭ ਦਾਨਾ ਬੀਨਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਆਪ ਮਿਟਾਏ ਮੁਹੰਮਦੀ ਦੀਨਾ । ਦੀਨ ਮੁਹੰਮਦੀ ਆਪ ਮਿਟਾਏ । ਸਚ ਬ੍ਰਹਮ ਦੀ ਜੋਤ ਜਗਾਏ । ਸਚ ਧਰਮ ਦੀ ਨੀਂਹ ਰਖਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ ਵਿਚ ਮਾਤ ਜਨਮ ਦਵਾਏ । ਅੱਲਾ ਅਲਾਹੂ ਨੂਰ ਮਿਟਾਏ । ਪੀਰ ਦਸਤਗੀਰ ਕੋਈ ਰਹਿਣ ਨਾ ਪਾਏ । ਚਾਰ ਯਾਰਾਂ ਵਕ਼ਤ ਚੁਕਾਏ । ਪੰਚ ਪਿਆਰਾਂ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰੀ ਸਾਚੀ ਬਣਤ ਬਣਾਏ । ਪੰਚਮ ਹੋਏ ਆਪ ਪਰਧਾਨਾ । ਪੰਚਮ ਹੋਏ ਜਗਤ ਵਡਾਨਾ । ਪੰਚਮ ਦੇਵੇ ਵਡ ਵਡਿਆਈ ਪ੍ਰਭ ਗੁਣ ਨਿਧਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੰਚਮ ਪੰਚਮ ਵਡਿਆਏ, ਵਿਚ ਮਾਤ ਸਮਾਏ ਹੋਏ ਜਗਤ ਵਕ਼ਤ ਸੁਹਾਨਾ । ਸਾਚਾ ਪ੍ਰਭ ਸਰਬ ਪਿਤ ਮਾਤਾ । ਸਾਚਾ ਪ੍ਰਭ ਆਤਮ ਜੋਤ ਜਗਾਤਾ । ਸਾਚਾ ਪ੍ਰਭ ਸ੍ਰਿਸ਼ਟ ਸਬਾਈ ਏਕਾ ਦਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਤਿਜੁਗ ਬਖ਼ਸ਼ੇ ਸਾਚਾ ਨਾਤਾ । ਸਾਚੇ ਪ੍ਰਭ ਸਾਚੀ ਕਾਰ । ਸਾਚੇ ਪ੍ਰਭ ਸਚ ਵਿਹਾਰ । ਸਾਚਾ ਪ੍ਰਭ ਸਚ ਸਰਕਾਰ । ਸਾਚਾ ਪ੍ਰਭ ਸਚ ਵਰਤਾਰ । ਸਾਚਾ ਪ੍ਰਭ ਸੋਹੰ ਚਾਰ ਕੁੰਟ ਕਰਾਏ ਜੈ ਜੈ ਜੈਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਕਰੇ ਜਗਤ ਵਰਤਾਰ । ਸਚ ਸੁੱਚ ਕਰੇ ਵਰਤਾਰਾ । ਸਚ ਸੁੱਚ ਭਰੇ ਭੰਡਾਰਾ । ਸਚ ਸੁੱਚ ਜੀਵ ਜੰਤ ਵਿਚ ਪਸਾਰਾ । ਸਚ ਸੁੱਚ ਦੇਵੇ ਆਪ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਕਰੇ ਵਰਤਾਰਾ । ਸਤਿਜੁਗ ਹੋਏ ਸਾਂਤਕ ਸਤਿ । ਸਤਿਜੁਗ ਕਰਾਏ ਆਪੇ ਸਤਿ । ਮਤਿ ਮਤਿ ਮਤਿ ਗੁਰਮੁਖ ਸਾਚੇ ਦੇਵੇ ਸਾਚੀ ਮਤਿ । ਯਤ ਯਤ ਯਤ ਰਹਾਏ ਏਕਾ ਦੇਵੇ ਸੋਹੰ ਤਤ । ਏਕਾ ਸਤਿ ਆਪ ਰਖਾਏ ਆਤਮ ਦੇਵੇ ਸਾਚੀ ਮਤਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸੋਹੰ ਚਲਾਏ ਤਰਾਏ ਸਤਿ ਸਤਿ ਸਤਿ । ਸਤਿਜੁਗ ਚਲੇ ਧੀਰਨ ਧੀਰਾ । ਸਤਿਜੁਗ ਪਲੇ ਪ੍ਰਭ ਅੰਮ੍ਰਿਤ ਪਿਲਾਏ ਵਡ ਸੀਰਨ ਸੀਰਾ । ਸਤਿਜੁਗ ਚਲੇ ਪ੍ਰਭ ਸਾਚਾ ਦਰ ਗੁਰਮੁਖ ਸਾਚੇ ਪ੍ਰਭ ਆਤਮ ਦੇਵੇ ਸ਼ਾਂਤ ਨੀਰਨ ਨੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਪਰਗਟਾਏ, ਏਕਾ ਓਟ ਰਖਾਏ, ਸੋਹੰ ਜੋਤ ਜਗਤ ਜਗਾਏ ਵਡ ਵਡ ਸ਼ਾਹ ਪੀਰਨ ਪੀਰਾ । ਦੀਨ ਦੁਨੀ ਦਾ ਆਪੇ ਰਾਖਾ । ਗੁਰਮੁਖ ਸਾਚੇ ਸਚ ਸ਼ਬਦ ਪ੍ਰਭ


੧੮੩ ੦੨

ਦਰ ਭਾਖਾ । ਲਿਖਾਏ ਲੇਖ ਅਲੱਖਣਾ ਅਲਾਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੰਤ ਸਚ ਸਾਚੀ ਸਾਖਾ । ਆਪੇ ਆਪ ਆਪ ਵਡ ਦਾਤਾ । ਆਵੇ ਆਪ ਜੀਵ ਜੰਤ ਸਰਬ ਪਿਤ ਮਾਤਾ । ਆਪੇ ਆਪ ਪ੍ਰਭ ਪੁਰਖ ਬਿਧਾਤਾ । ਆਪੇ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੰਤ ਸਦ ਵਿਚ ਸਮਾਤਾ । ਵਿਚ ਸਮਾਏ, ਦਇਆ ਕਮਾਏ, ਸਰਨ ਲਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਮਤਿ ਆਤਮ ਪਾਏ । ਸਾਚੀ ਆਤਮ ਕਰੇ ਵਿਚਾਰਾ । ਪ੍ਰਭ ਦਰ ਆਏ ਕਰੇ ਨਿਮਸਕਾਰਾ । ਮੰਗੇ ਦਾਨ ਆਣ ਭੰਡਾਰਾ । ਦੇਵੇ ਮਾਣ ਵਿਚ ਸੰਸਾਰਾ । ਭਗਤ ਭਗਵਾਨ ਸਦਾ ਅਧਾਰਾ । ਜੋ ਜਨ ਆਏ ਚਰਨ ਨਿਮਸਕਾਰਾ । ਸਚ ਸਚ ਆਪ ਉਪਜਾਏ, ਸਚ ਸਚ ਆਤਮ ਸਮਾਏ, ਪੂਰਨ ਆਸ ਆਪ ਕਰਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਆਪ ਆਪਣੀ ਦਇਆ ਕਰ । ਪ੍ਰਭ ਅਬਿਨਾਸ਼ੀ ਦੇਵੇ ਵਰ । ਗੁਰਮੁਖ ਸਾਚਾ ਜਾਏ ਤਰ । ਖਾਲੀ ਭੰਡਾਰੇ ਜਾਏ ਭਰ । ਜੋ ਜਨ ਚਲ ਆਇਆ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾਏ ਤੇਰੇ ਘਰ । ਸਾਚੇ ਦਰ ਭਾਗ ਲਗਾਏ । ਸਾਚੇ ਘਰ ਸੁਖ ਉਪਜਾਏ । ਅਵਤਾਰ ਨਰ ਦਇਆ ਕਮਾਏ । ਮੰਗਿਆ ਦਾਨ ਦਾਨੀ ਦਾਨ ਆਣ ਭਗਵਾਨ ਪ੍ਰਭ ਝੋਲੀ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਤੁਰ ਸੁਜਾਨ ਆਪ ਅਖਵਾਏ । ਪ੍ਰਭ ਸਾਚਾ ਸਚ ਸੁਹੇਲਾ । ਪ੍ਰਭ ਸਾਚਾ ਘਰ ਸਾਚਾ ਮੇਲਾ । ਪ੍ਰਭ ਸਾਚਾ ਦੇਵੇ ਦਾਨ ਵਡ ਗੁਣੀ ਗੁਹੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਮਾਣਿਆਂ ਨਿਤਾਣਿਆਂ ਸਦਾ ਸੰਗ ਸੁਹੇਲਾ । ਸਾਚਾ ਪ੍ਰਭ ਸੁਖ ਉਪਜਾਏ । ਦੁਖ ਭੁੱਖ ਨੇੜ ਨਾ ਆਏ । ਆਤਮ ਸੁਖ ਸਦਾ ਦਿਸਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਪੜੇ ਦੀ ਲਾਜ ਰਖਾਏ । ਸਾਚਾ ਪ੍ਰਭ ਕਰਮ ਵਿਚਾਰੇ । ਦੁਖੀਆਂ ਦੁਖ ਸੁਣੇ ਮੁਰਾਰੇ । ਆਤਮ ਸੁਣੇ ਸਚ ਪੁਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਚਰਨ ਨਿਮਸਕਾਰੇ । ਚਿੰਤਾ ਫਿਕਰ ਉਦਾਸੀ ਝੋਰਾ । ਦਿਵਸ ਰੈਣ ਰਹੇ ਥੋੜਾ ਥੋੜਾ । ਨਾ ਮਿਲੇ ਬਹਿਣ ਸਦਾ ਸਦਾ ਘਨਘੋਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਤੋਰਾ ਮੋਰਾ । ਆਤਮ ਜੀਵ ਸਦਾ ਦੁਖਦਾਈ । ਅੱਧ ਵਿਚ ਸਦਾ ਘਿਗਆਈ । ਅੱਗਾ ਪਿੱਛਾ ਦੀਸੇ ਨਾਹੀ । ਪੂਰਨ ਇੱਛਾ ਨਾ ਕੋਈ ਕਰਾਈ । ਚਾਰੇ ਦਿਸਾਂ ਰਹੇ ਫਿਰਾਈ । ਪੂਰਨ ਭਿੱਛਾ ਪ੍ਰਭ ਸਾਚੇ ਪਾਈ । ਮਦਿਰਾ ਮਾਸ ਰਸਨ ਤਜਾਈ । ਸਾਚੇ ਘਰ ਵੱਜੇ ਵਧਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਦੇਵੇ ਉਪਜਾਈ । ਬਾਲ ਜਵਾਨੀ ਗਈ ਬੀਤ । ਨਾ ਕੋਈ ਮਿਲਿਆ ਕਲਜੁਗ ਸਾਚਾ ਮੀਤ । ਆਤਮ ਹੋਈ ਨਾ ਅਜ ਅਤੀਤ । ਕਲਜੁਗ ਝੂਠੀ ਦੇਖੀ ਸ੍ਰਿਸ਼ਟ ਸਬਾਈ ਪ੍ਰੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਦਰ ਆਏ ਸੰਸਾ ਚੁਕਾਏ ਪ੍ਰਭ ਸਾਚਾ ਪਰਖੇ ਸਾਚੀ ਨੀਤ । ਸਾਚੇ ਪ੍ਰਭ ਪੁਰਖ ਬਿਧਾਤੇ । ਜੀਵ ਜੰਤ ਦਰ ਤੇਰੇ ਮੰਗ ਮੰਗਾਤੇ । ਦੇਵੇ ਘਰ ਵਸਾ, ਦਰ ਆਵੇ ਡਰ ਸੁੰਞੇ ਰਹੇ ਅਕੱਲ ਇਕਾਂਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਾਚਾ ਦਰ, ਪਤਤ ਪਾਪੀ ਜਾਇਣ ਤਰ, ਜੋ ਜਨ ਆਏ ਭੁਲ ਬਖ਼ਸ਼ਾਤੇ । ਸਾਚੇ ਪ੍ਰਭ ਸਚ ਵਡਿਆਈ । ਸਾਚਾ ਦਰ ਇਕ ਰਘੁਰਾਈ । ਵਸਾਏ ਘਰ ਜਨ ਹੋਏ ਸਹਾਈ । ਖੋਲ੍ਹੇ ਦਰ ਜੋ ਬੰਦ ਰਖਾਈ । ਕ੍ਰਿਸ਼ਨਾ ਸੁਖਲਾ ਪੱਖ ਅੰਧੇਰ ਗਵਾਈ । ਨਾੜੀ ਬਹੱਤਰ ਪ੍ਰਭ ਰੋਗ ਮਿਟਾਈ । ਆਤਮ ਇਕੱਤਰ ਪ੍ਰਭ ਚਰਨ ਲਗਾਈ । ਸੱਤਰ ਬਹੱਤਰ ਪ੍ਰਭ ਦੇ ਵਡਿਆਈ । ਸਾਚਾ ਪਿਤਰ ਜਗ ਨਾਉਂ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਸ਼ਬਦ ਲਿਖਾਏ, ਹੁਕਮ ਸੁਣਾਏ, ਆਪ ਸਮਝਾਏ, ਜੀਵ ਭੁਲ ਨਾ ਜਾਏ, ਮਦਿਰਾ ਮਾਸ ਰਸਨਾ ਮੂਲ ਨਾ ਲਾਈ । ਸਾਚਾ ਪ੍ਰਭ ਹਰਿ ਹਰਿ ਹਰਿ ਹਰਾ, ਆਪ ਅਭੁੱਲ ਜੀਵ ਭੁਲਾਏ । ਆਪ ਅਡੁਲ ਜੀਵ ਡੁਲਾਏ । ਆਪ ਅਭੁੱਲ ਜੀਵ ਭੁਲਾਏ । ਆਪ ਅਰੁਲ ਜੀਵ ਰੁਲਾਏ । ਜੋ ਜਨ ਬਖ਼ਸ਼ਾਵੇ ਪ੍ਰਭ ਦਰ ਭੁੱਲ, ਪ੍ਰਭ ਸਾਚਾ ਦਇਆ ਕਮਾਏ । ਸੁੱਕੇ ਰੁੱਖੜੇ ਆਪ ਲਗਾਵੇ ਫੁੱਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਮਦਿਰਾ ਮਾਸ ਤਜਾਏ । ਪੂਰਨ ਕਰਮ ਆਪ ਵਿਚਾਰੇ । ਪ੍ਰਭ ਸਾਚੇ ਦੀ ਸਾਚੀ ਕਾਰੇ । ਸਾਚਾ ਥਾਨ ਪ੍ਰਭ ਸੁਹਾਏ ਜਾਏ ਜਿਸ ਦਵਾਰੇ । ਵਿਚ ਮਾਤ ਮਾਣ ਦਵਾਏ, ਦੇਵੇ ਵਡਿਆਈ ਆਪ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਿਰਪਾ ਕਰੇ, ਕਰ ਕਿਰਪਾ ਪਾਰ ਉਤਾਰੇ । ਸਾਚੇ ਪ੍ਰਭ ਸਚ ਦੀ ਕਾਰ । ਗੁਰਮੁਖ ਗੁਰ ਏਕਾ ਧਾਰ । ਏਕਾ ਸ਼ਬਦ ਏਕਾ ਧੁਨ ਏਕਾ ਧੁਨਕਾਰ । ਏਕਾ ਸੁਨ ਏਕਾ ਮੁਨ ਏਕਾ ਏਕ ਆਪ ਕਰਤਾਰ । ਗੁਰਮੁਖ ਉਠਾਏ ਸ਼ਬਦ ਜਣਾਏ ਆਪ ਆਪਣੀ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਚਰਨ ਲਗਾਏ ਸਾਚਾ ਰਾਗ ਕੰਨ ਸੁਣਾਏ, ਆਤਮ ਆਗ ਆਪ ਬੁਝਾਏ । ਸਾਂਤਕ ਸੁਵਾਂਤ ਮੇਘ ਬਰਸਾਏ । ਇਕਾਂਤਕ ਇਕਾਂਤ ਆਪਣਾ ਆਪ ਰਖਾਏ । ਆਤਮ ਮਾਰ ਜੀਵ ਝਾਤ, ਪ੍ਰਭ ਸਾਚਾ ਤੇਰੇ ਵਿਚ ਸਮਾਏ । ਝੂਠੀ ਸ੍ਰਿਸ਼ਟ ਝੂਠਾ ਨਾਤ, ਅੰਤਕਾਲ ਨਾ ਕੋਇ ਸਹਾਏ । ਬਿਨ ਪ੍ਰਭ ਸਾਚੇ ਕੋਇ ਨਾ ਪੁੱਛੇ ਵਾਤ, ਝੂਠੇ ਦਿਸਣ ਮਾਂ ਪਿਉ ਭੈਣ ਭਰਾਏ । ਸੋਹੰ ਦੇਵੇ ਪ੍ਰਭ ਸਾਚੀ ਦਾਤ, ਜੋ ਜਨ ਆਏ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੧੮੫ ਆਪਣਾ ਦਰਸ ਦਿਖਾਏ ਜੋ ਜਨ ਮਦਿਰਾ ਮਾਸ ਰਸਨ ਤਜਾਏ । ਮਦਿਰਾ ਮਾਸ ਰਸਨ ਵਿਕਾਰਾ । ਅੰਤਮ ਕਰੇ ਅੰਧ ਅੰਧਿਆਰਾ । ਜੋਤ ਸਰੂਪੀ ਹੋਏ ਉਜਿਆਰਾ । ਕੂੜੋ ਕੂੜ ਹੋਏ ਪਸਾਰਾ । ਮੂੜੋ ਮੂੜ ਜੀਵ ਗਵਾਰਾ । ਸਾਚਾ ਪ੍ਰਭ ਮਨੋਂ ਵਿਸਾਰਾ । ਰਸਨਾ ਰਸ ਲੋਭ ਹੰਕਾਰਾ । ਆਤਮ ਰਸ ਨਾ ਜੀਵ ਵਿਚਾਰਾ । ਪ੍ਰਭ ਹਿਰਦੇ ਜਾਏ ਵਸ, ਸੋਹੰ ਜਪ ਸ਼ਬਦ ਅਪਾਰਾ । ਦਰ ਘਰ ਆਏ ਪ੍ਰਭ ਸਾਚਾ ਨੱਸ, ਆਦਿ ਅੰਤ ਜਨ ਭਗਤ ਉਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਗਾਏ ਭਾਗ ਗੁਰਮੁਖ ਸਾਚੇ ਤੇਰੇ ਦਰ ਦਵਾਰਾ । ਬਾਲ ਅਵਸਥਾ ਕਾਇਆ ਕੱਚ । ਜੀਵ ਅੰਵਾਣਾ ਰਿਹਾ ਮੱਚ । ਭੇਵ ਖੁਲ੍ਹਾਏ ਆਤਮ ਸਚ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਮ ਕਮਾਇਆ ਭੇਵ ਖੁਲ੍ਹਾਇਆ ਜੁਲਮ ਕਮਾਇਆ ਮਾਤਾ ਹੋਈ ਜੱਚ । ਆਤਮ ਰੋਗ ਸਭ ਪਰਵਾਰਾ । ਚਿੰਤਾ ਸੋਗ ਹੋਏ ਖੁਆਰਾ । ਰੋਗਣ ਰੋਗ ਰੋਗ ਨਾ ਕੋਈ ਪਾਏ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਆਪ ਖਪਾਏ ਦੁਸ਼ਟ ਦੁਰਾਚਾਰਾ । ਦੁਸ਼ਟ ਦੁਰਾਚਾਰ ਵਿਭਚਾਰ ਝੂਠਾ ਕਰਮ ਕੀਆ ਵੱਖ, ਆਤਮ ਦੁਖ ਗਿਆ ਲੱਥ, ਪ੍ਰਭ ਸਾਚਾ ਮਾਰੇ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੁਖ ਜਾਏ ਨਿਵਾਰ । ਵਲ ਛਲ ਜਿਸ ਕਮਾਇਆ । ਇੰਦਰ ਜਾਲ ਪਾਈ ਮਾਇਆ । ਮਹਾਂਕਾਲ ਇਕ ਹਲਕਾਇਆ । ਰਿਧੀ ਦਾਲ ਵਿਚ ਖਵਾਇਆ । ਦਿਤਾ ਗਾਲ ਸਰਬੰਸ ਸਭਾ, ਅੰਸੋ ਅੰਸ ਦੁਖ ਰਖਾਇਆ । ਪ੍ਰਭ ਅਬਿਨਾਸ਼ੀ ਆਪ ਵਿਚ ਸਹੰਸ, ਬਾਲਕ ਬਾਲ ਦੁਖ ਮਿਟਾਇਆ । ਦੁਬਧਾ ਰੋਗ ਜਗਤ ਲਗਾਇਆ । ਤਾਣਾ ਪੇਟਾ ਆਪ ਉਲਝਾਇਆ । ਗੁਰ ਚਰਨ ਛੋਹਿਆ ਪ੍ਰਭ ਦਰ ਬਖ਼ਸ਼ਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਰਬ ਲਿਪਟਾਇਆ । ਆਤਮ ਤਾਣਾ, ਆਪ ਸੁਲਝਾਵੇ । ਆਪੇ ਆਪ ਆਪ ਸਮਝਾਵੇ । ਸਾਚੇ ਮਾਰਗ ਆਪੇ ਪਾਵੇ । ਮੂਰਖ ਮੁਗਧ ਅੰਵਾਣ ਕਲ ਪ੍ਰਭ ਆਪੇ ਆਪ ਭੁਲਾਵੇ ।

ਪ੍ਰਭ ਗੁਰਮੁਖ ਗੁਰਸਿਖ ਚਤੁਰ ਸੁਜਾਨ ਕਰ, ਮਤਿ ਦੇ ਆਪੇ ਸਮਝਾਵੇ । ਗੁਣਵੰਤ ਦਇਆ ਗੁਣ ਨਿਧਾਨ ਕਰ, ਸਾਚਾ ਕਰਮ ਕਮਾਵੇ । ਸਰਬ ਸਰਬੰਸ ਸਾਚੀ ਅੰਸਾ, ਭੈਣਾਂ ਭਈਆ ਮੇਲ ਕਰ, ਪ੍ਰਭ ਏਕਾ ਧਾਮ ਬਹਾਵੇ । ਓਟੰ ਆਪ ਏਕੰਕਾਰ । ਓਅੰ ਆਪ ਇਕ ਨਿਰੰਕਾਰਾ । ਓਅੰ ਆਪ ਇਕ, ਏਕ ਏਕਾ ਜੋਤ ਅਧਾਰਾ । ਓਅੰ ਆਪ ਸੋਹੰ ਜਪਾਵੇ ਜਾਪ, ਗੁਰਮੁਖ ਆਪੇ ਆਪ ਖੁਲ੍ਹਾਵੇ ਤੇਰਾ ਦਸਮ ਦਵਾਰਾ । ਓਅੰ ਆਪ ਸੋਹੰ ਜਪਾਵੇ ਦੋਅੰ ਮਿਟਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕੰਕਾਰ ਇਕ ਅਕਾਰ ਜੋਤ ਅਧਾਰ ਆਤਮ ਵਿਚ ਰਖਾਵੇ । ਆਤਮ ਝਾਤੀ ਪ੍ਰਭ ਇਕਾਂਤੀ । ਜੋਤ ਜਗਾਵੇ ਬਿਨ ਤੇਲ ਬਾਤੀ । ਅੰਮ੍ਰਿਤ ਝਿਰਨਾ ਝਿਰਾਵੇ ਬੂੰਦ ਸਵਾਂਤੀ । ਕਵਲ ਮੁਖ ਉਲਟਾਵੇ ਬੈਠਾ ਵੇਖੇ ਆਪ ਇਕਾਂਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਤ੍ਰੈਕੁਟੀ ਖੁਲ੍ਹਾਵੇ ਸੁੱਤਿਆਂ ਰਾਤੀ । ਆਤਮ ਰੱਖ ਇਕ ਧਿਆਨਾ । ਆਤਮ ਰੱਖ ਵਿਸ਼ਨੂੰ ਭਗਵਾਨਾ । ਆਤਮ ਵੇਖ ਵਸੇ ਗੁਣ ਨਿਧਾਨਾ । ਆਤਮ ਰੱਖ ਪ੍ਰਭ ਜੋਤ, ਜੋਤ ਜੋਤ ਜਗਾਏ ਮਹਾਨਾ । ਸ੍ਰਿਸ਼ਟ ਦ੍ਰਿਸ਼ਟ ਇਸ਼ਟ ਏਕਾ ਨਿਹਕਲੰਕ ਬਲੀ ਬਲਵਾਨਾ । ਅੰਧੇਰ ਅਗਿਆਨ ਕਰਾਏ ਭ੍ਰਿਸ਼ਟ, ਦਇਆ ਕਮਾਏ ਦਰ ਖੁਲ੍ਹਾਏ ਬਜਰ ਤੁੜਾਏ ਜੋਤ ਜਗਾਏ ਪ੍ਰਭ ਬਿਧਨਾਨਾ । ਜਪ ਜੀਵ ਸੋਹੰ ਜਾਪ, ਪਾਵੇ ਪ੍ਰਭ ਵਿਸ਼ਨੂੰ ਭਗਵਾਨਾ । ਜਪ ਜੀਵ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਜੈ । ਜਪ ਜੀਵ ਸਤਿ ਸਚ ਪ੍ਰਭ ਧਰਾਏ ਆਤਮ ਜੋਤੈ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਜੈ । ਸਾਚੀ ਮਤਿ ਪ੍ਰਭ ਅਬਿਨਾਸ਼ੀ ਗੁਰਮੁਖ ਸਾਚੇ ਦੈ । ਸੋਹੰ ਜਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਜੈ । ਏਕਾ ਤਤ ਏਕਾ ਸਤਿ ਆਤਮ ਸਦ ਸਦ ਸਦ ਰਹਿ । ਏਕਾ ਜਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਜੈ । ਪ੍ਰਭ ਅਬਿਨਾਸ਼ੀ ਤੇਰੀ ਆਤਮ ਪਰਗਟ ਜੋਤ ਦਰ ਦਵਾਰ ਅੱਗੇ ਬਹਿ । ਏਕਾ ਜਪ ਗੁਰਸਿਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਜੈ । ਸਾਚਾ ਪ੍ਰਭ ਸਾਚੇ ਦਰ ਸਾਚੇ ਘਰ ਗੁਰਸਿਖ ਘਰ ਆਪੇ ਆਪ ਸਦ ਬੈਠਾ ਰਹਿ । ਓਅੰ ਗੁਰੂ ਜੀ ਕਾ, ਪ੍ਰਭ ਬਣਾਏ ਸਾਚੀ ਮੇਕਾ । ਮਰੂ ਦੇਵਾ ਛੇਆ ਦੇਵੀ ਬਾਲ ਮੇਕਾ । ਗਊ ਚਰਦੀ ਚਰਦੀ ਬਨ ਮੇਂ ਆਈ, ਮਾਲ ਜੋਗ ਕੀ ਅਧਰਾਈ, ਸੱਤ ਕਾਲੇ ਸੱਤ ਸਫੇਦ, ਉਤਰ ਬਿਛੜ ਡੰਕ ਸਮੀਤਾ । ਏਕਾ ਡੰਕ ਇਕ ਕਰੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੋਗ ਸੋਗ ਸਰਬ ਮਟੀਤਾ । ਘਰ ਘਰ ਦਰ ਦਰ ਹਾਹਾਕਾਰੀ । ਜੀਵ ਜੀਵ ਜੀਵ ਕਲ ਦੁਸ਼ਟ ਦੁਰਾਚਾਰੀ । ਏਕਾ ਦੂਆ ਕਰਨ ਖੁਆਰੀ । ਪਾਪਾਂ ਮਤਿ ਜੀਆਂ ਮਾਰੀ । ਮਾਤ ਗਊ ਹੱਤਿਆ ਅਤਿਆਚਾਰੀ । ਮਾਸ ਬਣਾਇਆ ਆਏ ਦਵਾਰੀ । ਹੋਏ ਘਰ ਸਦਾ ਖੁਆਰੀ । ਲੱਗੀ ਦਰ ਇਕ ਬਿਮਾਰੀ । ਕਾਰਾ ਕਰੇ ਸੁੱਤੀ ਨਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖਪਾਏ ਦੁਸ਼ਟ ਦੁਰਾਚਾਰੀ । ਦਰ ਸਾਚੇ ਆਏ ਆਸ ਕਰ । ਦੁਖੀਆ ਜੀਵ ਨਾ ਕੋਇ ਬਿਲਲਾਏ, ਸੋਹੰ ਜਪੇ ਰਸਨ ਸਵਾਸ ਸਵਾਸ ਕਰ । ਪ੍ਰਭ ਆਤਮ ਚਿੰਤਾ ਸੋਗ ਰੋਗ ਮਿਟਾਏ, ਸਾਚਾ ਸ਼ਬਦ ਅਨੁਰਾਗ ਧਰ । ਏਕਾ ਸਾਚੀ ਚੋਗ ਚੁਗਾਏ, ਵਡ ਵਡ ਹੰਸ ਗੁਰਸਿਖ ਕਾਗ ਕਰ । ਪ੍ਰਭ ਸਾਚਾ ਬੰਸ ਬਣਾਏ, ਗੁਰਮੁਖ ਸਾਚੇ ਸਾਜ ਸਾਜ ਸਾਜ ਕਰ । ਪ੍ਰਭ ਏਕਾ ਅੰਸ ਚਲਾਏ, ਆਪ ਆਪਣੀ ਲਾਜ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਸਹੰਸਾ ਆਪ ਵਡਿਆਏ, ਆਪ ਆਪਣਾ ਕਾਜ ਕਰ । ਆਤਮ ਅਧੂਰੀ ਰਸਨ ਵਸੂਰੀ । ਪ੍ਰਭ ਦਿਸੇ ਦੂਰੀ ਵਡ ਗਰੂਰੀ । ਆਤਮ ਦਿਸੇ ਸਦ ਭਰਪੂਰੀ । ਰੱਖੇ ਜੋਤ ਨੂਰੋ ਨੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ

ਗੁਰਮੁਖ ਆਤਮ ਜਿਉਂ ਕੋਹਤੂਰੀ । ਆਤਮ ਘਿਰਨਾ ਸਦ ਦੋ ਫਾੜ । ਜੀਆਂ ਜੰਤ ਭਾਗ ਮਾੜ । ਕਲਜੁਗ ਪਾਪੀ ਆਪ ਚਬਾਏ ਆਪਣੀ ਦਾੜ੍ਹ । ਆਤਮ ਅਗਨ ਵਡ ਵਡ ਤਾਪੀ, ਦਿਵਸ ਰੈਣ ਰੈਣ ਦਿਵਸ ਸਦ ਰਹੀ ਸਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਵਡ ਪਰਤਾਪੀ, ਏਕਾ ਅਗਨ ਮਿਟਾਏ ਬਹੱਤਰ ਨਾੜ । ਜਨ ਸੇਵ ਕਮਾਏ ਰਸਨਾ ਗਾਏ, ਪ੍ਰਭ ਦੁਖ ਮਿਟਾਏ ਸੁਖ ਦਿਖਾਏ, ਹੋਏ ਸਹਾਏ ਦਰਸ ਦਿਖਾਏ ਭੈ ਭਉ ਚੁਕਾਏ, ਏਕਾ ਨਾਉਂ ਸਰਬ ਚੜ੍ਹਾਏ, ਥਾਉਂ ਥਾਈਂ ਆਪ ਬਹਾਏ, ਵਾਹੋ ਦਾਹੀ ਨਾ ਕਿਸੇ ਫਿਰਾਏ । ਰਾਹੋ ਰਾਹੀ ਨ ਕਿਸੇ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਤਿਜੁਗ ਉਪਜਾਏ । ਦੁਖ ਦੁਖ ਦੁਖ ਪ੍ਰਭ ਦੁਖ ਮਿਟਾਣਾ । ਦੁਖ ਦੁਖ ਦੁਖ ਪ੍ਰਭ ਦੁਖ ਗਵਾਣਾ । ਦੁਖ ਦੁਖ ਦੁਖ ਪ੍ਰਭ ਦਰ ਰਹਿਣ ਨਾ ਪਾਣਾ । ਸੁਖ ਸੁਖ ਸੁਖ ਪ੍ਰਭ ਸੁਖ ਉਪਜਾਣਾ । ਮੁਖ ਮੁਖ ਮੁਖ ਪ੍ਰਭ ਸਾਚਾ ਸਦ ਹੀ ਗਾਣਾ । ਜਿਉਂ ਚੰਦਨ ਪਰਭਾਸ ਗੁਰਮੁਖ ਸਾਚੇ ਪ੍ਰਭ ਸਾਚੇ ਆਪ ਉਪਜਾਣਾ । ਆਪ ਆਪਣਾ ਕਰੇ ਦਾਸ, ਜੋਤ ਸਰੂਪੀ ਦੀਪ ਜਗਾਣਾ । ਕਾਮ ਕਰੋਧ ਹੋ ਜਾਏ ਵਿਨਾਸ, ਪ੍ਰਭ ਸਾਚਾ ਕਰੇ ਸਚ ਟਿਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਖਮ ਦੂਖ ਸਰਬ ਮਿਟਾਣਾ । ਨਿਰਧਨ ਹੋਏ ਪ੍ਰਭ ਦਰ ਆ । ਦੁਖੀਆ ਜੀਵ ਸਾਚੀ ਦਰ ਦਰਗਹਿ । ਸਾਚੇ ਦਰ ਮਾਰੇ ਧਾਹ । ਮਾਇਆ ਮਮਤਾ ਦੁਖ ਰੋਗ ਮਿਟਾਏ, ਕੋਈ ਜਾਣੇ ਨਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਏ ਆਪ ਮਿਟਾਏ ਆਪ ਬਣਾਏ ਢਾਹੇ ਜੀਵ ਜੰਤ ਸਰਬ ਬਣਤ ਰਿਹਾ ਬਣਾ । ਏਕਾ ਦੁਖ ਆਤਮ ਘੇਰ । ਝਿਰਨਾ ਝਿਰ ਹੇਰ ਫੇਰ । ਨੇਤਰਾਂ ਅੱਗੇ ਹੋਏ ਅੰਧੇਰ । ਨਾ ਕੋਇ ਦਿਸੇ ਸੰਞ ਸਵੇਰ । ਆਇਆ ਆਪ ਭੁਲਾਏ ਨਾ ਜਾਣੇ ਤੇਰ ਮੇਰ । ਕੁਸ਼ਟੀ ਕੁਸ਼ਟ ਉਠਾਏ ਦੁਖ ਲੱਗਾ ਅਪੇਰ । ਪ੍ਰਭ ਸਾਚਾ ਦ੍ਰਿਸ਼ਟ ਕਰਾਏ ਨਾ ਲਗਾਏ ਦੇਰ । ਸੁਣੇ ਪੁਕਾਰ ਆਪ ਦਾਤਾਰ, ਜਨ ਆਏ ਦਰ ਦਰਬਾਰ । ਸਾਚੀ ਕਰੇ ਪ੍ਰਭ ਆਪੇ ਕਾਰ । ਕਾਇਆ ਦੁਖ ਦੇ ਨਿਵਾਰ । ਉਪਜੇ ਸੁਖ ਦੀਪਕ ਉਜਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੇਵੇ ਤਾਰ । ਜੀਵ ਆਇਆ ਦਰ । ਸਰਨੀ ਗਿਆ ਪਰ । ਬਚਨ ਨਾ ਜਾਏ ਹਰ । ਕਾਇਆ ਸੀਤਲ ਪ੍ਰਭ ਜਾਏ ਕਰ । ਨਿਹਕਲੰਕ ਨਰਾਇਣ ਨਰ ਅਵਤਾਰ । ਪ੍ਰਭ ਸਾਚਾ ਸਿਰ ਰੱਖੇ ਹੱਥ । ਸਰਬ ਕਲਾ ਸਦ ਹੀ ਸਮਰਥ । ਆਤਮ ਮੰਗੀ ਦੇਵੇ ਸਾਚੀ ਵੱਥ । ਜੁਗੋ ਜੁਗ ਪ੍ਰਭ ਸਾਚੇ ਦੀ ਮਹਿੰਮਾ ਅਕਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਆਸ ਕਰਾਏ, ਦਾਸਨ ਦਾਸ ਦਾਸ ਹੋਏ ਜਨ ਸੀਸ ਝੁਕਾਏ, ਆਪ ਰਖਾਏ ਗੁਰਮੁਖ ਸਾਚੇ ਸਿਰ ਤੇਰੇ ਹੱਥ । ਗੁਰਸਿਖਾਂ ਦੇਵੇ ਪ੍ਰਭ ਪੂਰਾ ਭਰਵਾਸਾ । ਅਪ ਤੇਜ ਵਾਏ ਆਪ ਬਣਾਏ ਪ੍ਰਿਥਮੀ ਆਕਾਸ਼ਾ । ਇਕ ਲੱਖ ਅੱਸੀ ਹਜ਼ਾਰ ਭੂਤ ਪ੍ਰੇਤ ਕਲ ਪ੍ਰਭ ਰੱਖੇ ਵਾਸਾ । ਏਕਾ ਆਪ ਜਾਣੇ ਪ੍ਰਭ ਅਬਿਨਾਸ਼ਾ । ਜੀਵ ਜੰਤ ਨਾ ਕੋਇ ਦੁਖਾਏ, ਲਿਖਾਏ ਗੁਰ ਗੋਬਿੰਦ ਹੋਏ ਲਿਖਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਖੁਲ੍ਹਾਏ ਸਰਬ ਲਿਖਾਏ ਕਲਜੁਗ ਜੀਵ ਜੋ ਕਰਨ ਹਾਸਾ । ਤੀਨ ਲੋਕ ਆਪ ਬਣਾਏ । ਸੁਰਤ ਚਿਤ ਮਨ ਲਗਾਏ । ਨਾਮ ਨਿਰਬਾਣ ਪ੍ਰਭ ਬਾਣ ਲਗਾਏ । ਜੇਤੀਆਂ ਮੁਸ਼ਕਲਾਂ ਤੇਤੀਆਂ ਅਸਾਨ ਕਰਾਏ । ਸਾਚਾ ਨਾਉਂ ਪਰਧਾਨ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਮਸਾਣ ਮਸਾਣ ਪਵਣ ਰੂਪ । ਆਪ ਬੰਨ੍ਹਾਏ ਪ੍ਰਭ ਸਾਚਾ ਭੂਪ । ਜਮ ਕਾ ਬੇਟਾ ਕਾਲਕਾ ਮਾਤਾ ਆਪ ਪਰੋਏ ਏਕਾ ਸੂਤ । ਪ੍ਰਭ ਮਾਣ ਗਵਾਏ ਵਡ ਵਡ ਅਵਧੂਤ । ਏਕਾ ਸ਼ਬਦ ਆਪ ਉਠਾਏ, ਸੋਹੰ ਸਿਰ ਲਗਾਏ ਜੂਤ । ਉਹਨੀ

੧੮੭ ੦੨

੧੮੮
੦੨

ਮਾਤਾ ਪਤਲਾ ਬੀਰ ਹੰਸਤਾ ਬੀਰ ਬਟਕਾ ਬੀਰ । ਬਟਕਾ ਬੀਰ ਵਿਨੋਦੀਆ ਬੀਰ । ਸੌ ਸੰਤਰ ਵਿਨੋਦਿਆ ਬੀਰ । ਕਾਲੀਆ ਬੀਰ ਦੁਨੀਆਂ ਬੀਰ ਭੌਰ । ਪਤਾਲ ਬੀਰ ਭੈਰੋਂ ਬੀਰ । ਨਰਸਿੰਘ ਬੀਰ ਨਾਹਰ ਸਿੰਘ ਬੀਰ । ਹਨੁਵੰਤ ਬੀਰ ਦਇਆ ਵੰਤ ਬੀਰ । ਅਹਿਮਦ ਬੀਰ । ਮੁਹੰਮਦ ਬੀਰ । ਸਲਸਲਾ ਬੀਰ ਸਲਾਬੀਰ । ਨਿਰੰਦੀ ਨੇਸਰੀ ਕੇਸਰੀ ਇਜੀਆ ਬਿਜ਼ੀਆਂ ਬਸੋਧਰੀ ਕਾਖਮੀ ਕਮਖਮੀ ਲਲਮੀ ਪਲਮੀ ਜਗਗਨੀ ਜੁਗਤੀ ਭੁਗਤੀ ਇਤਨੀਆਂ ਭੈਣਾਂ ਜੋਰ ਨਾ ਮਿਲੇ ਮੁਕਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰ ਫਿਰਾਏ ਸਾਚੇ ਦਰ ਦੁਰਕਾਏ ਜਿਸ ਜਨ ਦਇਆ ਕਮਾਏ । ਨਾਮ ਜਪਾਏ ਪ੍ਰਭ ਮਿਲਣ ਦੀ ਸਾਚੀ ਜੁਗਤੀ । ਆਪ ਧਾਰੇ ਆਪ ਸਵਾਰੇ ਪਾਰ ਉਤਾਰੇ । ਪਸੂ ਪ੍ਰੇਤ ਜਿਸ ਸਗਲੇ ਬੰਦ ਪਾਏ । ਲੋਹੇ ਕਾ ਸੰਗਲ ਪਾਇਓ ਗਲੇ ਲਟਕਾਏ । ਸਾਰ ਕੀ ਮੁੰਗਲੀ ਸਿਰ ਲਗਾਏ । ਸੋਹੰ ਸ਼ਬਦ ਮਾਣ ਰਖਾਏ । ਸਚ ਸਚ ਸਚ ਰਿਹਾ ਲਿਖਾਏ । ਕੀਆ ਜੋਤ ਅਕਾਰ ਆਪ ਨਿਰੰਕਾਰ । ਬਚਨ ਤੇ ਬਾਹਰ, ਖਾਏ ਸਿਰ ਮਾਰ । ਪ੍ਰਭ ਸਾਚਾ ਕਰੇ ਖੁਆਰ । ਸੰਤ ਕਾ ਦੋਖੀ ਦੁਸ਼ਟ ਦੁਰਾਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਕਰੇ ਖੁਆਰ । ਸ਼ਬਦ ਸਾਚਾ ਜੀਓ ਪਿੰਡ ਕਾਚਾ ਸੋ ਸਾਚਾ ਕਾਚਾ, ਜਿਸ ਹਿਰਦੇ ਵਾਚਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਸਚ ਕਲ ਸਚ ਪਛਾਤਾ । ਹਾਕਨੀ ਡਾਕਨੀ ਛਾਕਨੀ ਛਾਰ ਖੁਰੀ ਨਿਰੰਕਾਰ ਬੰਧਾਏ ਭੰਡਾਰੀ ਦ੍ਰਿਸ਼ਟ ਕਰੇ । ਮੁਸ਼ਟ ਕਰੇ, ਛਲ ਕਰੇ, ਛਿਦਰ ਕਰੇ, ਟੂਣਾ ਕਰੇ, ਜਾਦੂ ਕਰੇ, ਕਾਲ ਕੇ ਬਾਲ ਕਰੇ, ਸੋਹੰ ਸਾਚਾ ਸ਼ਬਦ ਪ੍ਰਭ ਸਿਰ ਧਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਮਾਤ ਚਲਏ ਕਿਰਪਾ ਆਪ ਕਰੇ । ਰਾਜਾ ਕਾ ਤੇਜ ਚੋਰ ਕਾ ਘੋਰ ਰੜਾ ਡੂਗਰ ਪ੍ਰਭ ਸਾਚਾ ਰਛਿਆ ਆਪ ਕਰੇ । ਦੀਨ ਦੁਨੀ ਦੇ ਪਾਤਸ਼ਾਹ ਦਰ ਤੇ ਆਏ ਸੀਸ ਝੁਕਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਕਾਜ ਆਪ ਕਰੇ । ਗੁਰ ਪੂਰੇ ਭੋਗ ਲਗਾਇਆ । ਸਾਚਾ ਕਰਮ ਆਪ ਕਮਾਇਆ । ਗੁਰ ਪੂਰੇ ਕਰਮ ਕਮਾਇਆ, ਸਤਿ ਸਤਿ ਪਰਸਾਦਿ ਆਪ ਵਰਤਾਇਆ । ਗੁਰ ਪੂਰੇ ਭੋਗ ਲਗਾਇਆ, ਅਨਾਦੀ ਅਨਾਦ ਸਾਧ ਸੰਗਤ ਸਦ ਸਰਨਾਇਆ । ਗੁਰ ਪੂਰੇ ਭੋਗ ਲਗਾਇਆ, ਜੁਗੋ ਜੁਗ ਜਨ ਭਗਤਾਂ ਦਰ ਘਰ ਪ੍ਰਭ ਸਾਚਾ ਆਇਆ । ਗੁਰ ਪੂਰੇ ਭੋਗ ਲਗਾਇਆ, ਬਿਦਰ ਅਲੂਣੇ ਸਾਗ ਜਿਉਂ ਰਸਨ ਛੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰ ਦਰਬਾਰ ਆਏ ਪ੍ਰਭ ਪੂਰਨ ਆਸ ਕਰਾਇਆ । ਭੋਗ ਲਗਾਏ ਪੂਰਾ ਗੁਰ । ਮਾਤਲੋਕ ਆਇਆ ਤੁਰ । ਗੁਰ ਸੰਗਤ ਬੈਠੀ ਚਰਨ ਜੁਰ । ਪ੍ਰਭ ਦਰਸ਼ਨ ਕੋ ਲੋਚਨ ਸੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਨਿਹਕਲੰਕ ਸਾਚਾ ਗੁਰ । ਭੋਗ ਲਗਾਏ ਆਪ ਭਗਵਾਨਾ । ਗੁਰ ਸੰਗਤ ਪ੍ਰਭ ਆਪ ਵਰਤਾਨਾ । ਸਾਧ ਸੰਗਤ ਪ੍ਰਭ ਮੁਖ ਰਖਾਨਾ । ਗੁਰ ਸੰਗਤ ਪ੍ਰਭ ਦੁਖ ਮਿਟਾਨਾ । ਸਾਧ ਸੰਗਤ ਪ੍ਰਭ ਸੁਖ ਉਪਜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਭੋਗ ਲਗਾਏ ਸਾਧ ਸੰਗਤ ਵਰਤਾਏ ਵਡ ਦਾਨੀ ਦਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਪਰਸਾਦ ਗੁਰ ਭੋਗ ਲਗਾਇਆ । ਗੁਰ ਸੰਗਤ ਪ੍ਰਭ ਰਸਨ ਲਗਾਇਆ । ਆਤਮ ਦੁਬਦਾ ਸਰਬ ਮਿਟਾਇਆ । ਏਕਾ ਨਾਦ ਧੁਨ ਉਪਜਾਇਆ । ਸਾਚਾ ਸਾਧ ਗੁਰ ਦਰ ਪਾਇਆ । ਵਡ ਮਾਧਵ ਮਾਧ ਵਕਤ ਸੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਅਵਤਾਰ ਨਰ, ਸੀਤਲ ਸੀਤ ਸੀਤ ਪਰਸਾਦ ਵਰਤਾਇਆ । ਗੁਰ ਸੰਗਤ ਕਲ ਤੇਰਾ ਮਾਣ । ਪ੍ਰਭ ਅਬਿਨਾਸ਼ੀ ਸਾਚਾ ਜਾਣ । ਅੰਤਮ

ਅੰਤ ਪ੍ਰਭ ਮਿਲੇ ਗੁਣ ਨਿਧਾਨ । ਗੁਰਮੁਖ ਸਾਚੇ ਸੰਤ ਪ੍ਰਭ ਵਿਚ ਬਿਠਾਏ ਬਬਾਣ । ਆਪ ਬਹਾਏ ਆਪ ਬਣਾਏ ਸਾਚੇ ਸੰਤ, ਦਰਗਹਿ ਸਾਚੀ ਦੇਵੇ ਮਾਣ । ਮਾਣ । ਆਵਣ ਜਾਵਣ ਜਾਵਣ ਆਨ ਕਲ ਪਛਾਨ । ਗੇੜ ਕਟਾਏ ਮਾਤ ਗਰਭ ਵਿਚ ਫਿਰ ਨਾ ਆਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਸਚਖੰਡ ਨਿਵਾਸ ਰਖਾਏ, ਆਪ ਆਪਣੇ ਵਿਚ ਸਮਾਏ, ਜਨਮ ਮਰਨ ਦਾ ਗੇੜ ਕਟਾਏ ਵਾਲੀ ਦੋ ਜਹਾਨ । ਸਾਚਾ ਪ੍ਰਭ ਸਚ ਵਰਤੰਤਾ । ਆਪਣਾ ਆਪ ਪਰਗਟਾਏ ਪ੍ਰਭ ਸਾਚਾ ਕਲ ਭਗਵੰਤਾ । ਪਰਗਟ ਜੋਤ ਦਰਸ ਦਿਖਾਏ ਭੋਗ, ਦੁਖ ਮਿਟਾਏ ਸਰਬ ਜੀਵ ਜੰਤਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਤੇਰੀ ਸਰਨਾਏ, ਗੁਰਸਿਖਾਂ ਮਿਲਿਆ ਪ੍ਰਭ ਸਾਚਾ ਕੰਤਾ । ਸਚ ਸ਼ਬਦ ਸਾਚੀ ਧਾਰਾ । ਸਾਚੀ ਧੁਨ ਸਾਚੀ ਧੁਨਕਾਰਾ । ਖੁਲ੍ਹਾਏ ਸੁੰਨ ਹੋਏ ਉਜਿਆਰਾ । ਵਿਰਲਾ ਜਾਣੇ ਰਿਖ ਮੁਨ, ਪ੍ਰਭ ਸ਼ਬਦ ਹੁਲਾਰਾ । ਕਲ ਗੁਰਮੁਖ ਸਾਚੇ ਚੁਣ, ਪ੍ਰਭ ਦੇਵੇ ਨਾਮ ਅਧਾਰਾ । ਬੇਮੁਖਾਂ ਪ੍ਰਭ ਜਾਏ ਪੁਣ, ਅੰਤਮ ਅੰਤਮ ਕਲ ਕਰੇ ਖੁਆਰਾ । ਸੋਹੰ ਸ਼ਬਦ ਉਪਜਾਏ ਸਾਚੀ ਧੁਨ ਨਿਹਕਲੰਕ ਨਰਾਇਣ ਨਰ ਅਵਤਾਰਾ । ਚਾਰ ਕੁੰਟ ਜੈ ਜੈਕਾਰ । ਚਾਰ ਵਰਨ ਪ੍ਰਭ ਦਰ ਭਿਖਾਰ । ਦੇਵਣਹਾਰ ਇਕ ਦਾਤਾਰ । ਅਖੁੱਟ ਅਤੁੱਲ ਭਰੇ ਭੰਡਾਰ । ਵਡ ਅਨਮੁਲ ਨਾ ਕੋਇ ਪਾਏ ਸਾਰ । ਕਲਜੁਗ ਜੀਵ ਭੁਲ ਮਾਨਸ ਜਨਮ ਗਏ ਹਾਰ । ਆਈ ਬਸੰਤ ਗਏ ਹੁੱਲ੍ਹ ਫਿਰ ਨਾ ਲਗਣ ਡਾਰ । ਗੁਰਮੁਖ ਸਾਚੇ ਸਾਚੇ ਫੁੱਲ ਪ੍ਰਭ ਸਾਚਾ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰ । ਆਪੇ ਕੀਆ ਜਗਤ ਪਸਾਰਾ । ਆਪੇ ਦੀਆ ਜੋਤ ਅਧਾਰਾ । ਜੀਵ ਜੰਤ ਕੀ ਕਰੇ ਵਿਚਾਰਾ । ਵਿਚ ਵਿਸਮੰਤ ਨਾ ਦੇਵੇ ਦਰਸ ਅਪਾਰਾ । ਦਰ ਦਰ ਫਿਰੰਤ ਨਾ ਦੇਵੇ ਕੋਈ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਆਪ ਬਹਾਏ ਆਪਣੇ ਚਰਨ ਦਵਾਰਾ । ਚਰਨ ਦਵਾਰ ਗੁਰਸਿਖ ਬਹਾਏ । ਅਸਵ ਅਸਵਾਰ ਦਇਆ ਕਮਾਏ । ਸਚ ਘਰ ਬਾਹਰ ਆਪ ਦਿਖਾਏ । ਸਰਬ ਨਰ ਨਾਰ ਇਕ ਮਾਣ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਾਰ ਲਿਖਤ ਚਲਾਏ । ਨਾਰੀ ਨਰ ਏਕਾ ਮਾਣਾ । ਨਾਰੀ ਨਰ ਏਕਾ ਬਾਣਾ । ਨਾਰੀ ਨਰ ਏਕਾ ਤਾਣਾ । ਨਾਰੀ ਨਰ ਸਤਿਜੁਗ ਏਕਾ ਰੰਗ ਰੰਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਾ । ਜੋਤ ਸਰੂਪੀ ਜੋਤ ਜਗਈਆ । ਗੁਰਮੁਖ ਸਾਚੇ ਮੇਲ ਮਿਲਈਆ । ਸੋਹੰ ਚੜ੍ਹਾਏ ਸਾਚੀ ਨਈਆ । ਬੇਮੁਖ ਡੁਬਾਏ ਮੰਝਧਾਰ ਰਖਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਰ ਪਾਰ ਵਿਚ ਸੰਸਾਰ ਸਚ ਵਿਹਾਰ ਏਕਾ ਆਪ ਕਰਈਆ । ਏਕ ਚਲਾਏ ਜਗਤ ਵਿਹਾਰਾ । ਇਕ ਰਖਾਏ ਨਾਮ ਅਧਾਰਾ । ਇਕ ਟਿਕਾਏ ਸ਼ਬਦ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਚ ਸਚ ਕਰੇ ਵਰਤਾਰਾ । ਸਤਿਜੁਗ ਤੇਰਾ ਬੇੜਾ ਬੰਨ੍ਹ । ਪ੍ਰਭ ਉਠਾਏ ਆਪਣੇ ਕੰਨ । ਸੋਹੰ ਜੈ ਜੈ ਜੈਕਾਰ ਕਰਾਏ ਚਾਰ ਵਰਨ ਜਾਏ ਮਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੀਚੋਂ ਊਚ ਊਚੋਂ ਨੀਚ ਆਪ ਕਰਾਏ, ਆਪੇ ਘੜੇ ਆਪੇ ਦੇਵੇ ਭੰਨ । ਪ੍ਰਭ ਸਾਚਾ ਸਾਂਤਕ ਸੀਤਲਾ । ਗੁਰ ਸੰਗਤ ਤੇਰਾ ਮੀਤਲਾ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਰੀਤਲਾ । ਚਰਨ ਲਾਗ ਗੁਰਮੁਖ ਮਾਨਸ ਜਨਮ ਜਗ ਜੀਤਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਂਤਕ ਸਤਿ ਸਤਿ ਵਰਤਾਏ, ਸਤਿ ਸਰੂਪ ਗੁਰਸਿਖ ਸਮਾਏ, ਗੁਰਮੁਖ ਸਾਚੇ ਸਾਚੀ ਪਰਖੇ ਤੇਰੀ ਨੀਤਲਾ । ਜੀਵ ਜਾਗੋ ਚਰਨ ਲਾਗੋ ਵਡ ਵਡ ਭਾਗੋ । ਘਰ ਆਇਆ ਕੰਤ ਹੋ ਜਾਓ ਸੁਹਾਗੋ । ਏਕਾ ਸ਼ਬਦ

ਉਪਜਾਏ ਪ੍ਰਭ ਅਨਰਾਗੋ । ਕਲਜੁਗ ਜੋਤ ਪਰਗਟਾਈ ਪੁਰੀ ਘਨਕ ਹੋਈ ਰੁਸ਼ਨਾਈ, ਪੰਚਮ ਜੇਠ ਪ੍ਰਭ ਜੋਤ ਜਗਾਈ, ਗੁਰਮੁਖ ਸਾਚੇ ਗੁਰ ਪੂਰਾ ਹੰਸ ਬਣਾਏ ਕਾਗੋਂ । ਆਪੇ ਹੰਸਾ ਆਪੇ ਬੰਸਾ । ਆਪੇ ਆਪ ਗੁਰਮੁਖ ਤੇਰੀ ਪੂਰ ਕਰਾਏ ਮਨਸਾ । ਸੰਸਾ ਭਉ ਪ੍ਰਭ ਚੁਕਾਏ, ਮਾਤ ਵਡਿਆਏ ਵਿਚ ਸਹੰਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤਰਾਏ ਦੁਸ਼ਟ ਖਪਾਏ ਜਿਉਂ ਕਾਹਨਾ ਕੰਸਾ । ਸਾਚੀ ਸਾਰਾ ਸਾਚੀ ਧਾਰਾ । ਸਾਚੀ ਕਾਰਾ ਸਚ ਦਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਸੱਚਾ ਦਰਬਾਰਾ । ਵਡਾ ਆਪ ਵਡਾ ਦਰਬਾਰੀ । ਆਇਆ ਕਲ ਨਿਹਕਲੰਕ ਆਪ ਅਵਤਾਰੀ । ਸਾਧ ਸੰਗਤ ਪ੍ਰਭ ਸਰਨ ਪੜ, ਮਾਤ ਗਰਭ ਨਾ ਆਏ ਦੂਜੀ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਸੁਫਲ ਜਾਏ ਕਰ, ਲੋਕਮਾਤ ਆਇਆ ਚਲ ਵਡ ਵਡ ਦਰਬਾਰੀ ।

## * ੨੧ ਸਾਵਣ ੨੦੦੯ ਬਿਕ੍ਰਮੀ ਮਾਤਾ ਬਿਸ਼ਨ ਕੌਰ ਨਵਿਤ ਪਿੰਡ ਜੇਠੂਵਾਲ *

ਜੀਓ ਪਿੰਡ ਜਿਸ ਜਨ ਦੀਆ । ਸਾਚੋ ਸਾਚ ਸੋਹੰ ਪ੍ਰਭ ਸਾਚੇ ਬੀਆ । ਸਤਿਜੁਗ ਤੇਰੀ ਸਚ ਸਚ ਵਿਚ ਮਾਤ ਰਖਾਈ ਨੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਪਰਗਟਾਈ, ਏਕਾ ਜੋਤ ਸਰਬ ਸ੍ਰਿਸ਼ਟ ਆਤਮ ਜੋਤ ਜਗਾਇਆ ਦੀਆ । ਏਕਾ ਜੋਤ ਆਤਮ ਦੇਵੇ । ਪ੍ਰਭ ਅਬਿਨਾਸ਼ੀ ਅਲਖ ਅਭੇਵੇ । ਗੁਰਮੁਖ ਸਾਚਾ ਰਸਨਾ ਸੇਵੇ । ਸਾਚਾ ਲਹਿਣਾ ਪ੍ਰਭ ਦਰ ਲੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਰਥਾ ਨਾ ਜਾਏ ਤੇਰੀ ਸੇਵੇ । ਗੁਰਮੁਖ ਸੇਵਾ ਪ੍ਰਭ ਦਰ ਘਾਲ । ਪ੍ਰਭ ਅਬਿਨਾਸ਼ੀ ਸਦ ਸਦ ਤੇਰੇ ਨਾਲ । ਬੋਧ ਅਗਾਧ ਅਕਥ ਕਥਾ, ਆਪੇ ਅਕਥ ਸਭ ਸ੍ਰਿਸ਼ਟ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਪੈਜ ਰਖਾਵੇ ਜਿਉਂ ਮਾਤਾ ਬਾਲ । ਮਾਤ ਪਿਤ ਆਪੇ ਜਨ । ਆਪਣਾ ਆਪ ਵਸਾਏ ਤਨ । ਸੋਹੰ ਸ਼ਬਦ ਸੁਣਾਏ ਕੰਨ । ਗੁਰਮੁਖ ਆਤਮ ਜਾਏ ਮੰਨ । ਭਾਂਡਾ ਭਉ ਭਰਮ ਪ੍ਰਭ ਦੇਵੇ ਭੰਨ । ਏਕਾ ਦੇਵੇ ਸਾਚਾ ਨਾਉਂ ਕਦੇ ਨਾ ਲਾਗੇ ਸੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਤਰਾਏ ਬੇੜਾ ਦੇਵੇ ਬੰਨ੍ਹ । ਆਪੇ ਆਵੇ ਕਾਜ ਸਵਾਰੇ । ਦੂਤੀ ਦੁਸ਼ਟ ਦਰ ਦੁਰਕਾਰੇ । ਗੁਰਸਿਖ ਸਾਚੇ ਸੋਹਣ ਸਾਚੇ ਤੇਰੇ ਦਰਬਾਰੇ । ਕਲਜੁਗ ਜੀਵ ਭਾਂਡੇ ਕਾਚੇ ਦਰ ਦਰ ਹੋਇਣ ਖੁਆਰੇ । ਸੋਹੰ ਸ਼ਬਦ ਜਨ ਹਿਰਦੇ ਵਾਚ, ਦੇਵੇ ਦਰਸ ਅਗੰਮ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਘਰ ਸਾਚਾ ਦਰ ਅਵਤਾਰ ਨਰ, ਸਰਨ ਪਰ ਮੂਲ ਨਾ ਡਰ, ਸਾਚਾ ਪ੍ਰਭ ਭਰੇ ਆਪ ਭੰਡਾਰੇ । ਆਪ ਆਪ ਆਪ ਭਰਪੂਰਾ । ਗੁਰਮੁਖਾਂ ਆਸਾ ਮਨਸਾ ਪੂਰਾ । ਗੁਰਮੁਖਾਂ ਆਤਮ ਸੰਸਾ ਉਤਾਰੇ ਸਗਲ ਵਸੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਰਨ ਨੇਰ, ਬੇਮੁਖਾਂ ਸਦ ਦੂਰਨ ਦੂਰਾ । ਬੇਮੁਖ ਜੀਵ ਕਲ ਬੇਤਾਲੇ । ਅਗਨ ਕੁਠਾਲੀ ਪ੍ਰਭ ਸਾਚਾ ਗਾਲੇ । ਅਗਨ ਜੋਤ ਪ੍ਰਭ ਸਾਚਾ ਬਾਲੇ । ਗੁਰਮੁਖ ਸਾਚੇ ਬਣ ਜਾਏ ਆਪ ਰਖਵਾਲੇ । ਆਦਿ ਅੰਤ ਭਗਤ ਭਗਵੰਤ ਸਾਧ ਸੰਤ ਪ੍ਰਭ ਅਗਣਤ ਚਰਨ ਲਾਗ ਜਾਗਣ ਭਾਗ, ਉਪਜੇ ਰਾਗ ਧੋਏ ਦਾਗ, ਬੁਝਾਏ ਆਗ ਸੋਹੰ ਲਗਾਏ ਸਾਚੀ ਜਾਗ, ਚਰਨ ਪ੍ਰੀਤੀ ਨਿਭੇ ਨਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਮਾਈ ਬਾਪ, ਉਤਾਰੇ ਪਾਪ ਦੇਵੇ ਜਾਪ, ਸਦਾ ਸਦਾ ਸਦ ਰਖਵਾਲੇ । ਗੁਰਸਿਖਾਂ ਰਾਖਾ ਆਪੇ

ਆਪ । ਗੁਰਸਿਖਾਂ ਭਾਖਾ ਆਪੇ ਆਪ । ਗੁਰਸਿਖਾਂ ਸਾਖਾ ਆਪੇ ਆਪ । ਗੁਰਸਿਖਾਂ ਲਾਖਾ ਆਪੇ ਆਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਵੱਜੀ ਵਧਾਈ, ਸੁਣੇ ਲੋਕਾਈ ਸੋਹੰ ਜੈ ਜੈ ਜੈਕਾਰ ਕਰਾਈ । ਸਰਬ ਸ੍ਰਿਸ਼ਟ ਪ੍ਰਭ ਭੁਲਾਈ । ਗੁਰਮੁਖ ਸਾਚੇ ਸਾਚਾ ਇਸ਼ਟ ਨਿਹਕਲੰਕ ਰਖਾਈ । ਕਲਜੁਗ ਜੀਆਂ ਆਤਮ ਹੋਈ ਭ੍ਰਿਸ਼ਟ, ਮਦਿਰਾ ਮਾਸ ਮੁਖ ਚੋਗ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪੇ ਆਪ ਦੇਵੇ ਵਡਿਆਈ । ਵਡਾ ਆਪ ਵਡ ਵਡ ਦਾਤਾ । ਵਡਾ ਆਪ ਪੁਰਖ ਬਿਧਾਤਾ । ਵਡਾ ਆਪ ਜੋਤੀ ਜੋਤ ਸਮਾਤਾ । ਵਡਾ ਆਪ ਜੋਤੀ ਜੋਤ ਪਰਗਟਾਤਾ । ਵਡਾ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਸਚ ਸਚ ਚਰਨ ਪ੍ਰੀਤੀ ਸਾਚਾ ਨਾਤਾ । ਵਡਾ ਆਪ ਵਡ ਬਲੀ ਬਲਵਾਨ । ਵਡਾ ਆਪ ਵਡ ਦਾਤਾ ਚਤੁਰ ਸੁਜਾਨ । ਵਡਾ ਆਪ ਸਾਚਾ ਪ੍ਰਭ ਗੁਣਵੰਤ ਗੁਣ ਨਿਧਾਨ । ਵਡਾ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਵਡਾ ਆਪ ਵਡੀ ਵਡਿਆਈ । ਵਡਾ ਆਪ ਜਿਸ ਸ੍ਰਿਸ਼ਟ ਉਪਾਈ । ਵਡਾ ਆਪ ਮਾਤ ਪਤਾਲ ਅਕਾਸ਼ ਰਹਾਈ । ਵਡਾ ਆਪ ਏਕਾ ਜੋਤ ਤੀਨ ਲੋਕ ਪਰਕਾਸ਼ ਕਰਾਈ । ਵਡਾ ਆਪ ਆਪ ਆਪਣਾ ਆਪ ਜਗਾਈ । ਵਡਾ ਆਪ ਆਪ ਆਪਣਾ ਨਾਉਂ ਰਖਾਈ । ਵਡਾ ਆਪ ਜੁਗੋ ਜੁਗ ਵਿਚ ਮਾਤ ਆਪੇ ਜੋਤ ਪਰਗਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਚੌਥੇ ਜੁਗ ਸੋਹੰ ਮਾਤ ਟਿਕਾਈ । ਸੋਹੰ ਸ਼ਬਦ ਤੀਰ ਚਲਾਇਆ । ਹਸਨ ਹੁਸੈਨ ਨਸ਼ਟ ਕਰਾਇਆ । ਦਸਨ ਦਸੈਨ ਕੋਈ ਰਹਿਣ ਨਾ ਪਾਇਆ । ਵਸਨ ਵਸੈਨ ਥੇਹ ਕਰਾਇਆ । ਨਸਣ ਨਸੈਣ ਖੇਹ ਰੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਨ ਮੇਘ ਆਪ ਵਰਸਾਇਆ । ਆਪ ਬਰਸਾਏ ਅਗਨੀ ਅੱਗ । ਆਪ ਤਰਸਾਏ ਸਰਬ ਜਗ । ਆਪ ਵਗਾਏ ਕਹਿਰ ਅੰਧੇਰੀ ਜਾਏ ਵਗ । ਆਪ ਮਿਟਾਏ ਰਾਓ ਉਮਰਾਓ ਪਕੜ ਸ਼ਾਹਰਗ । ਆਪ ਲਿਖਾਏ ਸਚ ਵਰਤਾਏ ਦੂਸਰ ਕੋਇ ਨਾਹੇ, ਪ੍ਰਭ ਅਬਿਨਾਸ਼ੀ ਵਡ ਸੂਰਾ ਸਰਬਗ । ਵਡ ਸੂਰਾ ਇਕ ਦਾਤਾਰ । ਸਰਬ ਕਲਾ ਭਰਪੂਰਾ ਇਕ ਦਾਤਾਰ । ਜੀਵ ਜੰਤਾਂ ਦੇਵੇ ਨੂਰ ਇਕ ਦਾਤਾਰ । ਹੰਕਾਰੀਆਂ ਕਰੇ ਖੁਆਰ ਇਕ ਦਾਤਾਰ । ਆਤਮ ਕੱਢੇ ਸਰਬ ਗਰੂਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਜੋਧਨ ਜੋਧ ਵਡ ਸੂਰਬੀਰ ਇਕ ਦਾਤਾਰ । ਜੋਤ ਸਰੂਪ ਵਡ ਸੂਰਬੀਰਾ । ਪ੍ਰਭ ਵਡ ਭੂਪ ਸੋਹੰ ਸ਼ਬਦ ਚਲਾਏ ਤੀਰਾ । ਸ੍ਰਿਸ਼ਟ ਸਬਾਈ ਹੋਏ ਅੰਧੇਰ ਹੱਥ ਨਾ ਆਏ ਨੀਰਾ । ਏਕਾ ਜੋਤ ਪਰਗਟਾਏ ਸਤਿ ਸਰੂਪ, ਰਾਜੇ ਰਾਣੇ ਮਹਾਂਰਾਣੇ ਫਿਰਨ ਵਾਂਗ ਫ਼ਕੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਪ੍ਰਭ ਬਿਨ ਕੋਏ ਨਾ ਦੇਵੇ ਧੀਰਾ । ਆਤਮ ਧੀਰ ਆਪ ਧਰਾਏ । ਕਲਜੁਗ ਲੱਥੇ ਚੀਰ, ਸੋਹੰ ਜਾਮਾ ਪ੍ਰਭ ਆਪ ਪਹਿਨਾਏ । ਆਪ ਉਪਜਾਏ ਗੁਰਮੁਖ ਸਾਚੇ ਸੂਰਬੀਰ, ਅੰਮ੍ਰਿਤ ਸਾਚਾ ਮੁਖ ਚੁਆਏ । ਚਾਰ ਕੁੰਟ ਕਰਾਏ ਵਹੀਰ, ਏਕਾ ਅਟੱਲ ਆਪ ਰਹਿ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਪਰਗਟਾਏ । ਵੇਖ ਵਖਾਏ, ਜੁਗਤ ਬਣਾਏ, ਗੁਰਸਿਖ ਜਗਾਏ, ਪ੍ਰਭ ਸ਼ਬਦ ਜਣਾਏ, ਏਕਾ ਰਖਾਏ ਨਿਹਕਲੰਕ ਚਰਨ ਧਿਆਨ ਬਲ ਬਲ ਬਲ ਜਾਓ । ਪ੍ਰਭ ਅਬਿਨਾਸ਼ੀ ਗੁਰਸਿਖ ਤਰਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਪਰਗਟਾਏ । ਸ੍ਰਿਸ਼ਟ ਸਬਾਈ ਭਰਮ ਭੁਲੇਵਾ । ਕਲਜੁਗ ਝੂਠੀ ਸਾਧ ਸੰਤ ਦੀ ਸੇਵਾ । ਜੋਤ ਖਿਚਾਏ ਜੋਤ ਪਰਗਟਾਏ ਕਰੋੜ ਤੇਤੀਸ ਦੇਵੀ ਦੇਵਾ । ਏਕਾ ਸੇਵ ਚਰਨ ਰਖਾਏ, ਆਪੇ ਦੇਵੇ ਸਾਚਾ ਮੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਲਖ ਅਭੇਵਾ ।

ਰਸਨਾ ਜਪ ਆਤਮ ਚਲਾ ਹਲ । ਸੋਹੰ ਸ਼ਬਦ ਸਾਚਾ ਮੇਵਾ, ਆਤਮ ਲੱਗੇ ਫੱਲ । ਕੋਟ ਉਤਾਰੇ ਆਤਮ ਤਪ, ਆਪ ਉਗਾਵੇ ਗੁਰਮੁਖ ਕਲਜੁਗ ਦੋ ਫਾੜ ਦਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਪਰਗਟਾਏ, ਦਰ ਘਰ ਸਾਚੇ ਆਏ, ਗੁਰਮੁਖਾਂ ਮਾਣ ਦਵਾਏ ਨਾ ਲਾਏ ਘੜੀ ਪਲ । ਕੇਸ ਚਵਰ ਚਰਨ ਝੁਲਾਰ । ਪ੍ਰਭ ਅਬਿਨਾਸ਼ੀ ਏਕਾ ਦੇਵੇ ਚਰਨ ਪਿਆਰ । ਦਰ ਘਰ ਆਏ ਘਨਕਪੁਰ ਵਾਸੀ, ਝੂਠੇ ਠੂਠੇ ਦੇਵੇ ਤਾਰ । ਸੰਸਾ ਰੋਗ ਦਰ ਤੋਂ ਨਾਸੀ, ਦੇਵੇ ਸ਼ਬਦ ਅਪਾਰ । ਆਤਮ ਜੀਵ ਹੋਏ ਰਹਿਰਾਸੀ, ਪ੍ਰਭ ਸਾਚਾ ਸਦ ਰਸਨ ਉਚਾਰ । ਏਕਾ ਜੋਤ ਆਪ ਪਰਕਾਸ਼ੀ, ਪ੍ਰਭ ਸਾਚਾ ਸੁਰਤ ਸ਼ਬਦ ਸ਼ਬਦ ਸੁਰਤ ਦੇ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਧਰਨੀ ਧਰ, ਲਾਹੇ ਡਰ ਆਏ ਘਰ ਦੇਵੇ ਵਰ, ਬਾਂਹੋਂ ਪਕੜ ਬੇੜਾ ਕਰ ਜਾਏ ਪਾਰ । ਪਾਰ ਉਤਾਰੇ ਆਪ ਸਮਰਥ । ਆਏ ਚਰਨ ਦਵਾਰੇ ਰੱਖੇ ਦੇ ਕਰ ਹੱਥ । ਨਾ ਹੋਏ ਖੁਆਰੇ ਸਗਲ ਵਸੂਰੇ ਜਾਇਣ ਲੱਥ । ਏਕਾ ਮੰਗ ਗੁਰ ਦਰ ਦਰਬਾਰੇ, ਸੋਹੰ ਦੇਵੇ ਪ੍ਰਭ ਸਚਾ ਸਾਚੀ ਵੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਕਾਰੇ ਮਹਿੰਮਾ ਜਗਤ ਅਕਥ । ਅਕਥਨ ਅਕਥ ਨਾ ਕਥਿਆ ਜਾਏ । ਸਰਬ ਕਲਾ ਸਮਰਥ ਸੋਹੰ ਸਾਚੇ ਰਥ ਚੜ੍ਹਾਏ । ਮਾਨਸ ਜਨਮ ਸੁਫਲ ਕਰਾਏ । ਆਤਮ ਦੇਵੇ ਸਾਚੀ ਵਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਭੁਲ ਨਾ ਜਾਣ ਲੇਖ ਲਿਖਾਏ ਮਥ । ਪ੍ਰਭ ਭੁਲਾਵੇ ਡੁਲਾਵੇ ਰੁਲਾਵੇ ਖਪਾਵੇ ਤਰਾਵੇ ਧਰਾਵੇ ਜਗਾਵੇ, ਆਪੇ ਆਪ ਦੁਖ ਮਿਟਾਵੇ, ਆਤਮ ਉਪਜਾਵੇ ਉਜਲ ਵਿਚ ਮਾਤ ਰਖਾਵੇ, ਸੁਫਲ ਕੁੱਖ ਆਪ ਕਰਾਵੇ ਜੋ ਜਨ ਰਸਨ ਗਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਜਾਗਣ ਭਾਗ ਜਿਸ ਜਨ ਦਇਆ ਕਮਾਵੇ । ਦਇਆ ਧਾਰੀ ਆਪ ਗਿਰਧਾਰੀ । ਆਤਮ ਦੇਵੇ ਸ਼ਬਦ ਅਧਾਰੀ । ਏਕਾ ਜੋਤ ਜਗਾਵੇ ਅਗੰਮ ਅਪਾਰੀ । ਗੁਰਮੁਖ ਸਾਚੇ ਤੇਰੀ ਆਤਮ ਬ੍ਰਹਮ ਵਿਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦਾ ਚਰਨ ਨਿਮਸਕਾਰੀ । ਨਿਮਸਕਾਰ ਚਰਨ ਧੂੜ । ਗੁਰਮੁਖ ਬਣਾਏ ਮਸਤਕ ਲਾਏ ਜਨ ਮੂੜ੍ਹ । ਬੰਧਨ ਬੰਧ ਕਟਾਏ ਜਿਉਂ ਆਤਮ ਜੂੜ । ਏਕਾ ਰੰਗ ਆਪ ਚੜ੍ਹਾਏ ਸੋਹੰ ਸਾਚਾ ਗੂੜ੍ਹੋ ਗੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਧਾਰ ਆਪ ਵਿਚਾਰ, ਏਕਾ ਦੇਵੇ ਚਰਨ ਧੂੜ । ਚਰਨ ਧੂੜ ਸਾਚਾ ਨਾਤਾ । ਆਪੇ ਦੇਵੇ ਪੁਰਖ ਬਿਧਾਤਾ । ਗੁਰਮੁਖ ਵਿਰਲਾ ਪ੍ਰਭ ਪਛਾਤਾ । ਸੋਹੰ ਦੇਵੇ ਸਾਚੀ ਦਾਤਾ । ਅੰਤਕਾਲ ਹੋਏ ਸਹਾਈ ਛੱਡ ਜਾਇਣ ਮਾਤ ਪਿਤ ਭੈਣ ਭਰਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਸਾਚੀ ਰੀਤੀ । ਪਰਖੇ ਨੀਤੀ ਕਰ ਦਰਸ ਮਿਟੇ ਹਰਸ ਪ੍ਰਭ ਕਾਇਆ ਸੀਤਲ ਕੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਤਰਾਏ ਚਰਨ ਲਗਾਏ ਸ਼ਬਦ ਲਿਖਾਏ ਪਿਛਲੀ ਭੁਲ ਜੋ ਜਨ ਕੀਤੀ । ਭੁਲ ਭੁਲਾਇਆ ਜੀਵ ਹਲਕਾਇਆ । ਪ੍ਰਭ ਅਬਿਨਾਸ਼ੀ ਭੇਵ ਨਾ ਪਾਇਆ । ਸਰਬ ਘਟ ਵਾਸੀ ਸਰਬ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੁੱਲਿਆਂ ਰੁਲਾਇਆ, ਡੁੱਲਿਆਂ ਡੁਲਾਇਆ ਗਲੇ ਲਗਾਇਆ । ਆਪ ਲਗਾਏ ਆਪਣੇ ਅੰਗ । ਆਪ ਰਖਾਏ ਆਪਣੇ ਸੰਗ । ਪ੍ਰਭ ਦਰ ਮੰਗੇ ਜਨ ਸਾਚੀ ਮੰਗ । ਮਾਨਸ ਜਨਮ ਨਾ ਹੋਏ ਭੰਗ । ਕਲਜੁਗ ਅੰਤਮ ਅੰਤ ਪਾਰ ਜਾਇਣ ਲੰਘ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਵਡ ਸੂਰਾ ਸਰਬੰਗ । ਪ੍ਰਭ ਜੀਵ ਜੰਤ ਉਧਾਰ ਕਰ । ਰੁੜ੍ਹਦਾ ਬੇੜਾ ਪਾਰ ਕਰ । ਕਿਰਪਾ ਗਿਰਵਰ ਗਿਰਧਾਰ ਕਰ । ਨਿਰਧਨ ਹੋਏ ਸੁਧਾਰ ਕਰ । ਦੁਖੀਆਂ ਦੁਖ ਨਾਸ ਕਰ । ਆਪਣਾ ਆਪ

ਵਿਸ਼ਵਾਸ ਕਰ । ਏਕਾ ਜੋਤ ਪਰਕਾਸ਼ ਕਰ । ਗੁਰਮੁਖ ਆਪਣਾ ਦਾਸ ਕਰ । ਸੋਹੰ ਰਸਨ ਸਵਾਸ ਸਵਾਸ ਕਰ । ਪ੍ਰਭ ਸਾਚੇ ਆਤਮ ਘਰ ਸਚ
ਧੀਰ ਧਰਵਾਸ ਧਰ । ਕਲਜੁਗ ਅੰਧੇਰੀ ਰਾਤ ਆਵੇ ਡਰ, ਸਦਾ ਸਦਾ ਰੱਖ ਪਾਸ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਿਸੇ
ਤੇਰਾ ਸਾਚਾ ਘਰ, ਆਤਮ ਦੁਖੜੇ ਨਾਸ ਕਰ । ਸਾਚਾ ਘਰ ਸਚ ਦਰਬਾਰਾ । ਵਸੇ ਆਪ ਆਪ ਕਰਤਾਰਾ । ਦੱਸੇ ਜਾਪ ਸੋਹੰ ਸਾਚੀ ਧਾਰਾ ।
ਕੱਢੇ ਪਾਪ ਰਸਨ ਰਸਨ ਰਸਨ ਜਿਸ ਜਨ ਉਚਾਰਾ । ਜਗਤ ਹੋਏ ਵਡ ਪਰਤਾਪ ਗੁਰਸਿਖ ਗੁਰ ਚਰਨ ਕਰੇ ਨਿਮਸਕਾਰਾ । ਹੋਏ ਸਹਾਈ ਆਪੇ
ਆਪ, ਜੋ ਜਨ ਆਇਣ ਚਲ ਦਵਾਰਾ । ਹੋਏ ਸਹਾਈ ਦੇਵੇ ਵਡਿਆਈ । ਪਤਿ ਰਖਾਈ ਗੁਰ ਮਤਿ ਪ੍ਰਭ ਸਰਬ ਜਣਾਈ । ਆਤਮ ਵੱਤ ਸੋਹੰ
ਸਾਚਾ ਬੀਜ ਬਿਜਾਈ । ਰਸਨਾ ਚਰਖਾ ਸਾਚਾ ਨਾਮ ਸੋਹੰ ਕੱਤ, ਤਾਣਾ ਪੇਟਾ ਪ੍ਰਭ ਆਪ ਰਖਾਈ । ਏਕਾ ਦੇਵੇ ਸਾਚੀ ਮਤ, ਪਿਤਾ ਮਾਤ ਜਿਉਂ
ਪੂਤ ਸਮਝਾਈ । ਜੀਵ ਜੰਤ ਬਾਲ ਅੰਵਾਣਾ ਪ੍ਰਭ ਸਾਚਾ ਕੰਤ, ਸੁਘੜ ਸਿਆਣਾ ਆਪ ਬਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ
ਤੇਰੀ ਵਡਿਆਈ । ਆਪ ਬਣਾਏ ਸਰਬ ਬਣਤ, ਨਾ ਕਿਸੇ ਪਛਾਣਾ । ਬੈਠਾ ਰਹੇ ਵਿਚ ਇਕੰਤ, ਸਰਬ ਚਲਾਏ ਆਪਣਾ ਭਾਣਾ । ਮਾਣ ਗਵਾਏ
ਸਭ ਰਾਜਾ ਰਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਾ । ਜੋਤ ਸਰੂਪੀ ਬਾਣਾ ਧਾਰ । ਆਪਣਾ ਰੰਗ ਕੀਆ
ਕਰਤਾਰ । ਕਲਜੁਗ ਜੀਵ ਭੁਲਾਵੇ ਕਰ ਗਵਾਰ । ਗੁਰਮੁਖਾਂ ਪ੍ਰਭ ਪਾਵੇ ਆਪੇ ਸਾਰ । ਆਤਮ ਉਤਾਰੇ ਤ੍ਰਿਸਨਾ, ਭੁੱਖਿਆਂ ਦੇਵੇ ਦਰਸ ਅਪਾਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰ । ਸਚ ਕਰਮ ਪ੍ਰਭ ਸਾਚਾ ਕਰਤਾ । ਸਚ ਧਰਮ ਪ੍ਰਭ ਸਾਚਾ ਧਰਤਾ । ਸਚ ਬ੍ਰਹਮ
ਪ੍ਰਭ ਆਤਮ ਵਰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਅਖਵਾਏ, ਜੀਵ ਜੰਤ ਉਪਾਏ, ਜੋਤ ਸਰੂਪੀ ਵਿਚ ਸਮਾਏ ਵਡ ਧਰਨੀ
ਧਰਤਾ । ਧੀਰਜ ਦੇਵੇ ਸਾਚੀ ਮਤਿ । ਆਪੇ ਰੱਖੇ ਗੁਰਸਿਖ ਪਤਿ । ਸੋਹੰ ਸਾਚਾ ਆਤਮ ਯਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ
ਸਾਚੇ ਤੇਰੀ ਆਪੇ ਜਾਣੇ ਮਿਤ ਗਤ । ਆਪੇ ਜਾਣੇ ਆਪ ਪਛਾਣਤ । ਗੁਰਮੁਖ ਸਾਚੇ ਪ੍ਰਭ ਚਰਨ ਧਿਆਨਤ । ਏਕਾ ਦੇਵੇ ਆਤਮ ਬ੍ਰਹਮ ਗਿਆਨਤ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬਣਾਏ ਚਤੁਰ ਸੁਜਾਨਤ । ਸਚ ਘਰ ਤੇਰਾ ਦਰਬਾਰਾ । ਸਚ ਘਰ ਤੇਰਾ ਪਸਾਰਾ । ਸਚ
ਘਰ ਵਸੇ ਆਪੇ ਆਪ ਆਪ ਨਿਰੰਕਾਰਾ । ਰਾਹ ਸਾਚਾ ਦੱਸੇ, ਏਕਾ ਦੇਵੇ ਸ਼ਬਦ ਹੁਲਾਰਾ । ਗੁਰਮੁਖ ਸਾਚੇ ਹਿਰਦੇ ਵਸੇ, ਆਤਮ ਜੋਤ ਕਰੇ
ਉਜਿਆਰਾ । ਹੋਏ ਪਰਕਾਸ਼ ਕੋਟ ਰਵ ਸੱਸੇ, ਆਤਮ ਮਿਟੇ ਧੁੰਧੂਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਖੁਲ੍ਹਾਵੇ ਤੇਰਾ ਦਸਮ
ਦਵਾਰਾ । ਦਸਮ ਨਿਗਮ ਕਰ ਵਿਚਾਰ, ਜੋਤੀ ਜੋਤ ਕਰੇ ਉਜਿਆਰ । ਸੋਹੰ ਸ਼ਬਦ ਚਲਾਵੇ ਆਰ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜਿਸ ਜਨ ਦੇਵੇ ਮਨ ਰਖਾਏ ਤਨ ਮਿਟਾਏ ਜਨ ਸੁਣਾਵੇ ਕੰਨ ਜੋ ਆਵੇ ਅੰਨ ਕਰ ਕਿਰਪਾ ਜਾਏ ਤਾਰ । ਅੰਧੇਰ ਮਿਟਾਏ, ਸਵੇਰ ਵਖਾਏ, ਹੇਰ
ਫੇਰ ਗਵਾਏ ਨਾ ਦੇਰ ਲਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜੇ ਰਾਣੇ ਸੁਘੜ ਸਿਆਣੇ, ਵਡ ਬਲੀ ਬਲਵਾਨੇ, ਜੋਧਬੀਰ ਵਡ ਸੁਲਤਾਨੇ,
ਚਰਨ ਲੈ ਆਏ ਘੇਰ । ਸੋਹੰ ਸ਼ਬਦ ਤੀਰ ਚੌਗਿਰਦ ਚਲਾਇਆ । ਆਪਣਾ ਬਿਰਦ ਪ੍ਰਭ ਮਾਤ ਰਖਾਇਆ । ਕਾਰਜ ਸਿੱਧ ਨਿਹਕਲੰਕ ਕਰਾਇਆ ।
ਗੁਰ ਗੋਬਿੰਦ ਅੰਤ ਸ੍ਰਿਸ਼ਟ ਆਪਣੀ ਦਾੜ੍ਹ ਪ੍ਰਭ ਲੈ ਚਬਾਇਆ । ਗੁਰਸਿਖ ਉਪਜਾਏ ਨੌਂ ਨਿਧ, ਪਰਗਟ ਹੋਏ ਦਰਸ ਦਿਖਾਇਆ । ਕਾਰਜ ਹੋਇਣ

ਸਿੱਧ, ਪ੍ਰਭ ਸਾਚੇ ਦਰਸ਼ਨ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਲਣ ਦੀ ਸਾਚੀ ਬਿਧ, ਮਦਿਰਾ ਮਾਸ ਰਸਨ ਤਜਾਇਆ । ਨਿਹਕਲੰਕ ਦਰ ਸੀਸ ਝੁਕਾਣਾ । ਏਕਾ ਅੰਕ ਇਕ ਜਗਦੀਸ ਸਤਿਜੁਗ ਅਖਵਾਣਾ । ਸ੍ਰਿਸ਼ਟ ਸਬਾਈ ਜਾਏ ਪੀਸ, ਜੀਵ ਜੰਤ ਚਾਰ ਕੁੰਟ ਬਿਲਲਾਨਾ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਹੋਏ ਸਹਾਈ ਲਾਜਪੱਤ ਆਪ ਰਖਾਈ, ਆਪਣੇ ਨਾਮ ਦੇਵੇ ਦੁਹਾਈ, ਚਾਰ ਕੁੰਟ ਸੁਣੇ ਲੋਕਾਈ, ਗੁਰਮੁਖ ਸਾਚੇ ਸੋਹੰ ਸ਼ਬਦ ਧੁਨ ਉਪਜਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਸੱਚੇ ਜਗਦੀਸ । ਸੋਹੰ ਸ਼ਬਦ ਧੁਨ ਉਪਜਾਏ । ਗੁਰਮੁਖ ਚੁਣ ਚਰਨ ਲਗਾਏ । ਬੇਮੁਖ ਪੁਣ ਦਰ ਦੁਰਕਾਏ । ਨਿਹਕਲੰਕ ਕਵਣ ਜਾਣੇ ਤੇਰੇ ਗੁਣ, ਸੋ ਜਾਣੇ ਜਿਸ ਆਪ ਜਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਸਦ ਸਮਾਏ । ਦੋਏ ਜੀਆ ਏਕਾ ਹੀਆ ਵਰ ਘਰ ਪਾਇਆ ਸਾਚਾ ਪੀਆ । ਆਪ ਰਖਾਈ ਆਪਣੀ ਨੀਆ । ਸੋਹੰ ਸੱਚਾ ਸਚ ਆਤਮ ਬੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਇਆ ਦੀਆ । ਆਤਮ ਜੋਤ ਹੋਏ ਪਰਕਾਸ਼ । ਅੰਧ ਅੰਧੇਰ ਹੋ ਜਾਏ ਵਿਨਾਸ । ਘਟ ਘਟ ਵਸੇ ਸਰਬ ਘਟ ਵਾਸ । ਗੁਰਮੁਖ ਸਾਚੇ ਸਾਚਾ ਹੋਇਆ ਵਾਸ । ਪਾਪ ਪਹਾੜਾਂ ਕੀਨਾ ਨਾਸ । ਸੋਹੰ ਸ਼ਬਦ ਜਪ ਸਵਾਸ ਸਵਾਸ । ਆਪੇ ਦੇਵੇ ਸਵਾਸ ਗਰਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਸਦ ਸਦ ਵਸੇ ਪਾਸ । ਗੁਰਸਿਖ ਗੁਰ ਦਰ ਦਵਾਰਾ । ਆਪੇ ਭਰੇ ਪ੍ਰਭ ਭੰਡਾਰਾ । ਆਪੇ ਬਣੇ ਪ੍ਰਭ ਵਰਤਾਰਾ । ਜੋਤੀ ਜੋਤ ਜੋਤ ਨਿਰੰਕਾਰਾ । ਸਾਚਾ ਘਰ ਸਾਚਾ ਦਰ ਸਾਚਾ ਦੇਵੇ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਹੋਏ ਭਗਤ ਅਧਾਰਾ । ਭਗਤ ਉਧਾਰਿਆ ਜਨਮ ਸਵਾਰਿਆ । ਦੁਖ ਦਰਦ ਨਿਵਾਰਿਆ । ਦੁਖ ਰੋਗ ਗਵਾ ਰਿਹਾ । ਸਹਿਸਾ ਸੋਗ ਚੁਕਾ ਰਿਹਾ । ਆਤਮ ਭੁੱਖ ਸਰਬ ਗਵਾ ਰਿਹਾ । ਲੱਗੇ ਦੁਖ ਸਰਬ ਮਿਟਾ ਰਿਹਾ । ਸੁੱਕੇ ਰੁੱਖ ਪ੍ਰਭ ਹਰੇ ਕਰਾ ਰਿਹਾ । ਉਜਲ ਮੁਖ ਵਿਚ ਸੰਸਾਰ ਕਰਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਤੇਰੇ ਚਰਨ ਕਲ ਨਿਮਸਕਾਰਿਆ । ਨਿਮਸਕਾਰ ਗੁਰ ਦਰਬਾਰ ਪ੍ਰਭ ਸਾਚਾ ਪਾਵੇ ਸਾਰ । ਗੁਰਮੁਖ ਲੱਭ ਅੰਮ੍ਰਿਤ ਦੇਵੇ ਨੀਰ ਕਵਲ ਨਭ । ਝਿਰਨਾ ਝਿਰੇ ਅੰਮ੍ਰਿਤ ਅਪਾਰ, ਦੁਖ ਦਰਦ ਨਿਵਾਰੇ ਸਭ । ਪ੍ਰਭ ਕਿਰਪਾ ਧਾਰ, ਦੂਤੀ ਦੁਸ਼ਟ ਆਪ ਸੰਘਾਰੇ ਸਭ । ਸੋਹੰ ਸ਼ਬਦ ਚਲੇ ਖੰਡਾ ਦੋ ਧਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੱਬ । ਸੋਹੰ ਚਲੇ ਖੰਡਾ ਦੋ ਧਾਰਾ । ਦੂਤੀ ਦੁਸ਼ਟ ਕਰੇ ਖੁਆਰਾ । ਸਾਚੇ ਪ੍ਰਭ ਸਿਰ ਰਖਾਇਆ ਆਰਾ । ਆਪੇ ਚੀਰ ਲਗਾਵੇ ਕਰੇ ਦੋ ਫਾਰਾ । ਦੁਖ ਰੋਗ ਮਿਟਾਵੇ ਵਿਚ ਬਹੱਤਰ ਨਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਵਿਚ ਜੰਗਲ ਜੂਹ ਪਹਾੜਾ । ਸਾਚਾ ਪ੍ਰਭ ਸਦ ਸੁਹੇਲਾ । ਪ੍ਰਭ ਸਾਚੇ ਦਾ ਸਾਚਾ ਮੇਲਾ । ਗੁਰਸਿਖ ਬਣਾਏ ਸੱਜਣ ਸੁਹੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰਵੇ ਸਦ ਰੰਗ ਨਵੇਲਾ । ਆਪਣੇ ਰੰਗ ਵਰਤਣ ਜੋਗ । ਦੇਵੇ ਦਰਸ ਆਪ ਅਮੋਘ । ਮਿਟਾਏ ਹਰਸ ਚੁੱਕੇ ਸੋਗ । ਜੋ ਜਨ ਰਹੇ ਤਰਸ, ਪ੍ਰਭ ਚੁਗਾਵੇ ਸੋਹੰ ਸਾਚੀ ਚੋਗ । ਅੰਮ੍ਰਿਤ ਮੇਘ ਆਤਮ ਬਰਸ, ਹਉਮੇ ਗਵਾਏ ਵਿਚੋਂ ਰੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਸਾਚਾ ਯੋਗ । ਸਾਚਾ ਯੋਗ ਜਟਾ ਜੂਟ ਧਾਰ । ਮੂਡ ਮੁੰਡਾਏ ਵਿਚ ਸੰਸਾਰ । ਰਿਧ ਸਿਧ ਨਵ ਨਿਧ ਪ੍ਰਭ ਚਰਨ ਪਨਿਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਜਪਾਵੇ ਪਾਵੇ ਸਰਬ ਸਾਰ । ਸਾਰੰਗ ਧਰ ਪ੍ਰਭ ਭਗਵਾਨ ਬੀਠਲਾ ।

ਪ੍ਰਭ ਸਾਚੇ ਦਾ ਸਾਚਾ ਦਰ ਗੁਰਮੁਖਾਂ ਲੱਗੇ ਮੀਠਲਾ । ਸੋਹੰ ਦੇਵੇ ਸਾਚਾ ਵਰ, ਆਤਮ ਰੰਗ ਚੜ੍ਹਾਏ ਮਜੀਠਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਤਰਾਏ ਜਿਉਂ ਨਾਨਕ ਕੌੜਾ ਰੀਠਲਾ ।

### * ੨੨ ਸਾਵਣ ੨੦੦੯ ਬਿਕ੍ਰਮੀ ਰਣਜੀਤ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ *

ਮਿਲ ਹਰਿ ਆਤਮ ਰੰਗਿਆ । ਗੁਰਮੁਖ ਸਾਚਾ ਦਰਸ ਦਾਨ ਦਰ ਮੰਗਿਆ । ਪ੍ਰਭ ਸਦਾ ਸਹਾਈ ਅੰਗਿਆ ਸੰਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਹੋਏ ਸਹਾਈ ਭੁੱਖਿਆ ਨੰਗਿਆ । ਗਊ ਗ਼ਰੀਬ ਸੁਣੇ ਪੁਕਾਰਾ । ਆਪੇ ਆਪ ਆਪ ਗਿਰਧਾਰਾ । ਪੂਰਬ ਕਰੇ ਸਰਬ ਵਿਚਾਰਾ । ਆਪਣਾ ਖੇਲ ਆਪ ਕਰ, ਜਗਤ ਮਿਟਾਏ ਅੰਧ ਅੰਧਿਆਰਾ । ਗੁਰਮੁਖ ਸਾਚੇ ਮੇਲ ਕਰ, ਸੋਹੰ ਦੇਵੇ ਸ਼ਬਦ ਅਧਾਰਾ । ਬੇਮੁਖਾਂ ਬੇੜਾ ਠੇਲ ਕਰ, ਨਾ ਦਿਸੇ ਕੋਇ ਕਿਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਕਲ ਖੇਲ ਕਰ, ਸ੍ਰਿਸ਼ਟ ਸਬਾਈ ਕਰੇ ਖੁਆਰਾ । ਗਵਾਰ ਗਵਾਰ ਗਵਾਰ ਪ੍ਰਭ ਸ੍ਰਿਸ਼ਟ ਕਰ । ਖਵਾਰ ਖਵਾਰ ਆਤਮ ਕਲਜੁਗ ਜੀਵ ਕਰ । ਗੁਰਮੁਖ ਸਾਚੇ ਚਰਨ ਲਗਾਏ ਆਪਣੀ ਕਿਰਪਾ ਅਪਾਰ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਰ । ਏਕਾ ਦੇਵੇ ਸਾਚਾ ਜੀਅ । ਆਪ ਰਖਾਏ ਸਤਿਜੁਗ ਸਾਚੀ ਨੀਹ । ਗੁਰਸਿਖ ਬਣਾਏ ਉਤਮ ਸੋਹੰ ਆਤਮ ਸਾਚਾ ਬੀਜ ਬੀ । ਸਤਿਜੁਗ ਸਾਚੇ ਫਲ ਲਗਾਏ, ਆਪ ਆਪਣੇ ਕੀਨੇ ਜੀ । ਪ੍ਰਭ ਕਾ ਭਾਣਾ ਜਾਏ ਨਾ ਟਲ, ਅਗਨ ਮੇਘ ਬਰਸਾਏ ਮੀਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜਾਮਾ ਧਰ, ਅਵਤਾਰ ਨਰ ਖੇਲ ਕਰ, ਦੁਸ਼ਟ ਸੰਘਾਰ ਭਗਤ ਉਧਾਰੇ ਆਪ ਬਣਾਏ ਪੁੱਤਰ ਧੀ । ਭਗਤ ਉਧਾਰੇ ਏਕਾ ਗੁਰ । ਜੀਵ ਸੁਧਾਏ ਏਕਾ ਗੁਰ । ਭੇਖ ਵਟਾਏ ਏਕਾ ਗੁਰ । ਆਤਮ ਵੇਖ ਚਰਨ ਲਗਾਏ ਏਕਾ ਗੁਰ । ਸਾਚੀ ਜੋਤ ਜਗਾਏ ਏਕਾ ਗੁਰ । ਜੋ ਜਨ ਹੋਏ ਚਰਨ ਪਨਿਹਾਰੇ, ਦਰ ਘਰ ਆਏ ਤਾਰੇ ਏਕਾ ਗੁਰ । ਦਰ ਘਰ ਆਏ ਕਾਜ ਸਵਾਰੇ, ਮੇਲ ਮਿਲਾਵੇ ਏਕਾ ਗੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਉਤਾਰੇ, ਚਰਨ ਆਏ ਜੋ ਬੈਠੇ ਜੁਰ । ਚਰਨ ਲਗਾਇਆ ਮਰਨ ਚੁਕਾਇਆ । ਚਰਨ ਲਗਾਇਆ ਡਰਨ ਚੁਕਾਇਆ । ਚਰਨ ਲਗਾਇਆ ਪ੍ਰਭ ਦਇਆ ਕਮਾਇਆ । ਚਰਨ ਲਗਾਇਆ ਜੀਵ ਜੰਤ ਪ੍ਰਭ ਇਕੰਤ ਅੰਤਮ ਸਭ ਮੇਲ ਮਿਲਾਇਆ ਸਾਧ ਸੰਤ ਜੋਤ ਜਗੰਤ, ਆਤਮ ਸਾਚਾ ਦੀਪ ਜਗਾਇਆ । ਚਰਨ ਲਗਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਣ ਤਰਾਇਆ । ਬਣਤ ਬਣਾਏ ਆਪੇ ਜਗ । ਗੁਰਮੁਖ ਗੁਰਸਿਖ ਚਰਨ ਲੱਗ । ਪ੍ਰਭ ਸਾਚਾ ਹੰਸ ਬਣਾਏ ਕਲਜੁਗ ਕਗ । ਆਪ ਆਪਣੀ ਅੰਸ ਬਣਾਏ ਸੋਹੰ ਸ਼ਬਦ ਲਗਾਏ ਰਸਨ ਸਗ । ਵਿਚ ਸਹੰਸ ਗੁਰਸਿਖ ਉਪਜਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸਰਨੀ ਜਾਇਣ ਲੱਗ । ਗੁਰ ਚਰਨ ਜੰਤ ਉਧਾਰੇ । ਗੁਰ ਚਰਨ ਮਿਲੇ ਕੰਤ ਪਿਆਰੇ । ਚਰਨ ਲਾਗ ਦੇਵੇ ਸ਼ਬਦ ਅਧਾਰੇ । ਗੁਰ ਚਰਨ ਵਿਰਲੇ ਆਇਣ ਸੰਤ ਦਵਾਰੇ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪਾਪੀ ਪਾਰ ਉਤਾਰੇ । ਪਾਪ ਖੰਡੇ ਸੋਹੰ ਵੰਡੇ ਵਿਚ ਬ੍ਰਹਿਮੰਡੇ । ਜੋਤ ਪਰਗਟਾਏ ਵਿਚ ਨਵ ਖੰਡੇ । ਝੂਠੀ ਸ੍ਰਿਸ਼ਟ ਕਰਾਏ ਰੰਡੇ । ਆਪੇ ਭੰਨ ਵਖਾਏ


੧੯੫
੦੨

ਕਾਇਆ ਕਾਚੀ ਭਾਂਡੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਸ੍ਰਿਸ਼ਟ ਸਬਾਈ ਆਪ ਕਰਾਏ ਖੰਡੇ । ਸ੍ਰਿਸ਼ਟ ਸਬਾਈ ਆਪੇ ਖੰਡ । ਚਾਰ ਕੁੰਟ ਦਿਸੇ ਰੰਡ । ਸਾਚਾ ਲਾਇਆ ਸੋਹੰ ਡੰਡ । ਬੇਮੁਖਾਂ ਆਈ ਅੰਤ ਕੰਡ । ਸਾਚਾ ਸ਼ਬਦ ਪ੍ਰਭ ਚਲਾਇਆ ਚੰਡ ਪਰਚੰਡ । ਏਕਾ ਹੁਕਮ ਸੁਣਾਇਆ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਵਰਭੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਜਾਮਾ ਪਾਇਆ । ਜੋਤ ਜਗਾਏ ਆਪੇ ਆਪ ਨਵਖੰਡ । ਏਕਾ ਜੋਤ ਆਪ ਧਰਾਏ । ਆਪ ਆਪਣੀ ਦਾਤ ਟਿਕਾਏ । ਆਪ ਆਪਣਾ ਮਾਤ ਪਰਗਟਾਏ । ਸਚ ਗੁਰ ਸਤਿਜੁਗ ਸਤਿ ਸਤਿ ਸਤਿ ਲਗਾਏ । ਸੋਹੰ ਵਡ ਕਰਾਮਾਤ ਵਿਚ ਸ੍ਰਿਸ਼ਟ ਧਰਾਏ । ਚਰਨ ਪ੍ਰੀਤੀ ਨਿਹਕਲੰਕ ਸਾਚਾ ਨਾਉਂ ਰਖਾਏ । ਅੰਤਕਾਲ ਨਾ ਕੋਈ ਪੁੱਛੇ ਬਾਤ, ਝੂਠੇ ਦਿਸਣ ਭੈਣ ਭਰਾਏ । ਨਾ ਕੋਈ ਅੰਤ ਛੁਡਾਏ ਨਾ ਹੋਏ ਸਹਾਏ । ਪਿਤ ਮਾਤ ਆਪਣੀ ਗੋਦ ਰਹੇ ਉਠਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸੋਹੰ ਸਾਚੀ ਦਾਤ, ਵੇਲੇ ਅੰਤ ਹੋਏ ਆਪ ਸਹਾਏ । ਸੋਹੰ ਸੋ ਈਸ਼ਵਰ ਜਾਣ । ਸੋਹੰ ਸ਼ਬਦ ਜਪ ਜੀਵ ਆਪਣਾ ਆਪ ਪਛਾਣ । ਸੋਹੰ ਏਕਾ ਜੀਵ ਈਸ਼ਵਰ ਏਕਾ, ਏਕਾ ਏਕ ਏਕ ਪਛਾਣ । ਸੋਹੰ ਸਾਚਾ ਸਤਿਜੁਗ ਸਾਚੇ ਦੀਆ, ਕਿਰਪਾ ਕਰੇ ਪ੍ਰਭ ਮਹਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਵਿਸ਼ਨੂੰ ਭਗਵਾਨ । ਅਚਰਜ ਭੇਖਿਆ ਕਲਜੁਗ ਭੁਲਾਏ ਭਰਮ ਭੁਲੇਖਿਆ । ਗੁਰਸਿਖ ਵਿਰਲੇ ਨੇਤਰ ਪੇਖਿਆ । ਪ੍ਰਭ ਸਾਚੇ ਜਨ ਧੁਰੋਂ ਲਿਖਾਈ ਰੇਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਲੱਖ ਚੁਰਾਸੀ ਆਪ ਮੁਕਾਏ ਤੇਰਾ ਲੇਖਿਆ । ਲੱਖ ਚੁਰਾਸੀ ਆਪ ਗਵਾਏ । ਆਪ ਉਧਾਰੇ ਆਪੇ ਤਾਰੇ । ਆਪੇ ਆਪ ਪਾਏ ਸਾਰੇ । ਜੀਵ ਜੰਤ ਕੀ ਕਰਨ ਵਿਚਾਰੇ । ਸਾਧ ਸੰਤ ਬੈਠੇ ਹੋਏ ਅੰਧ ਅੰਧਿਆਰੇ । ਆਤਮ ਅੰਧੇਰ ਰਸਨਾ ਹੋਏ ਹਲਕਾਰੇ । ਨਾ ਦਿਸੇ ਸੰਞ ਸਵੇਰ, ਮੰਗਣ ਖੜੇ ਦਰ ਦਰ ਦਵਾਰੇ । ਗੁਰਮੁਖਾਂ ਦੇਵੇ ਸਾਚੀ ਧੀਰ, ਪਰਗਟ ਜੋਤ ਆਪ ਨਿਰੰਕਾਰੇ । ਖਿਚੇ ਜੋਤ ਅਠਸਠ ਤੀਰਥ ਨੀਰ, ਏਕਾ ਓਟ ਨਿਹਕਲੰਕ ਚਰਨ ਦਵਾਰੇ । ਕਲਜੁਗ ਲੱਥੇ ਅੰਤਮ ਚੀਰ, ਨਗਨ ਫਿਰਨ ਰਾਓ ਰਾਜਾਨ ਹੋਏ ਖੁਆਰੇ । ਗੁਰਮੁਖਾਂ ਦੇਵੇ ਸਾਚਾ ਸੀਰ, ਪ੍ਰਭ ਸਾਚੇ ਦੇ ਵਡ ਭੰਡਾਰੇ । ਵਿਚੋਂ ਕੱਢੇ ਹਉਮੇ ਪੀੜ, ਆਤਮ ਰਹੇ ਨਾ ਲੋਭ ਹੰਕਾਰੇ । ਆਪ ਬਣਾਏ ਸਚ ਸਚ ਸੂਰਬੀਰ, ਸਾਚੀ ਦੇਵੇ ਜੋਤ ਅਧਾਰੇ । ਏਕਾ ਸ਼ਬਦ ਲਗਾਏ ਤੀਰ, ਸ੍ਰਿਸ਼ਟ ਸਬਾਈ ਹੋਏ ਦੋ ਫਾੜੇ । ਚਾਰ ਕੁੰਟ ਰਹੇ ਵਹੀਰ, ਪ੍ਰਭ ਸਾਚੇ ਦੇ ਖੇਲ ਨਿਆਰੇ । ਕਲਜੁਗ ਹੋਏ ਅੰਤਮ ਭੀੜ, ਦੁਖੀ ਜੀਵ ਕਰਨ ਹਾਹਾਕਾਰੇ । ਪ੍ਰਭ ਸਾਚੇ ਤੋੜੀ ਹੱਡੀ ਰੀੜ, ਕੋਈ ਨਾ ਦੇਵੇ ਸਾਚੀ ਧੀਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪ ਅਖਵਾਏ, ਏਕਾ ਆਪ ਤਰਾਏ, ਏਕਾ ਆਪ ਜਪਾਏ, ਏਕਾ ਆਪ ਭੁਲਾਏ, ਆਪੇ ਆਪ ਪਿਲਾਏ, ਗੁਰਮੁਖਾਂ ਦੇਵੇ ਸੋਹੰ ਸਾਚਾ ਸੀਰ । ਸਾਚਾ ਸੀਰ ਮੁਖ ਲਗਾਏ । ਸਾਚਾ ਸੀਰ ਸੁਖ ਉਪਜਾਏ । ਸਾਚਾ ਸੀਰ ਦੁਖ ਗਵਾਏ । ਸਾਚਾ ਸੀਰ ਭੁੱਖ ਮਿਟਾਏ । ਸਾਚਾ ਸੀਰ ਸੁਕੜੇ ਰੁਖੜੇ ਹਰੇ ਕਰਾਏ । ਸਾਚਾ ਸੀਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਮੁਖ ਚੁਆਏ । ਅੰਮ੍ਰਿਤ ਆਤਮ ਸਰ । ਆਤਮ ਦੇਵੇ ਪ੍ਰਭ ਜੋਤ ਧਰ । ਏਕ ਦਿਸਾਵਾ ਸਾਚਾ ਘਰ । ਦਵਾਰ ਦਸਮ ਖੋਲ੍ਹ ਵਖਾਏ ਨਾ ਆਏ ਡਰ । ਕੋਟ ਕੋਟਨ ਪਾਪ ਗਵਾਏ ਪ੍ਰਭ ਭਸਮ ਕਰਾਏ, ਸੀਸ ਝੁਕਾਏ ਜੀਵ ਸਾਚੇ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਸਤਿਜੁਗ ਖੁਲ੍ਹਾਏ ਸਾਚਾ ਦਰ । ਸਤਿਜੁਗ ਤੇਰਾ ਦਰ ਦਰਵਾਜ਼ਾ । ਪਰਗਟੇ ਜੋਤ ਗ਼ਰੀਬ ਨਿਵਾਜ਼ਾ । ਸ੍ਰਿਸ਼ਟ ਸਬਾਈ ਜਿਸ

ਸਾਜਨ ਸਾਜਾ । ਭਾਗ ਲਗਾਇਆ ਪ੍ਰਭ ਦੇਸ ਮਾਝਾ । ਆਪਣਾ ਆਪ ਉਪਾਇਆ, ਜੋਤ ਜਗਾਈ ਵਡ ਰਾਜਨ ਰਾਜਾ । ਏਕ ਆਪ ਆਪਣਾ ਡੰਕ ਵਜਾਇਆ, ਝੂਠਾ ਠੂਠਾ ਸਰਬ ਕਾ ਬਾਜਾ । ਸੋਹੰ ਸਾਚਾ ਰਸਨ ਚਲਾਇਆ, ਗੁਰਮਖਾਂ ਮਾਰੇ ਆਪ ਅਵਾਜਾ । ਆਪਣਾ ਭਾਣਾ ਆਪ ਵਰਤਾਇਆ, ਆਪ ਰਖਾਵੇ ਆਪਣੀ ਲਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਸਤਿਜੁਗ ਸਵਾਰੇ ਆਪੇ ਕਾਜਾ । ਮਾਝਾ ਦੇਸ ਤੇਰਾ ਸਾਚਾ ਘਰ । ਜੋਤ ਪਰਗਟਾਏ ਆਪੇ ਹਰਿ । ਵਡ ਵਡ ਵਡ ਪਰਤਾਪੇ ਪ੍ਰਭ ਤੇਰਾ ਸਾਚਾ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਮਾਈ ਬਾਪੇ, ਸਰਬ ਉਧਾਰੇ ਜੋ ਜਨ ਸਰਨੀ ਜਾਇਣ ਪਰ । ਮਾਝਾ ਦੇਸ ਲਾਗੇ ਭਾਗ । ਮਾਝਾ ਦੇਸ ਸੋਇਆ ਜਾਗ । ਮਾਝਾ ਦੇਸ ਪ੍ਰਭ ਉਪਜਾਇਆ ਸਾਚਾ ਰਾਗ । ਮਾਝਾ ਦੇਸ ਜੋਤ ਪਰਗਟਾਵੇ । ਨਿਹਕਲੰਕ ਆਪ ਅਖਵਾਵੇ । ਗੁਰਮੁਖ ਸਾਚੇ ਆਪ ਮਿਲਾਵੇ । ਬੇਮੁਖ ਜੀਵ ਆਪ ਭੁਲਾਵੇ । ਮਦਿਰਾ ਮਾਸ ਮੁਖ ਰਖਾਵੇ । ਆਤਮ ਲਾਈ ਆਗ, ਰਾਮ ਦਾਸ ਤੇਰਾ ਸਾਚਾ ਸਰ, ਸਰ ਅੰਮ੍ਰਿਤ ਗਏ ਪਤਿ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲਜੁਗ ਆਪੇ ਦੇ ਸਜਾਏ । ਰਾਮ ਦਾਸ ਤੇਰੀ ਸਾਚੀ ਨਗਰੀ । ਅਰਜਨ ਗੁਰ ਬਣਾਈ ਸਚ ਸਮਗਰੀ । ਗਿਆਨ ਬੋਧ ਸ਼ਬਦ ਲਿਖਾਈ । ਆਤਮ ਰਹੇ ਸਦ ਇਕਗਰੀ । ਸਾਚਾ ਸ਼ਬਦ ਪ੍ਰਭ ਰਿਹਾ ਲਿਖਵਾਏ, ਏਕਾ ਪ੍ਰੀਤ ਪ੍ਰਭ ਚਰਨ ਸੰਗ ਲਗਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਖੇਲ ਆਪ ਮਿਟਾਏ, ਸਦਾ ਸਦਾ ਆਦਿ ਅੰਤ ਛਿਨ ਭੰਗਰੀ । ਆਇਆ ਹਰਿ ਆਪ ਨਿਰੰਕਾਰ । ਆਇਆ ਹਰਿ ਜੋਤ ਅਧਾਰ । ਆਇਆ ਹਰਿ ਭਗਤ ਉਧਾਰ । ਆਇਆ ਹਰਿ ਕਲਜੁਗ ਜੀਵ ਵਕਤ ਸੁਧਾਰ । ਆਇਆ ਹਰਿ ਮਾਨਸ ਜਨਮ ਮੂਲ ਨਾ ਹਾਰ । ਆਇਆ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲ ਜਾਮਾ ਧਾਰ । ਆਇਆ ਹਰਿ ਹਰਿ, ਘਰ ਆਇਆ ਹਰਿ । ਆਪ ਭੁਲਾਇਆ ਸਾਚਾ ਦਰ । ਆਇਆ ਹਰਿ ਮੁਖ ਰਖਾਇਆ ਸੋਹੰ ਸਾਚਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲ ਜਾਮਾ ਪਾਇਆ, ਚਰਨ ਲਾਗ ਜੀਵ ਜੰਤ ਜਾਇਣ ਤਰ । ਜਾਮਾ ਪਾਇਆ ਖੇਲ ਵਰਤਾਇਆ । ਭੇਵ ਛੁਪਾਇਆ ਦੇਵੀ ਦੇਵਤਾ ਸੇਵ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਨਾ ਆਪ ਖੁਲ੍ਹਾਇਆ । ਜਾਮਾ ਪਾ ਕੇ ਕਰਮ ਕਰਾ ਕੇ ਨਾਉਂ ਧਰਾ ਕੇ ਸ੍ਰਿਸ਼ਟ ਭੁਲਾ ਕੇ ਗੁਰਸਿਖ ਜਗਾ ਕੇ ਦਇਆ ਕਮਾ ਕੇ ਸਰਨ ਲਗਾ ਕੇ ਚਰਨ ਧੂੜ ਪ੍ਰਭ ਆਪ ਦੁਵਾ ਕੇ । ਆਤਮ ਨੂਰ ਰੰਗ ਚੜ੍ਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਖ ਕਲਜੁਗ ਆਇਆ ਵਟਾ ਕੇ । ਭੇਖ ਵਟਾਇਆ ਵੇਖ ਵਖਾਇਆ । ਵਡ ਵਡ ਸੇਠ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਸਰਬ ਭੁਲਾਇਆ । ਆਪ ਭੁਲਾਇਆ ਆਪ ਡੁਲਾਇਆ । ਆਪ ਰੁਲਾਇਆ ਆਪ ਤੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਆਪ ਛੁਪਾਇਆ । ਆਪਣਾ ਆਪ ਆਪ ਛੁਪਾ ਕੇ । ਭਰਮ ਭੁਲੇਖੇ ਸ੍ਰਿਸ਼ਟ ਭੁਲਾ ਕੇ । ਸਾਚੇ ਲੇਖੇ ਗੁਰਸਿਖ ਲਗਾ ਕੇ । ਦਰਸ਼ਨ ਪੇਖੇ ਪ੍ਰਭ ਦਰ ਆ ਕੇ । ਮਾਨਸ ਜਨਮ ਲਗਾਏ ਲੇਖੇ, ਜੋ ਜਨ ਚਰਨੀ ਡਿਗੇ ਆ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਜਾਏ ਆਪ ਕਮਾ ਕੇ । ਆਪੇ ਆਇਆ ਆਪੇ ਜਾਇਆ । ਆਪੇ ਦਾਈ ਆਪੇ ਦਾਇਆ । ਆਪੇ ਪਾਈ ਸਰਬ ਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਛੁਪਾਇਆ । ਆਪਣੀ ਮਾਇਆ ਆਪੇ ਪਾ ਕੇ । ਕਲਜੁਗ

ਜੀਵ ਸਰਬ ਭੁਲਾ ਕੇ । ਆਪਣੀ ਮਾਇਆ ਆਪੇ ਪਾਏ, ਆਪਣਾ ਭੇਵ ਆਪ ਛੁਪਾਏ । ਆਪਣੀ ਮਾਇਆ ਆਪੇ ਪਾਏ, ਦੇਵੀ ਦੇਵ ਕਿਸੇ ਦਿਸ ਨਾ ਆਏ । ਕਲਜੁਗ ਮਾਇਆ ਪਰੇ ਹਟਾਏ, ਗੁਰਸਿਖ ਸੇਵ ਲਗਾਏ । ਆਪ ਰਖਾਏ ਆਪਣੀ ਸਾਇਆ, ਅੰਤਕਾਲ ਨਾ ਕੋਇ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ । ਦਇਆ ਕਮਾਈ ਜੋਤ ਜਗਾਈ । ਵੱਜੀ ਵਧਾਈ ਸੁਣੇ ਲੋਕਾਈ । ਹੋਏ ਰੁਸ਼ਨਾਈ ਧੁਨ ਉਪਜਾਈ ਸੁੰਨ ਖੁਲ੍ਹਾਈ । ਗੁਰਮੁਖ ਸਾਚੇ ਸੰਤ ਜਨ ਪ੍ਰਭ ਆਪਣੇ ਚਰਨ ਲਗਾਈ । ਨਿਹਕਲੰਕ ਕਵਣ ਜਾਣੇ ਤੇਰੇ ਗੁਣ, ਮਹਾਰਾਜ ਸ਼ੇਰ ਸਿੰਘ ਨਾਉਂ ਰਖਾਈ । ਨਾਉਂ ਰਖਾਇਆ ਜਾਮਾ ਪਾਇਆ, ਪਿਤਾ ਮਾਤ ਘਰ ਪੂਤ ਅਖਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਦੂਤ ਸੰਗ ਲੈ ਆਇਆ । ਜਾਮਾ ਪਾਇਆ ਕਰਮ ਕਮਾਇਆ, ਧਰਮ ਧਰਾਇਆ, ਬ੍ਰਹਮ ਮਿਲਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਜਗਤ ਤਜਾਇਆ । ਆਪਣਾ ਆਪ ਜਗਤ ਤਜਾਏ । ਏਕਾ ਆਪਣਾ ਨਾਉਂ ਜਗਤ ਧਰਾਏ । ਝੂਠੀ ਕਾਇਆ ਖੇਲ ਰਚਾਏ । ਮਹਾਰਾਜ ਸ਼ੇਰ ਸਿੰਘ ਨਿਹਕਲੰਕ ਕਲ ਜਾਮਾ ਪਾਏ । ਆਪਣੀ ਦੇਹ ਆਪ ਤਜਾ ਕੇ । ਆਪਣਾ ਆਪ ਜਗਤ ਪਰਗਟਾ ਕੇ । ਜੋਤ ਸਰੂਪੀ ਜੋਤ ਪ੍ਰਭ ਏਕਾ ਜੋਤ ਨਾਉਂ ਧਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕੀਆ ਵਿਚ ਮਾਤ ਦੇ ਆ ਕੇ । ਜੀਵ ਜਾਏ ਫਿਰ ਨਾ ਆਏ । ਲੱਖ ਚੁਰਾਸੀ ਗੇੜ ਫਿਰਾਏ । ਗੁਰ ਜਾਏ ਫੇਰ ਨਾ ਆਏ । ਏਕਾ ਨਾਉਂ ਜਗਤ ਰਹਿ ਜਾਏ । ਈਸ਼ਰ ਭਾਏ ਕਰੇ ਕਰਾਏ । ਆਪੇ ਆਏ ਆਪੇ ਜਾਏ । ਨਾ ਕੋਇ ਵੇਖੇ ਨਾ ਵੇਖ ਵਖਾਏ । ਜੋਤ ਸਰੂਪੀ ਭੁਲੇਖੇ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਲੇਖੇ ਲਾਏ । ਪ੍ਰਭ ਭਗਵਾਨਾ ਪ੍ਰਭ ਜੋਤ ਮਹਾਨਾ, ਪ੍ਰਭ ਬੀਨਾ ਦਾਨਾ, ਪ੍ਰਭ ਚਤੁਰ ਸੁਜਾਨਾ । ਪ੍ਰਭ ਆਵਣ ਜਾਵਣ ਖੇਲ ਰਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਲ ਪਹਰਿਆ ਜਾਮਾ । ਬਾਣਾ ਧਾਰਿਆ, ਪਸਰ ਪਸਾਰਿਆ, ਭੇਵ ਛੁਪਾ ਰਿਹਾ, ਵੇਖਾ ਵੇਖ ਜਗਤ ਭੁਲਾ ਰਿਹਾ, ਭੇਖਾ ਭੇਖ ਜੋਤ ਸਰੂਪੀ ਭੇਖ ਵਟਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੂਪੀ ਗੁਰਮੁਖ ਸਾਚੇ ਸਾਚੇ ਦੀਪ ਜਗਾ ਰਿਹਾ । ਭੇਖ ਧਰਿਆ, ਆਸਾ ਵਰਿਆ, ਗੁਰਮੁਖ ਸਾਚੇ ਸਦ ਸਦਾ ਤੇਰੇ ਦਰ ਖੜ੍ਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾ ਵਰਿਆ । ਪ੍ਰਭ ਕਾ ਅੰਤ ਨਾ ਪਾਰਾਵਾਰ । ਪ੍ਰਭ ਸਾਚਾ ਸਚ ਵਿਹਾਰ । ਜੁਗੋ ਜੁਗ ਜਨ ਭਗਤਾਂ ਪਾਵੇ ਸਾਰ । ਆਵੇ ਦਰ ਬਾਂਹੋਂ ਪਕੜ ਕਲ ਜਾਵੇ ਤਾਰ । ਧੰਨ ਧੰਨ ਧੰਨ ਗੁਰਸਿਖ ਜਿਨ ਮਿਲਿਆ ਪ੍ਰਭ ਸਾਚਾ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦੁੱਤਰ ਜਾਏ ਤਾਰ । ਦੁੱਤਰ ਤਾਰੇ ਸਦ ਬਲਿਹਾਰੇ । ਵਾਰੋ ਵਾਰ ਕਾਜ ਸਵਾਰੇ, ਨਿਹਕਲੰਕ ਅਵਤਾਰੇ । ਅਚਰਜ ਖੇਲ ਅਪਰ ਅਪਾਰੇ । ਮਾਝਾ ਦੇਸ ਹੋਏ ਉਜਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਕਰਾਏ ਜੈ ਜੈ ਜੈਕਾਰੇ । ਜੈ ਜੈ ਜੈਕਾਰ ਆਪ ਕਰਾਣਾ । ਸੋਹੰ ਸਾਚਾ ਡੰਕ ਵਜਾਣਾ । ਏਕਾ ਸਾਚਾ ਅੰਕ ਰਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੰਕ ਦਵਾਰ ਸੁਹਾਣਾ । ਬੰਕ ਦਵਾਰ ਆਪ ਸੁਹਾਏ । ਪ੍ਰਭ ਸਾਚਾ ਜਿਸ ਥਾਂਏ ਚਰਨ ਛੁਹਾਏ । ਸਤਿਜੁਗ ਸਾਚ ਨਾਉਂ ਰਹਿ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਣ ਦਵਾਏ । ਵੇਲਾ ਅੰਤ ਅੰਤ ਅੰਤ ਆਪ ਬਣਾਏ ਆਪਣੀ ਬਣਤ । ਆਪ ਬਣਾਏ ਸਾਚੇ ਸੰਤ । ਬੈਠਾ ਰਹੇ ਆਪ ਇਕੰਤ । ਮਾਇਆ ਪਾਏ ਜਗਤ ਬੇਅੰਤ । ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਕੋਈ ਨਾ ਜਾਣੇ ਆਦਿ ਅੰਤ । ਆਦਿ ਆਦਿ ਆਪੇ ਆਦਿ । ਜੁਗਾਦਿ ਜੁਗਾਦਿ ਆਪੇ ਜੁਗਾਦਿ । ਨਾਦ ਨਾਦ ਸੋਹੰ ਸਾਚਾ ਨਾਦ । ਸਾਧ ਸਾਧ ਪ੍ਰਭ ਸਾਚਾ ਆਤਮ ਦੇਵੇ ਸਾਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਲਿਖਾਏ ਬੋਧ ਅਗਾਧ । ਸਾਚਾ ਪ੍ਰਭ ਆਪ ਲਿਖਾਏ । ਜੋ ਵਰਤਾਉਣਾ ਕਲ ਭੇਵ ਖੁਲ੍ਹਾਏ । ਗੁਰਮੁਖ ਸੋਹੰ ਗਾਵਣਾ ਜਿਸ ਦਇਆ ਕਮਾਏ । ਚਾਰ ਕੁੰਟ ਜੀਵ ਬਿਲਲਾਵਣਾ, ਪੈ ਜਾਏ ਸਰਬ ਦੁਹਾਏ । ਕਲਜੁਗ ਜੀਆਂ ਨੀਰ ਹੱਥ ਨਾ ਆਵਣਾ, ਅੰਤਕਾਲ ਕਲ ਆਪ ਵਰਤਾਏ । ਦਿਵਸ ਰੈਣ ਨਾ ਮਿਲੇ ਸਵਣਾ, ਭੱਜੇ ਫਿਰਨ ਪ੍ਰਭ ਅਗਨ ਜੋਤ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਆਪ ਤੜਫਾਏ । ਜੋਤ ਸਰੂਪੀ ਭੇਖ ਧਰਿਆ ਜਿਉਂ ਬਾਵਨਾ, ਗੁਰਮੁਖ ਵਿਰਲੇ ਆਣ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਜੋਤ ਆਪ ਪਰਗਟਾਏ । ਜੋਤ ਪਰਗਟਾਏ ਪੰਚਮ ਜੇਠ । ਗੁਰਸਿਖ ਰਖਾਏ ਸਾਇਆ ਹੇਠ । ਬੇਮੁਖ ਪਿਸਾਏ ਕੋੜੇ ਰੇਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਵਡ ਵਡ ਸੇਠ । ਪੰਚਮ ਜੇਠ ਜਗਤ ਉਜਿਆਰ । ਪੰਚਮ ਜੇਠ ਨਿਹਕਲੰਕ ਅਵਤਾਰ । ਪੰਚਮ ਜੇਠ ਕਰੇ ਵਿਚਾਰ । ਪੰਚਮ ਜੇਠ ਕਰੇ ਜਗਤ ਖੁਆਰ । ਪੰਚਮ ਜੇਠ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਸ਼ਟਾਂ ਦਏ ਸੰਘਾਰ । ਪੰਚਮ ਜੇਠ ਹੋਏ ਵਡਭਾਗਾ । ਗੁਰਸਿਖ ਆਏ ਚਰਨ ਲਾਗਾ । ਬੇਮੁਖ ਸਵਾਏ ਗੁਰਮੁਖ ਜਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤਾਏ, ਪਹਿਲੀ ਛੇੜ ਛਿੜਾਏ, ਨਾ ਕੋਈ ਮੋੜ ਮੁੜਾਏ ਉਠੇ ਦਲ ਕੋਲ ਵਾਹਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਵਰਤਾਏ ਆਪ ਜੁਆਏ ਚੌਬਲਦ ਸੁਹਾਗਾ । ਪ੍ਰਭ ਕੇ ਭਾਣੇ ਜੋ ਕੋਈ ਆਏ । ਪ੍ਰਭ ਕਾ ਭਾਣਾ ਸਤਿ ਵਰਤਾਏ । ਪ੍ਰਭ ਸੁਘੜ ਸਿਆਣਾ ਆਪ ਅਖਵਾਏ । ਪ੍ਰਭ ਰਾਜਾ ਰਾਣਾ ਮਾਣ ਗਵਾਏ । ਪ੍ਰਭ ਤਾਣਾ ਪੇਟਾ ਆਪ ਉਲਝਾਏ । ਪ੍ਰਭ ਵਡ ਕਿਰਸਾਨਾ ਕਲਜੁਗ ਜੀਵ ਵਾਂਗ ਖੇਤ ਕਟਾਏ । ਆਪੇ ਵਰਤੇ ਆਪਣਾ ਭਾਣਾ ਨਾ ਕੋਈ ਅੰਤ ਛੁਡਾਏ । ਨਾ ਕੋਈ ਦੀਸੇ ਰਾਜਾ ਰਾਣਾ, ਏਕਾ ਨਿਹਕਲੰਕ ਜੋਤ ਪਰਗਟਾਏ । ਸੋਹੰ ਪ੍ਰਭ ਮੁਹਾਣਾ ਵੰਞ ਲਗਾਏ । ਆਪ ਪਾਰ ਕਰਾਣਾ, ਗੁਰਮੁਖ ਸਾਚੇ ਰੱਖ ਚਰਨ ਧਿਆਨਾ, ਪ੍ਰਭ ਆਪਣੀ ਸਰਨੀ ਲਗਾਏ । ਪ੍ਰਭ ਸਾਚੇ ਦਾ ਸਾਚਾ ਭਾਣਾ, ਪ੍ਰਭ ਸਾਚੇ ਦਾ ਸਾਚਾ ਬਾਣਾ, ਜਿਉਂ ਬਾਲ ਪਿਤਾ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਗੁਰਮੁਖਾਂ ਆਪੇ ਮੇਲ ਮਿਲਾਏ । ਆਪੇ ਮੇਲੇ ਮੇਲ ਮਿਲਾਵੇ । ਆਪ ਚਲਾਵੇ ਜੋ ਮਨ ਭਾਵੇ । ਆਪੇ ਆਪ ਕਰੇ ਕਰਾਵੇ । ਝੂਠੀ ਸ੍ਰਿਸ਼ਟ ਝੂਠੇ ਦਾਅਵੇ । ਪ੍ਰਭ ਅਬਿਨਾਸ਼ੀ ਵਿਰਲਾ ਗੁਰਮੁਖ ਰਸਨਾ ਗਾਵੇ । ਗੁਰਮੁਖ ਸਾਚਾ ਦਰ ਘਰ ਸਾਚੇ ਪ੍ਰਭ ਸਾਚਾ ਬਹਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਦਾੜ੍ਹਾਂ ਹੇਠ ਸ੍ਰਿਸ਼ਟ ਸਬਾਈ ਆਪ ਚਬਾਵੇ । ਪੰਚਮ ਜੇਠ ਜੋਤ ਜਗਾ । ਪੰਚਮ ਜੇਠ ਸ੍ਰਿਸ਼ਟ ਖਪਾ । ਪੰਚਮ ਜੇਠ ਗੁਰਸਿਖ ਤਰਾ । ਪੰਚਮ ਜੇਠ ਬੇਮੁਖ ਰੁਲਾ । ਪੰਚਮ ਜੇਠ ਪ੍ਰਭ ਖੇਲ ਵਰਤਾ । ਪੰਚਮ ਜੇਠ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਹਿਲ ਹਿਲਾ ਦੇਵੇ ਪਾ । ਪੰਚਮ ਜੇਠ ਦਿਵਸ ਸੁਹਾਏ । ਸਤਿਗੁਰ ਸਾਚਾ ਜੋਤ ਪਰਗਟਾਏ । ਜਨ ਪੂਰਨ ਭਾਗ ਜਿਸ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤਮ ਅੰਤ ਕਰਾਏ । ਚੌਥਾ ਜੁਗ ਅੰਤ ਕਰ । ਪਿੰਡ ਬੁੱਗੇ ਜੋਤ ਧਰ । ਸਾਧ ਸੰਗਤ ਦੇਵੇ ਸਾਚਾ ਵਰ । ਆਪ ਖੁਲ੍ਹਾਵੇ ਏਕਾ ਸਾਚਾ ਦਰ । ਸੋਹੰ ਰਸਨਾ ਜਪ ਗੁਰਮੁਖ ਵਿਰਲਾ ਜਾਏ ਤਰ । ਬੇਮੁਖ ਕੋਈ ਨੇੜ ਨਾ ਆਏ, ਦਰ


੧੯੯
੦੨

ਘਰ ਸਾਚੇ ਆਏ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਅਵਤਾਰ ਨਰ । ਅਵਤਾਰ ਨਰ ਨਰ ਅਵਤਾਰ । ਸਾਧ ਸੰਗਤ ਆਏ ਦਵਾਰ । ਸਾਚੇ ਮੰਗਤ ਦਰ ਭਿਖਾਰ । ਚਾੜ੍ਹੇ ਰੰਗਤ ਨਾਮ ਕਰਤਾਰ । ਜਿਉਂ ਅੰਗਦ ਦਿਤਾ ਨਾਨਕ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਹੋਏ ਤੇਰਾ ਸਿਕਦਾਰ । ਸਾਧ ਸੰਗਤ ਤੇਰਾ ਸਿਕਦਾਰਾ । ਆਪੇ ਆਪ ਹੋਏ ਗਿਰਧਾਰਾ । ਆਪੇ ਭੁਲਾਵੇ ਆਪਣਾ ਦਵਾਰਾ । ਸੋਹੰ ਖੰਡਾ ਆਪ ਉਠਾਏ ਦੋ ਧਾਰਾ । ਚੌਗਿਰਦ ਨੈਣ ਨਾ ਆਵੇ ਦੁਸ਼ਟ ਦੁਰਾਚਾਰਾ । ਮੇਰ ਤੇਰ ਸਰਬ ਮਿਟਾਏ, ਸਤਿਗੁਰ ਮਨੀ ਸਿੰਘ ਦੇਵੇ ਆਪ ਸਹਾਰਾ । ਨੇੜਨ ਨੇੜਨ ਆਪ ਅਖਵਾਏ, ਨਿਹਕਲੰਕ ਨਰਾਇਣ ਨਰ ਅਵਤਾਰਾ । ਅਵਤਾਰ ਨਰ ਸਾਚਾ ਗੁਰ । ਗੁਰ ਸੰਗਤ ਸਚ ਆਵੇ ਦਰ । ਪ੍ਰਭ ਅੰਮ੍ਰਿਤ ਆਤਮ ਵਰਖੇ ਆਪ ਖੁਲ੍ਹਾਵੇ ਸਾਚਾ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਕਲਜੁਗ ਜਾਓ ਤਰ । ਕਲਜੁਗ ਅੰਤ ਹੋਏ ਅਖ਼ੀਰ । ਚਾਰ ਕੁੰਟ ਹੋ ਜਾਏ ਵਹੀਰ । ਗੁਰ ਸੰਗਤ ਪ੍ਰਭ ਦਰ ਆਓ ਕੋਟ ਪਹਾੜਾਂ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਗੁਰ ਸੰਗਤ ਪ੍ਰਭ ਕੱਟੇ ਤੇਰੀ ਭੀੜ । ਸਾਧ ਸੰਗਤ ਤੇਰਾ ਰਖਵਾਲਾ । ਆਪੇ ਆਪ ਗੁਰ ਗੋਪਾਲਾ । ਸਦਾ ਸਦਾ ਸਦਾ ਤੇਰਾ ਪ੍ਰਿਤਪਾਲਾ । ਆਤਮ ਦੇਵੇ ਸਾਚਾ ਧਨ ਮਾਲ ਸੋਹੰ, ਬੇਮੁਖਾਂ ਹੋਏ ਅੰਤਕਾਲ ਕਲਜੁਗ ਮੂੰਹ ਕਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦਾ ਤੇਰਾ ਰਖਵਾਲਾ । ਸਦਾ ਸਦਾ ਆਪੇ ਰਖਵਾਲੀ । ਭਗਤ ਜਨਾਂ ਆਪੇ ਪ੍ਰਿਤਪਾਲੀ । ਗੁਰਮੁਖ ਸਾਚੇ ਫੁੱਲ ਬਣਾਏ ਆਪ ਬਣੇ ਪ੍ਰਭ ਸਾਚਾ ਮਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲਜੁਗ ਦੀਨ ਦੁਨੀ ਦਾ ਵਾਲੀ । ਆਪੇ ਹੋਏ ਪਵਣ ਸਮਾਨਾ । ਆਪ ਉਪਾਏ ਆਪਣਾ ਬਾਨਾ । ਆਪ ਰਖਾਏ ਆਪਣੀ ਆਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਵਣ ਪਵਣ ਜੋਤ ਏਕਾ ਰੰਗ ਸਮਾਨਾ । ਗੁਰ ਪੂਰੇ ਤੇਰੀ ਮਾਇਆ, ਗੁਰਸਿਖ ਪਲੇ ਤੇਰੀ ਛਤਰ ਛਾਇਆ । ਗੁਰ ਪੂਰੇ ਤੇਰੀ ਮਾਇਆ, ਗੁਰ ਪੂਰੇ ਵਿਚ ਸਮਾਇਆ । ਗੁਰ ਪੂਰੇ ਤੇਰੀ ਮਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭੇਵ ਕਿਸੇ ਨਾ ਪਾਇਆ । ਗੁਰ ਪੂਰਾ ਆਪੇ ਬੰਨ੍ਹੇ । ਗੁਰ ਪੂਰਾ ਆਪ ਕਰਾਏ ਆਤਮ ਅੰਨ੍ਹੇ । ਗੁਰ ਪੂਰਾ ਆਪੇ ਘੜੇ ਆਪੇ ਭੰਨੇ । ਗੁਰ ਪੂਰਾ ਆਪ ਲਗਾਏ ਆਪਣੇ ਬੰਨ੍ਹੇ । ਗੁਰ ਪੂਰਾ ਕਰ ਕਿਰਪਾ ਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਕਰ ਮੰਨੇ । ਸਤਿ ਕਰ ਮੰਨਿਆ ਬੇੜਾ ਬੰਨ੍ਹਿਆ । ਭਾਂਡਾ ਭਰਮ ਭਉ ਭੰਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਉ ਸਦ ਰਸਨਾ ਗਾਓ, ਪਾਓ ਕਦੇ ਨਾ ਭੰਗਣਾ । ਆਤਮ ਰਸ ਸ਼ਬਦ ਅਧਾਰ । ਪ੍ਰਭ ਹਿਰਦੇ ਵਸ ਦੇਵੇ ਤਾਰ । ਰਾਹ ਸਾਚਾ ਦੱਸ ਲਾਵੇ ਪਾਰ । ਗੁਰ ਚਰਨ ਆਏ ਨੱਸ ਪ੍ਰਭ ਪਾਏ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਹਿਰਦੇ ਜਾਏ ਵਸ ਆਪੇ ਪਾਵੇ ਸਾਰ । ਆਪਣੀ ਸਾਰ ਆਪੇ ਜਾਣੇ । ਗੁਰਸਿਖ ਮਿਲੇ ਜੀਵ ਅੰਞਾਣੇ ਬਾਲੇ । ਬਾਲ ਅੰਞਾਣੇ ਸਦ ਭੁਲਾਣੇ । ਕਿਰਪਾ ਕਰੇ ਆਪ ਮਹਾਨੇ । ਗੁਰਮੁਖ ਸਾਚਾ ਪ੍ਰਭ ਸਾਚੇ ਦਾ ਰੰਗ ਸਾਚਾ ਮਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਜੁਗੋ ਜੁਗ ਇਕ ਸਮਾਣੇ । ਗੁਰਮੁਖ ਸਾਚੇ ਕਿਰਪਾ ਕਰ । ਆਤਮ ਜੋਤ ਦੇਵੇ ਧਰ । ਏਕਾ ਦਿਸੇ ਸਾਚਾ ਹਰਿ । ਆਪ ਭੁਲਾਵੇ ਸਾਚਾ ਦਰ । ਪ੍ਰਭ ਸਾਚੇ ਦਾ ਸਾਚਾ ਘਰ । ਅਵਤਾਰ ਨਰ ਬੇਮੁਖਾਂ ਆਵੇ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਅੰਮ੍ਰਿਤ ਆਤਮ ਝਿਰਨਾ ਝਿਰਾਏ

ਸਾਚਾ ਸਰ । ਆਤਮ ਝਿਰਨਾ ਸਾਚੀ ਧਾਰਾ । ਉਲਟਾਵੇ ਕਵਲ ਪਾਵੇ ਸਾਰਾ । ਮੁਖ ਚੁਆਵੇ ਕਰੇ ਉਜਿਆਰਾ । ਮਿਟਾਵੇ ਦੁਖ ਸਰਬ ਸੰਸਾਰਾ । ਆਏ ਸੁਖ ਨਿਹਕਲੰਕ ਤੇਰੇ ਚਰਨ ਦਵਾਰਾ । ਭੁੱਲੇ ਫਿਰਨ ਕਲ ਮੂਰਖ ਮੁਗਧ ਗਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਜੀਵ ਤੇਰੀ ਉਤਰੇ ਭੁੱਖ, ਪਾਰਬ੍ਰਹਮ ਰੂਪ ਅਪਾਰਾ । ਰੂਪ ਅਪਾਰ ਜੋਤ ਕਰਤਾਰ । ਵਿਚ ਸੰਸਾਰ ਸ਼ਬਦ ਅਧਾਰ । ਭਗਤ ਸੁਧਾਰ ਅੰਮ੍ਰਿਤ ਮੁਖ ਚੁਆਏ ਕਿਰਪਾ ਕਰੇ ਅਪਾਰ । ਦੁਖੀਆਂ ਦੁਖ ਮਿਟਾਏ ਜੋ ਚਲ ਆਏ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਏ ਅੰਮ੍ਰਿਤ ਵਰਖੇ ਕਿਰਪਾ ਧਾਰ । ਨਿਰਮਲ ਕਰੇ ਨਿਰਮਲ ਨਿਰਮਲਾ । ਸੀਤਲ ਸੀਤਲ ਸ਼ਾਂਤ ਕਰੇ ਬਾਲੂ ਬਿਮਲਾ । ਫਲ ਫੂਲ ਲਗਾਏ ਆਪੇ ਹਰੇ ਕਰਾਏ ਕਲਜੁਗ ਜਿਉਂ ਰੁੱਖ ਸਿਮਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਚਰਨ ਲਾਗ, ਕਲਜੁਗ ਜੀਵ ਭੁਲ ਨਾ । ਆਤਮ ਚਿੰਤਾ ਘਿਰਨਾ ਘੁਣ । ਸਾਚੇ ਪ੍ਰਭ ਪੁਕਾਰ ਸੁਣ । ਨਿਰਗੁਣ ਜੀਵ ਵਿਚਾਰ ਗੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਧਾਰੇ ਪਾਰ ਉਤਾਰੇ ਗੁਰਸਿਖ ਪਿਆਰੇ ਕਲਜੁਗ ਚੁਣ ਚੁਣ । ਆਤਮ ਦੁਖ ਜਿਸ ਜਨ ਲੱਗੇ । ਦਿਵਸ ਰੈਣ ਤਪੇ ਵਿਚ ਅੱਗੇ । ਸਾਕ ਸੈਣ ਨਾ ਕੋਈ ਦਿਸੇ ਸਗੇ । ਭੈਣ ਭਾਈ ਕੋਈ ਨੇੜ ਨਾ ਲੱਗੇ । ਏਕਾ ਦਰ ਸਾਚਾ ਘਰ ਸਾਚਾ ਅਵਤਾਰ ਨਰ ਕਿਰਪਾ ਕਰ ਜੀਆ ਦਾਨ ਅੰਨ ਭਗਵਾਨ ਰੱਖਿਆ ਮਾਣ ਦਰ ਪਰਵਾਨ ਗੁਣ ਨਿਧਾਨ ਜੀਵ ਜੰਤਾਂ ਪ੍ਰਭ ਸਾਚਾ ਚੋਗ ਚੁਗਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੁਖੀਆਂ ਭੁਖੀਆਂ ਸਦਾ ਸਦਾ ਆਤਮ ਚਿੰਤ ਮਿਟਾਣ । ਸਦਾ ਸਦਾ ਹੋਏ ਸਹਾਈ । ਪ੍ਰਭ ਸਾਚੇ ਜਿਸ ਬਣਤ ਬਣਾਈ । ਰਾਜਕ ਰਿਜਕ ਆਪ ਅਖਵਾਈ । ਮੰਗਿਆ ਦਾਨ ਸਚ ਵਸਤ ਝੋਲੀ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਈ । ਆਪ ਸੁਹਾਇਆ ਥਾਨ ਗੁਰ ਗੋਬਿੰਦ । ਗੁਰਸਿਖ ਸਾਚੇ ਮਾਣ ਰਖਾਏ, ਵਡ ਵਡ ਵਡ ਸੁਰਪਤ ਰਾਜਾ ਇੰਦ । ਸੋਹੰ ਸ਼ਬਦ ਆਤਮ ਬਾਣ ਲਗਾਏ, ਆਪ ਖੁਲ੍ਹਾਵੇ ਆਤਮ ਜਿੰਦ । ਜੋ ਜਨ ਚਰਨੀ ਸੀਸ ਝੁਕਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਬਖ਼ਸ਼ਿੰਦਾ ਗੁਰ ਗੋਬਿੰਦ । ਕਰਮ ਵਿਚਾਰੇ ਦਇਆ ਕਮਾਏ । ਗੁਰ ਗੋਬਿੰਦ ਕਰਮ ਵਿਚਾਰੇ । ਗੁਰ ਗੋਬਿੰਦ ਜਨਮ ਸਵਾਰੇ । ਗੁਰ ਗੋਬਿੰਦ ਏਕਾ ਬੈਠੇ ਦਰ ਦਰਬਾਰੇ । ਗੁਰ ਗੋਬਿੰਦ ਏਕਾ ਜੋਤ ਆਪ ਨਿਰੰਕਾਰੇ । ਗੁਰ ਗੋਬਿੰਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਜੋਤ ਚਮਤਕਾਰੇ । ਗੁਰ ਗੋਬਿੰਦ ਏਕਾ ਜੋਤੀ । ਦਰ ਆਪਣੇ ਬਣਾਏ ਗੁਰਸਿਖ ਮਾਣਕ ਮੋਤੀ । ਪ੍ਰਭ ਸਾਚਾ ਦਇਆ ਕਮਾਏ, ਗੁਰਸਿਖਾਂ ਉਠਾਏ ਆਤਮ ਸੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਮਨੀ ਸਿੰਘ ਸੰਗ ਰਲਾਏ, ਪਾਪਾਂ ਆਤਮ ਸਭ ਦੀ ਧੋਤੀ । ਗੁਰ ਗੋਬਿੰਦ ਗੁਣ ਨਿਧਾਨ । ਗੁਰ ਗੋਬਿੰਦ ਜੋਤ ਮਹਾਨ । ਗੁਰ ਗੋਬਿੰਦ ਆਪੇ ਬੈਠੇ ਥਾਨ ਸੁਹਾਏ ਏਕਾ ਥਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਗੁਰ ਮਨੀ ਸਿੰਘ ਸਿਰ ਤੇਰੇ ਹੱਥ ਟਿਕਾਏ ਬਲੀ ਬਲਵਾਨ । ਗੁਰ ਗੋਬਿੰਦ ਸਾਚੀ ਰੀਤਾ । ਗੁਰ ਗੋਬਿੰਦ ਏਕਾ ਸਾਚਾ ਸਾਜਣ ਮੀਤਾ । ਗੁਰ ਗੋਬਿੰਦ ਗੁਣੀ ਗਹਿੰਦ ਵਡ ਵਡ ਮਰਗਿੰਦ, ਅੰਮ੍ਰਿਤ ਮੁਖ ਚੁਆਏ ਵਿਰਲੇ ਦਰ ਆਏ ਪ੍ਰਭ ਪੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਮਨੀ ਸਿੰਘ ਦੇਵੇ ਵਡਿਆਈ, ਆਪੇ ਪਰਖੇ ਸਾਚੀ ਨੀਤਾ । ਗੁਰ ਗੋਬਿੰਦ ਗਹਿਰ ਗੰਭੀਰਾ । ਗੁਰ ਗੋਬਿੰਦ ਦੋਏ ਮਿਲ ਗੁਰ ਸਿੱਖਨ ਕੱਟਨ ਭੀੜਾ । ਗੁਰ ਗੋਬਿੰਦ ਆਪ ਲਗਾਏ ਸ਼ਬਦ ਸਰੂਪੀ ਆਤਮ ਤੀਰਾ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਮਨੀ ਸਿੰਘ ਦੇਵੇ ਵਡਿਆਈ, ਹੋਏ ਸਹਾਈ ਵਡ ਵਡ ਪੀਰਨ ਪੀਰਾ । ਗੁਰ ਗੋਬਿੰਦ ਏਕਾ ਘਾਟ । ਗੋਬਿੰਦ ਗੋਬਿੰਦ ਗੋਬਿੰਦ ਜੋਤ ਜਗਾਏ ਗੁਰ ਲਲਾਟ । ਸਤਿਜੁਗ ਸਾਚਾ ਦਰ ਖੁਲ੍ਹਾਏ ਸੰਤ ਮਨੀ ਸਿੰਘ ਤੇਰਾ ਹਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਈ ਆਪ ਖੁਲ੍ਹਾਏ ਬਜਰ ਕਪਾਟ । ਗੁਰ ਗੋਬਿੰਦ ਗੁਣੀ ਗੁਣਵੰਤਾ । ਗੁਰ ਗੋਬਿੰਦ ਵਡ ਵਡ ਸਾਧਨ ਸੰਤਾ । ਗੁਰ ਗੋਬਿੰਦ ਜੋਤ ਅਧਾਰੀ ਸਰਬ ਜੀਵ ਜੰਤਾ । ਗੁਰ ਗੋਬਿੰਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠਾ ਰਹੇ ਸਦ ਅਡੋਲ ਇਕੰਤਾ । ਗੁਰ ਕਾ ਸ਼ਬਦ ਸਚ ਕਮਾਣਾ । ਆਤਮ ਵਿਚ ਨਾ ਹੰਕਾਰ ਰਖਾਣਾ । ਗੁਰ ਪੀਰ ਨਾ ਆਪ ਅਖਵਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਭੀੜ ਆਪ ਛੁਡਾਣਾ । ਗੁਰ ਚਰਨ ਰੱਖ ਉਰਧਾਰ । ਪ੍ਰਭ ਸਾਚੇ ਦਾ ਸਚ ਪਿਆਰ । ਦਰ ਦਰ ਨਾ ਹੋ ਖੁਆਰ । ਕਲਜੁਗ ਜੀਵ ਝੂਠੇ ਝੱਖ ਮਾਰ । ਏਕਾ ਪ੍ਰਭ ਸਾਚੇ ਦਾ ਸਚ ਦਰਬਾਰ । ਦੇਵਣਹਾਰ ਆਪੇ ਆਪ ਇਕ ਕਰਤਾਰ । ਭਰੇ ਭਰਾਏ ਖਾਲੀ ਕਰਾਏ, ਖਾਲੀ ਭਰੇ ਪ੍ਰਭ ਸਚ ਭੰਡਾਰ । ਚਰਨ ਆਏ ਗੁਰਸਿਖ ਤਰੇ ਪ੍ਰਭ ਸਾਚਾ ਸਚ ਦਵਾਰ । ਆਪਣਾ ਕੀਆ ਆਪੇ ਭਰੇ ਮਦਿਰਾ ਮਾਸ ਕਰੇ ਅਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੋ ਸਾਚ ਸ਼ਬਦ ਲਿਖਾਏ ਆਤਮ ਵੇਖ ਜੀਵ ਵਿਚਾਰ । ਸੋਹੰ ਸਿਖ ਰਸਨ ਉਚਾਰ । ਰਸਨ ਉਚਾਰ ਮੰਗ ਭਿਖ ਦੇਵੇ ਕਰਤਾਰ । ਸਚ ਲੇਖ ਦੇਵੇ ਲਿਖ, ਆਪੇ ਬਣੇ ਲੇਖ ਲਿਖਾਰ । ਦੇਵੇ ਵਡਿਆਈ ਵਿਚ ਮੁਨ ਰਿਖ, ਸੋਹੰ ਸੱਚੀ ਧੁਨਕਾਰ । ਸਾਚਾ ਦਰਸ ਨਿਹਕਲੰਕ ਨੇਤਰ ਪੇਖ ਕੋਟ ਉਤਾਰੇ ਪਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪੇ ਹੋਏ ਮਾਈ ਬਾਪ । ਮਾਤ ਪਿਤ ਭਗਤ ਜਨ ਬਾਲਾ । ਸਾਚਾ ਹਿਤ ਹੋਏ ਰਖਵਾਲਾ । ਆਵੇ ਜਾਵੇ ਜੁਗੋ ਜੁਗ ਨਿਤ, ਪ੍ਰਭ ਸਾਚੇ ਖੇਲ ਨਿਰਾਲਾ । ਚਰਨ ਲਾਗ ਮਾਨਸ ਜਨਮ ਜੀਵ ਜਿਤ, ਘਰ ਆਏ ਦੀਨ ਦਿਆਲਾ । ਆਪੇ ਆਪ ਕਲਜੁਗ ਜੋਤ ਧਰੇ ਕਰਤਾਰ ਸਾਚਾ ਵਕਤ ਕਲਜੁਗ ਭਇਆ, ਸੋਹੰ ਦੇਵੇ ਸੱਚਾ ਧਨ ਮਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਸਾਚੀ ਜੋਤ ਰਖਾਏ ਆਪੇ ਉਪਜਾਵੇ ਸਾਚੇ ਰਾਗ । ਧੀਰਜ ਧੀਰਜ ਆਤਮ ਜਤ । ਸੋਹੰ ਰਾਗ ਸਾਚਾ ਤਤ । ਆਪ ਬੰਧਾਏ ਆਤਮ ਯਤ । ਆਪ ਸਮਝਾਵੇ ਦੇਵੇ ਮਤਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਸਦ ਬਿਠਾਵੇ ਆਪੇ ਰਾਖੇ ਸਾਚੀ ਪਤਿ । ਮਾਣ ਤੇਰਾ ਤਾਣ ਤੇਰਾ ਚਰਨ ਧਿਆਨ ਤੇਰਾ ਭਗਤ ਭਗਵਾਨ ਤੇਰਾ । ਮਹਾਰਾਜ ਸ਼ੇਰ ਸਿੰਘ ਕਿਰਪਾ ਭਗਵਾਨ ਕਰ, ਘਰ ਭੁਲਿਆ ਸਿਖ ਆਇਆ ਤੇਰਾ । ਭੁਲਿਆਂ ਭੁਲਾਇਆ ਮਾਣ ਰਖਾਇਆ । ਪ੍ਰਭ ਕਾ ਭਾਣਾ ਦਿਲੋਂ ਗਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੱਥਾ ਰੋਗ ਫਿਰ ਲਗਾਇਆ । ਰੋਗ ਲਗਾਇਆ ਗਿਆ ਲੱਗ । ਦਿਵਸ ਰੈਣ ਆਤਮ ਰਹੀ ਦਗ । ਪ੍ਰਭ ਪਕੜ ਪਛਾੜੇ ਵਡ ਸੂਰਬੀਰ ਸ਼ਾਹਰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ ਆਪ ਲਗਾਏ ਆਪਣੇ ਪਗ । ਰੋਗ ਗਿਆ ਸੋਗ ਗਿਆ ਵਿਜੋਗ ਗਿਆ ਦਰਸ ਅਮੋਗ ਭਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਸ਼ਬਦ ਰਸਨ ਜੋਗ ਦੀਆ । ਸੋਹੰ ਜੋਤ ਆਪ ਜਗਾਵੇ । ਰੋਗ ਸੋਗ ਆਪ ਮਿਟਾਵੇ । ਗੁਰਮੁਖ ਸਾਚਾ ਰਸਨਾ ਗਾਵੇ । ਕਾਹਨਾ ਕ੍ਰਿਸ਼ਨਾ ਦਰਸ ਦਿਖਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਇਆ ਕਮਾਵੇ । ਭੇਵ ਚੁਕਾਏ ਬੀਰ ਬੇਤਾਲਾ । ਆਪੇ ਹੋਏ ਰਖਵਾਲਾ । ਸੋਹੰ ਜਪਾਏ ਸਾਚੀ ਮਾਲਾ । ਗੁਰਮੁਖ ਸਾਚੇ ਤਨ ਪਹਿਨਾਏ ਕੱਟੇ ਸਰਬ ਜੰਜਾਲਾ । ਜੋ ਜਨ ਆਪ

੨੦੨

ਆਪਣੇ ਮਨ ਵਸਾਏ, ਪ੍ਰਭ ਦੇਵੇ ਸਾਸ ਸੁਖਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਧ ਅੰਧਿਆਰ ਹੋਏ ਆਪ ਰਖਵਾਲਾ । ਭੈ ਭੂਤ ਹੋਏ ਨਾਸ । ਆਪ ਆਪਣਾ ਵਿਚ ਕੀਆ ਵਾਸ । ਆਤਮ ਹੋਏ ਜੀਵ ਰਾਸ । ਸੋਹੰ ਜਪ ਸਵਾਸ ਸਵਾਸ । ਪ੍ਰਭ ਸਾਚਾ ਘਰ ਸਾਚੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦ ਸਦ ਵਸੇ ਪਾਸ । ਦੀਆ ਬਾਤੀ ਛੋੜੇ ਤੇਲ । ਜੋਤ ਸਰੂਪੀ ਪ੍ਰਭ ਸਾਚੇ ਦਾ ਸਾਚਾ ਮੇਲ । ਅਚਰਜ ਪਾਰਬ੍ਰਹਮ ਦਾ ਖੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਸੱਜਣ ਸੁਹੇਲ । ਸਾਚਾ ਪ੍ਰਭ ਵਿਚ ਨਾ ਰਾਗਾਂ । ਸਾਚਾ ਪ੍ਰਭ ਵਿਚ ਨਾ ਚਰਾਗਾਂ । ਸਾਚਾ ਪ੍ਰਭ ਕਦੇ ਨਾ ਮਿਲੇ ਬਿਨ ਪੂਰਨ ਭਾਗਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਧੋਏ ਖਟ ਰੋਗ ਗਵਾਏ ਦਾਗ਼ਾਂ । ਦੁਸ਼ਟ ਦੁਰਾਚਾਰ ਨਾਰੀ ਨਾਰ ਬੱਤੀ ਧਾਰਾ । ਕਰੇ ਖੁਆਰ ਬਾਲਕ ਸੀਰ ਹੋਏ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਪਾਵੇ ਸਾਰਾ । ਅੰਮ੍ਰਿਤ ਸੀਰ ਹੋਇਆ ਨੀਰ ਪਾਏ ਸੀਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਬਰਸ ਸ਼ਾਂਤ ਕਰਾਏ ਸਰੀਰ । ਆਤਮ ਕੱਢੇ ਇਕ ਵਿਕਾਰ । ਪ੍ਰਭ ਸਾਚੇ ਦਾ ਸਚ ਦਰਬਾਰ । ਸਚ ਸਚ ਸਚ ਵਰਤਾਰ । ਸਾਚਾ ਕਰੇ ਆਪ ਵਿਹਾਰ । ਸਰਬ ਜੀਆਂ ਆਪੇ ਪਾਏ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦਾ ਬਖ਼ਸ਼ਣਹਾਰ । ਗੁਰ ਚਰਨ ਆਤਮ ਰਾਸਾ । ਆਤਮ ਰੰਗ ਦੁਖੜਾ ਨਾਸਾ । ਕਾਇਆ ਵੰਗ ਸਦ ਸਦ ਵਿਨਾਸਾ । ਦਾਨ ਸਾਚਾ ਮੰਗ ਸੋਹੰ ਸਵਾਸ ਸਵਾਸਾ । ਆਪ ਸੰਭਾਲੇ ਆਪਣਾ ਅੰਗ, ਪ੍ਰਭ ਕਾ ਬਚਨ ਨਾ ਜਾਣੋ ਹਾਸਾ । ਆਤਮ ਵਿਕਾਰੀਆਂ ਪ੍ਰਭ ਦੇਵੇ ਟੰਗ, ਝੂਠਾ ਭੰਨੇ ਦੇਹੀ ਕਾਸਾ । ਕਰ ਹਰਿ ਚਰਨ ਪ੍ਰੀਤੀ ਚਾੜ੍ਹੇ ਸਾਚਾ ਰੰਗ, ਪ੍ਰਭ ਸਾਚਾ ਪੁਰਖ ਅਬਿਨਾਸ਼ਾ । ਜੀਵ ਜੰਤਾਂ ਪਰਖੇ ਨੀਤੀ, ਆਪੇ ਆਪ ਸਦ ਰੱਖੇ ਵਿਚ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਸੋਹੰ ਸ਼ਬਦ ਸੱਚਾ ਭਰਵਾਸਾ । ਸਾਚਾ ਪ੍ਰਭ ਜਿਸ ਜਨ ਮੰਨਿਆ । ਪ੍ਰਭ ਭਾਗ ਲਗਾਵੇ ਆਤਮ ਅੰਨ੍ਹਿਆ । ਸਾਚਾ ਸੰਗ ਬਣਾਵੇ ਕੰਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਢਾਵੇ ਆਤਮ ਜਨਿਆ । ਗੁਰ ਪੂਰਾ ਸਦ ਅਰਾਧਣਾ । ਜੀਵ ਆਤਮ ਆਪਣਾ ਸਾਧਣਾ । ਪ੍ਰਭ ਪੂਰਾ ਮਾਧਵ ਮਾਧਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਖੁਲ੍ਹਾਵੇ ਅੰਧ ਅੰਧੇਰ, ਸੋਹੰ ਧੁਨ ਵਜਾਏ ਨਾਦਨਾ । ਸਾਚਾ ਪ੍ਰਭ ਭੋਗ ਲਗਾਏ । ਗੁਰਸਿਖ ਗੁਰਮੁਖ ਚੋਗ ਚੁਗਾਏ । ਦੁਖੀਆਂ ਭੁਖੀਆਂ ਸੰਸਾ ਰੋਗ ਮਿਟਾਏ । ਸੁਫਲ ਕਰਾਏ ਪ੍ਰਭ ਮਾਤ ਕੁੱਖ, ਕਿਸ਼ਨਾ ਸੁਖਲਾ ਪੱਖ ਪ੍ਰਭ ਇਕ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ । ਪਰਗਟ ਜੋਤ ਭੋਗ ਲਗਾਇਆ । ਦਰਸ ਅਮੋਘ ਆਪ ਦਿਖਾਇਆ । ਗੁਰ ਸੰਗਤ ਰੋਗ ਮਿਟਾਇਆ । ਦਰ ਆਈ ਸੰਗਤ ਸਾਚਾ ਨਾਮ ਪ੍ਰਭ ਝੋਲੀ ਪਾਇਆ । ਇਕ ਚੜ੍ਹਾਏ ਨਾਉਂ ਰੰਗਤ, ਆਪਣੇ ਰੰਗ ਆਪ ਰੰਗਾਇਆ । ਕੋਈ ਨਾ ਦੀਸੇ ਭੁੱਖਾ ਨੰਗਤ, ਪ੍ਰਭ ਸਾਚਾ ਦਇਆ ਕਮਾਇਆ । ਆਪ ਗਵਾਏ ਰੋਗ ਹੰਗਤ, ਸੋਹੰ ਸਾਚਾ ਬੀਜ ਬਿਜਾਇਆ । ਰਸਨਾ ਜਪ ਜੀਵ ਪਾਰ ਲੰਘਤ, ਸਾਚੇ ਰਥ ਪ੍ਰਭ ਆਪ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਗੁਰ ਦਰ ਆਏ ਪ੍ਰਭ ਸਾਚੇ ਮਾਣ ਰਖਾਇਆ । ਆਇਆ ਦਰ ਦਰ ਪਰਵਾਨ । ਪ੍ਰਭ ਸਾਚਾ ਦਰ ਘਰ ਸਾਚੇ ਦੇਵੇ ਮਾਣ । ਆਪ ਬਿਠਾਏ ਵਿਚ ਬਬਾਣ । ਨੇੜ ਨਾ ਆਏ ਪਵਣ ਸਰੂਪੀ ਜਮ ਮਸਾਣ । ਲੱਖ ਚੁਰਾਸੀ ਗੇੜ ਕਟਾਏ, ਕਿਰਪਾ ਕਰੇ ਆਪ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪਰਗਟ ਜੋਤ ਭੋਗ ਲਗਾਏ ਗੁਰ ਸੰਗਤ ਰਖਾਏ ਮਾਣ ।


੨੦੩
੦੨

## * ੨੩ ਸਾਵਣ ੨੦੦੯ ਬਿਕ੍ਰਮੀ ਜੇਠੂਵਾਲ *

ਸਾਚਾ ਨਾਮ ਭਗਤ ਉਧਾਰੀ । ਸਾਚਾ ਨਾਮ ਜਪ, ਦੇਵੇ ਜੋਤ ਪ੍ਰਭ ਨਿਰੰਕਾਰੀ । ਸਾਚਾ ਨਾਮ ਸਾਚਾ ਜਾਮ, ਦਿਵਸ ਰੈਣ ਰਹੇ ਖੁਮਾਰੀ । ਸਾਚਾ ਨਾਮ ਪੂਰਨ ਕਾਮ, ਗੁਰਮੁਖ ਸਾਚੇ ਰਸਨ ਉਚਾਰੀ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਰ ਦਰਬਾਰੀ । ਸਾਚਾ ਨਾਮ ਸਚ ਘਰ ਪਾਓ । ਸਾਚਾ ਨਾਮ ਸਚ ਵਣਜ ਕਰਾਓ । ਸਾਚਾ ਨਾਮ ਗੁਰਮੁਖ ਸਾਚੇ ਆਤਮ ਸਚ ਵਸਾਓ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੁਲ ਕਦੇ ਨਾ ਜਾਓ । ਸਾਚਾ ਨਾਮ ਸਾਚੀ ਸੂਰਤ । ਸਾਚਾ ਨਾਮ ਗੁਰਮੁਖ ਮਿਲਾਏ ਅਕਾਲ ਮੂਰਤ । ਸਾਚਾ ਨਾਮ ਆਤਮ ਉਪਜਾਏ ਸਾਚੀ ਤੂਰਤ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਨ ਭਗਤਾਂ ਆਸਾ ਪੂਰਤ । ਸਾਚਾ ਨਾਮ ਸਾਚਾ ਗੁਣ । ਸਾਚਾ ਨਾਮ ਸਾਚੀ ਧੁਨ । ਸਾਚਾ ਨਾਮ ਗੁਰਮੁਖ ਸਾਚੇ ਦਰ ਘਰ ਸੁਣ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚੁਣ । ਸਾਚਾ ਨਾਮ ਰੰਗ ਰੰਗਾਏ । ਸਾਚਾ ਨਾਮ ਸੰਗ ਰਖਾਏ । ਸਾਚਾ ਨਾਮ ਪਾਰ ਲੰਘਾਏ । ਸਾਚਾ ਨਾਮ ਰਸਨਾ ਜਪ ਜੀਵ ਅੰਗੀਕਾਰ ਆਪ ਹੋ ਜਾਏ । ਸਾਚਾ ਨਾਮ ਸਾਚਾ ਤਪ ਗੁਰਮੁਖ ਸਾਚੇ ਆਪ ਕਰਾਏ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਲਾ ਅੰਤ ਨੇੜ ਨਾ ਆਏ । ਸਾਚਾ ਨਾਮ ਆਤਮ ਸਰ । ਸਾਚਾ ਨਾਮ ਖੋਲ੍ਹੇ ਦਰ । ਸਾਚਾ ਨਾਮ ਰਸਨ ਜਪ ਜੀਵ, ਪ੍ਰਭ ਸਾਚੇ ਆਏ ਆਤਮ ਸਾਚੇ ਘਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ । ਸਾਚਾ ਨਾਮ ਸਾਚੀ ਸਾਰ । ਸਾਚਾ ਨਾਮ ਸਚ ਵਪਾਰ । ਸਾਚਾ ਨਾਮ ਇਕ ਸਿਕਦਾਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵੇਲੇ ਅੰਤ ਪਾਵੇ ਸਾਰ । ਸਾਚਾ ਨਾਮ ਸਾਚੀ ਸੀਖਿਆ । ਸਾਚਾ ਨਾਮ ਪ੍ਰਭ ਦੇਵੇ ਸਾਚੀ ਭੀਖਿਆ । ਸਾਚਾ ਨਾਮ ਸਾਚੇ ਪ੍ਰਭ ਧੁਰ ਦਰਗਾਹੋਂ ਲੀਖਿਆ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਕਰ ਆਪ ਪਰੀਖਿਆ । ਸਾਚਾ ਨਾਮ ਜੀਆ ਦਾਨਾ । ਸਾਚਾ ਨਾਮ ਆਤਮ ਗਿਆਨਾ । ਸਾਚਾ ਨਾਮ ਆਤਮ ਰਸ ਰਸ ਰਸ ਉਪਜਾਨਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਦਾਨ ਗੁਰਸਿਖ ਜਗਾਨਾ । ਸਾਚਾ ਨਾਮ ਰਸਨਾ ਚੀਨ । ਸਾਚਾ ਨਾਮ ਦੇਵੇ ਵਡ ਪਰਬੀਨ । ਸਾਚਾ ਨਾਮ ਮੁਖ ਰਖਾਏ ਗੁਰਸਿਖ ਤ੍ਰਿਪਤਾਏ ਜਿਉਂ ਜਲ ਮੀਨ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਦੁਨੀ ਦੀਨ । ਸਾਚਾ ਨਾਮ ਸਾਚਾ ਰਾਖਾ । ਸਾਚਾ ਨਾਮ ਪ੍ਰਭ ਸਾਚੇ ਭਾਖਾ । ਸਾਚਾ ਨਾਮ ਪ੍ਰਭ ਦੇਵੇ ਅਲਖ ਅਲਾਖਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਸਹਾਈ ਆਪੇ ਰਾਖਾ । ਸਾਚਾ ਨਾਮ ਸਾਚੀ ਸੁਰ । ਸਾਚਾ ਨਾਮ ਸੋਹੰ ਗੁਰ । ਸਾਚਾ ਨਾਮ ਰਸਨਾ ਜਪ ਜੀਵ ਦਰ ਘਰ ਸਾਚੇ ਜਾਏ ਤੁਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਘਨਕਪੁਰ । ਸਾਚਾ ਨਾਮ ਰਸਨਾ ਗਾਓ । ਸਾਚਾ ਨਾਮ ਪ੍ਰਭ ਸਾਚਾ ਪਾਓ । ਸਾਚਾ ਨਾਉਂ ਰਸਨਾ ਪੂਰਨ ਬ੍ਰਹਮ ਸਮਾਓ । ਸਾਚਾ ਨਾਮ ਜਪਾਏ ਆਪਣਾ ਆਪ, ਜੀਵ ਕਰਮ ਜਨ ਲੇਖ ਲਿਖਾਓ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਘਨਕਪੁਰ ਸਾਚਾ ਨਾਮ ਰਸਨਾ ਗਾਓ । ਸਾਚਾ ਨਾਉਂ ਸਚ ਸਮਾਏ । ਸਾਚ ਨਾਮ ਗੁਰ ਦਰ ਤੇ ਪਾਏ । ਸਾਚਾ ਨਾਉਂ ਹਰਿ ਹਰਿ ਤੇ ਗਾਏ । ਸਾਚਾ



੨੦੪ ੦੨

ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋ ਜਨ ਦਰ ਤੇ ਆਏ । ਸਾਚਾ ਨਾਮ ਸੋਹੰ ਰਾਗ । ਸਾਚਾ ਨਾਮ ਆਪ ਲਗਾਏ ਆਤਮ ਜਾਗ । ਸਾਚਾ ਨਾਮ ਮੇਲ ਮਿਲਾਏ ਪੂਰਨ ਹੋਏ ਜੀਵ ਭਾਗ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਨਹਦ ਅਨਾਹਤ ਆਤਮ ਉਪਜੇ ਸਾਚਾ ਰਾਗ । ਸਾਚਾ ਨਾਮ ਸਾਚਾ ਰਸ । ਸਾਚ ਨਾਮ ਰਸਨਾ ਜਪ ਜੀਵ, ਪ੍ਰਭ ਸਾਚਾ ਹੋਏ ਵਸ । ਸਾਚਾ ਨਾਮ ਪ੍ਰਭ ਦਰ ਪੀਵ, ਆਤਮ ਦੁਖੜੇ ਜਾਇਣ ਨੱਸ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਤੀਰ ਚਲਾਇਆ ਕਸ । ਸਾਚਾ ਨਾਮ ਸਾਚਾ ਸੋਹੰ । ਸਾਚਾ ਨਾਮ ਭੇਖ ਮਿਟਾਏ ਦੋਅੰ । ਸਾਚਾ ਨਾਮ ਏਕਾ ਏਕ ਮਿਲਾਏ ਓਅੰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਮਾਤ ਚਲਾਏ । ਆਪ ਵਡਿਆਏ ਰਸਨਾ ਗਾਏ ਪਵਣ ਸਰੂਪੀ ਵਿਚ ਸਮਾਏ । ਤੀਨ ਭਵਨ ਰਿਹਾ ਫਿਰਾਏ । ਆਪਣੇ ਗੁਣ ਆਪ ਜਣਾਏ । ਸਾਚੀ ਧੁਨ ਵਿਚ ਰਖਾਏ । ਸਾਚਾ ਸ਼ਬਦ ਆਪ ਲਿਖਾਏ । ਸੋਹੰ ਸਾਚਾ ਸ਼ਬਦ ਸਾਚੀ ਧੁਨ । ਸਾਚਾ ਸ਼ਬਦ ਖੋਲ੍ਹੇ ਸੁੰਨ । ਸਾਚਾ ਸ਼ਬਦ ਪ੍ਰਭ ਸਾਚੇ ਦਰ ਜੀਵ ਆਏ ਸੁਣ । ਸਾਚਾ ਸ਼ਬਦ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਜਾਣੇ ਸਾਚੇ ਦੇ ਸਾਚੇ ਗੁਣ । ਸਾਚਾ ਨਾਮ ਸੀਤਲ ਸ਼ਾਂਤ । ਸਾਚਾ ਨਾਮ ਆਪ ਮਿਲਾਵੇ ਏਕਾ ਇਕਾਂਤ । ਸਾਚਾ ਨਾਮ ਰਸਨਾ ਗਾਏ ਆਤਮ ਹੋਏ ਸ਼ਾਂਤ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਪਿੰਡ ਜੀਵ ਭਰਾਂਤ । ਸਾਚਾ ਨਾਮ ਸ਼ਬਦ ਅਧਾਰ । ਸਾਚਾ ਨਾਮ ਆਤਮ ਸਾਰ । ਸਾਚਾ ਨਾਮ ਰਸਨਾ ਜਪ ਜੀਵ ਜਨਮ ਸੁਧਾਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਵੇ ਮੋਖ ਦਵਾਰ । ਸਾਚਾ ਨਾਮ ਸੂਖਮ ਸੂਖਾ । ਸਾਚਾ ਨਾਮ ਰਸਨਾ ਜਪ ਜੀਵ ਆਤਮ ਉਤਰੇ ਭੂਖਾ । ਸਾਚਾ ਨਾਮ ਰਸਨਾ ਆਤਮ ਸੁਖ ਦੇਵੇ ਸੁਖੀਆ ਸੁਖ ਸਾਚਾ ਸੂਖਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੰਤਾਂ ਉਤਾਰੇ ਸਰਬ ਭੂਖਾ । ਸਾਚਾ ਨਾਮ ਗੁਰਸਿਖ ਗਾਏ । ਸਾਚਾ ਨਾਮ ਰਿਦੇ ਵਸਾਏ । ਸਾਚਾ ਨਾਮ ਨੌਂ ਨਿਧ ਘਰ ਉਪਜਾਏ । ਸਾਚਾ ਨਾਮ ਦੇਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਮਿਲਣ ਦੀ ਬਿਧ ਬਣਾਏ । ਸਾਚਾ ਨਾਮ ਰਸਨਾ ਗਾਵਣਾ । ਸਾਚਾ ਨਾਮ ਰਿਦੇ ਵਸਾਵਣਾ । ਸਾਚਾ ਨਾਮ ਰਸਨਾ ਜਪ ਜੀਵ ਪ੍ਰਭ ਅਬਿਨਾਸ਼ੀ ਵਿਚੋਂ ਪਾਵਣਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਜਿਸ ਪਾਰ ਲੰਘਾਵਣਾ । ਸਾਚਾ ਨਾਮ ਸਚ ਸੂਰਬੀਰਾ । ਸਾਚਾ ਨਾਮ ਸੋਹੰ ਤੀਰਾ । ਸਾਚਾ ਨਾਮ ਜਗਤ ਚਲਾਏ ਆਪ ਖਿਚਾਏ ਜੋਤ ਨੀਰਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਗਵਾਏ ਪੀਰ ਫ਼ਕੀਰਾ । ਸਾਚਾ ਨਾਮ ਆਪੇ ਵੰਡੇ । ਸਾਚਾ ਨਾਮ ਪ੍ਰਭ ਸਾਚਾ ਆਪ ਧਰੇ ਵਰਭੰਡੇ । ਸਾਚਾ ਨਾਮ ਗੁਰਸਿਖ ਰਸਨਾ ਜਪ, ਗੁਰਸਿਖ ਪ੍ਰਭ ਸਾਚਾ ਲਾਏ ਕੰਢੇ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਸਾਚੇ ਦਰ ਸਾਚੇ ਡੰਡੇ । ਸਾਚਾ ਨਾਮ ਗੁਰ ਕਾ ਰੰਗ । ਸਾਚਾ ਨਾਮ ਸਦਾ ਸੰਗ । ਸਾਚਾ ਨਾਮ ਅਜੂਨੀ ਸੈਭੰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਦਿਸਾਏ ਰੂਪ ਰੰਗ । ਸਾਚਾ ਨਾਮ ਸਾਚਾ ਰੂਪਾ । ਸਾਚਾ ਨਾਮ ਸਤਿ ਸਰੂਪਾ । ਸਾਚਾ ਨਾਮ ਜੋਤ ਜਗਾਏ ਵਿਚ ਅੰਧ ਕੂਪਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨ ਵਡ ਭੂਪਨ ਭੂਪਾ । ਸਾਚਾ ਨਾਮ ਸੀਤਲ ਸੰਤੋਖ । ਸਾਚਾ ਨਾਮ ਅੰਤਮ ਮੋਖ । ਸਾਚਾ ਨਾਮ ਮਿਟਾਏ ਆਤਮ ਦੋਖ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਮੋਖ ।

੨੦੫
੦੨

ਸਾਚਾ ਨਾਮ ਸਾਚਾ ਧਾਮ । ਸਾਚਾ ਨਾਮ ਰੰਗ ਕਰਤਾਰ । ਸਾਚਾ ਨਾਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰ । ਸਾਚਾ ਨਾਮ ਕਾਰਜ ਸਿੱਧ । ਸਾਚਾ ਨਾਮ ਆਤਮ ਵਿਧ । ਸਾਚਾ ਨਾਮ ਗੁਰਸਿਖ ਸਿੱਖ ਉਪਜਾਏ ਕਲ ਨਵ ਨਿਧ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਆਪਣਾ ਤਿਧ । ਸਾਚਾ ਨਾਮ ਦੇਵੇ ਅਖੱਲ । ਸਾਚਾ ਨਾਮ ਏਕ ਜਗਤ ਅਟੱਲ । ਸਾਚਾ ਨਾਮ ਗੁਰਮੁਖ ਸਾਚੇ ਆਪ ਦਵਾਏ ਜੋਤ ਪਰਗਟਾਏ ਕਲ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਲ । ਸਾਚਾ ਨਾਮ ਬਲ ਬਲਵੰਤਾ । ਸਾਚਾ ਨਾਮ ਮੇਲ ਮਿਲਾਵੇ ਸਾਚਾ ਕੰਤਾ । ਸਾਚਾ ਨਾਮ ਕੰਨ ਸੁਣਾਵੇ ਪ੍ਰਭ ਸਾਚੇ ਸੰਤਾ । ਸਾਚਾ ਨਾਮ ਦੇਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਬਣਤਾ । ਸਾਚਾ ਨਾਮ ਗੁਰ ਸਾਚੇ ਦੀਆ । ਸਾਚਾ ਨਾਮ ਗੁਰਮੁਖ ਸਾਚੇ ਨਿਰਮਲ ਜੀਆ । ਸਾਚਾ ਨਾਮ ਸੋਹੰ ਆਤਮ ਬੀਜ ਸਾਚਾ ਬੀਆ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਇਆ ਦੀਆ । ਸਾਚਾ ਨਾਮ ਥਿਰ ਘਰ ਵਾਸ । ਸਾਚਾ ਨਾਮ ਮੇਲ ਮਿਲਾਏ ਏਕਾ ਜੋਤ ਪਰਕਾਸ਼ । ਸਾਚਾ ਨਾਮ ਭੇਵ ਖੁਲ੍ਹਾਏ ਦਰਸ ਦਿਖਾਏ ਪ੍ਰਭ ਅਬਿਨਾਸ਼ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਰਸਨਾ ਜਪ ਸਵਾਸ ਸਵਾਸ । ਸਾਚਾ ਨਾਮ ਹਿਰਦੇ ਵਾਸ । ਸਾਚਾ ਨਾਮ ਆਪ ਕਰਾਏ ਦਾਸਨ ਦਾਸ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਵਸੇ ਪਾਸ । ਸਾਚਾ ਨਾਮ ਸਾਚਾ ਮੀਤ । ਸਾਚਾ ਨਾਮ ਆਤਮ ਉਪਜਾਵੇ ਗੁਰ ਚਰਨ ਪ੍ਰੀਤ । ਸਾਚਾ ਨਾਮ ਰਸਨਾ ਜਪ ਜੀਵ ਆਤਮ ਰਹੇ ਸਦਾ ਅਤੀਤ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਪ ਮਾਨਸ ਜਨਮ ਜਗ ਜੀਤ । ਸਾਚਾ ਨਾਮ ਕਰੇ ਉਜਿਆਰ । ਸਾਚਾ ਨਾਮ ਮਿਟਾਏ ਅੰਧ ਅੰਧਿਆਰ । ਸਾਚਾ ਨਾਮ ਦੇਵੇ ਆਪ ਨਿਰੰਕਾਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਹੋਏ ਭਵਜਲ ਪਾਰ । ਸਾਚਾ ਨਾਮ ਆਪ ਜਣਾਏ । ਸਾਚਾ ਨਾਮ ਆਪ ਸੁਣਾਏ । ਸਾਚਾ ਨਾਮ ਮਾਣ ਤਾਣ ਰਖਾਏ । ਸਾਚਾ ਨਾਮ ਗੁਰਮੁਖ ਸਾਚੇ ਵਿਚ ਬਬਾਣ ਬਿਠਾਏ । ਸਾਚਾ ਨਾਮ ਭਗਤ ਭਗਵਾਨ ਆਪ ਮੇਲ ਮਿਲਾਏ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਇਆ ਕਮਾਏ । ਸਾਚਾ ਨਾਮ ਏਕਾ ਓਟ । ਸਾਚਾ ਨਾਮ ਏਕਾ ਚੋਟ । ਸਾਚਾ ਨਾਮ ਆਤਮ ਕੱਢੇ ਖੋਟ । ਸਾਚਾ ਨਾਮ ਆਪ ਉਤਾਰੇ ਪਾਪ ਕੋਟ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਤੁੱਲ ਭੰਡਾਰ ਨਾ ਆਵੇ ਕਦੇ ਤੋਟ । ਸਾਚਾ ਨਾਮ ਅਤੁਲ ਭੰਡਾਰਾ । ਸਾਚਾ ਨਾਮ ਵਡ ਸੰਸਾਰਾ । ਸਾਚਾ ਨਾਮ ਗੁਰ ਦਰ ਲੇਵੇ ਗੁਰਮੁਖ ਪਿਆਰਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਗਨ ਰਾਗ ਰਾਗ ਮਝਾਰਾ । ਸਾਚਾ ਨਾਮ ਰਾਗ ਮਾਂਝ । ਸਾਚਾ ਨਾਮ ਆਤਮ ਸਾਂਝ । ਸਾਚਾ ਨਾਮ ਗੁਰਮੁਖ ਸਾਚੇ ਭਾਗ ਲਗਾਏ, ਜੋ ਨਰ ਨਾਰੀ ਰਹੇ ਬਾਂਝ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਰਖਾਏ ਸਾਚੀ ਸਾਂਝ । ਸਾਚਾ ਨਾਮ ਗੁਰਮੁਖ ਸਚ । ਸਾਚਾ ਨਾਮ ਗੁਰਮੁਖ ਹਿਰਦੇ ਵਚ । ਸਾਚਾ ਨਾਮ ਪ੍ਰਭ ਸਾਚਾ ਦੇਵੇ ਆਤਮ ਜਾਏ ਰਚ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾ ਕੰਚਨ ਕਚ । ਸਾਚਾ ਨਾਮ ਗੁਰਸਿਖ ਉਧਾਰ । ਸਾਚਾ ਨਾਮ ਪ੍ਰਭ ਸਾਚਾ ਦੇਵੇ ਸਚ ਦਰਬਾਰ । ਸਾਚਾ ਨਾਮ ਪ੍ਰਭ ਸਾਚੇ ਦਾ ਸਚ ਵਰਤਾਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੨੦੬

ਗੁਰਮੁਖਾਂ ਭਰੇ ਆਪ ਭੰਡਾਰ । ਸਾਚਾ ਨਾਮ ਸਚ ਖ਼ਜ਼ੀਨਾ । ਸਾਚਾ ਨਾਮ ਦੇਵੇ ਪਰਬੀਨਾ । ਸਾਚਾ ਨਾਮ ਗੁਰਮੁਖ ਵਿਰਲੇ ਰਸਨਾ ਜਪੀਨਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਪ ਜਪ ਜੀਵ ਸ਼ਾਂਤ ਕਰਾਏ ਸੀਨਾ । ਸਾਚਾ ਨਾਮ ਤ੍ਰਿਖਾ ਮਿਟਾਏ । ਸਾਚਾ ਨਾਮ ਸਾਚੀ ਸਿਖਿਆ ਗੁਰ ਦਰ ਦਵਾਏ । ਸਾਚਾ ਨਾਮ ਜਿਸ ਧੁਰੋਂ ਲਿਖਿਆ, ਪਰਗਟ ਜੋਤ ਆਪ ਜਪਾਏ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸਿਖਿਆ, ਗੁਰਮੁਖ ਭੁਲ ਨਾ ਜਾਏ । ਸਾਚਾ ਨਾਮ ਧੁਰ ਦਾ ਲੇਖ । ਸਾਚਾ ਨਾਮ ਆਪ ਜਪਾਏ, ਗੁਰਮੁਖ ਸਾਚੇ ਵੇਖ । ਸਾਚਾ ਨਾਮ ਆਪ ਜਪਾਏ, ਜੋਤ ਸਰੂਪੀ ਧਾਰੇ ਭੇਖ । ਸਾਚਾ ਨਾਮ ਰਸਨਾ ਗਾਏ, ਸੋਹੰ ਸ਼ਬਦ ਵਡ ਵਡ ਵਸੇਖ । ਸਾਚਾ ਨਾਮ ਜਨ ਵਿਰਲਾ ਪਾਏ, ਜਿਨ ਮਿਟਾਏ ਵਿਧਨਾ ਲੇਖ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਗਵਾਏ ਪੀਰ ਪੈਗ਼ੰਬਰ ਔਲੀਏ ਸ਼ੇਖ਼ । ਸਾਚਾ ਨਾਮ ਸਾਚੀ ਬਣਤ । ਸਾਚਾ ਨਾਮ ਸਰਬ ਤਰਾਏ ਜੀਵ ਜੰਤ । ਸਾਚਾ ਨਾਮ ਲਿਖਾਏ ਜੋਤ ਸਰੂਪੀ ਬੈਠ ਇਕੰਤ । ਸਾਚਾ ਨਾਮ ਮਾਤ ਧਰਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਭਗਵੰਤ । ਸਾਚਾ ਨਾਮ ਪੂਰਨ ਆਸਾ । ਸਾਚਾ ਨਾਮ ਪ੍ਰਭ ਦੇਵੇ ਆਤਮ ਭਰਵਾਸਾ । ਸਾਚਾ ਨਾਮ ਰਸਨਾ ਜਪ ਜੀਵ, ਪ੍ਰਭ ਆਤਮ ਕਰੇ ਰਾਸਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਏਕਾ ਕਿਨਕਾ ਏਕਾ ਤਿਨਕਾ ਨਾ ਤੋਲਾ ਨਾ ਮਾਸਾ । ਸਾਚਾ ਨਾਮ ਸਦ ਅਤੋਲ । ਸਾਚਾ ਨਾਮ ਸਦ ਅਡੋਲ । ਸਾਚਾ ਨਾਮ ਆਪ ਸੁਣਾਏ ਪ੍ਰਭ ਅਬਿਨਾਸ਼ੀ ਰਸਨਾ ਬੋਲ । ਸਾਚਾ ਨਾਮ ਜਨ ਰਸਨਾ ਗਾਏ, ਪ੍ਰਭ ਸਾਚਾ ਮੇਲ ਮਿਲਾਏ ਜੀਵ ਸਦ ਰਹੇ ਕੋਲ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੇ ਆਤਮ ਪੜਦੇ ਖੋਲ੍ਹ । ਸਾਚਾ ਨਾਮ ਮਿਟੇ ਦਵੈਤ । ਸਾਚਾ ਨਾਮ ਸਚ ਸ਼ਰਾਇਤ । ਸਾਚਾ ਨਾਮ ਸਚ ਹਦੈਤ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਏਕ ਸੋਹੰ ਸਾਚੀ ਆਇਤ । ਸਾਚਾ ਨਾਮ ਇਕ ਅਲਾਹ । ਸਾਚਾ ਨਾਮ ਪ੍ਰਭ ਜਗਤ ਧਰਾਏ ਸਰਬ ਦਾ ਤਲਾ । ਸਾਚਾ ਨਾਮ ਸਾਚਾ ਪ੍ਰਭ ਗੁਰਸਿਖ ਤੇਰੇ ਅੱਗੇ ਲੈ ਖੜਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਸ਼ਬਦ ਲਿਖਾਈ ਗੁਰ ਸੰਗਤ ਮਿਲਾਈ ਨਾ ਲਾਵੇ ਘੜੀ ਪਲਾ । ਸਾਚਾ ਨਾਮ ਕੋਟਨ ਕੋਟੀ । ਸਾਚਾ ਨਾਮ ਪ੍ਰਭ ਸਾਚੇ ਦੀ ਸਾਚੀ ਸੋਟੀ । ਸਾਚਾ ਨਾਮ ਗੁਰਮੁਖਾਂ ਆਪ ਰਖਾਏ ਉਪਰ ਚੋਟੀ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਜਿਉਂ ਬਾਲਕ ਮਾਤਾ ਰੋਟੀ । ਸਾਚਾ ਨਾਮ ਦਇਆ ਦਾਨ । ਸਾਚਾ ਨਾਮ ਗੁਰਮੁਖ ਸਾਚੇ ਪ੍ਰਭ ਦਰ ਤੇ ਪਾਣ । ਸਾਚਾ ਨਾਮ ਮੇਟ ਮਿਟਾਏ ਆਵਣ ਜਾਣ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟਾਏ ਜੋਤ ਸੁਣਾਏ ਕਾਨ । ਸਾਚਾ ਨਾਮ ਪ੍ਰਭ ਸਾਚਾ ਬੋਲੇ । ਸਾਚਾ ਨਾਮ ਜਨ ਪੜਦੇ ਖੋਲ੍ਹੇ । ਸਾਚਾ ਨਾਮ ਮੇਲ ਮਿਲਾਏ, ਗੁਰਮੁਖ ਸਾਚੇ ਪ੍ਰਭ ਸਾਚਾ ਵਿਚ ਬੈਠਾ ਤੇਰੇ ਉਹਲੇ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਗੁਰ ਆਪਣਾ ਭੇਵ ਆਪੇ ਖੋਲ੍ਹੇ । ਸਾਚਾ ਨਾਮ ਭਉ ਚੁਕਾਏ । ਸਾਚਾ ਨਾਮ ਸਾਚੇ ਦਾਓ ਜੀਆਂ ਲਗਾਏ । ਸਾਚਾ ਨਾਮ ਸਾਚੇ ਥਾਂਓ ਗੁਰਸਿਖ ਬਹਾਏ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਮਰਨ ਭਉ ਚੁਕਾਏ । ਸਾਚਾ ਨਾਮ ਮਿਟੇ ਰੋਗ । ਸਾਚਾ ਨਾਮ ਚੁਕੇ ਸੋਗ । ਸਾਚਾ ਨਾਮ ਰਸਨਾ ਜਪ ਜੀਵ ਪ੍ਰਭ ਦੇਵੇ ਦਰਸ ਅਮੋਘ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ

ਆਤਮ ਰਸ ਸਾਚਾ ਭੋਗ । ਸਾਚਾ ਨਾਮ ਆਤਮ ਰਸਿਆ । ਸਾਚਾ ਨਾਮ ਪ੍ਰਭ ਸਾਚੇ ਦੱਸਿਆ । ਸਾਚਾ ਨਾਮ ਗੁਰਮੁਖ ਸਾਚੇ ਤੇਰੇ ਹਿਰਦੇ ਵਸਿਆ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਕੋਟ ਰਵ ਸਸਿਆ । ਸਾਚਾ ਨਾਮ ਸਾਚੀ ਕਾਰ । ਸਾਚਾ ਨਾਮ ਗੁਰਸਿਖ ਪਿਆਰ । ਸਾਚਾ ਨਾਮ ਸਦ ਰਸਨ ਉਚਾਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਨਾ ਆਵੇ ਹਾਰ । ਸਾਚਾ ਨਾਮ ਅੰਤ ਕਲ । ਸਾਚਾ ਨਾਮ ਗੁਰਸਿਖ ਜਪ ਨਾ ਵੇਲਾ ਜਾਏ ਟਲ । ਸਾਚਾ ਨਾਮ ਗੁਰਮੁਖ ਹਿਰਦੇ ਸਚ ਸਮਾਏ ਅੰਮ੍ਰਿਤ ਮੇਘ ਬਰਸਾਏ ਜਾਇਣ ਪਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਖੇਲ ਵਰਤਾਏ ਆਪ ਕਰਾਏ ਜਲ ਥਲ । ਸਾਚਾ ਕਰਮ ਪ੍ਰਭ ਕਮਾਵਣਾ । ਜਲ ਥਲ ਮਹੀਅਲ ਆਪ ਅਖਵਾਵਣਾ । ਵਹਿੰਦੇ ਵਹਿਣ ਜਗਤ ਵਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਆਪ ਕਰਾਵਣਾ । ਆਪਣਾ ਖੇਲ ਆਪ ਕਰਾਏ । ਸ੍ਰਿਸ਼ਟ ਸਬਾਈ ਫੇਲ ਹੋ ਜਾਏ । ਗੁਰਮੁਖ ਸਾਚੇ ਪ੍ਰਭ ਚਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਖੇਲ ਆਪ ਕਰਾਏ । ਸਾਚੀ ਖੇਲ ਆਪ ਕਰਾ ਕੇ । ਜੋਤ ਸਰੂਪੀ ਜਾਮਾ ਪਾ ਕੇ । ਸ੍ਰਿਸ਼ਟ ਸਬਾਈ ਭਰਮ ਭੁਲਾ ਕੇ । ਕਲਜੁਗ ਧਰਮ ਨਸ਼ਟ ਕਰਾ ਕੇ । ਜੀਵ ਕੁਕਰਮ ਭ੍ਰਿਸ਼ਟ ਕਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਜਾਏ ਕਰਾ ਕੇ । ਸ੍ਰਿਸ਼ਟ ਸਬਾਈ ਅੰਤ ਕਰਾਵਣਾ । ਰੂਸੀਆਂ ਮੂਸੀਆਂ ਆਪ ਉਠਾਵਣਾ । ਸ਼ਾਹ ਅਬਨੂਸੀਆਂ ਨਸ਼ਟ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪ ਵਰਤਾਵਣਾ । ਏਕਾ ਜੋਤ ਅਗਨ ਚੌਫੇਰ । ਦੁਸ਼ਟ ਸੰਘਾਰੇ ਘੇਰ ਘੇਰ । ਜੋ ਪਰਗਟਾਏ ਨਾ ਲਾਏ ਦੇਰ । ਵਡ ਵਡ ਸੂਰਾ ਸੂਰਬੀਰ ਵਡ ਵਡ ਗਹਿਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤਰਾਏ ਕਰ ਕਰ ਆਪਣੀ ਮਿਹਰ । ਚੌਗਿਰਦ ਲਗਾਏ ਏਕਾ ਅੱਗ । ਸ੍ਰਿਸ਼ਟ ਸਬਾਈ ਜਾਏ ਦਗ । ਕਲਜੁਗ ਜੀਵ ਬਿਲਲਾਇਣ ਕਲ ਦੀਸਣ ਨੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਉਪਾਏ ਜੋਤ ਪਰਗਟਾਏ ਕਰੇ ਰੁਸ਼ਨਾਏ ਅੰਧੇਰ ਮਿਟਾਏ ਬੇਮੁਖ ਖਪਾਏ ਗੁਰਸਿਖ ਉਠਾਏ ਚਰਨ ਲਗਾਏ ਵਿਚ ਮਾਝੇ ਦੂਜੀ ਵੇਰ । ਮਾਝਾ ਰਾਸ ਆਇਆ ਅਬਿਨਾਸ਼, ਹੋਇਆ ਦਾਸ ਅੰਤਕਾਲ ਛੋਡਿਆ ਵਾਸ, ਨਿਹਕਲੰਕ ਜੋਤ ਪਰਗਟਾਈ, ਲਿਖਤ ਭਵਿਖਤ ਸਤਿ ਕਰਾਈ ਮਾਝਾ ਦੇਸ ਨਾ ਹੋਇਆ ਪਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਮਹੀਨਾ ਜੇਠ ਲਿਖਾਏ, ਗੁਰਸਿਖ ਰਲਾਏ ਅੰਗੀਕਾਰ ਅੰਗਦ ਹੋ ਜਾਏ, ਸਾਚੀ ਰੰਗਤ ਨਾਮ ਚੜ੍ਹਾਏ, ਗੁਰਮੁਖ ਸਾਚੀ ਸੰਗਤ ਆਪ ਬਣਾਏ, ਆਪਣਾ ਬੇੜਾ ਆਪ ਉਠਾਏ, ਚਰਨ ਧਰੇ ਪਾਰ ਬਿਆਸ । ਪਾਰ ਬਿਆਸ ਚਰਨ ਧਰ । ਅਚਰਜ ਖੇਲ ਆਪੇ ਕਰ । ਮਾਝਾ ਦੇਸ ਆਵੇ ਡਰ । ਮਦਿਰਾ ਮਾਸ ਜੋ ਖਾਇਣ ਰਾਮਦਾਸ ਤੇਰੇ ਸਾਚੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਸਜਾਏ ਜੋਤ ਪਰਗਟਾਈ ਅਵਤਾਰ ਨਰ । ਪ੍ਰਭ ਸਾਚਾ ਜੋਤ ਜਗਤ ਜਗਾਏ । ਪ੍ਰਭ ਸਾਚਾ ਸੋਹੰ ਮੋਖ ਮੁਕਤ ਰਖਾਏ । ਪ੍ਰਭ ਸਾਚਾ ਦੋਖ ਦੁਖ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧੂੜ ਜਨ ਮਸਤਕ ਲਾਏ । ਆਤਮ ਜੀਵ ਸਦ ਹੈ ਜੋਗੀ । ਆਤਮ ਜੀਵ ਸਦ ਹੈ ਭੋਗੀ । ਆਤਮ ਰਸ ਜੀਵ ਪ੍ਰਭ ਸਾਚਾ ਵਸ ਨਾ ਹੋਏ ਵਿਜੋਗੀ । ਮਹਾਰਾਜ ਸ਼ੇਰ ਸਿੰਘ ਦੁਖ ਦਰਦ ਮਿਟਾਏ ਜੋ ਦਰ ਆਏ ਰੋਗੀ । ਆਤਮ ਰਸ ਜੀਵ ਪ੍ਰਭ ਵਸ ਹੋਏ ਵਿਜੋਗੀ । ਆਤਮ ਜੋਗ ਸਾਚੀ ਜੁਗਤ । ਆਪ ਸਵਾਰੇ ਤੇਰੀ ਭੁਗਤ । ਪ੍ਰਭ ਦਵਾਰੇ ਤੇਰੀ ਮੁਕਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੨੦੮ ੦੨

ਜੋਤ ਪਰਗਟਾਏ ਦਰਸ ਦਿਖਾਏ, ਭੁੱਖਿਆਂ ਉਤਾਰੇ ਭੁੱਖ ਆਤਮ ਜੋਗੀ । ਨਾਮ ਵਿਜੋਗੀ ਝੂਠੀ ਛੱਡੇ ਦੁਨਿਆ ਰੋਲ ਵਿਰੋਲੀ । ਪ੍ਰਭ ਸਾਚੇ ਦਾ ਸਾਚਾ ਦਰ, ਸਾਚੀ ਭਿਖਿਆ ਪਾਵੇ ਝੋਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਆਤਮ ਘੋਲੀ । ਆਤਮ ਜੋਗ ਚਰਨ ਧਿਆਨ । ਪ੍ਰਭ ਚੁਕਾਏ ਮਿਟਾਏ ਦੁਖ ਮਹਾਨ । ਆਤਮ ਸੁਖ ਉਪਜਾਏ ਨਾ ਰਹੇ ਪੀੜ ਪਰਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਰੇ ਆਪ ਭਗਵਾਨ । ਉਠ ਸਿਖ ਸੋਇਆ ਜਾਗ । ਹੰਸ ਬਣਿਓ ਹੋਇਓ ਕਾਗ । ਅੰਤਮ ਕਿਉਂ ਹੋਏ ਮਾੜੇ ਭਾਗ । ਆਪਣੇ ਘਰ ਆਪੇ ਕਿਉਂ ਲਗਾਈ ਆਗ । ਕਲਜੁਗ ਮਾਇਆ ਡਸਣੀ ਨਾਗ । ਬਿਨ ਪ੍ਰਭ ਸਾਚੇ ਤੇਰੀ ਕੋਇ ਨਾ ਪਕੜੇ ਵਾਗ । ਉਠ ਸਿਖ ਜਾਗ, ਕਿਉਂ ਹੋਇਆ ਬਾਲ । ਉਠ ਸਿਖ ਜਾਗ, ਆਪਣਾ ਆਪ ਸੰਭਾਲ । ਉਠ ਸਿਖ ਜਾਗ ਸਾਚਾ ਬਚਨ ਸਤਿ ਕਰ ਪਾਲ । ਉਠ ਸਿਖ ਜਾਗ, ਪਾਪ ਕੁਠਾਲੀ ਵਿਚ ਆਪਣੀ ਦੇਹ ਨਾ ਗਾਲ । ਉਠ ਸਿਖ ਜਾਗ, ਕਿਉਂ ਆਤਮ ਗਵਾਇਆ ਸਾਚਾ ਧਨ ਮਾਲ । ਉਠ ਸਿਖ ਜਾਗ, ਵਿਸ਼ੇ ਵਿਕਾਰਾਂ ਕਿਉਂ ਹੋਇਆ ਬੇਹਾਲ । ਉਠ ਸਿਖ ਜਾਗ, ਮੂਰਖ ਮੁਗਧ ਗਵਾਰਾਂ ਸੰਗਤ ਨਿਭੇ ਨਾ ਨਾਲ । ਮਹਾਰਾਜ ਸ਼ੇਰ ਸਿੰਘ ਪਕੜ ਪਛਾੜੇ ਵਿਚ ਉਜਾੜੇ ਹੋਏ ਦੋ ਫਾੜੇ ਆਪਣਾ ਵੇਲਾ ਆਪ ਸੰਭਾਲ । ਉਠ ਸਿਖ ਜਾਗ, ਕਾਇਆ ਕੱਚ । ਉਠ ਸਿਖ ਜਾਗ, ਅਗਨ ਜੋਤ ਵਿਚ ਜਾਏ ਮੱਚ । ਉਠ ਸਿਖ ਜਾਗ, ਵੇਲਾ ਅੰਤ ਜਾਏ ਬਚ । ਉਠ ਸਿਖ ਜਾਗ, ਧੀਆਂ ਪੁੱਤਰ ਪਾਪ ਨਾ ਜਾਏ ਪਚ । ਉਠ ਸਿਖ ਜਾਗ, ਆਪਣਾ ਕੀਆ ਆਪ ਬਖ਼ਸ਼ਾਏ ਪ੍ਰਭ ਫੇਰ ਵਸਾਏ ਸਚ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਠੂਠਾ ਆਪ ਭੰਨਾਏ ਦੇਹੀ ਕਾਇਆ ਕੱਚ । ਉਠ ਜੀਵ ਜਾਗ, ਪ੍ਰਭ ਦਰ ਆ । ਉਠ ਸਿਖ ਜਾਗ, ਬੁਝਾ ਆਗ ਪ੍ਰਭ ਦਰਸ਼ਨ ਪਾ । ਉਠ ਸਿਖ ਧੋ ਦਾਗ, ਕਿਉਂ ਰਹਿਓ ਕਲੰਕ ਲਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦੇਹੀ ਛੁਡਾ । ਆਓ ਦਰ ਨਾ ਜਾਓ ਡਰ, ਵਸਾਓ ਘਰ ਆਪਣੀ ਭੁਲ ਬਖ਼ਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਤਤ ਪਾਪੀਆਂ ਆਪੇ ਮਤਿ ਦੇ ਲਏ ਸਮਝਾ । ਪਾਰਬ੍ਰਹਮ ਸਚ ਕਰਮ । ਪਾਰਬ੍ਰਹਮ ਸਚ ਧਰਮ । ਪਾਰਬ੍ਰਹਮ ਸਚ ਬ੍ਰਹਮ । ਪਾਰਬ੍ਰਹਮ ਜੋਤ ਅਗੰਮ । ਪਾਰਬ੍ਰਹਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਸਭ ਭਰਮ । ਪਾਰਬ੍ਰਹਮ ਭੂਪਤ ਭੂਪਾ । ਪਾਰਬ੍ਰਹਮ ਜੋਤ ਸਰੂਪਾ । ਪਾਰਬ੍ਰਹਮ ਰੰਗ ਅਨੂਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਜੋਤ ਪਰਗਟਾਏ ਕਰੇ ਰੁਸ਼ਨਾਏ ਸ੍ਰਿਸ਼ਟ ਸਬਾਈ ਹੋਇਆ ਅੰਧਿਆਰ । ਧਰੀ ਜੋਤ ਆਪ ਅਨਾਦ । ਕਲਜੁਗ ਆਇਣ ਮਾਧਵ ਮਾਧ । ਨਿਹਕਲੰਕ ਨਰਾਇਣ ਨਰ ਅਗਾਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮੇਲ ਮਿਲਾਏ ਸੰਤਨ ਸਾਧ । ਆਪਣੀ ਆਪ ਜਾਣੇ ਸਾਰਾ । ਸ੍ਰਿਸ਼ਟ ਸਬਾਈ ਖੇਲ ਨਿਆਰਾ । ਜੋਤ ਜਗਾਈ ਸ਼ਬਦ ਹੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਅਪਰ ਅਪਾਰਾ । ਅਪਰ ਅਪਾਰ ਆਪੇ ਆਪ । ਸ੍ਰਿਸ਼ਟ ਸਬਾਈ ਮਾਈ ਬਾਪ । ਏਕਾ ਦੇਵੇ ਸੋਹੰ ਜਾਪ । ਜਨ ਰਸਨਾ ਗਾਇਣ ਕੋਟਨ ਕੋਟ ਉਤਾਰੇ ਪਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਵੇ ਆਪ ਦਸਾਵੇ ਆਪਣਾ ਆਪ । ਆਪ ਆਪਣਾ ਆਪ ਵਖਾਏ । ਆਤਮ ਸਰਬ ਪਾਪ ਗਵਾਏ । ਤੀਨੋ ਤਾਪ ਮਾਰ ਵਖਾਏ । ਸੋਹੰ ਜਾਪ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਬ੍ਰਹਮ ਦੀ ਜੋਤ ਜਗਾਏ । ਜੋਤ ਬ੍ਰਹਮ ਬ੍ਰਹਮ ਸਮਾਨ । ਪਵਣ ਜੋਤ ਜੋਤ ਪਛਾਣ । ਗੁਰਮੁਖ ਸਾਚੇ ਸਚ ਪਛਾਣ । ਤੀਨ ਭਵਣ ਅਵਣ ਗਵਣ ਖੇਲ

ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਜੋਤ ਪਰਗਟਾਈ ਵਾਲੀ ਦੋ ਜਹਾਨ । ਆਪੇ ਜੋਤ ਜਗਾਏ ਜਗ । ਆਪੇ ਆਪ ਟਿਕਾਏ ਆਪਣੇ ਪਗ । ਆਪੇ ਆਪ ਆਪ ਅਖਵਾਏ, ਵਡ ਸੂਰਾ ਸਰਬਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਏ, ਏਕਾ ਇਕ ਕਰਾਏ, ਨਾ ਦਿਸੇ ਧੋਤੀ ਟਿੱਕਾ ਤਗ । ਅੰਤਮ ਅੰਤ ਬਰਸਾਏ ਅਗਨ ਮੇਘ । ਸੋਹੰ ਉਠਾਏ ਪ੍ਰਭ ਤੇਗ । ਏਕਾ ਸ਼ਬਦ ਚਲਾਏ ਸੋਹੰ ਸਤਿਜੁਗ ਸਾਚੀ ਦੇਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮੁਖ ਚੁਆਏ ਅੰਮ੍ਰਿਤ ਸਾਚਾ ਮੇਘ । ਕਲਜੁਗ ਅੰਤਮ ਕਿਰਪਾ ਕਰ । ਸਤਿਜੁਗ ਸਾਚਾ ਮਾਤ ਦੇ ਪ੍ਰਭ ਧਰ । ਕਲਜੁਗ ਜੀਵ ਅੰਤਕਾਲ ਮਾਨਸ ਜਨਮ ਗਏ ਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਕਰੀ ਲਿਖਾਈ ਦਸਮ ਅਵਤਰ । ਦਸਮ ਗੁਰ ਗੁਰ ਗੋਬਿੰਦਾ । ਪ੍ਰਭ ਸਾਚੇ ਦੀ ਸਾਚੀ ਬਿੰਦਾ । ਵਡ ਜੋਧਾ ਸੂਰਬੀਰ ਵਡ ਮਰਗਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਗੁਣੀ ਗਹਿੰਦਾ । ਮਾਣ ਗਵਾਏ ਵਾਲੀ ਹਿੰਦਾ । ਆਪ ਬਣਾਏ ਆਪਣੀ ਬਿੰਦਾ । ਆਤਮ ਮਿਟਾਏ ਸਰਬ ਚਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੀਸ ਛਤਰ ਝੁਲਾਏ ਬੇਮੁਖ ਖਪਾਏ ਕਰਨ ਜੋ ਨਿੰਦਾ । ਵਾਲੀ ਹਿੰਦ ਵਕਤ ਵਹਾਏ । ਗਿਆ ਵਕਤ ਫਿਰ ਹੱਥ ਨਾ ਆਏ । ਵਾਕ ਭਵਿਖਤ ਪ੍ਰਭ ਪੂਰ ਕਰਾਏ । ਲਿਖਾਈ ਲਿਖਤ ਨਾ ਕੋਇ ਮੇਟ ਮਿਟਾਏ । ਨਿਹਕਲੰਕ ਸਚ ਕਰਮ ਕਮਾਏ । ਸੋਹੰ ਸਾਚਾ ਡੰਕ ਵਜਾਏ । ਏਕ ਕਰਾਏ ਰਾਓ ਰੰਕ, ਊਚ ਨੀਚ ਕੋਇ ਰਹਿਣ ਨਾ ਪਾਏ । ਆਪ ਸੁਹਾਏ ਥਾਉਂ ਬੰਕ, ਜੋਤ ਸਰੂਪੀ ਜੋਤ ਪਰਗਟਾਏ । ਬੈਠਾ ਰਹੇ ਸਦ ਅਟੰਕ, ਸ੍ਰਿਸ਼ਟ ਸਬਾਈ ਆਪ ਹਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ । ਜੋਤ ਸਰੂਪੀ ਜਾਮਾ ਧਾਰ । ਸਾਚ ਰੰਗ ਕਰੇ ਕਰਤਾਰ । ਸਾਚਾ ਰੰਗ ਗੁਰਮੁਖ ਸਾਚੇ ਪ੍ਰੀਤ ਸਚ ਸਾਚੇ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਵੱਜੇ ਵਧਾਈ ਚਾਰ ਕੁੰਟ ਹੋਏ ਧੁਨਕਾਰ । ਚਾਰ ਕੁੰਟ ਹੋਏ ਧੁਨਕਾਰਾ । ਏਕਾ ਚਲੇ ਸ਼ਬਦ ਅਪਾਰਾ । ਸੋਹੰ ਚਲੇ ਵਿਚ ਸੰਸਾਰਾ । ਦਵਾਰ ਬੰਕ ਇਕ ਕਰਾਏ ਕਰਤਾਰਾ । ਓਅੰਕਾਰ ਕਰ ਪਿਆਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਹਕਲੰਕ ਅਵਤਾਰਾ । ਜੋਤ ਪਰਗਟਾਏ ਜਾਮਾ ਪਾਏ । ਨਿਹਕਲੰਕ ਆਪ ਅਖਵਾਏ । ਸ੍ਰਿਸ਼ਟ ਸਬਾਈ ਆਪ ਸੁਲਾਏ । ਗੁਰਮੁਖ ਸਾਚੇ ਸੋਹੰ ਨਾਉਂ ਪ੍ਰਭ ਸਾਚਾ ਆਪ ਜਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਜਗਤ ਕਮਾਏ । ਵਾਹਵਾ ਖੇਲ ਅਪਰ ਅਪਾਰ । ਵਾਹਵਾ ਮੇਲ ਪ੍ਰਭ ਗਿਰਧਾਰ । ਵਾਹਵਾ ਮੇਲ ਬਿਨ ਬਾਤੀ ਤੇਲ ਆਤਮ ਦੀਪ ਹੋਏ ਉਜਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕੀਆ ਮਾਤ ਪਸਾਰ । ਜੋਤ ਸਰੂਪੀ ਮਾਤ ਪਸਾਰਿਆ । ਜੋਤ ਸਰੂਪੀ ਜਾਮਾ ਧਾਰਿਆ । ਜੋਤ ਸਰੂਪੀ ਨਿਹਕਲੰਕ ਅਵਤਾਰਿਆ । ਜੋਤ ਸਰੂਪੀ ਸੋਹੰ ਸਾਚਾ ਡੰਕ ਵਜਾ ਰਿਹਾ । ਜੋਤ ਸਰੂਪੀ ਏਕਾ ਅੰਕ ਆਪਣਾ ਆਪ ਰਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝਾ ਦੇਸ ਭਾਗ ਲਗਾ ਰਿਹਾ । ਮਾਝਾ ਦੇਸ ਕੀਆ ਵੇਸ । ਪ੍ਰਭ ਸਾਚੇ ਦਾ ਸਾਚਾ ਵੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਹ ਤਜਾਈ ਜੋਤ ਪਰਗਟਾਈ ਨਿਹਕਲੰਕ ਅਖਵਾਈ ਕਲਜੁਗ ਕੀਆ ਸਾਚਾ ਵੇਸ । ਵੇਸ ਭੇਸ ਆਪ ਕਰ । ਮਾਝਾ ਦੇਖ ਖੁਲ੍ਹਾਇਆ ਦਰ । ਮਾਤਲੋਕ ਚਲ ਆਇਆ ਹਰਿ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਰਖਾਇਆ ਅਵਤਾਰ ਨਰ । ਭਰਮ ਭੁਲੇਖੇ ਜਗਤ ਭੁਲਾਇਆ, ਏਕ ਭੁਲਾਏ ਸਾਚਾ ਘਰ । ਗੁਰਮੁਖ ਸਾਚਾ ਚਰਨ

ਲਗਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ । ਕਿਰਪਾ ਕਰੇ ਆਪ ਗਿਰਧਾਰਾ । ਗੁਰਸਿਖਾਂ ਪਾਵੇ ਆਪੇ ਸਾਰਾ । ਬੇਮੁਖਾਂ ਦੇਵੇ ਦਰ ਦੁਰਕਾਰਾ । ਆਤਮ ਕੱਢੇ ਸਰਬ ਹੰਕਾਰਾ । ਦਰ ਦਰ ਕਰੇ ਸਰਬ ਖਵਾਰਾ । ਨਿਹਕਲੰਕ ਲਏ ਅਵਤਾਰਾ । ਜੋਤ ਸਰੂਪੀ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਨਾ ਪਾਰਾਵਾਰਾ । ਆਦਿ ਅੰਤ ਨਾ ਕੋਇ ਜਾਣੇ । ਪਾਰਬ੍ਰਹਮ ਨਾ ਕੋਇ ਪਛਾਣੇ । ਸੋ ਪਛਾਣੇ ਜਿਸ ਚਲਾਏ ਆਪਣੇ ਭਾਣੇ । ਨਿਹਕਲੰਕ ਪਰਗਟ ਜੋਤ ਆਪ ਰੁਲਾਏ ਰਾਜੇ ਰਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਆਪ ਪਛਾਣੇ । ਰਾਜੇ ਰਾਣੇ ਰੁਲਾਏ । ਝੂਠੇ ਬਾਣੇ ਤਨ ਪਹਿਨਾਏ । ਆਤਮ ਮਾਣੇ ਸਰਬ ਗਵਾਏ । ਪ੍ਰਭ ਅਬਿਨਾਸ਼ੀ ਮਨੋਂ ਭੁਲਾਏ । ਥਾਏਂ ਨਾ ਕੋਈ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪ ਰਹਾਏ । ਆਪਣਾ ਭਾਣਾ ਆਪ ਚਲਾਇਆ । ਆਪਣਾ ਬਾਣਾ ਆਪ ਵਟਾਇਆ । ਜਾਣੀ ਜਾਣ ਆਪ ਅਖਵਾਇਆ । ਕਲਜੁਗ ਜੀਆਂ ਤਾਈਂ ਤਾਣਾ ਤਾਣ ਆਪ ਉਲਝਾਇਆ । ਗੁਰਸਿਖ ਕਰਾਏ ਸੁਘੜ ਸਿਆਣਾ, ਸੋਹੰ ਨਾਮ ਆਪ ਜਪਾਇਆ । ਸਾਚਾ ਮਾਣ ਪ੍ਰਭ ਦਰ ਪਾਇਆ । ਕਰ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਰਾਓ ਰੰਕ ਇਕ ਕਰਾਇਆ । ਰਾਓ ਰੰਕ ਇਕ ਕਰਾ ਕੇ । ਸੋਹੰ ਸਾਚਾ ਸ਼ਬਦ ਡੰਕ ਵਜਾ ਕੇ । ਜੋਤ ਸਰੂਪੀ ਖੇਲ ਕਰਾ ਕੇ । ਗੁਰਮੁਖ ਸਾਚੇ ਮੇਲ ਮਿਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਜਾਏ ਆਪ ਕਰਾ ਕੇ । ਕਲਜੁਗ ਅੰਤਮ ਆਪ ਕਰਾਵਣਾ । ਗੁਰਮੁਖ ਵਿਰਲਾ ਪ੍ਰਭ ਚਰਨ ਲਗਾਵਣਾ । ਕਲਜੁਗ ਜੀਆਂ ਮਾਇਆ ਪਾਏ ਬੇਅੰਤ ਪ੍ਰਭ ਆਪ ਭੁਲਾਵਣਾ । ਏਕਾ ਬੈਠਾ ਵਿਚ ਸਦ ਇਕੰਤ, ਬੇਮੁਖਾਂ ਦਿਸ ਨਾ ਆਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਆਪੇ ਆਪ ਕਰਾਵਣਾ । ਅੰਤ ਵਰਤੇ ਸਾਚੀ ਧਾਰਾ । ਸ੍ਰਿਸ਼ਟ ਸਬਾਈ ਹੋਈ ਖਵਾਰਾ । ਰਾਓ ਉਮਰਾਓ ਹੋਏ ਭਿਖਾਰਾ । ਕੋਇ ਨਾ ਦੇਵੇ ਥਾਉਂ ਦੁਸ਼ਟ ਦੁਰਾਚਾਰਾ । ਨਾ ਕੋਈ ਪਕੜੇ ਬਾਂਹੋਂ ਨਾ ਕੋਈ ਦੀਸੇ ਕਿਨਾਰਾ । ਪ੍ਰਭ ਸਾਚਾ ਅਗੰਮ ਅਥਾਹ ਬੇਮੁਖਾਂ ਕਰੇ ਖਵਾਰਾ । ਗੁਰਸਿਖਾਂ ਜਪਾਏ ਧਿਆਏ ਸੋਹੰ ਸਾਚਾ ਨਾਉਂ, ਆਪ ਬਹਾਏ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਚਲਾਏ ਸਾਚੀ ਨਾਓ ਗੁਰਮੁਖਾਂ ਪਾਰ ਉਤਾਰਾ । ਗੁਰਮੁਖ ਸਾਚਾ ਉਤਰੇ ਪਾਰ । ਬੇਮੁਖ ਡੁੱਬੇ ਵਿਚ ਮੰਝਧਾਰ । ਗੁਰਮੁਖ ਸਾਚੇ ਆਏ ਸਚ ਦਰਬਾਰ । ਬੇਮੁਖਾਂ ਧਰਮ ਰਾਏ ਕਰੇ ਖੁਆਰ । ਗੁਰਮੁਖਾਂ ਦੇਵੇ ਸ਼ਬਦ ਅਧਾਰ । ਬੇਮੁਖਾਂ ਰਖਾਏ ਮਦਿਰਾ ਮਾਸ ਮੁਖ ਆਹਾਰ । ਗੁਰਮੁਖਾਂ ਆਤਮ ਜੋਤ ਕਰੇ ਉਜਿਆਰ । ਬੇਮੁਖਾਂ ਆਤਮ ਹੋਏ ਅੰਧ ਅੰਧਿਆਰ । ਗੁਰਮੁਖਾਂ ਪਾਵੇ ਆਪੇ ਸਾਚੀ ਸਾਰ । ਬੇਮੁਖਾਂ ਅੰਤਮ ਆਪੇ ਕਰੇ ਖਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰ । ਜਾਮਾ ਧਾਰੇ ਨਿਹਕਲੰਕ ਸ੍ਰਿਸ਼ਟ ਸੰਘਾਰੇ । ਨਿਹਕਲੰਕ ਦੂਤੀ ਦੁਸ਼ਟ ਸੰਘਾਰੇ । ਨਿਹਕਲੰਕ ਗੁਰਮੁਖ ਆਏ ਚਰਨ ਦਵਾਰੇ । ਦੇਵੇ ਦਰਸ ਆਪ ਅਪਾਰੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਨਿਹਕਲੰਕ ਅਵਤਾਰੇ । ਨਿਹਕਲੰਕ ਸਚ ਤੇਰਾ ਰਾਥ । ਨਿਹਕਲੰਕ ਸਭ ਤੇਰਾ ਸਾਥ । ਨਿਹਕਲੰਕ ਸਚ ਤੇਰੀ ਗਾਥ । ਨਿਹਕਲੰਕ ਦਇਆ ਕਮਾਏ ਗੁਰਮੁਖ ਸਾਚੇ ਜੋਤ ਜਗਾਏ ਵਿਚ ਮਾਥ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਤ੍ਰੈਲੋਕੀ ਨਾਥ । ਤ੍ਰੈਲੋਕੀ ਨਾਥਾ ਸਗਲਾ ਸਾਥਾ । ਆਪੇ ਰੱਖੇ ਦੇ ਕਰ ਹਾਥਾ । ਆਪ ਚਲਾਏ ਆਪਣੀ ਗਾਥਾ । ਮਹਿੰਮਾ ਅਕਥ ਅਕਥਨਾ ਅਕਾਥਾ ।


੨੧੧

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਲਾਂ ਕਲਾ ਸਮਰਾਥਾ । ਸੋਲਾਂ ਕਲਾ ਆਪ ਸਮਰਥ । ਆਪ ਆਪਣੀ ਦੇਵੇ ਵਥ । ਗੁਰਸਿਖਾਂ ਚੜ੍ਹਾਏ ਸੋਹੰ ਸਾਚੇ ਰਥ । ਬੇਮੁਖਾਂ ਪੁਆਏ ਕਲਜੁਗ ਨੱਥ । ਸ੍ਰਿਸ਼ਟ ਸਬਾਈ ਜਾਏ ਮੱਥ । ਵੇਲਾ ਗਿਆ ਨਾ ਆਵੇ ਹੱਥ । ਬਿਨਾਂ ਪੂਤ ਜਿਉਂ ਪਛਤਾਏ ਦਸਰਥ । ਕਲਜੁਗ ਜੀਵ ਕਰਨ ਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਜਾਏ ਮਥ । ਸ੍ਰਿਸ਼ਟ ਸਬਾਈ ਕਰੇ ਖੁਆਰਾ । ਜੋਤ ਸਰੂਪ ਆਪ ਨਿਰੰਕਾਰਾ । ਆਪ ਮਿਟਾਏ ਦੁਸ਼ਟ ਦੁਰਾਚਾਰਾ । ਨਾ ਕੋਈ ਦੀਸੇ ਮਦਿਰਾ ਮਾਸ ਆਹਾਰਾ । ਸ੍ਰਿਸ਼ਟ ਸਬਾਈ ਆਪ ਉਠਾਏ ਕਰੇ ਦੋ ਫਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਬਾਏ ਆਪਣੀ ਦਾੜ੍ਹਾ । ਸ੍ਰਿਸ਼ਟ ਸਬਾਈ ਹੋਏ ਦੋ ਧੜ । ਏਕਾ ਦੂਆ ਛੱਡਿਆ ਲੜ । ਕਲਜੁਗ ਜੀਆਂ ਹੋਏ ਭਾਗ ਮੜ । ਪ੍ਰਭ ਸਾਚਾ ਭਾਂਡਾ ਭੰਨਿਆ ਜੋ ਲਿਆ ਘੜ । ਪੀੜ ਪਿੜਾਏ ਗੰਨਿਆਂ, ਬੇਮੁਖਾਂ ਨਾ ਭਾਣਾ ਮੰਨਿਆ, ਪ੍ਰਭ ਸੀਸ ਕਟਾਏ ਧੜ । ਸ਼ਬਦ ਸਰੂਪੀ ਜਗ ਬੰਨਿਆ, ਆਪ ਉਖਾੜੇ ਕਲਜੁਗ ਜੜ੍ਹ । ਬੇਮੁਖਾਂ ਪ੍ਰਭ ਆਪੇ ਡੰਨਿਆ, ਜੋਤ ਸਰੂਪੀ ਜਾਏ ਨਾ ਹੜ੍ਹ । ਗੁਰਮੁਖ, ਸਾਚੇ ਧੰਨ ਧੰਨ ਧੰਨ ਕਰ ਮੰਨਿਆ, ਵੇਲੇ ਅੰਤ ਕਲਜੁਗ ਪਕੜੇ ਲੜ । ਕਲਜੁਗ ਜੀਵ ਹੋਏ ਆਤਮ ਅੰਨਿਆ, ਕੱਚੇ ਫਲ ਸ਼ਬਦ ਅੰਧੇਰੀ ਦੇਵੇ ਝੜ । ਗੁਰਮੁਖਾਂ ਦੇਵੇ ਸੋਹੰ ਸਾਚਾ ਨਾਉਂ ਲਾਗੇ ਨਾ ਸੰਨ੍ਹਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰ ਤੇ ਖੜ । ਸਚ ਦਰ ਪ੍ਰਭ ਕਾ ਦਵਾਰ । ਸਾਚਾ ਵਰ ਜੋਤ ਨਿਰੰਕਾਰ । ਸਾਚਾ ਦਰ ਸ੍ਰਿਸ਼ਟ ਸਬਾਈ ਦੇ ਅਪਾਰ । ਸਾਚਾ ਘਰ ਆਪ ਵਸਾਏ ਸਾਚਾ ਘਰ ਬਾਹਰ । ਏਕਾ ਜੋਤ ਮਾਤ ਧਰਾਵੇ, ਆਵੇ ਜਾਵੇ ਵਾਰੋ ਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਪ ਨਿਰੰਕਾਰ । ਏਕਾ ਜੋਤ ਸਚ ਨਿਰੰਕਾਰਾ । ਆਵੇ ਜਾਵੇ ਵਿਚ ਸੰਸਾਰਾ । ਜਾਮਾ ਪਾਵੇ ਅਪਰ ਅਪਾਰਾ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਪ ਨਿਰੰਕਾਰਾ । ਏਕਾ ਜੋਤ ਜੋਤ ਅਪਾਰਾ । ਗੁਰ ਦਸ ਆਪੇ ਆਪ ਲਏ ਅਵਤਾਰਾ । ਗੁਰ ਨਾਨਕ ਮੰਗਿਆ ਏਕਾ ਸਚ ਦਵਾਰਾ । ਨਾਮ ਸਤਿ ਮਿਲਿਆ ਸ਼ਬਦ ਭੰਡਾਰਾ । ਸ੍ਰਿਸ਼ਟ ਸਬਾਈ ਆਤਮ ਵੱਤ ਆਪੇ ਬੀਜ ਬਿਜਾਰਾ । ਆਪੇ ਸੂਤਰ ਦੇਵੇ ਕੱਤ, ਆਪੇ ਆਪ ਬਣੇ ਵਣਜਾਰਾ । ਸਤਿ ਨਾਮ ਦੇਵੇ ਸਾਚੀ ਮਤਿ, ਪਵਣ ਸਰੂਪੀ ਲੈ ਹੁਲਾਰਾ । ਸ੍ਰਿਸ਼ਟ ਸਬਾਈ ਰਖਾਏ ਜਤ, ਏਕਾ ਦੇਵੇ ਸ਼ਬਦ ਅਧਾਰਾ । ਸਾਚੀ ਮਤਿ ਆਪ ਦਿਸਾਏ ਧੁਰ ਦਰਬਾਰਾ । ਆਪ ਜਣਾਏ ਸਾਚੀ ਮਿਤ ਗਤ, ਜੋਤ ਸਰੂਪੀ ਜੋਤ ਨਿਰੰਕਾਰਾ । ਏਕਾ ਜੋਤ ਆਪ ਬਿਲੋਏ । ਦੋਏ ਤੀਏ ਚੌਥੇ ਹੋਏ । ਪੰਜਵੇਂ ਆਤਮ ਕਰੇ ਰਸੋਏ । ਛੇਵੇਂ ਬੀਜ ਸਾਚਾ ਬੋਏ । ਸੱਤਵੇਂ ਹਰਿਆ ਆਪੇ ਹੋਏ । ਅੱਠਵੇਂ ਲੱਗੇ ਫਲ ਨਾ ਕੋਇ । ਨਾਵੇਂ ਰੱਖੇ ਪਤਿ ਵਾਲੀ ਜਹਾਨਾਂ ਦੋਏ । ਦਸਵੇਂ ਦੇਵੇ ਸਾਚੀ ਮਤਿ ਆਪਣੇ ਚਰਨ ਪਰੋਏ । ਆਪ ਦੇਵੇ ਧੀਰਜ ਸਤਿ, ਜੋਤ ਸਰੂਪੀ ਗੁਰ ਗੋਬਿੰਦ ਗੋਬਿੰਦ ਗੁਰ ਏਕਾ ਜੋਤ ਹੋਏ । ਦਸਵਾਂ ਜਾਮਾ ਮਾਤ ਟਿਕਾਇਆ । ਭਗਤ ਲੇਖ ਪ੍ਰਭ ਆਪ ਲਿਖਾਇਆ । ਸਾਚਾ ਗੁਰਮੁਖ ਵੇਖ ਜਗਤ ਪਠਾਇਆ । ਪ੍ਰਭ ਸਚ ਕਰਾਇਆ ਭੇਖ ਆਪਣਾ ਸ਼ਬਦ ਜਣਾਇਆ । ਜੋਤ ਸਰੂਪੀ ਗੁਰ ਗੋਬਿੰਦ ਗੁਰ ਏਕਾ ਰੇਖ, ਨਾ ਕੋਈ ਮੇਟੇ ਮੇਟ ਮਿਟਾਇਆ । ਗੁਰ ਗੋਬਿੰਦ ਲਿਆ ਅਵਤਾਰ । ਦੀਆ ਹੁਕਮ ਆਪ ਕਰਤਾਰ । ਮਾਤਲੋਕ ਦੇਵੇ ਵਡ ਵਡ ਸਿਕਦਾਰ । ਆਪ ਨਿਵਾਏ ਵਡ ਵਡ ਵਡ ਹੰਕਾਰ । ਆਪ ਮਿਟਾਏ ਦੁਸ਼ਟ ਦੁਰਾਚਾਰ । ਆਪ ਗਾਵੇ ਆਪੇ ਪਾਵੇ ਆਪੇ ਜਾਵੇ ਆਪੇ ਆਵੇ ਆਪ ਭਾਵੇ ਆਪ ਰਾਵੇ ਆਪੇ ਹਸਾਵੇ

ਆਪ ਰਵਾਵੇ ਆਪੇ ਸੋਏ ਆਪ ਜਗਾਵੇ ਆਪੇ ਹੋਏ ਆਪ ਅਖਵਾਏ ਸ੍ਰਿਸ਼ਟ ਸਬਾਈ ਮਾਈ ਬਾਪ । ਹੋ ਜਾਵੇ ਇਕ ਜੋਤ ਇਕ ਅਕਾਰ ਸਚ ਵਿਹਾਰ ਜੁਗੋ ਜੁਗ ਵਿਚ ਮਾਤ ਆਵੇ ਜਾਵੇ ਵਾਰੋ ਵਾਰ । ਦਸਮ ਗੁਰ ਜਾਮਾ ਧਾਰਿਆ । ਪ੍ਰਭ ਦਰ ਚਰਨ ਨਿਮਸਕਾਰਿਆ । ਪ੍ਰਭ ਸਾਚੇ ਭਰੇ ਭੰਡਾਰਿਆ । ਆਤਮ ਦੇਵੇ ਜੋਤ ਅਧਾਰਿਆ । ਸਾਚਾ ਸ਼ਬਦ ਰਾਗ ਸੁਣਾ ਰਿਹਾ । ਬੈਠੇ ਰਹੇ ਸੀਤਲ ਧਾਰਿਆ । ਬਾਹੋਂ ਪਕੜ ਆਪ ਉਠਾ ਲਿਆ । ਪੂਰਬ ਕੀਆ ਜਨਮ ਵਿਚਾਰ, ਮਾਤਲੋਕ ਜਨਮ ਦਵਾ ਰਿਹਾ । ਕਿਰਪਾ ਕਰੀ ਅਪਰ ਅਪਾਰ, ਮਾਤਾ ਗੁਜਰੀ ਕੁੱਖ ਸੁਫਲ ਕਰਾ ਰਿਹਾ । ਜੋਤ ਧਰੀ ਆਪ ਕਰਤਾਰ, ਚੰਡ ਪਰਚੰਡ ਸਾਚਾ ਖੰਡ ਆਪ ਉਠਾ ਰਿਹਾ । ਜੋਤ ਸਰੂਪੀ ਜੋਤ ਪ੍ਰਭ ਜੁਗੋ ਜੁਗ ਜਾਮਾ ਵਿਚ ਮਾਤ ਦੇ ਪਾ ਰਿਹਾ । ਦਸਮ ਗੁਰ ਜਾਮਾ ਪਾਏ । ਲਿਖਿਆ ਧੁਰ ਆਪ ਕਮਾਏ । ਵਡ ਵਡ ਸੁਰ ਸਰਨ ਲਗਾਏ । ਸਾਚਾ ਗੁਰ ਕਰਮ ਕਮਾਏ । ਅਨੰਦਪੁਰ ਜੋਤ ਜਗਾਏ । ਜੋਤ ਸਰੂਪੀ ਜੋਤ ਪ੍ਰਭ ਜਾਮਾ ਵਿਚ ਮਾਤ ਦੇ ਪਾਏ । ਪੁਰੀ ਅਨੰਦ ਵੇਲਾ ਅੰਤ । ਪ੍ਰਭ ਸਾਚੇ ਆਪ ਬਣਾਈ ਸਾਚੀ ਬਣਤ । ਆਪ ਪਰਖੇ ਝੂਠੇ ਜੀਵ ਜੰਤ । ਗੁਰਮੁਖ ਸਾਚੇ ਦਿਸਣ ਅਡੋਲ ਸਾਚੇ ਸੰਤ । ਰਸਨਾ ਹਾਰੀ ਕੱਢਣ ਮੁਖੋਂ ਬੋਲ, ਮਾਇਆ ਪਾਈ ਪ੍ਰਭ ਬੇਅੰਤ । ਵੇਲਾ ਅੰਤ ਨਾ ਬੈਠਣ ਕੋਲ, ਆਪੇ ਛੱਡਣ ਸਾਚਾ ਕੰਤ । ਆਪ ਗਵਾਇਆ ਆਪਣਾ ਮੂਲ, ਆਏ ਦਰ, ਬਚਨ ਹਰ ਜਾਇਣ ਡਰ, ਗੁਰ ਆਪ ਹੋਏ ਅਨਭੋਲ ਵੇਲਾ ਅੰਤ । ਗੁਰਸਿਖ ਜਰ ਸਾਚਾ ਸੰਤ ਚਰਨੀ ਗੁਰ ਚਰਨਾਂ । ਬਣਾਏ ਬਣਤ ਧਰਨੀ ਧਰਨਾ । ਆਇਆ ਕੰਤ ਕਰਨੀ ਕਰਨਾ । ਸਾਚਾ ਸੰਤ ਵਿਰਲਾ ਸਰਨੀ ਸਰਨਾ । ਭੁੱਲੇ ਜੀਵ ਜੰਤ ਬੇਮੁਖ ਦੁਖ ਭਰਨਾ । ਜੋਤ ਸਰੂਪੀ ਜੋਤ ਹਰਿ ਬੇਮੁਖਾਂ ਬਚਨ ਸਾਚਾ ਹਰਨਾ । ਗੁਰ ਗੋਬਿੰਦ ਸ਼ਬਦ ਅਲਾਇਆ । ਸਾਧ ਸੰਗਤ ਹੁਕਮ ਸੁਣਾਇਆ । ਹੁਕਮ ਅੰਦਰ ਮੈਂ ਜਾਮਾ ਪਾਇਆ । ਪ੍ਰਭ ਕਲੰਦਰ ਜਿਉਂ ਚਾਹੇ ਨਚਾਇਆ । ਕਲਜੁਗ ਜੀਵ ਨਾ ਹੋਇਓ ਬੰਦਰ, ਵੇਲਾ ਗਿਆ ਹੱਥ ਨਾ ਆਇਆ । ਆਤਮ ਸਾਚਾ ਮਾਰੋ ਜੰਦਰ, ਸਤਿ ਸਰੂਪ ਵਿਚ ਸਤਿ ਸਮਾਇਆ । ਆਪੇ ਵਸੇ ਸਭ ਦੇ ਅੰਦਰ, ਭੈ ਭਿਆਨਕ ਵਿਚ ਹੋਏ ਸਹਾਇਆ । ਕਿਲਾ ਕੋਟ ਅਨੰਦ ਪੁਰ, ਪੁਰ ਅਨੰਦ ਸਾਚਾ ਦਰ ਗੁਰ ਗੋਬਿੰਦ ਜੋਤ ਪਰਗਟਾਇਆ । ਆਪਣਾ ਆਪ ਵੇਖ ਮਾਰ ਝਾਤ ਅੰਦਰ, ਸਾਚੀ ਮਤਿ ਦੇ ਆਪ ਸਮਝਾਇਆ । ਕਲਜੁਗ ਜੀਵ ਵੇਲਾ ਛਿਨ ਭੰਗਰ, ਪ੍ਰਭ ਅਬਿਨਾਸ਼ੀ ਹੁਕਮ ਸੁਣਾਇਆ । ਜੋਤ ਸਰੂਪੀ ਜੋਤ ਗੁਰ ਜਾਮਾ ਵਿਚ ਮਾਤ ਦੇ ਪਾਇਆ । ਗੁਰ ਕਾ ਹੁਕਮ ਅਮੋੜ । ਚਰਨ ਪ੍ਰੀਤੀ ਚਲੇ ਤੋੜ । ਮਾਤਾ ਗੁਜਰੀ ਕਰੇ ਪੁਕਾਰ, ਸੱਚੇ ਸਪੂਤ ਟੁੱਟੀ ਜੋੜ । ਅੰਤ ਨਾ ਪਾਏ ਗੁਰਸਿਖਾਂ ਹਾਰ, ਪ੍ਰਭ ਸਾਚੇ ਦੀ ਸਾਚੀ ਲੋੜ । ਜੋਤ ਸਰੂਪੀ ਜੋਤ ਪ੍ਰਭ, ਪ੍ਰਭ ਕਾ ਸ਼ਬਦ ਸਦ ਅਮੋੜ । ਮੋੜ ਮੁੜਾਇਆ ਪ੍ਰਭ ਕਾ ਭਾਣਾ । ਆਤਮ ਰਖਾਇਆ ਆਪਣਾ ਮਾਣਾ । ਗੁਰਮੁਖਾਂ ਬਣਾਇਆ ਗੁਰ ਅੰਵਾਣਾ । ਗੁਰ ਵਰਤਾਇਆ ਆਪਣਾ ਭਾਣਾ । ਵੇਲਾ ਅੰਤ ਅੰਤ ਵਕਤ ਸ਼ਬਦ ਲਿਖਾਣਾ । ਨਿਹਕਲੰਕ ਸਾਚਾ ਕੰਤ ਆਪੇ ਆਏ ਫਿਰ ਭਗਵਾਨਾ । ਜੋਤ ਸਰੂਪੀ ਜੋਤ ਧਰ, ਆਪ ਲਿਖਾਏ ਸਿਖਾਂ ਮਲੇਛ ਬਾਣਾ । ਕਲਜੁਗ ਤੇਰੀ ਅੰਤ ਹਾਰ, ਦਸਵੇਂ ਗੁਰ ਆਪ ਲਿਖਾਣਾ । ਨਿਹਕਲੰਕ ਆਏ ਜਾਮਾ ਧਾਰ । ਜਗਾਏ ਜੋਤ ਆਪ ਕਰਤਾਰ । ਮਿਟਾਏ ਗੋਤ ਆਪ ਸਰਬ ਸੰਸਾਰ । ਗੁਰਮੁਖ ਜਗਾਏ ਸੋਤ ਦੇਵੇ ਸ਼ਬਦ ਹੁਲਾਰ । ਜੋਤ ਸਰੂਪੀ ਜੋਤ ਪ੍ਰਭ ਨਿਹਕਲੰਕ ਲੈ ਅਵਤਾਰ । ਕਲਜੁਗ ਲੈ ਅਵਤਾਰ ਸਿਖਾਂ ਵਰਤਾਵੇ ਸਾਚਾ ਭਾਣਾ । ਸਿੰਘ ਮਲੇਛ ਏਕਾ ਖਾਣਾ । ਆਪੇ ਭੁੱਲਣ ਸਾਚਾ ਬਾਣਾ । ਆਪਣਾ ਕੀਆ ਆਪੇ ਪਾਣਾ । ਮਦਿਰਾ

ਮਾਸ ਰਸਨ ਲਗਾਣਾ । ਆਤਮ ਸੁਖ ਸਰਬ ਗਵਾਣਾ । ਨਾ ਉਤਰੇ ਭੁੱਖ ਦੁਖ ਮਹਾਨਾ । ਕਲ ਜੋਤ ਪਰਗਟਾਏ ਨਿਹਕਲੰਕ ਨਾਮ ਰਖਾਏ ਜੋਤ ਸਰੂਪੀ ਜਾਮਾ ਪਾਏ ਆਪੇ ਆਪ ਆਪ ਭਗਵਾਨਾ । ਮਲੇਛ ਧਾਰ ਹੋਇਣ ਖਵਾਰ, ਰਾਮਦਾਸ ਤੇਰੇ ਸਚ ਘਰ ਦਰ ਦਰਬਾਰ । ਮਦਿਰਾ ਮਾਸ ਕਰਨ ਆਹਾਰ । ਧੀਆਂ ਭੈਣਾਂ ਕਰਨ ਵਪਾਰ । ਦੁਸ਼ਟ ਦੁਰਾਚਾਰਾਂ ਕੂੜਾ ਹੋਇਆ ਵਿਹਾਰ । ਜੋਤ ਪਰਗਟਾਏ ਆਪ ਪ੍ਰਭ ਬੇਮੁਖਾਂ ਕਰੇ ਖੁਆਰ । ਜੋਤ ਸਰੂਪੀ ਜੋਤ ਪ੍ਰਭ, ਅੰਤਮ ਅੰਤ ਕਲ ਆਏ ਜਾਮਾ ਧਾਰ । ਰਾਮ ਦਾਸ ਤੇਰਾ ਸਾਚਾ ਘਰ । ਕਲਜੁਗ ਜੀਆਂ ਬਣਾਇਆ ਵੇਸਵਾ ਘਰ । ਸਰ ਅੰਮ੍ਰਿਤ ਸਾਚਾ ਸਰ । ਕਲਜੁਗ ਜੀਵ ਹੋਏ ਦੁਸ਼ਟ ਦੁਰਾਚਾਰ ਨਾਰੀ ਨਰ । ਆਇਣ ਚਲ ਦਰ ਵਿਚ ਪਾਪਾਂ ਆਪਣਾ ਆਪ ਜਾਇਣ ਹਰ । ਪਰਗਟ ਜੋਤ ਨਿਹਕਲੰਕ ਏਕ ਦਿਸਾਵੇ ਆਪਣਾ ਡਰ । ਰਾਮ ਦਾਸ ਤੇਰਾ ਦਰਬਾਰਾ । ਰਾਮਦਾਸ ਤੇਰਾ ਘਰ ਬਾਹਰਾ । ਰਾਮ ਦਾਸ ਤੇਰਾ ਪਸਾਰਾ । ਪੰਚਮ ਗੁਰ ਜੋਤ ਅਕਾਰਾ । ਪ੍ਰਭ ਅਬਿਨਾਸ਼ੀ ਬੈਠਾ ਚਰਨ ਜੁੜ, ਸ਼ਬਦ ਲਿਖਾਏ ਲੇਖ ਲਿਖਾਰਾ । ਆਪ ਲਿਖਾਏ ਸਾਚਾ ਗੁਰ, ਨਿਹਕਲੰਕ ਅੰਤਕਾਲ ਲੈ ਅਵਤਾਰਾ । ਸਾਚੀ ਲਿਖਤ ਆਪ ਕਰਾਏ । ਵਾਕ ਭਵਿਖਤ ਸਤਿ ਵਰਤਾਏ । ਲੇਖ ਲਿਖਤ ਨਾ ਕੋਇ ਮਿਟਾਏ । ਨਿਹਕਲੰਕ ਕਲ ਜਾਮਾ ਪਾਏ । ਰਾਮਾ ਸ਼ਾਮਾ ਆਪ ਅਖਵਾਏ । ਸੋਹੰ ਨਾਮ ਆਪ ਜਪਾਏ । ਪੂਰਨ ਘਾਲ ਜਗਤ ਕਰਾਏ । ਸ਼ਬਦ ਦਮਾਮਾ ਆਪ ਵਜਾਏ । ਕਲਜੁਗ ਝੂਠਾ ਜਾਮਾ ਅੰਤ ਖਪਾਏ । ਸਤਿਜੁਗ ਤੇਰਾ ਰੱਖੇ ਮਾਣਾ, ਵਿਚ ਮਾਤ ਕਲ ਜਨਮ ਦਵਾਏ । ਏਕਾ ਰੱਖੇ ਸੋਹੰ ਆਣਾ, ਚਾਰ ਕੁੰਟ ਜੈ ਜੈ ਜੈਕਾਰ ਕਰਾਏ । ਜੋਤ ਪਰਗਟਾਏ ਵਿਸ਼ਨੂੰ ਭਗਵਾਨਾ, ਨਿਹਕਲੰਕ ਕਲ ਨਾਉਂ ਧਰਾਏ । ਨਿਹਕਲੰਕ ਕਲ ਜਾਮਾ ਪਾਇਆ । ਪੁਰੀ ਘਨਕ ਭਾਗ ਲਗਾਇਆ । ਪੂਰਨ ਕਾਮ ਅੰਤਮ ਅੰਤਕਾਲ ਪ੍ਰਭ ਸਾਚੇ ਆਣ ਕਰਾਇਆ । ਵੇਲਾ ਅੰਤ ਨਾ ਜਾਏ ਟਲ, ਪ੍ਰਭ ਸਾਚੇ ਲੇਖ ਲਿਖਾਇਆ । ਸ੍ਰਿਸ਼ਟ ਸਬਾਈ ਜਾਏ ਹਲ, ਜੋਤ ਸਰੂਪੀ ਅਗਨ ਲਗਾਇਆ । ਆਪ ਉਤਾਰੇ ਬੇਮੁਖਾਂ ਖੱਲ, ਵਡ ਵਡ ਵਡ ਕਸਾਈ ਆਪ ਅਖਵਾਇਆ । ਆਪ ਕਰਾਏ ਵਲ ਛਲ, ਛਲ ਵਲ ਕਰ ਜਗਤ ਭੁਲਾਇਆ । ਆਪ ਕਰਾਏ ਥਲ ਜਲ, ਜਲ ਥਲ ਆਪ ਉਲਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਪੁਰੀ ਘਨਕ ਕਲ ਜਾਮਾ ਪਾਇਆ । ਪੁਰੀ ਘਨਕ ਜਾਮਾ ਪਾ ਕੇ । ਜੋਤ ਸਰੂਪੀ ਜੋਤ ਪਰਗਟਾ ਕੇ । ਮਾਝਾ ਦੇਸ ਆਗ ਲਗਾ ਕੇ । ਸਾਚਾ ਵੇਸ ਪ੍ਰਭ ਆਪ ਕਰਾ ਕੇ । ਵਡ ਵਡ ਵਡ ਨਰੇਸ਼ ਪ੍ਰਭ ਹੁਕਮ ਸੁਣਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਕਰਾ ਕੇ । ਰਾਓ ਰੰਕ ਸਰਬ ਭੁਲਾ ਕੇ । ਸਰਬ ਭੁਲਾਏ ਆਪ ਰੁਲਾਏ ਕਵਣ ਛੁਡਾਏ ਪਤਿ ਗਵਾਏ ਯਤ ਤੁੜਾਏ ਮਤਿ ਗਵਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਪਾਏ ਨੱਥ ਦਰ ਦਰ ਫਿਰਾਏ । ਪ੍ਰਭ ਸਾਚਾ ਰੱਖੇ ਲਾਜਾ । ਸ੍ਰਿਸ਼ਟ ਸਬਾਈ ਜਿਸ ਸਾਜਨ ਸਾਜਾ । ਦੇਵੇ ਵਡਿਆਈ ਵਡ ਰਾਜਨ ਰਾਜਾ । ਜੋਤ ਜਗਾਈ ਪੁਰੀ ਘਨਕ ਵਿਚ ਦੇਸ ਮਾਝਾ । ਮਾਝਾ ਦੇਸ ਗਿਆ ਭੁੱਲ । ਵੇਲਾ ਅੰਤ ਗਿਆ ਹੁੱਲ । ਪਾਣੀ ਹੱਥ ਨਾ ਆਵੇ ਚੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਵਰਤਾਏ ਦੁਸ਼ਟ ਦੁਰਾਚਾਰਾਂ ਆਪ ਖਪਾਏ ਆਪਣਾ ਆਪ ਜੀਵ ਗਏ ਭੁੱਲ । ਸਾਚਾ ਵਕਤ ਆਪ ਸੁਹਾਏ । ਜਗਤ ਰਕਤ ਆਪ ਵਹਾਏ । ਸਕਤ ਭੁਗਤ ਕੋਈ ਰਹਿਣ ਨਾ ਪਾਏ । ਏਕਾ ਜੁਗਤ ਨਿਹਕਲੰਕ ਸਰਨਾਏ । ਸਾਚੀ ਮੁਕਤ ਸੋਹੰ ਰਸਨਾ ਗਾਏ । ਜੀਵ ਆਤਮ ਜੁਗਤ ਪ੍ਰਭ ਸਾਚਾ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਆਪ

੨੧੪

ਰਹਾਏ । ਮਾਝੇ ਦੇਸ ਹੋਏ ਭੀੜ । ਜੀਵ ਜੰਤਾਂ ਪਾਏ ਪੀੜ । ਆਪੇ ਤੋੜੇ ਹੱਡੀ ਰੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਬੇਮੁਖਾਂ ਜਾਏ ਪੀੜ । ਬੇਮੁਖਾਂ ਆਪੇ ਪੀੜ ਪਿੜਾਏ । ਬੇਮੁਖਾਂ ਆਪੇ ਚੀਰ ਲੁਹਾਏ । ਬੇਮੁਖਾਂ ਆਪੇ ਤੀਰ ਚਲਾਏ । ਬੇਮੁਖਾਂ ਆਪੇ ਨੀਰ ਤਰਸਾਏ । ਬੇਮੁਖਾਂ ਆਪੇ ਵਹੀਰ ਕਰਾਏ । ਬੇਮੁਖਾਂ ਸੀਰ ਹੱਥ ਨਾ ਆਏ । ਬੇਮੁਖਾਂ ਨਾ ਕੋਈ ਸੀਰ ਚੁਆਏ । ਬੇਮੁਖਾਂ ਫ਼ਕੀਰ ਜਗਤ ਫਿਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਪਰਗਟ ਗੁਰਸਿਖਾਂ ਧੀਰ ਧਰਾਏ । ਧੀਰ ਧਰਾਏ ਧਰਨੀ ਧਰ । ਧਰਤ ਅਕਾਸ਼ ਏਕਾ ਜੋਤ ਹਰਿ । ਏਕਾ ਹਰਿ ਤੀਨ ਲੋਕ ਸਾਚਾ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਟਿਕਾਏ ਲਿਖਾਏ ਵਸਾਏ ਏਕਾ ਸਾਚਾ ਘਰ । ਏਕਾ ਘਰ ਏਕਾ ਦਰ ਏਕਾ ਵਰ ਏਕ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰਮੁਖ ਸਾਚਾ ਜਾਏ ਤਰ । ਗੁਰਸਿਖ ਤਰਿਆ ਸਰਨੀ ਪਰਿਆ । ਆਤਮ ਹਰਿਆ ਪ੍ਰਭ ਦਰ ਖਰਿਆ । ਨਾ ਕਦੇ ਜੰਮੇ ਨਾ ਕਦੇ ਮਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦਾ ਸਦਾ ਦਰ ਤੇਰੇ ਖੜਿਆ । ਸਦਾ ਸਦਾ ਪ੍ਰਭ ਤੇਰੇ ਦਰ । ਸਦਾ ਸਦਾ ਪ੍ਰਭ ਤੇਰੇ ਘਰ । ਸਦਾ ਸਦਾ ਪ੍ਰਭ ਤੇਰੇ ਵਰ । ਸਦਾ ਸਦਾ ਕਰ ਦਰਸ ਗੁਰਮੁਖ ਸਾਚੇ ਜਾਇਣ ਤਰ । ਸਦਾ ਸਦਾ ਪ੍ਰਭ ਅਬਿਨਾਸ਼ੀ ਜੋਤ ਪਰਗਟਾਏ ਅਵਤਾਰ ਨਰ । ਸਦਾ ਸਦਾ ਪ੍ਰਭ ਅਬਿਨਾਸ਼ੀ ਗੁਰਮੁਖ ਸਾਚੇ ਸੰਤ ਜਗਾਏ ਆਤਮ ਦੇਵੇ ਭੰਡਾਰੇ ਭਰ । ਸਦਾ ਸਦਾ ਪ੍ਰਭ ਬਣਤ ਬਣਾਏ ਜੋ ਜਨ ਆਏ ਪ੍ਰਭ ਸਾਚੇ ਦੇ ਸਾਚੇ ਦਰ । ਸਦਾ ਸਦਾ ਪ੍ਰਭ ਭੇਵ ਖੁਲ੍ਹਾਏ, ਸਾਚੀ ਸੇਵਾ ਆਪ ਲਗਾਏ, ਵਡ ਦੇਵੀ ਦੇਵ ਆਪ ਬਣਾਏ, ਸੋਹੰ ਸਾਚਾ ਮੇਵ ਮੁਖ ਚੁਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਸਾਚੀ ਸੇਵ ਕਲ ਨਾ ਬਿਰਥੀ ਜਾਏ । ਗੁਰ ਚਰਨ ਪ੍ਰੀਤੀ ਸਚ ਕਮਾਓ । ਗੁਰ ਚਰਨ ਪ੍ਰੀਤੀ, ਪ੍ਰਭ ਅਬਿਨਾਸ਼ੀ ਸਾਚਾ ਪਾਓ । ਗੁਰ ਚਰਨ ਪ੍ਰੀਤੀ ਸਾਚੀ ਰੀਤੀ, ਪਿਛਲੀ ਭੁਲ ਦਰ ਬਖ਼ਸ਼ਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਤਤ ਪੁਨੀਤੀ ਕਾਇਆ ਸੀਤਲ ਕੀਤੀ, ਅੰਮ੍ਰਿਤ ਆਤਮ ਮੇਘ ਬੂੰਦ ਸਵਾਂਤੀ ਮੁਖ ਚੁਆਓ । ਬੂੰਦ ਸਵਾਂਤੀ ਲਾਏ ਮੁਖ । ਗੁਰਸਿਖ ਤੇਰੀ ਉਤਰੇ ਭੁੱਖ । ਏਕਾ ਉਪਜੇ ਸਾਚਾ ਸੁਖ । ਹਉਮੇ ਵਿਚੋਂ ਜਾਏ ਦੁਖ । ਸੁਫਲ ਕਰਾਏ ਮਾਤ ਕੁੱਖ । ਗੁਰਸਿਖ ਫਿਰ ਮਾਤ ਗਰਭ ਨਾ ਹੋਏ ਉਲਟਾ ਰੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਕਰਾਏ ਤੇਰਾ ਉਜਲ ਮੁਖ । ਉਜਲ ਮੁਖੀਆ ਆਤਮ ਸੁਖੀਆ, ਮਿਟੇ ਦੁਖੀਆ ਉਤਰੀ ਭੁਖੀਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਹੋਏ ਸੂਖਮ ਸੁਖੀਆ । ਦਰਸ਼ਨ ਵੇਲਾ ਪ੍ਰਭ ਸੁਹੇਲਾ । ਸਾਚਾ ਮੇਲਾ ਭਗਤ ਦੁਹੇਲਾ । ਜੋਤ ਜਗਾਏ ਬਿਨ ਬਾਤੀ ਬਿਨ ਤੇਲਾ । ਅਚਰਜ ਖੇਲ ਪ੍ਰਭ ਕਲ ਖੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਚਰਨ ਲਗਾਏ, ਪ੍ਰਭ ਮਿਲਣ ਦਾ ਸਾਚਾ ਵੇਲਾ । ਮਿਲ ਪ੍ਰਭ ਜੀਵ ਆਤਮ ਉਤਰੇ ਤੇਰੀ ਸੰਗ । ਮਿਲ ਪ੍ਰਭ ਸਾਚਾ ਦਰਸ ਦਾਨ ਦਰ ਮੰਗ । ਮਿਲ ਪ੍ਰਭ ਆਤਮ ਚਾੜ੍ਹ ਇਕ ਮਜੀਠੀ ਰੰਗ । ਮਿਲ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਗਵਾਏ ਗੁਰਸਿਖ ਤੇਰੀ ਭੁੱਖ ਨੰਗ । ਭੁੱਖਿਆ ਨੰਗਿਆਂ ਸਦ ਹੈ ਸੰਗਿਆ । ਕਰ ਦਰਸ ਗੁਰਮੁਖ ਸਾਚਾ ਪਾਪ ਪਹਾੜਾਂ ਲੰਘਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਜਿਸ ਜਨ ਆਏ ਮੰਗਿਆ । ਮਾਂਗੋ ਮਾਂਗੋ ਮਾਂਗੋ ਜੀਵ, ਨਾਮ ਦਾਨ । ਮਾਂਗੋ ਮਾਂਗੋ ਮਾਂਗੋ ਜੀਵ, ਦਰਸ ਭਗਵਾਨ । ਮਾਂਗੋ ਮਾਂਗੋ ਮਾਂਗੋ ਜੀਵ, ਪ੍ਰਭ ਜੋਤ ਗੁਣ ਨਿਧਾਨ । ਮਾਂਗੋ ਮਾਂਗੋ ਮਾਂਗੋ ਜੀਵ

ਨਿਹਕਲੰਕ ਚਰਨ ਧੂੜ ਇਸ਼ਨਾਨ । ਮਾਂਗੋ ਮਾਂਗੋ ਮਾਂਗੋ ਜੀਵ, ਏਕ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਦਰਸ ਦਿਖਾਏ ਹਰਸ ਮਿਟਾਏ ਤਰਸ ਕਮਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਬਰਸ ਆਤਮ ਸ਼ਾਂਤ ਕਰਾਏ । ਆਤਮ ਸ਼ਾਂਤ ਜੀਵ ਇਕਾਂਤ । ਏਕਾ ਦਿਸੇ ਪਿੰਡ ਪਰਾਤ । ਨਾ ਕੋਈ ਦਿਸੇ ਦਿਵਸ ਰਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਏਕਾ ਗੋਤ ਬੈਠਾ ਰਹੇ ਸਦਾ ਇਕਾਂਤ । ਜੀਵ ਇਕਾਂਤੀ ਬੂੰਦ ਸਵਾਂਤੀ ਮੁਖ ਚੁਵਾਂਤੀ ਕਵਲ ਭੁਵਾਂਤੀ ਦਵਾਰ ਖੁਲ੍ਹਾਂਤੀ ਧੁਨ ਉਪਜ਼ਾਤੀ ਸੁੰਨ ਖੁਲ੍ਹਾਂਤੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਬਣਤ । ਬਣਤ ਬਣਾਏ ਆਪ ਪ੍ਰਭ, ਗੁਰਸਿਖ ਲਏ ਜਗਾ । ਬਣਤ ਬਣਾਏ ਆਪ ਪ੍ਰਭ, ਸੋਹੰ ਰਾਗ ਜਗਤ ਉਪਾ । ਬਣਤ ਬਣਾਏ ਆਪ ਪ੍ਰਭ, ਏਕਾ ਨਾਮ ਜਗਤ ਧਰਾ । ਬਣਤ ਬਣਾਏ ਆਪ ਪ੍ਰਭ ਦੋਐਂ ਨਾਮ ਜਗਤ ਮਿਟਾ । ਬਣਤ ਬਣਾਏ ਆਪ ਪ੍ਰਭ, ਸਭ ਥਾਈਂ ਹੋਏ ਆਪ ਸਹਾ । ਬਣਤ ਬਣਾਏ ਆਪ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਨਾਂਹ । ਨਾ ਕੋਈ ਦੂਸਰ ਨਾਂ ਕੋਈ ਦੂਜ । ਸਤਿਜੁਗ ਦਿਸੇ ਨਾ ਕੋਈ ਪੂਜ । ਏਕ ਬੁਝਾਏ ਪ੍ਰਭ ਆਪਣੀ ਬੂਝ । ਆਪਣਾ ਭੇਵ ਖੁਲ੍ਹਾਏ ਗੂਝ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਏਕਾ ਏਕ ਰਹਾਏ ਆਪ ਗਵਾਏ ਏਕਾ ਦੂਜ । ਲੇਖ ਲਿਖਾਏ ਆਪ ਪ੍ਰਭ । ਰੇਖ ਮਿਟਾਏ ਆਪ ਪ੍ਰਭ । ਵੇਖਾ ਵੇਖ ਚਰਨ ਲਗਾਏ ਆਪ ਪ੍ਰਭ । ਭੇਖ ਭੇਖ ਭੇਖ ਜਗਤ ਮਿਟਾਏ ਆਪ ਪ੍ਰਭ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਪਰਗਟ ਜੋਤ ਦਰਸ ਦਿਖਾਏ ਆਪ ਪ੍ਰਭ । ਜੋਤ ਜਗਾ ਕੇ ਦਰਸ ਦਿਖਾ ਕੇ । ਸਤਿਜੁਗ ਸਾਚਾ ਅੰਮ੍ਰਿਤ ਮੇਘ ਬਰਸਾ ਕੇ । ਕਲਜੁਗ ਝੂਠਾ ਅੰਤ ਖਪਾ ਕੇ । ਬੇਮੁਖਾਂ ਹੱਥ ਠੂਠਾ ਆਪ ਫੜਾ ਕੇ । ਗੁਰਮੁਖ ਰੂਠਾ ਆਪ ਮਨਾ ਕੇ । ਰੰਗ ਅਨੂਠਾ ਆਪ ਚੜ੍ਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੂਠ ਝੂਠ ਸਭ ਜਾਏ ਨਸ਼ਟ ਕਰਾ ਕੇ । ਨਸ਼ਟ ਕਰਾਏ ਕਲਜੁਗ ਜੂਠ । ਆਪ ਖਪਾਏ ਕਲਜੁਗ ਮੂਠ । ਗੁਰਮੁਖ ਵਡਿਆਏ ਦਰ ਭਿਖਿਆ ਪਾਏ ਨਾਮ ਦੁਵਾਏ ਸੁਖ ਉਪਜਾਏ ਏਕਾ ਰੰਗ ਚੜ੍ਹਾਏ ਬਸੂਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਕਲਜੁਗ ਝੂਠ । ਮੇਟ ਮਿਟਾਏ ਆਪ । ਤੇਜ ਵਖਾਏ ਆਪ । ਭੇਵ ਖੁਲ੍ਹਾਏ ਆਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਆਪ । ਪਰਗਟੇ ਜੋਤ ਵਰਤੇ ਭਾਣਾ । ਨਿਹਕਲੰਕ ਕਲ ਪਹਿਰੇ ਬਾਣਾ । ਤਖ਼ਤੋਂ ਲਾਹੇ ਰਾਜਾ ਰਾਣਾ । ਆਪ ਉਠਾਏ ਮੁਗਲ ਪਠਾਣਾਂ । ਧੂੜ ਧੂੜ ਹੋਏ ਜਹਾਨਾ । ਤੁੜੇ ਤੁੜ ਪਿੰਜ ਪਿੰਜਾਨਾ । ਕੂੜੋ ਕੂੜ ਕੂੜ ਮਿਟਾਨਾ । ਕਲਜੁਗ ਜੀਵ ਸ਼ਬਦ ਬੂੜ ਵਿਚ ਪਿੜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਰਤਾਏ ਆਪਣਾ ਭਾਣਾ । ਉਠੇ ਲਸ਼ਕਰ ਵਡ ਦੁਰਾਨੀ । ਆਤਮ ਹੋਏ ਸਰਬ ਅਭਿਮਾਨੀ । ਤੋੜੇ ਨਾ ਕੋਈ ਜੀਵ ਗੁਮਾਨੀ । ਮਾਤਲੋਕ ਨਾ ਕੋਈ ਦਿਸੇ ਸਾਂਨੀ । ਆਵਣ ਵਾਹੋ ਦਾਹੀ ਚੰਡੀ ਚਮਕਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਸੋਹੰ ਸ਼ਬਦ ਉਠਾਈ ਖੰਡੀ ਭਵਾਨੀ । ਆਵਣ ਆਏ ਜਿਉਂ ਸਾਵਣ ਮੇਘ ਬਰਸਾਏ । ਏਕਾ ਕਾਂਗ ਆਪ ਚੜ੍ਹਾਏ । ਸਵਾਂਗੀ ਸਵਾਂਗ ਸਾਂਗ ਰਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਪਣੀ ਕਲ ਆਪ ਵਰਤਾਏ । ਆਵਣ ਜਾਵਣ ਵਾਹੋ ਦਾਹੀ । ਫਿਰਦੀ ਜਾਏ ਭਗਤ ਦੁਹਾਈ । ਭੱਜੇ ਫਿਰਨ ਰਾਹੋ ਰਾਹੀ । ਕੋਈ ਨਾ ਦੀਸੇ ਭੈਣ ਭਾਈ । ਤ੍ਰੀਆ ਛੱਡਿਆ ਸਾਚਾ ਮਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਅਗਨ ਲਗਾਈ । ਅਗਨ ਜੋਤ ਆਪੇ ਲਾਏ ।


੨੧੯
੦੨

ਆਪੇ ਆਪ ਕੁਠਾਲੀ ਆਪਣੀ ਤਾਏ । ਸ੍ਰਿਸ਼ਟ ਸਬਾਈ ਆਪ ਖਪਾਏ । ਗੁਰਮੁਖ ਵਿਰਲੇ ਆਤਮ ਲਾਲੀ ਆਪ ਚੜ੍ਹਾਏ । ਸਾਧ ਸੰਗਤ ਪ੍ਰਭ ਸਾਚਾ ਵਾਲੀ, ਅੰਤਮ ਮੇਲ ਆਪ ਮਿਲਾਏ । ਕਲਜੁਗ ਜੀਵ ਚਲੇ ਦੋਏ ਹੱਥ ਖਾਲੀ, ਧਰਮ ਰਾਏ ਦੇ ਸਜਾਏ । ਗੁਰਸਿਖ ਆਤਮ ਮਾਲੋ ਮਾਲੀ, ਸੋਹੰ ਸਾਚਾ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਏ । ਉਠਣ ਮੁਗਲ ਸੰਗ ਮੁਗਲਾਣੀਆਂ । ਦੁੱਧਾਂ ਵਿਚ ਪਈਆ ਰਹਿਣ ਮਧਾਣੀਆਂ । ਉਠ ਉਠ ਭੱਜਣ ਘਰ ਘਰ ਸਵਾਣੀਆਂ । ਸੁੰਞੇ ਘਰ ਆਵੇ ਡਰ, ਲੇਖਾ ਮੰਗੇ ਬਾਣੀਆਂ । ਪ੍ਰਭ ਸਾਚੇ ਦੀ ਸਰਨੀ ਪਰ, ਬੇਮੁਖਾਂ ਪੀੜ ਪਿੜਾਏ ਜਿਉਂ ਕੋਹਲੂ ਘਾਣੀਆਂ । ਪ੍ਰਭ ਸਾਚਾ ਕਲਜੁਗ ਵੇਲਾ ਹੱਥ ਨਾ ਆਏ ਪਰਾਣੀਆਂ । ਪ੍ਰਭ ਸਾਚੇ ਦਾ ਸਾਚਾ ਦਰ, ਨਾ ਕੋਈ ਦਿਸੇ ਨਾ ਕੋਈ ਛੁਡਾਏ ਨਿਧਾਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਈ, ਸੋਹੰ ਸਾਚੀ ਨਾਉਂ ਚਲਾਈ, ਆਪੇ ਬਣੇ ਵੰਞ ਮੁਹਾਣੀਆਂ । ਉਠਾਏ ਉਠਣ ਮੁਗਲ ਪਠਾਣ । ਆਪੇ ਕੁੱਠਣ ਵਡ ਵਡ ਬਲਵਾਨ । ਆਪੇ ਮੁੱਠਣ ਜਿਉਂ ਰਸਨਾ ਚੂਪੇ ਪਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਈ ਜਗਤ ਮਹਾਨ । ਮੁਗਲ ਪਠਾਣਾਂ ਆਪ ਉਠਾਣਾ । ਬਲ ਦਿਵਾਨਾ ਆਪ ਚਲਾਣਾ । ਸੱਤਰ ਲੱਖ ਸੰਗ ਰਲਾਣਾ । ਵੱਖ ਵੱਖ ਰਾਹ ਬਤਾਣਾ । ਲੱਖ ਲੱਖ ਹੋਏ ਪਰਧਾਨਾ । ਕੱਖ ਕੱਖ ਕੱਖ ਉਡਾਣਾ । ਭੱਖ ਭੱਖ ਭੱਖ ਵਿਚ ਸ੍ਰਿਸ਼ਟ ਕਰਾਣਾ । ਰੱਖ ਰੱਖ ਰੱਖ ਗੁਰਸਿਖ ਵਿਸ਼ਨੂੰ ਭਗਵਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ ਜੋਤ ਸਰੂਪੀ ਪਹਰਿਆ ਬਾਣਾ । ਸੱਤਰ ਲੱਖ ਆਏ ਚੜ੍ਹ । ਵਹਿੰਦੀ ਧਾਰ ਜਿਉਂ ਸਾਵਣ ਹੜ੍ਹ । ਤੋੜ ਤੁੜਾਏ ਕਿਲ੍ਹਾ ਗੜ੍ਹ । ਆਪ ਉਖਾੜੇ ਸਭ ਦੀ ਜੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਛਾੜੇ ਫੜ ਫੜ । ਆਪ ਪਛਾੜੇ ਆਪ ਚਬਾਏ ਆਪਣੀ ਦਾੜ੍ਹੇ । ਅਗਨ ਜੋਤ ਪ੍ਰਭ ਆਪੇ ਸਾੜੇ । ਬੇਮੁਖਾਂ ਦਿਨ ਹੋਏ ਮਾੜੇ । ਗੁਰਸਿਖ ਬਣਾਏ ਸਤਿਜੁਗ ਸਾਚੇ ਲਾੜੇ । ਸੋਹੰ ਸਾਚੀ ਨਈਆ ਪ੍ਰਭ ਸਾਚਾ ਚਾੜ੍ਹੇ । ਏਕ ਕਹਾਏ ਭੈਣਾਂ ਭਈਆ, ਕੋਈ ਨਾ ਦੀਸੇ ਜੀਵ ਦੋ ਫਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਪਾਵੇ ਦੁਹਾਈ, ਜੀਵ ਜੰਤ ਰੁਲਾਈ, ਸਾਧ ਸੰਤ ਤਰਾਈ, ਆਪਣੀ ਸਰਨ ਆਪ ਲਗਾਈ, ਬੇਮੁਖਾਂ ਪ੍ਰਭ ਅਗਨ ਜੋਤ ਵਿਚ ਸਾੜੇ । ਮਾਝਾ ਹੱਦ ਘਵਿੰਡ ਰਖਾਈ । ਆਪ ਆਪਣੀ ਮੇਖ ਲਗਾਈ । ਵੇਲੇ ਅੰਤ ਕਲਜੁਗ ਸਾਚੀ ਲਿਖਤ ਲਿਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਥਾਉਂ ਸਾਚਾ ਗਾਉਂ ਆਪੇ ਫੇਰ ਸੁਹਾਈ । ਆਪ ਸੁਹਾਏ ਆਪਣੇ ਥਾਨਾ । ਆਪ ਬੰਨ੍ਹਾਏ ਸਾਚਾ ਗਾਨਾ । ਆਪ ਧਰਾਏ ਧਰਮ ਨਿਸ਼ਾਨਾ । ਆਪ ਉਪਜਾਏ ਬ੍ਰਹਮ ਗਿਆਨਾ । ਆਪੇ ਆਪ ਜੀਵ ਪਾਵੇ, ਏਕਾ ਰੱਖੇ ਚਰਨ ਧਿਆਨਾ । ਚਰਨ ਧੂੜ ਮਸਤਕ ਲਾਵੇ, ਜੋਤ ਲਲਾਟ ਜਗੇ ਮਹਾਨਾ । ਸੋਹੰ ਸਾਚਾ ਰਸਨਾ ਗਾਵੇ, ਬਜਰ ਕਪਾਟ ਆਪ ਖੁਲ੍ਹਾਣਾ । ਪ੍ਰਭ ਅਬਿਨਾਸ਼ੀ ਘਰ ਮੇਂ ਪਾਵੇ, ਦਵਾਰ ਦਸਮ ਭੇਵ ਚੁਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਏ ਆਪਣੀ ਸੇਵ, ਗੁਰਮੁਖ ਸਾਚੇ ਆਵਣ ਜਾਵਣ ਗੇੜ ਮਿਟਾਨਾ । ਆਵਣ ਜਾਵਣ ਗੇੜ ਕਟਾਏ । ਸਚ ਨਿਸ਼ਾਨ ਨਾਮ ਜਪਾਏ । ਭਗਤ ਭਗਵਾਨ ਮੇਲ ਮਿਲਾਏ । ਗੁਣ ਨਿਧਾਨ ਦਰ ਦਇਆ ਕਮਾਏ । ਚਤੁਰ ਸੁਜਾਨ ਆਪ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ । ਆਪੇ ਹੋਏ ਚਤੁਰ ਸੁਜਾਨਾ । ਆਪੇ ਗੋਪੀ ਆਪੇ ਕਾਹਨਾ । ਆਪੇ ਘਨਈਆ ਆਪੇ ਸ਼ਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਪਹਰਿਆ ਜਾਮਾ । ਜਾਮਾ ਧਾਰ ਜਗਤ

ਪ੍ਰਭ ਆਏ । ਸ੍ਰਿਸ਼ਟ ਖਵਾਰ ਆਪ ਕਰਾਏ । ਏਕਾ ਦਵਾਰ ਚਰਨ ਰਖਾਏ । ਸ਼ਬਦ ਅਧਾਰ ਗੁਰਸਿਖ ਤਰਾਏ । ਪਾਵੇ ਸਾਰ ਆਤਮ ਤ੍ਰਿਖਾ ਮਿਟਾਏ । ਨਾ ਆਵੇ ਹਾਰ ਜੋ ਜਨ ਗੁਰਸਿਖ ਕਹਾਏ । ਪ੍ਰਭ ਦੇਵੇ ਤਾਰ, ਸੋਹੰ ਸਾਚੀ ਭਿੱਖ ਦਰ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਆਪ ਲਿਖਾਏ । ਲੇਖ ਲਿਖਾਇਆ ਪ੍ਰਭ ਸਾਚੇ ਕਲ । ਭੇਖ ਵਟਾਇਆ ਪ੍ਰਭ ਸਾਚੇ ਕਲ । ਮੇਖ ਲਗਾਇਆ ਪ੍ਰਭ ਸਾਚੇ ਕਲ । ਸਾਚਾ ਧਾਮ ਆਪ ਉਪਜਾਇਆ ਪ੍ਰਭ ਸਾਚੇ ਕਲ । ਭੇਖ ਵਟਾਇਆ ਪ੍ਰਭ ਸਾਚੇ ਕਲ । ਜੋਤ ਸਰੂਪੀ ਜੋਤ ਜਗਾਇਆ ਪ੍ਰਭ ਸਾਚੇ ਕਲ । ਜੋਤ ਸਰੂਪੀ ਦਰਸ ਅਮੋਘ ਦਿਖਾਇਆ ਪ੍ਰਭ ਸਾਚੇ ਕਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਚਿੰਤਾ ਸੋਗ ਮਿਟਾਇਆ, ਪਰਗਟ ਹੋਏ ਦਰਸ ਦਿਖਾਇਆ ਕਲ । ਦਰਸ ਦਾਸ ਦਸਵਾਂ ਮਾਸ । ਆਤਮ ਰਾਸ ਮਿਲੇ ਸਵਾਸ । ਛੁੱਟੇ ਗਰਭਵਾਸ, ਮਾਨਸ ਜਨਮ ਹੋਏ ਰਾਸ । ਮਮਾਂ ਹੋਇਆ ਮਾਸ ਗਰਾਸ । ਸਾਚਾ ਸੀਰ ਆਪੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜਪਾਏ ਸਵਾਸ ਸਵਾਸ । ਸਵਾਸ ਸਵਾਸ ਰਸਨ ਸਵਾਸਾ । ਰਾਸ ਰਾਸ ਰਾਸ ਮਾਨਸ ਜਨਮ ਹੋਏ ਰਾਸਾ । ਵਾਸ ਵਾਸ ਵਾਸ ਪ੍ਰਭ ਸਾਚਾ ਰੱਖੇ ਵਾਸਾ । ਦਾਸ ਦਾਸ ਦਾਸ ਭਗਤ ਜਨਾਂ ਪ੍ਰਭ ਰੱਖੇ ਦਾਸਾ । ਵਿਨਾਸ ਵਿਨਾਸ ਵਿਨਾਸ ਸਭ ਕਲਜੁਗ ਜੀਵ ਅੰਤਮ ਹੋਇਣ ਸਰਬ ਵਿਨਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਪੁਰਖ ਅਬਿਨਾਸ਼ਾ । ਪ੍ਰਭ ਸਾਚਾ ਸਦ ਅਬਿਨਾਸ਼ । ਸ੍ਰਿਸ਼ਟ ਸਬਾਈ ਜਾਏ ਵਿਨਾਸ । ਗੁਰਮੁਖ ਵਿਰਲਾ ਰਸਨਾ ਗਾਏ ਸੋਹੰ ਸਵਾਸ ਸਵਾਸ । ਪ੍ਰਭ ਆਪਣਾ ਆਪ ਉਪਾਏ, ਏਕਾ ਜੋਤ ਕਰੇ ਪਰਕਾਸ਼ । ਪ੍ਰਭ ਸੋਏ ਆਪ ਜਗਾਏ ਹਿਰਦੇ ਕੀਆ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਾਂਉਂ ਸਾਚਾ ਪਾਏ, ਮਾਨਸ ਜਨਮ ਕਰਾਏ ਰਾਸ । ਸਚਖੰਡ ਗੁਰ ਦਰਬਾਰਾ । ਵਿਚ ਵਰਭੰਡ ਜੋਤ ਨਿਰੰਕਾਰਾ । ਵਿਚ ਨਵ ਖੰਡ ਕਰਾਏ ਜੈ ਜੈ ਜੈਕਾਰਾ । ਸਾਚਾ ਨਾਮ ਜਗਤ ਪ੍ਰਭ ਵੰਡ, ਆਪੇ ਬਣੇ ਸਰਬ ਸਹਾਰਾ । ਅੰਤਕਾਲ ਨਾ ਆਵੇ ਕੰਡ, ਪ੍ਰਭ ਦੇਵੇ ਦਰਸ ਅਗੰਮ ਅਪਾਰਾ । ਗੁਰਸਿਖ ਆਤਮ ਨਾ ਹੋਏ ਰੰਡ, ਸਦਾ ਸੁਹਾਗਣ ਵਿਚ ਸੰਸਾਰਾ । ਆਪ ਵਡਿਆਏ ਵਿਚ ਖੰਡ ਬ੍ਰਹਿਮੰਡ ਵਿਚ ਵਰਭੰਡ ਜੋ ਜਨ ਨਿਹਕਲੰਕ ਚਰਨ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਧਾਮ ਏਕ ਆਪ ਰਖਾਏ ਆਪਣੇ ਚਰਨ ਦਵਾਰਾ । ਸਚਖੰਡ ਚਰਨ ਦਵਾਰ । ਚਰਨ ਦਵਾਰ ਸੱਚਾ ਘਰ ਬਾਹਰ । ਸੱਚਾ ਦਰਬਾਰ ਸੱਚਾ ਘਰ ਬਾਹਰ । ਪ੍ਰਭ ਦਰਬਾਰ ਜਨ ਦੇਵੇ ਤਾਰ । ਜਨ ਦੇਵੇ ਤਾਰ, ਨਾ ਆਵੇ ਹਾਰ । ਨਾ ਆਵੇ ਹਾਰ, ਪ੍ਰਭ ਪਾਵੇ ਸਾਰ । ਪ੍ਰਭ ਪਾਵੇ ਸਾਰ, ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਈ ਥਾਨ ਸੁਹਾਏ ਜਿਤ ਚਲ ਆਏ ਦਰਬਾਰ । ਵਡ ਦਰਬਾਰੀ ਵਡ ਸੰਸਾਰੀ । ਵਡ ਭੰਡਾਰੀ ਆਪ ਗਿਰਧਾਰੀ । ਜੋਤ ਨਿਰੰਕਾਰੀ ਵਡ ਸਿਕਦਾਰੀ । ਸ੍ਰਿਸ਼ਟ ਸਬਾਈ ਕਰੇ ਚਰਨ ਪਨਿਹਾਰੀ । ਮਾਤ ਜੋਤ ਪਰਗਟਾਏ, ਨਿਹਕਲੰਕ ਨਰਾਇਣ ਨਰ ਅਵਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਜਾਏ ਸੋਹੰ ਡੰਕ ਚਿੱਟੇ ਅਸਵ ਅਸਵਾਰੀ । ਚਿੱਟਾ ਅਸਵ ਸਚ ਅਸਵਾਰਾ । ਜੋਤ ਸਰੂਪ ਜੋਤ ਨਿਰੰਕਾਰਾ । ਸੱਤ ਸਫੇਦ ਆਪ ਉਧਾਰਾ । ਸਤ ਸਤ ਸਤ ਕਾਲੇ ਖੜੇ ਦਵਾਰਾ । ਵਡ ਰਥਬਾਣ ਜਗਤ ਮੁਰਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰਾ । ਆਪੇ ਰਾਥਾ ਆਪੇ ਸਾਥਾ ਆਪੇ ਨਾਥਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦਾ ਤੇਰੇ ਸੰਗ ਸਾਥਾ । ਪ੍ਰਭ ਕਾ ਸੰਗ ਆਤਮ ਸੰਗੀਤ । ਪ੍ਰਭ


੨੧੮
੦੨

ਅਬਿਨਾਸ਼ੀ ਸਾਚਾ ਮੀਤ । ਏਕਾ ਬਖ਼ਸ਼ੇ ਚਰਨ ਪ੍ਰੀਤ । ਦਿਵਸ ਰੈਣ ਸਦ ਰਸਨਾ ਚੀਤ । ਮਾਨਸ ਜਨਮ ਕਲਜੁਗ ਜੀਤ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਏਕਾ ਮਿਲਿਆ ਸਾਚਾ ਮੀਤ । ਮਿਤਰ ਪਿਆਰਾ ਜੋਤ ਨਿਰੰਕਾਰਾ । ਸ਼ਬਦ ਅਧਾਰਾ ਸਬਾਈ ਸ੍ਰਿਸ਼ਟ ਪਸਾਰਾ । ਏਕਾ ਦੇਵੇ
ਸਚ ਦਵਾਰਾ । ਸਾਚੀ ਭਿਖਿਆ ਆਪ ਸੋਹੰ ਦੇਵੇ ਨਾਮ ਅਧਾਰਾ । ਪੂਰਨ ਇਛਿਆ ਆਪ ਕਰਾਵੇ ਆਤਮ ਦੇਵੇ ਦਰਸ ਅਪਾਰਾ । ਗੁਰਸਿਖ ਰੱਖਿਆ
ਆਪ ਕਰਾਵੇ, ਸੋਹੰ ਉਠਾਵੇ ਖੰਡਾ ਦੋ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸ਼ਬਦ ਅਧਾਰਾ । ਸੋਹੰ ਖੰਡਾ ਆਪ ਉਠਾਇਆ ।
ਵਰਭੰਡੀ ਵਰਭੰਡ ਸਮਾਇਆ । ਖੰਡ ਬ੍ਰਹਿਮੰਡ ਦੇਵੇ ਉਲਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਖ ਵਟਾਇਆ ।
ਵਡਾ ਪ੍ਰਭ ਭੇਖ ਧਾਰ । ਕਲਜੁਗ ਜੀਵਾਂ ਕਰੇ ਵਿਚਾਰ । ਸਾਢੇ ਤਿੰਨ ਹੱਥ ਸੀਆਂ ਰੱਖੇ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ
ਮਾਰੇ ਕਰ ਖੁਆਰ । ਕਰੇ ਖੁਆਰੀ ਦੁਸ਼ਟ ਦੁਰਾਚਾਰੀ । ਹਾਹਾਕਾਰੀ ਕਰੇ ਨਰ ਨਾਰੀ । ਆਤਮ ਦੁਖ ਲੱਗਾ ਭਾਰੀ । ਸੋਹੰ ਕਰੇ ਪ੍ਰਭ ਸਾਚੀ
ਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਸਦਾ ਸਦਾ ਜੋਤ ਅਧਾਰੀ । ਜੋਤ ਅਧਾਰ ਆਪੇ ਰੱਖ । ਜੋਤ ਅਕਾਰ ਆਪੇ ਰੱਖ ।
ਭਗਤ ਉਧਾਰ ਆਪੇ ਰੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵੇ ਤਾਰ, ਗੁਰਮੁਖ ਸਾਚੇ ਪਤਿ ਤੇਰੀ ਰੱਖ । ਗੁਰਸਿਖ ਸਾਚੇ ਰਾਖੇ ਪਤਿ ।
ਆਪੇ ਦੇਵੇ ਸਾਚੀ ਮਤਿ । ਸੋਹੰ ਦੇਵੇ ਆਤਮ ਯਤ । ਸਾਚਾ ਬੀਜ ਬਿਜਾਵੇ ਸਾਚੇ ਵੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ
ਕਮਾਵੇ, ਚਰਨ ਪ੍ਰੀਤੀ ਦੇਵੇ ਸਾਚਾ ਨੱਤ । ਚਰਨ ਪ੍ਰੀਤੀ ਸਾਚਾ ਨਾਤਾ । ਆਪੇ ਦੇਵੇ ਸਾਚੀ ਦਾਤਾ । ਸੋਹੰ ਸਤਿਜੁਗ ਵਡੀ ਕਰਾਮਾਤਾ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਪਛਾਤਾ । ਆਪ ਪਛਾਣੇ ਆਪੇ ਜਾਣੇ । ਆਤਮ ਹੋਈ ਸੁੰਞ ਮਸਾਣੇ । ਕਲਜੁਗ ਜੀਵ ਬਾਲ
ਅੰਞਾਣੇ । ਮਾਇਆ ਮਮਤਾ ਵਿਚ ਭੁਲਾਣੇ । ਸਾਧਾਂ ਸੰਤਾਂ ਸੰਗ ਨਾ ਭਾਣੇ । ਆਦਿਨ ਅੰਤਾ ਨਾ ਕੋਈ ਪਛਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਸਰਬ ਜੀਆਂ ਜੰਤਾਂ ਏਕਾ ਰੰਗ ਸਮਾਣੇ । ਏਕਾ ਰੰਗ ਆਪ ਸਮਾਇਆ । ਜੋਤ ਸਰੂਪੀ ਲਾਹੇ ਮਾਇਆ । ਕਲਜੁਗ ਮਾਇਆ ਪੋਹੇ
ਨਾ ਰਾਇਆ । ਆਪੇ ਆਪ ਬਣੇ ਗੁਰਸਿਖਾਂ ਦਾਇਆ । ਧੰਨ ਧੰਨ ਧੰਨ ਗੁਰਸਿਖ ਤੇਰੀ ਵਡਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਜ ਘਰ ਵਾਸੀ ਨਿਜ ਘਰ ਮੇਂ ਪਾਇਆ । ਗੁਰ ਸੰਗਤ ਆਸਾ ਪੂਰ ਕਰ । ਸੰਸਾ ਰੋਗ ਦੁਖੜੇ ਦੂਰ ਕਰ । ਗੁਰਮੁਖ ਸਾਚੇ ਆਪਣੀ ਚਰਨ
ਧੂੜ ਕਰ । ਸੁਘੜ ਸਿਆਣੇ ਬਾਲ ਅੰਞਾਣੇ ਮੂੜ੍ਹ ਕਰ । ਆਪ ਚਲਾਏ ਆਪਣੇ ਭਾਣੇ, ਆਤਮ ਰੰਗ ਗੂੜ੍ਹ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਗੁਰਮੁਖ ਆਪਣੀ ਧੂੜ ਕਰ । ਚਰਨ ਧੂੜ ਸਚ ਭਬੂਤ । ਚਰਨ ਧੂੜ ਆਤਮ ਸੂਤ । ਚਰਨ ਧੂੜ ਦੁਰਮਤ ਮੈਲ ਸਭ ਧੋਤ । ਚਰਨ
ਧੂੜ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਸਰਬ ਸੋਤ । ਚਰਨ ਧੂੜ ਮਸਤਕ ਲਾਓ । ਸਾਚੇ ਲੇਖ ਪ੍ਰਭ ਦਰ ਲਿਖਾਓ ।
ਝੂਠਾ ਭੇਖ ਜਗਤ ਤਜਾਓ । ਵੇਖਾ ਵੇਖ ਨਾ ਪ੍ਰਭ ਭੁਲਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖੇ ਭੁਲ ਨਾ ਜਾਓ । ਗੁਰਸਿਖਾਂ
ਸੁਣੇ ਆਪ ਪੁਕਾਰਾ । ਦੁੱਖਾਂ ਭੁੱਖਾਂ ਸਭ ਨਿਵਾਰਾ । ਆਤਮ ਜੋਤ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਅਪਾਰਾ ।
ਸਾਚਾ ਦਰ ਸੱਚੀ ਅਰਦਾਸ । ਸਾਚਾ ਸੁਖ ਭਇਆ ਪ੍ਰਭ ਸਾਚਾ ਰੱਖੇ ਵਾਸ । ਸੋਹੰ ਸਾਚਾ ਨਾਉਂ ਜਪ, ਆਤਮ ਵਸੂਰੇ ਹੋਣ ਵਿਨਾਸ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਸਦ ਰੱਖੇ ਪਾਸ । ਆਪੇ ਜੀਵ ਆਪ ਪਰਾਨਾ । ਆਪੇ ਦੇਵੇ ਚਰਨ ਧਿਆਨਾ । ਆਪ ਉਪਜਾਵੇ ਆਤਮ ਬ੍ਰਹਮ ਗਿਆਨਾ । ਆਪ ਨੁਹਾਵੇ ਸਾਚੇ ਸਰ, ਅੰਮ੍ਰਿਤ ਆਤਮ ਵਡ ਮਹਾਨਾ । ਆਪ ਖੁਲ੍ਹਾਵੇ ਸਾਚਾ ਦਰ, ਜਿਥੇ ਵਸੇ ਆਪ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਜੋਤ ਸਰੂਪੀ ਮੇਲ ਮਿਲਾਨਾ । ਜੋਤ ਸਰੂਪੀ ਮੇਲ ਮਿਲਾ ਕੇ । ਗੁਰਮੁਖ ਸਾਚਾ ਸਾਕ ਸੱਜਣ ਸੁਹੇਲ ਬਣਾ ਕੇ । ਪ੍ਰਭ ਅਬਿਨਾਸ਼ੀ ਆਪ ਆਪਣੀ ਦਇਆ ਕਮਾ ਕੇ । ਘਨਕਪੁਰ ਵਾਸੀ ਸਾਚਾ ਸੰਗ ਅੰਗ ਨਿਭਾ ਕੇ । ਆਤਮ ਉਤਾਰੇ ਸਰਬ ਉਦਾਸੀ, ਜੋਤ ਸਰੂਪੀ ਦੀਪ ਜਗਾ ਕੇ । ਆਪ ਤਜਾਏ ਮਦਿਰਾ ਮਾਸੀ, ਉਧਰੇ ਸਿੰਘ ਪਾਲ ਸੋਹੰ ਰਸਨਾ ਗਾ ਕੇ । ਸਚ ਪ੍ਰੀਤੀ ਚਰਨ ਰਹਿਰਾਸੀ, ਮਾਨਸ ਜਨਮ ਜਾਏ ਸੁਫਲ ਕਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਕੀਨੀ ਦਾਸੀ ਆਪਣੀ ਦਇਆ ਕਮਾ ਕੇ । ਦਇਆ ਕਮਾਏ ਹਿਰਦੇ ਵਸ । ਸਾਚਾ ਰਾਹ ਪ੍ਰਭ ਜਾਏ ਦੱਸ । ਗੁਰਸਿਖ ਪ੍ਰਭ ਚਰਨ ਆਏ ਨੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਕੋਟ ਰਵ ਸੱਸ । ਆਤਮ ਜੋਤ ਜਗੇ ਮਹਾਨਾ । ਮਿਲਿਆ ਪ੍ਰਭ ਭਗਤ ਭਗਵਾਨਾ । ਆਪੇ ਦੇਵੇ ਸੋਹੰ ਸਾਚਾ ਦਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾਏ ਦੇ ਵਡਿਆਏ ਚਰਨ ਸੁਜਾਨਾ । ਗੁਰਸਿਖ ਤੇਰੀ ਵਡ ਵਡਿਆਈ । ਉਚ ਪਦਵੀ ਪ੍ਰਭ ਦਰ ਤੇ ਪਾਈ । ਸਾਚਾ ਦਰ ਘਰ ਪ੍ਰਭ ਆਪ ਵਖਾਈ । ਅਵਤਾਰ ਨਰ ਸਚ ਰਘੁਰਾਈ । ਕਿਰਪਾ ਕਰ ਬੂਝ ਬੁਝਾਈ । ਜੋਤ ਧਰ ਭੇਵ ਗੁਝ ਖੁਲ੍ਹਾਈ । ਅੰਤਕਾਲ ਨਾ ਆਵੇ ਡਰ ਪ੍ਰਭ ਸਾਚਾ ਹੋਏ ਸਹਾਈ । ਧੰਨ ਧੰਨ ਧੰਨ ਗੁਰਸਿਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਆਪ ਵਡਿਆਈ । ਵਡਾ ਦਾਤਾ ਵਡਾ ਮਾਣ । ਪੂਰਨ ਬ੍ਰਹਮ ਕਰੇ ਪਛਾਣ । ਗੁਰ ਗੁਰਸਿਖ ਗੁਰ ਇਕ ਰੰਗ ਸਮਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਗੁਰਸਿਖਾਂ ਕਰੇ ਪਛਾਣ । ਚਰਨ ਪ੍ਰੀਤੀ ਕਿਰਪਾ ਕਰ । ਆਪ ਰਖਾਵੇ ਸਾਚਾ ਘਰ । ਆਪ ਖੁਲ੍ਹਾਇਆ ਆਪਣਾ ਦਰ । ਜਿਥੇ ਵਸੇ ਆਪੇ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਨ ਕਰਾਵਣਹਾਰ ਆਪੇ ਸਭ ਕਿਛ ਰਿਹਾ ਕਰ । ਆਪ ਖੁਲ੍ਹਾਏ ਦਰ ਦਰਵਾਜਾ । ਆਪ ਵਜਾਏ ਅਨਹਦ ਵਾਜਾ । ਪ੍ਰਭ ਸਾਚੇ ਸਚ ਸਾਜਣ ਸਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦਇਆ ਕਮਾਏ ਗਰੀਬ ਨਿਵਾਜਾ । ਆਤਮ ਇਛਿਆ ਕੂੜੀ ਰਾਸ । ਸਾਚੀ ਭਿਛਿਆ ਨਾ ਹੋਏ ਪਾਸ । ਨਾ ਕਰੇ ਰਛਿਆ ਜਿਸ ਹੋਇਆ ਦਾਸ । ਲਾਗੇ ਪਿਛਿਆ ਹੋਏ ਜਮ ਘਰ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਏ ਸੰਤਨ ਕਰੇ ਅੰਤਮ ਦਾਸ । ਸੰਤਨ ਲੇਖਾ ਆਪ ਚੁਕਾਇਆ । ਅੰਤਮ ਸ਼ਬਦ ਆਪ ਲਿਖਾਇਆ । ਅੰਤਨ ਅੰਤ ਦੁਖ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਮਿਲਾਇਆ । ਹੋਏ ਸੰਤ ਆਤਮ ਅਧੂਰੀ । ਆਤਮ ਤ੍ਰਿਸਨਾ ਸਦਾ ਵਸੂਰੀ । ਦਿਵਸ ਰੈਣ ਰੈਣ ਦਿਵਸ ਆਤਮ ਰੱਖੇ ਗਰੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਰਾਏ, ਝੂਠੇ ਸੰਤਾਂ ਖੇਲ ਮਿਟਾਏ, ਆਪ ਉਠਾਏ ਖੂੰਡੀ ਭੂਰੀ । ਸੰਤ ਸੰਤ ਸਾਧ ਛੱਡ ਝੂਠਾ ਮਾਣ । ਸੰਤ ਸੰਤ ਸਾਧ ਨਾ ਬਣ ਬਾਲ ਅੰਞਾਣ । ਸੰਤ ਸੰਤ ਸੰਤ ਸਾਚਾ ਕੰਤ ਪਛਾਣ । ਸੰਤ ਸੰਤ ਸੰਤ ਜੀਵ ਜੰਤ ਦੇਵੇ ਦੁਖ ਮਹਾਨ । ਸੰਤ ਸੰਤ ਸੰਤ ਅੰਤਮ ਅੰਤ ਕਰਾਏ ਆਪਣਾ ਆਪ ਪਛਾਣ । ਸਾਧਨ ਸੰਗ ਝੂਠਾ ਰੰਗ ਆਤਮ ਨੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਆਪ ਖਪਾਏ ਪ੍ਰੇਤ ਸਰੂਪੀ ਜੂਨ

ਕਟਾਏ । ਦਰ ਮੰਦਰ ਜੋ ਵਿਚ ਰਹਾਏ । ਵਿਚ ਕੰਦਰ ਜੋ ਦਿਸ ਨਾ ਆਏ । ਵਾਂਗ ਬੰਦਰ ਆਪ ਨਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ, ਬੰਧੇ ਆਪ ਬੰਧਾਏ । ਆਪੇ ਪਾਂਧੇ ਰਸਤੇ ਪਾਏ । ਥੱਕੇ ਮਾਂਦੇ ਪ੍ਰਭ ਗਲੇ ਲਗਾਏ । ਆਤਮ ਅੰਧੇ ਪ੍ਰਭ ਦੇ ਸਜਾਏ । ਸੋਹੰ ਗਾਂਉਦੇ ਜੀਵ ਕਿਉਂ ਦੁਖ ਉਠਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਏ । ਆਸਾ ਮਨਸਾ ਪੂਰ ਕਰ । ਸੰਤਾ ਖਿਡਾਵਾ ਦੂਰ ਕਰ । ਆਪੇ ਚਕਨਾ ਚੂਰ ਕਰ । ਗੁਰਸਿਖ ਆਤਮ ਭਰਪੂਰ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਨੂਰੋ ਨੂਰ ਕਰ । ਗੁਣ ਅਵਗੁਣ ਨਾ ਪ੍ਰਭ ਵਿਚਾਰੇ । ਜੋ ਜਨ ਆਏ ਚਰਨ ਨਿਮਸਕਾਰੇ । ਡੁੱਬਦੇ ਪਾਥਰ ਕਲਜੁਗ ਤਾਰੇ । ਸੋਹੰ ਦੇਵੇ ਨਾਮ ਜਪਾਵੇ ਆਪ ਖੁਲ੍ਹਾਵੇ । ਸਚ ਦਵਾਰੇ, ਜਿਥੇ ਵਸੇ ਆਪ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਅਕਾਰੇ । ਆਤਮ ਜੋਤ ਹੋਏ ਪਰਕਾਸ਼ । ਅਗਿਆਨ ਅੰਧੇਰ ਹੋ ਜਾਏ ਵਿਨਾਸ । ਗੁਰਮੁਖ ਸਾਚਾ ਹੋਇਆ ਦਾਸ । ਰਸਨਾ ਜਪੇ ਸਵਾਸ ਸਵਾਸ । ਆਪ ਤਜਾਏ ਮਦਿਰਾ ਮਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਆਪਣਾ ਆਪ ਦਿਖਾਏ ਸਦ ਸਦ ਸਦ ਵਸੇ ਪਾਸ । ਆਤਮ ਵਾਸ ਆਪ ਰਖਾਏ । ਗੁਰਸਿਖ ਹਰਸ ਆਪ ਮਿਟਾਏ । ਅੰਮ੍ਰਿਤ ਮੇਘ ਬਰਸ ਪ੍ਰਭ ਤ੍ਰਿਖਾ ਮਿਟਾਏ । ਆਪ ਦਿਖਾਏ ਆਪਣਾ ਦਰਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ । ਦਰਸ ਦੇਖ ਆਤਮ ਅਤੀਤਾ । ਪ੍ਰਭ ਆਤਮ ਸ਼ਾਂਤ ਕਰਾਏ ਸੀਤਲ ਸੀਤਾ । ਪ੍ਰਭ ਸਤਿ ਸਤਿ ਵਰਤਾਏ ਸਾਚਾ ਮੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਬੀਜ ਬਿਜਾਏ ਗੁਰਮੁਖ ਸਾਚਾ ਆਪ ਆਪਣੇ ਜਿਹਾ ਕੀਤਾ । ਆਪ ਆਪਣੀ ਸਰਨ ਲਗਾਇਆ । ਤਾਰਨ ਤਰਨ ਆਪ ਅਖਵਾਇਆ । ਹਰਨ ਫਰਨ ਪ੍ਰਭ ਆਪ ਖੁਲ੍ਹਾਇਆ । ਏਕਾ ਵਰਮ ਸੋਹੰ ਆਪ ਲਗਾਇਆ । ਸਾਚਾ ਕਰਮ ਨਿਹਕਲੰਕ ਸਰਨਾਇਆ । ਮਾਨਸ ਜਨਮ ਪ੍ਰਭ ਸਾਚੇ ਸੁਫਲ ਕਰਾਇਆ । ਆਪ ਮਿਟਾਏ ਭਰਮ, ਜੋਤ ਸਰੂਪੀ ਜਾਮਾ ਪਾਇਆ । ਏਕਾ ਏਕ ਰਖਾਵੇ ਸਾਚਾ ਬ੍ਰਹਮ ਆਪਣਾ ਭੇਵ ਪ੍ਰਭ ਆਪ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜਿੰਦਾ ਆਪ ਤੁੜਾਇਆ । ਆਤਮ ਮਾਰੇ ਸੋਹੰ ਬਾਣ । ਗੁਰਮੁਖ ਸਾਚੇ ਦਰ ਪਛਾਣ । ਦਰ ਘਰ ਦੇਵੇ ਸਾਚੇ ਮਾਣ । ਰਸਨਾ ਗਾਵੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸੋਹੰ ਗਾਇਆ ਸਰਬ ਸੁਖ ਪਾਇਆ । ਆਤਮ ਤੀਰਥ ਨਹਾਇਆ । ਸਾਚਾ ਸੀਰਥ ਮੁਖ ਚੁਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਜੋਤ ਧਰ ਕਵਲ ਨਾਭ ਆਪ ਉਲਟਾਇਆ । ਕਵਲ ਨਾਭ ਉਲਟਾ ਫੁੱਲ । ਜੀਵ ਜੰਤ ਰਹੇ ਭੁੱਲ । ਸਾਚਾ ਅੰਮ੍ਰਿਤ ਰਿਹਾ ਡੁੱਲ । ਹੱਥ ਨਾ ਆਵੇ ਵਡ ਵਡ ਅਨਮੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ ਅੰਮ੍ਰਿਤ ਮੁਖ ਚੁਆਏ, ਏਕਾ ਜੋਤ ਕਰੇ ਰੁਸ਼ਨਾਏ ਨਾ ਕੋਈ ਰਹੇ ਭਰਮ । ਆਤਮ ਜੋਤ ਆਪ ਜਗਈਆ । ਸੋਹੰ ਸਾਚਾ ਰਾਗ ਸੁਣਈਆ । ਆਤਮ ਸਾਚੀ ਜਾਗ ਲਗਈਆ । ਪੂਰਨ ਭਾਗ ਪ੍ਰਭ ਦਰਸ ਦਿਖਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਸੋਹੰ ਸਾਚੀ ਨਈਆ ।

### * ੨੪ ਸਾਵਣ ੨੦੦੯ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ *

ਪਾਇਆ ਗੁਰ ਪੂਰਾ ਭਗਵੰਤ । ਪਾਇਆ ਗੁਰ ਪੂਰਾ ਗੁਣਵੰਤ । ਪਾਇਆ ਗੁਰ ਪੂਰਾ, ਵਡ ਸਾਧਨ ਸੰਤ । ਪਾਇਆ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿਨ ਅੰਤ । ਪਾਇਆ ਗੁਰ ਪੂਰਾ, ਪਾਇਆ ਸਚ ਦਰਬਾਰਾ । ਪਾਇਆ ਗੁਰ ਪੂਰਾ, ਕਲ ਆਇਆ ਨਿਹਕਲੰਕ ਅਵਤਾਰਾ । ਪਾਇਆ ਗੁਰ ਪੂਰਾ, ਜਨ ਭਗਤਾਂ ਕਰੇ ਅਧਾਰਾ । ਪਾਇਆ ਗੁਰ ਪੂਰਾ, ਗੁਰਸਿਖਾਂ ਕਰੇ ਪਿਆਰਾ । ਪਾਇਆ ਗੁਰ ਪੂਰਾ, ਜੋਤ ਸਰੂਪੀ ਜੋਤ ਨਿਰੰਕਾਰਾ । ਪਾਇਆ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਪਾਇਆ ਗੁਰ ਪੂਰਾ, ਸ਼ਬਦ ਅਧਾਰ । ਪਾਇਆ ਗੁਰ ਪੂਰਾ, ਜੋਤ ਨਿਰੰਕਾਰ । ਪਾਇਆ ਗੁਰ ਪੂਰਾ, ਰੂਪ ਅਨੂਪ ਅਗੰਮ ਅਪਾਰ । ਪਾਇਆ ਗੁਰ ਪੂਰਾ, ਜੋਤ ਸਰੂਪੀ ਕੀਆ ਅਕਾਰ । ਪਾਇਆ ਗੁਰ ਪੂਰਾ, ਵਰਤੇ ਵਰਤਾਵੇ ਵਿਚ ਸੰਸਾਰ । ਪਾਇਆ ਗੁਰ ਪੂਰਾ, ਮਾਤਲੋਕ ਆਇਆ ਜਾਮਾ ਧਾਰ । ਪਾਇਆ ਗੁਰ ਪੂਰਾ ਜੀਵ ਆਤਮ ਕਰੇ ਬ੍ਰਹਮ ਵਿਚਾਰ । ਪਾਇਆ ਗੁਰ ਪੂਰਾ, ਸਚ ਦਿਸਾਇਆ ਜਿਸ ਘਰ ਬਾਹਰ । ਪਾਇਆ ਗੁਰ ਪੂਰਾ, ਏਕਾ ਏਕ ਏਕੰਕਾਰ । ਪਾਇਆ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਪਾਇਆ ਗੁਰ ਪੂਰਾ, ਮੋਖ ਦਵਾਰੀ । ਪਾਇਆ ਗੁਰ ਪੂਰਾ, ਵਡ ਵਡ ਵਡ ਸੰਸਾਰੀ । ਪਾਇਆ ਗੁਰ ਪੂਰਾ, ਵਡ ਵਡ ਭੰਡਾਰੀ । ਪਾਇਆ ਗੁਰ ਪੂਰਾ, ਵਡ ਵਡ ਵਡ ਦਰਬਾਰੀ । ਪਾਇਆ ਗੁਰ ਪੂਰਾ, ਤੀਨ ਲੋਕ ਸੱਚੀ ਸਿਕਦਾਰੀ । ਪਾਇਆ ਗੁਰ ਪੂਰਾ, ਜੋਤ ਸਰੂਪੀ ਪਵਣ ਆਹਾਰੀ । ਪਾਇਆ ਗੁਰ ਪੂਰਾ, ਪਵਣ ਉਨੰਜਾ ਸਿਰ ਛਤਰ ਝੁਲਾਰੀ । ਪਾਇਆ ਗੁਰ ਪੂਰਾ ਏਕਾ ਜੋਤ ਨਿਹਕਲੰਕ ਨਰਾਇਣ ਨਰ ਅਵਤਾਰੀ । ਪਾਇਆ ਗੁਰ ਪੂਰਾ, ਹੋਏ ਪਰਕਾਸ਼ । ਪਾਇਆ ਗੁਰ ਪੂਰਾ, ਅੰਧ ਅੰਧੇਰ ਜਾਏ ਵਿਨਾਸ । ਪਾਇਆ ਗੁਰ ਪੂਰਾ ਦਰ ਘਰ ਆਏ ਅਬਿਨਾਸ਼ । ਪਾਇਆ ਗੁਰ ਪੂਰਾ ਜਨ ਭਗਤਾਂ ਹੋਏ ਦਾਸ । ਪਾਇਆ ਗੁਰ ਪੂਰਾ, ਛੱਡ ਆਇਆ ਪਤਾਲ ਅਕਾਸ਼ । ਪਾਇਆ ਗੁਰ ਪੂਰਾ, ਸੋਹੰ ਸ਼ਬਦ ਜਪਾਏ ਸਵਾਸ ਸਵਾਸ । ਪਾਇਆ ਗੁਰ ਪੂਰਾ ਗੁਰਸਿਖਾਂ ਆਤਮ ਕਰੇ ਰਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਸਦ ਬਲ ਬਲ ਜਾਸ । ਪਾਇਆ ਗੁਰ ਪੂਰਾ ਭਿਖਿਆ ਧਾਰੀ । ਪਾਇਆ ਗੁਰ ਪੂਰਾ ਨਿਹਕਲੰਕ ਨਰ ਅਵਤਾਰੀ । ਪਾਇਆ ਗੁਰ ਪੂਰਾ, ਜੁਗ ਚੌਥੇ ਰਾਮ ਅਵਤਾਰੀ । ਪਾਇਆ ਗੁਰ ਪੂਰਾ, ਪਰਗਟਾਈ ਜੋਤ ਕ੍ਰਿਸ਼ਨ ਮੁਰਾਰੀ । ਪਾਇਆ ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਪਾਇਆ ਗੁਰ ਪੂਰਾ, ਸ਼ਬਦ ਅਮੋਲਾ । ਪਾਇਆ ਗੁਰ ਪੂਰਾ, ਗੁਰਸਿਖਾਂ ਬਣਾਏ ਸੋਹੰ ਵਿਚੋਲਾ । ਪਾਇਆ ਗੁਰ ਪੂਰਾ, ਗੁਰਸਿਖਾਂ ਸੁਣਾਏ ਸੋਹੰ ਸਾਚਾ ਬੋਲਾ । ਪਾਇਆ ਗੁਰ ਪੂਰਾ, ਆਪ ਅਤੁਲ ਸ੍ਰਿਸ਼ਟ ਸਬਾਈ ਬਣਿਆ ਆਪੇ ਤੋਲਾ । ਪਾਇਆ ਗੁਰ ਪੂਰਾ, ਕਲਜੁਗ ਅੰਤਮ ਅੰਤ ਭੇਵ ਜਿਸ ਖੋਲ੍ਹਾ । ਪਾਇਆ ਗੁਰ ਪੂਰਾ, ਰਾਜੇ ਰਾਣਿਆਂ ਕਰੇ ਚਰਨ ਪ੍ਰਭ ਗੋਲਾ । ਪਾਇਆ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ਸਾਚਾ ਸ਼ਬਦ ਗੁਰ ਸਾਚੇ ਬੋਲਾ । ਪਾਇਆ ਗੁਰ ਪੂਰਾ, ਵਡ ਰਾਜਨ ਰਾਜਾ । ਪਾਇਆ ਗੁਰ ਪੂਰਾ, ਗ਼ਰੀਬ ਨਿਵਾਜਾ । ਪਾਇਆ ਗੁਰ ਪੂਰਾ, ਵਡ ਤਾਜਨ ਤਾਜਾ । ਪਾਇਆ ਗੁਰ ਪੂਰਾ, ਸ੍ਰਿਸ਼ਟ ਸਬਾਈ ਜਿਸ ਸਾਜਨ ਸਾਜਾ । ਪਾਇਆ ਗੁਰ ਪੂਰਾ,

ਸੋਹੰ ਸ਼ਬਦ ਵਜਾਏ ਅਨਹਦ ਵਾਜਾ । ਪਾਇਆ ਗੁਰ ਪੂਰਾ, ਸਰਨ ਪੜੇ ਦੀ ਰੱਖੇ ਲਾਜਾ । ਪਾਇਆ ਗੁਰ ਪੂਰਾ, ਜੋਤ ਪਰਗਟਾਈ ਵਿਚ ਦੇਸ ਮਾਝਾ । ਪਾਇਆ ਗੁਰ ਪੂਰਾ, ਸ੍ਰਿਸ਼ਟ ਸਬਾਈ ਕਰਾਏ ਭਾਜਾ । ਪਾਇਆ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਉਡਾਵੇ ਸਾਚਾ ਬਾਜਾ । ਪਾਇਆ ਗੁਰ ਪੂਰਾ, ਵਡ ਪਰਬੀਨਾ । ਪਾਇਆ ਗੁਰ ਪੂਰਾ, ਵਡ ਦਾਨਾ ਬੀਨਾ । ਪਾਇਆ ਗੁਰ ਪੂਰਾ, ਆਪ ਮਿਟਾਏ ਮੁਹੰਮਦੀ ਦੀਨਾ । ਪਾਇਆ ਗੁਰ ਪੂਰਾ, ਏਕਾ ਚੋਟ ਲਗਾਵੇ ਚੀਨਾ । ਪਾਇਆ ਗੁਰ ਪੂਰਾ, ਆਪ ਕਰਾਏ ਆਪ ਤਰਾਏ ਗੁਰਮੁਖ ਸਾਚੇ ਜਿਉਂ ਜਲ ਮੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ਆਪੇ ਜਾਣੇ ਆਪਣਾ ਕੀਨਾ । ਪਾਇਆ ਗੁਰ ਪੂਰਾ ਵਡ ਗਹਿਰ ਗੰਭੀਰ । ਪਾਇਆ ਗੁਰ ਪੂਰਾ, ਵਡ ਧੀਰਨ ਧੀਰ । ਪਾਇਆ ਗੁਰ ਪੂਰਾ, ਵਡ ਪੀਰਨ ਪੀਰ । ਪਾਇਆ ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮੁਖ ਚੁਆਏ ਆਤਮ ਸਾਚਾ ਸੀਰਨ ਸੀਰ । ਪਾਇਆ ਗੁਰ ਪੂਰਾ, ਜੋਤ ਨਿਰੰਜਣ । ਪਾਇਆ ਗੁਰ ਪੂਰਾ, ਸਾਚਾ ਸਾਕ ਸੈਣ ਸੱਜਣ । ਪਾਇਆ ਗੁਰ ਪੂਰਾ, ਚਰਨ ਧੂੜ ਦੇਵੇ ਸਾਚਾ ਮਜਨ । ਪਾਇਆ ਗੁਰ ਪੂਰਾ, ਬੇਮੁਖ ਦਰ ਤੇ ਆਏ ਜਾਏ ਭੱਜਣ । ਪਾਇਆ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰ ਤੇਰੇ ਤੇ ਗੱਜਣ । ਆਇਆ ਕਲਜੁਗ ਕਰਨ ਅਖ਼ੀਰ । ਸੋਹੰ ਸ਼ਬਦ ਚਲਾਇਆ ਤੀਰ । ਮੇਟ ਮਿਟਾਏ ਪੀਰ ਫ਼ਕੀਰ । ਸ੍ਰਿਸ਼ਟ ਸਬਾਈ ਲੱਬੇ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਕ਼ਤ ਚੁਕਾਏ ਜਗਤ ਮਿਟਾਏ ਭਗਤ ਤਰਾਏ ਸ਼ਕਤ ਵਖਾਏ ਵਕਤ ਸੁਹਾਏ ਆਪੇ ਦੇਵੇ ਸਾਚੀ ਧੀਰ । ਪਾਇਆ ਗੁਰ ਪੂਰਾ, ਵਡ ਬਲੀ ਬਲਵਾਨਾ । ਪਾਇਆ ਗੁਰ ਪੂਰਾ, ਵਡ ਵਡ ਮਿਹਰਵਾਨਾ । ਪਾਇਆ ਗੁਰ ਪੂਰਾ, ਵਡ ਵਡ ਚਤੁਰ ਸੁਜਾਨਾ । ਪਾਇਆ ਗੁਰ ਪੂਰਾ, ਏਕ ਜੋਤ ਜਗਾਏ । ਪਾਇਆ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਪਾਇਆ ਗੁਰ ਪੂਰਾ, ਵਿਸ਼ਨੂੰ ਭਗਵਾਨ । ਪਾਇਆ ਗੁਰ ਪੂਰਾ, ਸੋਹੰ ਦੇਵੇ ਸਾਚਾ ਦਾਨ । ਪਾਇਆ ਗੁਰ ਪੂਰਾ, ਰਸਨਾ ਜਪ ਜੀਵ ਆਤਮ ਜੋਤ ਜਗੇ ਮਹਾਨ । ਪਾਇਆ ਗੁਰ ਪੂਰਾ, ਝੂਠਾ ਤੋੜੇ ਜਗਤ ਅਭਿਮਾਨ । ਪਾਇਆ ਗੁਰ ਪੂਰਾ, ਏਕਾ ਦੇਵੇ ਸੋਹੰ ਵਡ ਗੁਣੀ ਨਿਧਾਨ । ਪਾਇਆ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਰਬ ਜੀਆਂ ਦਾ ਜਾਣੀ ਜਾਣ । ਪਾਇਆ ਗੁਰ ਪੂਰਾ ਭਗਤ ਰਖਵਾਲਾ । ਪਾਇਆ ਗੁਰ ਪੂਰਾ, ਵਡ ਦੀਨ ਦਿਆਲਾ । ਪਾਇਆ ਗੁਰ ਪੂਰਾ, ਜੀਵ ਜੰਤ ਸਰਬ ਪ੍ਰਿਤਪਾਲਾ । ਪਾਇਆ ਗੁਰ ਪੂਰਾ, ਏਕ ਜੋਤ ਜਗਾਏ ਬਿਰਧ ਬਾਲ ਜਵਾਨਾਂ । ਪਾਇਆ ਗੁਰ ਪੂਰਾ, ਆਤਮ ਦੇਵੇ ਸੋਹੰ ਸਾਚੀ ਕਾਨਾ । ਪਾਇਆ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸਾਧ ਸੰਤ ਜੀਵ ਜੰਤ ਪੂਰਨ ਭਗਵੰਤ ਸਾਚਾ ਕੰਤ ਜਿਸ ਬਣਾਈ ਬਣਤ ਹੋਏ ਆਪ ਰਖਵਾਲਾ । ਪਾਇਆ ਗੁਰ ਪੂਰਾ, ਪੂਰਨ ਸਚ ਉਪਦੇਸਾ । ਪਾਇਆ ਗੁਰ ਪੂਰਾ ਦਰ ਖੜੇ ਬ੍ਰਹਮਾ ਵਿਸ਼ਨ ਮਹੇਸ਼ਾ । ਪਾਇਆ ਗੁਰ ਪੂਰਾ, ਦੇਵੇ ਜੋਤ ਸਭ ਦੇਵੀ ਦੇਵ ਗਨੇਸ਼ਾ । ਪਾਇਆ ਗੁਰ ਪੂਰਾ, ਏਕਾ ਜੋਤ ਜੁਗੋ ਜੁਗ ਜੋਤ ਸਰੂਪੀ ਜਗਤ ਪਰਵੇਸ਼ਾ । ਪਾਇਆ ਗੁਰ ਪੂਰਾ ਕਲ ਸਾਚਾ ਭੂਪਾ । ਪਾਇਆ ਗੁਰ ਪੂਰਾ, ਜੋਤ ਨਿਰੰਜਣ ਸਤਿ ਸਰੂਪਾ । ਪਾਇਆ ਗੁਰ ਪੂਰਾ, ਨਾ ਦੀਸੇ ਕੋਈ ਰੰਗ ਰੂਪਾ । ਪਾਇਆ ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਕਰੇ ਪਰਕਾਸ਼ ਸ੍ਰਿਸ਼ਟ ਸਬਾਈ ਹੋਏ ਅੰਧ ਕੂਪਾ । ਪਾਇਆ ਗੁਰ ਪੂਰਾ, ਹੋਏ ਉਜਿਆਰਾ । ਪਾਇਆ ਗੁਰ ਪੂਰਾ ਮਿਟੇ


੨੨੩ ੦੨

ਅੰਧ ਅੰਧਿਆਰਾ । ਪਾਇਆ ਗੁਰ ਪੂਰਾ ਖੋਲ੍ਹੇ ਦਸਮ ਦਵਾਰਾ । ਪਾਇਆ ਗੁਰ ਪੂਰਾ ਆਤਮ ਝਿਰਨਾ ਝਿਰੇ ਅਪਾਰਾ । ਪਾਇਆ ਗੁਰ ਪੂਰਾ, ਏਕਾ ਸ਼ਬਦ ਉਪਜਾਵੇ ਸਾਚੀ ਧੁਨਕਾਰਾ । ਪਾਇਆ ਗੁਰ ਪੂਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਵੇ ਜੋਤ ਨਿਰੰਕਾਰਾ । ਪਾਇਆ ਗੁਰ ਪੂਰਾ ਜੋਤ ਨਿਰੰਕਾਰੀ । ਪਾਇਆ ਗੁਰ ਪੂਰਾ, ਜੋਤ ਸਰੂਪ ਸਦ ਨਿਰਾਹਾਰੀ । ਪਾਇਆ ਗੁਰ ਪੂਰਾ ਪ੍ਰਭ ਸਾਚਾ ਸਦਾ ਨਿਰਾਧਾਰੀ । ਪਾਇਆ ਗੁਰ ਪੂਰਾ, ਜੋਤੀ ਜੋਤ ਅਕਾਰੀ । ਪਾਇਆ ਗੁਰ ਪੂਰਾ, ਸ੍ਰਿਸ਼ਟ ਸਬਾਈ ਪਸਰ ਪਸਾਰੀ । ਪਾਇਆ ਗੁਰ ਪੂਰਾ, ਜੀਵ ਜੰਤ ਦੇਵੇ ਜੋਤ ਅਧਾਰੀ । ਪਾਇਆ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਰਬਾਰੀ । ਪਾਇਆ ਗੁਰ ਪੂਰਾ, ਸਾਚਾ ਦਰ । ਪਾਇਆ ਗੁਰ ਪੂਰਾ, ਆਇਆ ਸਾਚੇ ਘਰ । ਪਾਇਆ ਗੁਰ ਪੂਰਾ, ਦਰਸ ਦਿਖਾਏ ਅਵਤਾਰ ਨਰ । ਪਾਇਆ ਗੁਰ ਪੂਰਾ, ਕਰ ਦਰਸ ਗੁਰਸਿਖ ਸਾਚਾ ਜਾਏ ਤਰ । ਪਾਇਆ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਮੇਘ ਬਰਸਾਏ ਸਾਚਾ ਸਰ । ਪਾਇਆ ਗੁਰ ਪੂਰਾ, ਅਨਹਦ ਤੂਰ । ਪਾਇਆ ਗੁਰ ਪੂਰਾ, ਸਰਬ ਕਲਾ ਭਰਪੂਰ । ਪਾਇਆ ਗੁਰ ਪੂਰਾ, ਆਤਮ ਦੇਵੇ ਸਾਚਾ ਨੂਰ । ਪਾਇਆ ਗੁਰ ਪੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਵਡ ਸੂਰਬੀਰ । ਪਾਇਆ ਗੁਰ ਪੂਰਾ, ਵਡ ਸੂਰਬੀਰਾ । ਪਾਇਆ ਗੁਰ ਪੂਰਾ, ਸੋਹੰ ਸ਼ਬਦ ਚਲਾਏ ਤੀਰਾ । ਪਾਇਆ ਗੁਰ ਪੂਰਾ, ਚਾਰ ਕੁੰਟ ਕਰਾਏ ਵਹੀਰਾ । ਪਾਇਆ ਗੁਰ ਪੂਰਾ ਰਾਣਿਆਂ ਮਹਾਂਰਾਣਿਆਂ ਲਾਹੇ ਚੀਰਾ । ਪਾਇਆ ਗੁਰ ਪੂਰਾ, ਚਾਰ ਕੁੰਟ ਕਰਾਏ ਵਹੀਰਾ । ਪਾਇਆ ਗੁਰ ਪੂਰਾ, ਬੇਮੁਖਾਂ ਮੁਗਧ ਅੰਞਾਣਿਆਂ ਰੁਲਾਏ ਵਾਂਗ ਫ਼ਕੀਰਾਂ । ਗੁਰਮੁਖ ਸਾਚੇ ਸੁਘੜ ਸਿਆਣਿਆਂ ਸੋਹੰ ਦੇਵੇ ਆਤਮ ਧੀਰਾ । ਸਿੱਖ ਸਾਚੇ ਬਾਲ ਅੰਞਾਣਿਆਂ ਮੁਖ ਚੁਆਏ ਅੰਮ੍ਰਿਤ ਸੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆਂ ਗੁਰਮੁਖ ਸ਼ਾਂਤ ਕਰਾਏ ਸਰੀਰਾ । ਪਾਇਆ ਗੁਰ ਪੂਰਾ, ਵਡਭਾਗਾ । ਪਾਇਆ ਗੁਰ ਪੂਰਾ, ਗੁਰਸਿਖ ਕਲਜੁਗ ਸੋਇਆ ਜਾਗਾ । ਪਾਇਆ ਗੁਰ ਪੂਰਾ, ਪ੍ਰਭ ਸਾਚੇ ਦੀ ਸਰਨੀ ਲਾਗਾ । ਪਾਇਆ ਗੁਰ ਪੂਰਾ ਆਤਮ ਮੈਲ ਧੋਏ ਦਾਗਾ । ਪਾਇਆ ਗੁਰ ਪੂਰਾ ਅਨਹਦ ਸ਼ਬਦ ਉਪਜਾਏ ਸਾਚਾ ਰਾਗਾ । ਪਾਇਆ ਗੁਰ ਪੂਰਾ, ਭਰਮ ਭਓ ਜਗਤ ਖਓ ਗੁਰਮੁਖ ਸਾਚੇ ਤੇਰੇ ਦਰ ਤੋਂ ਭਾਗਾ । ਪਾਇਆ ਗੁਰ ਪੂਰਾ, ਸਤਿਜੁਗ ਲਗਾਇਆ ਜਿਸ ਪਹਿਲੀ ਮਾਘਾ । ਪਾਇਆ ਗੁਰ ਪੂਰਾ, ਛੇੜ ਛਿੜਾਏ ਆਪ ਉਠਾਏ ਸੋਏ ਜਗਾਏ ਬੇਹ ਕਰਾਏ ਪਹਿਲੇ ਵਾਘਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਏ ਸਤਿ ਵਰਤਾਏ, ਨਾ ਕੋਈ ਮੇਟ ਮਿਟਾਏ, ਜੋ ਜਨ ਵੇਖੇ ਪ੍ਰਭ ਵੇਖ ਵਖਾਏ, ਭਰਮ ਭੁਲੇਖੇ ਸਰਬ ਕੱਢਾਏ, ਜੋ ਜਨ ਪ੍ਰਭ ਦਰ ਆਏ ਚਰਨ ਲਾਗਾ । ਜੋਤ ਸਰੂਪੀ ਭਰਮ ਚੁਕਾਏ । ਆਪ ਲਗਾਏ ਆਪਣੇ ਲੇਖੇ । ਹੰਕਾਰੀ ਦੁਸ਼ਟ ਦੁਰਾਚਾਰੀ ਵਿਭਚਾਰੀ ਕੋਈ ਰਹਿਣ ਨਾ ਪਾਏ । ਭਗਤ ਉਧਾਰੀ ਜਗਤ ਸੁਧਾਰੀ ਜੋਤ ਨਿਰੰਕਾਰੀ ਆਪਣਾ ਆਪ ਵਿਚ ਮਾਤ ਪਰਗਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਾਏ ਭੁਗਤਾਏ ਲਿਖਾਏ ਵਰਤਾਏ ਲਿਖਾਏ ਕਰਾਏ ਲਿਖਾਏ ਖਪਾਏ ਲਿਖਾਏ ਮਿਟਾਏ ਲਿਖਾਏ ਉਲਟਾਏ ਲਿਖਾਏ ਭਵਾਏ ਲਿਖਾਏ ਉਠਾਏ ਲਿਖਾਏ ਭਜਾਏ ਲਿਖਾਏ ਅੰਧ ਅੰਧਿਆਰ ਆਪ ਕਰਾਏ । ਲਿਖਾਏ ਸੰਞ ਸਵੇਰ ਇਕ ਕਰਾਏ । ਲਿਖਾਏ ਜਗਤ ਅੰਧੇਰ ਆਪ ਕਰਵਾਏ । ਲਿਖਾਏ ਭੇੜ ਭੇੜ ਆਪ ਮਰਵਾਏ । ਲਿਖਾਏ ਗੇੜ ਗੇੜ ਵਿਚ ਆਪ ਲਿਆਏ । ਲਿਖਾਏ ਪੀੜ ਪੀੜ ਜੀਵ ਪਿੜਾਏ । ਲਿਖਾਏ ਬੀੜ ਬੀੜ ਬੀੜ ਆਪ ਉਠਾਏ । ਲਿਖਾਏ ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਆਪ ਵਰਤਾਏ । ਆਪ ਲਿਖਾਇਆ ਭਰਮ ਚੁਕਾਇਆ । ਕਰਮ ਕਮਾਇਆ ਕਲਜੁਗ ਜੀਆਂ ਧਰਮ ਗਵਾਇਆ । ਰਾਮ ਦਾਸ ਤੇਰਾ ਸਾਚਾ ਘਰ, ਕਲਜੁਗ ਜੀਵਾਂ ਬੇਸ਼ਰਮੀ ਦਾ ਦਰ ਬਣਾਇਆ । ਆਵਣ ਜਾਵਣ ਪਾਪ ਕਮਾਵਣ, ਨਰ ਨਾਰੀ ਪ੍ਰਭ ਸਾਚਾ ਮਨੋਂ ਭੁਲਾਇਆ । ਪਤਤ ਪਾਵਨ ਜੋਤ ਸਰੂਪੀ ਰੂਪ ਬਾਵਨ ਕਲ ਆਇਆ । ਕਲ ਅੰਧੇਰ ਮਿਟਾਵਣ, ਗੁਰ ਗੋਬਿੰਦ ਲਿਖਤ ਭਵਿਖਤ ਸਤਿ ਵਰਤਾਵਣ, ਸਿੰਘ ਮਲੇਸ਼ ਆਪ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਆਪਣਾ ਖੇਲ ਆਪ ਰਚਾਇਆ । ਸਰ ਅੰਮ੍ਰਿਤ ਸੱਚਾ ਦਰਬਾਰਾ । ਕਲਜੁਗ ਤੇਰਾ ਅੰਤਮ ਅੰਤ ਵਰਤਾਰਾ । ਕੂੜੋ ਕੂੜ ਜੀਵ ਅੰਧ ਅੰਧਿਆਰਾ । ਮੂੜ੍ਹੋ ਮੂੜ੍ਹ ਹੋਏ ਗਵਾਰਾ । ਤੇਰੇ ਦਰ ਸਾਚੇ ਘਰ, ਧੀਆਂ ਭੈਣਾਂ ਕਰਨ ਪਤਿ ਖੁਆਰਾ । ਆਵੇ ਡਰ ਮਾਨਸ ਜਨਮ ਗਏ ਹਰ, ਝੂਠਾ ਕਰਨ ਵਣਜ ਵਪਾਰਾ । ਆਪਣਾ ਕੀਆ ਲੈਣ ਭਰ, ਨਿਹਕਲੰਕ ਲਿਆ ਅਵਤਾਰਾ । ਆਪ ਮਿਟਾਏ ਸਾਚਾ ਸਰ, ਲੇਖ ਲਿਖਾਏ ਅਪਰ ਅਪਾਰਾ । ਦਰ ਪੁਜਾਰੀ ਹੋਇਣ ਖੁਆਰਾ । ਦੁਸ਼ਟ ਦੁਰਾਚਾਰ ਮਦਿਰਾ ਮਾਸ ਕਰਨ ਆਹਾਰਾ । ਸਾਚਾ ਪ੍ਰਭ ਸਰਬ ਭੁਲਾਇਆ, ਮਾਇਆ ਰੂਪੀ ਵਣਜ ਵਪਾਰਾ । ਆਪਣਾ ਆਪ ਸਰਬ ਵਡਿਆਇਆ, ਪੰਚਮ ਭੁੱਲਿਆ ਗੁਰ ਅਵਤਾਰਾ । ਆਪਣਾ ਆਪ ਸਰਬ ਰੁਲਾਇਆ, ਆਤਮ ਹੋਈ ਸਰਬ ਹੰਕਾਰਾ । ਭਰਮ ਭੁਲੇਖੇ ਆਪ ਭੁਲਾਇਆ, ਨਿਹਕਲੰਕ ਕਲ ਲੈ ਅਵਤਾਰਾ । ਆਪਣਾ ਆਪ ਭੇਵ ਛੁਪਾਇਆ, ਉਲਟੀ ਕਾਰੇ ਲਾਇਆ ਦੁਸ਼ਟ ਦੁਰਾਚਾਰਾ । ਕਰੇ ਕਰਾਏ ਜੋ ਮਨ ਭਾਇਆ, ਪ੍ਰਭ ਸਾਚੇ ਦਾ ਸਚ ਵਿਹਾਰਾ । ਸੋਹੰ ਸ਼ਬਦ ਪ੍ਰਭ ਆਪ ਉਠਾਇਆ ਖੰਡਾ ਦੋ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਮਿਟਾਏ ਸਰਬ ਖਪਾਏ ਰਾਮਦਾਸ ਤੇਰੇ ਦੁਸ਼ਟ ਦੁਰਾਚਾਰਾਂ । ਜਗੇ ਜੋਤ ਜਗਤ ਨਿਰਾਲੀ । ਪਰਗਟਾਏ ਜੋਤ ਦੋ ਜਹਾਨ ਵਾਲੀ । ਗੁਰਮੁਖ ਸਾਚੇ ਪ੍ਰਭ ਦਰ ਆਇਣ ਦੇਵੇ ਦਰਸ ਆਪ ਬਨਵਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਮਲ ਜੋਤ ਜੋਤ ਸਰੂਪ ਜੋਤੀ ਜੋਤ ਨਿਰਾਲੀ । ਕਲਜੁਗ ਜੀਆਂ ਕਿਸਮਤ ਖੋਟੀ । ਆਪ ਕਟਾਏ ਬੋਟੀ ਬੋਟੀ । ਮੰਗਿਆਂ ਹੱਥ ਨਾ ਆਵੇ ਰੋਟੀ । ਉਠਾਵਣ ਨਾ ਦੇਵੇ ਧੋਤੀ ਟੋਪੀ । ਸ੍ਰਿਸ਼ਟ ਸਬਾਈ ਰਹੇ ਸੋਤੀ । ਜੋਤ ਸਰੂਪੀ ਖੇਲ ਰਚਾਏ ਏਕਾ ਅਗਨ ਲਗਾਏ ਜੋਤੀ । ਗੁਰਮੁਖ ਸਾਚੇ ਆਪ ਤਰਾਏ, ਕਲਜੁਗ ਮਾਣਕ ਮੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜਪਾਏ ਗੁਰਸਿਖ ਆਤਮ ਧੋਤੀ । ਕਲਜੁਗ ਜੀਵ ਭਾਗ ਮੰਦ । ਕਲਜੁਗ ਜੀਵ ਆਤਮ ਹੋਏ ਅੰਧ । ਆਤਮ ਅੰਧ ਅੰਧੇਰ ਵਿਚ ਰਖਾਈ ਮਾਇਆ ਕੰਧ । ਪਰਗਟਾਏ ਜੋਤ ਨਾ ਲਾਏ ਦੇਰ, ਜੋਤ ਸਰੂਪੀ ਲਾਏ ਫੰਦ । ਪ੍ਰਭ ਸਾਚਾ ਕਰੇ ਨਾ ਹੇਰ ਫੇਰ, ਮਦਿਰਾ ਮਾਸ ਜੋ ਜਨ ਲਾਇਣ ਗੰਦ । ਅਗਨ ਜੋਤ ਲਗਾਏ ਏਕਾ ਵੇਰ, ਮੁਖ ਛੁਪਾਏ ਦੁਖ ਦਵਾਏ, ਗੁਰਸਿਖ ਤਰਾਏ ਸੁਖ ਉਪਜਾਏ, ਭੁੱਖ ਮਿਟਾਏ ਸਤਿਜੁਗ ਚੜ੍ਹਾਏ ਸਾਚੇ ਚੰਦ । ਕਲਜੁਗ ਜੀਵ ਝੂਠ ਪਸਾਰਾ । ਏਕਾ ਸੱਚਾ ਪ੍ਰਭ ਸਾਚੇ ਦਾ ਸਚ ਦਵਾਰਾ । ਸ੍ਰਿਸ਼ਟ ਸਬਾਈ ਝੂਠਾ ਕੱਚ, ਘੜੇ ਭੰਨੇ ਭੰਨਣਹਾਰਾ । ਅਗਨ ਜੋਤ ਜਾਇਣ ਮੱਚ, ਕਲਜੁਗ ਜੀਵ ਦੁਸ਼ਟ ਦੁਰਾਚਾਰਾ । ਗੁਰਸਿਖ ਸੋਹੰ ਨਾਮ ਆਤਮ ਜਾਏ ਰਚ, ਦੇਵੇ ਦਰਸ ਆਪ ਗਿਰਧਾਰਾ । ਜੋਤ ਪਰਗਟਾਏ ਸੱਚੋ ਸੱਚ, ਆਪੇ ਦੇਵੇ ਮੁਕਤ ਦਵਾਰਾ । ਗੁਰਮੁਖ ਸਾਚੇ ਜਾਇਣ ਬਚ, ਚਲ ਆਇਣ ਨਿਹਕਲੰਕ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰਤੇ ਵਰਤਾਵੇ ਵਿਚ ਸੰਸਾਰਾ । ਕਲਜੁਗ ਜੀਵ ਬੂਝ ਵਿਚਾਰ । ਆਪਣਾ ਆਪ ਨਾ ਕਲਜੁਗ ਹਾਰ । ਸਾਚਾ ਜਾਪ ਨਾ ਮਨੋਂ

ਵਿਸਾਰ । ਸਾਚਾ ਤਪ ਰਸਨ ਨਾਮ ਕਰਤਾਰ । ਕੋਟਨ ਕੋਟ ਉਤਾਰੇ ਪਾਪ, ਜਨ ਆਏ ਨਿਹਕਲੰਕ ਦਰਬਾਰ । ਸ੍ਰਿਸ਼ਟ ਸਬਾਈ ਮਾਈ ਬਾਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਵੇ ਸਾਰ । ਕਲਜੁਗ ਜੀਵ ਚਲ ਚਲ ਚਲ ਪ੍ਰਭ ਦਵਾਰ । ਕਲਜੁਗ ਜੀਵ ਮਲ ਮਲ ਸਾਚਾ ਘਰ ਬਾਹਰ । ਕਲਜੁਗ ਜੀਵ ਥਲ ਥਲ ਜਲ ਜਲ ਵਸੇ ਆਪ ਕਰਤਾਰ । ਕਲਜੁਗ ਜੀਵ ਘੜੀ ਘੜੀ ਪਲ ਪਲ ਪ੍ਰਭ ਸਾਚਾ ਲਏ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਲ ਬਲ ਬਲ ਜੋ ਜਨ ਕਰੇ ਚਰਨ ਨਿਮਸਕਾਰ । ਕਲਜੁਗ ਜੀਵ ਆਤਮ ਰਾਸ । ਕਲਜੁਗ ਜੀਵ ਪ੍ਰਭ ਸਾਚੇ ਦਾ ਹੋਏ ਵਾਸ । ਕਲਜੁਗ ਜੀਵ ਆਪ ਕਟਾਏ ਗਰਭਵਾਸ । ਕਲਜੁਗ ਜੀਵ ਅੰਤਕਾਲ ਕਲ ਨਾ ਹੋਏ ਨਾਸ । ਕਲਜੁਗ ਜੀਵ ਸੋਹੰ ਜਪ ਸਵਾਸ ਸਵਾਸ । ਕਲਜੁਗ ਜੀਵ ਪ੍ਰਭ ਸਾਚਾ ਸਦ ਵਸੇ ਤੇਰੇ ਪਾਸ । ਕਲਜੁਗ ਜੀਵ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪੇ ਹੋਏ ਦਾਸ । ਕਲਜੁਗ ਜੀਵ ਬੂਝ ਵਿਚਾਰ । ਕਲਜੁਗ ਜੀਵ ਪ੍ਰਭ ਸਾਚਾ ਸਚ ਦਰਬਾਰ । ਕਲਜੁਗ ਜੀਵ ਪ੍ਰਭ ਸਾਚਾ ਦਰ ਘਰ ਖਾਲੀ ਭਰੇ ਭੰਡਾਰ । ਕਲਜੁਗ ਜੀਵ ਪ੍ਰਭ ਸਾਚਾ ਮਾਲੀ, ਜੀਵ ਜੰਤਾਂ ਹੋਏ ਰਖਵਾਰ । ਕਲਜੁਗ ਜੀਵ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੇਵੇ ਸ਼ਬਦ ਅਪਾਰ । ਕਲਜੁਗ ਜੀਵ ਅੰਤਕਾਲ ਕਲ ਕਿਉਂ ਰੂਠਾ । ਕਲਜੁਗ ਜੀਵ ਆਪਣੇ ਚੜ੍ਹਾ ਅਨੂਠਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਮੂਠਾ । ਕਲਜੁਗ ਜੀਵ ਆਪੇ ਜਾਗ । ਕਲਜੁਗ ਜੀਵ ਆਪ ਬੁਝਾ ਆਪਣੀ ਆਗ । ਕਲਜੁਗ ਜੀਵ ਪ੍ਰਭ ਸਾਚਾ ਚਰਨ ਲਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਹੰਸੋਂ ਕਾਗ । ਹੰਸੋਂ ਕਾਗ ਆਪ ਬਣਾਇਆ । ਮਾਨਸ ਜਨਮ ਦੇ ਜੀਵ ਭੁਲਾਇਆ । ਮਦਿਰਾ ਮਾਸ ਮੁਖ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਪਰਗਟ ਜੋਤ ਬੇਮੁਖਾਂ ਦੇ ਸਜ਼ਾਇਆ । ਬੇਮੁਖਾਂ ਪ੍ਰਭ ਦੇ ਸਜਾਏ । ਅਗਨ ਕੁਠਾਲੀ ਜੋਤ ਤਪਾਏ । ਵਡ ਭਠਿਆਲੀ ਸੋਹੰ ਭੱਠੀ ਪ੍ਰਭ ਆਪ ਚੜ੍ਹਾਏ । ਸਚ ਕੁਠਾਲੀ ਸੋਹੰ ਸੁਹਾਗਾ ਸਾਚਾ ਨਾਮ ਗੁਰਮੁਖ ਆਤਮ ਆਪ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੋ ਸਾਚ ਸਾਚੇ ਹਾਟ ਵਿਕਾਏ । ਗੁਰਮੁਖ ਸਾਚੇ ਸਾਚਾ ਹਾਟ । ਸੋਹੰ ਸਾਚਾ ਨਾਮ ਪ੍ਰਭ ਦਰ ਖਾਟ । ਹਉਮੇ ਰੋਗ ਆਤਮ ਕਾਟ । ਪ੍ਰਭ ਅਬਿਨਾਸ਼ੀ ਸਦ ਵਸੇ ਘਟ ਘਟ । ਸੋਹੰ ਦੇਵੇ ਸਾਚਾ ਨਾਉਂ ਗੁਰਮੁਖ ਸਾਚੇ ਰਸਨਾ ਰਟ । ਆਪ ਬਹਾਏ ਸਾਚੇ ਥਾਉਂ, ਸਾਚੀ ਜੋਤ ਜਗਾਏ ਕਾਇਆ ਝੂਠੇ ਮਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗੰਮ ਅਥਾਹ, ਕਰ ਦਰਸ ਗੁਰਮੁਖ ਸਾਚੇ ਸਾਚਾ ਲਹਿਣਾ, ਆਤਮ ਗਹਿਣਾ ਤੀਜੇ ਨੈਣਾਂ ਪ੍ਰਭ ਦਰ ਸਾਚੇ ਤੋਂ ਲੈਣਾਂ, ਜੋਤ ਪਰਗਟਾਏ ਅੰਧੇਰ ਮਿਟਾਏ ਦਰਸ ਦਿਖਾਏ ਗੁਰਮੁਖ ਸਾਚੇ ਤਰਸ ਕਮਾਏ ਝੱਟ । ਗੁਰਮੁਖ ਸਾਚੇ ਤੇਰੀ ਉਜਲ ਮਤਿ । ਪ੍ਰਭ ਸਾਚਾ ਤੇਰੀ ਆਪੇ ਜਾਣੇ ਮਿਤ ਗਤ । ਸੋਹੰ ਦੇਵੇ ਆਤਮ ਸਾਚਾ ਸਤਿ । ਆਪ ਬੁਝਾਵੇ ਆਪ ਸਮਝਾਵੇ ਆਪ ਸਵਾਵੇ ਆਪ ਜਗਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹਿਰਦੇ ਵਚ । ਹਿਰਦੇ ਵਾਚੇ ਆਤਮ ਰਾਚੇ । ਆਪੇ ਢਾਲੇ ਸਾਚੇ ਢਾਂਚੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਘਰ ਸਾਚਾ ਵਰ ਅਵਤਾਰ ਨਰ ਗੁਰਮੁਖ ਸਾਚੇ ਸਰਨੀ ਪਰ ਬੇਮੁਖ ਦਰ ਆਇਣ ਜਾਇਣ ਨੱਚ । ਸੁਰਤ ਸ਼ਬਦ ਪ੍ਰਭ ਮੇਲ ਮਿਲਾਏ । ਸੁਰਤ ਸ਼ਬਦ ਦੇ ਪ੍ਰਭ ਆਪ ਜਗਾਏ । ਸੁਰਤ ਸ਼ਬਦ ਪ੍ਰਭ ਭੇਵ ਖੁਲ੍ਹਾਏ । ਸੁਰਤ ਸ਼ਬਦ ਦੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸੇਵ ਲਗਾਏ । ਸੁਰਤ ਸ਼ਬਦ ਦੇਵੇ ਸੁਰ । ਸੁਰਤ ਸ਼ਬਦ ਮਿਲਾਵੇ ਪ੍ਰਭ ਸਾਚੇ ਕਾ


੨੨੯ ੦੨

ਦਰ ਧੁਰ । ਸੁਰਤ ਸ਼ਬਦ ਦੇਵੇ ਵਾਲੀ ਘਨਕਪੁਰ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਉਪਜਾਵੇ ਸਾਚੀ ਸੁਰ । ਸੁਰਤ ਸ਼ਬਦ ਪ੍ਰਭ ਜੋਤ ਅਧਾਰਾ । ਸੁਰਤ ਸ਼ਬਦ ਪ੍ਰਭ ਖੋਲ੍ਹੇ ਸਚ ਦਵਾਰਾ । ਸੁਰਤ ਸ਼ਬਦ ਪ੍ਰਭ ਸਾਚਾ ਭਰੇ ਭੰਡਾਰਾ । ਸੁਰਤ ਸ਼ਬਦ ਆਪ ਮਿਟਾਏ ਗੁਰਸਿਖਾਂ ਅੰਧ ਅੰਧਿਆਰਾ । ਸੁਰਤ ਸ਼ਬਦ ਏਕਾ ਏਕ ਦਿਖਾਏ ਬ੍ਰਹਮ ਸਰੂਪ ਬ੍ਰਹਮ ਅਪਾਰਾ । ਸੁਰਤ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਦਿਖਾਏ ਆਪਣਾ ਦਵਾਰਾ । ਸੁਰਤ ਸ਼ਬਦ ਗੁਰਸਿਖ ਜਗਾਇਆ । ਸੁਰਤ ਸ਼ਬਦ ਪ੍ਰਭ ਮੇਲ ਮਿਲਾਇਆ । ਸੁਰਤ ਸ਼ਬਦ ਪ੍ਰਭ ਖੇਲ ਰਚਾਇਆ । ਸੁਰਤ ਸ਼ਬਦ ਸ਼ਬਦ ਸੁਰਤ ਸੱਜਣ ਸੁਹੇਲ ਆਪ ਅਖਵਾਇਆ । ਸੁਰਤ ਸ਼ਬਦ ਮੇਲ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਦਰਸ ਦਿਖਾਇਆ । ਸੁਰਤ ਸ਼ਬਦ ਸਾਚੀ ਧੁਨ । ਸੁਰਤ ਸ਼ਬਦ ਦੇਵੇ ਵਡ ਵਡ ਰਿਖ ਮੁਨ । ਸੁਰਤ ਸ਼ਬਦ ਗੁਰਮੁਖ ਸਾਚੇ ਆਤਮ ਖੋਲ੍ਹੇ ਸੁੰਨ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਲਜੁਗ ਚੁਣ । ਸੁਰਤ ਸ਼ਬਦ ਸਾਚਾ ਰੰਗ । ਸੁਰਤ ਸ਼ਬਦ ਸਾਚਾ ਸੰਗ । ਸੁਰਤ ਸ਼ਬਦ ਆਪ ਦਵਾਏ ਦਇਆ ਕਮਾਏ ਗੁਰਮੁਖ ਸਾਚੀ ਮੰਗ । ਸੁਰਤ ਸ਼ਬਦ ਆਪ ਚੜ੍ਹਾਏ ਸਾਚਾ ਰੰਗ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਅੰਗ ਸੰਗ । ਸੁਰਤ ਸ਼ਬਦ ਜੋਤ ਜਗਾ । ਸੁਰਤ ਸ਼ਬਦ ਦਰਸ ਅਮੋਘ ਦਿਖਾ । ਸੁਰਤ ਸ਼ਬਦ ਆਤਮ ਚਿੰਤਾ ਸੋਗ ਮਿਟਾ । ਸੁਰਤ ਸ਼ਬਦ ਸੋਹੰ ਸ਼ਬਦ ਆਤਮ ਦੇਵੇ ਭੋਗ ਲਗਾ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਿਵਸ ਰੈਣ ਰੈਣ ਦਿਵਸ ਸਦ ਸਦ ਰਸਨਾ ਗਾ । ਸੁਰਤ ਸ਼ਬਦ ਖੁਲ੍ਹੇ ਕਵਲ । ਸੁਰਤ ਸ਼ਬਦ ਆਤਮ ਬਵਲ । ਸੁਰਤ ਸ਼ਬਦ ਦਰਸ ਦਿਖਾਏ ਕਾਹਨਾ ਸਵਲ । ਸੁਰਤ ਸ਼ਬਦ ਮੇਲ ਮਿਲਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਰਿਹਾ ਮਵਲ । ਸੁਰਤ ਸ਼ਬਦ ਆਪ ਜਗਾਤਾ । ਸੁਰਤ ਸ਼ਬਦ ਸੋਹੰ ਦੇਵੇ ਸਾਚੀ ਦਾਤਾ । ਸੁਰਤ ਸ਼ਬਦ ਆਪ ਦਿਖਾਵੇ ਚਰਨ ਪ੍ਰੀਤੀ ਸਾਚਾ ਨਾਤਾ । ਸੁਰਤ ਸ਼ਬਦ ਗੁਰਸਿਖ ਤਰਾਏ ਆਪੇ ਆਪ ਬਣ ਜਾਏ ਪ੍ਰਭ ਸਾਚਾ ਪਿਤ ਮਾਤਾ । ਸੁਰਤ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਏ ਬਿਧਨਾਤਾ । ਸੁਰਤ ਸ਼ਬਦ ਪ੍ਰਭ ਮੇਲ ਮਿਲਾ ਕੇ । ਸੁਰਤ ਸ਼ਬਦ ਪ੍ਰਭ ਖੇਲ ਵਰਤਾ ਕੇ । ਸੁਰਤ ਸ਼ਬਦ ਸਾਚਾ ਪ੍ਰਭ ਗੁਰਮੁਖ ਸਾਚੇ ਦਇਆ ਕਮਾ ਕੇ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਚਰਨ ਲਗਾ ਕੇ । ਸੁਰਤ ਸ਼ਬਦ ਚਰਨ ਧਿਆਨਾ । ਸੁਰਤ ਸ਼ਬਦ ਆਤਮ ਉਪਜੇ ਬ੍ਰਹਮ ਗਿਆਨਾ । ਸੁਰਤ ਸ਼ਬਦ ਆਤਮ ਜੋਤ ਜਗਾਏ ਕੋਟਨ ਭਾਨਾ । ਸੁਰਤ ਸ਼ਬਦ ਮੇਲ ਮਿਲਾਏ ਗੁਰਮੁਖ ਸਾਚਾ ਆਪ ਪਛਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਆਪ ਸੁਣਾਏ ਕਾਨਾ । ਸੁਰਤ ਸ਼ਬਦ ਜੀਵ ਜਗਾਏ । ਸੁਰਤ ਸ਼ਬਦ ਦੀਵ ਜਲਾਏ । ਸੁਰਤ ਸ਼ਬਦ ਨੀਂਵ ਰਖਾਏ । ਸੁਰਤ ਸ਼ਬਦ ਸੀਵ ਰਖਾਏ । ਸੁਰਤ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਤ੍ਰਿਸਨਾ ਸਰਬ ਮਿਟਾਏ । ਸੁਰਤ ਸ਼ਬਦ ਸਚ ਭੰਡਾਰਾ । ਸੁਰਤ ਸ਼ਬਦ ਗੁਰਮੁਖ ਸਾਚਾ ਪਾਵੇ ਗੁਰ ਦਰਬਾਰਾ । ਸੁਰਤ ਸ਼ਬਦ ਆਪ ਦਿਖਾਏ ਰੰਗ ਕਰਤਾਰਾ । ਸੁਰਤ ਸ਼ਬਦ ਸ਼ਬਦ ਸੁਰਤ ਏਕਾ ਧੁਨ ਏਕਾ ਧੁਨਕਾਰਾ । ਸੁਰਤ ਸ਼ਬਦ ਸ਼ਬਦ ਸੁਰਤ ਆਪ ਜਗਾਏ ਸਰਬ ਸੰਸਾਰਾ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਲਾਏ ਗੁਰਮੁਖ ਸਾਚੇ ਕਰ ਪਿਆਰਾ । ਚਰਨ ਪਿਆਰ ਦੁਖ ਨਿਵਾਰ, ਭੁੱਖ ਵਿਚਾਰ ਸੂਖਮ ਸੂਖ ਆਪ ਗਿਰਧਾਰਾ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਸ਼ਬਦ, ਗੁਰਮੁਖ ਸਾਚੇ ਕਰ ਸਾਚਾ ਵਣਜ ਵਪਾਰਾ । ਸੋਹੰ ਸਾਚਾ ਵਣਜ ਵਪਾਰਾ । ਸੋਹੰ ਦੇਵੇ ਓਅੰ ਆਪ ਨਿਰੰਕਾਰਾ । ਓਅੰ ਦੋਅੰ ਏਕ ਸੋਹੰ ਸ਼ਬਦ ਹੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਟਿਕਾਏ ਸਤਿਜੁਗ ਸਾਚੇ ਵਿਚ ਮਾਤ ਸੰਸਾਰਾ । ਸੋਹੰ ਵਰਤੇ ਵਿਚ ਸੰਸਾਰ । ਸੋਹੰ ਦੀਆ ਕਰਤੇ, ਕਰਮ ਵਿਚਾਰ । ਸੋਹੰ ਦੀਆ ਧਰਤੇ, ਧਰਮ ਸੁਧਾਰ । ਸੋਹੰ ਮਿਲਾਏ ਹਰਤੇ, ਰਸਨਾ ਜੀਵ ਸਦ ਉਚਾਰ । ਬੇਮੁਖ ਜੀਵ ਰਹਿਣ ਦੁਖ ਭਰਤੇ, ਅੰਤਕਾਲ ਕਲ ਹੋਇਣ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਇਣ ਦਰ ਤੇ, ਪ੍ਰਭ ਸਾਚਾ ਦੇਵੇ ਤਾਰ । ਸੋਹੰ ਦੀਆ ਸਾਚਾ ਰਸ, ਆਤਮ ਜਾਏ ਪ੍ਰਭ ਸਾਚਾ ਵਸ । ਸੋਹੰ ਦੀਆ ਸਾਚਾ ਰਸ, ਸਾਚਾ ਰਾਹ ਪ੍ਰਭ ਜਾਏ ਦੱਸ, ਧਰਤ ਮਾਤ ਪ੍ਰਭ ਸਾਚਾ ਹੱਸ ਹੱਸ । ਸੋਹੰ ਦੀਆ ਸਾਚਾ ਰਸ, ਵਡ ਕਰਾਮਾਤ ਕਲ ਅੰਧੇਰ ਮਿਟਾਏ ਸ਼ਬਦ ਤੀਰ ਚਲਾਏ ਕਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਹਿਰਦੇ ਜਾਏ ਵਸ । ਸੰਤ ਜਨਾਂ ਪ੍ਰਭ ਆਪ ਹਲੂਣਿਆਂ । ਆਪ ਮਿਟਾਏ ਤਾਈਆਂ ਧੂਣੀਆਂ । ਆਪ ਗਵਾਵੇ ਦੁਖ ਮਿਟਾਵੇ ਆਂਦਰਾਂ ਲੂਹਣੀਆਂ । ਆਪ ਚੁਕਾਵੇ ਮੁਕਾਵੇ ਖਵਾਵੇ ਸੁੱਕੀਆਂ ਅਲੂਣੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਪਰਗਟਾਵੇ ਸੰਤ ਜਨਾਂ ਜੋਤ ਜਗਾਏ ਕਰਾਏ ਸਵਾਈਆਂ ਦੂਣੀਆਂ । ਸੰਤ ਜਨਾਂ ਜੋਤ ਜਗਾ । ਸੰਤ ਜਨਾਂ ਦੁਖ ਮਿਟਾ । ਸੰਤ ਜਨਾਂ ਦਰਸ ਅਮੋਘ ਦਿਖਾ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਵੇ ਸਾਚਾ ਰਾਹ । ਸੰਤ ਜਣਾਏ ਉਠਾਏ ਆਪ । ਸੰਤ ਜਨ ਜਗਾਏ ਆਪ । ਸੰਤ ਜਨ ਉਪਜਾਏ ਆਪ । ਸੰਤ ਜਨ ਸੋਹੰ ਸ਼ਬਦ ਸੁਣਾਏ ਆਪ । ਸੰਤ ਜਨ ਆਪੇ ਆਪ ਵਿਚ ਸਮਾਏ ਆਪ । ਸੰਤ ਜਨ ਮਾਈ ਬਾਪ ਅਖਵਾਏ ਆਪ । ਸੰਤ ਜਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਆਪ । ਸੰਤ ਜਨਾਂ ਸਾਚੀ ਸਾਰਾ । ਸੰਤ ਜਨਾਂ ਦੇਵੇ ਸ਼ਬਦ ਹੁਲਾਰਾ । ਸੰਤ ਜਨਾਂ ਖੋਲ੍ਹੇ ਆਪੇ ਆਪ ਦਸਮ ਦਵਾਰਾ । ਸੰਤ ਜਨਾਂ ਆਪੇ ਆਪ ਉਤਾਰੇ ਪਾਪ ਪਹਾੜਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਸਦ ਰੱਖੇ ਪਿਆਰਾ । ਸੰਤ ਜਨਾਂ ਸਾਚਾ ਪਿਆਰ । ਸੰਤ ਜਨਾਂ ਪ੍ਰਭ ਦੇਵੇ ਤਾਰ । ਸੰਤ ਜਨਾਂ ਏਕਾ ਏਕ ਦਰ ਏਕਾ ਘਰ ਬਾਹਰ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਸਰਕਾਰ । ਜਨ ਸੰਤ ਦੂਤ ਪਠਈਆ । ਜਨ ਸੰਤ ਸਾਚਾ ਨਾਮ ਰਸਨਾ ਸੂਤ ਕਤਈਆ । ਸੰਤ ਜਨ ਜਨ ਸੰਤ ਏਕਾ ਰੂਪ ਆਪ ਰਖਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਆਪ ਚੜ੍ਹਾਏ ਸਾਚੀ ਨਈਆ । ਸੰਤ ਜਨਾਂ ਸਾਚਾ ਨਾਉਂ । ਆਪ ਬਹਾਏ ਸਾਚੇ ਥਾਉਂ । ਆਪ ਦਿਸਾਏ ਪ੍ਰਭ ਸਾਚਾ ਰੂਪ ਅਗੰਮ ਅਥਾਹੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰ ਵਾਸੀ ਬੈਕੁੰਠ ਨਿਵਾਸੀ ਸਦ ਸਦ ਸਦ ਰਸਨਾ ਗਾਓ । ਸੰਤ ਜਨਾਂ ਪ੍ਰਭ ਸਾਰੰਗ ਧਰ । ਸੰਤ ਜਨਾਂ ਪ੍ਰਭ ਆਇਆ ਘਰ ਅਵਤਾਰ ਨਰ । ਸੰਤ ਜਨਾਂ ਪ੍ਰਭ ਅਬਿਨਾਸ਼ੀ ਦਰਸ ਕਰ ਕਲਜੁਗ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਰਤਾਏ ਸਚ ਭੰਡਾਰ ਲਗਾਏ ਆਪੇ ਆਪ ਦਵਾਏ ਸਚ ਦਾਤਾਰ । ਦਇਆ ਕਮਾਏ ਸ੍ਰਿਸ਼ਟ ਸਬਾਈ ਆਏ ਦਵਾਰ । ਏਕਾ ਸਾਚਾ ਨਾਉਂ ਭਿਛਿਆ ਪਾਏ । ਆਪ ਖੁਲ੍ਹਾਇਆ ਸਾਚਾ ਦਰ, ਰੁੱਖੇ ਸੁੱਕੇ ਰੁੱਖੜੇ ਪ੍ਰਭ ਹਰੇ ਕਰਾਏ । ਬਾਲ ਅੰਵਾਣੇ ਭੁੱਖੜੇ, ਪ੍ਰਭ ਤ੍ਰਿਪਤ ਕਰਾਏ । ਸੁੱਕੇ ਹੋਏ ਮੁਖੜੇ, ਪ੍ਰਭ ਅੰਮ੍ਰਿਤ ਮੁਖ ਚੁਆਏ । ਆਪ ਉਤਾਰੇ ਦੁਖੜੇ, ਜੋ ਜਨ ਸਰਨਾਈ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਆਤਮ ਉਪਜਾਏ ਸੁੱਖੜੇ ਆਪੇ ਹੋਏ ਸਹਾਏ । ਰੋਗ ਗਿਆ ਸੋਗ ਗਿਆ । ਸੋਹੰ ਸਾਚਾ ਜੋਗ ਪ੍ਰਭ ਦਰ ਲਿਆ । ਅੰਮ੍ਰਿਤ ਰਸ ਸਾਚਾ ਭੋਗ ਪ੍ਰਭ ਦਰ ਦੇਵੇ ਕਰਤਾ ਕਾਦਰ ਕਿਰਪਾ ਭਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕੀਨੀ ਦਇਆ । ਰੁਖ ਦੂਖ ਭੂਖ ਨਿਵਾਰ । ਏਕਾ ਦੇਵੇ ਜੀਵ ਪ੍ਰਭ ਸਾਚਾ ਮੋਖ ਦਵਾਰ । ਆਪ ਵਸਾਏ ਸਾਚੇ ਘਰ ਬਾਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਦੇਵੇ ਤਾਰ । ਕਿਰਪਾ ਕਰ ਅਵਤਾਰ ਨਰ । ਆਤਮ ਹਰਿਆ ਕਰ । ਆਪ ਚੁਕਾਇਆ ਸਰਬ ਡਰ । ਭਰਮ ਗਵਾਇਆ ਆਇਆ ਸਾਚੇ ਘਰ । ਕਰਮ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ । ਕਿਰਪਾ ਧਾਰੀ ਪੈਜ ਸਵਾਰੀ । ਆਏ ਦਵਾਰੀ ਚਰਨ ਨਿਮਸਕਾਰੀ । ਸਦ ਸਦ ਬਲ ਬਲ ਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੁੱਖਾਂ ਆਪੇ ਕਰੇ ਕਾਰੀ । ਆਪੇ ਕਾਰਾ ਆਪੇ ਵਿਹਾਰਾ । ਆਪੇ ਤਾਰੇ ਤਾਰਨਹਾਰਾ । ਆਪੇ ਦੇਵੇ ਨਾਮ ਅਧਾਰਾ । ਗੁਰਮੁਖ ਸਾਚਾ ਰਸਨਾ ਸੇਵੇ, ਪ੍ਰਭ ਦੇਵੇ ਦਰਸ ਅਪਾਰਾ । ਪ੍ਰਭ ਸਾਚੇ ਦਰ ਸਾਚੇ ਮੇਵੇ, ਸੋਹੰ ਭਰੇ ਭੰਡਾਰਾ । ਗੁਰਮੁਖ ਵਿਰਲਾ ਕੋਈ ਲੇਵੇ, ਪ੍ਰਭ ਬਣੇ ਆਪ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਇਕ ਦਾਤਾਰਾ । ਇਕ ਦਾਤਾਰ ਇਕ ਦਾਤਾ । ਇਕ ਭਤਾਰ ਇਕ ਭਰਾਤਾ । ਏਕ ਪਿਤ ਏਕ ਮਾਤਾ । ਏਕ ਚਿਤ ਏਕਾ ਨਾਤਾ । ਏਕ ਹਿਤ ਏਕਾ ਸਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਪੁਰਖ ਬਿਧਾਤਾ । ਪੁਰਖ ਬਿਧਾਤਾ ਏਕ । ਸਰਬ ਗਿਆਤਾ ਏਕ । ਭਗਤ ਜਨਾਂ ਆਪ ਪਛਾਤਾ ਏਕ । ਪ੍ਰਭ ਸਾਚਾ ਦੇਵੇ ਦਾਤਾ, ਸੋਹੰ ਸ਼ਬਦ ਏਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਵਿਰਲੇ ਗੁਰਮੁਖ ਪਛਾਤਾ, ਜਿਸ ਰਖਾਏ ਚਰਨ ਟੇਕ । ਚਰਨ ਟੇਕ ਆਪ ਰਖਾਏ । ਏਕਾ ਏਕ ਆਪ ਦਿਸਾਏ । ਵੇਖਾ ਵੇਖ ਜਗਤ ਭੁਲਾਏ । ਲੇਖਾ ਲੇਖ ਲਿਖ ਲਿਖ ਆਪ ਚੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਵੇਖ ਆਪਣੀ ਸਰਨ ਲਗਾਏ । ਗੁਰਮੁਖ ਸਾਚੇ ਆਪੇ ਵੇਖੇ । ਆਪ ਲਗਾਏ ਆਪਣੇ ਲੇਖੇ । ਸਾਚੀ ਲਿਖਾਏ ਆਪੇ ਰੇਖੇ । ਸੋਹੰ ਲਗਾਏ ਆਤਮ ਮੇਖੇ । ਖੋਲ੍ਹੇ ਲੋਇਣ ਗੁਰਮੁਖ ਸਾਚਾ ਪ੍ਰਭ ਅਬਿਨਾਸ਼ੀ ਪੇਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਰਲਾ ਗੁਰਮੁਖ ਦਰ ਤੇਰਾ ਪੇਖੇ । ਗੁਰਮੁਖ ਸੋ ਜਿਸ ਦਇਆ ਕਮਾਏ । ਗੁਰਮੁਖ ਸੋ ਜਿਸ ਚਰਨ ਲਗਾਏ । ਗੁਰਸਿਖ ਸੋ ਜਿਸ ਭਰਮ ਚੁਕਾਏ । ਗੁਰਮੁਖ ਸੋ ਜਿਸ ਕਰਮ ਕਮਾਏ । ਗੁਰਮੁਖ ਸੋ ਜਿਸ ਹਰਨ ਫਰਨ ਖੁਲ੍ਹਾਏ । ਗੁਰਸਿਖ ਸੋ ਜਿਸ ਤਾਰਨ ਤਰਨ ਦਰਸ ਦਿਖਾਏ । ਗੁਰਮੁਖ ਸੋ ਜਿਸ ਮਰਨ ਡਰਨ ਭਉ ਚੁਕਾਏ । ਗੁਰਸਿਖ ਸੋ ਏਕਾ ਸਰਨ ਨਿਹਕਲੰਕ ਰਖਾਏ । ਗੁਰਸਿਖ ਸੋ ਜਿਸ ਆਤਮ ਦਵਾਰ ਬੰਕ ਸੁਹਾਏ । ਗੁਰਸਿਖ ਸੋ ਜਿਸ ਆਤਮ ਸੋਹੰ ਡੰਕ ਆਪ ਵਜਾਏ । ਗੁਰਮੁਖ ਸੋ ਜਿਸ ਜੋਤ ਸਰੂਪ ਆਤਮ ਤਨਕ ਲਗਾਏ । ਗੁਰਸਿਖ ਸੋ ਜਿਸ ਆਤਮ ਮਣਕ ਆਪ ਫਿਰਾਏ । ਗੁਰਮੁਖ ਸੋ ਏਕਾ ਜੋਤ ਕਿਣਕ ਟਿਕਾਏ । ਗੁਰਸਿਖ ਸੋ ਚਰਨ ਲਾਗ ਇਕ ਜਾਏ ਹੋ ਜਿਉਂ ਰਾਜਾ ਜਨਕ ਤਰਾਏ । ਗੁਰਮੁਖ ਸੋ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਤਨ ਮਨ ਸਾਚਾ ਧਨ ਸੋਹੰ ਆਤਮ ਦੇ ਟਿਕਾਏ । ਸਾਚਾ ਪ੍ਰਭ ਸਚ ਦਰਬਾਰਾ । ਸਾਚਾ ਪ੍ਰਭ ਸਚ ਵਰਤਾਰਾ । ਸਾਚਾ ਪ੍ਰਭ ਸਚ ਵਿਹਾਰਾ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਭਰੇ ਭੰਡਾਰਾ । ਸਾਚਾ ਪ੍ਰਭ ਵਡ ਭੰਡਾਰੀ । ਸਾਚਾ ਪ੍ਰਭ ਵਡ ਸੰਸਾਰੀ । ਸਾਚਾ ਪ੍ਰਭ ਜੀਵ ਜੰਤ ਅਧਾਰੀ । ਸਾਚਾ ਪ੍ਰਭ ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਅੰਮ੍ਰਿਤ ਮੇਘ ਵਰਸਾਏ, ਮੁਖ ਚੁਵਾਏ ਆਤਮ ਕਰੇ ਕਾਰੀ । ਗੁਰ ਪੂਰਾ ਅੰਮ੍ਰਿਤ ਬਰਸਦਾ । ਗੁਰਮੁਖ ਸਾਚਾ ਬੂੰਦ ਸਵਾਂਤੀ ਆਤਮ ਤਰਸਦਾ । ਆਪੇ ਆਪ ਮੁਖ ਚੁਆਏ ਸ਼ਾਂਤ ਕਰਾਏ ਅੰਮ੍ਰਿਤ ਮੇਘ ਪ੍ਰਭ ਸਾਚਾ ਬਰਸਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ ਜੋ ਜਨ ਚਰਨ ਪਰਸਦਾ । ਗੁਰ ਦਰਸ ਆਤਮ ਤ੍ਰਿਪਤਾਵੇ । ਗੁਰ ਦਰਸ ਆਤਮ ਸੁਖ ਉਪਜਾਵੇ । ਗੁਰ ਦਰਸ ਕਵਲ ਮੁਖ ਖੁਲ੍ਹਾਵੇ । ਗੁਰ ਦਰਸ ਗੁਰ ਦਰ ਗੁਰ ਕਿਰਪਾ ਕਰ ਅੰਮ੍ਰਿਤ ਬੂੰਦ ਮੁਖ ਚੁਆਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਚਾੜ੍ਹੇ ਰੰਗਤ ਦਰ ਆਏ ਮੰਗਤ ਆਤਮ ਤ੍ਰਿਖਾ ਬੁਝਾਵੇ । ਆਤਮ ਤ੍ਰਿਖਾ ਹੋਏ ਦੂਰ । ਅੰਮ੍ਰਿਤ ਆਤਮ ਜੀਵ ਕਰੇ ਭਰਪੂਰ । ਦਿਵਸ ਰੈਣ ਰੈਣ ਦਿਵਸ ਏਕਾ ਰਹੇ ਸਰੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਵੇ ਜੋਤ ਜਗਾਵੇ ਏਕਾ ਦੇਵੇ ਸਾਚਾ ਨੂਰ । ਅੰਮ੍ਰਿਤ ਪੀਆ ਨਿਰਮਲ ਜੀਆ । ਆਏ ਦਰ ਕੀਆ ਹੀਆ । ਪ੍ਰਭ ਰਖਾਏ ਸਾਚੀ ਨੀਆ । ਆਪੇ ਆਪ ਵਰਸਾਏ ਅੰਮ੍ਰਿਤ ਮੀਆਂ । ਗੁਰਮੁਖ ਸਾਚੇ ਆਤਮ ਜੋਤ ਜਗਾਇਆ ਦੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੂਰਬ ਲਹਿਣਾ ਗੁਰਸਿਖ ਦੀਆ । ਆਤਮ ਦੀਪਕ ਦੇਵੇ ਬਾਲ । ਆਪਣਾ ਆਪ ਆਪ ਸੰਭਾਲ । ਆਪ ਦਿਸਾਵੇ ਆਤਮ ਲਾਲ । ਗੁਰਮੁਖ ਸਾਚੇ ਵਿਚੋਂ ਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸਦਾ ਸਦਾ ਵਿਚ ਰਿਹਾ ਸਮਾਲ । ਆਪੇ ਆਪ ਸਮਾਏ ਵਿਚ । ਆਪੇ ਆਪ ਲਗਾਏ ਖਿਚ । ਆਪੇ ਆਪ ਆਤਮ ਦੇਵੇ ਸਿੰਚ । ਆਪੇ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਬੀਜ ਗੁਰਸਿਖ ਸਾਚੇ ਬਿਜਾਏ ਆਤਮ ਵਿਚ । ਸੋਹੰ ਬੀਜ ਆਤਮ ਬੀਜਾ । ਅੰਮ੍ਰਿਤ ਦੇ ਦੇ ਆਪੇ ਸੀਜਾ । ਗੁਰਮੁਖ ਸਾਚੇ ਮਨ ਤਨ ਭੀਜਾ । ਪੂਰ ਕਰਾਏ ਪ੍ਰਭ ਤੇਰੀਆਂ ਰੀਝਾਂ । ਜੋਤ ਪਰਗਟਾਏ ਦਰ ਦਵਾਰ ਤੇਰੇ ਨਿੱਤ, ਖੜਾ ਰਹੇ ਤੇਰੇ ਆਤਮ ਦਰ ਦਲੀਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਗੁਰਸਿਖ ਸਮਾਏ, ਅੰਮ੍ਰਿਤ ਬੂੰਦ ਮੁਖ ਚੁਵਾਏ, ਆਪ ਆਪਣੇ ਰੰਗ ਸਮਾਏ, ਇਕ ਕਰਾਏ ਏਕਾ ਦੂਆ ਤੀਜਾ । ਏਕਾ ਦੂਆ ਤੀਆ ਏਕ ਕਰ । ਫੇਰ ਦਿਖਾਏ ਚੌਥਾ ਘਰ । ਆਪ ਖੁਲ੍ਹਾਏ ਆਤਮ ਦਰ । ਜਿਥੇ ਬੈਠਾ ਆਪੇ ਵੜ । ਅੰਧ ਅੰਧੇਰ ਮੁਕਾਏ ਡਰ । ਏਕਾ ਜੋਤ ਜਗਾਏ ਹਰਿ । ਏਕਾ ਜੋਤ ਏਕਾ ਗੋਤ ਗੁਰਮੁਖ ਗੁਰਸਿਖ ਇਕ ਜਾਏ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਅਵਤਾਰ ਨਰ । ਗੁਰ ਮਹਿੰਮਾ ਅਪਰ ਅਪਾਰੀ । ਜੀਵ ਜੰਤ ਨਾ ਕਿਸੇ ਵਿਚਾਰੀ । ਪਾਰਬ੍ਰਹਮ ਖੇਲ ਨਿਆਰੀ । ਕਲਜੁਗ ਹੋਇਆ ਭੇਖਾ ਧਾਰੀ । ਛੱਡੀ ਦੇਹ ਆਪ ਗਿਰਧਾਰੀ । ਜੋਤ ਸਰੂਪ ਪਵਣ ਸਵਾਰੀ । ਏਕਾ ਏਕੰਕਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਪਵਣ ਅਸਵਾਰਾ, ਸ਼ਬਦ ਅਧਾਰਾ, ਜੋਤ ਅਕਾਰਾ, ਆਪ ਨਿਰੰਕਾਰਾ, ਸ੍ਰਿਸ਼ਟ ਪਸਾਰਾ, ਰੂਪ ਅਪਾਰਾ, ਭੂਪ ਸਿਕਦਾਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੋ ਸਾਚ ਲਿਖਾਏ ਦਿਸਾਏ ਸਚ ਦਵਾਰਾ । ਗੁਰ ਸੰਗਤ ਪੂਰਨ ਆਸ ਕਰ । ਸਾਧ ਸੰਗਤ ਸਚ ਧਰਵਾਸ ਧਰ । ਗੁਰ ਸੰਗਤ ਦੁਖੜੇ ਨਾਸ ਕਰ । ਸਾਧ ਸੰਗਤ ਆਤਮ ਰਾਸ ਕਰ । ਸਾਧ ਸੰਗਤ ਜਾਪ ਰਸਨ ਸਵਾਸ ਸਵਾਸ ਕਰ । ਗੁਰ ਸੰਗਤ ਆਪਣਾ ਦਾਸ ਕਰ । ਸਾਧ ਸੰਗਤ ਜੋਤ ਪਰਕਾਸ਼ ਕਰ । ਗੁਰ ਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਪਾਸ ਕਰ । ਗੁਰ ਸੰਗਤ ਸੁਣੇ ਪੁਕਾਰ । ਜਨ ਮੰਗਤ ਖੜੇ ਦਵਾਰ । ਲਾਏ ਅੰਗਤ ਭਰੇ ਭੰਡਾਰ । ਆਪ ਤਰਾਏ ਸਾਚੀ ਸੰਗਤ ਨਿਹਕਲੰਕ

ਅਵਤਾਰ । ਸੋਹੰ ਚੜ੍ਹਾਏ ਸਾਚੀ ਰੰਗਤ, ਆਤਮ ਦੇਵੇ ਸ਼ਬਦ ਅਧਾਰ । ਮਾਨਸ ਜਨਮ ਨਾ ਹੋਏ ਭੰਗਤ, ਗੁਰ ਸੰਗਤ ਆਈ ਚਰਨ ਦਵਾਰ । ਆਤਮ ਮਿਟਾਏ ਰੋਗ ਹੰਗਤ, ਸੋਹੰ ਸ਼ਬਦ ਕਰਾਏ ਜੈ ਜੈਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਜਾਏ ਤਾਰ । ਗੁਰ ਸੰਗਤ ਦੇਵੇ ਪੂਰਨ ਫਲ । ਪ੍ਰਭ ਅਬਿਨਾਸ਼ੀ ਆਏ ਚਲ । ਜੋਤ ਪਰਗਟਾਏ ਨਾ ਲਾਏ ਘੜੀ ਪਲ । ਜੋ ਜਨ ਪ੍ਰਭ ਦਰਸ ਤਿਸਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰ ਤੇਰਾ ਬੈਠੇ ਮਲ । ਆਤਮ ਆਸ ਪੂਰ ਕਰ । ਸਾਚਾ ਗੁਰਮੁਖ ਸਾਚੇ ਦਰ ਤੇਰਾ ਬੈਠਾ ਮਲ । ਸਾਚਾ ਵਾਸ ਜੋਤ ਸਰੂਪ ਧਰ । ਵਿਚ ਪਰਭਾਸ ਚੰਦਨ ਸਰੂਰ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਅਵਤਾਰ ਨਰ ਕਰ । ਕਿਰਪਾ ਕਰੇ ਨਰ ਅਵਤਾਰ । ਗੁਰਮੁਖਾਂ ਪਾਵੇ ਆਪੇ ਸਾਰ । ਆਪੇ ਦੇਵੇ ਨਾਮ ਅਧਾਰ । ਦੀਪਕ ਜੋਤ ਕਰੇ ਉਜਿਆਰ । ਸਾਚਾ ਖੇਲ ਸਚ ਪਸਾਰ । ਸਾਚਾ ਮੇਲ ਨਿਹਕਲੰਕ ਨਰਾਇਣ ਨਰ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜਨ ਭਗਤ ਉਧਾਰ । ਜਨ ਭਗਤ ਉਧਾਰ ਕਰ । ਆਪੇ ਜਾਏ ਸਾਚੇ ਘਰ । ਜੋਤ ਸਰੂਪ ਅਵਤਾਰ ਨਰ । ਦੁਖ ਦਰਦ ਦੂਰ ਕਰ । ਗੁਰ ਸੰਗਤ ਆਤਮ ਭਰਪੂਰ ਕਰ । ਜੋਤੀ ਜੋਤ ਨੂਰੋ ਨੂਰ ਕਰ । ਆਤਮ ਸ਼ਬਦ ਸਰੂਰ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਮਿਲਾਏ ਬੇਮੁਖ ਦਰ ਤੋਂ ਦੂਰ ਕਰ ।



### * ੨੪ ਸਾਵਣ ੨੦੦੯ ਬਿਕ੍ਰਮੀ ਰਣਜੀਤ ਕੌਰ ਦੇ ਗ੍ਰਹਿ ਪਿੰਡ ਜੇਠੂਵਾਲ *

੨੩੧

੦੨

ਵਕਤ ਚੁਕਾਏ ਚਾਰ ਯਾਰਾ । ਆਪੇ ਆਪ ਕਰੇ ਖੁਆਰਾ । ਸੋਹੰ ਧਰੇ ਆਪ ਸਿਰ ਆਰਾ । ਉਮਤ ਨਬੀ ਰਸੂਲ ਦੀ, ਪ੍ਰਭ ਕਰੇ ਦੋ ਫਾੜਾ । ਵੇਲਾ ਅੰਤਮ ਅੰਤ ਕਲ ਆ ਗਿਆ, ਬੇਮੁਖਾਂ ਕਲ ਆਈ ਹਾਰਾ । ਨਿਹਕਲੰਕ ਕਲਜੁਗ ਜੋਤ ਪਰਗਟਾ ਲਿਆ, ਏਕ ਦਿਸਾਵੇ ਸਾਚਾ ਸਚ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਨਾਉਂ ਧਰਾ ਲਿਆ, ਸੋਹੰ ਸ਼ਬਦ ਚਾਰ ਕੁੰਟ ਕਰਾਏ ਜੈ ਜੈ ਜੈਕਾਰਾ । ਚਾਰ ਕੁੰਟ ਜੈ ਜੈ ਜੈਕਾਰ । ਝੂਠੀ ਸ੍ਰਿਸ਼ਟ ਆਰ ਨਾ ਪਾਰ । ਅੰਤਮ ਅੰਤ ਕਲ ਬੇਮੁਖਾਂ ਡੋਬੇ ਪ੍ਰਭ ਸਾਚਾ ਅਧ ਵਿਚਕਾਰ । ਸੋਹੰ ਸ਼ਬਦ ਮਾਰੇ ਮਾਰ । ਖੰਡਾ ਆਪ ਉਠਾਏ ਦੋ ਧਾਰ । ਕਲਜੁਗ ਜੀਵ ਖਪਾਏ ਮੁਗਧ ਗੁਵਾਰ । ਗੁਰਮੁਖ ਸਾਚੇ ਆਣ ਤਰਾਏ, ਜਿਨ ਬਖ਼ਸ਼ੇ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ, ਚਾਰ ਕੁੰਟ ਮਿਟਾਏ ਅੰਧ ਅੰਧਿਆਰ । ਅੰਧ ਅੰਧੇਰ ਆਪ ਮਿਟਾਏ । ਜੋਤ ਅਧਾਰ ਜਗਤ ਰਖਾਏ । ਇਕ ਅਕਾਰ ਜੋਤ ਕਰਾਏ । ਵਿਚ ਸੰਸਾਰ ਸਾਚਾ ਨਾਉਂ ਧਰਾਏ । ਬੇਮੁਖਾਂ ਛੁਡਾਏ ਘਰ ਬਾਹਰ, ਦਰ ਦਰ ਫਿਰਨ ਕਰਨ ਹਾਏ ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਆਪਣੀ ਜੋਤ ਪਰਗਟਾਏ । ਚਾਰ ਯਾਰ ਮੁਹੰਮਦ ਸੰਗ । ਅੰਤਕਾਲ ਪ੍ਰਭ ਸਾਚੇ ਕੀਨੇ ਨੰਗ । ਸਦੀ ਚੌਧਵੀਂ ਹੋਈ ਭੰਗ । ਅਹਿਮਦ ਮੁਹੰਮਦ ਦਰ ਸਾਚੇ ਮੰਗੀ ਮੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਆਪ ਖਪਾਏ ਰਸਨਾ ਲਾਇਣ ਜੋ ਗੰਦ । ਚਾਰ ਯਾਰ ਵਡ ਸਿਕਦਾਰ । ਕਲਜੁਗ ਕੂੜ ਕੂੜ ਸਿਕਦਾਰ । ਕਲਜੁਗ ਕੂੜ ਕੂੜ ਕੂੜ ਦਰਬਾਰ । ਕੂੜ ਮੁਹੰਮਦ ਹੋਇਆ, ਕੂੜ ਮੁਹੰਮਦ ਬੋਇਆ, ਪ੍ਰਭ ਸਾਚਾ ਮਾਰੇ ਸ਼ਬਦ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ

ਅੰਤ ਕਲ ਬੇਮੁਖਾਂ ਜਾਏ ਸੰਘਾਰ । ਆਪ ਸੰਘਾਰੇ ਦੁਸ਼ਟ ਦੁਰਾਚਾਰੇ । ਮਾਤ ਜੋਤ ਧਰੇ ਗਿਰਧਾਰੇ । ਜ਼ਾਤ ਪਾਤ ਪ੍ਰਭ ਸਰਬ ਨਿਵਾਰੇ । ਏਕਾ ਨਾਤ ਗੁਰ ਚਰਨ ਦਵਾਰੇ । ਏਕਾ ਦਾਤ ਸੋਹੰ ਚਾਰ ਵਰਨ ਪ੍ਰਭ ਵਰਤਾਰੇ । ਭੇਵ ਮਿਟਾਏ ਦੋਆ ਦੋਅੰ, ਏਕਾ ਰੰਗ ਰੰਗੇ ਕਰਤਾਰੇ । ਸ਼ਬਦ ਚਲਾਏ ਏਕਾ ਸੋਹੰ, ਆਪ ਕਰਾਏ ਜੈ ਜੈ ਜੈਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਰੇ । ਕਲਜੁਗ ਆਇਆ ਕਲ ਧਾਰ । ਕਲ ਕਲ ਵਰਤੇ, ਕਲ ਕਲ ਧਰਤੇ ਕਲ ਕਲ ਸਰਤੇ, ਅੰਤਕਾਲ ਕਲ ਕਲ ਆਪੇ ਢਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਆਂ ਭਰਮ ਭੁਲਾਇਆ, ਝੂਠੀ ਪਾਏ ਮਾਇਆ । ਮਾਇਆਧਾਰੀ ਕਰੇ ਖਵਾਰੀ । ਮਾਇਆਧਾਰੀ ਆਤਮ ਹੰਕਾਰੀ । ਮਾਇਆਧਾਰੀ ਵਿਸ਼ੇ ਵਿਕਾਰੀ । ਮਾਇਆਧਾਰੀ ਆਤਮ ਅੰਧ ਅੰਧਿਆਰੀ । ਮਾਇਆਧਾਰੀ ਦੁਸ਼ਟ ਦੁਰਾਚਾਰੀ । ਮਾਇਆਧਾਰੀ ਨਿਤ ਭੋਗੇ ਵੇਸਵਾ ਨਾਰੀ । ਮਾਇਆਧਾਰੀ ਪ੍ਰਭ ਸਾਚਾ ਦਰ ਦੁਰਕਾਰੀ । ਮਾਇਆਧਾਰੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਦਰ ਦਰ ਭਿਖਾਰੀ । ਮਾਇਆ ਮਾਣ ਛੱਡਿਆ ਭਗਵਾਨ । ਆਤਮ ਅਭਿਮਾਨ ਭੁੱਲਿਆ ਗੁਣ ਨਿਧਾਨ । ਅੰਤਕਾਲ ਕਲ ਆਈ ਹਾਨ । ਪ੍ਰਭ ਅਬਿਨਾਸ਼ੀ ਜਾਣੀ ਜਾਣ । ਆਤਮ ਹੰਕਾਰੀਆਂ ਮਾਇਆ ਧਾਰੀਆਂ ਪ੍ਰਭ ਆਪੇ ਕਰੇ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਆਪ ਖਪਾਏ ਵਡ ਬਲੀ ਬਲਵਾਨ । ਮਾਇਆਧਾਰੀ ਮਾਇਆ ਮੋਹ । ਮਾਇਆਧਾਰੀ ਆਤਮ ਧਰੋ । ਮਾਇਆਧਾਰੀ ਨਿਮਾਣਿਆਂ ਨਿਤਾਣਿਆਂ ਕਲ ਰਿਹਾ ਕੋਹ । ਮਾਇਆਧਾਰੀ ਬਿਰਧਾਂ ਬਾਲ ਅੰਞਾਣਿਆਂ ਪੀਵੇ ਆਤਮ ਧੋਹ । ਮਾਇਆਧਾਰੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ, ਲੱਖੋ ਕੱਖ ਬਣਾਏ, ਦਰ ਦਰ ਫਿਰਾਏ ਨਾ ਕੋਈ ਦੇਵੇ ਥਾਉਂ । ਮਾਇਆਧਾਰੀ ਵਡ ਜ਼ੰਜਾਲਾ । ਮਾਇਆਧਾਰੀ ਆਤਮ ਕੰਗਾਲਾ । ਮਾਇਆਧਾਰੀ ਦੁਖ ਉਪਜਾਏ ਸੁਖ ਗਵਾਏ ਗਰੀਬ ਨਿਮਾਣਿਆਂ ਬਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਜੋਤ ਪਰਗਟਾਏ, ਆਪਣੀ ਸਾਰ ਸਮਾਲਾ । ਮਾਇਆਧਾਰੀ ਝੂਠਾ ਭੇਖ । ਮਾਇਆਧਾਰੀ ਮਾਇਆ ਮੋਹ ਝੂਠਾ ਵੇਖ । ਮਾਇਆਧਾਰੀ ਕਰੇ ਖੁਆਰੀ ਆਪ ਮਿਟਾਏ ਝੂਠੀ ਰੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਪਰਗਟ ਜੋਤ ਆਪ ਪਛਾੜੇ ਵੇਖ ਵੇਖ । ਮਾਇਆਧਾਰੀ ਆਤਮ ਅੰਧ । ਮਾਇਆਧਾਰੀ ਦਰ ਦਰਵਾਜੇ ਹੋਇਣ ਬੰਦ । ਮਾਇਆਧਾਰੀ ਆਪ ਕਟਾਏ ਬੰਦ ਬੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਠਾਏ ਸੋਹੰ ਸਾਚਾ ਸੰਦ । ਸੋਹੰ ਆਪ ਉਠਾਇਆ । ਪ੍ਰਭ ਸਾਚੇ ਖੇਲ ਰਚਾਇਆ । ਕਲਜੁਗ ਭੇਖ ਮਿਟਾਇਆ । ਨਿਮਾਣਿਆਂ ਨਿਤਾਣਿਆਂ ਪ੍ਰਭ ਸਾਚੇ ਗਲੇ ਲਗਾਇਆ । ਵਡ ਵਡ ਸੇਠ ਸਿਠਾਣਿਆਂ, ਪ੍ਰਭ ਵਿਚ ਖਾਕ ਰਲਾਇਆ । ਨਾ ਕੋਈ ਦੀਸੇ ਬਾਣੀਆਂ, ਲਹਿਣਾ ਦੇਣਾ ਸਰਬ ਚੁਕਾਇਆ । ਨਾ ਕੋਈ ਮੰਗੇ ਕਿਸੇ ਤੋਂ ਪਾਣੀਆਂ, ਦੇਵਣਹਾਰ ਆਪ ਅਖਵਾਇਆ । ਸੋਹੰ ਸ਼ਬਦ ਚਲਾਏ ਸਾਚੀ ਬਾਣੀਆਂ, ਸਤਿਜੁਗ ਸਾਚਾ ਮਾਰਗ ਲਾਇਆ । ਰਾਜੇ ਛੱਡਨ ਰਾਣੀਆਂ, ਸੋਹੰ ਤੀਰ ਪ੍ਰਭ ਆਪ ਚਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਜੋਧਾ ਸੂਰਬੀਰ ਆਪ ਅਖਵਾਇਆ । ਸਤਿਜੁਗ ਸਾਚਾ ਮਾਰਗ ਲਾਈ । ਆਪ ਆਪਣੀ ਬਣਤ ਬਣਾਈ । ਸਾਧ ਸੰਤ ਪ੍ਰਭ ਸਤਿ ਉਪਜਾਈ । ਆਪੇ ਆਪ ਸਾਚਾ ਕੰਤ ਅਖਵਾਈ । ਸਤਿਜੁਗ ਸਾਚੀ ਬਣਤ ਬਣਾਈ । ਚਾਰ ਵਰਨ ਅੰਤ ਕਰਾਈ । ਇਕ ਬਰਨ ਜਗਤ ਟਿਕਾਈ । ਝੀਵਰ ਛੀਬਾ ਨਾਈ ਪ੍ਰਭ ਇਕ ਕਰਾਈ । ਊਚ ਨੀਚ ਜ਼ਾਤ ਪਾਤ ਕੋਇ ਰਹਿਣ ਨਾ ਪਾਈ । ਏਕਾ ਬ੍ਰਹਮ ਜੋਤ ਸਰੂਪ, ਏਕਾ

ਬ੍ਰਹਮ ਜੀਵ ਰਖਾਈ । ਏਕਾ ਧਰਮ ਏਕਾ ਕਰਮ ਪ੍ਰਭ ਸਾਚਾ ਆਪ ਚਲਾਈ । ਗੁਰਮੁਖਾਂ ਦੇਵੇ ਸਾਚਾ ਜਨਮ, ਬੇਮੁਖਾਂ ਦੇ ਖਪਾਈ । ਆਪ ਦਿਖਾਏ ਆਪ ਰਖਾਏ ਆਪਣੀ ਸਰਨ, ਸਿਰ ਆਪਣਾ ਹੱਥ ਟਿਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਾਚੀ ਬਣਤ ਬਣਾਈ । ਸਤਿਜੁਗ ਸਾਚਾ ਜਗਤ ਧਰ । ਆਪੇ ਦੇਵੇ ਸਾਚਾ ਵਰ । ਆਪ ਖੁਲ੍ਹਾਵੇ ਸਾਚਾ ਦਰ । ਸੋਹੰ ਵਸਤ ਪਾਵੇ ਅਵਤਾਰ ਨਰ । ਗੁਰਮੁਖ ਸਾਚਾ ਆਵੇ ਜਾਵੇ ਪ੍ਰਭ ਦਏ ਭੰਡਾਰੇ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧੂੜ ਨਹਾਵੇ ਮਾਨਸ ਜਨਮ ਸੁਫਲ ਦਏ ਕਰ । ਸਤਿਜੁਗ ਸਾਚਾ ਮਾਤ ਧਰਾਇਆ । ਆਪ ਆਪਣਾ ਕਰਮ ਕਮਾਇਆ । ਸਚ ਧਰਮ ਦੀ ਨੀਂਹ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਮਾਰਗ ਲਾਇਆ । ਆਪਣਾ ਮਾਰਗ ਆਪੇ ਲਾਏ । ਸੋਹੰ ਸਾਚਾ ਨਾਮ ਚਲਾਏ । ਅੰਮ੍ਰਿਤ ਆਤਮ ਸਾਚਾ ਜਾਮ ਪਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਸਤਿਜੁਗ ਦੇਵੇ ਸਾਚੀ ਧੀਰ । ਸੋਹੰ ਮੁਖ ਰਖਾਏ ਅੰਮ੍ਰਿਤ ਸਾਚਾ ਸੀਰ । ਅੰਮ੍ਰਿਤ ਮੇਘ ਆਪ ਬਰਸਾਏ ਬਜਰ ਕਪਾਟੀ ਦੇਵੇ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਆਪ ਕਟਾਵੇ ਤੇਰੀ ਆਤਮ ਭੀੜ । ਸਤਿਜੁਗ ਸਾਚਾ ਜਗਤ ਰੱਖ । ਗੁਰਮੁਖ ਸਾਚੇ ਕੀਨੇ ਵੱਖ । ਸ੍ਰਿਸ਼ਟ ਸਬਾਈ ਹੋਈ ਭੱਖ । ਗੁਰਮੁਖ ਸਾਚੇ ਪ੍ਰਭ ਸਾਚੇ ਲਏ ਰੱਖ । ਆਪੇ ਬਣੇ ਸਾਚਾ ਸੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਅਲੱਖਣਾ ਅਲੱਖ । ਬੇਮੁਖ ਜੀਵ ਹੋਏ ਭੱਖ । ਆਪ ਕਰਾਏ ਲੱਖੋਂ ਕੱਖ । ਘਰ ਘਰ ਦਿਸਣ ਲਾਉਂਦੇ ਭੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਦਰ ਤੋਂ ਸੱਖ । ਕਲਜੁਗ ਜੀਵ ਜਾਗ ਪ੍ਰਭ ਆਪ ਜਗਾਏ । ਕਲਜੁਗ ਜੀਵ ਜਾਗ ਪ੍ਰਭ ਚਰਨ ਲਗਾਏ । ਕਲਜੁਗ ਜੀਵ ਜਾਗ ਪ੍ਰਭ ਆਤਮ ਪਾਪ ਧਵਾਏ । ਕਲਜੁਗ ਜੀਵ ਜਾਗ ਪ੍ਰਭ ਸਾਚਾ ਰਾਗ ਸੁਣਾਏ । ਕਲਜੁਗ ਜੀਵ ਜਾਗ ਪ੍ਰਭ ਆਤਮ ਆਗ ਬੁਝਾਏ । ਕਲਜੁਗ ਜੀਵ ਜਾਗ ਪ੍ਰਭ ਸਾਚਾ ਦਰ ਤੇ ਆਏ । ਕਲਜੁਗ ਜੀਵ ਜਾਗ ਨਿਹਕਲੰਕ ਕਲ ਜਾਮਾ ਪਾਏ । ਕਲਜੁਗ ਜੀਵ ਜਾਗ, ਪ੍ਰਭ ਸਾਚਾ ਡੰਕ ਵਜਾਏ । ਕਲਜੁਗ ਜੀਵ ਜਾਗ, ਪ੍ਰਭ ਰਾਓ ਰੰਕ ਇਕ ਕਰਾਏ । ਕਲਜੁਗ ਜੀਵ ਜਾਗ, ਪ੍ਰਭ ਆਤਮ ਸ਼ੰਕ ਮਿਟਾਏ । ਕਲਜੁਗ ਜੀਵ ਜਾਗ, ਪ੍ਰਭ ਚਰਨ ਲਾਗ ਪੂਰਨ ਭਾਗ, ਪ੍ਰਭ ਸਾਚਾ ਦਰਸ ਦਿਖਾਏ । ਉਠ ਜੀਵ ਜਾਗ, ਪ੍ਰਭ ਦਰਸ ਦਿਖਾਏ । ਜੋ ਜਨ ਰਹੇ ਤਰਸ, ਪ੍ਰਭ ਆਤਮ ਤ੍ਰਿਖਾ ਮਿਟਾਏ । ਉਠ ਜੀਵ ਜਾਗ, ਪ੍ਰਭ ਆਤਮ ਭੁੱਖ ਗਵਾਏ । ਉਠ ਜੀਵ ਜਾਗ, ਪ੍ਰਭ ਸੁੱਕੇ ਰੁੱਖੜੇ ਹਰੇ ਕਰਾਏ । ਉਠ ਜੀਵ ਜਾਗ ਬਾਲ ਅੰਞਾਣੇ ਕੁੱਖੜੇ, ਪ੍ਰਭ ਸੋਹੰ ਸ਼ਬਦ ਜਣਾਏ । ਉਜਲ ਕਰਾਏ ਮੁਖੜੇ, ਜੋ ਜਨ ਸਰਨਾਈ ਆਏ । ਉਠ ਜੀਵ ਜਾਗ ਪ੍ਰਭ ਮਿਟਾਏ ਦੁਖੜੇ, ਜੋ ਜਨ ਸੋਹੰ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ । ਉਠ ਜੀਵ ਜਾਗ ਸਾਚਾ ਸੁਣ ਰਾਗ, ਆਤਮ ਧੋ ਦਾਗ਼, ਤ੍ਰਿਖਾ ਤ੍ਰਿਸ਼ਨਾ ਬੁਝਾ ਆਗ, ਪ੍ਰਭ ਹੰਸ ਬਣਾਏ ਕਾਗ, ਆਪ ਪਕੜੇ ਤੇਰੀ ਵਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਸਦਾ ਸਦਾ ਸਦ ਰਿਹਾ ਜਾਗ । ਉਠ ਜੀਵ ਜਾਗ, ਪ੍ਰਭ ਆ ਦਰ । ਉਠ ਜੀਵ ਜਾਗ ਮਲ ਸਾਚਾ ਘਰ । ਉਠ ਜੀਵ ਜਾਗ, ਦੇਵੇ ਨਾਮ ਸਾਚਾ ਵਰ । ਉਠ ਜੀਵ ਜਾਗ, ਦੇਵੇ ਥਾਂ ਥਿਰ ਘਰ । ਉਠ ਜੀਵ ਜਾਗ, ਚਰਨ ਲਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚਾ ਹਰਿ । ਉਠ ਜੀਵ ਜਾਗ ਆਤਮ ਰੰਗ । ਉਠ ਜੀਵ ਜਾਗ ਪ੍ਰਭ ਸਾਚੇ ਦਾ ਸਾਚਾ

ਸੰਗ । ਉਠ ਜੀਵ ਜਾਗ ਅੰਮ੍ਰਿਤ ਝਿਰਨਾ ਝਿਰਾਏ ਪ੍ਰਭ ਆਤਮ ਗੰਗ । ਉਠ ਜੀਵ ਜਾਗ, ਅੰਤਕਾਲ ਕਲ ਦਰ ਆਏ, ਮੂਲ ਨਾ ਸੰਗ । ਉਠ ਜੀਵ ਜਾਗ ਅੰਮ੍ਰਿਤ ਝਿਰਨਾ ਝਿਰਾਏ ਸਾਚਾ ਦਰਸ ਦਾਨ ਦਰ ਮੰਗ । ਉਠ ਜੀਵ ਜਾਗ ਵੇਲਾ ਅੰਤ ਬਣ ਸਾਚਾ ਸੰਤ ਦੇਵੇ ਵਡਿਆਈ ਵਿਚ ਜੀਵ ਜੰਤ । ਜਿਨ ਬਣਾਈ ਤੇਰੀ ਬਣਤ ਸਾਚਾ ਦਰਸ ਦਾਨ ਦਰ ਮੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਸਦਾ ਅੰਗ ਸੰਗ । ਕਲਜੁਗ ਜੀਵ ਉਠ ਉਠ ਉਠ ਕਿਉਂ ਸੋਇਆ । ਕਲਜੁਗ ਜੀਵ ਰੁਠ ਰੁਠ ਰੁਠ ਕਿਉਂ ਪ੍ਰਭ ਅਬਿਨਾਸ਼ੀ ਖੋਇਆ । ਕਲਜੁਗ ਜੀਵ ਪ੍ਰਭ ਸਾਚਾ ਤੁਠ ਤੁਠ ਤੁਠ ਦਰ ਦਵਾਰ ਆਣ ਖਲੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਭੈ ਭੰਜਣ ਆਦਿ ਅੰਤ ਸਦਾ ਨਵਾਂ ਨਰੋਇਆ । ਕਲਜੁਗ ਜੀਵ ਉਠ ਜਾਗ ਪ੍ਰਭ ਦਇਆ ਧਾਰੀ । ਕਲਜੁਗ ਜੀਵ ਉਠ ਜਾਗ, ਨਾ ਹੋਏ ਖੁਆਰੀ । ਕਲਜੁਗ ਜੀਵ ਉਠ ਜਾਗ, ਸਾਚਾ ਸੁਣ ਕੰਨ ਰਾਗ, ਦਿਵਸ ਰੈਣ ਰਹੇ ਖੁਮਾਰੀ । ਕਲਜੁਗ ਜੀਵ ਉਠ ਜਾਗ ਸਾਚਾ ਬਣ ਵਣਜ ਵਪਾਰੀ । ਕਲਜੁਗ ਜੀਵ ਉਠ ਜਾਗ, ਸੋਹੰ ਖਟ ਆਤਮ ਲਾਲ, ਨਾ ਪਾਸਾ ਦਿਸੇ ਹਾਰੀ । ਕਲਜੁਗ ਜੀਵ ਉਠ ਜਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਪਰਗਟਾਈ । ਵੱਜੀ ਵਧਾਈ ਸੁਣੇ ਲੋਕਾਈ । ਦਿਸ ਨਾ ਆਈ, ਜੋਤ ਸਰੂਪ ਗੁਰਸਿਖ ਸਮਾਈ । ਆਵਣ ਜਾਵਣ ਖੇਲ ਰਚਾਈ, ਪਤਤ ਪਾਵਨ ਆਪ ਅਖਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਥਾਈਂ ਹੋਏ ਆਪ ਸਹਾਈ । ਉਠ ਜੀਵ ਜਾਗ ,ਕਲਜਗ ਮੂੜ੍ਹ । ਉਠ ਜੀਵ ਜਾਗ, ਪ੍ਰਭ ਦੇਵੇ ਚਰਨ ਧੂੜ । ਉਠ ਜੀਵ ਜਾਗ, ਪ੍ਰਭ ਆਤਮ ਚੜ੍ਹਾਏ ਰੰਗ ਗੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਆਪਣੀ ਚਰਨ ਧੂੜ । ਚਰਨ ਧੂੜ ਮਸਤਕ ਲਾਓ । ਪੂਰਬ ਲਹਿਣਾ ਪ੍ਰਭ ਦਰ ਪਾਓ । ਸੋਹੰ ਗਹਿਣਾ ਆਤਮ ਕੰਠ ਚੜ੍ਹਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਵਿਚੋਂ ਪਾਓ । ਸੋਹੰ ਕਹਿਣਾ ਸਾਚਾ ਗਹਿਣਾ । ਸੋਹੰ ਕਹਿਣਾ ਪ੍ਰਭ ਖੁਲ੍ਹਾਵੇ ਤੀਜੇ ਨੈਣਾਂ । ਗੁਰਮੁਖ ਸਾਚੇ ਅੰਤਕਾਲ ਕਲ, ਨਿਹਕਲੰਕ ਤੇਰੇ ਦਰ ਤੇ ਬਹਿਣਾ । ਬੇਮੁਖ ਕਲਜੁਗ ਜੀਵਾਂ ਭਾਣਾ ਪ੍ਰਭ ਸਾਚੇ ਦਾ ਸਿਰ ਤੇ ਸਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਹਾਏ ਵਹਿੰਦੇ ਵਹਿਣਾ । ਉਠ ਜੀਵ ਜਾਗ ਕਲ, ਪ੍ਰਭ ਲਾਜ ਰਖਾਏ । ਉਠ ਜੀਵ ਜਾਗ ਕਲ, ਪ੍ਰਭ ਸਾਜਨ ਸਾਜ ਆਪ ਅਖਵਾਏ । ਉਠ ਜੀਵ ਜਾਗ ਕਲ, ਪ੍ਰਭ ਰਾਜਨ ਰਾਜ ਅਖਵਾਏ । ਉਠ ਜੀਵ ਜਾਗ ਕਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਾਏ । ਜੀਵ ਜਗੰਤਾ ਪ੍ਰਭ ਭਗਵੰਤਾ । ਜੋਤ ਜਗਾਏ ਸਾਧਨ ਸੰਤਾ । ਕਲਜੁਗ ਜੀਵਾਂ ਮਾਇਆ ਪਾਏ ਬੇਅੰਤਾ । ਨਾ ਹੋਏ ਮਿਲਾਵਾ ਸਾਚੇ ਕੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਤੇਰੀ ਵਡਿਆਈ, ਭੇਵ ਕੋਈ ਨਾ ਪਾਈ ਪ੍ਰਭ ਸਾਚਾ ਆਦਿਨ ਅੰਤਾ । ਆਦਿ ਅੰਤ ਪ੍ਰਭ ਸਾਚਾ ਏਕ । ਸਾਧਨ ਸੰਤਾਂ ਪ੍ਰਭ ਏਕਾ ਟੇਕ । ਜੀਵ ਜੰਤਾਂ ਦਰ ਆਇਆ, ਪ੍ਰਭ ਕਰੇ ਬੁਧ ਬਿਬੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ । ਏਕੰਕਾਰ ਏਕਾ ਜੋਤ ਜਗਾਏ । ਜੁਗੋ ਜੁਗ ਵਿਚ ਮਾਤ ਦੇ ਆਏ । ਨਿਤ ਨਵਿਤ ਜਾਮਾ ਪਾਏ । ਭਗਤਨ ਹਿਤ ਭੇਖ ਵਟਾਏ । ਸਾਚਾ ਮਿਤ ਆਪ ਅਖਵਾਏ । ਸ੍ਰਿਸ਼ਟ ਸਬਾਈ ਜਿਤ, ਏਕਾ ਨਾਉਂ ਡੰਕ ਵਜਾਏ । ਸਰਬ ਸ੍ਰਿਸ਼ਟ ਮਾਤ ਪਿਤ, ਰਾਓ ਰੰਕ ਰੰਕ ਰਾਓ ਇਕ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਗ ਅੰਗ ਅੰਗ ਸੰਗ ਸੰਗ ਸੰਗ ਗੁਰਮੁਖ ਸਾਚਾ ਸੰਗ ਰਖਾਏ । ਸਾਚਾ ਅੰਗੀ ਸਾਚਾ ਸੰਗੀ । ਸਾਚਾ ਜੰਗੀ ਸਾਚਾ ਰੰਗ

ਆਪ ਕਰਾਏ ਬਹੁ ਰੰਗੀ । ਸਾਚੀ ਦਾਤ ਗੁਰਮੁਖ ਸਾਚੇ ਸਾਚਾ ਦਰਸ ਦਾਨ ਦਰ ਮੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਆਪਣੇ ਅੰਗੀ । ਗੁਰ ਸੰਗਤ ਪ੍ਰਭ ਸਾਚਾ ਗਾਇਆ । ਦਰ ਘਰ ਸਾਚੇ ਸੇਵ ਕਮਾਇਆ । ਗੁਰ ਸੰਗਤ ਗੁਰ ਦਇਆ ਕਮਾਇਆ । ਆਪ ਆਪਣੀ ਕਾਰੇ ਲਾਇਆ । ਗੁਰ ਸੰਗਤ ਕਲ ਨਾਉਂ ਵਡਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਦਰ ਬਹਾਇਆ । ਆਏ ਦਰ ਚਰਨ ਹਜ਼ੂਰੇ । ਆਸਾ ਮਨਸਾ ਪ੍ਰਭ ਸਾਚਾ ਪੂਰੇ । ਆਤਮ ਸੰਸਾ ਹੋਏ ਦੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਆਪ ਉਤਾਰੇ ਸਗਲ ਵਸੂਰੇ । ਗੁਰ ਸੰਗਤ ਗੁਰ ਦਰ ਸੇਵਾ । ਗੁਰ ਸੰਗਤ ਪਾਇਆ ਪ੍ਰਭ ਅਲਖ ਅਭੇਵਾ । ਗੁਰ ਸੰਗਤ ਪ੍ਰਭ ਸਾਚਾ ਦੇਵੇ ਸਾਚਾ ਮੇਵਾ । ਗੁਰ ਸੰਗਤ ਪ੍ਰਭ ਆਪ ਵਡਿਆਏ ਵਡ ਦੇਵੀ ਦੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਸੇਵਾ । ਗੁਰ ਸੰਗਤ ਗੁਰ ਧਾਮ ਨਿਆਰਾ । ਗੁਰ ਸੰਗਤ ਦੇਵੇ ਪ੍ਰਭ ਸਾਚਾ ਘਰ ਬਾਹਰਾ । ਗੁਰ ਸੰਗਤ ਲੇਵੇ ਸੋਹੰ ਅਧਾਰਾ । ਗੁਰ ਸੰਗਤ ਪ੍ਰਭ ਆਤਮ ਕੱਢੇ ਵਿਕਾਰਾ । ਗੁਰ ਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਸਹਾਰਾ । ਗੁਰ ਸੰਗਤ ਪ੍ਰਭ ਰੱਖੇ ਮਾਣ । ਗੁਰਸਿਖ ਗੁਰ ਸੰਗਤ ਰਾਹ ਸਾਚਾ ਜਾਣ । ਗੁਰ ਸੰਗਤ ਪ੍ਰਭ ਕਰੇ ਪਛਾਣ । ਗੁਰ ਸੰਗਤ ਪ੍ਰਭ ਵਡ ਮਿਹਰਬਾਨ । ਗੁਰ ਸੰਗਤ ਪ੍ਰਭ ਪਾਏ ਸੋਹੰ ਸਾਚੀ ਆਣ । ਗੁਰ ਸੰਗਤ ਪਰਗਟ ਜੋਤ ਸ਼ਬਦ ਸੁਣਾਏ ਕਾਨ । ਗੁਰ ਸੰਗਤ ਬਖ਼ਸ਼ੇ ਏਕਾ ਚਰਨ ਧਿਆਨ । ਗੁਰ ਸੰਗਤ ਦੇਵੇ ਆਤਮ ਬ੍ਰਹਮ ਗਿਆਨ । ਗੁਰ ਸੰਗਤ ਗੁਰ ਪੂਰਾ ਪਾਇਆ, ਗੁਣਵੰਤ ਗੁਣੀ ਨਿਧਾਨ । ਗੁਰ ਸੰਗਤ ਆਤਮ ਤ੍ਰਿਪਤਾਇਆ ਸੋਹੰ ਮਿਲਿਆ ਸਾਚਾ ਨਾਮ ਮੇਘ ਸਾਵਣ । ਗੁਰ ਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਪਜਾਏ ਆਪ ਚਲਾਏ ਜੋਤ ਸਰੂਪੀ ਸਵਾਸ ਪਵਣ । ਗੁਰ ਸੰਗਤ ਆਏ ਸਚ ਦਵਾਰਾ । ਗੁਰ ਸੰਗਤ ਦੇਵੇ ਪ੍ਰਭ ਸਾਚਾ ਨਾਮ ਅਧਾਰਾ । ਗੁਰ ਸੰਗਤ ਹਰਿ ਦਰ ਘਰ ਪਾਏ ਸਾਚਾ ਕੰਤ ਪਿਆਰਾ । ਗੁਰ ਸੰਗਤ ਗੁਰਮੁਖ ਵਿਰਲਾ ਰਲ ਜਾਏ ਸੰਤ ਪਿਆਰਾ । ਗੁਰ ਸੰਗਤ ਪ੍ਰਭ ਮਾਣ ਰਖਾਏ ਜੋਤ ਸਰੂਪ ਜੋਤ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਗੁਰ ਸੰਗਤ ਗੁਣ ਆਪ ਵਿਚਾਰੇ । ਗੁਰ ਸੰਗਤ ਪ੍ਰਭ ਆਪੇ ਤਾਰੇ । ਗੁਰ ਸੰਗਤ ਪ੍ਰਭ ਏਕਾ ਦੇਵੇ ਸ਼ਬਦ ਅਧਾਰੇ । ਗੁਰ ਸੰਗਤ ਸੋਹੰ ਲਗਾਏ ਜੈ ਜੈ ਜੈਕਾਰੇ । ਗੁਰ ਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਖੜਾ ਦਵਾਰੇ । ਆਪੇ ਆਏ ਚਲ ਦਵਾਰ । ਪ੍ਰਭ ਸਾਚਾ ਸਦ ਬਲ ਬਲ ਹਾਰ । ਦਰ ਘਰ ਆਏ ਪਾਏ ਸਾਰ । ਗੁਰ ਸੰਗਤ ਪ੍ਰਭ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਸਰਬ ਸਾਰ । ਗੁਰ ਸੰਗਤ ਗੁਰ ਸਾਚਾ ਪਾਇਆ । ਗੁਰ ਸੰਗਤ ਪ੍ਰਭ ਭਉ ਚੁਕਾਇਆ । ਗੁਰ ਸੰਗਤ ਸੋਹੰ ਸਾਚਾ ਦਾਓ ਲਗਾਇਆ । ਗੁਰ ਸੰਗਤ ਸਾਰ ਪਾਸਾ ਆਪ ਜਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਮੇਲ ਮਿਲਾਇਆ । ਗੁਰ ਸੰਗਤ ਗੁਰ ਦਰਬਾਰੇ । ਗੁਰ ਸੰਗਤ ਪ੍ਰਭ ਕਾਜ ਸਵਾਰੇ । ਗੁਰ ਸੰਗਤ ਪ੍ਰਭ ਸਾਚਾ ਰਸਨ ਉਚਾਰੇ । ਗੁਰ ਸੰਗਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਬਣੇ ਵਰਤਾਰੇ । ਗੁਰ ਸੰਗਤ ਪ੍ਰਭ ਮਾਣ ਰਖਾਇਆ । ਗੁਰ ਸੰਗਤ ਪ੍ਰਭ ਆਣ ਰਖਾਇਆ । ਗੁਰ ਸੰਗਤ ਨਿਤਾਣਿਆਂ ਤਾਣ ਹੋਏ ਸਹਾਇਆ । ਗੁਰ ਸੰਗਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਬਣੇ ਦਾਈ ਦਾਇਆ । ਗੁਰ ਸੰਗਤ ਦੇਵੇ ਸਾਚਾ ਵਰ । ਦੁਖ ਦਰਦ ਪ੍ਰਭ


੨੩੫ ੦੨

ਜਾਏ ਹਰ । ਏਕਾ ਏਕ ਜਾਏ ਕਰ । ਨਿਹਕਲੰਕ ਜੋਤ ਧਰ । ਗੁਰਮੁਖਾਂ ਮਨ ਵੱਜੀ ਵਧਾਈ, ਪ੍ਰਭ ਸਾਚਾ ਜਾਏ ਸਚ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਿਨੰੜੀ ਰੈਣ ਸੁਹਾਈ, ਗੁਰਸਿਖਾਂ ਦੀਆ ਸਾਚਾ ਵਰ । ਭਿੰਨੀ ਰੈਨੜੀਏ ਪ੍ਰਭ ਦਇਆ ਕਰ । ਭਿੰਨੀ ਰੈਨੜੀਏ ਪ੍ਰਭ ਜਾਏ ਸਾਚੇ ਘਰ । ਭਿੰਨੀ ਰੈਨੜੀਏ ਆਪ ਸੁਹਾਇਆ ਸਾਚਾ ਦਰ । ਭਿੰਨੀ ਰੈਨੜੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੰਤ ਨਾ ਪਾਰਾਵਰ । ਭਿੰਨੀ ਰੈਨੜੀਏ ਪ੍ਰਭ ਵਕ਼ਤ ਸੁਹਾਏ । ਭਿੰਨੀ ਰੈਨੜੀਏ ਪ੍ਰਭ ਜਗਤ ਸਵਾਏ । ਭਿੰਨੀ ਰੈਨੜੀਏ ਗੁਰਸਿਖਾਂ ਪ੍ਰਭ ਭਗਤ ਬਣਾਏ । ਭਿੰਨੀ ਰੈਨੜੀਏ ਗੁਰਸਿਖਾਂ ਸੋਹੰ ਸਾਚੀ ਜੁਗਤ ਬਤਾਏ । ਭਿੰਨੀ ਰੈਨੜੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੁਕਤ ਕਰਾਏ । ਭਿੰਨੀ ਰੈਨੜੀਏ ਤੇਰਾ ਵਕ਼ਤ ਸੁਹੇਲਾ । ਭਿੰਨੀ ਰੈਨੜੀਏ ਪ੍ਰਭ ਸਾਚੇ ਕਰਾਇਆ ਮੇਲਾ । ਭਿੰਨੀ ਰੈਨੜੀਏ ਆਪ ਸੁਹਾਇਆ ਸਾਚਾ ਵੇਲਾ । ਭਿੰਨੀ ਰੈਨੜੀਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਜੋਤ ਧਰ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਭਿੰਨੀ ਰੈਨੜੀਏ ਤੇਰੇ ਸਾਚੇ ਗੁਣ । ਭਿੰਨੀ ਰੈਨੜੀਏ ਸਾਚਾ ਸ਼ਬਦ ਕੰਨ ਸੁਣ । ਭਿੰਨੀ ਰੈਨੜੀਏ ਪ੍ਰਭ ਉਪਜਾਏ ਸਾਚੀ ਧੁਨ । ਭਿੰਨੀ ਰੈਨੜੀਏ ਗੁਰਮੁਖ ਸਾਚੇ ਸੰਤ ਉਠਾਏ ਆਪਣੀ ਸੇਵਾ ਲਾਏ ਚੁਣ । ਭਿੰਨੀ ਰੈਨੜੀਏ ਸਰਬ ਰਹੇ ਗਾਏ ਪ੍ਰਭ ਸਾਚੇ ਦੇ ਸਾਚੇ ਗੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਗੁਰਮੁਖ ਆਤਮ ਪੁਨ । ਪਤਤ ਪੁਨੀਤਾ ਪਰਖੇ ਨੀਤਾ ਸਾਚਾ ਮੀਤਾ ਆਤਮ ਜੀਤਾ ਚਰਨ ਪ੍ਰੀਤਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚਾ ਸੀਤਲ ਸਾਂਤਕ ਸੀਤਾ । ਸਾਂਤਕ ਸੀਤਲ ਆਪ ਕਰ । ਸਾਂਤਕ ਸਾਂਤਕ ਮਾਤ ਧਰ । ਰਾਜਸ ਤਾਮਸ ਮਿਟਾਏ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿ ਬਣਾਏ ਸਰ । ਕਿਰਪਾ ਕਰ ਕਿਰਪਾ ਕਰ ਕਿਰਪਾ ਕਰ । ਆਤਮ ਬੁੱਧ ਸਾਚੀ ਧਰ । ਭਰਮ ਭਉ ਸਰਬ ਹਰ । ਜਨਮ ਕਰਮ ਸੁਫਲ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋ ਜਨ ਭੁਲ ਬਖ਼ਸ਼ਾਏ ਤੇਰੇ ਦਰ । ਦਇਆ ਕਮਾ, ਮਾਰਗ ਲਾ, ਰਾਗ ਉਪਜਾ, ਰੋਗ ਮਿਟਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾੜੀ ਬਹੱਤਰ ਲੱਗੀ ਆਗ, ਅੰਮ੍ਰਿਤ ਮੁਖ ਚੁਆ ਬੁਝਾ । ਨਾੜੀ ਬਹੱਤਰ ਕਿਸ਼ਨਾ ਪੱਖ । ਕਰ ਕਿਰਪਾ ਪ੍ਰਭ ਸਾਚੇ ਰੱਖ । ਏਕਾ ਧਰ ਸਿਰ ਹੱਥ । ਸਾਚੀ ਦੇ ਸ਼ਬਦ ਵੱਥ । ਸੋਹੰ ਚੜ੍ਹਾ ਸਾਚੇ ਰਥ । ਆਤਮ ਦੁਖ ਸਾਰੇ ਮੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਜਗਤ ਅਕਥ । ਆਤਮ ਅਗਨ ਜਿਉਂ ਭਾਨ ਗਗਨ । ਸੋਹੰ ਲੱਗਾ ਮੁਖ ਸਾਚਾ ਸਗਣ । ਜੋਤ ਸਰੂਪੀ ਦੀਪਕ ਗੁਰਸਿਖ ਆਤਮ ਜਗਣ । ਦਿਵਸ ਰੈਣ ਰੈਣ ਦਿਵਸ ਤੇਰੇ ਚਰਨ ਰਹੇ ਲਗਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੇ ਅੰਮ੍ਰਿਤ ਸਾਚਾ ਸਰ, ਆਪ ਬੁਝਾਈ ਲਗਾਈ ਅਗਨ । ਅਗਨ ਆਗ ਪ੍ਰਭ ਸਾਚੇ ਧੋ ਆਤਮ ਦਾਗ਼ । ਏਕਾ ਬਖ਼ਸ਼ ਚਰਨ ਵੈਰਾਗ । ਪੂਰੇ ਗੁਰ ਲਾ ਦਰ ਮੇਰੇ ਭਾਗ । ਸੋਇਆ ਜੀਵ ਗਿਆ ਜਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਤੋੜੇ ਦੁੱਖਾਂ ਤਾਗ । ਸਾਚਾ ਸ਼ਬਦ ਆਪ ਲਿਖਾਇਆ । ਆਪ ਆਪਣਾ ਧਰਮ ਕਮਾਇਆ । ਆਤਮ ਵਰਮ ਸਰਬ ਮਿਟਾਇਆ । ਮਾਨਸ ਜਨਮ ਸੁਫਲ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਮੁਖ ਚੁਆਇਆ ।



੨੩੯ ੦੨

### * ੧੪ ਭਾਦਰੋਂ ੨੦੦੯ ਬਿਕ੍ਰਮੀ ਮੇਰਠ ਛਾਉਣੀ *

ਰੈਣ ਸੁਹਾਏ ਭਿੰਨੜੀ, ਪ੍ਰਭ ਜੋਤ ਜਗਾਏ । ਰੈਣ ਸੁਹਾਏ ਭਿੰਨੜੀ, ਪ੍ਰਭ ਮਾਤ ਵਿਚ ਆਏ । ਰੈਣ ਸੁਹਾਏ ਭਿੰਨੜੀ, ਗੁਰਮੁਖ ਸਾਚੇ ਪ੍ਰਭ ਆਣ ਤਰਾਏ । ਰੈਣ ਸੁਹਾਏ ਭਿੰਨੜੀ ਰੁੜ੍ਹਦਾ ਬੇੜਾ ਪ੍ਰਭ ਬੰਨੇ ਲਾਏ । ਰੈਣ ਸੁਹਾਏ ਭਿੰਨੜੀ, ਸੋਹੰ ਤੇਜ ਆਪ ਰਖਾਏ । ਰੈਣ ਸੁਹਾਏ ਭਿੰਨੜੀ, ਨਿਮਾਣਿਆਂ ਮਾਣ ਆਪ ਹੋ ਜਾਏ । ਭਿੰਨੜੀ ਰੈਣ ਸੁਹਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਗੁਰਮੁਖ ਸਾਚੇ ਕਲਜੁਗ ਆਣ ਤਰਾਏ । ਆਪ ਤਰਾਇਆ, ਆਪ ਰਖਾਇਆ, ਆਪ ਲਗਾਇਆ, ਆਪ ਬਸਾਇਆ, ਆਪ ਸਵਾਇਆ, ਆਪ ਅਪਣਾ ਖੇਲ ਰਚਾਇਆ । ਪਰਗਟ ਜੋਤ ਨਿਹਕਲੰਕ ਵੇਲੇ ਅੰਤ ਆਪੇ ਆਪ ਹੋਏ ਸਹਾਇਆ । ਵੇਲਾ ਅੰਤ ਗੁਰਸਿਖ ਪਛਾਣ । ਧਰੇ ਜੋਤ ਆਪ ਭਗਵਾਨ । ਜੀਵ ਜੰਤ ਸਭ ਜਾਣੀ ਜਾਣ । ਆਦਿਨ ਅੰਤ ਇਕ ਰੰਗ ਸਮਾਣ । ਸਾਧਨ ਸੰਤ ਕਰੇ ਪਛਾਣ । ਸਰਬ ਜੀਵ ਜੰਤ ਪ੍ਰਭ ਵਿਚ ਸਦ ਸਮਾਣ । ਬੈਠ ਇਕੰਤ ਲੋਕ ਤੀਨ ਏਕਾ ਧਰੇ ਚਰਨ ਧਿਆਨ । ਬਣਾਏ ਜੀਵ ਜੰਤ, ਵੇਲੇ ਅੰਤ ਪੂਰਨ ਭਗਵੰਤ ਸਹਾਈ ਸਾਧਨ ਸੰਤ, ਆਪੇ ਦੇਵੇ ਚਰਨ ਧਿਆਨ । ਵੇਲਾ ਅੰਤ ਆਇਆ ਜਗ । ਪ੍ਰਭ ਅਬਿਨਾਸ਼ੀ ਲਾਇਆ ਪਗ । ਗੁਰਸਿਖ ਤਰਾਇਆ ਹੰਸ ਬਣਾਇਆ ਕਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਮਾਇਆ, ਦੂਤੀ ਦੁਸ਼ਟ ਸੰਘਾਰੇ ਪਕੜ ਸ਼ਾਹ ਰਗ । ਦੂਤ ਦੁਸ਼ਟ ਕੋਈ ਨੇੜ ਨਾ ਆਏ । ਸੋਹੰ ਸੀਰ ਗੁਰਸਿਖ ਪਿਲਾਏ । ਧਰਮ ਰਾਏ ਨਾ ਦਏ ਸਜਾਏ । ਸਚ ਦੀਬਾਣ ਨਾਮ ਲਗਾਏ । ਏਕਾ ਆਣ ਨਿਹਕਲੰਕ ਆਪਣੀ ਆਪ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਜੋਤ ਸਰੂਪ ਗੁਰਮੁਖ ਸਾਚੇ ਤੇਰਾ ਹੋਏ ਸਹਾਏ । ਗੁਰਸਿਖ ਤਾਰੇ ਆਪ ਗਿਰਧਾਰੇ । ਵੇਲੇ ਅੰਤ ਪਾਵੇ ਸਾਰੇ । ਪਰਗਟ ਜੋਤ ਨਿਹਕਲੰਕ ਅਵਤਾਰੇ । ਕਲਜੁਗ ਅੰਤਮ ਅੰਤ ਬਾਂਹੋਂ ਪਕੜ ਗੁਰਸਿਖ ਲਗਾਏ ਪ੍ਰਭ ਆਪ ਕਿਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਰੰਜਣਾ ਧਰੇ ਮਾਤ ਆਪ ਨਿਰੰਕਾਰੇ । ਗੁਰਸਿਖ ਤੇਰਾ ਆਪ ਸਹਾਰਾ । ਪ੍ਰਭ ਅਬਿਨਾਸ਼ੀ ਅੰਤ ਨਾ ਪਾਰਾਵਾਰਾ । ਏਕਾ ਦੇਵੇ ਗੁਰਸਿਖ ਚਰਨ ਸਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਸਚ ਦਰਬਾਰਾ । ਸਾਚਾ ਘਰ ਸੱਚਾ ਦਰਬਾਰਾ । ਸਾਚਾ ਘਰ ਸੱਚਾ ਗਿਰਧਾਰਾ । ਸਾਚਾ ਘਰ ਸਚ ਘਰ ਵਸੇ ਆਪੇ ਆਪ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰਾ । ਸਾਚੇ ਘਰ ਆਪੇ ਵਸਿਆ । ਸਾਚਾ ਘਰ ਗੁਰਮੁਖ ਸਾਚੇ ਪ੍ਰਭ ਸਾਚੇ ਦੱਸਿਆ । ਸਾਚਾ ਘਰ ਜੋਤ ਪਰਕਾਸ਼ ਕੋਟ ਰਵ ਸੱਸਿਆ । ਸਾਚਾ ਘਰ ਸਾਚਾ ਦਰ ਸਾਚਾ ਵਰ ਦੇਵੇ ਹਰਿ ਅਵਤਾਰ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਸਦ ਤੇਰੇ ਹਿਰਦੇ ਵਸਿਆ । ਗੁਰਮੁਖ ਪੂਰੇ ਆਤਮ ਵਿਚਾਰਿਆ । ਸੋਹੰ ਸਾਚਾ ਨਾਮ ਰਸਨ ਉਚਾਰਿਆ । ਧਰੇ ਜੋਤ ਮਾਤ ਨਿਹਕਲੰਕ ਅਵਤਾਰਿਆ । ਕਲਜੁਗ ਜੀਵ ਬੇਮੁਖਾਂ ਦਿਸੇ ਅੰਧੇਰੀ ਰਾਤ, ਗੁਰਸਿਖਾਂ ਪ੍ਰਭ ਸਾਚਾ ਖੜਾ ਦਵਾਰਿਆ । ਜੋਤ ਪਰਗਟਾਈ ਪ੍ਰਭ ਸਾਚੇ ਮਾਤ, ਏਕਾ ਏਕੰਕਾਰ ਇਕ ਅਕਾਰਿਆ । ਜਨ ਭਗਤਾਂ ਦੇਵੇ ਸਾਚੀ ਦਾਤ, ਆਪ ਕਰ ਕਿਰਪਾ ਗਿਰਧਾਰਿਆ । ਸਾਚਾ ਬਖ਼ਸ਼ੇ ਚਰਨ ਨਾਤ, ਵੇਲੇ ਅੰਤ ਹੋਏ ਆਪ ਸਹਾਰਿਆ । ਬਿਨ ਪ੍ਰਭ ਸਾਚੇ ਕੋਇ ਨਾ ਪੁੱਛੇ ਵਾਤ, ਕਲਜੁਗ ਜੀਵ ਵੇਲੇ ਅੰਤ ਦੁਸ਼ਟ ਦੁਰਾਚਾਰ ਹੋਏ ਸਭ ਖੁਆਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਧਰ ਕਿਰਪਾ ਕਰ ਅਵਤਾਰ ਨਰ ਗੁਰਮੁਖ

ਸਾਚਾ ਪਾਰ ਉਤਾਰਿਆ । ਗੁਰਮੁਖ ਸਾਚੇ ਆਤਮ ਧਾਰਾ । ਸਾਚਾ ਪ੍ਰਭ ਰਸਨ ਉਚਾਰਾ, ਪੂਰਨ ਬ੍ਰਹਮ ਪ੍ਰਭ ਪਾਵੇ ਸਾਰਾ । ਸਾਚਾ ਕਰਮ ਪ੍ਰਭ ਜੋਤ ਨਿਰੰਕਾਰਾ । ਸਾਚਾ ਧਰਮ ਪਰਗਟ ਜੋਤ ਗੁਰਸਿਖ ਸਾਚੇ ਸਦਾ ਖੜਾ ਤੇਰੇ ਦਰ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਆਦਿਨ ਅੰਤ ਜੁਗਾਂ ਜੁਗੰਤ ਗੁਰਮੁਖਾਂ ਹੋਏ ਸਦ ਪਨਹਾਰਾ । ਗੁਰਮੁਖ ਸਾਚੇ ਤੇਰੀ ਸਤਿ ਵਡਿਆਈ । ਗੁਰਮੁਖ ਸਾਚੇ ਪ੍ਰਭ ਸਾਚੇ ਤੇਰੀ ਪਤਿ ਰਖਾਈ । ਗੁਰਮੁਖ ਸਾਚੇ ਏਕਾ ਤਤ ਹਿਰਦੇ ਸੋਹੰ ਵਸਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਵੇਲੇ ਅੰਤ ਦੇਵੇ ਆਪ ਵਡਿਆਈ । ਧੰਨ ਸੋ ਵੇਲਾ ਗੁਰਸਿਖ ਧੰਨ । ਪ੍ਰਭ ਅਬਿਨਾਸ਼ੀ ਬੇੜਾ ਦੇਵੇ ਬੰਨ੍ਹ । ਸਰਬ ਘਟ ਵਾਸੀ ਆਪ ਉਠਾਵੇ ਆਪਣੇ ਕੰਨ੍ਹ । ਨਿਜ ਘਰ ਵਾਸੀ ਆਪ ਰਖਾਵੇ ਆਪਣੀ ਸਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸਚ ਸਚ ਕਰ ਮੰਨ । ਸਾਚਾ ਮੰਨਿਆ ਬੇੜਾ ਬੰਨ੍ਹਿਆ । ਭਾਂਡਾ ਭਰਮ ਭਉ ਭੰਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਹੋਏ ਸਹਾਈ ਆਪ ਰਘੁਰਾਈ, ਜਿਸ ਜਨ ਸਤਿ ਸਤਿ ਕਰ ਮੰਨਿਆ । ਸਤਿ ਕਰ ਜਾਣਿਆ ਆਪਣਾ ਆਪ ਜੀਵ ਪਛਾਣਿਆਂ । ਪ੍ਰਭ ਅਬਿਨਾਸ਼ੀ ਚਲੇ ਭਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਦੇਵੇ ਵਡਿਆਈ ਵਡ ਵਡ ਵਡ ਵਿਚ ਸੁਘੜ ਸਿਆਣਿਆਂ । ਗੁਰਮੁਖ ਸਾਚਾ ਵਡ ਪਰਤਾਪਾ । ਗੁਰਮੁਖ ਸਾਚਾ ਸੋਹੰ ਸਾਚਾ ਜਾਪਾ । ਗੁਰਮੁਖ ਸਾਚਾ ਪ੍ਰਭ ਅਬਿਨਾਸ਼ੀ ਆਪੇ ਹੋਏ ਮਾਈ ਬਾਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਆਪਣਾ ਆਪ ਪਛਾਤਾ । ਆਪ ਪਛਾਣਿਆਂ ਜਿਸ ਜਨ ਜਾਣਿਆਂ । ਭਗਤ ਅੰਵਾਣਿਆਂ ਆਪ ਬਣਾਏ ਸੁਘੜ ਸਿਆਣਿਆਂ । ਸਾਚੀ ਦਰਗਹਿ ਦੇਵੇ ਮਾਣਿਆਂ । ਜਿਥੇ ਵਸੇ ਆਪ ਭਗਵਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਚਲੇ ਭਾਣਿਆਂ । ਆਪਣੇ ਭਾਣੇ ਆਪੇ ਚਲ । ਜੋਤ ਪਰਗਟਾਏ ਨਾ ਲਾਏ ਘੜੀ ਪਲ । ਜਨ ਭਗਤਾਂ ਤਰਾਇਆ ਦਰ ਦਵਾਰੇ ਖਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਨਾ ਜਾਏ ਵੇਲਾ ਟਲ । ਵੇਲਾ ਅੰਤ ਅੰਤ ਅਖ਼ੀਰ । ਪ੍ਰਭ ਸਾਚਾ ਕੱਟੇ ਗੁਰਮੁਖ ਭੀੜ । ਪਰਗਟ ਜੋਤ ਤੋੜੇ ਧਰਮ ਰਾਏ ਜ਼ੰਜੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚਾ ਹਰਿ ਆਇਆ ਦਰ, ਅੰਮ੍ਰਿਤ ਪਿਲਾਏ ਗੁਰਮੁਖ ਸਾਚੇ ਪ੍ਰਭ ਸਾਚਾ ਸੀਰ । ਅੰਮ੍ਰਿਤ ਪਿਆਇਆ ਆਪ ਚੁਆਇਆ । ਸਚ ਦਿਖਾਇਆ ਪ੍ਰਿਥਮੀ ਆਕਾਸ਼ ਰਹਾਇਆ । ਪਵਣ ਸਰੂਪੀ ਸਵਾਸ ਚਲਾਇਆ । ਤੋੜ ਤੋੜ ਮੋੜ ਮੋੜ ਜੋੜ ਜੋੜ ਪ੍ਰਭ ਸਾਚੇ ਫੇਰ ਜੁੜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਾਹਾਕਾਰ ਘਰ ਬਾਹਰ ਭਾਈਚਾਰ ਸਭ ਦਾ ਆਪ ਗਵਾਇਆ । ਹਾਹਾਕਾਰ ਚਾਰ ਚੌਫੇਰ । ਘਰ ਮਾਪਿਆ ਹੋਏ ਅੰਧੇਰ । ਕਰੇ ਬੇਨੰਤੀ ਗੁਰਮੁਖ ਸਾਚਾ ਪ੍ਰਭ ਦਰ ਆਏ ਤੀਜੀ ਵੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਨਾ ਕਰੇ ਹੇਰ ਫੇਰ । ਜੋਤ ਪਰਗਟਾਈ ਚਿੰਤ ਮਿਟਾਈ । ਝੂਠੀ ਮਾਟੀ ਕਾਇਆ ਚਾਟੀ ਪ੍ਰਭ ਸਾਚੇ ਜੋਤ ਸਰੂਪੀ ਜੋਤ ਧਰ ਵਿਚ ਮਾਤ ਫੇਰ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਦਰ ਫੇਰ ਵੱਜੀ ਵਧਾਈ । ਵੱਜੇ ਵਧਾਈ ਹੋਏ ਰੁਸ਼ਨਾਈ । ਦੁਖ ਰੋਗ ਸੋਗ ਪ੍ਰਭ ਦੇ ਮਿਟਾਈ । ਏਕਾ ਸਾਚਾ ਜੋਗ ਸੋਹੰ ਝੋਲੀ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਈ । ਆਪਣੀ ਵਰਤਾਏ ਆਪੇ ਕਲ । ਪ੍ਰਭ ਕਾ ਭਾਣਾ ਨਾ ਜਾਏ ਟਲ । ਜੀਵ ਭੁਲਾਏ ਕਰ ਵਲ ਛਲ । ਗੁਰਸਿਖ ਤਰਾਏ ਜਿਉਂ ਰਾਜਾ ਬਲ । ਆਪਣੀ ਦਇਆ ਕਮਾਏ ਟੁੱਟੇ ਡਾਲੇ ਫੇਰ


੨੩੮
੦੨

ਲਗਾਏ ਫੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਮਾਤ ਆਏ ਚਲ । ਗੁਰਸਿਖਾਂ ਪ੍ਰਭ ਸੁਣੇ ਪੁਕਾਰਾ । ਗੁਰਸਿਖਾਂ ਪ੍ਰਭ ਪਾਵੇ ਸਾਰਾ । ਗੁਰਸਿਖਾਂ ਪ੍ਰਭ ਸਾਚਾ ਆਪੇ ਮੋੜੇ ਫੇਰ ਮੁਹਾਰਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਪਰਗਟਾਏ ਦੁਖੀਆਂ ਦੁਖ ਮਿਟਾਇਆ ਕੋਟ ਪਹਾੜਾਂ । ਦੁਖ ਰੋਗ ਆਪ ਗਵਾ ਕੇ । ਚਿੰਤਾ ਸੋਗ ਆਪ ਮਿਟਾ ਕੇ । ਹਉਮੇ ਰੋਗ ਆਪ ਮਿਟਾ ਕੇ । ਦਰਸ ਅਮੋਘ ਆਪ ਦਿਖਾ ਕੇ । ਹਾਹਾਕਾਰ ਸਰਬ ਵਿਭਚਾਰ ਜੀਵ ਦੁਖੀਆਰ ਸਾਂਤ ਕਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਨ ਭਗਵੰਤ ਭਗਤ ਅਧਾਰ ਆਪੇ ਆਪ ਅਖਵਾ ਕੇ । ਭਗਤ ਅਧਾਰੇ ਆਪ ਗਿਰਧਾਰੀ ਮੁਕੰਦ ਮਨੋਹਰ ਲਖਮੀ ਨਰਾਇਣ ਜੋਤ ਪਰਗਟਾਏ ਕ੍ਰਿਸ਼ਨ ਮੁਰਾਰੀ । ਗੁਰਸਿਖਾਂ ਦੇਵੇ ਜੋਤ ਅਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਚਿੱਟੇ ਅਸਵ ਅਸਵਾਰੀ । ਤੀਨ ਲੋਕ ਤੀਨ ਪਵਣ ਤੀਨ ਗਵਣ ਵਿਚ ਪਵਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਅੰਮ੍ਰਿਤ ਚੁਆਏ ਮੁਖ ਜਿਉਂ ਮੇਘ ਸਵਣ । ਗੁਰਸਿਖ ਜਗਾਇਆ ਜੋਤ ਸਰੂਪੀ ਵਿਚ ਸਮਾਇਆ । ਜਮ ਜੰਦਾਰ ਪ੍ਰਭ ਹਟਾਇਆ । ਵਿਚ ਸੰਸਾਰ ਅਚਰਜ ਖੇਲ ਪਾਰਬ੍ਰਹਮ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵੇਲੇ ਅੰਤ ਬਾਂਹੋਂ ਪਕੜ ਆਪਣੇ ਚਰਨ ਲਗਾਇਆ । ਆਪ ਆਪਣੇ ਚਰਨ ਲਗਾਏ । ਆਪ ਆਪਣੀ ਸਰਨ ਰਖਾਏ । ਹਰਨ ਫਰਨ ਗੁਰਸਿਖ ਖੁਲ੍ਹਾਏ । ਮਰਨ ਡਰਨ ਭਉ ਚੁਕਾਏ । ਤਾਰਨ ਤਰਨ ਆਪ ਅਖਵਾਏ । ਕਾਰਨ ਕਰਨ ਕੋਈ ਸਾਰ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਗੁਰਮੁਖ ਸਾਚਾ ਬਾਂਹੋਂ ਪਕੜ ਆਪ ਤਰਾਏ । ਗੁਰਮੁਖ ਪ੍ਰਭ ਤਾਰਨਹਾਰਾ । ਗੁਰਸਿਖਾਂ ਪ੍ਰਭ ਕਰੇ ਪਿਆਰਾ । ਗੁਰਮੁਖਾਂ ਦੇਵੇ ਸ਼ਬਦ ਅਧਾਰਾ । ਗੁਰਮੁਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਪਾਵੇ ਸਾਰਾ । ਗੁਰਮੁਖਾਂ ਦੇਵੇ ਨਾਮ ਨਿਧਾਨ । ਗੁਰਮੁਖਾਂ ਦੇਵੇ ਬ੍ਰਹਮ ਗਿਆਨ । ਗੁਰਮੁਖਾਂ ਦੇਵੇ ਆਤਮ ਧਿਆਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਗੁਰਮੁਖਾਂ ਤਾਰੇ ਪ੍ਰਭ ਸਮਰਥ । ਗੁਰਸਿਖਾਂ ਰੱਖੇ ਦੇ ਕਰ ਹੱਥ । ਗੁਰਮੁਖਾਂ ਚੜ੍ਹਾਏ ਸੋਹੰ ਸਾਚੇ ਰਥ । ਗੁਰਮੁਖਾਂ ਲੇਖ ਲਿਖਾਏ ਪਰਗਟ ਜੋਤ ਨਿਹਕਲੰਕ ਆਪੇ ਆਪ ਵਿਚ ਮੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਜੁਗੋ ਜੁਗ ਅਕਥ । ਗੁਰਮੁਖ ਸਾਚੇ ਜੋਤ ਜਗਾਏ । ਗੁਰਮੁਖ ਆਤਮ ਦੁਰਮਤ ਮੈਲ ਧੋ ਵਖਾਏ । ਗੁਰ ਗੁਰ ਗੁਰਸਿਖ ਗੁਰ ਏਕਾ ਜੋਤ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਗੁਰਮੁਖ ਸਾਚੇ ਤੇਰੇ ਦਰ ਦਵਾਰ ਆਏ । ਦਰ ਦਵਾਰਿਆ ਵਿਚ ਗਿਰਧਾਰਿਆ । ਜੋਤ ਨਿਰੰਜਣ ਪਾਵੇ ਸਾਰਿਆ । ਗੁਰਮੁਖ ਸਾਚਾ ਚਰਨ ਨਿਮਸਕਾਰਿਆ । ਗੁਰਮੁਖ ਸਾਚੇ ਸਦ ਸਦ ਬਲਹਾਰਿਆ । ਜੁਗੋ ਜੁਗ ਵਿਚ ਮਾਤ ਲਏ ਅਵਤਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪੇ ਆਪ ਹੋਏ ਸਹਾਰਿਆ । ਗੁਰ ਸਾਚਾ ਕਰਮ ਵਿਚਾਰਦਾ । ਗੁਰ ਸਾਚਾ ਜਨਮ ਸਵਾਰਦਾ । ਗੁਰ ਸਾਚਾ ਪਾਰ ਉਤਾਰਦਾ । ਗੁਰ ਸਾਚਾ ਰੰਗ ਕਰਤਾਰ ਦਾ । ਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਨਾ ਪਾਸਾ ਆਵੇ ਹਾਰ ਦਾ । ਗੁਰ ਸਾਚਾ ਜੋਤ ਨਿਰੰਕਾਰਾ । ਗੁਰ ਸਾਚਾ ਜੋਤ ਅਕਾਰਾ । ਗੁਰ ਸਾਚਾ ਕੋਟਨ ਕੋਟ ਖੜੇ ਦਵਾਰਾ । ਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ੍ਰਿਸ਼ਟ ਸਬਾਈ ਆਪੇ ਪਾਵੇ ਸਾਰਾ । ਗੁਰ ਸਾਚਾ ਗੁਰ ਗੋਬਿੰਦਾ । ਗੁਰ ਸਾਚਾ ਵਡ ਗੁਣੀ ਗਹਿੰਦਾ । ਗੁਰ ਸਾਚਾ ਵਡ ਵਡ ਸੁਰਪਤ ਰਾਜਾ ਇੰਦਾ । ਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ

ਗੁਰਮੁਖ ਸਾਚੇ ਤੇਰਾ ਆਤਮ ਤੋੜੇ ਜਿੰਦਾ । ਗੁਰ ਸਾਚਾ ਪੂਰਨ ਆਸਾ । ਗੁਰ ਸਾਚਾ ਗੁਰਮੁਖ ਸਾਚੇ ਤੇਰੀ ਆਤਮ ਸਦ ਨਿਵਾਸਾ । ਗੁਰ ਸਾਚਾ ਚਰਨ ਪ੍ਰੀਤੀ ਦੇਵੇ ਸਚ ਭਰਵਾਸਾ । ਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੁਗੋ ਜੁਗ ਜਨ ਭਗਤਾਂ ਹੋਏ ਦਾਸਨ ਦਾਸਾ । ਗੁਰ ਸਾਚਾ ਗਹਿਰ ਗੰਭੀਰ । ਗੁਰ ਸਾਚਾ ਗੁਰਮੁਖ ਸਾਚੇ ਤੇਰੀ ਆਤਮ ਦੇਵੇ ਧੀਰ । ਗੁਰ ਸਾਚਾ ਅੰਮ੍ਰਿਤ ਮੁਖ ਚੁਆਏ ਸ਼ਾਂਤ ਕਰਾਏ ਸਰੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਏਕਾ ਸ਼ਬਦ ਵਸਾਏ ਦੂਈ ਦਵੈਤ ਮਿਟਾਏ ਅਖ਼ੀਰ । ਏਕ ਮਿਟਾਏ ਦੋਐਂ ਦੋਆ । ਏਕ ਵਸਾਏ ਸੋਹੰ ਸੋਆ । ਏਕ ਦਿਸਾਏ ਓਐਂ ਓਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਜਣ ਦੂਸਰ ਨਾਹੀ ਕੋਆ । ਗੁਰ ਸਾਚਾ ਚਤੁਰ ਸੁਜਾਨਾ । ਗੁਰ ਸਾਚਾ ਭਗਤ ਭਗਵਾਨਾ । ਗੁਰ ਸਾਚਾ ਗੁਣ ਨਿਧਾਨਾ । ਗੁਰ ਸਾਚਾ ਜੋਤ ਜਗਾਏ ਜਗਤ ਮਹਾਨਾ । ਗੁਰ ਸਾਚਾ ਜੋਤ ਸਰੂਪੀ ਪਹਰਿਆ ਬਾਣਾ । ਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਆਪ ਪਛਾਣਾ । ਗੁਰ ਸਾਚਾ ਰੂਪ ਕਰਤਾਰ । ਗੁਰ ਸਾਚਾ ਸਚ ਵਿਹਾਰ । ਗੁਰ ਸਾਚਾ ਸ਼ਬਦ ਅਪਾਰ । ਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਏਕਾ ਏਕੰਕਾਰ । ਗੁਰ ਸਾਚਾ ਆਦਿ ਅੰਤ । ਗੁਰ ਸਾਚਾ ਭੇਦ ਖੁਲ੍ਹਾਏ ਸਾਧ ਸੰਤ । ਗੁਰ ਸਾਚਾ ਭੇਵ ਨਾ ਪਾਏ ਕੋਈ ਜੀਵ ਜੰਤ । ਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਮਾਤ ਬਣਾਏ ਆਪੇ ਬਣਤ । ਗੁਰਮੁਖ ਸਚੇ ਤੇਰੀ ਬਣਤ ਬਣਾ । ਸਤਿਗੁਰ ਸਾਚਾ ਆਪਣਾ ਆਪ ਦਏ ਜਣਾ । ਸੋਹੰ ਸਾਚਾ ਸ਼ਬਦ ਤੇਰੇ ਕੰਨ ਦਏ ਸੁਣਾ । ਆਤਮ ਮਾਇਆ ਝੂਠਾ ਨਾਗ, ਪ੍ਰਭ ਦੇਵੇ ਨਸ਼ਟ ਕਰਾ । ਪ੍ਰਭ ਸਾਚਾ ਗੁਰਮੁਖ ਸਾਚੇ ਚਰਨ ਲਾਗ, ਵੇਲੇ ਅੰਤ ਹੋਏ ਸਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਗੁਰਮੁਖ ਸਾਚੇ ਤੇਰੀ ਆਪੇ ਪਕੜੇ ਬਾਂਹ । ਚਰਨ ਲਾਗ ਹੋਏ ਉਧਾਰ । ਚਰਨ ਲਾਗ ਗੁਰਸਿਖ ਪਾਰ । ਚਰਨ ਲਾਗ ਪ੍ਰਭ ਸਾਚਾ ਦੇਵੇ ਤਾਰ । ਚਰਨ ਲਾਗ ਮਾਨਸ ਜਨਮ ਨਾ ਆਵੇ ਦੂਜੀ ਵਾਰ । ਚਰਨ ਲਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਵੇ ਆਪਣੇ ਦਵਾਰ । ਸਚ ਦਵਾਰਾ ਆਪ ਦਿਸਾਇਆ । ਸਚ ਘਰ ਬਾਹਰਾ ਆਪ ਵਸਾਇਆ । ਜੋਤ ਨਿਰੰਕਾਰਾ ਕਰੇ ਰੁਸ਼ਨਾਇਆ । ਸੁਰਤ ਸ਼ਬਦ ਕਰ ਉਜਿਆਰ, ਏਕਾ ਦੀਪਕ ਜੋਤ ਜਗਾਇਆ । ਗੁਰਮੁਖ ਸਾਚੇ ਮਿਟੇ ਅੰਧ ਅੰਧਿਆਰ, ਪ੍ਰਭ ਅਬਿਨਾਸ਼ੀ ਤੇਰੇ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਟਨ ਕੋਟ ਰਵ ਸਸ ਜੋਤ ਰਖਾਇਆ । ਗੁਰ ਸਾਚਾ ਸਾਚੀ ਧਾਰ । ਗੁਰ ਸਾਚਾ ਸਾਚੀ ਕਾਰ । ਗੁਰ ਸਾਚਾ ਸਾਚੀ ਸਾਰ । ਗੁਰ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਸਚ ਵਿਹਾਰ । ਜਗਤ ਵਿਹਾਰਾ ਆਪੇ ਕਰ । ਗੁਰਮੁਖ ਸਾਚੇ ਆਵੇ ਦਰ । ਮਾਂ ਪਿਉ ਭੈਣ ਭਰਾ ਸਾਕ ਸੱਜਣ ਸੈਣ ਸਭ ਆਵੇ ਡਰ । ਗੁਰਮੁਖ ਸਾਚੇ ਬਾਂਹ ਪਕੜ ਪ੍ਰਭ ਬਹਾਵੇ ਸਾਚੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਗੁਰਮੁਖ ਸਾਚੇ ਨਿਹਕਲੰਕ ਅਵਤਾਰ ਨਰ । ਗੁਰਮੁਖ ਸਾਚੇ ਦਇਆ ਕਮਾਈ । ਸਚ ਘਰ ਸਚ ਦਰ ਪ੍ਰਭ ਸਾਚਾ ਦੇ ਟਿਕਾਈ । ਪੂਰਨ ਆਸ ਅੰਤ ਕਰ ਘਰ ਸਾਚੇ ਵੱਜੇ ਵਧਾਈ । ਕਾਇਆ ਦੁਖੜੇ ਨਾਸ ਕਰ, ਜੋਤੀ ਜੋਤ ਪ੍ਰਭ ਆਪ ਮਿਲਾਈ । ਸਰਬ ਘਟਾ ਘਟ ਵਾਸ ਕਰ, ਆਪ ਆਪਣੀ ਪਤਿ ਰਖਾਈ । ਸੋਹੰ ਸ਼ਬਦ ਗੁਰਮੁਖ ਆਤਮ ਰਸਨ ਸਵਾਸ ਕਰ, ਪ੍ਰਭ ਸਾਚਾ ਮੇਲ ਮਿਲਾਈ । ਜਨ ਭਗਤਾਂ ਪ੍ਰਭ ਅਬਿਨਾਸ਼ੀ ਆਪਣਾ ਦਾਸ ਕਰ, ਵੇਲੇ ਅੰਤ ਲਏ ਛੁਡਾਈ । ਮਹਾਰਾਜ

੨੪੦

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਥਿਰ ਘਰ ਵਾਸੀ ਸਚ ਨਿਵਾਸ ਰਖਾਈ । ਸਾਚਾ ਘਰ ਸਾਚਾ ਦਰ ਨਾ ਆਵੇ ਡਰ । ਗੁਰਮੁਖ ਸਾਚਾ ਗਿਆ ਤਰ । ਚਰਨ ਲਗਾਏ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਰਨ ਰਖਾਏ ਆਪਣੀ ਕਿਰਪਾ ਕਰ । ਸਾਚਾ ਘਰ ਧਾਮ ਨਿਆਰਾ । ਸਾਚਾ ਵਸੇ ਇਕ ਨਿਰੰਕਾਰਾ । ਆਪੇ ਰੋਏ ਆਪੇ ਹੱਸੇ ਆਪੇ ਕਰੇ ਪਿਆਰਾ । ਆਪੇ ਆਪ ਰਾਹ ਸਾਚਾ ਦੱਸੇ, ਜਨ ਭਗਤਾਂ ਦੇਵੇ ਸ਼ਬਦ ਅਧਾਰਾ । ਬੇਮੁਖਾਂ ਕਰੇ ਅੰਧੇਰ ਜਿਉਂ ਚੰਦ ਮੱਸੇ, ਨਾ ਦੀਸੇ ਕੋਈ ਕਿਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਜਣ ਜੋਤੀ ਜੋਤ ਜੋਤ ਉਜਿਆਰਾ । ਜੋਤ ਜੋਤ ਜੋਤ ਪ੍ਰਭ ਜੋਤ ਅਕਾਰਾ । ਜੋਤ ਜੋਤ ਜੋਤ ਪ੍ਰਭ ਜੋਤ ਅਪਾਰਾ । ਜੋਤ ਜੋਤ ਜੋਤ ਪ੍ਰਭ, ਜੋਤ ਸਰੂਪ ਸਦ ਨਿਰਾਹਾਰਾ । ਜੋਤ ਜੋਤ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੁਗੋ ਜੁਗ ਵਿਚ ਮਾਤ ਲਏ ਅਵਤਾਰਾ । ਜੋਤ ਜੋਤ ਜੋਤ ਜਾਮਾ ਧਾਰ । ਜੋਤ ਜੋਤ ਜੋਤ ਪ੍ਰਭ, ਜੋਤ ਅਵਤਾਰ । ਜੋਤ ਜੋਤ ਜੋਤ, ਗੁਰਮੁਖ ਸਾਚੇ ਕਰ ਵਿਚਾਰ । ਜੋਤ ਜੋਤ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਵੇ ਆਪ ਰਖਾਵੇ ਆਪ ਲੈ ਜਾਵੇ ਆਪ ਸੁਹਾਵੇ ਦਵਾਰ । ਗੁਰਮੁਖ ਸਾਚਾ ਸਚ ਦਰਬਾਰਾ । ਸਾਚਾ ਪ੍ਰਭ ਸਚ ਦਰਬਾਰਾ । ਸਾਚਾ ਪ੍ਰਭ ਸਾਚਾ ਵਿਹਾਰਾ । ਸਾਚਾ ਪ੍ਰਭ ਜੋਤ ਨਿਰੰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਸਾਚਾ ਦਰ ਦਵਾਰਾ । ਸਾਚਾ ਘਰ ਗੁਰਸਿਖ ਪਛਾਣ । ਸਾਚਾ ਦਰ ਇਕ ਭਗਵਾਨ । ਜੋਤ ਸਰੂਪ ਵਡ ਬਲੀ ਬਲਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਭੁਲਾਏ ਮੂਰਖ ਮੁਗਧ ਅੰਞਾਣ । ਕਲਜੁਗ ਜੀਵ ਆਪ ਭੁਲਾਏ । ਕਲਜੁਗ ਜੀਵ ਆਪ ਡੁਲਾਏ । ਕਲਜੁਗ ਜੀਵ ਆਪ ਰੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਲਟੇ ਵਹਿਣ ਆਪ ਵਹਾਏ । ਕਲਜੁਗ ਜੀਵ ਆਪ ਤਰਾਏ । ਗੁਰਮੁਖ ਸਾਚੇ ਨਾਉਂ ਕਰਾਏ । ਸੋਹੰ ਸਾਚਾ ਨਾਉਂ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਨਾਮ ਜਪਾਏ । ਪੁਰਖ ਵਿਧਾਤਾ ਦੇਵੇ ਸਾਚੀ ਦਾਤਾ । ਆਪੇ ਆਪ ਵਡ ਵਡ ਗਿਆਤਾ । ਪਵਣ ਜੋਤ ਜੋਤ ਪਵਣ ਏਕਾ ਰੰਗ ਸਮਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਚਰਨ ਪ੍ਰੀਤੀ ਸਾਚਾ ਨਾਤਾ । ਚਰਨ ਪ੍ਰੀਤੀ ਸਾਚਾ ਨਾਤ । ਆਪੇ ਬਖ਼ਸ਼ੇ ਸਾਚੀ ਦਾਤ । ਸੋਹੰ ਦੇਵੇ ਵਡ ਕਰਾਮਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜਾਮਾ ਧਰੇ ਵਿਚ ਮਾਤ । ਜੋਤ ਸਰੂਪੀ ਜਾਮਾ ਧਾਰ । ਆਪਣਾ ਰੰਗ ਕਰੇ ਕਰਤਾਰ । ਸ੍ਰਿਸ਼ਟ ਸਬਾਈ ਕਰੇ ਖੁਆਰ । ਗੁਰਮੁਖ ਵਿਰਲਾ ਪਾਵੇ ਸਾਰ । ਜਿਸ ਜਨ ਕਿਰਪਾ ਕਰੇ ਅਪਾਰ । ਕਰ ਕਿਰਪਾ ਲੈ ਆਵੇ ਦਰ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਨਾਮ ਅਧਾਰ । ਆਪੇ ਆਪ ਕਿਰਪਾ ਕਰ । ਆਤਮ ਸਾਚਾ ਨਾਮ ਧਰ । ਗੁਰਮੁਖ ਪੂਰਨ ਕਾਮ ਆਪੇ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਦੇਵੇ ਵਰ । ਸਾਚਾ ਵਰ ਆਪੇ ਦੀਆ । ਆਤਮ ਜੋਤ ਜਗਾਇਆ ਦੀਆ । ਗੁਰਮੁਖ ਸਾਚੇ ਤੇਰੀ ਆਪ ਰਖਾਏ ਨੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੀਜ ਤੇਰੀ ਆਤਮ ਬੀਆ । ਸੋਹੰ ਸਾਚਾ ਬੀਜ ਬਿਜਾਇਆ । ਆਤਮ ਸੀਜ ਗੁਰਮੁਖ ਰਖਾਇਆ । ਵਿਚ ਵਿਚ ਵਿਚ ਦਰ ਦਹਲੀਜ ਪ੍ਰਭ ਆਪ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਸਮਾਇਆ । ਜੀਆ ਦਾਨ ਆਪੇ ਦੇ । ਆਪਣੇ ਖੇਲ ਆਪੇ ਕਰੇ । ਆਪਣਾ ਮੇਲ ਆਪੇ ਧਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਤਮ ਜੋਤ

ਏਕ ਹਰੇ । ਏਕਾ ਹਰਿ ਏਕਾ ਦਰ ਏਕਾ ਘਰ ਏਕਾ ਵਰ ਗੁਰਮੁਖ ਸਾਚੇ ਕਿਰਪਾ ਆਪ ਕਰੇ । ਪ੍ਰਭ ਆਪ ਤਰਏ ਦਇਆ ਕਮਾਏ, ਬਾਂਹੋਂ ਪਕੜ ਨੁਹਾਏ ਆਤਮ ਸਾਚੇ ਸਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਰਭਵਾਸ ਆਪ ਕਟਾਏ ਕਿਰਪਾ ਆਪਣੀ ਕਰੇ । ਗਰਭਵਾਸ ਕਟਾਇਆ, ਧਰਵਾਸ ਰਖਾਇਆ, ਸਵਾਸ ਚਲਾਇਆ, ਵਾਸ ਕਰਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਵਿਚ ਮਾਤ ਟਿਕਾਇਆ । ਮਾਤ ਪਿਤਾ ਘਰ ਪੂਤ ਪਿਆਰਾ । ਦਿਵਸ ਰੈਣ ਕਰੇ ਪਿਆਰਾ । ਆਪੇ ਭੁੱਲਿਆ ਸਚ ਦਵਾਰਾ । ਆਪੇ ਰੁੱਲਿਆ ਹੋਏ ਗਵਾਰਾ । ਆਪੇ ਡੁੱਲਿਆ ਹੋਏ ਖੁਆਰਾ । ਅੰਤ ਚੜ੍ਹੇ ਕਾਠ ਦੇ ਚੁਲਿਆ, ਖ਼ਾਕੀ ਖ਼ਾਕ ਨਾ ਦੇਵੇ ਕੋਇ ਸਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਤੇਰਾ ਦਰ ਦਰਬਾਰਾ । ਗੁਰਮੁਖ ਸਾਚੇ ਪ੍ਰਭ ਜਨਮ ਦਵਾਏ । ਗੁਰਮੁਖ ਸਾਚੇ ਪ੍ਰਭ ਕਰਮ ਲਿਖਾਏ । ਗੁਰਮੁਖ ਸਾਚੇ ਪ੍ਰਭ ਧਰਮ ਰਖਾਏ । ਗੁਰਮੁਖ ਸਾਚੇ ਪ੍ਰਭ ਭਰਮ ਗਵਾਏ । ਗੁਰਮੁਖ ਸਾਚੇ ਪ੍ਰਭ ਆਤਮ ਧਰੋ ਵਰਮ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪਣੀ ਸਰਨ ਰਖਾਏ । ਗੁਰਮੁਖ ਸਾਚੇ ਏਕਾ ਓਟ । ਗੁਰਮੁਖ ਸਚੇ ਇਕ ਜਗਾਏ ਆਤਮ ਸਾਚੀ ਜੋਤ । ਗੁਰਮੁਖ ਸਾਚੇ ਪ੍ਰਭ ਸਾਚਾ ਤੇਰੇ ਕੱਢੇ ਆਤਮ ਖੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਪਰਗਟ ਜੋਤ ਆਪ ਉਠਾਏ ਆਪਣੀ ਗੋਦ । ਆਪ ਆਪਣੀ ਗੋਦ ਉਠਾਏ ਦਇਆ ਕਮਾਏ ਕਲਜੁਗ ਜੀਵ ਅਲ੍ਹਣਿਓਂ ਡਿਗੇ ਬੋਟ । ਗੁਰਸਿਖ ਤਰਾਇਆ ਅੰਮ੍ਰਿਤ ਸਾਚਾ ਸੀਰ ਪਿਲਾਇਆ । ਏਕਾ ਨੀਰ ਦੇਹ ਵਹਾਇਆ । ਸਾਚਾ ਤੀਰ ਸੋਹੰ ਚਲਾਇਆ । ਪੀਰ ਫ਼ਕੀਰ ਪ੍ਰਭ ਦਰ ਦਵਾਰ ਦਿਵਸ ਰੈਣ ਰੈਣ ਦਿਵਸ ਸਦ ਮੰਗਤ, ਪ੍ਰਭ ਦੇਵੇ ਦੂਣ ਸਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਾਧ ਬੋਧ ਅਟੱਲ ਅਖਲ ਅਛਲ ਭੇਵ ਕਿਸੇ ਨਾ ਪਾਇਆ । ਕਿਆ ਕੋਈ ਜਾਣੇ ਹਰਿ ਕਾ ਭੇਵਾ । ਖੜੇ ਦਵਾਰ ਕਰੋੜ ਤੇਤੀਸ ਦੇਵੀ ਦੇਵਾ । ਗੁਰਮੁਖ ਸਾਚਾ ਪਾਵੇ ਸਾਰ, ਜਿਸ ਪ੍ਰਭ ਸਾਚਾ ਸੋਹੰ ਦੇਵੇ ਆਤਮ ਸਾਚਾ ਮੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ, ਨਿਹਕਲੰਕ ਨਾਉਂ ਰਖਾਏ, ਜੋਤ ਸਰੂਪੀ ਖੇਲ ਵਰਤਾਏ, ਸ੍ਰਿਸ਼ਟ ਸਬਾਈ ਰੱਖੇ ਭਰਮ ਭੁਲੇਵਾ । ਗੁਰਮੁਖ ਸਾਚਾ ਗੁਣ ਗੁਣਵੰਤ । ਦੇਵੇ ਵਡਿਆਈ ਆਪ ਭਗਵੰਤ । ਵਿਚ ਮਾਤ ਸਰਬ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਿਸ ਬਣਾਈ ਤੇਰੀ ਬਣਤ । ਬਣਤ ਬਣਾਏ ਆਪੇ ਆਪ । ਆਪ ਜਪਾਵੇ ਸੋਹੰ ਜਾਪ । ਆਪੇ ਹੋ ਜਾਏ ਮਾਈ ਬਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸਾਚੀ ਦਾਤ । ਸਾਚੀ ਦਾਤ ਗੁਰ ਦਰ ਪਾਓ । ਆਤਮ ਚਿੰਤਾ ਸਰਬ ਮਿਟਾਓ । ਮਹਿੰਮਾ ਅਗਣਤ ਪ੍ਰਭ ਦਰ ਆਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਮਿਟਾ ਹਰਸ, ਨਾ ਕਲ ਤਰਸ, ਭਰਮ ਭੁਲੇਵਾ ਸਰਬ ਗਵਾਓ । ਭਰਮ ਨਿਵਾਰੇ ਆਪ ਕਰਤਾਰੇ । ਜਨ ਆਏ ਦਵਾਰੇ ਚਰਨ ਨਿਮਸਕਾਰੇ । ਤੋੜੇ ਹੰਕਾਰੇ ਨਿਹਕਲੰਕ ਅਵਤਾਰੇ । ਤੀਨ ਲੋਕ ਸੋਹੰ ਸ਼ਬਦ ਜੈ ਜੈ ਜੈਕਾਰੇ । ਏਕਾ ਸ਼ਬਦ ਏਕਾ ਧੁਨ, ਆਪ ਖੁਲ੍ਹਾਵੇ ਗੁਰਮੁਖ ਸਾਚੇ ਤੇਰੀ ਆਤਮ ਸੁੰਨ ਸਾਚੀ ਜੋਤ ਕਰੇ ਉਜਿਆਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰੇ । ਗੁਰਮੁਖ ਸਾਚੇ ਸਚ ਦਰ ਆਵਣਾ । ਸੋਹੰ ਸਾਚਾ ਨਾਮ ਦਿਵਸ ਰੈਣ ਸਦ ਰਸਨਾ ਗਾਵਣਾ । ਪ੍ਰਭ ਅਬਿਨਾਸ਼ੀ ਜੋਤ ਸਰੂਪ ਆਪੇ ਆਪਣੇ ਵਿਚੋਂ ਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਵਛ ਸਰੂਪ ਦਰਸ ਦਿਖਾਵਣਾ । ਸਵਛ ਸਰੂਪ ਦਰਸ ਕਰ । ਏਕਾ ਮੇਲ ਸਾਚੇ ਹਰਿ । ਆਪੇ ਮੇਲ



੨੪੨ ੦੨

ਅਵਤਾਰ ਨਰ । ਆਤਮ ਜੋਤ ਦੇਵੇ ਸਾਚੀ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਿਰਪਾ ਕਰ । ਗੁਰਮੁਖ ਸਾਚਾ ਆਇਆ ਦਰ ਦਵਾਰ ਪ੍ਰਭ ਸਾਚਾ ਖੜਿਆ । ਖਾਲੀ ਭੰਡਾਰ ਪ੍ਰਭ ਸਾਚੇ ਭਰਿਆ । ਨਾ ਆਈ ਹਾਰ ਪ੍ਰਭ ਰਸਨ ਉਚਰਿਆ । ਧਰਮ ਰਾਏ ਨਾ ਖਾਵੇ ਮਾਰ, ਕਰ ਦਰਸ ਤਨ ਮਨ ਹਰਿਆ । ਦੇ ਦਰਸ ਪ੍ਰਭ ਜਾਏ ਤਾਰ, ਗੁਰਮੁਖ ਸਾਚਾ ਸਰਨੀ ਪੜਿਆ । ਮੂਰਖ ਮੁਗਧ ਨਾ ਕਰਨ ਵਿਚਾਰ, ਪ੍ਰਭ ਕਾ ਖੇਲ ਅਪਰ ਅਪਰਿਆ । ਗੁਰਮੁਖ ਸਾਚੇ ਪੂਰਬ ਵਿਚਾਰ, ਦੇਵੇ ਦਰਸ ਪ੍ਰਭ ਧਰਨੀ ਧਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਆਸ ਗੁਰਸਿਖ ਕਰਿਆ । ਗੁਰਸਿਖਾਂ ਪ੍ਰਭ ਪੂਰਨ ਆਸਾ । ਗੁਰਸਿਖਾਂ ਪ੍ਰਭ ਦੇ ਭਰਵਾਸਾ । ਗੁਰਸਿਖਾਂ ਜਨਮ ਕਰਾਏ ਆਪੇ ਰਾਸਾ । ਗੁਰਸਿਖ ਰਖਾਏ ਆਪਣੇ ਦਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਅਖਵਾਏ ਜਨ ਭਗਤਾਂ ਦਾਸਨ ਦਾਸਾ । ਭਗਤ ਜਨਾਂ ਹੋਏ ਦਾਸਨ ਦਾਸ । ਮਾਨਸ ਜਨਮ ਕਰਾਏ ਰਾਸ । ਚਲ ਦਵਾਰੇ ਆਏ ਪ੍ਰਭ ਅਬਿਨਾਸ਼ । ਸੋਹੰ ਖੰਡਾ ਮਾਰੇ ਦੂਤਾਂ ਦੁਸ਼ਟਾਂ ਕਰੇ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਸਦਾ ਤੇਰੇ ਵਸੇ ਪਾਸ । ਸਾਚਾ ਪ੍ਰਭ ਸਦ ਵਸੇਰਾ । ਬੇਮੁਖ ਭੁਲਾਏ ਕਰ ਹੇਰਾ ਫੇਰਾ । ਗੁਰਸਿਖ ਤਰਾਏ ਨਾ ਲਾਏ ਦੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਗੁਰਸਿਖ ਨਿਬੇੜਾ । ਗੁਰਮੁਖ ਸਾਚੇ ਸਾਚੀ ਆਣ । ਸੋਹੰ ਸਾਚਾ ਸਚ ਕਰ ਮਾਣ । ਗੁਰਮੁਖ ਸਾਚੇ ਸਾਚਾ ਘਰ ਅੰਤ ਪਛਾਣ । ਗੁਰਮੁਖ ਸਾਚੇ ਸ੍ਰਿਸ਼ਟ ਸਬਾਈ ਸੁੰਞ ਮਸਾਣ । ਗੁਰਮੁਖ ਸਾਚੇ ਬੇਮੁਖ ਅੰਤਮ ਅੰਤ ਸਰਬ ਮਿਟ ਜਾਣ । ਗੁਰਮੁਖ ਸਾਚੇ ਆਦਿ ਅੰਤ ਸਾਚਾ ਕੰਤ ਏਕਾ ਰਹੇ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦਾ ਸਦਾ ਕਰ ਚਰਨ ਧਿਆਨ । ਚਰਨ ਧਿਆਨਾ ਦਰਸ ਭਗਵਾਨਾ । ਜੋਤ ਮਹਾਨਾ ਤੋੜੇ ਅਭਿਮਾਨਾ । ਸੋਹੰ ਸ਼ਬਦ ਸੁਣਾਵੇ ਕਾਨਾ । ਆਪ ਰਖਾਵੇ ਆਪਣੀ ਆਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਵਿਸ਼ਨੂੰ ਭਗਵਾਨਾ । ਵਿਸ਼ਨੂੰ ਭਗਵਾਨ ਤੇਰਾ ਭਾਣਾ । ਵਿਸ਼ਨੂੰ ਭਗਵਾਨ ਏਕਾ ਦੀਸੇ ਰਾਓ ਰੰਕ ਰਾਜਾ ਰਾਣਾ । ਵਿਸ਼ਨੂੰ ਭਗਵਾਨ ਏਕਾ ਸੋਹੰ ਸਾਚਾ ਡੰਕ ਚਾਰ ਕੁੰਟ ਵਿਚ ਮਾਤ ਵਜਾਣਾ । ਵਿਸ਼ਨੂੰ ਭਗਵਾਨ ਏਕਾ ਏਕ ਸ੍ਰਿਸ਼ਟ ਸਬਾਈ ਸੋਹੰ ਸਤਿ ਰਖਾਣਾ । ਵਿਸ਼ਨੂੰ ਭਗਵਾਨ ਝੂਠੇ ਦਵਾਰ ਬੰਕ, ਅੰਤਮ ਅੰਤ ਕਲ ਸਰਬ ਮੇਟ ਮਿਟਾਣਾ । ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਤਾਰੇ ਜਿਉਂ ਭਗਤ ਜਨਕ, ਆਪੇ ਆਪ ਖੰਡ ਸਚ ਬਹਾਣਾ । ਆਪਣਾ ਘਰ ਆਪੇ ਦੱਸੇ । ਗੁਰਮੁਖ ਸਾਚੇ ਰਾਹ ਸਾਚਾ ਦੱਸੇ । ਜੋਤ ਸਰੂਪੀ ਪਵਣ ਸਰੂਪੀ ਤੀਨ ਲੋਕ ਪ੍ਰਭ ਸਦ ਹੀ ਵਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਦਰਬਾਰ ਕਲਜੁਗ ਜੀਵ ਜਾਇਣ ਨੱਸੇ । ਸਚ ਦਰਬਾਰ ਮਾਤ ਲਗਾਇਆ । ਕਲ ਅੰਧੇਰੀ ਰਾਤ ਕਰੇ ਰੁਸ਼ਨਾਇਆ । ਗੁਰਮੁਖ ਸਾਚੇ ਏਕਾ ਨਾਤ ਗੁਰ ਚਰਨ ਰਖਾਇਆ । ਸੋਹੰ ਸ਼ਬਦ ਸਾਚੀ ਦਾਤ ਪ੍ਰਭ ਤੇਰੀ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਤੇਰਾ ਆਪੇ ਹੋਏ ਸਹਾਇਆ । ਭਿੰਨੀ ਰੈਨੜੀਏ ਤੇਰੀ ਰੁੱਤ ਸੁਹਾਈ । ਦਰ ਘਰ ਸਾਚੇ ਵੱਜੀ ਵਧਾਈ । ਭਿੰਨੀ ਰੈਨੜੀਏ ਪ੍ਰਭ ਅਬਿਨਾਸ਼ ਮਾਤ ਜੋਤ ਪਰਗਟਾਈ । ਭਿੰਨੀ ਰੈਨੜੀਏ ਨਿਹਕਲੰਕ ਪਰਗਟ ਜੋਤ, ਜੋਤ ਸਰੂਪੀ ਪਵਣ ਚਲਾਈ । ਭਿੰਨੀ ਰੈਨੜੀਏ ਤੀਨ ਭਵਨ ਉਨੰਜਾ ਪਵਣ ਏਕ ਸੁਗੰਧ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਧਾਰ ਆਪ ਆਪਣੀ ਜੋਤ ਜਗਾਈ । ਭਿੰਨੀ ਰੈਨੜੀਏ ਤੇਰਾ ਵਕਤ ਸੁਹੇਲਾ । ਭਿੰਨੀ ਰੈਨੜੀਏ ਗੁਰਮੁਖ ਸਾਚੇ ਪ੍ਰਭ ਸਾਚੇ ਦਾ ਸਾਚਾ ਮੇਲਾ । ਭਿੰਨੀ


੨੪੩ ੦੨

ਰੈਣੜੀਏ ਆਪ ਉਪਾਇਆ ਆਪੇ ਰੰਗ ਲਾਇਆ । ਆਪੇ ਮਨ ਭੁਲਾਇਆ ਕਰੇ ਕਰਾਇਆ ਸ੍ਰਿਸ਼ਟ ਸਬਾਈ ਦਾਈ ਦਾਇਆ । ਆਪੇ ਘੜੇ ਆਪੇ ਭੰਨ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੈਣ ਸੁਹਾਈ ਜੋਤ ਸਰੂਪੀ ਮਾਤ ਦੀਪ ਜਗਾਇਆ । ਜੋਤ ਸਰੂਪੀ ਜੋਤ ਧਰ ਆਪ ਆਪਣੀ ਕਰੇ ਰੁਸ਼ਨਾਏ । ਗੁਰਮੁਖ ਸਾਚੇ ਗੁਰ ਏਕਾ ਜੋਤ ਏਕਾ ਗੋਤ, ਗੁਰਮੁਖ ਸਾਚੇ ਸਚ ਸਚ ਸਚ ਹੋ ਜਾਏ । ਏਕਾ ਜੋਤ ਆਪ ਜਗਾਏ । ਭੂਤ ਪ੍ਰੇਤੋਂ ਦੇਵ ਬਣਾਏ । ਸਿਖ ਗੁਰਸਿਖ ਪ੍ਰਭ ਦਇਆ ਕਮਾਏ । ਮਾਤਾ ਤੇਜੋ ਤੇਰਾ ਦੁਖ ਮਿਟਾ ਕੇ । ਜਨਮ ਦਵਾਇਆ ਪਰਗਟ ਜੋਤ ਨਿਹਕਲੰਕ ਚੌਦਾਂ ਭਾਦਰੋਂ ਵਿਚ ਮਾਤ ਦੇ ਆ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ, ਜੋਤ ਸਰੂਪੀ ਸ਼ਬਦ ਲਿਖਾਇਆ, ਸਿੰਘ ਗੁਰਮੁਖ ਨਾਉਂ ਜਗਦੀਸ਼ ਸਿੰਘ ਰਖਾ ਕੇ । ਪ੍ਰੇਤ ਪ੍ਰੇਤ ਪ੍ਰੇਤ ਜਨਮ ਗਿਆ । ਦੇਵ ਦੇਵ ਦੇਵ ਦੈਂਤ ਜਨਮ ਗਿਆ । ਸੋਹੰ ਸਾਚਾ ਬੈਂਤ ਪ੍ਰਭ ਸਾਚੇ ਦਾ ਸਿਰ ਪਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਦਾਂ ਭਾਦਰੋਂ ਦਇਆ ਕਮਾਏ, ਇਕ ਪਹਿਰ ਰੈਣ ਵੇਲਾ ਅੰਮ੍ਰਿਤ ਸੁਹਾਏ, ਜੋਤ ਮਾਤ ਟਿਕਾਏ, ਮਾਤ ਪਿਤ ਹਿਤ ਪ੍ਰਭ ਸਾਚਾ ਫੇਰ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਵੀਹ ਸੌ ਅੱਠ ਬਿਕ੍ਰਮੀ ਫੇਰ ਸਵਾਸ ਚਲਾਏ । ਪਵਣ ਸਰੂਪੀ ਸ਼ਬਦ ਹੁਲਾਰਾ । ਆਪੇ ਦੀਆ ਜੋਤ ਅਧਾਰਾ । ਮਾਟੀ ਕਾਇਆ ਕੀਆ ਅਕਾਰਾ । ਵਸਿਆ ਵਿਚ ਆਪ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰਾ । ਮਾਤ ਪੁਕਾਰੇ ਸਚ ਦਰਬਾਰੇ । ਸੁਣੇ ਪੁਕਾਰੇ ਆਪ ਗਿਰਧਾਰੇ । ਧਰੇ ਜੋਤ ਕਰ ਖੇਲ ਅਪਾਰੇ । ਨਿਹਕਲੰਕ ਤੇਰਾ ਭੇਦ ਨਾ ਕੋਈ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਗੁਰਸਿਖ ਤੇਰਾ ਬੇੜਾ ਪਾਰ ਉਤਾਰੇ । ਗੁਰਸਿਖ ਤੇਰਾ ਬੇੜਾ ਬੰਨ੍ਹ । ਸਾਚਾ ਦੇਵੇ ਪ੍ਰਭ ਸ਼ਬਦ ਮਾਲ ਧਨ । ਬੇਮੁਖ ਦਰ ਆਏ ਪ੍ਰਭ ਸਾਚਾ ਦੇਵੇ ਡੰਨ । ਧਰਮ ਰਾਏ ਪਾਸ ਲੈ ਜਾਏ, ਕਰ ਕੇ ਆਤਮ ਅੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਬੇੜਾ ਬੰਨ੍ਹ । ਬੇੜਾ ਆਪਣਾ ਬੰਨ੍ਹਣਹਾਰਾ । ਘੜੇ ਭੰਨੇ ਭੰਨਣਹਾਰਾ । ਫੜੇ ਡੰਨੇ ਦੁਸ਼ਟ ਦੁਰਾਚਾਰਾ । ਪੀੜੇ ਵਾਂਗ ਗੰਨੇ ਜੀਵ ਹੰਕਾਰਾ । ਸਤਿ ਸਤਿ ਸਤਿ ਕਰ ਮੰਨੇ, ਨਿਹਕਲੰਕ ਪਰਗਟ ਜੋਤ ਗੁਰਮੁਖ ਖੜਾ ਤੇਰੇ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸ਼ਬਦ ਲਿਖਾਰਾ । ਸ਼ਬਦ ਲਿਖਾਏ ਦਇਆ ਕਮਾਏ । ਟੁੱਟੀ ਗੰਢਣਹਾਰ ਪ੍ਰਭ ਗੰਢ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਹੋਈ ਰੰਡ ਸੁਹਾਗਣ ਫੇਰ ਕਰਾਏ । ਆਤਮ ਰੰਡੀ ਵਿਚ ਵਰਭੰਡੀ ਨਾ ਦੀਸੇ ਕੰਢੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਤਮ ਸਾਚੀ ਜੋਤ ਧਰ, ਆਪੇ ਦੁਸ਼ਟਾਂ ਦੇਵੇ ਖੰਡੀ । ਖੰਡ ਖੰਡ ਖੰਡ ਦੁਸ਼ਟ ਕਰ । ਗਏ ਆਏ ਆਏ ਗਏ ਆਏ ਦਰ ਆਏ ਡਰ । ਨਿਹਕਲੰਕ ਤੇਰਾ ਸਾਚਾ ਘਰ । ਏਕਾ ਸ਼ਬਦ ਗੁਰਮੁਖ ਸਾਚੇ ਰਸਨਾ ਧਰ । ਆਪ ਖੁਲ੍ਹਾਵੇ ਪ੍ਰਭ ਸਾਚਾ ਤੇਰਾ ਆਤਮ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਝਿਰਨਾ ਝਿਰਾਏ ਆਤਮ ਸਾਚਾ ਸਰ । ਸਾਚਾ ਸਰ ਅੰਮ੍ਰਿਤ ਰਸ । ਪ੍ਰਭ ਸਾਚਾ ਹਿਰਦੇ ਜਾਏ ਵਸ । ਸੋਹੰ ਸ਼ਬਦ ਪ੍ਰਭ ਸਾਚਾ ਜਾਏ ਦੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਜੋਤ ਜਗਾਈ ਵਿਚ ਮਾਤ ਧਰਾਈ ਆਪੇ ਆਏ ਦਰ ਤੇ ਨੱਸ । ਦਰ ਤੇ ਆਣ ਵਕਤ ਸੁਹਾਇਆ । ਦਰ ਤੇ ਆਣ ਭਗਤ ਤਰਾਇਆ । ਦਰ ਤੇ ਆਣ ਮਰਨ ਰਖਾਇਆ । ਦਰ ਤੇ ਆਣ ਆਣ ਬਾਣ ਗੁਣ ਨਿਧਾਨ ਆਪਣਾ ਸਾਚਾ ਨਾਮ ਜਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,


੨੪੪ ੦੨

ਕਿਰਪਾ ਕਰ ਮਹਾਨ ਜੀਓ ਜੀਵ ਉਪਾਇਆ । ਜੀਆ ਦਾਨ ਆਪੇ ਦੇ । ਭਗਤ ਭਗਵਾਨ ਇਕ ਕਰੇ । ਗੁਣ ਨਿਧਾਨ ਜੋਤ ਧਰੇ । ਬਲੀ ਬਲਵਾਨ ਇਕ ਹਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਫੇਰ ਕਰੇ । ਕਿਰਪਾ ਕਰੇ ਆਪ ਕਿਰਪਾਲਾ । ਪ੍ਰਭ ਅਬਿਨਾਸ਼ੀ ਦੀਨ ਦਿਆਲਾ । ਸਰਬ ਘਟ ਵਾਸੀ ਸਰਬ ਰਖਵਾਲਾ । ਘਨਕਪੁਰ ਵਾਸੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਆਪਣੇ ਰੰਗ ਸਮਾਲਾ । ਕਿਰਪਾ ਕਰ ਆਪੇ ਹਰਿ ਦੀਆ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜਨਮ ਦਵਾਇਆ ਆਪ ਵਸਾਇਆ ਸਾਚਾ ਘਰ । ਸਾਚੇ ਘਰ ਜਨਮ ਦਵਾ ਕੇ । ਪਿਤਾ ਪੂਤ ਸੰਗ ਮੇਲ ਮਿਲਾ ਕੇ । ਪੂਰਬ ਲਹਿਣਾ ਆਪ ਚੁਕਾ ਕੇ । ਭਾਣਾ ਸਹਿਣਾ ਸ਼ਬਦ ਲਿਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਗਹਿਣਾ ਆਤਮ ਜਾਏ ਆਪ ਪਹਿਨਾ ਕੇ । ਆਤਮ ਗਹਿਣਾ ਆਪ ਪਹਨਾਇਆ । ਸਾਚਾ ਲਹਿਣਾ ਹੁਕਮ ਸੁਣਾਇਆ । ਚਰਨੀ ਬਹਿਣਾ ਪ੍ਰਭ ਦਰ ਭਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਤਾ ਪੂਤ ਏਕਾ ਧਾਗਾ ਏਕਾ ਸੂਤ ਆਪੇ ਆਪ ਪਰੋਇਆ । ਆਪੇ ਤਾਣਾ ਆਪੇ ਪੇਟਾ । ਆਪੇ ਹੋਏ ਭਗਤ ਸੁਹੇਟਾ । ਆਪੇ ਆਪ ਮਾਂ ਪਿਓ ਬੇਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਖੇਵਟ ਖੇਟਾ । ਵਡ ਖੇਵਟ ਆਪ ਅਖਵਾਏ । ਵਡ ਖੇਵਟ ਆਪ ਰਖਾਏ । ਵਡ ਖੇਵਟ ਆਪੇ ਆਪ ਹੋਏ ਸਹਾਏ । ਗੁਰਮੁਖ ਸਾਚੇ ਨਾ ਲੱਗੇ ਤੱਤੀ ਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੜ੍ਹਾਏ ਸੋਹੰ ਸਾਚੀ ਨਾਏ । ਸਾਚੀ ਨਈਆ ਆਪ ਚੜ੍ਹਾਇਆ । ਸਾਚਾ ਦੀਆ ਆਪ ਜਗਾਇਆ । ਸਾਚਾ ਪੀਆ ਆਪ ਅਖਵਾਇਆ । ਸਾਚਾ ਬੀਆ ਆਪ ਬਿਜਾਇਆ । ਗੁਰਮੁਖ ਸਾਚੇ ਪੁੱਤਰ ਧੀਆਂ ਆਪ ਅਖਵਾਇਆ । ਸਤਿਜੁਗ ਰਖਾਏ ਸਾਚੀ ਨੀਹਾ, ਗੁਰਮੁਖ ਸਾਚੇ ਸਾਚਾ ਮਾਣ ਦਵਾਇਆ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਆਪ ਉਪਾਇਆ । ਗੁਰਮੁਖ ਸਾਚੇ ਆਪ ਉਪਾਏ । ਆਪ ਆਪਣੀ ਦਇਆ ਕਮਾਏ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਇਕ ਅਕਾਰ ਕਰਾਏ । ਆਨ ਬਾਟ ਵਿਚ ਕਾਇਆ ਪਾਟ ਆਪ ਅੰਧੇਰ ਘਾਟ, ਪ੍ਰਭ ਸਾਚਾ ਬਣਤ ਬਣਾਏ । ਗੁਰਮੁਖ ਸਾਚਾ ਸਾਚਾ ਸ਼ਬਦ ਰਸਨਾ ਸਦ ਰਾਟ, ਪ੍ਰਭ ਸਾਚਾ ਹੋਏ ਸਹਾਏ । ਏਕਾ ਜੋਤ ਕਰੇ ਪਰਕਾਸ਼ ਵਿਚ ਲਲਾਟ, ਤੀਨ ਲੋਕ ਹੋਏ ਰੁਸ਼ਨਾਏ । ਆਪੇ ਖੋਲ੍ਹੇ ਤੇਰਾ ਬਜਰ ਕਪਾਟ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਦੂਈ ਦੋਏ । ਆਪ ਖੁਲ੍ਹਾਏ ਬਜਰ ਕਪਾਟ । ਆਪ ਜਗਾਏ ਜੋਤ ਲਲਾਟ । ਆਪ ਲਗਾਏ ਸ਼ਬਦ ਸਰੂਪੀ ਸਾਚਾ ਹਾਟ । ਆਪ ਚੜ੍ਹਾਏ ਗੁਰਮੁਖ ਸਾਚੇ ਵਿਚ ਕਲਜੁਗ ਔਖੇ ਘਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦ ਰਸਨਾ ਰਾਟ । ਰਸਨਾ ਗਾਣਾ ਹਿਰਦੇ ਵਸਾਣਾ । ਜੋਤ ਜਗਾਣਾ ਭਰਮ ਚੁਕਾਣਾ ਅੰਧੇਰ ਗਵਾਣਾ । ਸੰਝ ਸਵੇਰ ਇਕ ਕਰਾਣਾ । ਮੇਰ ਤੇਰ ਰਹਿਣ ਨਾ ਪਾਣਾ । ਨੇਰਨ ਨੇਰ ਪ੍ਰਭ ਆਪ ਅਖਵਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਸਦ ਰਸਨਾ ਗਾਣਾ, ਸਰਬ ਸੁਖ ਪਾਣਾ । ਆਤਮ ਚਿੰਤਾ ਰੋਗ ਮਿਟਾਣਾ । ਪ੍ਰਭ ਅਬਿਨਾਸ਼ੀ ਘਰ ਮੇਂ ਪਾਣਾ । ਆਤਮ ਸਾਚਾ ਦੀਪ ਜਗਾਣਾ । ਅਗਿਆਨ ਅੰਧੇਰ ਨਸ਼ਟ ਕਰਾਣਾ । ਏਕ ਦਰਸ ਸਪਸ਼ਟ ਪ੍ਰਭ ਸਾਚੇ ਦਾ ਸਚ ਘਰ ਪਾਣਾ । ਏਕ ਰਖਾਓ ਆਤਮ ਇਸ਼ਟ, ਸੋਹੰ ਸਾਚਾ ਰਸਨਾ ਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਜ ਘਰ ਵਾਸੀ ਨਿਜ ਘਰ ਮੇਂ ਪਾਣਾ । ਨਿਜ ਘਰ ਵਸੇ ਆਪ ਨਿਰੰਕਾਰਾ । ਕਲਜੁਗ ਜੀਵ ਬੇਮੁਖ ਆਤਮ ਅੰਧੇਰ ਜਿਉਂ ਚੰਦ ਮੱਸੇ ਨਾ ਦਿਸੇ ਪ੍ਰਭ ਗਿਰਧਾਰਾ । ਹੰਕਾਰ

ਵਿਕਾਰ ਦੁਸ਼ਟ ਦੁਰਾਚਾਰਾਂ ਹਿਰਦੇ ਵਸੇ, ਆਤਮ ਹੋਏ ਅੰਧ ਅੰਧਿਆਰਾ । ਗੁਰਮੁਖ ਸਾਚਾ ਪ੍ਰਭ ਸਾਚਾ ਸਦ ਹਿਰਦੇ ਵਸੇ, ਏਕਾ ਜੋਤ ਕਰੇ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਦਿਸਾਏ ਆਪਣਾ ਸਚ ਦਵਾਰਾ । ਸਚ ਦਵਾਰ ਜੋ ਜਨ ਆਏ । ਆਤਮ ਅੰਧਿਆਰ ਪ੍ਰਭ ਮਿਟਾਏ । ਜੀਵ ਹੰਕਾਰ ਜੋ ਰਖਾਏ । ਵਿਚ ਸੰਸਾਰ ਰਹਿਣ ਨਾ ਪਾਏ । ਚਰਨ ਪਿਆਰ ਜਨ ਸੇਵ ਕਮਾਏ । ਸਦ ਉਧਾਰ ਪ੍ਰਭ ਆਪ ਰਖਾਏ । ਹਉਮੇ ਮਾਰ ਦੁਤਰ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਕਰਮ ਵਿਚਾਰ ਪੂਰਬ ਲਹਿਣਾ ਆਪ ਚੁਕਾਏ । ਪੂਰਬ ਲਹਿਣਾ ਆਪੇ ਦੀਆ । ਆਪਣਾ ਕਰਮ ਆਪੇ ਕੀਆ । ਕਲਜੁਗ ਜੀਵ ਕੀ ਜਾਣੇ ਜੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪਣੇ ਆਪ ਆਤਮ ਜੋਤ ਜਗਾਇਆ ਦੀਆ । ਆਤਮ ਜੋਤ ਕਰੇ ਪਰਕਾਸ਼ । ਅਗਿਆਨ ਅੰਧੇਰ ਜਾਏ ਵਿਨਾਸ । ਸੋਹੰ ਜਪਾਵੇ ਰਸਨ ਸਵਾਸ ਸਵਾਸ । ਬੇਮੁਖ ਲਿਖਾਏ ਜੋ ਜਨ ਮੁਖ ਲਗਾਏ ਮਦਿਰਾ ਮਾਸ । ਵੇਲੇ ਅੰਤ ਨਿਹਕਲੰਕ ਦਏ ਸਜਾਏ, ਵਿਚ ਦੇਵੇ ਨਰਕ ਨਿਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵਿਸ਼ਟਾ ਮੁਖ ਰਖਾਏ ਸਾਸ ਗਰਾਸ । ਮਦਿਰਾ ਮਾਸ ਜੋ ਜਨ ਖਾਵੇ । ਪ੍ਰਭ ਸਾਚੇ ਮੂਲ ਨਾ ਭਾਵੇ । ਆਪਣਾ ਕੀਆ ਆਪੇ ਪਾਵੇ । ਆਵੇ ਜਾਵੇ ਜਾਵੇ ਆਵੇ ਨਾ ਕੋਈ ਅੰਤ ਛੁਡਾਏ । ਜਨਮੇ ਮਰੇ ਮਰ ਮਰ ਜਨਮੇ, ਧਰਮ ਰਾਏ ਦੇ ਸਜਾਏ । ਕਲਜੁਗ ਜੀਵ ਹੋਏ ਕੁਕਰਮੇ, ਮਦਿਰਾ ਮਾਸ ਰਸਨ ਲਗਾਏ । ਆਪ ਗਵਾਇਆ ਆਪਣਾ ਧਰਮੇ, ਪ੍ਰਭ ਅਬਿਨਾਸ਼ੀ ਲਏ ਭੁਲਾਏ । ਜੋਤ ਸਰੂਪ ਆਤਮ ਜੋਤ ਬ੍ਰਹਮੇ, ਬ੍ਰਹਮ ਸਰੂਪ ਸਦ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਨਿਹਕਲੰਕ ਦੁਸ਼ਟ ਦੁਰਾਚਾਰਾਂ ਕਲ ਆਪੇ ਅੰਤ ਖਪਾਏ । ਆਤਮ ਕਾਲੇ ਆਪ ਖਪਾਏ । ਜੋਤ ਸਰੂਪੀ ਜਾਮਾ ਪਾਏ । ਘਣਈਆ ਸ਼ਾਮਾ ਜੋਤ ਪਰਗਟਾਏ । ਰਮਈਆ ਰਾਮਾ ਨਾਮ ਧਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਚੁਕਾਏ । ਆਪਣਾ ਭੇਵ ਆਪੇ ਖੋਲ੍ਹੇ । ਜੋਤ ਸਰੂਪੀ ਜੋਤ ਬੋਲੇ । ਭੇਖ ਧਾਰ ਜਿਉਂ ਬਾਵਨ ਖੜਾ ਬਲ ਦਵਾਰ ਉਹਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਵਜਾਏ ਢੋਲੇ । ਸੋਹੰ ਸ਼ਬਦ ਸਚ ਪੁਕਾਰਾ । ਨਿਹਕਲੰਕ ਲਿਆ ਅਵਤਾਰਾ । ਵੇਦ ਪੁਰਾਨਾਂ ਕਰੇ ਖੁਆਰਾ । ਖਾਣੀ ਬਾਣੀ ਨਾ ਰਹੇ ਸੰਸਾਰਾ । ਕੁਰਾਨ ਅੰਜ਼ੀਲ ਨਾ ਰਹੇ ਅਧਾਰਾ । ਏਕਾ ਸ਼ਬਦ ਸੋਹੰ ਚਾਰ ਕੁੰਟ ਕਰਾਏ ਜੈ ਜੈ ਜੈਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਨਿਹਕਲੰਕ ਨਰਾਇਣ ਨਰ ਅਵਤਾਰਾ । ਚਾਰ ਕੁੰਟ ਹੋਏ ਜੈ ਜੈ ਜੈਕਾਰ । ਸੋਹੰ ਸ਼ਬਦ ਤੇਰੀ ਧੁਨਕਾਰ । ਸ੍ਰਿਸ਼ਟ ਸਬਾਈ ਹੋਏ ਸੁਨਾਰ । ਪਵਣ ਸਰੂਪੀ ਸ਼ਬਦ ਹੁਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਧਰੇ ਨਿਰੰਕਾਰ । ਜੋਤ ਸਰੂਪੀ ਸ਼ਬਦ ਹੁਲਾਰਾ । ਸ੍ਰਿਸ਼ਟ ਸਬਾਈ ਰੰਗ ਕਰਤਾਰਾ । ਏਕਾ ਜੋਤ ਕਰੇ ਉਜਿਆਰਾ । ਖੰਡ ਬ੍ਰਹਿਮੰਡ ਵਰਭੰਡ ਪ੍ਰਭ ਸਾਚੇ ਦਾ ਸਚ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਪਰਚੰਡ, ਸੋਹੰ ਉਠਾਏ ਖੰਡਾ ਦੋ ਧਾਰਾ । ਸੋਹੰ ਖੰਡਾ ਕਲ ਦੋ ਧਾਰਾ । ਸ੍ਰਿਸ਼ਟ ਸਬਾਈ ਕਰੇ ਦੋ ਫਾੜਾ । ਕਰੇ ਰੰਗ ਆਪ ਕਰਤਾਰਾ । ਮੰਗੀ ਮੰਗ ਕਲ ਦੁਸ਼ਟ ਦੁਰਾਚਾਰਾ । ਕਰੇ ਨੰਗ ਹੋਇਣ ਖੁਆਰਾ । ਦਰ ਦਰ ਫਿਰਨ ਕੰਗ ਦੁਸ਼ਟ ਝੱਖ ਮਾਰਾ । ਬੇਮੁਖਾਂ ਪ੍ਰਭ ਦੇਵੇ ਟੰਗ, ਸੋਹੰ ਚਲਾਵੇ ਤੀਰ ਨਿਆਰਾ । ਆਪੇ ਹੋਏ ਅੰਗ ਸੰਗ, ਨਿਹਕਲੰਕ ਨਰਾਇਣ ਨਰ ਅਵਤਾਰਾ । ਗੁਰਮੁਖਾਂ ਪ੍ਰਭ ਸਾਚਾ ਸੰਗ, ਆਪੇ ਦੇਵੇ ਸ਼ਬਦ ਹੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਆਪਣਾ ਭਾਣਾ ਵਰਤੇ ਵਿਚ ਸੰਸਾਰਾ । ਭਾਣਾ ਵਰਤੇ ਸਾਚਾ ਜਗ । ਚਾਰ ਕੁੰਟ ਲੱਗੇ ਅੱਗ । ਸ੍ਰਿਸ਼ਟ ਸਬਾਈ ਜਾਏ ਦਗ । ਭੱਜੇ ਫਿਰਨ ਨੰਗੇ ਪਗ । ਆਪੇ ਆਪ ਪਛਾੜੇ ਪਕੜ ਸ਼ਾਹ ਰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਅੱਗੇ ਧਰਮ ਰਾਏ ਲਗਾਏ ਵਗ । ਸ੍ਰਿਸ਼ਟ ਸਬਾਈ ਦੋ ਫਾੜਾ । ਸੋਹੰ ਧਰਿਆ ਪ੍ਰਭ ਸਾਚੇ ਸਿਰ ਆਰਾ । ਨਾਰੀ ਨਰ ਰਹੇ ਝੱਖ ਮਾਰਾ । ਨਾ ਆਵੇ ਡਰ ਵਿਸਰਿਆ ਕਰਤਾਰਾ । ਛੱਡਿਆ ਸਾਚਾ ਘਰ, ਭੁੱਲੇ ਜੀਵ ਕਲ ਗਵਾਰਾ । ਜੋਤ ਪਰਗਟਾਏ ਅਵਤਾਰ ਨਰ, ਆਤਮ ਕਲ ਕਰੇ ਖੁਆਰਾ । ਆਪਣਾ ਕੀਆ ਲੈਣ ਭਰ, ਚਾਰ ਕੁੰਟ ਹੋਏ ਹਾਹਾਕਾਰਾ । ਸ੍ਰਿਸ਼ਟ ਸਬਾਈ ਆਵੇ ਡਰ, ਏਕਾ ਹੋਏ ਧੁਨ ਧੁਨਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਕਰੇ ਕਰਤਾਰਾ । ਸ੍ਰਿਸ਼ਟ ਸਬਾਈ ਰੰਗ ਕਰਤਾਰ । ਆਪਣਾ ਵਰਤੇ ਆਪ ਵਿਹਾਰ । ਉਪਰ ਧਰਤੇ ਜੀਵ ਜੰਤ ਨਿਵਾਰ । ਕਾਦਰ ਕਰਤੇ ਤੇਰੀ ਮਹਿੰਮਾ ਅਪਰ ਅਪਾਰ । ਨਾਰੀ ਨਰ ਤੇ ਦੁਸ਼ਟ ਦੁਰਾਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਨਾ ਪਾਵੇ ਤੇਰੀ ਸਾਰ । ਅੰਤਮ ਅੰਤ ਆਇਆ ਕਲ । ਪ੍ਰਭ ਕਾ ਭਾਣਾ ਨਾ ਜਾਏ ਟਲ । ਸ੍ਰਿਸ਼ਟ ਸਬਾਈ ਜਾਏ ਹੱਲ । ਆਪ ਕਰਾਏ ਜਲ ਥਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਨਾ ਲਾਏ ਘੜੀ ਪਲ । ਜੋਤ ਜਗਾ ਕੇ ਲਿਖਤ ਲਿਖਾ ਕੇ । ਵਾਕ ਭਵਿਖਤ ਸਤਿ ਕਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਜਾਏ ਲਗਾ ਕੇ । ਸਤਿਜੁਗ ਸਾਚਾ ਆਪ ਲਗਾਣਾ । ਆਪ ਆਪਣਾ ਨਾਉਂ ਧਰਾਣਾ । ਸੋਹੰ ਸਾਚਾ ਨਾਉਂ ਜਪਾਣਾ । ਰਾਉ ਰੰਕ ਇਕ ਕਰਾਣਾ । ਸਚ ਸਚ ਭੇਵ ਖੁਲ੍ਹਾਣਾ । ਰਾਜਾ ਰਾਣਾ ਤਖ਼ਤੋਂ ਲਾਹੁਣਾ । ਵਡ ਵਡ ਮਹਾਂਰਾਣਾ ਨਿਹਕਲੰਕ ਆਪ ਅਖਵਾਣਾ । ਆਪੇ ਆਪ ਬਣੇ ਚਤੁਰ ਸੁਘੜ ਸਿਆਣਾ । ਪ੍ਰਭ ਸਾਚਾ ਸਚ ਵਿਹਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਝੂਠਾ ਅੰਤਮ ਅੰਤ ਮਿਟਾਣਾ । ਕਲਜੁਗ ਝੂਠਾ ਖੇਲ ਮਿਟਾ ਕੇ । ਸ੍ਰਿਸ਼ਟ ਸਬਾਈ ਨਸ਼ਟ ਕਰਾ ਕੇ । ਗੁਰਮੁਖ ਸਾਚੇ ਫੇਰ ਜਗਾ ਕੇ । ਆਤਮ ਸਾਚੀ ਜੋਤ ਟਿਕਾ ਕੇ । ਜੋਤ ਸਰੂਪੀ ਵਿਚ ਸਮਾ ਕੇ । ਪਵਣ ਸਰੂਪੀ ਸ਼ਬਦ ਚਲਾ ਕੇ । ਸ਼ਬਦ ਸਰੂਪੀ ਮੇਲ ਮਿਲਾ ਕੇ । ਮੇਲ ਮਿਲਾ ਕੇ ਭੇਵ ਖੁਲ੍ਹਾ ਕੇ । ਵਡ ਦੇਵੀ ਦੇਵ ਦਰਸ ਦਿਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਤਾਰੇ ਆਪੇ ਮਾਰੇ ਆਪੇ ਗੁਰਸਿਖਾਂ ਕਾਜ ਸਵਾਰੇ ਆਪਣੀ ਸਰਨ ਲਗਾ ਕੇ । ਗੁਰਮੁਖ ਸਾਚਾ ਵਡ ਵਡ ਭਾਗਾ । ਪ੍ਰਭ ਸਾਚੇ ਦੀ ਸਰਨੀ ਲਾਗਾ । ਅੰਤਕਾਲ ਕਲਜੁਗ ਨਾ ਲਾਗੇ ਦਾਗ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਆਪੇ ਫੇਰੇ ਜਗਤ ਸੁਹਾਗਾ । ਸਾਚਾ ਭਾਣਾ ਪ੍ਰਭ ਵਰਤਾਵਣਾ । ਰਾਓ ਰੰਕ ਪ੍ਰਭ ਉਠਾਵਣਾ । ਜੋਤ ਸਰੂਪੀ ਕਰਮ ਕਮਾਵਣਾ । ਪਵਣ ਸਰੂਪੀ ਹੁਕਮ ਸੁਣਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਸੂਰਬੀਰ ਆਪੇ ਆਪ ਪਕੜ ਉਠਾਵਣਾ । ਪ੍ਰਭ ਸਾਚਾ ਸਦ ਦਾਨਾ ਬੀਨਾ । ਪ੍ਰਭ ਸਾਚਾ ਆਪੇ ਖੇਲ ਕਰਾਏ ਚੀਨਾ । ਪ੍ਰਭ ਸਾਚਾ ਕਲਜੁਗ ਜੀਵ ਤੜਫਾਏ ਜਿਉਂ ਜਲ ਮੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਅਗਨ ਲਗਾਏ, ਕਲਜੁਗ ਜਲਾਏ ਸੀਨਾ । ਏਕਾ ਜੋਤ ਅਗਨ ਲਗਾ ਕੇ । ਜੋਤ ਸਰੂਪੀ ਗਗਨ ਹਿਲਾ ਕੇ । ਏਕਾ ਲਗਨ ਦੋ ਬਿਧ ਰਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮੇਵਾ ਮੁਖ ਸਗਣ ਘੋੜੀ ਮੌਤ ਚੜ੍ਹਾ ਕੇ । ਆਪ ਉਠਾਏ ਵਡ ਵਡ ਵਡ ਸੂਰਬੀਰਾ । ਆਪ ਉਠਾਏ ਆਪ ਚਲਾਏ ਸੋਹੰ ਸਾਚਾ ਤੀਰਾ । ਆਪ ਤੜਫਾਏ ਕਲਜੁਗ ਜੀਵ ਬਿਨ ਨੀਰਾ ।


੨੪੭ ੦੨

੨੪੮ ੦੨

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤਾਏ ਚਾਰ ਕੁੰਟ ਕਰਾਏ ਵਹੀਰਾ । ਚਾਰ ਕੁੰਟ ਹੋਏ ਵਹੀਰ । ਨਿਹਕਲੰਕ ਸੋਹੰ ਸ਼ਬਦ ਚਲਾਏ ਤੀਰ । ਕਲਜੁਗ ਜੀਵ ਕੋਏ ਨਾ ਦੇਵੇ ਧੀਰ । ਪ੍ਰਭ ਆਪ ਮਿਟਾਏ ਔਲੀਏ ਈਸਾ ਮੂਸਾ ਮੁਹੰਮਦੀ ਨਾ ਕੋਈ ਦੀਸੇ ਪੀਰ ਪੈਗ਼ੰਬਰ ਫ਼ਕੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਵਿਚ ਮਾਤ ਜੋਤ ਧਰ ਗੁਰਸਿਖਾਂ ਪਿਲਾਵੇ ਅੰਮ੍ਰਿਤ ਸਾਚਾ ਸੀਰ । ਆਪੇ ਆਪ ਉਠਾਵੇ ਰੂਸਿਆ । ਨਸ਼ਟ ਕਰਾਏ ਈਸਾ ਮੂਸਿਆ । ਨਾ ਕੋਈ ਦੀਸੇ ਸ਼ਾਹ ਅਬਨੂਸੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਕਫਨ ਪਹਿਨਾਏ ਸ੍ਰਿਸ਼ਟ ਸਬਾਈ ਕਾਲਾ ਸੂਸੀਆ । ਨਿਹਕਲੰਕ ਤੇਰੀ ਵਡਿਆਈ । ਨਿਹਕਲੰਕ ਜੋਤ ਪਰਗਟਾਈ । ਨਿਹਕਲੰਕ ਲਿਖਤ ਭਵਿਖਤ ਸਤਿ ਵਰਤਾਈ । ਨਿਹਕਲੰਕ ਸਾਚੀ ਲਿਖਤ ਫੇਰ ਲਿਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਨਾਉਂ ਧਰਾਈ । ਨਿਹਕਲੰਕ ਕਲ ਜਾਮਾ ਪਾਏ । ਸ਼ੇਰ ਸਿੰਘ ਪ੍ਰਭ ਨਾਂਉਂ ਧਰਾਏ । ਘੇਰ ਘੇਰ ਦੁਸ਼ਟ ਖਪਾਏ । ਸੰਞ ਸਵੇਰ ਕਿਸੇ ਦਿਸ ਨਾ ਆਏ । ਸ੍ਰਿਸ਼ਟ ਸਬਾਈ ਏਕਾ ਢੇਰ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਫੇਰ ਮਾਤ ਅਖਵਾਏ । ਜੋਤ ਸਰੂਪੀ ਪਹਰਿਆ ਬਾਣਾ । ਧਰੇ ਜੋਤ ਆਪ ਭਗਵਾਨਾ । ਨਾ ਕੋਈ ਦੀਸੇ ਰਾਜਾ ਰਾਣਾ । ਨੇਤਰ ਪੇਖੇ ਵਿਰਲਾ ਗੁਰਮੁਖ ਸੁਘੜ ਸਿਆਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤਾਏ ਆਪ ਚਲਾਏ ਆਪਣਾ ਭਾਣਾ । ਆਪਣੇ ਭਾਣੇ ਆਪ ਚਲਾਏ । ਰਾਜੇ ਰਾਣੇ ਮਾਣ ਗਵਾਏ । ਮਾਣ ਨਿਮਾਣਿਆਂ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਧਰਮ ਦੀ ਜੋਤ ਜਗਾਏ । ਸਚ ਜੋਤ ਅਕਾਰ ਕਰ । ਸਚ ਜੋਤ ਸੰਸਾਰ ਧਰ । ਸਚ ਜੋਤ ਵਿਹਾਰ ਕਰ । ਸਚ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਸਾਰ ਕਰ । ਸਾਚੀ ਜੋਤ ਪਾਵੇ ਸਾਰ । ਸ੍ਰਿਸ਼ਟ ਸਬਾਈ ਦੱਬੀ ਭਾਰ । ਮਾਤ ਧਰਤ ਕਰੇ ਪੁਕਾਰ । ਪ੍ਰਭ ਦਰ ਅੱਗੇ ਸਚ ਦਰਬਾਰ । ਕਲਜੁਗ ਜੀਵ ਦੁਸ਼ਟ ਦੁਰਾਚਾਰ । ਧੀਆਂ ਭੈਣਾਂ ਕਰਨ ਪਤਿ ਖਵਾਰ । ਰਾਮ ਦਾਸ ਤੇਰਾ ਸਾਚਾ ਘਰ ਸਰ ਅੰਮ੍ਰਿਤ ਦੁਸ਼ਟ ਦੁਰਾਚਾਰ ਮਦਿਰਾ ਮਾਸ ਕੀਆ ਅਹਾਰ । ਪਰਗਟ ਜੋਤ ਨਿਹਕਲੰਕ ਅੰਤਮ ਅੰਤ ਕਲ ਸਰਬ ਕਰੇ ਖੁਆਰ । ਰਾਮ ਦਾਸ ਤੇਰਾ ਸਾਚਾ ਘਰ । ਕਲਜੁਗ ਜੀਆਂ ਬਣਾਇਆ ਵੇਸਵਾ ਘਰ । ਗੁਰ ਅਰਜਨ ਤੇਰਾ ਸਾਚਾ ਸਰ । ਕਲਜੁਗ ਜੀਆਂ ਆਪ ਭੁਲਾਇਆ ਤੇਰਾ ਦਰ । ਪਰਗਟ ਜੋਤ ਨਿਹਕਲੰਕ ਲਿਆ ਅਵਤਰ । ਮਾਝਾ ਦੇਸ ਜਾਏ ਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਅਗਨ ਲਗਾਏ ਘਰ ਘਰ । ਮਾਝੇ ਦੇਸ ਆਈ ਹਾਰ । ਅੰਤਮ ਕਲਜੁਗ ਹੋਏ ਖੁਆਰ । ਬਾਹੋਂ ਦਾਹੀ ਔਣ ਬਿਆਸੋਂ ਪਾਰ । ਭੱਜੇ ਜਾਣ ਸਰਬ ਨਰ ਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਰੇ ਆਣ ਸੋਹੰ ਸ਼ਬਦ ਧਾਰ । ਸੋਹੰ ਤੇਰੀ ਸਾਚੀ ਧਾਰਾ । ਸਾਚਾ ਵਰਤੇ ਜਗਤ ਵਿਹਾਰਾ । ਬੇਮੁਖਾਂ ਕਰੇ ਆਪ ਖਵਾਰਾ । ਗੁਰਸਿਖਾਂ ਦੇਵੇ ਚਰਨ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਜਗਤ ਦੋ ਧਾਰਾ । ਗੁਰ ਗੋਬਿੰਦ ਤੇਰੀ ਪੁਕਾਰ । ਸੁਣੇ ਆਪ ਸਚ ਦਾਤਾਰ । ਪੁਰੀ ਅਨੰਦ ਆਈ ਹਾਰ । ਬੇਮੁਖ ਹੋਏ ਜੀਵ ਕਲ ਵਿਭਚਾਰ । ਆਪਣਾ ਕੀਆ ਗਏ ਹਾਰ । ਏਕਾ ਹੀਆ ਕੀਆ, ਸਾਚਾ ਪ੍ਰਭ ਸਾਚੇ ਦੀਆ ਏਕਾ ਸ਼ਬਦ ਅਪਾਰ । ਆਪ ਵਜਾਇਆ ਆਪ ਉਠਾਇਆ ਆਪ ਦਿਖਾਇਆ ਆਪ ਰਸਾਇਆ ਆਪੇ ਆਪ ਸਚ ਟਿਕਾਇਆ ਸਚ ਦਰਬਾਰ । ਏਕਾ ਓਟ ਆਪ ਰਖਾਈ, ਨਿਹਕਲੰਕ ਨਰ ਅਵਤਾਰ । ਨਿਹਕਲੰਕ ਨਰਾਇਣ ਨਰ । ਜੋਤ ਪਰਗਟਾਏ ਏਕਾ

ਹਰਿ । ਅੰਤਕਾਲ ਕਲਜੁਗ ਪ੍ਰਭ ਅਬਿਨਾਸ਼ੀ ਖੁਲ੍ਹਾਵੇ ਸਾਚਾ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਜੋਤ ਧਰ । ਗੁਰ ਗੋਬਿੰਦ ਤੇਰੀ ਆਸ । ਵਿਚ ਮਾਤ ਪ੍ਰਭ ਕੀਆ ਵਾਸ । ਧਰੇ ਜੋਤ ਪ੍ਰਭ ਅਬਿਨਾਸ਼ । ਸ੍ਰਿਸ਼ਟ ਸਬਾਈ ਕਰਾਏ ਨਾਸ । ਗੁਰਸਿਖ ਵਿਰਲਾ ਹੋਏ ਪਾਸ । ਮਾਨਸ ਜਨਮ ਕਰਾਏ ਰਾਸ । ਸੋਹੰ ਜਪੇ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਵਸੇ ਪਾਸ । ਦਿਵਸ ਰੈਣ ਸਦਾ ਸੁਹੇਲਾ । ਗੁਰਮੁਖ ਸਾਚੇ ਸਾਚਾ ਮੇਲਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਕਲਜੁਗ ਜੀਵ ਹੋਏ ਵਕਤ ਦੁਹੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਨਵੇਲਾ । ਏਕਾ ਰੰਗ ਏਕ ਸੰਗ ਏਕਾ ਅੰਗ । ਏਕਾ ਮੰਗ ਪਾਰ ਲੰਘ, ਮਾਨਸ ਜਨਮ ਨਾ ਹੋਏ ਭੰਗ । ਕਾਇਆ ਝੂਠੀ ਕਾਚੀ ਵੰਗ । ਕਲਜੁਗ ਜੀਵ ਅੰਤ ਕਲਜੁਗ ਹੋਇਣ ਨੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਗੁਰਮੁਖ ਸਾਚੇ ਪਾਰ ਜਾਇਣ ਲੰਘ । ਗੁਰਮੁਖ ਸਾਚਾ ਪਾਰ ਲੰਘਿਆ । ਘਰ ਸਾਚਾ ਮੰਗਿਆ ਪ੍ਰਭ ਚਾੜ੍ਹੇ ਆਤਮ ਰੰਗਿਆ । ਦਰ ਆਏ ਮੂਲ ਨਾ ਸੰਗਿਆ । ਸੋਹੰ ਸ਼ਬਦ ਆਤਮ ਸਾਚਾ ਸੰਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰ ਆਏ ਸਾਚਾ ਦਰਸ ਦਾਨ ਦਰ ਮੰਗਿਆ । ਦਰਸ ਦਾਨ ਪ੍ਰਭ ਦਰ ਮੰਗ । ਆਤਮ ਚਾੜ੍ਹੇ ਪ੍ਰਭ ਸਾਚਾ ਰੰਗ । ਅੰਮ੍ਰਿਤ ਆਤਮ ਵਹਾਏ ਨੀਰ ਗੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਸਦਾ ਅੰਗ ਸੰਗ । ਸਾਚਾ ਪ੍ਰਭ ਸਗਲਾ ਸਾਥ । ਹੋਏ ਸਹਾਈ ਆਪ ਰਘੁਨਾਥ । ਪਤਿ ਰਖਾਈ ਤ੍ਰੈਲੋਕੀ ਨਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਉਧਾਰੇ ਦੇ ਕਰ ਹਾਥ । ਗੁਰਮੁਖ ਉਧਾਰਿਆ ਕਾਜ ਸਵਾਰਿਆ । ਪਾਰ ਉਤਾਰਿਆ ਜਨਮ ਦਵਾ ਰਿਹਾ । ਵਕਤ ਸੁਹਾ ਰਿਹਾ, ਲੇਖ ਲਿਖਾ ਰਿਹਾ, ਬਣਤ ਬਣਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਆਪ ਉਪਾ ਰਿਹਾ । ਗੁਰਮੁਖ ਸਾਚੇ ਆਪ ਉਪਾਏ । ਸਾਚੇ ਸੰਤ ਆਪ ਬਣਾਏ । ਸਾਚੇ ਸੰਤ ਵਿਚ ਸਮਾਏ । ਸਾਚੇ ਸੰਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਜਗਾਏ । ਸਾਚਾ ਸੰਤ ਸਦਾ ਅਨਾਦੀ । ਸਾਚਾ ਸੰਤ ਸਦਾ ਵਿਸਮਾਦੀ । ਸਾਚਾ ਸੰਤ ਸਦਾ ਬ੍ਰਹਿਮਾਦੀ । ਸਾਚਾ ਸੰਤ ਦੇਵੇ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੋਧ ਅਗਾਧੀ । ਸਾਚਾ ਸ਼ਬਦ ਸਾਚੀ ਧੁਨ । ਸਾਚਾ ਸ਼ਬਦ ਖੋਲ੍ਹੇ ਸੁੰਨ । ਸਾਚਾ ਸ਼ਬਦ ਮੇਲ ਮਿਲਾਵੇ ਰਿਖ ਮੁਨ । ਸਾਚਾ ਸ਼ਬਦ ਗੁਰਮੁਖ ਸਾਚੇ ਕੰਨ ਸੁਣ । ਸਚ ਘਰ ਪ੍ਰਭ ਆਪ ਵਸਾਇਆ । ਸਚ ਦਰ ਗੁਰਸਿਖ ਬਹਾਇਆ । ਅਵਤਾਰ ਨਰ ਦਇਆ ਕਮਾਇਆ । ਕਲਜੁਗ ਅੰਤਮ ਅੰਤ ਚੌਥਾ ਜੁਗ ਆਣ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੰਡ ਬ੍ਰਹਿਮੰਡ ਦੇ ਉਲਟਾਇਆ । ਚੌਥਾ ਜੁਗ ਜਾਏ ਬੀਤ । ਪ੍ਰਭ ਸਾਚਾ ਪਰਖੇ ਸਾਚੀ ਨੀਤ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਰੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਸਦ ਸਾਚਾ ਮੀਤ । ਬ੍ਰਹਮਲੋਕ ਆਪ ਉਲਟਾਏ । ਸਾਚਾ ਪ੍ਰਭ ਅੰਤਮ ਸੋਗ ਆਪ ਕਰਾਏ । ਕਲਜੁਗ ਜੀਵ ਭੁੱਲੇ ਲੋਗ ਪ੍ਰਭ ਦੇ ਸਜ਼ਾਏ । ਏਕਾ ਦੇ ਸ਼ਬਦ ਸਲੋਕ, ਪ੍ਰਭ ਸੰਗ ਰਲਾਏ । ਦੇਵੇ ਦਰਸ ਅਮੋਘ, ਜੋ ਜਨ ਰਸਨਾ ਗਾਏ । ਸੋਹੰ ਸਾਚੀ ਚੋਗ ਗੁਰਸਿਖ ਚੁਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚਾ ਜੋਗ ਚਾਰ ਵਰਨ ਰਖਾਏ । ਬ੍ਰਹਮਾ ਬ੍ਰਹਮ ਲੋਕ ਸਮਾਇਆ । ਆਪ ਆਪਣਾ ਕਰਮ ਕਮਾਇਆ । ਵੇਲਾ ਅੰਤਮ ਅੰਤ ਲਿਆਇਆ । ਜੋਤ ਸਰੂਪੀ ਬ੍ਰਹਮ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ


੨੪੯ ੦੨

ਆਪ ਕਮਾਇਆ । ਬ੍ਰਹਮਾ ਬ੍ਰਹਮਲੋਕ ਤਜਾਏ । ਜੋਤ ਸਰੂਪੀ ਵਿਚ ਜੋਤ ਸਮਾਏ । ਸ਼ਬਦ ਸਰੂਪੀ ਸ਼ਬਦ ਲਿਖਾਏ । ਬਿਨ ਰੰਗ ਰੂਪੀ ਕਿਸੇ ਦਿਸ ਨਾ ਆਏ । ਵਡ ਵਡ ਵਡ ਭੂਪਨ ਭੂਪੀ ਆਪ ਵਡ ਵਡ ਸਿਕਦਾਰ ਹੋ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਨ ਲੋਕ ਦੇ ਉਲਟਾਏ । ਬ੍ਰਹਮਲੋਕ ਬ੍ਰਹਮਾ ਤਜਾਇਆ । ਅੰਤਮ ਅੰਤ ਪ੍ਰਭ ਕਰਾਇਆ । ਵਿਚ ਵਿਸਮੰਤ ਸਦ ਵਿਚ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਆਣ ਤਰਾਇਆ । ਸਾਚਾ ਮਾਣ ਆਪ ਦਵਾ ਕੇ । ਸ੍ਰਿਸ਼ਟ ਸਬਾਈ ਹੱਥ ਫੜਾ ਕੇ । ਸਤਿਜੁਗ ਸਾਚਾ ਦੀਪ ਜਗਾ ਕੇ । ਨਿਹਕਲੰਕ ਸਿਰ ਹੱਥ ਟਿਕਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੀ ਜਾਏ ਬਣਤ ਬਣਾ ਕੇ । ਗੁਰਮੁਖ ਸਾਚੇ ਮਾਣ ਦਵਾਇਆ । ਸਾਚੇ ਧਾਮ ਗੁਰਸਿਖ ਬਹਾਇਆ । ਸਾਚਾ ਕਾਮ ਪੂਰ ਕਰਾਇਆ । ਸਾਚਾ ਰਾਮ ਨਾ ਮਰੇ ਨਾ ਜਾਇਆ । ਜੋਤ ਸਰੂਪੀ ਜੋਤ ਪ੍ਰਭ, ਬ੍ਰਹਮਾ ਜੋਤੀ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਨਿਹਕਲੰਕ ਗੁਰਮੁਖ ਸਾਚੇ ਪਾਲ ਸਿੰਘ ਬ੍ਰਹਮਲੋਕ ਬਹਾਇਆ । ਗੁਰਮੁਖ ਸਾਚੇ ਸਾਜਨ ਸਾਜਾ । ਕਰੇ ਕਰਾਏ ਗਰੀਬ ਨਿਵਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣ ਦਵਾਏ ਆਪ ਸਵਾਰੇ ਆਪਣੇ ਕਾਜਾ । ਬ੍ਰਹਮਲੋਕ ਗੁਰਸਿਖ ਬਹਾਇਆ । ਪਾਲ ਸਿੰਘ ਨਾਮ ਲਿਖਾਇਆ । ਸਾਚਾ ਛਤਰ ਸੀਸ ਝੁਲਾਇਆ । ਸੈਹਜੂ ਸ਼ੰਭੂ ਸੰਗ ਰਲਾਇਆ । ਸ੍ਰਿਸ਼ਟ ਸਬਾਈ ਹੱਥ ਫੜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਇਆ । ਆਪੇ ਕਰੇ ਕਰਮ ਵਿਚਾਰਾ । ਆਪੇ ਪਾਵੇ ਗੁਰਮੁਖ ਸਾਰਾ । ਆਪੇ ਬਖ਼ਸ਼ੇ ਬੱਤੀ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ, ਆਪੇ ਬਹਾਏ ਸਾਚੇ ਦਰ ਦਰਬਾਰਾ । ਗੁਰਮੁਖ ਸਾਚੇ ਜੋਤ ਧਰ । ਕਿਰਪਾ ਕੀਨੀ ਆਪੇ ਹਰਿ । ਏਕਾ ਦੀਆ ਸਾਚਾ ਵਰ । ਆਪ ਬਹਾਇਆ ਸਾਚੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਇਆ ਨਰਾਇਣ ਹਰਿ । ਝੂਠਾ ਮਾਣ ਜਗਤ ਤਜਾਇਆ । ਮਾਤਾ ਪਿਤਾ ਭੈਣ ਭਰਾ ਸਗਲ ਛਡਾਇਆ । ਸੋਹੰ ਸਾਚੀ ਦਾਤ ਪ੍ਰਭ ਝੋਲੀ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਧੇਰੀ ਰਾਤਾ ਗੁਰਮੁਖ ਸਾਚਾ ਸਾਚਾ ਦੀਪ ਜਗਾਇਆ । ਸਾਚਾ ਦੀਪਕ ਆਪ ਜਗਾਇਆ । ਬਿਨ ਬਾਤੀ ਬਿਨ ਤੇਲ ਰਖਾਇਆ । ਸੋਹੰ ਸਾਚਾ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਖੇਲ ਰਚਾਇਆ । ਆਪਣਾ ਖੇਲ ਆਪੇ ਖੇਲਾ । ਆਪ ਕਰਾਇਆ ਗੁਰਮੁਖ ਮੇਲਾ । ਆਪੇ ਬਣਿਆ ਸੱਜਣ ਸੁਹੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਪੰਚਮ ਜੇਠ ਖੇਲਾ । ਸਪਤਮ ਜੇਠ ਸਤਿ ਸਤਿ ਸਤਿਵਾਦ । ਪ੍ਰਭ ਸ਼ਬਦ ਲਿਖਾਏ ਬੋਧ ਅਗਾਧ । ਸਾਚਾ ਭੇਵ ਖੁਲ੍ਹਾਏ ਪ੍ਰਭ ਮਾਧਵ ਮਾਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਧੁਨ ਉਪਜਾਏ ਸੁੰਨ ਖੁਲ੍ਹਾਏ ਸੋਹੰ ਸਾਚਾ ਨਾਦ । ਨਾਦ ਧੁਨ ਆਪ ਵਜਾ ਕੇ । ਆਤਮ ਸੁੰਨ ਗੁਰਸਿਖ ਖੁਲ੍ਹਾ ਕੇ । ਕਲਜੁਗ ਜਨ ਚਰਨ ਲਗਾ ਕੇ । ਬੇਮੁਖ ਪ੍ਰਭ ਦਰ ਦੁਰਕਾ ਕੇ । ਵਕਤ ਆਇਆ ਅੰਤਕਾਲ ਕਲਜੁਗ ਹੁਣ ਆਪਣੀ ਜਾਏ ਭੁਲ ਬਖ਼ਸ਼ਾ ਕੇ । ਪ੍ਰਭ ਅਬਿਨਾਸ਼ੀ ਜੀਵ ਨਾ ਜਾਣੇ ਗੁਣ, ਜੋਤ ਸਰੂਪੀ ਬੈਠਾ ਜਾਮਾ ਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਰਖਾ ਕੇ । ਨਿਹਕਲੰਕ ਕਲ ਜਾਮਾ ਪਾ ਕੇ । ਘਨਕਪੁਰੀ ਪ੍ਰਭ ਭਾਗ ਲਗਾ ਕੇ । ਬੇਮੁਖਾਂ ਦਿਸ ਨਾ ਆਇਆ ਗੁਰਸਿਖਾਂ ਪ੍ਰਭ ਵਿਚ ਸਮਾਇਆ । ਜੋਤ ਸਰੂਪੀ ਰੁਣ ਝੁਣ ਲਗਾਇਆ । ਮਹਾਰਾਜ ਸ਼ੇਰ

੨੫੦
੦੨

ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਘਨਕਪੁਰੀ ਧਾਮ ਨਿਆਰਾ । ਧਰੇ ਜੋਤ ਨਿਹਕਲੰਕ ਨਰਾਇਣ ਨਰ ਅਵਤਾਰਾ । ਭੁੱਲਾ ਫਿਰੇ ਸਰਬ ਸੰਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਪਾਏ ਤੇਰਾ ਸਚ ਦਵਾਰਾ । ਸਚ ਦਵਾਰ ਜੀਵ ਵਿਚਾਰ, ਜੋਤ ਗਿਰਧਾਰ ਵਿਚ ਸੰਸਾਰ, ਪਾਵੇ ਸਾਰ ਰੰਗ ਕਰਤਾਰ, ਕਰ ਵਿਚਾਰ ਭਰਮ ਨਿਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗ ਕਰਤਾਰ । ਨਿਹਕਲੰਕ ਕਰਮ ਕਮਾਉਣਾ । ਸਾਚਾ ਲੇਖ ਲਿਖਤ ਲਿਖਾਉਣਾ । ਝੂਠਾ ਭੇਖ ਜਗਤ ਮਿਟਾਉਣਾ । ਵੇਖ ਵੇਖ ਗੁਰਸਿਖ ਜਗਾਉਣਾ । ਲੇਖ ਲੇਖ ਸਾਚੇ ਲੇਖ ਪ੍ਰਭ ਆਪ ਲਿਖਾਉਣਾ । ਨੇਤਰ ਪੇਖ ਗੁਰਮੁਖ ਸਚੇ ਪ੍ਰਭ ਆਪਣਾ ਦਰਦ ਮਿਟਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚਾ ਦੀਪ ਜਗਾਉਣਾ । ਗੁਰਮੁਖ ਸਾਚੇ ਆਪ ਜਗਾਏ । ਆਪ ਆਪਣੀ ਸਰਨ ਲਗਾਏ । ਬੇਮੁਖ ਜੀਵ ਕਲ ਭੁਲਾਏ । ਆਪਣਾ ਦਰ ਨਾ ਕਿਸੇ ਦਸਾਏ । ਮਾਨਸ ਜਨਮ ਗਏ ਹਰ, ਨਿਹਕਲੰਕ ਦੇ ਸਜਾਏ । ਗੁਰਮੁਖ ਸਾਚੇ ਗਏ ਤਰ, ਜਿਸ ਜਨ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਆਪਣੀ ਕਲ ਵਰਤਾਏ । ਅੰਤਕਾਲ ਕਲ ਅੰਤ ਪ੍ਰਭ ਕਰਨਾ । ਧਰੇ ਜੋਤ ਵਡ ਧਰਨੀ ਧਰਨਾ । ਆਪ ਮਿਟਾਏ ਜ਼ਾਤ ਪਾਤ ਚਾਰ ਵਰਨਾਂ । ਏਕਾ ਏਕ ਕਰਾਏ ਪ੍ਰਭ ਏਕਾ ਵਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਓਟ ਰਖਾਏ ਨਿਹਕਲੰਕ ਸਾਚੀ ਸਰਨਾ । ਨਿਹਕਲੰਕ ਸਚ ਦਵਾਰਾ ਨਿਹਕਲੰਕ ਸਚ ਘਰ ਬਾਹਰਾ । ਨਿਹਕਲੰਕ ਸਚ ਵਰਤਾਰਾ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਏਕਾ ਦੇਵੇ ਸ਼ਬਦ ਹੁਲਾਰਾ । ਚਾਰ ਵਰਨ ਇਕ ਧਿਆਨ । ਚਾਰ ਵਰਨ ਇਕ ਗਿਆਨ । ਚਾਰ ਵਰਨ ਇਕ ਆਣ । ਚਾਰ ਵਰਨ ਇਕ ਬਾਣ । ਚਾਰ ਵਰਨ ਦੇਵੇ ਵਡਿਆਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਚਾਰ ਵਰਨ ਇਕ ਸਿਕਦਾਰਾ । ਚਾਰ ਵਰਨ ਇਕ ਘਰ ਬਾਹਰਾ । ਚਾਰ ਵਰਨ ਇਕ ਗਿਰਧਾਰਾ । ਚਾਰ ਵਰਨ ਇਕ ਵਿਹਾਰਾ । ਚਾਰ ਵਰਨ ਨਿਹਕਲੰਕ ਤੇਰੇ ਚਰਨ ਨਿਮਸਕਾਰਾ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਪਾਵੇ ਸਰਬ ਸਾਰਾ । ਚਾਰ ਵਰਨ ਏਕਾ ਜੋਤੀ । ਚਾਰ ਵਰਨ ਏਕਾ ਗੋਤੀ । ਚਾਰ ਵਰਨ ਪ੍ਰਭ ਆਪ ਬਣਾਏ ਮਾਣਕ ਮੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਉਠਾਏ ਆਤਮ ਜੋਤ ਜਗਾਏ ਜੋਤੀ । ਸਾਚਾ ਸ਼ਬਦ ਸਚ ਸੰਦੇਸ਼ । ਸਚ ਸ਼ਬਦ ਪ੍ਰਭ ਦੇਵੇ ਬ੍ਰਹਮਾ ਵਿਸ਼ਨ ਮਹੇਸ਼ । ਸਚ ਸ਼ਬਦ ਵਿਚ ਮਾਤ ਧਰੇ ਕੋਈ ਨਾ ਹੋਵੇ ਵਡ ਮਰਗੇਸ਼ । ਸਾਚਾ ਸ਼ਬਦ ਗੁਰਮੁਖ ਵਿਰਲਾ ਜਪੇ ਸੋਹੰ ਵਿਚ ਮਾਝੇ ਦੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਕਲਜੁਗ ਕੀਆ ਜੋਤ ਸਰੂਪੀ ਵੇਸ । ਜੋਤ ਸਰੂਪੀ ਕੀਆ ਵੇਸਿਆ । ਪ੍ਰਭ ਅਬਿਨਾਸ਼ੀ ਕੀਆ ਭੇਸਿਆ । ਆਪ ਵਸਾਏ ਸਾਚਾ ਦੇਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਭੁਲਾਏ ਵਡ ਮਰਗੇਸਿਆ । ਆਪੇ ਆਪ ਸਰਬ ਭੁਲਾਏ । ਆਪੇ ਆਪ ਸਰਬ ਡੁਲਾਏ । ਆਪੇ ਆਪ ਸਰਬ ਰੁਲਾਏ । ਆਪੇ ਆਪ ਸਰਬ ਖਪਾਏ । ਆਪੇ ਆਪ ਸਰਬ ਮਿਟਾਏ । ਆਪੇ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਜੋਤ ਜਗਾਏ । ਆਪੇ ਆਪ ਆਪ ਭਗਵੰਤਾ । ਆਪੇ ਆਪ ਪ੍ਰਭ ਜੋਤ ਜਗਾਏ ਸਾਧਨ ਸੰਤਾ । ਆਪੇ ਆਪ ਮੇਲ ਮਿਲਾਏ ਗੁਰਮੁਖ ਸਾਚੇ ਕੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਆਦਿਨ ਅੰਤਾ । ਅੰਤਮ ਅੰਤ ਖੇਲ ਕਰਾਏ । ਸਾਚੀ ਲਿਖਤ ਆਪ ਲਿਖਾਏ । ਪਿੰਡ ਬੁੱਗੇ ਭਾਗ ਲਗਾਏ । ਸਾਧ ਸੰਗਤ

ਸੰਗ ਰਲਾਏ । ਸਾਚਾ ਹੁਕਮ ਆਪ ਸੁਣਾਏ । ਗੁਰ ਸੰਗਤ ਦਰ ਮੰਗਲ ਗਾਏ । ਬੇਮੁਖ ਗਲ ਸੰਗਲ ਘੱਤ ਚਾਰ ਕੁੰਟ ਜਮਦੂਤਾਂ ਦੇ ਹੱਥ ਫੜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਖੇਲ ਕਰ ਚਰਨ ਬਿਆਸੋਂ ਪਾਰ ਟਿਕਾਏ । ਚਰਨ ਧਰੇ ਬਿਆਸੋਂ ਪਾਰ । ਮਾਝਾ ਦੇਸ ਹੋਏ ਖੁਆਰ । ਦਰ ਦਰ ਬਿਲਲਾਇਣ ਸਰਬ ਨਾਰੀ ਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਵੇ ਸਰਬ ਸਾਰ । ਮਾਝਾ ਦੇਸ ਗਿਆ ਹਰ । ਘਰ ਘਰ ਦਰ ਦਰ ਆਵੇ ਡਰ । ਨਾ ਕੋਈ ਦੀਸੇ ਨਾਰੀ ਨਰ । ਆਪਣਾ ਕੀਆ ਲੈਣ ਭਰ । ਮੇਟ ਮਿਟਾਏ ਰਾਮ ਦਾਸ ਤੇਰਾ ਸਾਚਾ ਸਰ । ਅੰਤਮ ਖੇਲ ਕਰਾਏ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਚਰਨ ਬਿਆਸੋਂ ਪਾਰ ਧਰ । ਪਾਰ ਬਿਆਸੋਂ ਚਰਨ ਟਿਕਾਏ । ਜੋਤ ਸਰੂਪੀ ਸ਼ਬਦ ਜਣਾਏ । ਸੱਤਰ ਲੱਖ ਪਠਾਣ ਉਠਾਏ । ਵਾਹੋ ਦਾਹੀ ਆਵਣ ਧਾਏ । ਕੋਇ ਨਾ ਮੋੜੇ ਮੋੜ ਮੁੜਾਏ । ਪ੍ਰਭ ਕਾ ਭਾਣਾ ਸਤਿ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਆਪਣੀ ਕਲ ਆਪ ਵਰਤਾਏ । ਪਾਰ ਬਿਆਸੋਂ ਹੋਏ ਵਾਸ । ਗੁਰ ਸੰਗਤ ਪ੍ਰਭ ਹੋਏ ਦਾਸ । ਏਕਾ ਜੋਤ ਕਰੇ ਪਰਕਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਰਾਸ । ਆਪਣੀ ਰਾਸ ਆਪੇ ਜਾਣੇ । ਆਪਣਾ ਵਕਤ ਆਪ ਪਛਾਣੇ । ਆਪੇ ਹੋਏ ਮਾਣ ਨਿਮਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਸਿਰ ਹੱਥ ਟਿਕਾਏ । ਸਾਧ ਸੰਗਤ ਸੰਗ ਰਲਾਏ । ਸਾਚੀ ਰੰਗਤ ਨਾਮ ਚੜ੍ਹਾਏ । ਅੰਗਦ ਅੰਗੀਕਾਰ ਆਪ ਹੋ ਜਾਏ । ਗੁਰਮੁਖ ਸਾਚੇ ਪ੍ਰਭ ਸਾਚਾ ਮੰਗ ਦਰਸ ਦਾਨ, ਸੋਹੰ ਭਿਛਿਆ ਸਾਚੀ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣੇ ਚਰਨ ਟਿਕਾਏ । ਮਸਤੂਆਣੇ ਪ੍ਰਭ ਸਾਚਾ ਆ ਕੇ । ਜੋਤ ਸਰੂਪੀ ਜੋਤ ਜਗਾ ਕੇ । ਆਪਣਾ ਭੇਵ ਆਪ ਖੁਲ੍ਹਾ ਕੇ । ਸਿੰਘਾਸਣ ਬੈਠੇ ਡੇਰਾ ਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾ ਕੇ । ਸਿੰਘਾਸਣ ਸਿੰਘ ਰੂਪ ਸੁਹਾਵਣਾ । ਬੈਕੁੰਠ ਨਿਵਾਸਣ ਵਿਚ ਮਾਤ ਦੇ ਆਵਣਾ । ਪੁਰਖ ਅਬਿਨਾਸ਼ਣ ਜੋਤ ਸਰੂਪੀ ਜਾਮਾ ਪਾਵਣਾ । ਸਰਬ ਘਟ ਵਾਸਣ ਸਾਚਾ ਦਾਸਣ ਵਿਚ ਮਾਤ ਅਖਵਾਵਣਾ । ਸ੍ਰਿਸ਼ਟ ਸਬਾਈ ਸਦ ਬਿਨਾਸਣ ਪ੍ਰਭ ਆਪਣਾ ਹੁਕਮ ਵਰਤਾਵਣਾ । ਧੁੰਧੂਕਾਰ ਵਿਚ ਸੰਸਾਰ ਮਾਤ ਪਤਾਲ ਅਕਾਸ਼ਣ ਅਗਨ ਮੇਘ ਪ੍ਰਭ ਆਪ ਵਰਸਾਵਣਾ । ਜੋ ਜਨ ਜਪੇ ਸੋਹੰ ਸਵਾਸ ਸਵਾਸਣ ਨਿਹਕਲੰਕ ਚਰਨ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੇਵ ਮਸਤੂਆਣੇ ਜਾ ਖੁਲ੍ਹਾਵਣਾ । ਮਸਤੂਆਣੇ ਜੋਤ ਜਗਾਏ । ਦਿਵਸ ਰੈਣ ਇਕ ਰੰਗ ਸਮਾਏ । ਵਡ ਸੂਰਾ ਸਰਬੰਗ ਆਪ ਅਖਵਾਏ । ਸ਼ਬਦ ਸਰੂਪੀ ਕੀਆ ਜੰਗ, ਸ੍ਰਿਸ਼ਟ ਸਬਾਈ ਭੇੜ ਭਿੜਾਏ । ਆਪੇ ਵੇਖੇ ਆਪਣੇ ਰੰਗ, ਜੀਵ ਜੰਤ ਕੋਈ ਭੇਵ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਲ ਵਰਤਾਏ । ਸਿੰਘਾਸਣ ਪ੍ਰਭ ਜੋਤ ਧਰ । ਜਗਾਏ ਜੋਤ ਅਵਤਾਰ ਨਰ । ਆਤਮ ਹੰਕਾਰੀਆਂ ਦੁਸ਼ਟ ਦੁਰਾਚਾਰੀਆਂ ਦਰ ਆਵੇ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਮਸਤੂਆਣਾ ਚਾਰ ਵਰਨ ਖੁਲ੍ਹਾਵੇ ਸਾਚਾ ਦਰ । ਮਸਤੂਆਣਾ ਸਚ ਦਵਾਰਾ । ਨਿਹਕਲੰਕ ਲਏ ਅਵਤਾਰਾ । ਚਾਰ ਵਰਨ ਆਏ ਦਵਾਰਾ । ਸੋਹੰ ਦੇਵੇ ਨਾਮ ਅਧਾਰਾ । ਦੁਰਮਤ ਮਿਟਾਏ ਜਗਤ ਸੁਧਾਰਾ । ਪ੍ਰਭ ਅਬਿਨਾਸ਼ੀ ਪਾਵੇ ਸਾਰਾ । ਓਅੰ ਓਅੰ ਓਅੰ ਆਪ ਅਖਵਾਏ, ਜੋਤ ਸਰੂਪ ਨਿਹਕਲੰਕ ਨਰਾਇਣ ਨਰ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰਾ । ਸਿੰਘਾਸਣ ਪ੍ਰਭ ਡੇਰਾ ਲਾ । ਵਿਚ ਮਾਤ ਪ੍ਰਭ ਆਪਣੀ ਜੋਤ ਜਗਾ । ਪੰਜ ਪੰਜ

ਗੜ੍ਹ ਚੌਗਿਰਦ ਲੀਕ ਲਏ ਲਗਾ । ਕੋਈ ਵਿਰਲਾ ਸੰਤ ਫ਼ਕੀਰ ਚਰਨੀ ਡਿਗੇ ਆ । ਜੋ ਜਨ ਆਤਮ ਗਹਿਰ ਗੰਭੀਰ ਪ੍ਰਭ ਦੇਵੇ ਦਰ ਦੁਰਕਾ । ਏਕਾ ਜੋਤ ਅਗਨ ਲਗਾਏ ਤੀਰ ਅੰਤਮ ਭਸਮ ਦੇਵੇ ਕਰਾ । ਗੁਰਮੁਖ ਸਾਚੇ ਅੰਮ੍ਰਿਤ ਸਾਚਾ ਸੀਰ ਦੇਵੇ ਠੰਡ ਵਰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣੇ ਆਪਣਾ ਖੇਲ ਦਏ ਵਰਤਾ । ਮਸਤੂਆਣੇ ਕਰਮ ਕਮਾਵਣਾ । ਚਾਲੀ ਦਿਵਸ ਸ਼ਬਦ ਲਿਖਾਵਣਾ । ਦਿਵਸ ਰੈਣ ਇਕ ਕਰਾਵਣਾ । ਏਕਸ ਰੰਗ ਆਪ ਕਰਾਵਣਾ । ਗੁਰਮੁਖ ਸਾਚੇ ਸਤਿ ਸਤਿ ਸਤਿ ਵਿਚ ਸਮਾਵਣਾ । ਏਕਾ ਸਚ ਯਤ ਸ਼ਬਦ ਰਖਾਵਣਾ । ਏਕਾ ਸਾਚਾ ਸਤਿ ਸੋਹੰ ਰਸਨਾ ਗਾਵਣਾ । ਏਕਾ ਸਾਚੀ ਮਤਿ ਚਾਰ ਵਰਨ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਤਤ ਚਾਰ ਵਰਨ ਪ੍ਰਭ ਚਰਨ ਲਗਾਵਣਾ । ਏਕਾ ਰਸਨਾ ਸੋਹੰ ਸਾਚਾ ਕੱਤ, ਜਿਸ ਬੇੜਾ ਬੰਨ੍ਹ ਪਾਰ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣੇ ਜੋਤ ਸਰੂਪੀ ਸਾਚਾ ਦੀਪ ਜਗਾਵਣਾ । ਸਾਚਾ ਸ਼ਬਦ ਲੇਖ ਲਿਖਾਰੀ । ਭਗਤ ਵਛਲ ਪ੍ਰਭ ਗਿਰਧਾਰੀ । ਅਛਲ ਅਛੱਲ ਨਾ ਕੋਈ ਪਾਵੇ ਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਅਚਰਜ ਖੇਲ ਅਪਾਰੀ । ਅਚਰਜ ਖੇਲ ਪਾਰਬ੍ਰਹਮ ਅਪਾਰ । ਆਪਣਾ ਰੰਗ ਕੀਆ ਕਰਤਾਰ । ਜੋਤ ਸਰੂਪੀ ਲਿਆ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਇਕ ਸਚ ਦਰਬਾਰ । ਸਾਚਾ ਦਰ ਦਰਬਾਰ ਲਗਾਵਣਾ । ਮਸਤੂਆਣਾ ਧਾਮ ਸੁਹਾਵਣਾ । ਗੁਰਮੁਖ ਸਾਚੇ ਵਿਚ ਪ੍ਰਭ ਸਾਚੇ ਸਦ ਸਮਾਵਣਾ । ਦਿਵਸ ਰੈਣ ਰੈਣ ਦਿਵਸ ਚਾਲੀ ਇਕ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜਾ ਰਾਣਾ ਬਾਂਹੋਂ ਪਕੜ ਉਠਾਵਣਾ । ਸਾਚਾ ਪ੍ਰਭ ਵਡ ਭਰਪੂਰਾ । ਦੇਵੇ ਸ਼ਬਦ ਅਨਹਦ ਤੂਰਾ । ਆਤਮ ਰਹੇ ਸਤਿ ਸਰੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰਾ । ਸਰਬ ਕਲਾ ਆਪੇ ਭਰਪੂਰ । ਆਪ ਵਜਾਏ ਸ਼ਬਦ ਤੂਰ । ਪਕੜ ਉਠਾਏ ਰਾਜਾ ਸੰਗਰੂਰ । ਦਰਸ ਦਿਖਾਏ ਦਇਆ ਕਮਾਏ ਆਪ ਬਣਾਏ ਚਤੁਰ ਬੇਮੁਖ ਮੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਵੇ ਜੋਤ ਸਰੂਪੀ ਆਤਮ ਪਾਵੇ ਜੂੜ । ਜੋਤ ਸਰੂਪੀ ਆਤਮ ਖਿਚ । ਪਕੜ ਲਿਆਵੇ ਚਰਨ ਵਿਚ । ਅੰਮ੍ਰਿਤ ਆਤਮ ਦੇਵੇ ਸਿੰਚ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਹਿਰਦੇ ਵਿਚ । ਹਿਰਦੇ ਰਚਿਆ ਸਾਚਾ ਸੱਚਿਆ, ਬੇਮੁਖ ਮੱਚਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਸੋਹੰ ਭੱਠੀ ਭਾਂਡੇ ਕੱਚਿਆ । ਰਾਣਾ ਸੰਗਰੂਰ ਆਏ ਹਜ਼ੂਰ । ਟੁੱਟੇ ਗਰੂਰ ਕਿਰਪਾ ਕਰ ਸਰੂਰ । ਸ਼ਬਦ ਸਰੂਪੀ ਜੋਤ ਜਗਾ । ਆਪਣੀ ਸਰਨ ਲਏ ਲਗਾ । ਆਤਮ ਦੁਖ ਦਏ ਗਵਾ । ਏਕਾ ਸੁਖ ਦਏ ਉਪਜਾ । ਸੁਕੜੇ ਰੁੱਖ ਹਰੇ ਦਏ ਕਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਉਜਲ ਮੁਖੜਾ ਲਏ ਰਖਾ । ਰਾਣਾ ਸੰਗਰੂਰ ਪ੍ਰਭ ਦਰ ਆਏ । ਆਪਣੀ ਭੁਲ ਜਾਏ ਬਖ਼ਸ਼ਾਏ । ਸ਼ਬਦ ਸਾਰ ਸਾਚੀ ਪਾਏ । ਵਡ ਅਡੋਲ ਪ੍ਰਭ ਦਰਸ਼ਨ ਪਾਏ । ਪ੍ਰਭ ਸਾਚਾ ਸਦ ਅਤੋਲ ਸ੍ਰਿਸ਼ਟ ਸਬਾਈ ਜਾਏ ਤੁਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਨਾ ਕਲਜੁਗ ਭੁਲ ਪ੍ਰਭ ਦਰ ਆ ਕੇ । ਰਾਣਾ ਸੰਗਰੂਰ ਸਾਚਾ ਸਾਚੀ । ਆਪ ਬਣਾਏ ਸਾਚਾ ਰਾਥੀ । ਸਿੰਘ ਅਸਵਾਰੀ ਵਡ ਗਿਰ ਹਾਥੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਕਰਾਏ, ਕਰੇ ਕਰਾਏ ਆਪੇ ਦੇਖੇ ਦੇਖ ਦਿਖਾਏ, ਭਰਮ ਭੁਲੇਖੇ ਸ੍ਰਿਸ਼ਟ ਸਬਾਈ ਆਪ ਭੁਲਾਏ, ਗੁਰਮੁਖ ਸਾਚੇ ਲੇਖੇ ਆਪ ਲਗਾਏ ਤ੍ਰੈਲੋਕੀ ਨਾਥੀ । ਰਾਣਾ ਸੰਗਰੂਰ ਸੰਗ ਰਲ । ਸਾਧ ਸੰਗਤ ਨਾਲ ਚਲ । ਜਮਨ

ਕਿਨਾਰਾ ਲੈਣ ਮਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਜੁਗੋ ਜੁਗ ਅਟੱਲ । ਜਮਨ ਕਿਨਾਰੇ ਪ੍ਰਭ ਸਾਚਾ ਆ ਕੇ । ਜੋਤ ਜਗਾਏ ਦਇਆ ਕਮਾ ਕੇ । ਸ਼ਬਦ ਸੁਣਾਏ ਜਨ ਭਗਤ ਉਠਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਧੁਨ ਉਪਜਾਏ ਸੋਹੰ ਨਾਦ ਵਜਾ ਕੇ । ਸੋਹੰ ਨਾਦ ਸਾਚੀ ਧੁਨਕਾਰਾ । ਚਾਰ ਕੁੰਟ ਕਰਾਏ ਜੈ ਜੈ ਜੈਕਾਰਾ । ਸਾਧਾਂ ਸੰਤਾਂ ਜੀਵਾਂ ਜੰਤਾਂ ਪ੍ਰਭ ਸਾਚਾ ਸੁਣੇ ਪੁਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਸੁਹਾਏ ਜਮਨ ਕਿਨਾਰਾ । ਜਮਨ ਕਿਨਾਰੇ ਜੋਤ ਗਿਰਧਾਰੇ ਲਏ ਅਵਤਾਰੇ, ਗੁਰਮੁਖ ਸਾਚਾ ਪਾਵੇ ਸਾਰੇ । ਆਵਣ ਚਲ ਨਿਹਕਲੰਕ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਭਰੇ ਸਰਬ ਭੰਡਾਰੇ । ਸਰਬ ਗੁਣਾਂ ਭਰਪੂਰ ਹਰਿ । ਆਤਮ ਸਹਿੰਸੇ ਦੂਰ ਕਰ । ਗੁਰਮੁਖ ਸਾਚੇ ਆਤਮ ਨੂਰੋ ਨੂਰ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਸੋਹੰ ਆਤਮ ਸਰੂਰ ਧਰ । ਸਾਧ ਸੰਤ ਦਰਸ਼ਨ ਪਾਏ । ਆਪ ਆਪਣੀ ਅਲਖ ਜਗਾਏ । ਕਲਜੁਗ ਸੋਏ ਜੀਵ ਆਪ ਉਠਾਏ । ਸੋਹੰ ਨਾਅਰਾ ਦੇਵੇ ਲਾ । ਜੀਵ ਜੰਤ ਦਏ ਸੁਣਾ । ਸਾਧਾਂ ਸੰਤਾਂ ਸੰਗ ਰਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤਾ ਆਏ ਜੋਤ ਪਰਗਟਾ । ਸਾਧ ਸੰਤ ਸ਼ਬਦ ਧੁਨਕਾਰ । ਸਾਧ ਸੰਤ ਰੰਗ ਕਰਤਾਰ । ਸਾਧ ਸੰਤ ਸਾਚਾ ਕਰਨ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੇਵੇ ਤਾਰ । ਸਾਧ ਸੰਤ ਵਡਿਆਈ ਦੇ । ਆਪ ਰਖਾਵੇ ਆਪਣਾ ਨੇਂਹ । ਆਤਮ ਬਖ਼ਸ਼ੇ ਸਾਚਾ ਮੇਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਿਰਪਾ ਆਪ ਕਰੇ । ਜਮਨ ਕਿਨਾਰੇ ਡੇਰਾ ਲਾ ਕੇ । ਜੋਤ ਸਰੂਪੀ ਖੇਲ ਵਰਤਾ ਕੇ । ਵਾਲੀ ਹਿੰਦ ਪਕੜ ਉਠਾ ਕੇ । ਸਿੰਘ ਰੂਪ ਪ੍ਰਭ ਦਰਸ ਦਿਖਾ ਕੇ । ਸਾਵਲ ਸੁੰਦਰ ਕਾਹਨਾ ਕ੍ਰਿਸ਼ਨਾ ਨਿਹਕਲੰਕ ਅਖਵਾ ਕੇ । ਬਨ ਬਿੰਦਰਾ ਵਕਤ ਸੁਹਾਣਾ, ਸੁਰਪਤ ਰਾਜਾ ਇੰਦ ਸਰਨ ਲਗਾ ਕੇ । ਵਾਲੀ ਹਿੰਦ ਪ੍ਰਭ ਸਾਚਾ ਤੋੜੇ ਆਤਮ ਜਿੰਦਾ, ਜੋਤ ਸਰੂਪੀ ਦਰਸ ਦਿਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾ ਕੇ । ਵਾਲੀ ਹਿੰਦ ਦਰਸ ਦਿਖਾਵਣਾ । ਬਾਂਹੋਂ ਪਕੜ ਪ੍ਰਭ ਆਪ ਉਠਾਵਣਾ । ਆਪ ਆਪਣਾ ਜੋਤ ਸਰੂਪੀ ਭੇਵ ਖੁਲ੍ਹਾਵਣਾ । ਵਡ ਵਡ ਭੂਪੀ ਸਤਿ ਸਰੂਪੀ ਬਿਨ ਰੰਗ ਰੂਪੀ ਆਪਣਾ ਤੇਜ ਵਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਵਣਾ । ਵਾਲੀ ਹਿੰਦ ਸਰਨ ਪ੍ਰਭ ਆਏ । ਆਪ ਆਪਣੀ ਭੁਲ ਬਖ਼ਸ਼ਾਏ । ਨਿਹਕਲੰਕ ਚਰਨ ਸੀਸ ਝੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚੀ ਜੋਤ ਜਗਾਏ । ਵਾਲੀ ਹਿੰਦ ਚਰਨ ਪਿਆਰ । ਆਤਮ ਜੋਤ ਹੋਏ ਉਜਿਆਰ । ਪ੍ਰਭ ਮਿਟਾਏ ਅੰਧ ਅੰਧਿਆਰ । ਆਪੇ ਢਾਹੇ ਜੀਵ ਕੰਧ ਆਪ ਵਿਚ ਘਰ ਆਪਣਾ ਦਰਸ ਦਿਖਾਏ ਜੋਤ ਸਰੂਪੀ ਆਪ ਮੁਰਾਰ । ਆਤਮ ਤ੍ਰਿਸ਼ਨਾ ਹਰਸ ਮਿਟਾਏ, ਨਿਹਕਲੰਕ ਨਰ ਅਵਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰ । ਵਾਲੀ ਹਿੰਦ ਚਰਨ ਲੱਗ । ਆਪਣੀ ਆਪ ਬੁਝਾਵੇ ਅੱਗ । ਪ੍ਰਭ ਅਬਿਨਾਸ਼ੀ ਸਾਚਾ ਦਿਸੇ ਜੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਸ੍ਰਿਸ਼ਟ ਸਬਾਈ ਜਾਏ ਜਗ । ਵਾਲੀ ਹਿੰਦ ਚਰਨ ਦਵਾਰੇ । ਵਾਲੀ ਹਿੰਦ ਚਰਨ ਭਿਖਾਰੇ । ਵਾਲੀ ਹਿੰਦ ਸ਼ਬਦ ਅਧਾਰੇ । ਵਾਲੀ ਹਿੰਦ ਦੇਵੇ ਦਰਸ ਆਪ ਮੁਰਾਰੇ । ਵਾਲੀ ਹਿੰਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਕਰੇ ਰੁਸ਼ਨਾਏ ਅੰਧੇਰ ਮਿਟਾਏ ਬਹੱਤਰ ਨਾੜੇ । ਵਾਲੀ ਹਿੰਦ ਦਰਸ਼ਨ ਪਾ ਕੇ । ਆਪਣਾ ਭਰਮ ਸਰਬ ਮਿਟਾ ਕੇ । ਏਕਾ

ਓਟ ਚਰਨ ਰਖਾ ਕੇ । ਸੋਹੰ ਚੋਟ ਆਤਮ ਲਾ ਕੇ । ਆਤਮ ਖੋਟ ਸਰਬ ਗਵਾ ਕੇ । ਕੋਟਨ ਕੋਟ ਪਾਪ ਲਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾ ਕੇ ਆਪਣੀ ਸਰਨ ਲਗਾ ਕੇ । ਚਰਨ ਲਗਾਏ ਹੋਏ ਅਧੀਨਾ । ਬਖ਼ਸ਼ੇ ਪ੍ਰਭ ਵਡ ਪਰਬੀਨਾ । ਕਰੇ ਸ਼ਾਂਤ ਗੁਰਮੁਖ ਸੀਨਾ । ਸਰਬ ਸਹਾਈ ਦਾਨਾ ਬੀਨਾ । ਵਾਲੀ ਹਿੰਦ ਕਰਮ ਕਮਾਏ । ਪ੍ਰਭ ਅਬਿਨਾਸ਼ੀ ਸਰਨੀ ਆਏ । ਆਪਣੀ ਕਰਨੀ ਆਪਣੀ ਭਰਨੀ ਆਪਣੀ ਧਰਨੀ ਆਪਣੀ ਚਰਨੀ ਆਪ ਬਖ਼ਸ਼ਾਏ । ਸਾਚੀ ਸਰਨ ਨਿਹਕਲੰਕ ਦਿਸਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਮਾਰਗ ਲਾਏ । ਕਰੇ ਬੇਨੰਤੀ ਹੋਏ ਨਿਮਾਣਾ । ਆਪੇ ਬਖ਼ਸ਼ੇ ਬਾਲ ਅੰਞਾਣਾ । ਸਾਚਾ ਵਰਤੇ ਆਪਣਾ ਭਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਖ਼ਤੋਂ ਲਾਹੇ ਰਾਜਾ ਰਾਣਾ । ਸਾਚਾ ਕਰਮ ਆਪ ਕਰਾਏ । ਦਰ ਦਰਬਾਰ ਇਕ ਲਗਾਏ । ਵਡ ਸਿਕਦਾਰ ਆਪ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਸਾਚਾ ਬ੍ਰਹਮ ਆਪ ਚਲਾਏ । ਸਾਚਾ ਦਰ ਸਚ ਦਵਾਰਾ । ਸਾਚਾ ਕਰੇ ਆਪ ਵਿਹਾਰਾ । ਸਾਚਾ ਨਾਮ ਕਰੇ ਵਰਤਾਰਾ । ਚਾਰ ਵਰਨ ਪ੍ਰਭ ਭਰਮ ਨਿਵਾਰਾ । ਏਕਾ ਸਰਨ ਨਿਹਕਲੰਕ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਤੀਨ ਲੋਕ ਕਰਾਏ ਜੈ ਜੈ ਜੈਕਾਰਾ । ਸਚ ਦਰਬਾਰ ਆਪ ਲਗਾਵਣਾ । ਸਚਖੰਡ ਨਿਵਾਸੀ ਵਿਚ ਮਾਤ ਕਰਮ ਕਮਾਵਣਾ । ਸਿੰਘਾਸਣ ਬੈਠ ਜੋਤ ਸਰੂਪੀ ਸਾਚਾ ਦੀਪ ਜਗਾਵਣਾ । ਸੀਸ ਸਾਚੇ ਛਤਰ ਝੁਲਾਵਣਾ । ਬਿਨ ਰੰਗ ਰੂਪੀ ਨਿਹਕਲੰਕ ਗੁਰਮੁਖ ਸਾਚੇ ਵਿਚ ਸਮਾਵਣਾ । ਵਡ ਵਡ ਭੂਪਨ ਭੂਪੀ ਪ੍ਰਭ ਆਪਣੇ ਚਰਨ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਫ਼ੁਰਮਾਣ ਸਤਿਜੁਗ ਸਾਚੇ ਆਪੇ ਆਪ ਸੁਣਾਵਣਾ । ਸਾਚਾ ਦਰ ਦਰਬਾਰ ਲਗਾ ਕੇ । ਸਾਚਾ ਹੁਕਮ ਕਰਤਾਰ ਚਲਾ ਕੇ । ਸਾਚਾ ਵਿਹਾਰ ਜਗਤ ਧਰਾ ਕੇ । ਸਰਬ ਨਰ ਨਾਰ ਇਕ ਕਰਾ ਕੇ । ਇਕ ਉਧਾਰ ਨਿਹਕਲੰਕ ਚਰਨ ਰਖਾ ਕੇ । ਰਾਓ ਰੰਕ ਰੰਕ ਰਾਓ ਇਕ ਧਾਮ ਬਹਾ ਕੇ । ਰਾਜਾ ਰਾਣਾ ਰਾਣਾ ਰਾਜਾ ਤਖ਼ਤੋਂ ਲਾਹ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਏਕ ਜਗਦੀਸ, ਸ੍ਰਿਸ਼ਟ ਸਬਾਈ ਜਾਏ ਪੀਸ, ਕੋਈ ਨਾ ਕਰੇ ਪ੍ਰਭ ਦੀ ਰੀਸ, ਸਾਚਾ ਛਤਰ ਆਪਣੇ ਸੀਸ ਜਾਏ ਝੁਲਾ ਕੇ । ਏਕਾ ਛਤਰ ਝੁੱਲੇ ਸੀਸ । ਧਰੇ ਜੋਤ ਮਾਤ ਜਗਦੀਸ । ਭੇਵ ਮਿਟਾਏ ਬੀਸ ਇਕੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਸ੍ਰਿਸ਼ਟ ਸਬਾਈ ਦੀਸ । ਸਤਿਜੁਗ ਸਾਚਾ ਮਾਤ ਧਰਾਵਣਾ । ਦਰ ਦਰਬਾਰ ਪ੍ਰਭ ਦਿੱਲੀ ਸ਼ਹਿਰ ਲਗਾਵਣਾ । ਸਾਚੀ ਸਰਕਾਰ ਪ੍ਰਭ ਸਾਚੇ ਆਪ ਅਖਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਏਕਾ ਰੰਗ ਰੰਗਾਵਣਾ । ਸਤਿਜੁਗ ਤੇਰਾ ਸਾਚਾ ਦਰ । ਚਾਰ ਵਰਨ ਤੇਰੇ ਇਕ ਸੁਹਾਏ ਸਾਚੇ ਘਰ । ਨੀਚ ਊਚ ਊਚ ਨੀਚ ਸਭ ਗਏ ਹਰ । ਏਕਾ ਏਕ ਏਕ ਜੋਤ ਅਬਿਨਾਸ਼, ਜੋਤ ਪਰਗਟਾਏ ਅਵਤਾਰ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜਪਾਏ ਸ੍ਰਿਸ਼ਟ ਸਬਾਈ ਘਰ ਘਰ । ਸੋਹੰ ਸ਼ਬਦ ਤੇਰਾ ਪਰਕਾਸ਼ । ਕਲਜੁਗ ਮਾਇਆ ਹੋ ਜਾਏ ਵਿਨਾਸ । ਸਤਿਜੁਗ ਹੋਵੇ ਤੇਰਾ ਧਰਵਾਸ । ਆਤਮ ਮੈਲ ਪਾਪਾਂ ਧੋਵੇ ਪ੍ਰਭ ਅਬਿਨਾਸ਼ । ਗੁਰਮੁਖ ਸਾਚਾ ਕਦੇ ਨਾ ਸੋਵੇ, ਪ੍ਰਭ ਹਿਰਦੇ ਰੱਖੇ ਵਾਸ । ਗੁਰਮੁਖ ਸਾਚਾ ਕਦੇ ਨਾ ਰੋਵੇ, ਰਸਨਾ ਜਪੇ ਸਵਾਸ ਸਵਾਸ । ਗੁਰਮੁਖ ਸਾਚਾ ਸਚ ਸਾਚਾ ਬੀਜ ਬੋਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਕਰਾਏ ਆਤਮ ਰਾਸ । ਦਰ ਦਰਬਾਰੀ ਆਪੇ ਆਪ । ਪੈਜ ਸਵਾਰੀ ਆਪੇ ਆਪ । ਸਤਿਜੁਗ ਤੇਰੀ ਸਿਕਦਾਰੀ ਪ੍ਰਭ ਸਾਚਾ ਰੱਖੇ

੨੫੫ ੦੨

ਆਪੇ ਆਪ । ਸ੍ਰਿਸ਼ਟ ਸਬਾਈ ਹੋਏ ਪਨਿਹਾਰੀ, ਸੋਹੰ ਸ਼ਬਦ ਤੇਰਾ ਚਲੇ ਸਾਚਾ ਜਾਪ । ਜਨ ਭਗਤਾਂ ਹੋਏ ਉਧਾਰੀ ਆਪੇ ਆਪ । ਆਪ ਉਤਾਰੇ ਕੋਟਨ ਪਾਪ । ਦਿਵਸ ਰੈਣ ਗੁਰਮੁਖ ਸਾਚੇ ਨਾਮ ਖੁਮਾਰੀ ਸੋਹੰ ਦੇਵੇ ਸਾਚਾ ਜਾਪ । ਸਾਚਾ ਸ਼ਬਦ ਸਾਚਾ ਅਧਾਰੀ ਮੇਲ ਮਿਲਾਵੇ ਆਪੇ ਆਪ । ਸ੍ਰਿਸ਼ਟ ਸਬਾਈ ਰਹੀ ਝੱਖ ਮਾਰੀ, ਸਰਬ ਭੁਲਾਏ ਆਪੇ ਆਪ । ਗੁਰਮੁਖ ਵਿਰਲਾ ਜਗਤ ਵਪਾਰੀ ਜਿਸ ਜਨ ਦਇਆ ਕਮਾਏ ਆਪੇ ਆਪ । ਗੁਰਸਿਖਾਂ ਕਰੇ ਜੋਤ ਅਕਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਆਪੇ ਆਪ । ਸਤਿਜੁਗ ਸਾਚੇ ਜਨਮ ਦਵਾਇਆ । ਮਾਤਲੋਕ ਪ੍ਰਭ ਆਪ ਟਿਕਾਇਆ । ਏਕਾ ਓਟ ਨਿਹਕਲੰਕ ਸਰਨਾਇਆ । ਸੋਹੰ ਚੋਟ ਸ਼ਬਦ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਕਰਮ ਕਮਾਇਆ । ਸਤਿਜੁਗ ਸਾਚਾ ਮਾਤ ਧਰ । ਕਿਰਪਾ ਆਪ ਗਿਰਧਾਰ ਕਰ । ਨਿਹਕਲੰਕ ਲਿਆ ਅਵਤਾਰ ਇਕ ਖੁਲ੍ਹਾਇਆ ਸਾਚਾ ਦਰ । ਇਕ ਰਖਾਇਆ ਸਾਚਾ ਘਰ । ਆਪੇ ਆਪ ਚਲ ਆਇਆ ਪ੍ਰਭ ਸਾਚਾ ਹਰਿ । ਕਲਜੁਗ ਜੀਵਾਂ ਪਾਈ ਮਾਇਆ ਨਾ ਦੀਸੇ ਸਾਚਾ ਦਰ । ਗੁਰਮੁਖ ਸਾਚੇ ਪ੍ਰਭ ਸਾਚੇ ਦੀ ਛਤਰ ਛਾਇਆ ਚਰਨ ਆਏ ਪਾਇਣ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਧਰ, ਗੁਰਮੁਖ ਸਾਚੇ ਸਾਚਾ ਦੇਵੇ ਵਰ । ਵਰ ਘਰ ਪ੍ਰਭ ਸਾਚੇ ਦੀਆ । ਆਤਮ ਜੋਤ ਜਗਾਈ, ਆਪ ਰਖਾਈ ਸਾਚੀ ਨੀਆ । ਸਾਚੇ ਘਰ ਵੱਜੇ ਵਧਾਈ, ਆਪ ਬਿਜਾਏ ਸੋਹੰ ਸਾਚਾ ਬੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਜੇਹਾ ਕੀਆ । ਕਲਜੁਗ ਜੀਵ ਵੇਲਾ ਅੰਤ । ਕਲਜੁਗ ਜੀਵ ਆਪ ਪਛਾਣ ਸਾਚਾ ਕੰਤ । ਕਲਜੁਗ ਜੀਵ ਮਾਇਆ ਪਾਏ ਜਗਤ ਬੇਅੰਤ । ਕਲਜੁਗ ਜੀਵ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਏਕਾ ਆਦਿਨ ਅੰਤ । ਕਲਜੁਗ ਜੀਵ ਵੇਲਾ ਵੇਖ । ਕਲਜੁਗ ਜੀਵ ਜੋਤ ਸਰੂਪੀ ਕੀਆ ਭੇਖ । ਕਲਜੁਗ ਜੀਵ ਆਪ ਲਿਖਾਏ ਆਪਣੇ ਸਾਚੇ ਲੇਖ । ਕਲਜੁਗ ਜੀਵ ਪ੍ਰਭ ਅਬਿਨਾਸ਼ੀ ਆਪ ਮਿਟਾਏ ਬਿਧਨਾ ਲਿਖੀ ਰੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਜੋਤ ਪਰਗਟਾਏ ਨੇਤਰ ਪੇਖ । ਕਲਜੁਗ ਜੀਵ ਅੰਧ ਅੰਧਿਆਨੇ । ਕਲਜੁਗ ਜੀਵ ਆਤਮ ਅਭਿਮਾਨੇ । ਕਲਜੁਗ ਜੀਵ ਨਾ ਭੁਲ ਨਿਧਾਨੇ । ਮਹਾਰਾਜ ਸ਼ੇਰ ਸਿੰਘ ਜੋਤ ਪਰਗਟਾਈ ਵਿਸ਼ਨੂੰ ਭਗਵਾਨੇ । ਕਲਜੁਗ ਜੀਵ ਉਠ ਜਾਗ । ਕਲਜੁਗ ਜੀਵ ਸੁਣ ਰਾਗ । ਕਲਜੁਗ ਜੀਵ ਚਰਨ ਲਾਗ । ਕਲਜੁਗ ਜੀਵ ਕਿਉਂ ਮਾੜੇ ਹੋਏ ਭਾਗ । ਕਲਜੁਗ ਜੀਵ ਪ੍ਰਭ ਅਬਿਨਾਸ਼ੀ ਆਪੇ ਆਪਣਾ ਕੀਆ ਸਾਂਗ । ਕਲਜੁਗ ਜੀਵ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰ ਦਰਸ ਆਤਮ ਬੁਝਾ ਆਗ । ਕਲਜੁਗ ਜੀਵ ਪ੍ਰਭ ਚਰਨ ਦਵਾਰ । ਕਲਜੁਗ ਜੀਵ ਪ੍ਰਭ ਪਾਵੇ ਸਾਰ । ਕਲਜੁਗ ਜੀਵ ਨਾ ਭੁਲ ਗਵਾਰ । ਕਲਜੁਗ ਜੀਵ ਮਦਿਰਾ ਮਾਸ ਛੱਡ ਆਹਾਰ । ਕਲਜੁਗ ਜੀਵ ਸੋਹੰ ਦੇਵੇ ਪ੍ਰਭ ਸ਼ਬਦ ਆਧਾਰ । ਕਲਜੁਗ ਜੀਵ ਆਤਮ ਕਰੇ ਜੋਤ ਉਜਿਆਰ । ਕਲਜੁਗ ਜੀਵ ਏਕਾ ਦਿਸੇ ਰੰਗ ਕਰਤਾਰ । ਕਲਜੁਗ ਜੀਵ ਹਿਰਦੇ ਵਸੇ ਪ੍ਰਭ ਅਪਾਰ । ਕਲਜੁਗ ਜੀਵ ਰਾਹ ਸਾਚਾ ਦੱਸੇ, ਆਪਣੀ ਕਿਰਪਾ ਧਾਰ । ਕਲਜੁਗ ਜੀਵ ਏਕਾ ਏਕ ਨਿਹਕਲੰਕ ਚਰਨ ਪਿਆਰ । ਕਲਜੁਗ ਜੀਵ ਪ੍ਰਭ ਸਾਚਾ ਦੇਵੇ ਮੋਖ ਦਵਾਰ । ਕਲਜੁਗ ਜੀਵ ਪ੍ਰਭ ਸਾਚਾ ਦੇਵੇ ਦੁਖ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਪਤਤ ਪਾਪੀਆਂ ਜਾਏ ਤਾਰ । ਪਤਤ ਪਾਪੀ ਆਇਣ ਦਰ । ਪ੍ਰਭ ਅਬਿਨਾਸ਼ੀ ਸਰਨ ਜਾਇਣ ਪੜ । ਕੋਟਨ ਕੋਟ ਪ੍ਰਭ ਸਾਚਾ ਪਾਪ ਜਾਏ ਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਰਬਾਰ ਏਕਾ

ਏਕ ਸਾਚਾ ਹਰਿ । ਸਾਚਾ ਹਰਿ ਹਰਿਆਵਲਾ । ਸ੍ਰਿਸ਼ਟ ਸਬਾਈ ਹੋਈ ਬਾਵਲਾ । ਗੁਰਮੁਖ ਵਿਰਲਾ ਪ੍ਰਭ ਸਾਚੇ ਰੰਗ ਮਾਵਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜੋਤ ਪਰਗਟਾਈ ਵਿਚ ਮਾਤ ਉਪਰ ਧਾਵਲਾ । ਉਪਰ ਧਵਲ ਜੋਤ ਧਰ । ਮਾਤਲੋਕ ਆਏ ਅਵਤਾਰ ਨਰ । ਸਚਖੰਡ ਬਣਾਇਆ ਸਾਚਾ ਦਰ । ਵਿਚ ਵਰਭੰਡ ਸਮਾਇਆ ਜੋਤ ਸਰੂਪੀ ਭੇਖ ਕਰ । ਸ੍ਰਿਸ਼ਟ ਸਬਾਈ ਰੰਡ ਕਰਾਇਆ ਭਰਮ ਭੁਲੇਖਾ ਇਕ ਰਖਾਇਆ ਸ੍ਰਿਸ਼ਟ ਸਬਾਈ ਰੰਡ ਕਰ । ਖੰਡ ਖੰਡ ਕਰ ਸੋਹੰ ਡੰਡਾ ਸਿਰ ਲਗਾਇਆ, ਆਪ ਆਪਣੀ ਵੰਡ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਡੰਡਾ ਆਪ ਉਠਾਇਆ ਜੋਤ ਵਰਭੰਡ ਧਰ । ਆਪ ਉਠਾਇਆ ਲਗਾਇਆ ਸੋਹੰ ਖੰਡਾ । ਸ੍ਰਿਸ਼ਟ ਸਬਾਈ ਆਪ ਤੁਲਾਇਆ ਆਪ ਲਗਾਇਆ ਸਾਚਾ ਕੰਡਾ । ਸ੍ਰਿਸ਼ਟ ਸਬਾਈ ਆਪ ਭੁਲਾਇਆ ਮਦਿਰਾ ਮਾਸ ਮੁਖ ਲਗਾਇਆ ਆਤਮ ਹੋਈ ਘਮੰਡਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਪਰਗਟ ਜੋਤ ਆਪੇ ਚੰਡ ਪਰਚੰਡਾ । ਚੰਡ ਪਰਚੰਡ ਵਿਚ ਵਰਭੰਡ ਸਰਬ ਨਵਖੰਡ । ਮਾਰੇ ਡੰਡ ਚਾਰ ਕੁੰਟ ਦੀਸੇ ਰੰਡ । ਬੇਮੁਖਾਂ ਅੰਤ ਆਈ ਕੰਡ । ਆਤਮ ਪੀਚੀ ਝੂਠੀ ਗੰਢ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਖੰਡ ਖੰਡ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਜੋਤ ਸਰੂਪੀ ਜਾਮਾ ਪਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਆਪਣੇ ਭਾਣੇ ਵਿਚ ਸਮਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਬਿਨ ਵੰਞ ਮੁਹਾਣੇ ਜਗਤ ਤਰਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਵਡ ਵਡ ਸੁਘੜ ਸਿਆਣੇ ਆਪ ਭੁਲਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਆਪ ਆਪਣੇ ਵਿਚ ਸਮਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਖਾਣੀਆਂ ਬਾਣੀਆਂ ਭੇਵ ਨਾ ਪਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਤਤ ਪੰਚਮ ਤੇਰਾ ਭੇਵ ਨਾ ਪਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਗੁਰਮੁਖ ਸਾਚੇ ਸੇਵਨਾ ਸੋਹੰ ਸਵਾਸ ਚਲਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਗੁਰਮੁਖ ਵਿਰਲਾ ਪੇਖੇ ਤੀਜੇ ਨੈਣਾਂ ਬੇਮੁਖਾਂ ਦਿਸ ਨਾ ਆਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਕਲਜੁਗ ਜੀਵ ਰੁੜ੍ਹਾਏ ਵਹਿੰਦੇ ਵਹਿਣਾ ਨਾ ਕੋਈ ਛੁਡਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਆਪੇ ਲਵੇ ਲਹਿਣਾ ਦੇਣਾ, ਵਿਚ ਵਿਚੋਲਾ ਆਪ ਅਖਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਲ ਜਾਮਾ ਪਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਝੂਠੇ ਧੰਦੇ ਸਰਬ ਭੁਲਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਅੰਧੇ ਜੀਵ ਕਰਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਰਸਨਾ ਗੰਦੇ ਮਦਿਰਾ ਮਾਸ ਮੁਖ ਰਖਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਕਲਜੁਗ ਜੀਵ ਹੋਏ ਭਾਗ ਮੰਦੇ, ਪ੍ਰਭ ਅਬਿਨਾਸ਼ੀ ਦਿਸ ਨਾ ਆਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਗੁਰਮੁਖ ਰੰਦਾਏ ਸੋਹੰ ਸਾਚੇ ਰੰਦੇ, ਪਾਪਣ ਪਾਪ ਆਪ ਲੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਜਾਮ ਆਪ ਪਿਲਾਇਆ । ਸੋਹੰ ਬੀਓ, ਜੁਗੋ ਜੁਗ ਜਗਤ ਵਿਚ ਜੀਓ, ਆਪਣਾ ਆਪ ਗੁਰਮੁਖ ਸਾਚੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੋ ਸਚ ਰਸ ਮੁਖ ਪੀਓ । ਸਾਚਾ ਪ੍ਰਭ ਸਚ ਦਵਾਰ । ਪ੍ਰਭ ਸਾਚੇ ਦੇ ਭਰੇ ਭੰਡਾਰ । ਕੋਟਨ ਕੋਟ ਖੜੇ ਦਵਾਰ । ਅਖੁੱਟ ਅਤੁਲ ਨਿਹਕਲੰਕ ਤੇਰਾ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਾਲੀ ਭਰੇ ਭੰਡਾਰ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਗੁਰਮੁਖ ਸਾਚੇ ਵਿਚ ਸਮਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਆਪ ਆਪਣਾ ਵਿਚ ਛੁਪਾਇਆ । ਪਾਰਬ੍ਰਹਮ ਤੇਰੀ ਅਚਰਜ ਮਾਇਆ, ਅੰਗ ਸੰਗ ਸੰਗ ਅੰਗ ਰੰਗ ਰੰਗ

੨੫੭
੦੨

ਗੁਰਸਿਖ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਭੰਗ ਕਰਾਇਆ । ਆਪੇ ਰੰਗ ਸਦਾ ਇਕ ਰੰਗਾ । ਆਪੇ ਸੰਗ ਸਦਾ ਇਕ ਸੰਗਾ । ਸਾਚਾ ਦਰਸ ਦਾਨ ਪ੍ਰਭ ਦਰ ਮੰਗਾ । ਪ੍ਰਭ ਦੇਵੇ ਵਡ ਸੂਰਾ ਸਰਬੰਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦਾ ਸਦਾ ਤੇਰੇ ਅੰਗ ਸੰਗਾ । ਅੰਗ ਸੰਗ ਸਦਾ ਸਹਾਈ । ਸਾਚੀ ਦਾਤ ਪ੍ਰਭ ਦਰ ਮੰਗ, ਪ੍ਰਭ ਦੇਵੇ ਜਗਤ ਵਡਿਆਈ । ਆਤਮ ਕੱਟੇ ਭੁੱਖ ਨੰਗ, ਸੋਹੰ ਵਸਤ ਝੋਲੀ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਰਥ ਦੇ ਚੜ੍ਹਾਈ । ਆਤਮ ਰਥ ਸਚ ਸੰਤੋਖ । ਆਪੇ ਦੇਵੇ ਗੁਰਮੁਖ ਮੋਖ । ਕਰ ਦਰਸ ਉਤਰੇ ਭੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਚਿੰਤ ਮਿਟਾਏ ਇਕ ਉਪਜਾਏ ਸਾਚਾ ਸੂਖ । ਦਰਸ ਕਰ ਪ੍ਰਭ ਦਰਬਾਰ । ਪ੍ਰਭ ਅਬਿਨਾਸ਼ੀ ਦੇਵੇ ਤਾਰ । ਆਤਮ ਉਦਾਸੀ ਦੇਵੇ ਨਿਵਾਰ । ਸਰਬ ਘਟ ਵਾਸੀ ਆਪਣੀ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਅਭਿਮਾਨੀਆਂ ਅੰਧ ਅਗਿਆਨੀਆਂ ਆਪੇ ਪਾਵੇ ਸਾਰ । ਆਪੇ ਆਪ ਪਾਵੇ ਸਾਰਾ । ਆਪੇ ਦੇਵੇ ਨਾਮ ਅਧਾਰਾ । ਆਪੇ ਲੇਵੇ ਜੀਵ ਜੰਤ ਸਰਬ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਕਿਰਪਾ ਕਰ ਖੋਲ੍ਹੇ ਦਸਮ ਦਵਾਰਾ । ਆਤਮ ਦਵਾਰ ਆਪ ਖੁਲ੍ਹਾਏ । ਅੰਮ੍ਰਿਤ ਫੁਹਾਰ ਮੁਖ ਕਵਲ ਚੁਆਏ । ਜੋਤ ਅਕਾਰ ਇਕ ਹੋ ਜਾਏ । ਕਿਰਪਾ ਕਰ ਕਰਤਾਰ, ਕਵਲ ਨਾਭ ਉਲਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚਾ ਦੀਪ ਜਗਾਏ । ਸਾਚਾ ਦੀਪਕ ਆਪ ਜਗਈਆ । ਆਪ ਚੜ੍ਹਾਏ ਸਾਚੀ ਨਈਆ । ਚਾਰ ਵਰਨ ਕਰਾਏ ਏਕਾ ਭੈਣਾਂ ਭਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਜਪਈਆ । ਸੋਹੰ ਸਾਚਾ ਸਾਚੀ ਧਾਰਾ । ਸੋਹੰ ਚਲੇ ਵਿਚ ਸੰਸਾਰਾ । ਗੁਰਮੁਖ ਸਾਚਾ ਰਸਨਾ ਜਪ, ਆਤਮ ਰਸ ਪੀਵ ਵਿਚ ਮਾਤ ਦੇ ਪਲੇ, ਆਤਮ ਜੋਤ ਜਗਾਵੇ ਦੀਵ ਗਿਰਧਾਰਾ । ਪ੍ਰਭ ਅਬਿਨਾਸ਼ੀ ਆਦਿ ਅੰਤ ਬੇੜਾ ਬੰਨ੍ਹੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਧਾਰੇ, ਦਰ ਘਰ ਆਏ ਕਾਜ ਸਵਾਰੇ, ਜਿਉਂ ਮਾਲ ਚਰਾਏ ਧੰਨੇ ਜੋਤ ਨਿਰੰਕਾਰਾ । ਰੈਣ ਸੁਹਾਈ ਭਿੰਨੜੀ ਪ੍ਰਭ ਦਇਆ ਧਾਰੀ । ਰੈਣ ਸੁਹਾਈ ਭਿੰਨੜੀ ਘਰ ਆਏ ਗਿਰਧਾਰੀ । ਰੈਣ ਸੁਹਾਈ ਭਿੰਨੜੀ ਦਰਸ ਭਏ ਕ੍ਰਿਸ਼ਨ ਮੁਰਾਰੀ । ਰੈਣ ਸੁਹਾਏ ਭਿੰਨੜੀ ਨਿਹਕਲੰਕ ਲਏ ਅਵਤਾਰੀ । ਰੈਣ ਸੁਹਾਏ ਭਿੰਨੜੀ ਵਿਚ ਮਾਤਲੋਕ ਹੋਏ ਉਜਿਆਰੀ । ਰੈਣ ਸੁਹਾਈ ਭਿੰਨੜੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਆਪੇ ਆਪ ਨਿਰੰਕਾਰੀ । ਰੈਣ ਸੁਹਾਏ ਭਿੰਨੜੀ ਪ੍ਰਭ ਕਿਰਪਾ ਨਿਧ । ਰੈਣ ਸੁਹਾਏ ਭਿੰਨੜੀ ਪ੍ਰਭ ਕਾਰਜ ਕੀਨੇ ਸਿੱਧ । ਰੈਣ ਸੁਹਾਏ ਭਿੰਨੜੀ ਪ੍ਰਭ ਆਪ ਲਿਖਾਵੇ ਪ੍ਰਭ ਮਿਲਣ ਦੀ ਸਾਚੀ ਬਿਧ । ਰੈਣ ਸੁਹਾਏ ਭਿੰਨੜੀ ਸੋਹੰ ਸ਼ਬਦ ਗੁਰਮੁਖ ਸਾਚੇ ਆਤਮ ਜਾਏ ਵਿਧ । ਰੈਣ ਸੁਹਾਏ ਭਿੰਨੜੀ, ਸੋਹੰ ਗਾਓ ਘਰ ਸਾਚੇ ਪ੍ਰਭ ਉਪਜਾਏ ਨੌਂ ਨਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਆਪਣੇ ਆਪ ਰਖਾਵੇ ਸਾਚੀ ਸਿੱਧ । ਸਾਚਾ ਨਾਮ ਰਸ ਪ੍ਰਭ ਦਰ ਪੀਵ । ਆਤਮ ਬੁਝੀ ਫੇਰ ਜਗਾਏ ਦੀਵ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਿਖਾਏ ਸਾਚੀ ਬਿਧ । ਭਿੰਨੜੀ ਰੈਨੜੀਏ ਤੇਰਾ ਵਕ਼ਤ ਨਿਰਾਲਾ । ਭਿੰਨੀ ਰੈਨੜੀਏ ਮਾਤ ਜੋਤ ਜਗਾਏ ਗੁਰ ਗੋਪਾਲਾ । ਭਿੰਨੜੀ ਰੈਨੜੀਏ ਗੁਰਮੁਖ ਸਾਚੇ ਹੋਏ ਪ੍ਰਭ ਆਪ ਰਖਵਾਲਾ । ਭਿੰਨੀ ਰੈਨੜੀਏ ਸੋਹੰ ਸਾਚਾ ਆਤਮ ਦੇਵੇ ਪ੍ਰਭ ਸਾਚੀ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਦੇਵੇ ਚਾਰ ਵਰਨ ਸੁਖਾਲਾ । ਭਿੰਨੀ ਰੈਨੜੀਏ ਤੇਰਾ ਵਕ਼ਤ

੨੫੮
੦੨

ਮਜੀਠਲਾ । ਭਿੰਨੀ ਰੈਨੜੀਏ ਪ੍ਰਭ ਆਇਆ ਘਰ ਬੀਠਲਾ । ਭਿੰਨੀ ਰੈਨੜੀਏ ਪ੍ਰਭ ਸਾਚਾ ਗੁਰਮੁਖ ਸਾਚੇ ਡੀਠੜਾ । ਭਿੰਨੀ ਰੈਨੜੀਏ ਪ੍ਰਭ ਸਾਚਾ ਰੰਗ ਰੰਗਾਏ ਗੁਰਮੁਖ ਸਾਚੇ ਆਤਮ ਮਜੀਠੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਸਦ ਸਦ ਗਾਏ, ਆਪਣੀ ਚਿੰਤ ਮਿਟਾਏ ਪ੍ਰਭ ਸਾਚਾ ਸਦ ਭੈ ਭੀਤਲਾ । ਭਿੰਨੀ ਰੈਨੜੀਏ ਤੇਰਾ ਵਕਤ ਸੁਹੰਜਣਾ । ਭਿੰਨੀ ਰੈਨੜੀਏ ਜੋਤ ਜਗਾਏ ਜਗਤ ਨਿਰੰਜਣਾ । ਭਿੰਨੀ ਰੈਨੜੀਏ ਗੁਰਮੁਖਾਂ ਦੇਵੇ ਚਰਨ ਧੂੜ ਪ੍ਰਭ ਸਾਚਾ ਸਚ ਮੱਜਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਅਖਵਾਏ ਸਾਚਾ ਸਾਕ ਸੈਣ ਸੱਜਣਾ । ਭਿੰਨੀ ਰੈਨੜੀਏ ਤੇਰਾ ਏਕਾ ਨੂਰ । ਭਿੰਨੀ ਰੈਨੜੀਏ ਪ੍ਰਭ ਸਾਚਾ ਕਿਰਪਾ ਕਰ ਗੁਰਸਿਖਾਂ ਦੇਵੇ ਚਰਨ ਧੂੜ । ਭਿੰਨੀ ਰੈਨੜੀਏ ਗੁਰਮੁਖ ਸਾਚੇ ਪ੍ਰਭ ਏਕਾ ਦੇਵੇ ਸਤਿ ਸਰੂਰ । ਭਿੰਨੀ ਰੈਨੜੀਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਜ ਘਰ ਵਾਸੀ ਨਿਜ ਘਰ ਵਸੇ ਬੇਮੁਖਾਂ ਦਿਸੇ ਦੂਰ । ਭਿੰਨੀ ਰੈਨੜੀਏ ਤੇਰੀ ਉਤਮ ਜ਼ਾਤਾ । ਭਿੰਨੀ ਰੈਨੜੀਏ ਪ੍ਰਭ ਸਚ ਪਛਾਤਾ । ਭਿੰਨੀ ਰੈਨੜੀਏ ਤੇਰਾ ਜਗਤ ਸਾਚਾ ਨਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭਗਤ ਵਡਿਆਏ ਨਾਉਂ ਰਖਾਏ, ਨਾ ਕੋਈ ਮੇਟੇ ਮੇਟ ਮਿਟਾਏ, ਆਪਣੇ ਰੰਗ ਸਚ ਰੰਗਾਏ ਪੁਰਖ ਬਿਧਾਤਾ । ਆਪ ਕੀਆ, ਪਾਰ ਕੀਆ, ਜਗਤ ਵਿਹਾਰ ਕੀਆ, ਭਗਤ ਉਧਾਰ ਕੀਆ, ਆਪ ਰਖਾਈ ਸਾਚੀ ਨੀਆ, ਸਤਿਜੁਗ ਸਾਚਾ ਸਾਚਾ ਬੀਆ । ਗੁਰਮੁਖ ਜੋਤ ਜਗਾਇਆ ਦੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਮਾਤ ਵਿਚ ਕੀਆ । ਗੁਰਮੁਖ ਸਿੰਘ ਪ੍ਰਭ ਦਇਆ ਕਮਾਏ । ਜਨਮ ਮਰਨ ਗੇੜ ਚੁਕਾਏ । ਪਸੂ ਪਰੇਤੋਂ ਦੇਵ ਬਣਾਏ ਆਪ ਆਪਣੀ ਸੇਵ ਲਗਾਏ । ਮਾਨਸ ਜਨਮ ਵਿਚ ਮਾਤ ਦਵਾਏ । ਮਾਤ ਗਰਭ ਤੋਂ ਬਾਹਰ ਕਢਾਏ । ਸਤਿ ਸੰਤੋਖੀ ਜੀਵ ਪ੍ਰਭ ਆਪ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਵਿਚ ਜੋਤ ਟਿਕਾਏ । ਆਪਣੀ ਜੋਤ ਜੀਵ ਧਰਾਏ । ਸਾਚਾ ਪ੍ਰਭ ਵਿਚ ਨਿਵਾਸ ਮਾਤ ਰਖਾਏ । ਗੁਰਮੁਖ ਸਾਚੇ ਕੀਨੇ ਵਸ ਏਕਾ ਨਾਮ ਜਪਾਏ । ਆਤਮ ਰੱਖੇ ਸਦ ਹੀ ਵਾਸ, ਆਪ ਆਪਣੀ ਸਰਨ ਲਗਾਏ । ਸੋਹੰ ਚਲੇ ਰਸਨ ਸਵਾਸ ਸਵਾਸ, ਗੁਣਵੰਤ ਗੁਣ ਕਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਬੰਦ ਖੁਲਾਸ, ਪਿਛਲਾ ਲੇਖਾ ਦੇ ਚੁਕਾਏ । ਲਹਿਣਾ ਦੇਣਾ ਆਪ ਚੁਕਾਇਆ । ਪੇਖ ਨੈਣਾਂ ਪ੍ਰਭ ਸਾਚਾ ਧਰਮ ਧਰਾਇਆ । ਸੱਜਣ ਸਾਕ ਸੈਣਾਂ ਸਰਬ ਛੁਡਾਇਆ । ਧੀਆਂ ਪੁਤਰ ਭਾਈ ਭੈਣਾਂ ਕੋਈ ਨੇੜ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਗੇੜ ਚਲਾਇਆ । ਆਪ ਆਪਣਾ ਗੇੜ ਚਲਾਏ । ਲੱਖ ਚੁਰਾਸੀ ਵਿਚ ਫਿਰਾਏ । ਮਾਨਸ ਜਨਮ ਫਿਰ ਹੱਥ ਨਾ ਆਏ । ਵੇਲਾ ਅੰਤ ਜੀਵ ਪਛਤਾਏ । ਪ੍ਰਭ ਸਾਚਾ ਪਰਖੇ ਨੀਤ ਵੇਲੇ ਅੰਤ ਦੇ ਸਜਾਏ । ਜੋ ਜਨ ਰੱਖੇ ਚਰਨ ਪ੍ਰੀਤ, ਪ੍ਰਭ ਸਾਚਾ ਸਾਚੇ ਧਾਮ ਦਏ ਬਹਾਏ । ਪ੍ਰਭ ਸਾਚੇ ਗੁਰਮੁਖ ਕਾਇਆ ਕੀਨੀ ਸੀਤ, ਆਤਮ ਤ੍ਰਿਖਾ ਪ੍ਰਭ ਆਪ ਮਿਟਾਏ । ਸਰਬਜੀਤ ਸਦਾ ਜਗ ਜੀਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਦਰਸ ਦਿਖਾਏ । ਦੇਵੇ ਦਰਸ ਥਿਰ ਘਰ ਵਾਸਾ । ਗੁਰਮੁਖ ਸਾਚੇ ਪ੍ਰਭ ਸਾਚਾ ਦੇਵੇ ਆਤਮ ਭਰਵਾਸਾ । ਕਰ ਦਰਸ ਮਿਟਾਏ ਹਰਸ ਆਤਮ ਦੁਖੜਾ ਸਰਬ ਨਾਸਾ । ਕਰ ਤਰਸ ਅੰਮ੍ਰਿਤ ਮੇਘ ਬਰਸ ਆਤਮ ਹਰਿ ਹਰਿਆਵਲਾ ਪੁਰਖ ਅਬਿਨਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਜਪਾਵੇ ਸਵਾਸ ਸਵਾਸਾ । ਸੋਹੰ ਸਾਚਾ ਰਸਨਾ ਜਾਪ । ਆਪ ਉਤਾਰੇ ਕੋਟਨ ਪਾਪ । ਵਿਚੋਂ ਮਾਰੇ ਤੀਨੋ ਤਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਹੋਏ ਸਹਾਈ ਆਪੇ ਆਪ । ਸਾਚਾ ਪ੍ਰਭ ਆਪੇ ਰਾਖਾ । ਸਦਾ ਸਹਾਈ ਅਲਖਣਾ ਅਲਾਖਾ । ਦੇਵੇ ਵਡਿਆਈ ਆਪ ਬਣਾਏ ਕੱਖੋਂ ਲਾਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਉਪਜਾਏ ਸਾਚੇ ਸਾਥਾ । ਗੁਰਮੁਖ ਸਾਚਾ ਆਪ ਉਪਾਇਆ । ਵਿਚ ਮਾਤ ਪ੍ਰਭ ਜਨਮ ਦਵਾਇਆ । ਪੂਰਬ ਲਹਿਣਾ ਆਪ ਲਿਖਾਇਆ । ਸਾਚਾ ਨਾਉਂ ਜਗਤ ਧਰਾਇਆ । ਸਾਚੇ ਥਾਉਂ ਜੋਤ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਗੁੜਗਾਉਂ ਕਰੇ ਰੁਸ਼ਨਾਇਆ । ਗੁਰਮੁਖ ਸਾਚੇ ਆਤਮ ਰਸ । ਪ੍ਰਭ ਅਬਿਨਾਸ਼ੀ ਹਿਰਦੇ ਜਾਏ ਵਸ । ਆਪੇ ਆਪ ਆਪ ਚਲ ਆਇਆ ਦਰ, ਘਰ ਸਾਚੇ ਨੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਆਣ ਤਰਾਇਆ ਸਰਬ ਘਟ ਘਟ ਵਸ । ਸਰਬ ਘਟਾਂ ਪ੍ਰਭ ਆਪੇ ਜਾਣ । ਆਪੇ ਕਰੇ ਭਗਤ ਪਛਾਣ । ਦੇਵੇ ਜੋਤ ਜਗਤ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਾਲੀ ਦੋ ਜਹਾਨ । ਮਾਤ ਪਿਤਾ ਘਰ ਲਾਗੇ ਭਾਗ । ਸੋਏ ਭਾਗ ਜਾਇਣ ਜਾਗ । ਪ੍ਰਭ ਸੁਣਾਏ ਸਾਚਾ ਰਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਪ ਬੁਝਾਏ ਆਤਮ ਆਗ । ਅੰਮ੍ਰਿਤ ਵੇਲਾ ਹੋਇਆ ਅੱਜ । ਪ੍ਰਭ ਸਾਚਾ ਪੜਦੇ ਲਵੇ ਕੱਜ । ਅੰਮ੍ਰਿਤ ਮੁਖ ਚੁਆਏ, ਨਾਭ ਕੁੰਢ ਖੁਲ੍ਹਾਏ, ਗੁਰਮੁਖ ਸਾਚਾ ਪੀਵੇ ਰੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜਨਮ ਦਵਾਏ । ਆਪਣੀ ਸਰਨ ਰਖਾਏ ਜੋਤ ਸਰੂਪੀ ਦਰਸ ਦਿਖਾਏ, ਅੰਡਜ ਜ਼ੇਰਜ ਉਤਭੁਜ ਸੇਤਜ ਆਨ ਬਾਟ ਆਪ ਤੁੜਾਇਆ । ਬਜਰ ਕਪਾਟ ਆਪ ਖੁਲ੍ਹਾਇਆ । ਸਾਚੇ ਘਾਟ ਆਪ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਜਨਮ ਦਵਾਇਆ । ਮਾਤਲੋਕ ਜਨਮ ਦਵਾ ਕੇ । ਤੀਨ ਲੋਕ ਬੂਝ ਬੁਝਾ ਕੇ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਪ੍ਰਭ ਸਰਬ ਵਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਲ ਅੰਞਾਣੇ ਸੁਘੜ ਸਿਆਣੇ ਆਪੇ ਆਪ ਜਾਏ ਜਗਤ ਬਣਾ ਕੇ । ਸਾਚਾ ਵਕ਼ਤ ਸਾਚੀ ਰਾਸ । ਕਿਰਪਾ ਕਰੇ ਪ੍ਰਭ ਅਬਿਨਾਸ਼ । ਬਾਲਕ ਜਨਮੇ ਥਿਰ ਘਰ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਕਰੇ ਪਰਕਾਸ਼ । ਅੰਮ੍ਰਿਤ ਵੇਲਾ ਅੰਮ੍ਰਿਤ ਹੋਵੇ । ਦੁਰਮਤ ਮੈਲ ਪ੍ਰਭ ਸਾਚਾ ਧੋਵੇ । ਆਪੇ ਵੇਖੇ ਨਾ ਕੋਇ ਦੂਜਾ ਜਾਣੇ ਸੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਖਾਣੇ ਤੀਨ ਲੋਏ । ਵੇਲਾ ਵਕ਼ਤ ਘੜੀ ਵਿਚਾਰ । ਸਾਚਾ ਜਨਮ ਦੇਵੇ ਕਰਤਾਰ । ਬਾਲਕ ਜਨਮੇ ਅਪਰ ਅਪਾਰ । ਧਰੇ ਜਗਤ ਕਰੇ ਵਿਹਾਰ । ਜੋਤ ਬ੍ਰਹਮੇ ਬ੍ਰਹਮ ਪਸਾਰ । ਜਗਾਏ ਜੋਤ ਕਰਮ ਵਿਚਾਰ । ਪੰਦਰਾਂ ਮਿੰਟ ਉਪਰ ਚਾਰ, ਬਾਲਕ ਜਨਮੇ ਵਿਚ ਸੰਸਾਰ । ਕਿਰਪਾ ਕਰੇ ਆਪ ਕਰਤਾਰ । ਚੌਦਾਂ ਭਾਦਰੋਂ ਦਿਵਸ ਵਿਚਾਰ । ਸ੍ਰਿਸ਼ਟ ਸਬਾਈ ਕਰੇ ਉਜਿਆਰ । ਗੁਰਸਿਖਾਂ ਜਾਏ ਤਾਰ । ਬੇਮੁਖਾਂ ਕਲ ਕਰੇ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਨਮ ਚਰਨ ਲਗਾਏ ਵਿਚ ਮਾਤ ਦੂਜੀ ਵਾਰ । ਦੂਜੀ ਵਾਰ ਜਨਮ ਦਵਾਇਆ । ਪਿਛਲਾ ਲਹਿਣਾ ਦੇਣ ਚੁਕਾਇਆ । ਸਾਚਾ ਸਚ ਪਹਨਾਇਆ ਗਹਿਣਾ, ਪ੍ਰਭ ਸਾਚੇ ਕਰਮ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਆਪਣਾ ਆਪ ਜਗਤ ਜਗਦੀਸ਼ ਸਿੰਘ ਰਖਾਇਆ । ਸਾਚਾ ਸ਼ਬਦ ਸਾਚਾ ਜੋਗ । ਸਾਚਾ ਰਸ ਪ੍ਰਭ ਦਰ ਭੋਗ । ਆਤਮ ਚਿੰਤ ਮਿਟਾਏ ਸੋਗ । ਪ੍ਰਭ ਅਬਿਨਾਸ਼ੀ ਕੀਨੇ ਆਤਮ ਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰਸ ਦਿਖਾਏ ਅਮੋਘ । ਦਰਸ ਅਮੋਘ ਆਤਮ ਧੀਰਾ । ਅੰਮ੍ਰਿਤ ਮੁਖ ਚੁਆਏ ਪ੍ਰਭ ਆਤਮ ਸਾਚਾ ਸੀਰਾ । ਤ੍ਰਿਖਾ ਆਪ

ਮਿਟਾਏ ਜਿਉਂ ਬਾਲਕ ਮਾਤਾ ਨੀਰਾ । ਪ੍ਰਭ ਸੁੱਕੇ ਰੁੱਖੜੇ ਹਰੇ ਫੇਰ ਕਰਾਏ, ਸੋਹੰ ਲਗਾਏ ਸੁਖਲਾ ਕਿਸ਼ਨਾ ਵਿਚ ਤੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪੇ ਕੱਟੇ ਤੇਰੀ ਭੀੜਾ । ਰਸਨਾ ਗਾਵਣਾ ਹਿਰਦੇ ਵਸਾਵਣਾ । ਨਾ ਕਦੇ ਭੁਲਾਵਣਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਘਰ ਮੇਂ ਪਾਵਣਾ । ਗੁਰਸਿਖਾਂ ਦੇਵੇ ਸ਼ਬਦ ਅਧਾਰ । ਕਰ ਕਿਰਪਾ ਪ੍ਰਭ ਜਾਏ ਤਾਰ । ਬੇਮੁਖਾਂ ਪ੍ਰਭ ਕਰੇ ਖੁਆਰ । ਧਰਮ ਰਾਏ ਮਾਰੇ ਡਾਹਢੀ ਮਾਰ । ਗੁਰਸਿਖਾਂ ਦੇਵੇ ਏਕਾ ਜੋਤ ਕਰਤਾਰ । ਸੋਹੰ ਸਾਚਾ ਵਣਜ ਵਪਾਰ । ਅਖੁੱਟ ਅਤੁੱਲ ਭਰੇ ਭੰਡਾਰ । ਆਪੇ ਹੋਏ ਭਗਤ ਵਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਬਖ਼ਸ਼ੇ ਚਰਨ ਪਿਆਰ । ਚਰਨ ਪ੍ਰੀਤੀ ਸਾਚੀ ਰੀਤੀ । ਪ੍ਰਭ ਸਾਚਾ ਪਰਖੇ ਗੁਰਮੁਖ ਸਾਚੀ ਨੀਤੀ । ਆਪੇ ਆਪ ਕਿਰਪਾ ਕਰ ਕਾਇਆ ਸੀਤਲ ਕੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਪ ਜੀਵ ਆਤਮ ਰਹੇ ਸਦਾ ਅਤੀਤੀ । ਆਤਮ ਰਸ ਸਾਚਾ ਰਸ । ਪ੍ਰਭ ਅਬਿਨਾਸ਼ੀ ਹੋਏ ਵਸ । ਦਰਸ ਦਿਖਾਏ ਹੱਸ ਹੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਗੁਰਮੁਖ ਸਾਚੇ ਕੋਟ ਰਵ ਸਸ । ਸਾਚਾ ਨਾਮ ਆਤਮ ਅਧਾਰਾ, ਗੁਰਮੁਖ ਸਾਚੇ ਲਾਵੇ ਪਾਰਾ । ਸਾਚਾ ਨਾਮ ਸਚ ਸਿਕਦਾਰਾ, ਆਪੇ ਕਰੇ ਪਾਰ ਉਤਾਰਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਵਾਰਾ । ਸਾਚਾ ਨਾਮ ਪ੍ਰਭ ਦਰ ਲਹਿਣਾ । ਔਖਾ ਜੀਵ ਭਾਣਾ ਸਹਿਣਾ । ਹੁਕਮੇ ਅੰਦਰ ਸਦ ਹੀ ਰਹਿਣਾ । ਝੂਠੇ ਵਹਿਣ ਵਿਚ ਨਾ ਵਹਿਣਾ । ਕਲਜੁਗ ਜੀਵ ਝੂਠੇ ਸਾਕ ਭੈਣ ਭਰਾ ਮਾਂ ਪਿਉ ਸਾਕ ਸੈਣ ਸੱਜਣ ਸੈਣਾਂ । ਅੰਤਮ ਅੰਤਕਾਲ ਸਾਚਾ ਨਾਮ ਤੇਰੇ ਪੱਲੇ ਰਹਿਣਾ । ਆਤਮ ਦੁਖੀਆ ਦਰਸ ਭੁੱਖੀਆ । ਪ੍ਰਭ ਦੇਵੇ ਦਰਸ ਕਰਾਏ ਸੁੱਖੀਆ । ਉਜਲ ਕਰਾਏ ਜਗਤ ਮੁਖੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਚਿੰਤ ਮਿਟਾਏ ਭੂਖ ਗਵਾਏ ਭੂਖਨ ਭੁਖੀਆ । ਆਤਮ ਦੂਖ ਮਿਟੇ ਭੂਖ ਸਾਚਾ ਸੂਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਰ ਘਰ ਉਪਜਾਵੇ ਵਡ ਸੂਖਨ ਸੁਖੀਆ । ਦਰ ਘਰ ਸਾਚੇ ਭਾਗ ਲਗਾਏ । ਅਨਹਦ ਵਾਜੇ ਆਪ ਵਜਾਏ । ਸੋਹੰ ਸਾਚਾ ਰਾਗ ਕੰਨ ਸੁਣਾਏ । ਪਹਿਲੀ ਮਾਘੇ ਦਇਆ ਕਮਾਏ । ਪਰਗਟ ਜੋਤ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਤਮ ਚਿੰਤ ਮਿਟਾਏ । ਪਹਿਲੀ ਮਾਘ ਦਇਆ ਕਰ । ਸੋਹੰ ਰਾਗ ਆਤਮ ਧਰ । ਕਾਗੋਂ ਹੰਸ ਆਪੇ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਆਤਮ ਸਰ । ਆਤਮ ਸਰ ਸਾਚਾ ਇਸ਼ਨਾਨਾ । ਆਤਮ ਉਪਜੇ ਬ੍ਰਹਮ ਗਿਆਨਾ । ਜੋਤ ਜਗਾਏ ਆਪ ਜਹਾਨਾ । ਦੇਵੇ ਦਰਸ ਆਪ ਭਗਵਾਨਾ । ਮਿਲਾਏ ਮੇਲ ਕਰ ਖੇਲ ਪ੍ਰਭ ਬਿਧਨਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਸਰਬ ਜੀਆਂ ਦਾ ਜਾਣੀ ਜਾਣਾ । ਪਹਿਲੀ ਮਾਘ ਆਤਮ ਰਾਸੇ । ਪ੍ਰਭ ਅਬਿਨਾਸ਼ੀ ਹਿਰਦੇ ਵਾਸੇ । ਗੁਰਮੁਖ ਸਾਚਾ ਰਸਨਾ ਜਪੇ ਸੋਹੰ ਸਵਾਸ ਸਵਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਕਿਣਕਾ ਜੋਤ ਜਗਾਏ ਨਾ ਤੋਲੇ ਨਾ ਮਾਸੇ । ਪ੍ਰਭ ਅਬਿਨਾਸ਼ੀ ਪਾਵੇ ਸਾਰ । ਵੇਖੇ ਵਿਗਸੇ ਕਰ ਵਿਚਾਰ । ਵਰਤੇ ਵਰਤਾਵੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਏ ਤਨ ਅਪਾਰ । ਆਪਣਾ ਰੰਗ ਆਪ ਦਿਖਾਇਆ । ਇੰਦਰ ਜਾਲ ਪਾਈ ਮਾਇਆ । ਵਲ ਛਲ ਜਿਸ ਕਰਾਇਆ । ਛਲ ਛਦੌਣ ਵਿਚ ਪਵਣ ਨਾ ਦੇਵੇ ਸੌਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਦੁਖ ਮਿਟਾਵੇ ਕੌਣ । ਅੰਞਾਣਾ ਬਾਲਾ ਦੁਖੜਾ ਘਾਲਾ ।

ਆਤਮ ਆਗ ਘਿਰਨ ਜੰਜਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਸ ਦਸਵੇਂ ਆਪੇ ਆਪ ਹੋਏ ਰਖਵਾਲਾ । ਏਕਾ ਮੰਗ ਮਿਟੇ ਸੋਗ । ਏਕਾ ਮੰਗ ਮਿਟੇ ਵਿਜੋਗ । ਏਕਾ ਮੰਗ ਨਾ ਹੋਏ ਰੋਗ । ਏਕਾ ਮੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਪ ਮਿਟਾਏ ਚਿੰਤਾ ਸੋਗ । ਏਕਾ ਰੋਗ ਲੱਗਾ ਖੱਟ । ਮਾਤਲੋਕ ਸਾਚਾ ਹੱਟ । ਦੇਖਣ ਦੋਏ ਬਿਟ ਬਿਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਕਢਾਏ ਦਰ ਦਵਾਰ ਦਬਾਏ ਦਹਿਲੀਜੋਂ ਕੱਢੇ ਪਹਿਲੀ ਇੱਟ । ਕਿੰਗਰੇ ਕਿੰਗਰੇ ਵਜਾਇਆ ਮਰਦੰਗ । ਗੋਰਖ ਗੁਰ ਲਾਇਆ ਸੰਗ । ਮਾਈ ਗੌਰਜਾ ਹੋਈ ਸੰਗ । ਆਪ ਰਖਾਇਆ ਆਪਣਾ ਅੰਗ । ਸਾਚਾ ਸਿਰ ਆਪ ਮੁੰਡਵਾਇਆ, ਬੇੜੀ ਦਾ ਲੋਹਾ ਆਪ ਮੰਗਵਾਇਆ । ਕਾਲ ਬਾਲ ਆਪੇ ਕਰ । ਸਰਦ ਮਾਲ ਆਵੇ ਡਰ । ਉਲਟ ਵਾਹੂ ਜਾਏ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਲਾਇਆ ਡਰ । ਲਗਾਇਆ ਦੁਖ ਗਿਆ ਲੱਗ । ਪੈਰਾਂ ਹੇਠ ਰਖਾਈ ਅੱਗ । ਝੂਠਾ ਵਿਹਾਰ ਦਿਸੇ ਜੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਫੇਰ ਦਿਸਾਏ ਸਾਚਾ ਮਗ । ਕੀਆ ਕਰਾਇਆ ਕਰਿਆ ਘਰ । ਸੋ ਘਰ ਹੋਇਆ ਸਾਚਾ ਹੋਇਆ ਕਾਚਾ, ਜਿਸ ਘਰ ਆਏ ਡਰ । ਆਪ ਨੁਹਾਇਆ ਘੋਲ ਪਿਆਇਆ ਦਰ ਦਹਿਲੀਜ ਬਣਾਇਆ ਆਪਣਾ ਕੀਆ ਲੈਣ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੁਖ ਦਰਦ ਜਾਏ ਹਰਿ । ਪ੍ਰਭ ਸਾਚਾ ਸ਼ਬਦ ਪਿਆਰ ਕਰ । ਗੁਰਮੁਖ ਸਾਚਾ ਜਗਤ ਵਿਹਾਰ ਕਰ । ਸੋਹੰ ਸਾਚਾ ਨਾਮ ਪਹਿਲਾ ਵਣਜ ਵਪਾਰ ਕਰ । ਦਰਗਹਿ ਸਾਚੀ ਮਿਲੇ ਥਾਉਂ ਮਾਨਸ ਜਨਮ ਅਧਾਰ ਕਰ । ਕਲਜੁਗ ਜੀਵ ਫਿਰਨ ਜਿਉਂ ਸੁੰਵੇ ਘਰ ਕਾਉਂ, ਆਪਣਾ ਆਪ ਬੇੜਾ ਪਾਰ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਤਰਾਏ ਪਕੜ ਬਾਂਹੋਂ ਕਿਰਪਾ ਗਿਰਵਰ ਗਿਰਧਾਰ ਕਰ । ਸਾਚਾ ਪ੍ਰਭ ਆਤਮ ਜੀਤ । ਆਪੇ ਬਖ਼ਸ਼ੇ ਚਰਨ ਪ੍ਰੀਤ । ਆਪੇ ਦੇਵੇ ਸਾਚੀ ਜੀਤ । ਵਣਜ ਵਪਾਰ ਹੋਵੇ ਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਸਦਾ ਸਦਾ ਜੱਗ ਜੀਤ । ਸਾਚਾ ਰਾਹ ਗੁਰਸਿਖ ਜਾਣਾ । ਸਾਚਾ ਨਾਮ ਪ੍ਰਭ ਪਛਾਣਾ । ਸਚਾ ਥਾਉਂ ਧੁਰ ਦੀ ਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਖੇਤ ਵਡ ਕਿਰਸਾਣਾ । ਆਤਮ ਖੇਤ ਉਤਮ ਫਲ । ਸਾਚੇ ਹੇਤ ਫਲੇ ਫੁੱਲੇ ਡਲ । ਪੇਖ ਨੇਤਰ ਦਰ ਘਰ ਪ੍ਰਭ ਸਾਚਾ ਆਏ ਚਲ । ਚਿੰਤਾ ਚੀਤ ਪ੍ਰਭ ਭੀੜ ਕਟਾਏ ਫੇਰ ਹਾਰ ਨਾ ਆਏ ਘੜੀ ਪਲ । ਸ਼ੇਖ ਸਾਦੀ ਵਡ ਬਗਦਾਦੀ, ਪ੍ਰਭ ਤੋੜੇ ਗਾਧੀ, ਆਤਮ ਸਾਧੀ ਵਿਚ ਵਿਸਮਾਦੀ, ਅਨਾਦ ਅਨਾਦੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਲਿਖਾਏ ਬੋਧ ਅਗਾਧੀ । ਦਰੋਹੀ ਪਾਏ ਚਾਰ ਯਾਰ । ਆਪੇ ਆਪ ਕਰੇ ਖੁਆਰ । ਨਬੀ ਰਸੂਲ ਨਾ ਲਿਆ ਵਿਚਾਰ । ਅਹਿਮਦ ਮੁਹੰਮਦ ਹੋਇਆ ਲਾਚਾਰ । ਹਠ ਭਠ ਕਰੇ ਸੰਸਾਰ । ਆਤਮ ਗਠ ਨਾ ਕਰੇ ਵਿਚਾਰ । ਚੜ੍ਹ ਗਈ ਨੱਠ ਦੁਖ ਲੱਗਾ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਉਠਾਏ ਆਪ ਚਲਾਏ ਖੰਡਾ ਦੋ ਧਾਰ । ਸਾਚਾ ਰਾਹ ਪੀਰ ਦਸਤਗੀਰਾਂ । ਸਾਚਾ ਰਾਹ ਸੁਲਤਾਨਾਂ ਸ਼ਾਹ ਫ਼ਕੀਰਾਂ । ਸਾਚਾ ਰਾਹ ਬੀ ਮੇਹਿਰਬਾਨ ਮਹਿਬਾਨ ਬੀਦੋ ਵਿਚ ਵਸਾਏ ਨੀਰਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਖਿਚ ਖਿਚਾਏ ਸੋਹੰ ਚਲਾਏ ਤੀਰਾ । ਜੀਵ ਲੋਕ ਅਲਨੇਕ ਕਮਚ ਖੇਲ ਬੇੜਾ ਦਿਤਾ ਠੇਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦਰ ਦਰਗਾਹੋਂ ਆਪੇ ਦਏ ਧਕੇਲ । ਏਕਾ ਜਨਮ ਖ਼ੁਦਾਏ ਦੂਜਾ ਕੋਈ ਨਾਹੇ ਨਬੀ ਰਸੂਲ ਰਹੇ ਲਿਖਾਏ । ਪੀਰ ਦਸਤਗੀਰ

੨੬੨
੦੨

ਨਾ ਕੋਈ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਸੋਹੰ ਸੀਸ ਲਗਾਏ । ਸੋਹੰ ਧਰਿਆ ਸੀਸ ਆਰਾ । ਆਪੇ ਕਰੇ ਦੁਸ਼ਟਾਂ ਦੋ ਫਾਰਾ । ਸਾਚਾ ਪ੍ਰਭ ਗੁਰਮੁਖਾਂ ਸਾਚੀ ਬਖ਼ਸ਼ੇ ਦਾਤ ਬੱਤੀ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੁਖ ਦਰਦ ਆਤਮ ਸਰਬ ਨਿਵਾਰਾ । ਮਸਾਣ ਆਏ ਪਵਣ ਜਾਏ । ਪਵਣ ਸਰੂਪ ਵਿਚ ਸਮਾਏ । ਨਾ ਕੋਈ ਦੇਖੇ ਨਾ ਦੇਖ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸ਼ਬਦ ਸਰੂਪੀ ਦੇ ਜਲਾਏ । ਸ਼ਬਦ ਸਰੂਪੀ ਸ਼ਬਦ ਲਿਖਾ । ਰਾਤੀ ਸੁੱਤਿਆਂ ਦਏ ਦਿਖਾ । ਭਰਮ ਭੁਲੇਖਾ ਦਏ ਕੱਢਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਦਿਸਾਏ ਸਾਚਾ ਰਾਹ । ਸਚ ਘਰ ਆਵਣਾ, ਦਰਸ਼ਨ ਪਾਵਣਾ, ਰੋਗ ਗਵਾਵਣਾ, ਸੋਗ ਮਿਟਾਵਣਾ, ਜੋਗ ਕਮਾਵਣਾ । ਸੋਹੰ ਸਾਚੀ ਚੋਗ ਪ੍ਰਭ ਸਾਚੇ ਮੁਖ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਰ ਕਿਰਪਾ ਗੁਰਸਿਖ ਸਾਚਾ ਕਾਗੋਂ ਹੰਸ ਬਣਾਵਣਾ । ਹੰਸ ਕਾਗ ਕਾਗ ਹੰਸ । ਆਪ ਬਣਾਏ ਸਾਚਾ ਬੰਸ । ਗੁਰਮੁਖ ਸਾਚੇ ਪ੍ਰਭ ਸਾਚੇ ਦੀ ਸਾਚੀ ਅੰਸ । ਵਿਚ ਮਾਤ ਵਡਿਆਏ ਜੀਵ ਜੰਤ ਵਿਚ ਸਹੰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਤੀ ਦੁਸ਼ਟ ਆਪ ਸੰਘਾਰੇ ਜਿਉਂ ਕਾਹਨਾ ਕੰਸ । ਘਰ ਭੁਲਾਇਆ ਆਤਮ ਅੱਗ । ਪ੍ਰਭ ਮਿਟਾਇਆ ਲਾਗੂ ਜੱਗ । ਦਇਆ ਕਮਾਇਆ ਹੋਏ ਸਹਾਇਆ ਵਿਚ ਜੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੋਗ ਸੋਗ ਆਪ ਮਿਟਾਇਆ ਭਰਮ ਚੁਕਾਇਆ ਸੋਹੰ ਮੁਖ ਲਗਾਇਆ ਸਗ । ਸੁਣ ਪੁਕਾਰ ਪ੍ਰਭ ਗਿਰਧਾਰ । ਕਿਰਪਾ ਕਰ ਅਪਰ ਅਪਾਰ । ਏਕਾ ਬਖ਼ਸ਼ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਲ ਸੁਧਾਰ । ਮਾਨਸ ਜਨਮ ਆਵੇ ਲੇਖੇ । ਆਤਮ ਕੱਢੇ ਸਰਬ ਭੁਲੇਖੇ । ਸ੍ਰਿਸ਼ਟ ਸਬਾਈ ਰਹੀ ਵੇਖਾ ਵੇਖੇ । ਸਾਚੀ ਮੇਖ ਲਗਾਏ ਲੇਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਤੀਜੇ ਲੋਇਣ ਪੇਖੇ । ਨੇਤਰ ਪੇਖਣਾ ਪ੍ਰਭ ਰਘੁਨਾਥਾ । ਸਦ ਸਦ ਵੇਖਣਾ ਪ੍ਰਭ ਸਗਲਾ ਸਾਥਾ । ਸਾਚਾ ਪ੍ਰਭ ਅੰਗ ਅੰਗ ਸੰਗ ਸੰਗ ਆਪੇ ਰਾਖੇ ਦੇ ਕਰ ਹਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਉਧਾਰੇ, ਮਾਨਸ ਜਨਮ ਸੁਧਾਰੇ, ਜੋ ਜਨ ਚਰਨ ਨਿਮਸਕਾਰੇ, ਏਕਾ ਦੇਵੇ ਸ਼ਬਦ ਹੁਲਾਰੇ, ਰਸਨਾ ਜਪ ਜਪ ਜਪ ਪਾਵੇ ਮੋਖ ਦਵਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਤ੍ਰੈਲੋਕੀ ਨਾਥਾ । ਸਾਚਾ ਹਰਿ ਸਾਚਾ ਦਰ ਸਚ ਦਰ ਦਰਬਾਣਾ । ਸਾਚਾ ਘਰ ਸਾਚਾ ਪ੍ਰਭ ਆਪੇ ਰਖਾਏ ਆਵਣ ਜਾਣਾ । ਕਿਰਪਾ ਕਰ ਆਤਮ ਗੁਰਮੁਖ ਖੁਲ੍ਹਾਏ ਆਪ ਭਗਵਾਨਾ । ਖੁਲ੍ਹੇ ਦਰ ਦੀਸੇ ਹਰਿ, ਸਾਚੀ ਜੋਤ ਜਗੇ ਮਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਆਪ ਗੁਣ ਨਿਧਾਨਾ । ਦਰਸ਼ਨ ਦੇ ਆਪ ਗੁਰ ਪੂਰਿਆ । ਆਸਾ ਮਨਸਾ ਤੇਰੀ ਸਾਚੀ ਪੂਰੀਆ । ਉਤਰੇ ਸੰਸਾ ਲੱਥੇ ਦੁਖ ਵਸੂਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਸਰਬ ਕਲਾ ਭਰਪੂਰਿਆ । ਦੇਹੀ ਰਥ ਆਪ ਚਲਾਏ । ਮਹਾਂਸਾਰਥੀ ਆਪ ਅਖਵਾਏ । ਏਕਾ ਆਰਤੀ ਨਾਮ ਕਰਾਏ । ਗੁਰਮੁਖ ਸਾਚੇ ਤੇਰੀ ਸਾਚੀ ਜੋਤ, ਤੇਰੇ ਹਿਰਦੇ ਡਗਮਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਵਿਛੜਿਆਂ ਕਲ ਮੇਲ ਮਿਲਾਏ । ਆਤਮ ਦੁਖੀਆਂ ਤਰਸ ਕਰ । ਪ੍ਰਭ ਅੰਮ੍ਰਿਤ ਮੇਘ ਬਰਸ ਕਰ । ਦੁਖ ਦਰਦ ਸਭ ਜਾਏ ਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ । ਆਪ ਗਵਾਏ ਦੁਖ ਰੋਗ । ਆਪ ਮਿਟਾਏ ਚਿੰਤਾ ਸੋਗ । ਮੁਖ ਚੁਗਾਏ ਸੋਹੰ ਚੋਗ । ਅੰਮ੍ਰਿਤ ਬਰਸਾਏ ਕੱਟੇ ਦੇਹੀ



੨੬੩
੦੨

ਰੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਮਿਟਾਏ ਹਰਸ ਕਰ ਤਰਸ, ਗੁਰਮੁਖ ਸਾਚਾ ਜਾਏ ਕਰ ਸਾਚੇ ਜੋਗ । ਆਤਮ ਘਿਰਨ ਚਿੰਤਾ ਘਰ । ਏਕਾ ਅੱਗ ਚਾਰ ਚੁਫੇਰ ਰਹੀ ਲੱਗ । ਸ੍ਰਿਸ਼ਟ ਸਬਾਈ ਰਹੀ ਦਗ । ਦੁੱਖਾਂ ਰਹੀ ਘੇਰ ਪ੍ਰਭ ਆਪ ਲਗਾਏ ਆਪਣੇ ਪਗ, ਕਰੇ ਆਪਣੀ ਮਿਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੋਗ ਸੋਗ ਮਿਟਾਏ ਨਾ ਕਰਾਏ ਹੇਰ ਫੇਰ । ਸਾਚਾ ਬਚਨ ਸਤਿ ਕਰ ਪਾਲ । ਚਰਨ ਪ੍ਰੀਤੀ ਨਿਭੇ ਨਾਲ । ਪ੍ਰਭ ਅਬਿਨਾਸ਼ ਹੋਏ ਦਿਆਲ । ਪ੍ਰਭ ਆਪਣਾ ਬਿਰਦ ਲਏ ਸੰਭਾਲ । ਪੂਰਨ ਹੋਏ ਤੇਰੀ ਘਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਜੋਤ ਧਰ, ਆਪੇ ਤੋੜੇ ਆਤਮ ਜੰਜਾਲ । ਆਤਮ ਤੋੜੇ ਆਪ ਜੰਜਾਲਾ । ਸੋਹੰ ਦੇਵੇ ਸੱਚਾ ਧਨ ਮਾਲਾ । ਗੁਰਸਿਖ ਨਾ ਹੋਏ ਜਗਤ ਕੰਗਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਹੋਏ ਰਖਵਾਲਾ । ਸਾਚਾ ਪ੍ਰਭ ਸੁਣ ਪੁਕਾਰ । ਆਪੇ ਖੋਲ੍ਹੇ ਦਸਮ ਦਵਾਰ । ਜਾਏ ਮਿਟ ਅੰਧ ਅੰਧਿਆਰ । ਏਕਾ ਏਕ ਹੋਏ ਜੋਤ ਉਜਿਅਰ । ਸਾਚਾ ਸ਼ਬਦ ਸਾਚੀ ਧੁਨਕਾਰ । ਖੁਲ੍ਹੇ ਸੁੰਨ ਏਕਾ ਰੁਣ ਝੁਣ ਸਾਚੇ ਦਰ ਸਾਚੇ ਘਰ ਸਚ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਆਪ ਵਖਾਏ ਆਪਣੀ ਕਿਰਪਾ ਧਾਰ । ਸਵਛ ਸਰੂਪ ਪ੍ਰਭ ਕਾ ਰੂਪ । ਜੋਤ ਸਰੂਪ ਮਹਿੰਮਾ ਅਨੂਪ । ਬਿਨ ਰੰਗ ਰੂਪ ਗੁਰਸਿਖ ਬਣਾਏ ਏਕਾ ਤਾਣਾ ਏਕਾ ਪੇਟਾ ਏਕਾ ਸੂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਬੇਮੁਖਾਂ ਦਿਸਾਏ ਪਕੜ ਹਿਲਾਏ ਆਪ ਉਪਾਇਆ ਸਾਚਾ ਦੂਤ । ਸਾਚਾ ਦੂਤ ਸੰਗ ਰਲਾਇਆ । ਵਡ ਅਵਧੂਤ ਆਪ ਅਖਵਾਇਆ । ਸ੍ਰਿਸ਼ਟ ਸਬਾਈ ਕੱਚਾ ਸੂਤ, ਤਾਣਾ ਪੇਟਾ ਆਪ ਉਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਤਤ ਪਾਵਨ ਆਪ ਅਖਵਾਇਆ । ਜੀਵ ਕੁਕਰਮੀ ਕੁਕਰਮ ਕਮਾਏ । ਜੀਵ ਅਧਰਮੀ ਅਧਰਮ ਕਮਾਏ । ਭਰਮੀ ਜੀਵ ਭਰਮ ਭੁਲਾਵੇ । ਬ੍ਰਹਮੀ ਜੀਵ ਬ੍ਰਹਮ ਸਰੂਪ ਸਮਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ । ਕੀਆ ਕਾਜ ਛੁੱਟਾ ਸਾਜ, ਆਈ ਲਾਜ, ਦਰ ਭਾਜ, ਕੀਨੀ ਗਾਜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਗੁਰਮੁਖ ਲਾਜ । ਧਰਤ ਮਾਤ ਮਾਤ ਧਰਤ । ਡਰਤ ਡਰਤ ਜੀਵ ਜੰਤ ਡਰਤ । ਪੜਤ ਪੜਤ ਸਰਬ ਜੀਵ ਜੰਤ ਸਰਨ ਪੜਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਤੇਰਾ ਅਰਤ । ਅਰਤ ਅਨੀਤ ਜਾਓ ਜੀਤ, ਹੋਣਾ ਸੀਤ ਮਿਲਿਆ ਪ੍ਰਭ ਸਾਚਾ ਮੀਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਦੁੱਖੜੇ ਹਰੇ ਸਾਚਾ ਸੀਰ ਅੰਮ੍ਰਿਤ ਭਰੇ, ਆਪੇ ਪਰਖੇ ਨੀਤ । ਗੁਰ ਪੂਰਾ ਪੂਰਨ ਕਾਜਾ । ਆਪ ਰਖਾਏ ਗੁਰਸਿਖ ਲਾਜਾ । ਸੋਹੰ ਸਚ ਲਗਾਏ ਅਵਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਾਜਨ ਰਾਜਾ । ਸਾਚੇ ਗੁਰ ਸਦ ਬਲਿਹਾਰੀ । ਸਾਚੇ ਗੁਰ ਸਦ ਸਦ ਚਰਨ ਨਿਮਸਕਾਰੀ । ਆਦਿਨ ਅੰਤਾ ਸਾਧਨ ਸੰਤਾ ਦੇਵੇ ਸ਼ਬਦ ਅਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਅਵਤਾਰੀ । ਨਿਹਕਲੰਕ ਆਸਾ ਪੂਰ । ਨਿਹਕਲੰਕ ਸਦ ਹਜ਼ੂਰ । ਨਿਹਕਲੰਕ ਵਡ ਸੂਰਨ ਸੂਰ । ਨਿਹਕਲੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜਨਾਂ ਦੀ ਆਸਾ ਪੂਰ । ਪੂਰੀ ਆਸ ਸਚ ਭਰਵਾਸਾ । ਆਤਮ ਰਾਸਾ ਦੁਖੜਾ ਨਾਸਾ । ਪ੍ਰਭ ਸਾਚੇ ਕੀਆ ਸਚ ਘਰ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਦਾਸਨ ਦਾਸਾ । ਦਾਸਨ ਦਾਸ ਆਪ ਵਡ ਦਾਤਾ । ਵਾਸਨ ਵਾਸ ਸਰਬ ਕਾ ਗਿਆਤਾ । ਪੂਰਨ ਬ੍ਰਹਮ ਜਿਸ ਆਪ ਪਛਾਤਾ । ਸਚ ਧਰਮ ਜਗਤ ਚਲਾਤਾ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖਾਂ ਦੇਵੇ ਸਾਚੀ ਦਾਤਾ । ਗੁਰਮੁਖ ਸਾਚੇ ਦਇਆ ਦਾਨ । ਕਿਰਪਾ ਕਰੇ ਜੀਆਂ ਭਗਵਾਨ, ਸਾਚਾ ਹੀਆ ਮੇਲ ਮਿਲਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਜੋਤ ਏਕਾ ਰੰਗ ਸਮਾਨ । ਗੁਰ ਪਰਸਾਦ ਭੋਗ ਲਗਾਇਆ । ਗੁਰ ਪਰਸਾਦ ਸਾਧ ਸੰਗਤ ਆਪ ਵਰਤਾਇਆ । ਗੁਰ ਪਰਸਾਦ ਗੁਰ ਪੂਰੇ ਗੁਰਮੁਖ ਸਾਚੇ ਮੁਖ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਮਾਤ ਕੁੱਖ ਸੁਫਲ ਕਰਾਇਆ । ਭੋਗ ਲਗਾਏ ਆਪ ਭਗਵਾਨ । ਗੁਰਮੁਖਾਂ ਦੇਵੇ ਆਤਮ ਦਾਨ । ਚਰਨ ਧੂੜ ਸਾਚਾ ਇਸ਼ਨਾਨ । ਆਤਮ ਧੂੜ ਹੋਏ ਚਤੁਰ ਸੁਜਾਨ । ਮਹਾਰਾਜ ਸ਼ੇਰ ਸਿੰਘ ਸਗਿੁਰ ਸਾਚਾ ਆਪ ਰਖਾਏ ਆਪਣੀ ਆਣ । ਗੁਰਮੁਖ ਸਾਚੇ ਪ੍ਰਭ ਦਰ ਜਾਗ । ਸਚ ਸੁਣਾਇਆ ਪ੍ਰਭ ਸਾਚੇ ਰਾਗ । ਕਲਜੁਗ ਮਾਇਆ ਡੱਸਣੀ ਨਾਗ । ਪ੍ਰਭ ਸਾਚਾ ਸਚ ਦਰ ਆਇਆ ਆਪੇ ਪਕੜੇ ਤੇਰੀ ਵਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਕਲਜੁਗ ਪੂਰਨ ਤੇਰੇ ਭਾਗ । ਭੋਗ ਲਗਾਏ ਆਪ ਭਗਵੰਤਾ । ਮੁਖ ਰਖਾਏ ਸਾਧਨ ਸੰਤਾਂ । ਦੇਵੇ ਵਡਿਆਈ ਸਰਬ ਜੀਵ ਜੰਤਾਂ । ਜਿਨ ਪ੍ਰਭ ਮਿਲਿਆ ਸਾਚਾ ਕੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਆਪਣੀ ਬਣਤਾ । ਤੀਨ ਲੋਕ ਇਕ ਅਕਾਰਾ । ਏਕਾ ਜੋਤ ਜੋਤ ਨਿਰੰਕਾਰਾ । ਮਾਤ ਪਤਾਲ ਅਕਾਸ਼ ਜੋਤ ਸਰੂਪੀ ਸ਼ਬਦ ਹੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਕਰੇ ਪਰਕਾਸ਼, ਕਲਜੁਗ ਮਿਟੇ ਅੰਧ ਅੰਧਿਆਰਾ । ਵਿਚ ਪਤਾਲ ਜੋਤ ਜਗਾਏ । ਬਾਸ਼ਕ ਸੇਜ ਪ੍ਰਭ ਆਸਣ ਲਾਏ । ਨੈਣ ਮੂੰਧ ਨੈਣ ਮੁਧਾਰੀ ਆਪ ਅਖਵਾਏ । ਆਪ ਅਖਵਾਏ ਭਗਤ ਅਧਾਰੀ ਦਇਆ ਕਮਾਏ । ਮੁਕੰਦ ਮਨੋਹਰ ਲਖਮੀ ਨਰਾਇਣ ਲਛਮੀ ਚਰਨਾਂ ਵਿਚ ਬਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੁਗ ਜੁਗ ਵਿਚ ਮਾਤ ਦੇ ਆਏ । ਬਾਸ਼ਕ ਸੇਜ ਪੈਰ ਪਸਾਰੇ । ਆਪ ਸੁੱਤਾ ਨੈਣ ਮੁਧਾਰੇ । ਖੜੀ ਲਛਮੀ ਚਰਨ ਦਵਾਰੇ । ਚਰਨ ਝੱਸੇ ਰੂਪ ਅਪਾਰੇ । ਸਹੰਸ ਮੁਖ ਬਾਸ਼ਕ ਨਾਮ ਉਚਾਰੇ । ਉਪਜੇ ਸੁਖ ਜੋਤ ਸਰੂਪੀ ਪ੍ਰਭ ਸੁੱਤਾ ਆਪ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਤੀਨ ਲੋਕ ਏਕਾ ਰੰਗ ਰੱਖੇ ਸਦ ਕਰਤਾਰੇ । ਸਾਚਾ ਪ੍ਰਭ ਵਿਚ ਅਕਾਸ਼ । ਏਕਾ ਜੋਤ ਕਰੇ ਪਰਕਾਸ਼ । ਘਟ ਘਟ ਵਸੇ ਆਪ ਅਬਿਨਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਜਾਣੇ ਵਾਸ । ਸਾਚਾ ਧਾਮ ਆਪ ਸੁਹਾਏ । ਏਕਾ ਜੋਤ ਡਗਮਗਾਏ । ਬਿਨ ਬਾਤੀ ਬਿਨ ਤੇਲ, ਸਾਚਾ ਦੀਪ ਆਪ ਜਗਾਏ । ਗੁਰਮੁਖ ਸਾਚੇ ਸਾਚਾ ਮੇਲ, ਪ੍ਰਭ ਅਬਿਨਾਸ਼ੀ ਆਪ ਕਰਾਏ । ਸਚਖੰਡ ਨਿਵਾਸੀ ਪਾਰਬ੍ਰਹਮ ਅਚਰਜ ਖੇਲ, ਜੀਵ ਜੰਤ ਨਿਵਾਸੀ ਕੋਈ ਭੇਵ ਨਾ ਪਾਏ । ਜੋਤ ਸਰੂਪੀ ਜੋਤੀ ਮੇਲ, ਵਿਚ ਜੋਤੀ ਜੋਤ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਤੀਨ ਲੋਕ ਰੁਸ਼ਨਾਏ । ਏਕਾ ਜੋਤ ਆਪ ਅਕਾਰਾ । ਏਕਾ ਰੰਗ ਇਕ ਗਿਰਧਾਰਾ । ਰੂਪ ਰੰਗ ਅਪਰ ਅਪਾਰਾ । ਅੰਗ ਅੰਗ ਜੋਤ ਚਮਤਕਾਰਾ । ਸੰਗ ਸੰਗ ਸ਼ਬਦ ਧੁਨਕਾਰਾ । ਗੰਗ ਗੰਗ ਅੰਮ੍ਰਿਤ ਝਿਰਨਾ ਝਿਰੇ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਪ ਨਿਰੰਕਾਰਾ । ਸਾਚਾ ਧਾਮ ਸਚਖੰਡ । ਆਪ ਰਖਾਏ ਉਪਰ ਬ੍ਰਹਿਮੰਡ । ਹੇਠ ਟਿਕਾਏ ਸਰਬ ਨਵਖੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਸਰਬ ਵਰਭੰਡ । ਵਰਭੰਡ ਪ੍ਰਭ ਖੇਲ ਨਿਆਰਾ । ਆਵੇ ਜਾਵੇ ਵਾਰੋ ਵਾਰਾ । ਜੋਤ ਜਗਾਏ ਕਲ ਦੀਪ ਅਪਾਰਾ । ਜੁਗੋ ਜੁਗ ਪ੍ਰਭ ਸਾਚਾ ਖੇਲ ਅਪਰ ਅਪਾਰਾ । ਮਛ ਕਛ ਰੂਪ ਧਰ, ਸਾਚਾ ਰਛ ਨਾਮ ਕਰ, ਗੁਰਮੁਖ

ਸਾਚੇ ਸਾਚੀ ਦਸ਼ ਪੂਰਬ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਪਾਵੇ ਤੇਰੀ ਸਾਰਾ । ਮਾਤਲੋਕ ਜੋਤ ਜਗਾਏ । ਜੁਗੋ ਜੁਗ ਜਾਮਾ ਪਾਏ । ਭਗਤਨ ਹਿਤ ਨਾਉਂ ਰਖਾਏ । ਨਿਤ ਨਵਿਤ ਰਹੇ ਰਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਆਪ ਸਹਾਏ । ਜਨ ਭਗਤਾਂ ਦੇਵੇ ਸਾਚਾ ਰਾਜ । ਜਨ ਭਗਤਾਂ ਦੇਵੇ ਸਾਚਾ ਤਾਜ । ਜਨ ਭਗਤਾਂ ਰੱਖੇ ਆਪੇ ਆਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਸਵਾਰੇ ਕਾਜ । ਗੁਰਸਿਖ ਤੇਰਾ ਕਰਮ ਵਿਚਾਰਿਆ । ਕਰ ਕਿਰਪਾ ਪ੍ਰਭ ਪਾਰ ਉਤਾਰਿਆ । ਨਿਹਕਲੰਕ ਕਲ ਜਾਮਾ ਧਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਬਲਹਾਰਿਆ । ਗਿਰਵਰ ਗਿਰਧਾਰਾ । ਆਪੇ ਪਾਵੇ ਗੁਰਮੁਖ ਸਾਰਾ । ਆਪੇ ਖੋਲ੍ਹੇ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਅਵਤਾਰਾ । ਦਸਮ ਦਵਾਰ ਆਪ ਖੁਲ੍ਹਾ ਕੇ । ਆਤਮ ਪੜਦਾ ਆਪੇ ਲਾਹ ਕੇ । ਆਪ ਆਪਣਾ ਵਿਚ ਟਿਕਾ ਕੇ । ਜੋਤੀ ਜੋਤ ਦੀਪ ਜਗਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਜਾਏ ਕਮਾ ਕੇ । ਜੋਤੀ ਜੋਤ ਆਪ ਮਿਲਈਆ । ਸਾਚਾ ਰਾਹ ਜਗਤ ਚਲਈਆ । ਆਪੇ ਚਲਾਏ ਸਾਚੀ ਨਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਨਾ ਪਾਰਾਵਾਰ, ਨਾ ਕੋਈ ਪਾਵੇ, ਸਾਚਾ ਰਾਗ ਜਗਤ ਸੁਣਈਆ । ਸਾਚਾ ਮਾਰਗ ਜਗਤ ਚਲਾ ਕੇ । ਗੁਰਮੁਖ ਸਾਚੇ ਸਾਚਾ ਰਾਗ ਪ੍ਰਭ ਸੁਣਾ ਕੇ । ਸੋਹੰ ਸਾਚਾ ਵਿਚ ਟਿਕਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾ ਕੇ । ਆਪਣਾ ਭੇਵ ਆਪ ਖੁਲ੍ਹਾਇਆ । ਆਸਣ ਲਾਇਆ ਹਿਰਦੇ ਵਿਚ ਸਮਾਇਆ । ਕਿਰਪਾ ਕਰ ਆਤਮ ਜਿੰਦਾ ਆਪ ਖੁਲ੍ਹਾਇਆ । ਅੰਮ੍ਰਿਤ ਆਤਮ ਸਾਚੇ ਸਰ, ਗੁਰਸਿਖ ਆਪ ਨੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਕਰ ਕਵਲ ਮੁਖ ਆਪ ਖੁਲ੍ਹਾਇਆ । ਆਤਮ ਸੁਖ ਆਪ ਉਪਜਾਏ । ਉਲਟਾ ਰੁੱਖ ਮਾਤ ਗਰਭ ਛੁਡਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ । ਮਾਨਸ ਜਨਮ ਸੁਫਲ ਕਰਾ ਕੇ । ਲੱਖ ਚੁਰਾਸੀ ਗੇੜ ਕਟਾ ਕੇ । ਜੋਤ ਸਰੂਪੀ ਜੋਤੀ ਜੋਤ ਮਿਲਾ ਕੇ । ਏਕਾ ਗੋਤੀ ਗੋਤ ਪ੍ਰਭ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਜਾਏ ਇਕ ਕਰਾ ਕੇ । ਜੋਤ ਮਿਲਾਏ ਪੁਰਖ ਅਬਿਨਾਸ਼ਾ । ਆਪੇ ਰੱਖੇ ਘਟ ਘਟ ਵਾਸਾ । ਏਕਾ ਦਰ ਏਕਾ ਘਰ ਸਾਚਾ ਸਚਖੰਡ ਨਿਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਬਣਾਏ ਆਪ ਤਰਾਏ ਆਪ ਬਹਾਏ ਆਪ ਰਖਾਏ ਥਿਰ ਘਰ ਵਾਸਾ ।



## * ੧੭ ਭਾਦਰੋਂ ੨੦੦੯ ਬਿਕ੍ਰਮੀ ਮੇਰਠ ਛਾਉਣੀ ਵਿਹਾਰ ਹੋਇਆ *

ਸੁਰਤ ਸ਼ਬਦ ਪ੍ਰਭ ਮੇਲ ਕਰ । ਅਚਰਜ ਪਾਰਬ੍ਰਹਮ ਕਲ ਖੇਲ ਕਰ । ਸੁਰਤ ਸ਼ਬਦ ਪ੍ਰਭ ਮੇਲ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਪਰਕਾਸ਼ ਧਰ । ਆਤਮ ਜੋਤ ਕਰੇ ਪਰਕਾਸ਼ । ਆਤਮ ਅੰਧੇਰ ਹੋਏ ਵਿਨਾਸ । ਗੁਰਮੁਖ ਆਤਮ ਹੋਏ ਰਾਸ । ਪ੍ਰਭ ਸਾਚਾ ਕਰੇ ਬੰਦ ਖਲਾਸ । ਜੋਤ ਸਰੂਪੀ ਸਦ ਰੱਖੇ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਦਾਸਨ ਦਾਸ । ਆਪੇ ਰੱਖੇ

ਗੁਰਮੁਖ ਵਾਸ । ਸੋਹੰ ਜਪਾਵੇ ਸਵਾਸ ਸਵਾਸ । ਅਚੁਤ ਪਾਰਬ੍ਰਹਮ ਪੁਰਖ ਅਬਿਨਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦ ਸਦ ਬਲ ਬਲ ਜਾਸ । ਸੁਰਤ ਸ਼ਬਦ ਸਾਚੀ ਧਾਰਾ । ਸੁਰਤ ਸ਼ਬਦ ਕਰੇ ਵਿਚਾਰਾ । ਸੁਰਤ ਸ਼ਬਦ ਪਾਵੇ ਸਾਰਾ । ਸੁਰਤ ਸ਼ਬਦ ਦੇਵੇ ਹੁਲਾਰਾ । ਸੁਰਤ ਸ਼ਬਦ ਖੋਲ੍ਹੇ ਦਵਾਰਾ । ਸੁਰਤ ਸ਼ਬਦ ਏਕਾ ਏਕ ਦਿਸਾਵੇ ਸੱਚਾ ਘਰ ਬਾਹਰਾ । ਸੁਰਤ ਸ਼ਬਦ ਏਕਾ ਰੰਗ ਕਰਾਏ ਆਪੇ ਆਪ ਕਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਨਰਾਇਣ ਨਰ ਅਵਤਾਰਾ । ਸੁਰਤ ਸ਼ਬਦ ਆਤਮ ਜੋੜ । ਸੁਰਤ ਸ਼ਬਦ ਜਲਦੀ ਲਏ ਦੌੜ । ਸੁਰਤ ਸ਼ਬਦ ਪ੍ਰਭ ਮੇਲ ਮਿਲਾਏ, ਗੁਰਮੁਖ ਸਾਚੇ ਪ੍ਰਭ ਸਾਚੇ ਪ੍ਰਭ ਦੀ ਸਾਚੀ ਲੋੜ । ਸੁਰਤ ਸ਼ਬਦ ਚਰਨ ਧਿਆਨ । ਸੁਰਤ ਸ਼ਬਦ ਬ੍ਰਹਮ ਗਿਆਨ । ਸੁਰਤ ਸ਼ਬਦ ਹੋਏ ਹਰਿ ਭਗਤ ਭਗਵਾਨ । ਸੁਰਤ ਸ਼ਬਦ ਆਤਮ ਮੇਲ ਮਿਲਾਏ ਜੋਤ ਜਗਾਏ ਪ੍ਰਭ ਮਹਾਨ । ਸੁਰਤ ਸ਼ਬਦ ਏਕ ਰੰਗ ਆਪ ਦਿਸਾਏ ਏਕਾ ਜੋਤ ਜਗੇ ਕੋਟਨ ਕੋਟ ਭਾਨ । ਸੁਰਤ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਮਿਲੇ ਭਗਵਾਨ । ਸੁਰਤ ਸ਼ਬਦ ਸਾਚੀ ਧੁਨ । ਸੁਰਤ ਸ਼ਬਦ ਗੁਰਮੁਖ ਸਾਚੇ ਸੁਣ । ਸੁਰਤ ਸ਼ਬਦ ਆਪੇ ਆਪ ਉਪਜਾਏ ਰਖਾਏ ਸੁਣਾਏ ਗੁਰਮੁਖ ਵਿਰਲੇ ਚੁਣ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਪੁਣ । ਸੁਰਤ ਸ਼ਬਦ ਆਤਮ ਉਜਿਆਰੀ । ਸੁਰਤ ਸ਼ਬਦ ਮਿਲੇ ਮੁਰਾਰੀ । ਸੁਰਤ ਸ਼ਬਦ ਆਪੇ ਦੇਵੇ ਜੋਤ ਨਿਰੰਕਾਰੀ । ਸੁਰਤ ਸ਼ਬਦ ਏਕਾ ਰੰਗ ਦਿਸਾਏ ਏਕਾ ਰੰਗ ਚੜ੍ਹਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਸੁਰਤ ਸ਼ਬਦ ਆਤਮ ਰਾਸ । ਸੁਰਤ ਸ਼ਬਦ ਦੁਖੜਾ ਨਾਸ । ਸੁਰਤ ਸ਼ਬਦ ਗੁਰਮੁਖ ਸਾਚੇ ਪ੍ਰਭ ਰੱਖੇ ਵਾਸ । ਸੁਰਤ ਸ਼ਬਦ ਏਕਾ ਜੋਤ ਜਗੇ ਅਬਿਨਾਸ਼ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਵੇ ਰਾਸ । ਸੁਰਤ ਸ਼ਬਦ ਸਾਚੀ ਮਤਿ । ਸੁਰਤ ਸ਼ਬਦ ਆਤਮ ਤਤ । ਸੁਰਤ ਸ਼ਬਦ ਸਾਚਾ ਯਤ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪੇ ਰੱਖੇ ਕਲਜੁਗ ਤੇਰੀ ਪਤਿ । ਸੁਰਤ ਸ਼ਬਦ ਹਰਿ ਕਾ ਦਵਾਰ । ਸੁਰਤ ਸ਼ਬਦ ਸ਼ਬਦ ਸੁਰਤ ਭਗਤ ਉਧਾਰ । ਸੁਰਤ ਸ਼ਬਦ ਆਤਮ ਜੋਤ ਜਗੇ ਅਪਾਰ । ਸੁਰਤ ਸ਼ਬਦ ਮੇਟ ਮਿਟਾਏ ਅੰਧ ਅੰਧਿਆਰ । ਸੁਰਤ ਸ਼ਬਦ ਸਾਚਾ ਘਰ ਦਿਸਾਏ ਏਕਾ ਏਕੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦੇਵੇ ਕਿਰਪਾ ਧਾਰ । ਸੁਰਤ ਸ਼ਬਦ ਜੀਵ ਜਵਾਇਆ । ਸੁਰਤ ਸ਼ਬਦ ਦੀਪ ਜਗਾਇਆ । ਸੁਰਤ ਸ਼ਬਦ ਨੀਵ ਰਖਾਇਆ । ਸੁਰਤ ਸ਼ਬਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਦਰਸ ਦਿਖਾਇਆ । ਸੁਰਤ ਸ਼ਬਦ ਸਚ ਦਰ । ਸੁਰਤ ਸ਼ਬਦ ਸਾਚਾ ਵਰ । ਸੁਰਤ ਸ਼ਬਦ ਆਪ ਖੁਲ੍ਹਾਏ ਆਪਣਾ ਘਰ । ਸੁਰਤ ਸ਼ਬਦ ਮੇਲ ਮਿਲਾਵੇ ਅਵਤਾਰ ਨਰ । ਸੁਰਤ ਸ਼ਬਦ ਦਰਸ ਦਿਖਾਵੇ ਏਕਾ ਹਰਿ । ਸੁਰਤ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਏਕਾ ਧਿਆਨ ਚਰਨ ਧਰ । ਸੁਰਤ ਸ਼ਬਦ ਆਤਮ ਨਾਤ । ਸੁਰਤ ਸ਼ਬਦ ਆਪੇ ਦੇਵੇ ਸਾਚੀ ਦਾਤ । ਸੁਰਤ ਸ਼ਬਦ ਗੁਰਮੁਖ ਸਾਚੇ ਸੋਹੰ ਦੇਵੇ ਵਡ ਕਰਾਮਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਵਡਿਆਈ ਜੋਤ ਜਗਾਈ ਹੋਏ ਸਹਾਈ, ਪਤਿ ਰਖਾਈ ਨਾ ਹੋਏ ਅੰਧੇਰੀ ਰਾਤ । ਜੋਤ ਜਗਾਏ ਅਪਰ ਅਪਾਰ । ਸੁਰਤ ਸ਼ਬਦ ਦੇ ਜਾਏ ਤਾਰ । ਸੁਰਤ ਸ਼ਬਦ ਏਕਾ ਉਪਜੇ ਚਰਨ ਪਿਆਰ । ਪ੍ਰਭ ਸਾਚੇ ਦੀ ਸਾਚੀ ਕਾਰ । ਆਵੇ ਜਾਵੇ ਜਗਤ ਰਹਾਵੇ ਵਾਰੋ ਵਾਰ । ਗੁਰਮੁਖ ਸਾਚੇ ਦਰਸ

ਦਿਖਾਵੇ, ਪਰਗਟ ਜੋਤ ਜੁਗੋ ਜੁਗ ਲੰਘਾਵੇ ਪਾਰ । ਜੋਤ ਸਰੂਪੀ ਜੋਤ ਨਿਰੰਜਣ ਏਕਾ ਏਕੰਕਾਰ । ਸਾਧ ਸੰਗਤ ਸਦਾ ਦੁਖ ਭੈ ਭੰਜਨ ਆਦਿ ਜੁਗਾਦੀ ਕਿਰਪਾ ਧਾਰ । ਏਕਾ ਦੇਵੇ ਚਰਨ ਧੂੜ ਸਾਚਾ ਮਜਨ, ਗੁਰਮੁਖ ਸਾਚੇ ਚਰਨ ਕਰ ਨਿਮਸਕਾਰ । ਗੁਰਮੁਖ ਸਾਚੇ ਸਾਚੇ ਦੀਪਕ ਵਿਚ ਮਾਤ ਜਗਣ, ਬੇਮੁਖਾਂ ਕਰੇ ਖੁਆਰ । ਪੋਹ ਨਾ ਸਕੇ ਕਲਜੁਗ ਮਾਇਆ ਅਗਨ, ਏਕਾ ਜੋਤ ਧਰੇ ਕਰਤਾਰ । ਕਲਜੁਗ ਜੀਵ ਦਰ ਦਰ ਫਿਰਨ ਨਗਨ, ਨਿਹਕਲੰਕ ਏਕਾ ਮਾਰੇ ਸ਼ਬਦ ਮਾਰ । ਗੁਰਮੁਖ ਸਾਚੇ ਨਾਉਂ ਪ੍ਰਭ ਰੰਗਣ, ਏਕਾ ਉਪਜੇ ਰੰਗ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿਗੁਰ ਸਾਚਾ, ਸਤਿ ਪੁਰਖਾਂ ਪਾਵੇ ਸਾਰ । ਸਤਿ ਪੁਰਖ ਸਤਿ ਸਰੂਪ । ਸਤਿ ਪੁਰਖ ਰੰਗ ਅਨੂਪ । ਸਤਿ ਪੁਰਖਾਂ ਸਤਿ ਸਮਾਏ ਪ੍ਰਭ ਸਾਚਾ ਵਡ ਭੂਪ । ਸਤਿ ਪੁਰਖਾਂ ਇਕ ਰੰਗ ਹੋ ਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਅਨੂਪ । ਜੋਤ ਸਰੂਪੀ ਜੋਤ ਧਰ । ਮਾਤਲੋਕ ਆਇਆ ਅਵਤਾਰ ਨਰ । ਭੇਦ ਖੁਲ੍ਹਾਏ ਪ੍ਰਭ ਵਡ ਦੇਵੀ ਦੇਵ ਸਰਨ ਲਗਾਏ, ਏਕਾ ਜੋਤ ਮਾਤ ਟਿਕਾਏ, ਸਾਚਾ ਦਰ ਆਪ ਖੁਲ੍ਹਾਏ, ਚਾਰ ਵਰਨ ਆਏ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੋਹੰ ਸਾਚਾ ਸ਼ਬਦ ਚਲਾਵੇ, ਦੁਤਰ ਜਾਇਣ ਤਰ । ਏਕਾ ਸ਼ਬਦ ਰਖਾਇਆ ਆਪ । ਸ੍ਰਿਸ਼ਟ ਸਬਾਈ ਆਪੇ ਹੋਇਆ ਮਾਈ ਬਾਪ । ਨਿਹਕਲੰਕ ਕਲ ਜੋਤ ਪਰਗਟਾਈ ਗੁਰਸਿਖਾਂ ਮਾਰੇ ਤੀਨੋ ਤਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪੇ ਆਪ ਉਤਾਰੇ ਕੋਟਨ ਪਾਪ । ਪਾਪ ਉਤਾਰੇ ਕੋਟਨ ਕੋਟੀ । ਸੋਹੰ ਸ਼ਬਦ ਉਠਾਵੇ ਸੋਟੀ । ਸ੍ਰਿਸ਼ਟ ਸਬਾਈ ਹੋਈ ਖੋਟੀ । ਆਪ ਕਰਾਏ ਬੋਟੀ ਬੋਟੀ । ਬੇਮੁਖ ਜੀਵ ਅੰਤਕਾਲ ਖਾਲੀ ਹੱਥ ਜਾਵੇ, ਹੱਥ ਨਾ ਆਵੇ ਰੋਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਮਿਲਾਏ ਜੋਤੀ । ਆਪ ਆਪਣੀ ਸਰਨ ਲਗਾਏ । ਦਰ ਦਰਬਾਰ ਬਹਾਏ । ਦਰਗਹਿ ਸਾਚੀ ਮਾਣ ਦਵਾਏ । ਸਚਖੰਡ ਨਿਵਾਸੀ ਸਚਖੰਡ ਸਮਾਏ । ਥਿਰ ਘਰ ਵਾਸੀ ਥਿਰ ਘਰ ਨਿਵਾਸ ਰਖਾਏ । ਪੁਰਖ ਅਬਿਨਾਸ਼ੀ ਸਤਿ ਸਰੂਪੀ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਘਟ ਵਾਸੀ ਗੁਰਮੁਖ ਸਾਚੇ ਸਾਚੇ ਧਾਮ ਬਹਾਏ । ਸਾਚਾ ਧਾਮ ਜਗਤ ਨਿਆਰਾ । ਆਪੇ ਆਪ ਇਕ ਨਿਰੰਕਾਰਾ । ਜਗੇ ਜੋਤ ਅਗੰਮ ਅਪਾਰਾ । ਏਕਾ ਜੋਤ ਤੀਨ ਲੋਕ ਅਕਾਰਾ । ਲੋਕ ਪਰਲੋਕ ਪ੍ਰਭ ਚਰਨ ਦਵਾਰਾ । ਜੋਤ ਸਰੂਪੀ ਪਵਣ ਹੁਲਾਰਾ । ਪਵਣ ਸਰੂਪ ਜੀਵ ਜੰਤਾਂ ਦੇਵੇ ਸਵਾਸ ਅਧਾਰਾ । ਜੋਤ ਸਰੂਪੀ ਜੋਤ ਪ੍ਰਭ, ਲੱਖ ਚੁਰਾਸੀ ਪਸਰ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਏਕੰਕਾਰਾ । ਅੰਤ ਨਾ ਪਾਰਾਵਾਰਾ । ਓਅੰਕਾਰ ਕੀਆ ਆਕਾਰ । ਇਕ ਕਰਤਾਰ ਵਿਚ ਸੰਸਾਰ ਜਾਮਾ ਧਾਰ, ਭਗਤ ਉਧਾਰ ਬੇਮੁਖ ਸੁਧਾਰ ਕਰ ਖੁਆਰ ਮਾਰੇ ਸ਼ਬਦ ਮਾਰ । ਉਠਾਏ ਖੰਡਾ ਦੋ ਧਾਰ, ਕਰਮ ਵਿਚਾਰ ਮਦਿਰਾ ਮਾਸ ਕਰਨ ਆਹਾਰ । ਨਿਹਕਲੰਕ ਕਲ ਲਏ ਅਵਤਾਰ । ਆਪੇ ਪਾਵੇ ਸਰਬ ਦੀ ਸਾਰ । ਜਨ ਭਗਤਾਂ ਜਾਏ ਦੁਤਰ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਵੇ ਸਰਬ ਦੀ ਸਾਰ । ਗੁਰਮੁਖਾਂ ਪੂਰਨ ਆਸਾ । ਪ੍ਰਭ ਕੀਆ ਜੋਤ ਪਰਕਾਸ਼ਾ । ਆਪੇ ਜਾਣੇ ਲੇਖ ਲਿਖਾਸਾ । ਜੋਤ ਸਰੂਪੀ ਕੀਆ ਵਾਸਾ । ਤਜੀ ਦੇਹ ਪ੍ਰਭ ਅਬਿਨਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਲੇਖ ਲਿਖਾਏ, ਆਪੇ ਵੇਖ ਵਖਾਏ, ਆਪੇ ਮੇਖ ਲਗਾਏ, ਮਾਨਸ ਜਨਮ ਕਰਾਏ ਰਾਸਾ । ਮਾਨਸ ਜਨਮ ਰਾਸ ਕਰ । ਗੁਰਮੁਖ ਸਾਚੇ ਪਾਸ ਕਰ । ਸਾਚਾ ਆਤਮ ਧਰਵਾਸ ਧਰ । ਹਉਮੇ ਦੁਖੜਾ ਨਾਸ ਕਰ । ਏਕਾ ਮੇਲ ਸੁਰਤ ਸ਼ਬਦ ਅਕਾਸ਼ ਕਰ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਧਰਾਏ, ਸੋਹੰ ਜਪਾਏ ਰਸਨ ਸਵਾਸ ਸਵਾਸ ਕਰ । ਸੋਹੰ ਜਾਪ ਵਡ ਪਰਤਾਪ ਪ੍ਰਭ ਕਰਾਮਾਤ । ਦੇਵਣਹਾਰ ਇਕ ਦਾਤਾਰ । ਮੰਗਣ ਖੜੇ ਕੋਟ ਦਵਾਰ । ਪ੍ਰਭ ਸਾਚੇ ਦਾ ਸਚ ਭੰਡਾਰ । ਵਰਤੇ ਵਰਤਾਵੇ ਆਪੇ ਵਿਚ ਸੰਸਾਰ । ਗੁਰਮੁਖ ਵਿਰਲਾ ਪਾਵੇ, ਚਲ ਆਵੇ ਚਰਨ ਦਵਾਰ । ਚਰਨ ਧੂੜ ਜਨ ਕੋਈ ਨਹਾਵੇ, ਜਿਸ ਕਿਰਪਾ ਕਰੇ ਗਿਰਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਵੇ, ਗੁਰਮੁਖ ਸਾਚੇ ਸਿੱਖ ਪਸਾਰ । ਗੁਰਮੁਖ ਸਾਚੇ ਸਾਚੀ ਸੀਖਿਆ । ਸਾਚਾ ਲੇਖ ਪ੍ਰਭ ਸਾਚੇ ਧੁਰ ਦਰਗਾਹੋਂ ਲੀਖਿਆ । ਨਾ ਕੋਈ ਮੇਟੇ ਮੇਟ ਮਿਟਾਏ ਪ੍ਰਭ ਆਤਮ ਲਾਈ ਸਾਚੀ ਮੇਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰ ਘਰ ਆਏ ਦਇਆ ਕਮਾਏ, ਸਰਨ ਲਗਾਏ ਮਰਨ ਚੁਕਾਏ, ਹਰਨ ਫਰਨ ਖੁਲ੍ਹਾਏ, ਤਾਰਨ ਤਰਨ ਆਪ ਅਖਵਾਏ, ਲੱਖ ਚੁਰਾਸੀ ਵਿਚ ਗੁਰਸਿਖ ਨਾ ਆਏ, ਵਡ ਵਡ ਮੁਨ ਰਿਖ ਪ੍ਰਭ ਦੇ ਤਰਾਏ, ਸੋਹੰ ਪਾਵੇ ਸਾਚਾ ਨਾਮ ਦਾਨ ਭੀਖਿਆ । ਪਾਈ ਭੀਖਿਆ ਮਿਲਿਆ ਵਰ । ਦਰ ਘਰ ਆਏ ਆਪੇ ਹਰਿ । ਖੋਲ੍ਹ ਵਖਾਏ ਆਤਮ ਦਰ । ਆਪ ਦਿਖਾਵੇ ਅੰਮਿਤ੍ਰ ਆਤਮ ਸਰ । ਪ੍ਰਭ ਅਬਿਨਾਸ਼ੀ ਕਿਰਪਾ ਕਰ । ਅੰਮ੍ਰਿਤ ਭੰਡਾਰੇ ਦੇਵੇ ਭਰ । ਏਕਾ ਜੋਤ ਆਪ ਜਗਾਏ, ਏਕਾ ਬੂੰਦ ਮੁਖ ਚੁਆਏ, ਕਵਲ ਨਾਭ ਉਲਟਾ ਕਰ । ਸਵਾਂਤ ਸਵਾਂਤੇ ਆਤਮ ਸ਼ਾਂਤੇ, ਪ੍ਰਭ ਆਪ ਮਿਲਾਏ ਆਪਣੀ ਕਿਰਪਾ ਕਰ । ਆਪੇ ਬੈਠਾ ਵੇਖੇ ਵਿਚ ਇਕਾਂਤੇ, ਜੋਤ ਜਗਾਏ ਅਪਰ ਅਪਾਰ । ਅਪਰ ਅਪਾਰ ਜੋਤ ਜਗਾਏ । ਕਰ ਵਿਚਾਰ ਦਇਆ ਕਮਾਏ । ਨਰ ਅਵਤਾਰ ਭਰਮ ਭੁਲੇਖਾ ਸਰਬ ਮਿਟਾਏ । ਭਗਤ ਉਧਾਰੇ ਸਾਚਾ ਲੇਖਾ ਆਪ ਚੁਕਾਏ । ਵਿਚ ਸੰਸਾਰ ਸਾਚੀ ਰੇਖਿਆ ਆਪ ਲਿਖਾਏ । ਆਪੇ ਪਾਵੇ ਸਾਰ, ਗੁਰਮੁਖ ਸਾਚਾ ਪ੍ਰਭ ਸਾਚਾ ਸਰਨ ਲਗਾਏ । ਨਾ ਆਵੇ ਹਾਰ, ਸੋਹੰ ਜਾਪ ਰਸਨ ਜਪਾਏ । ਪ੍ਰਭ ਸਾਚਾ ਜਾਏ ਤਾਰ, ਜਿਸ ਜਨ ਦਇਆ ਕਮਾਏ । ਸਾਚਾ ਦੇਵੇ ਨਾਮ ਜਗਤ ਵਿਹਾਰ, ਪ੍ਰਭ ਅਬਿਨਾਸ਼ੀ ਸੇਵ ਕਮਾਏ । ਏਕਾ ਜੋਤ ਕਰੇ ਚਮਤਕਾਰ, ਆਤਮ ਸਾਚਾ ਦੀਪ ਜਗਾਏ । ਦਿਵਸ ਰੈਣ ਰੈਣ ਦਿਵਸ ਏਕਾ ਰੰਗ ਕਰਤਾਰ, ਆਤਮ ਦੇਵੇ ਸਰਬ ਮਿਟਾਏ । ਗੁਰਮੁਖਾਂ ਦੇਵੇ ਸ਼ਬਦ ਅਧਾਰ, ਸਾਚੀ ਧੁਨ ਆਪ ਉਪਜਾਏ । ਪ੍ਰਭ ਸਾਚੇ ਦੀ ਸਾਚੀ ਕਾਰ, ਆਤਮ ਸੁੰਨ ਆਪ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਰਮ, ਪਰਗਟ ਜੋਤ ਸਤਿ ਸਰੂਪੀ ਦਰਸ ਦਿਖਾਏ । ਗੁਰਮੁਖ ਸਾਚੇ ਕਰਮ ਵਿਚਾਰਿਆ । ਸੱਚੋ ਸਚ ਪ੍ਰਭ ਸਾਚਾ ਕਰੇ ਵਿਹਾਰਿਆ । ਪ੍ਰਭ ਸਾਚੇ ਸਦ ਸਦ ਬਲਿਹਾਰਿਆ । ਆਵੇ ਜਾਵੇ ਵਿਚ ਮਾਤ ਵਾਰੋ ਵਾਰਿਆ । ਕਲਜੁਗ ਅੰਤਮ ਅੰਤ ਨਿਹਕਲੰਕ ਜਾਮਾ ਘਨਕਪੁਰੀ ਵਿਚ ਧਾਰਿਆ । ਗੁਰਮੁਖ ਸਾਚੇ ਸੰਤ ਪ੍ਰਭ ਸੁਰਤ ਸ਼ਬਦ ਆਪ ਜਗਾ ਰਿਹਾ । ਜਿਸ ਬਣਾਈ ਸਾਚੀ ਬਣਤ, ਆਪਣਾ ਖੇਲ ਆਪ ਖਿਲਾ ਰਿਹਾ । ਆਪੇ ਬੈਠਾ ਰਹੇ ਇਕੰਤ, ਆਪਣੇ ਭਾਣੇ ਵਿਚ ਚਲਾ ਰਿਹਾ । ਭੇਵ ਨਾ ਪਾਵੇ ਕੋਈ ਜੀਵ ਜੰਤ, ਕਲਜੁਗ ਜੀਵ ਆਪ ਭੁਲਾ ਰਿਹਾ । ਪ੍ਰਭ ਮਾਇਆ ਪਾਈ ਜਗਤ ਬੇਅੰਤ, ਮਾਇਆ ਮਮਤਾ ਵਿਚ ਡੁਲਾ ਰਿਹਾ । ਸ੍ਰਿਸ਼ਟ ਸਬਾਈ ਆਤਮ ਜਿਤ, ਹਉਮੇ ਰੋਗ ਸਰਬ ਸਤਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਲਜੁਗ ਦੇਖ ਆਤਮ ਸਾਚਾ ਜੋਤ ਸਰੂਪੀ ਦੀਪਕ ਜੋਤ ਜਗਾ ਰਿਹਾ । ਆਤਮ ਚਿੰਤਾ ਆਪ ਲਗਾਏ । ਜੀਵ ਜੰਤ ਕੋਈ ਭੇਵ ਨਾ ਪਾਏ । ਵਡ ਵਡ ਦੇਵੀ ਦੇਵ ਪ੍ਰਭ ਆਪ ਭੁਲਾਏ । ਕਰੋੜ ਤੇਤੀਸ ਰਹੇ ਬਿਲਲਾਏ । ਸੁਰਪਤ ਰਾਜਾ ਇੰਦ ਪ੍ਰਭ ਅਬਿਨਾਸ਼ੀ ਦਿਸ ਨਾ ਆਏ । ਪ੍ਰਭ ਸਾਚੇ ਦੀ ਸਾਚੀ ਬਿੰਦ, ਗੁਰਮੁਖ ਸਾਚੇ ਪ੍ਰਭ ਸਾਚਾ

ਆਪ ਜਗਾਏ । ਕਲਜੁਗ ਜੀਵ ਬੇਮੁਖ ਕਰਨ ਜੋ ਨਿੰਦ, ਅੰਤਮ ਅੰਤ ਨਰਕ ਨਿਵਾਸ ਰਖਾਏ । ਨਿਹਕਲੰਕ ਵਡ ਵਡ ਮਰਗਿੰਦ ਆਪੇ ਦੇ ਸਜ਼ਾਏ । ਆਪ ਰੁੜ੍ਹਾਏ ਸਾਗਰ ਸਿੰਧ, ਵਹਿੰਦੇ ਵਹਿਣ ਜੀਵ ਰੁੜ੍ਹਾਏ । ਆਪ ਕਢਾਏ ਬੇਮੁਖਾਂ ਜਿੰਦ, ਜਮਦੂਤ ਦਿਵਸ ਰੈਣ ਪ੍ਰਭ ਮਗਰ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਆਪਣੀ ਸਰਨ ਲਗਾਏ । ਸਰਨ ਲਾਗ ਕਿਉਂ ਸੋਏ ਭਾਗ । ਕਲਜੁਗ ਜੀਵ ਜਾਗ ਆਤਮ ਬੁਝਾ ਆਗ । ਸੋਹੰ ਸ਼ਬਦ ਸੁਣਾ ਸਾਚਾ ਰਾਗ । ਏਕਾ ਤਨ ਪਹਿਨਾਏ ਸੋਹੰ ਤਾਗ । ਆਪੇ ਪਕੜੇ ਪ੍ਰਭ ਸਾਚਾ ਤੇਰੀ ਵਾਗ । ਆਪ ਬਣਾਏ ਹੰਸ ਕਾਗ । ਜੋਤ ਪਰਗਟਾਏ ਨਿਹਕਲੰਕ ਗੁਰਮੁਖ ਸਾਚੇ ਚਰਨ ਲਾਗ । ਆਪ ਵਜਾਏ ਸੋਹੰ ਸਾਚਾ ਡੰਕ, ਸੁਣ ਸੁਣ ਸਾਚੀ ਧੁਨ ਗੁਰਸਿਖ ਸਾਚਾ ਆਏ ਭਾਗ । ਇਕ ਕਰਾਏ ਰਾਓ ਰੰਕ, ਨਿਮਾਣਿਆਂ ਨਿਤਾਣਿਆਂ ਆਪੇ ਧੋਏ ਦਾਗ਼ । ਕਲ ਜੋਤ ਪਰਗਟਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਉਠ ਉਠ ਜਾਗ । ਉਠ ਜਾਗ ਵਕਤ ਵਿਚਾਰ । ਮਾਨਸ ਜਨਮ ਜੀਵ ਨਾ ਹਾਰ । ਫਲ ਨਾ ਲੱਗੇ ਮੁੜ ਕੇ ਡਾਰ । ਲੱਖ ਚੁਰਾਸੀ ਆਤਮ ਕਰ ਵਿਚਾਰ । ਕਰ ਕਰ ਹਾਸੀ ਦਰ ਦਰ ਨਾ ਹੋ ਖੁਆਰ । ਰਸਨਾ ਹੋਈ ਮਦਿਰਾ ਮਾਸੀ, ਆਤਮ ਚਲਿਆ ਸਰਬ ਵਿਕਾਰ । ਸਚ ਸਮਗਰੀ ਦਰ ਤੋਂ ਨਾਸੀ, ਆਪੇ ਰਲਿਓ ਕਾਗਾਂ ਡਾਰ । ਭੁੱਲਿਆ ਪ੍ਰਭ ਪੁਰਖ ਅਬਿਨਾਸ਼ੀ, ਜਿਸ ਦੀਆ ਜਨਮ ਅਪਾਰ । ਪਰਗਟਾਏ ਜੋਤ ਨਿਹਕਲੰਕ ਘਨਕਪੁਰ ਵਾਸੀ, ਕਲਜੁਗ ਜੀਵ ਚਲ ਆਇਣ ਦਰ ਦਰਬਾਰ । ਵੇਲਾ ਅੰਤਕਾਲ ਕਲ ਸਰਬ ਸ੍ਰਿਸ਼ਟ ਪਛਤਾਸੀ, ਪ੍ਰਭ ਸਾਚਾ ਕਰੇ ਖੁਆਰ । ਆਪ ਕਰਾਏ ਆਪਣੇ ਚਰਨ ਦਾਸੀ, ਦਰ ਦਰ ਫਿਰਨ ਭਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜਾਮਾ ਧਾਰੇ ਨਿਹਕਲੰਕ ਅਵਤਾਰ । ਨਿਹਕਲੰਕ ਕਲ ਜਾਮਾ ਧਰਿਆ । ਜੋਤ ਸਰੂਪੀ ਅਵਤਾਰ ਨਰਿਆ । ਗੁਰਮੁਖ ਵਿਰਲੇ ਕਲਜੁਗ ਵਰਿਆ । ਕਿਰਪਾ ਕਰੇ ਜਿਸ ਗਿਰਧਰਿਆ । ਜੋ ਜਨ ਪੂਰਨ ਆਸਾ ਵਰਿਆ । ਆਤਮ ਜਾਗ ਸੋਹੰ ਸਾਚਾ ਰਸਨ ਉਚਰਿਆ । ਆਤਮ ਪਾਪਾਂ ਧੋਇਆ ਦਾਗ਼, ਪ੍ਰਭ ਅਬਿਨਾਸ਼ੀ ਸਰਨੀ ਪੜਿਆ । ਸੋਇਆ ਜੀਵ ਗਿਆ ਜਾਗ, ਪ੍ਰਭ ਸਾਚੇ ਸਿਰ ਹੱਥ ਜਿਸ ਜਨ ਧਰਿਆ । ਆਪ ਸੁਣਾਇਆ ਸਾਚਾ ਰਾਗ, ਸੋਹੰ ਧੰਨ ਭਾਗ ਭਰਿਆ । ਆਤਮ ਹੋਈ ਜਗਤ ਤਿਆਗ, ਏਕਾ ਮਿਲਿਆ ਹਰਿ ਨਰ ਨਰ ਹਰਿ ਨਰਾਇਣ ਨਰ ਅਵਤਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਦਿ ਜੋਤ ਸਰੂਪ ਪਰਗਟ ਜੋਤ ਤੇਰੇ ਆਤਮ ਦਰ ਦਵਾਰ ਖੜਿਆ । ਆਤਮ ਦਰ ਸਚ ਦਰਵਾਜਾ । ਜਿਥੇ ਵਸੇ ਆਪ ਗ਼ਰੀਬ ਨਿਵਾਜਾ । ਆਪਣਾ ਆਪ ਆਪ ਜਿਸ ਸਾਜਨ ਸਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵ ਦਰ ਸੱਚਾ ਘਰ, ਆਪੇ ਖੋਲ੍ਹੇ ਦਸਮ ਦਵਾਰਾ । ਦਸਮ ਦਵਾਰ ਆਪ ਖੁਲ੍ਹਾਏ । ਏਕਾ ਜੋਤ ਅਕਾਰ ਕਰਾਏ । ਨਿਰਾਹਾਰ ਵਿਚ ਸਮਾਏ । ਨਿਰਾਧਾਰ ਦਿਸ ਨਾ ਆਏ । ਕਰਮ ਵਿਚਾਰ ਜੀਵ ਜੰਤ ਤਰਾਏ । ਦੇਵੇ ਚਰਨ ਪਿਆਰ, ਜੋ ਜਨ ਆਤਮ ਰਸਨਾ ਰਸ ਰਸ ਰਸ ਸਾਚਾ ਪਾਏ । ਏਕਾ ਦਿਸੇ ਸਭ ਨਰ ਨਾਰ, ਜੋ ਜਨ ਰਸਨਾ ਸੋਹੰ ਗਾਏ । ਸੋਹੰ ਸ਼ਬਦ ਸਾਚੀ ਧਾਰ, ਸਾਚੇ ਦਰ ਫੁਹਾਰ ਲਗਾਏ । ਗੁਰਮੁਖ ਸਾਚਾ ਪਾਏ ਸਾਰ, ਸਚ ਤੀਰਥ ਜੋ ਨਾਵ੍ਹਣ ਆਏ । ਆਪੇ ਦੇਵੇ ਪ੍ਰਭ ਸਾਚਾ ਤਾਰ, ਸਾਚਾ ਸੀਰ ਮੁਖ ਚੁਆਏ । ਆਪੇ ਕਰੇ ਸੱਚੀ ਕਾਰ, ਸੋਹੰ ਸ਼ਬਦ ਤੀਰ ਵਿਨ੍ਹ ਆਪ ਚਲਾਏ । ਸ਼ਬਦ ਧੁਨ ਉਪਜਾਏ ਸਾਚੀ ਧਾਰ, ਆਤਮ ਸੁੰਨ ਆਪ ਖੁਲ੍ਹਾਏ । ਖੁਲ੍ਹੇ ਸੁੰਨ ਜੋਤ ਜਗੇ ਅਪਰ ਅਪਾਰ, ਏਕਾ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਗੁਰਮੁਖ ਸਾਚੇ ਤੇਰੇ ਆਤਮ ਸਾਚੇ ਘਰ ਜਗਾਏ । ਆਤਮ ਘਰ ਜਗੇ ਜੋਤੀ । ਗੁਰਮੁਖ ਮੈਲ ਦੁਰਮਤ ਧੋਤੀ । ਪ੍ਰਭ ਸਾਚਾ ਗੁਰਮੁਖ ਸਾਚੇ ਮਾਣਕ ਮੋਤੀ । ਗੁਰਮੁਖ ਗੁਰਮੁਖ ਅੰਤਮ ਅੰਤ ਏਕਾ ਘਰ ਏਕਾ ਦਰ ਏਕਾ ਏਕ ਮਿਲਿਆ ਹਰਿ ਏਕਾ ਹੋਏ ਜੋਤਮ ਜੋਤੀ । ਗੁਰਮੁਖ ਗੁਰ ਏਕਾ ਜੋਤ । ਗੁਰਮੁਖ ਗੁਰ ਏਕਾ ਗੋਤ । ਗੁਰਮੁਖ ਗੁਰ ਓਤ ਪੋਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਏਕਾ ਏਕ ਜਗਾਏ ਜੋਤ । ਜੋਤ ਦੇਵੇ ਆਤਮ ਧੀਰ । ਏਕਾ ਜੋਤ ਗੁਰਮੁਖ ਸਾਚੇ ਆਤਮ ਸੀਰ । ਏਕਾ ਜੋਤ ਗੁਰਮੁਖ ਸਾਚੇ ਆਤਮ ਸਾਚਾ ਨੀਰ । ਏਕਾ ਜੋਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰਾ ਬਜਰ ਕਪਾਟ ਚੀਰ । ਬਜਰ ਕਪਾਟ ਆਪ ਚਿਰਾਏ । ਆਰ ਪਾਰ ਸ਼ਬਦ ਲਗਾਏ । ਸਾਚੀ ਧਾਰ ਗੁਰਸਿਖ ਵਹਾਏ । ਇਕ ਅਕਾਰ ਜੋਤ ਕਰਾਏ । ਨਿਹਕਲੰਕ ਅਵਤਾਰ ਆਪ ਆਪਣੇ ਵਿਚ ਸਮਾਏ । ਭਰਮ ਨਿਵਾਰ ਗੁਰਸਿਖ ਤਰਾਏ । ਕਿਰਪਾ ਕਰ ਆਪ ਗਿਰਧਾਰ, ਮਨ ਕਾ ਭਰਮ ਭਓ ਚੁਕਾਏ । ਮਾਨਸ ਜਨਮ ਗੁਰਸਿਖ ਸੁਧਾਰ, ਆਪ ਆਪਣੇ ਰੰਗ ਰੰਗਾਏ । ਕਲਜੁਗ ਬੇੜਾ ਪਾਰ ਕਰ, ਬ੍ਰਹਮ ਸਰੂਪ ਵਿਚ ਬ੍ਰਹਮ ਸਮਾਏ । ਨਿਜ ਘਰ ਵਾਸੀ ਨਿਜ ਘਰ ਵਾਸ ਕਰ, ਸਚਖੰਡ ਨਿਵਾਸ ਗੁਰਸਿਖ ਰਖਾਏ । ਏਕਾ ਜੋਤ ਧਰਵਾਸ ਧਰ, ਧੀਰਨ ਧੀਰ ਆਪ ਅਖਵਾਏ । ਜੋਤ ਸਰੂਪੀ ਇਕ ਪਰਕਾਸ਼ ਕਰ, ਆਤਮ ਅੰਧੇਰ ਸਰਬ ਮਿਟਾਏ । ਸਰਬ ਘਟਾ ਘਟ ਵਾਸ ਕਰ, ਨਿਜ ਘਰ ਵੇਖੇ ਤਾੜੀ ਲਾਏ । ਸੋਹੰ ਸ਼ਬਦ ਰਸਨ ਸਵਾਸ ਸਵਾਸ ਕਰ, ਆਪ ਆਪਣਾ ਨਾਮ ਜਪਾਏ । ਗੁਰਮੁਖ ਸਾਚੇ ਤੇਰਾ ਮਾਨਸ ਜਨਮ ਰਾਸ ਕਰ, ਨਿਹਕਲੰਕ ਅਪਣੀ ਸਰਨ ਲਗਾਏ । ਆਪ ਆਪਣਾ ਦਾਸ ਕਰ, ਜੋਤ ਸਰੂਪੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਾਰਨ ਤਰਨ ਆਪ ਅਖਵਾਏ । ਜਗੇ ਜੋਤ ਅਗੰਮ ਅਪਾਰੇ । ਕਿਰਪਾ ਕਰੇ ਆਪ ਗਿਰਧਾਰੇ । ਖੁਲ੍ਹਾਏ ਦਰ ਜੋਤ ਨਿਰੰਕਾਰੇ । ਨੁਹਾਏ ਸਰ ਕ੍ਰਿਸ਼ਨ ਮੁਰਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਿਰਪਾ ਕਰ ਪਾਰ ਉਤਾਰੇ । ਗੁਰ ਦਰ ਸਾਚਾ ਘਰ । ਆਇਆ ਹਰਿ ਗੁਰਮੁਖ ਸਾਚੇ ਜਾਇਣ ਤਰ । ਦਰਸ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਵਡਿਆਈ ਆਪ ਆਪਣਾ ਕਰਮ ਕਰ । ਕਰਮ ਕਰੇ ਆਪੇ ਹਰੇ । ਜੋ ਜਨ ਆਏ ਦਰੇ । ਸੋਹੰ ਚਲਾਵੇ ਸਾਚੇ ਘਰੇ । ਖਾਲੀ ਭੰਡਾਰ ਆਪੇ ਭਰੇ । ਸਾਚੇ ਕਾਰਜ ਗੁਰ ਦਰ ਸਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਪਰਗਟਾਏ ਨਿਹਕਲੰਕ ਨਰਾਇਣ ਨਰ ਹਰੇ । ਨਰਾਇਣ ਨਰ ਜੋਤ ਹਰਿ । ਦਇਆ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਿਰ ਘਰ ਵਾਸੀ ਗੁਰਮੁਖ ਸਾਚੇ ਆਪ ਆਪਣੇ ਦਾਸ ਕਰ । ਦਾਸ ਦਾਸ ਵਾਸ ਵਾਸ ਰਾਸ ਰਾਸ ਨਾਸ ਨਾਸ ਸਵਾਸ ਸਵਾਸ ਸਵਾਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਛਡਾਏ ਤੇਰੀ ਆਤਮ ਮਦਿਰਾ ਮਾਸ । ਆਤਮ ਦੇਵੇ ਆਪ ਧੀਰਾ । ਆਪੇ ਕਰੇ ਸ਼ਾਂਤ ਸਰੀਰਾ । ਆਪ ਪਹਿਨਾਏ ਸੋਹੰ ਸਾਚਾ ਪ੍ਰਭ ਤਨ ਚੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਸ ਨਾ ਆਏ ਕਲ ਕਿਸੇ ਪੀਰ ਫ਼ਕੀਰਾ । ਸੋਹੰ ਚੀਰਾ ਆਪ ਪਹਨਾਇਆ । ਸਤਿਜੁਗ ਵਰਤੀਰਾ ਆਪ ਚਲਾਇਆ । ਗੁਰਮੁਖ ਸਾਚੇ ਆਤਮ ਧੀਰਾ ਆਪ ਧਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਪੀਰਨ ਪੀਰਾ ਆਪ ਅਖਵਾਇਆ । ਪੀਰਨ ਪੀਰ ਆਪ ਅਖਵਾਏ । ਧੀਰਨ ਧੀਰ ਆਪ ਹੋ ਜਾਏ । ਸੀਰਨ ਸੀਰ ਅੰਮ੍ਰਿਤ ਸਾਚਾ ਸੀਰ ਪਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਸ਼ਬਦ ਤੇਰੇ

ਤਨ ਚੀਰ ਪਹਿਨਾਏ । ਤਨ ਪਹਿਨਾਇਆ ਸਾਚਾ ਚੀਰਾ । ਗੁਰਸਿਖ ਉਪਜਾਇਆ ਸਾਚਾ ਹੀਰਾ । ਮਾਣ ਗਵਾਇਆ ਪੀਰ ਫ਼ਕੀਰਾ । ਜੋਤ ਜਗਾਏ ਗੁਰਸਿਖ ਤਰਾਏ, ਵਡ ਗੁਣੀ ਗਹੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਸੋਹੰ ਸਾਚਾ ਤੀਰਾ । ਸੋਹੰ ਤੀਰ ਆਪ ਚਲਾਇਆ । ਬੀਰ ਬੇਤਾਲੇ ਸਰਬ ਉਠਾਇਆ । ਗਊ ਗਵਾਲੇ ਜਾਮਾ ਪਾਇਆ । ਕਾਹਨਾ ਕ੍ਰਿਸ਼ਨਾ ਵਿਚ ਮਾਤ ਦੇ ਆਇਆ । ਬ੍ਰਹਮਾ ਵਿਸ਼ਨ ਜਿਸ ਦਰ ਅਗੇ ਖੜੇ ਸੀਸ ਝੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਇਆ । ਨਿਹਕਲੰਕ ਕਲ ਨਾਉਂ ਧਰਾਏ । ਜੋਤ ਸਰੂਪੀ ਜਾਮਾ ਪਾਏ । ਛਡ ਦੇਹ ਅਪਾਰ ਗੁਰਮੁਖ ਸਾਚੇ ਵਿਚ ਸਮਾਏ । ਆਪੇ ਕਰੇ ਜਗਤ ਵਿਹਾਰ, ਨਾ ਕੋਈ ਵੇਖੇ ਵੇਖ ਵਖਾਏ । ਪ੍ਰਭ ਸਾਚੇ ਦੀ ਸਾਚੀ ਕਾਰ, ਆਪਣੇ ਭਾਣੇ ਚਲੇ ਚਲਾਏ । ਵੇਖੇ ਵਿਗਸੇ ਕਰ ਵਿਚਾਰ, ਤਿਸ ਦੇਵੇ ਜਿਸ ਦਇਆ ਕਮਾਏ । ਸ੍ਰਿਸ਼ਟ ਸਬਾਈ ਦੱਬੀ ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਵੇ ਸਾਚੀ ਸਾਰ । ਧੁਰ ਦਰਗਹਿ ਕਰੇ ਪੁਕਾਰਾ । ਸੁਣੀ ਪੁਕਾਰ ਪ੍ਰਭ ਗਿਰਧਾਰਾ । ਕਲਜੁਗ ਜੀਵ ਹੋਏ ਦੁਸ਼ਟ ਦੁਰਾਚਾਰਾ । ਮੇਰੀ ਮਤਿ ਕਰਨ ਖੁਆਰਾ । ਕਿਰਪਾ ਕਰ ਜੋਤ ਧਰ, ਦੁਸ਼ਟ ਸੰਘਾਰ ਭਗਤ ਉਧਾਰ ਅਵਤਾਰ ਨਰ ਦਿਖਾ ਡਰ, ਕਲਜੁਗ ਜੀਵ ਆਪਣਾ ਆਪ ਗਏ ਹਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਲਏ ਅਵਤਾਰਾ । ਧਰਤ ਮਾਤ ਤੇਰੀ ਪੁਕਾਰ । ਅੰਤਮ ਮਾਤ ਕਰਮ ਕਲ ਵਿਚਾਰ । ਪਾਪ ਅੰਧੇਰੀ ਰਾਤ ਪ੍ਰਭ ਦਏ ਨਿਵਾਰ । ਵੇਖ ਮਾਰ ਝਾਤ, ਨਿਹਕਲੰਕ ਲਏ ਅਵਤਾਰ । ਤੇਰਾ ਸੀਨਾ ਕਰੇ ਸ਼ਾਂਤ, ਦੁਸ਼ਟ ਦੁਰਾਚਾਰਾ ਕਰੇ ਖੁਆਰ ਗੁਰਸਿਖ ਬਣਾਏ ਸਾਚੇ ਸੁੱਤ, ਸਾਚੀ ਜੋਤ ਜਗਤ ਧਰ, ਸਤਿਜੁਗ ਸਾਚੇ ਕਰੇ ਪਸਾਰ । ਆਪ ਮਿਟਾਏ ਜ਼ਾਤ ਪਾਤ, ਸੋਹੰ ਦੇਵੇ ਨਾਮ ਭੰਡਾਰ । ਚਾਰ ਵਰਨ ਰਖਾਏ ਏਕਾ ਨਾਤ, ਸਤਿਜੁਗ ਵਰਤੇ ਸਤਿ ਵਰਤਾਰ । ਨਾ ਕੋਈ ਦਿਸੇ ਜ਼ਾਤ ਪਾਤ, ਏਕਾ ਏਕ ਕਰੇ ਕਰਤਾਰ । ਚਾਰ ਵਰਨ ਭੈਣ ਭਰਾਤ, ਸੋਹੰ ਦੇਵੇ ਸ਼ਬਦ ਹੁਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਤੇਰੀ ਸੁਣੇ ਆਪ ਪੁਕਾਰ ਦਾਤਾਰ । ਧਰਤ ਮਾਤ ਤੇਰਾ ਭਰਵਾਸਾ । ਆਪੇ ਦੇਵੇ ਪ੍ਰਭ ਅਬਿਨਾਸ਼ਾ । ਕਲਜੁਗ ਅੰਤਮ ਹੋਇਆ ਨਾਸਾ । ਸਤਿਜੁਗ ਸਾਚਾ ਮਾਤ ਪਰਕਾਸ਼ਾ । ਨਿਹਕਲੰਕ ਵਿਚ ਕੀਆ ਵਾਸਾ । ਸੋਹੰ ਸ਼ਬਦ ਕਰਾਏ ਜੀਵ ਜੰਤਾ ਆਤਮ ਰਾਸਾ । ਆਪ ਜਪਾਏ ਸਵਾਸ ਸਵਾਸਾ । ਸਚ ਸੁੱਚ ਵਿਚ ਦੇਹ ਵਰਤਾਏ, ਹਉਮੇ ਹੰਗਤਾ ਰੋਗ ਵਿਨਾਸਾ । ਰਚ ਰਚ ਰਚ ਆਪੇ ਰਚ ਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਆਤਮ ਰਾਸਾ । ਸਤਿਜੁਗ ਤੇਰਾ ਮਾਣ ਰਖਾਇਆ । ਸੋਹੰ ਸਾਚਾ ਬਾਣ ਚਲਾਇਆ । ਏਕਾ ਆਣ ਏਕਾ ਮਾਣ ਏਕਾ ਤਾਣ ਏਕਾ ਜਾਣ ਏਕਾ ਖਾਣ ਏਕਾ ਬਾਣ ਏਕਾ ਦਾਨ ਏਕਾ ਗਾਨ ਏਕਾ ਨਾਮ ਬਲੀ ਬਲਵਾਨ ਆਪ ਅਖਵਾਇਆ । ਬਲੀ ਬਲਵਾਨ ਆਪ ਮਿਹਰਵਾਨ । ਭਗਤ ਭਗਵਾਨ ਗੁਣ ਨਿਧਾਨ ਚਤੁਰ ਸੁਜਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਚਤੁਰ ਸੁਜਾਨਾ ਆਪ ਭਗਵਾਨਾ ਦੇਵੇ ਚਰਨ ਧਿਆਨਾ । ਆਤਮ ਉਪਜੇ ਬ੍ਰਹਮ ਗਿਆਨਾ । ਜੋਤ ਜਗਾਏ ਕੋਟਨ ਭਾਨਾ । ਸੋਹੰ ਬੰਨ੍ਹੇ ਆਤਮ ਗਾਨਾ । ਆਪੇ ਦੇਵੇ ਸਾਚਾ ਨਾਉਂ, ਕਿਰਪਾ ਕਰੇ ਗੁਣ ਨਿਧਾਨਾ । ਆਪ ਸੁਹਾਏ ਸਾਚਾ ਥਾਉਂ, ਜੋਤ ਜਗਾਏ ਆਪ ਮਹਾਨਾ । ਪ੍ਰਭ ਅਬਿਨਾਸ਼ੀ ਅਗੰਮ ਅਥਾਹੇ, ਏਕਾ ਏਕ ਸਚ ਟਿਕਾਨਾ । ਗੁਰਮੁਖ ਸਾਚੇ ਆਪ ਚੜ੍ਹਾਏ ਪਕੜ ਬਾਂਹੋਂ, ਸਚਖੰਡ ਨਿਵਾਸੀ ਸਚਖੰਡ ਨਿਵਾਸ ਰਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਸਮਾਂ ਆਪ ਸੁਹਾਣਾ । ਆਪਣਾ

੨੭੨ ੦੨

ਵਕ਼ਤ ਆਪ ਸੁਹਾਣਾ । ਜੋਤ ਸਰੂਪੀ ਖੇਲ ਰਚਾਣਾ । ਦੇਖਾ ਦੇਖ ਜਗਤ ਭੁਲਾਣਾ । ਭੇਖਾ ਭੇਖ ਭੇਖ ਕਰ, ਭੇਖਾਧਾਰੀ ਆਪ ਅਖਵਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਧਰ, ਜੋਤ ਸਰੂਪੀ ਕਰਮ ਕਮਾਣਾ । ਜੋਤ ਸਰੂਪੀ ਧਾਰਿਆ ਜਾਮਾ । ਮਾਤਲੋਕ ਵਿਚ ਆਇਆ ਰਾਮਾ । ਆਪੇ ਜੋਤ ਜਗਾਈ ਸ਼ਾਮਾ । ਪੂਰ ਕਰਾਏ ਆਪਣੇ ਕਾਮਾ । ਏਕਾ ਸ਼ਬਦ ਵਜਾਏ ਸੋਹੰ ਸਚ ਦਮਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜੋਤ ਪਰਗਟਾਈ, ਨਿਹਕਲੰਕ ਕਲ ਪਹਰਿਆ ਜਾਮਾ । ਜੋਤ ਸਰੂਪੀ ਜਾਮਾ ਧਰਿਆ । ਅਚਰਜ ਖੇਲ ਪਾਰਬ੍ਰਹਮ ਕਲ ਸਾਚਾ ਕਰਿਆ । ਨਾ ਲਾਏ ਘੜੀ ਪਲ, ਜੋਤ ਸਰੂਪੀ ਆਸਾ ਵਰਿਆ । ਕੋਟਨ ਕੋਟ ਜੀਵ ਜੰਤ ਚਲ ਆਇਣ ਦਰ, ਸਾਚਾ ਨਾਉਂ ਪ੍ਰਭ ਸਾਚੇ ਹਿਰਦੇ ਧਰਿਆ । ਸਾਚਾ ਪ੍ਰਭ ਸਦਾ ਅਖਲ, ਸਾਚੇ ਖੇਲ ਆਪੇ ਆਪ ਆਪ ਪ੍ਰਭ ਕਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਤਰਾਏ ਨਾ ਦੇਖੇ ਅੱਜ ਕਲ, ਦਰ ਦਰਬਾਰ ਅੱਗੇ ਖੜਿਆ । ਦਰ ਦਰਬਾਰੀ ਅੱਗੇ ਆਪ, ਆਪ ਦਿਸਾਵੇ ਸਾਚਾ ਰਾਹ । ਸੋਹੰ ਜਪਾਵੇ ਸਾਚਾ ਨਾਉਂ, ਆਪ ਬਹਾਵੇ ਪਕੜ ਬਾਂਹ । ਆਪੇ ਵੇਖੇ ਵਿਗਸੇ ਆਪੇ ਦੀਸੇ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਦੂਸਰ ਕੋਈ ਨਾ । ਏਕਾ ਏਕ ਏਕ ਰਹਾਏ । ਏਕਾ ਏਕ ਏਕ ਸਮਾਏ । ਏਕਾ ਅੰਕ ਏਕਾ ਡੰਕ ਆਪ ਵਜਾਏ । ਏਕਾ ਦਵਾਰ ਏਕਾ ਬੰਕ ਸੁਹਾਏ । ਏਕਾ ਅਸਵ ਅਸਵਾਰ ਆਪੇ ਆਪ ਅਖਵਾਏ । ਉਨੰਜਾ ਪਵਣ ਸਿਰ ਛਤਰ ਝੁਲਾਰ, ਪਵਣ ਸਰੂਪੀ ਆਪ ਹੋ ਜਾਏ । ਏਕਾ ਜੋਤ ਪ੍ਰਭ ਉਜਿਆਰ, ਜੋਤ ਸਰੂਪੀ ਡਗਮਗਾਏ । ਨਾ ਕੋਈ ਦੀਸੇ ਰੰਗ ਕਰਤਾਰ, ਬਿਨ ਰੰਗ ਰੂਪ ਤੀਨ ਲੋਕ ਸਮਾਏ । ਏਕਾ ਅੰਕ ਜੋਤ ਅਕਾਰ, ਜੀਵ ਜੰਤ ਰਿਹਾ ਜੋਤ ਜਗਾਏ । ਏਕਾ ਏਕ ਏਕ ਭਗਵੰਤ, ਦੂਸਰ ਕੋਈ ਨਾਹੇ । ਏਕਾ ਏਕ ਗੁਰਮੁਖ ਸਾਚੇ ਆਪ ਉਠਾਏ । ਸਾਚੇ ਸੰਤ ਸਾਚੀ ਜੋਤ ਜਗਾਏ । ਆਪ ਬਣਾਏ ਸਾਚੀ ਬਣਤ, ਜਿਸ ਜਨ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਅਗਣਤ, ਗੁਰਮੁਖ ਸਾਚੇ ਆਪੇ ਆਣ ਤਰਾਏ । ਤਾਰਨਹਾਰ ਆਪ ਗਿਰਧਾਰਾ । ਆਪੇ ਪਾਵੇ ਸਾਰਾ ਆਏ ਦਵਾਰਾ । ਦੇਵੇ ਦਰਸ ਅਗੰਮ ਅਪਾਰਾ । ਰੂਪ ਅਨੂਪ ਪ੍ਰਭ ਅਪਾਰਾ । ਸਚ ਸਰੂਪ ਨਿਹਕਲੰਕ ਨਰਾਇਣ ਨਰ ਅਵਤਾਰਾ । ਵਡ ਵਡ ਭੂਪ ਜੋਤ ਸਰੂਪ ਆਪੇ ਆਪ ਆਪ ਕੀਆ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਆਪੇ ਪਾਵੇ ਸਾਰਾ । ਸਾਰ ਸਮਾਲੇ ਆਪੇ ਆਪ । ਗੁਰਮੁਖ ਸਾਚੇ ਪ੍ਰਭ ਆਪੇ ਪਾਲੇ, ਜਿਉਂ ਬਾਲਕ ਮਾਈ ਬਾਪ । ਆਪੇ ਰਾਖੇ ਚਰਨ ਨਾਲੇ, ਗੁਰਮੁਖਾਂ ਕਰੇ ਵਡ ਪਰਤਾਪ । ਆਤਮ ਬਖ਼ਸ਼ੇ ਏਕਾ ਸਾਚਾ ਲਾਲੇ, ਸੋਹੰ ਦੇਵੇ ਵਡ ਕਰਾਮਾਤ । ਨਾਮ ਕੁਠਾਲੀ ਆਪੇ ਗਾਲੇ, ਨਾ ਕੋਈ ਪੁੱਛੇ ਜ਼ਾਤ । ਗੁਰਮੁਖ ਸਾਚੇ ਤੇਰੀ ਆਤਮ ਮਾਲੇ, ਸੋਹੰ ਦੇਵੇ ਪ੍ਰਭ ਸਾਚੀ ਦਾਤ । ਏਕਾ ਰੰਗ ਪ੍ਰਭ ਰੰਗ ਗੁਲਾਲੇ, ਆਤਮ ਵੇਖ ਮਾਰ ਝਾਤ । ਪ੍ਰਭ ਅਬਿਨਾਸ਼ੀ ਤੇਰੇ ਵਿਚ ਸਮਾਲੇ, ਕਲਜੁਗ ਜੀਵ ਕਿਉਂ ਹੋਈ ਅੰਧੇਰੀ ਰਾਤ । ਕਰ ਦਰਸ ਪ੍ਰਭ ਕਰੇ ਸਵਾਸ ਸੁਖਾਲੇ, ਸਾਚਾ ਦਿਸਾਵੇ ਪਿੰਡ ਪਰਾਂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪੇ ਭਾਲੇ ਆਤਮ ਵੇਖ ਮਾਰ ਝਾਤ । ਆਤਮ ਝਾਤ ਮਾਰ ਕਰ । ਗੁਰਮੁਖ ਆਪਣਾ ਆਪ ਇਕਾਂਤ ਕਰ । ਆਪਣਾ ਆਪ ਸ਼ਾਂਤ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਕ ਸੱਜਣ ਸੈਣ ਮਾਤ ਪਿਤ ਭੈਣ ਭਰਾਤ ਕਰ । ਭੈਣ ਭਰਾਤ ਆਪ ਪਛਾਣੇ, ਵੇਲੇ ਅੰਤ ਨਾ ਜਾਇਣ ਨਾਲ । ਝੂਠੀ ਕਾਇਆ ਝੂਠੀ ਦੁਨੀਆਂ, ਝੂਠਾ

ਜਗਤ ਜ਼ੰਜਾਲ । ਅੰਤਮ ਅੰਤ ਜੀਵ ਰੂਠਾ, ਕੋਈ ਨਾ ਸਕੇ ਸੰਭਾਲ । ਆਪ ਫੜਾਏ ਬੇਮੁਖਾਂ ਠੂਠਾ, ਦਰ ਦਰ ਫਿਰਨ ਕੰਗਾਲ । ਗੁਰਮੁਖ ਸਾਚੇ ਆਤਮ ਰੰਗ ਚੜ੍ਹਾਏ ਅਨੂਠਾ, ਸੋਹੰ ਦੇਵੇ ਭੱਠੀ ਗਾਲ । ਚਰਨ ਪ੍ਰੀਤੀ ਨਿਭੇ ਨਾਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਪ੍ਰਿਤਪਾਲ । ਚਰਨ ਪ੍ਰੀਤੀ ਪ੍ਰੀਤ ਕਰ । ਪ੍ਰਭ ਅਬਿਨਾਸ਼ੀ ਚੀਤ ਧਰ । ਸਾਚਾ ਪ੍ਰਭ ਆਪ ਆਪਣਾ ਮੀਤ ਕਰ । ਕਲਜੁਗ ਵੇਲਾ ਅੰਤ ਗੁਰਮੁਖ ਸਾਚੇ ਸਾਚੀ ਨੀਤ ਕਰ । ਜੋਤ ਪਰਗਟਾਈ ਪ੍ਰਭ ਭਗਵੰਤ, ਕਰ ਦਰਸ ਆਤਮ ਸ਼ਾਂਤ ਸੀਤ ਕਰ । ਹੋਏ ਸਹਾਈ ਆਦਿਨ ਅੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਸਾਚੀ ਰੀਤ ਕਰ । ਜੁਗੋ ਜੁਗ ਸਾਚੀ ਰੀਤਾ । ਆਪੇ ਦੇਵੇ ਚਰਨ ਪ੍ਰੀਤਾ । ਗੁਰਮੁਖ ਸਾਚੇ ਆਤਮ ਜੀਤਾ । ਬੇਮੁਖ ਵੇਲਾ ਹੱਥ ਨਾ ਆਵੇ ਬੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਓ ਸਰਬ ਸੁਖ ਪਾਓ, ਦੁਖ ਮਿਟਾਓ ਭੁੱਖ ਚੁਕਾਓ, ਆਤਮ ਸੁਖ ਸਰਬ ਉਪਜਾਓ, ਦਿਵਸ ਰੈਣ ਰੈਣ ਦਿਵਸ ਰਾਖੋ ਚੀਤਾ । ਚੀਤ ਰੱਖ ਆਤਮ ਭਾਖ ਅਲਖਣਾ ਅਲਾਖ ਸਾਚਾ ਸਾਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਉਡਾਏ ਅੰਤਮ ਅੰਤ ਕਰ ਆਪੇ ਰਾਖ । ਰਾਖ ਕਰ ਲਾਖ ਕਰ ਵਖ ਕਰ ਭੱਖ ਕਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਲੱਖੋਂ ਜਾਏ ਕੱਖ ਕਰ । ਲੱਖ ਕੱਖ ਹੋਏ ਸੱਖ ਕੀਨੇ ਵੱਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਏਕਾ ਜੋਤ ਅਗਨ ਲਗਾਏ, ਚਾਰ ਕੁੰਟ ਹੋਏ ਦੁਹਾਈ, ਜੀਵ ਜੰਤ ਸਰਬ ਬਿਲਲਾਈ ਸ੍ਰਿਸ਼ਟੀ ਹੋਏ ਭੱਖ । ਹੋਏ ਭੱਖ ਵਿਚ ਭੰਡਾਲ । ਜੋਤ ਅਗਨ ਅਗਨ ਜੋਤ ਕੁਠਾਲੀ ਪ੍ਰਭ ਦੇਵੇ ਗਾਲ । ਕਲਜੁਗ ਜੀਆਂ ਪ੍ਰਭ ਸ਼ਬਦ ਸਰੂਪੀ ਪਾਇਆ ਜਾਲ । ਏਕਾ ਜੋਤ ਆਤਮ ਅਗਨ ਪ੍ਰਭ ਸਾਚਾ ਦੇਵੇ ਬਾਲ । ਕਲਜੁਗ ਜੀਵ ਹੋਏ ਆਤਮ ਨਗਨ, ਸੋਹੰ ਗਵਾਇਆ ਸਾਚਾ ਲਾਲ । ਗੁਰਮੁਖਾਂ ਮੁਖ ਲਗਾਏ ਪ੍ਰਭ ਸਾਚਾ ਸਗਨ, ਹੋਏ ਆਪ ਭਗਤ ਪ੍ਰਿਤਪਾਲ । ਆਪ ਲਗਾਏ ਆਤਮ ਸਾਚੀ ਲਗਨ, ਸੋਹੰ ਸਾਚਾ ਰਸਨਾ ਗਾਏ ਜਿਸ ਜਨ ਹੋਏ ਦਿਆਲ । ਜੋਤ ਸਰੂਪੀ ਦੀਪਕ ਗੁਰਮੁਖ ਆਤਮ ਜਗਣ, ਜਿਸ ਜਨ ਲਏ ਬਿਰਦ ਸੰਭਾਲ । ਦਿਵਸ ਰੈਣ ਰਹੇ ਏਕਾ ਮਗਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਆਪਣੇ ਰੰਗ ਸਦ ਸਮਾਲ । ਆਪਣੇ ਰੰਗ ਆਪ ਸਮਾਲਿਆ । ਪ੍ਰਭ ਅਬਿਨਾਸ਼ੀ ਵਡ ਵਡ ਲਾਲਿਆ । ਗੁਰਮੁਖ ਵਿਰਲੇ ਕਲਜੁਗ ਭਾਲਿਆ । ਪ੍ਰਭ ਏਕਾ ਦੇਵੇ ਸੋਹੰ ਸਾਚਾ ਨਾਮ ਸੁਖਾਲਿਆ । ਗੁਰਮੁਖ ਸਾਚਾ ਪ੍ਰਭ ਸਾਚੇ, ਸਾਚੇ ਮਾਰਗ ਲਾ ਲਿਆ । ਜੋਤ ਸਰੂਪੀ ਜੋਤ ਧਰ, ਸੋਹੰ ਸ਼ਬਦ ਗੁਰਮੁਖ ਸਾਚੇ ਕਲਜੁਗ ਨਾ ਡਰ, ਤੇਰੇ ਸੰਗ ਰਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਸ੍ਰਿਸ਼ਟ ਸਬਾਈ ਪਾ ਲਿਆ । ਸੰਗ ਰਲਾਇਆ ਸਾਚਾ ਸੰਗੀ । ਅਥਰਬਣ ਹੋਇਆ ਆਪੇ ਅੰਗੀ । ਅੰਤਮ ਅੰਤ ਇਹ ਮੰਗ ਪ੍ਰਭ ਦਰ ਮੰਗੀ । ਵੇਲੇ ਅੰਤ ਅੰਤਕਾਲ ਸ੍ਰਿਸ਼ਟ ਸਬਾਈ ਹੋਏ ਭੁੱਖੀ ਨੰਗੀ । ਸਾਚੀ ਮਤ ਕਲਜੁਗ ਜੀਆਂ ਕੱਢ ਬਾਹਰ ਆਪੇ ਟੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਪਿਛਲੀ ਲਿਖਤ ਰਿਹਾ ਲਿਖਾਏ ਵਾਕ ਭਵਿਖਤ ਮੇਟ ਮਿਟਾਏ ਸਰਬ ਫਰੰਗੀ । ਆਪ ਮਿਟਾਏ ਸਰਬ ਫਰੰਗੀ । ਸੋਹੰ ਸ਼ਬਦ ਵਹਾਏ ਕੰਘੀ । ਬੀੜਾ ਸ਼ਬਦ ਉਠਾਏ ਜੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਵਰਤਾਏ ਵਡ ਸੂਰਾ ਸਰਬੰਗੀ । ਆਪੇ ਹੋਏ ਸੂਰਾ ਸਰਬੰਗ । ਆਪ ਵਜਾਏ ਸੋਹੰ ਸਾਚਾ ਮਰਦੰਗ । ਚਾਰ ਕੁੰਟ ਪਕੜ ਉਠਾਏ ਜੋਤ ਸਰੂਪੀ ਆਪ ਕਰਾਏ ਏਕਾ ਜੰਗ । ਕਲਜੁਗ ਜੀਵ ਆਪ ਭੰਨਾਏ ਅੰਤਕਾਲ

੨੭੪ ੦੨

ਜਿਉਂ ਕਾਚੀ ਵੰਗ । ਆਪਣੇ ਭਾਣੇ ਵਿਚ ਸਮਾਏ ਆਪੇ ਕਰੇ ਆਪਣੇ ਢੰਗ । ਥਾਉਂ ਥਾਈਂ ਸਰਬ ਉਠਾਏ, ਸੋਹੰ ਚਲਾਏ ਆਤਮ ਡੰਗ । ਜੀਵ ਜੰਤ ਸਰਬ ਤੜਫਾਏ ਆਪ ਕਰਾਏ ਸਾਰੇ ਨੰਗ । ਚਾਰ ਕੁੰਟ ਹੋਏ ਦੁਹਾਈ ਏਕਾ ਖ਼ੂਨ ਵਗੇ ਗੰਗ । ਕਲਜੁਗ ਜੀਵ ਰਹੇ ਬਿਲਲਾਏ ਨਾ ਕੋਈ ਦੇਵੇ ਸੰਗ । ਪ੍ਰਭ ਅਬਿਨਾਸ਼ੀ ਖੇਲ ਰਚਾਏ, ਸ੍ਰਿਸ਼ਟ ਸਬਾਈ ਕਰਾਏ ਭੰਗ । ਵਡ ਵਡ ਜੋਧ ਆਪ ਉਠਾਏ, ਆਪ ਫਰਕਾਏ ਸਾਚੇ ਅੰਗ । ਵਿਚ ਬਬਾਣਾ ਆਪ ਚੜ੍ਹਾਏ, ਅਗਨ ਮੇਘ ਚੜ੍ਹਾਏ ਕੰਗ । ਜੀਵ ਜੰਤ ਖੇਤ ਕਰਾਏ, ਪ੍ਰਭ ਵਡ ਕਿਰਸਾਣਾ ਵੱਢ ਕੱਟ ਮੌਤ ਪੁਸਾੜੇ ਦੇਵੇ ਟੰਗ । ਨਾ ਕੋਈ ਰਾਜਾ ਰਾਣਾ, ਨਾ ਕੋਈ ਦੀਸੇ ਸਾਚਾ ਸੰਗ । ਗੁਰਮੁਖ ਸਾਚੇ ਮੇਲ ਮਿਲਾਣਾ ਪ੍ਰਭ ਅਬਿਨਾਸ਼ੀ ਲਾਏ ਅੰਗ । ਜੋਤ ਸਰੂਪੀ ਪਹਰਿਆ ਬਾਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪੇ ਦੇਵੇ ਸਾਚਾ ਰੰਗ । ਸਾਚਾ ਰੰਗ ਲਾਲ ਗੁਲਾਲੜਾ । ਆਪੇ ਦੇਵੇ ਪ੍ਰਭ ਸਾਚਾ ਬਾਲੜਾ । ਕਲਜੁਗ ਟੁੱਟੇ ਡਾਲ੍ਹ, ਨਾ ਲੱਗੇ ਫਲ ਡਾਲੜਾ । ਮਾਵਾਂ ਛੱਡਣ ਬਾਲ, ਨਾ ਮਿਲੇ ਪੁੱਤ ਸੰਭਾਲੜਾ । ਜੋਤ ਸਰੂਪੀ ਪਾਇਆ ਜਾਲ, ਮੇਲ ਨਾ ਹੋਵੇ ਸਰਬ ਉਖਾਲੜਾ । ਕਲਜੁਗ ਜੀਵ ਦਲੇ ਜਿਉਂ ਦੋ ਫਾੜੇ ਦਾਲ, ਪਾਤੰਗਲਾ ਆਪੇ ਬਣੇ ਗੋਫਾਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਧਰ, ਕਲਜੁਗ ਸਾਚਾ ਕਰੇ ਸਭ ਥਾਈ ਸੁਧ ਸੰਭਾਲੜਾ । ਸਰਬ ਧਾਮ ਕਰੇ ਵਸੇਰਾ । ਪਰਗਟਾਏ ਜੋਤ ਨਾ ਲਾਏ ਦੇਰਾ । ਸ਼ਬਦ ਸਰੂਪੀ ਚਾਰ ਕੁੰਟ ਚੌਗਿਰਦ ਪਾਏ ਘੇਰਾ । ਸ੍ਰਿਸ਼ਟ ਸਬਾਈ ਆਪ ਖਪਾਏ ਕਰ ਹੇਰਾ ਫੇਰਾ । ਕਲਜੁਗ ਜੀਵ ਮੇਟ ਮਿਟਾਏ ਨਾ ਜਾਣੇ ਤੇਰਾ ਮੇਰਾ । ਗੁਰਮੁਖ ਸਾਚੇ ਪਾਰ ਲੰਘਾਏ, ਜਿਉਂ ਖੇਵਟ ਬੰਨ੍ਹੇ ਲਾਏ ਬੇੜਾ । ਸੋਹੰ ਦੇਵੇ ਸਾਚੀ ਨਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਰ ਆਪਣੀ ਮੇਹਰਾ । ਕਰੇ ਮਿਹਰ ਆਪ ਮਿਹਰਬਾਨ । ਭਗਤ ਮਿਲੇ ਆਪ ਭਗਵਾਨ । ਸੰਤਨ ਦੇਵੇ ਦਰਗਹਿ ਮਾਣ । ਆਦਿਨ ਅੰਤ ਕਰ ਪਛਾਣ । ਕਲਜੁਗ ਜੀਵ ਅੰਤਮ ਦੁਖ ਪਾਣ । ਨਾ ਜਾਨਣ ਸਾਚਾ ਕੰਤਨ ਧਰੇ ਜੋਤ ਵਾਲੀ ਦੋ ਜਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਤ ਮਹਾਨ । ਜਗੇ ਜੋਤ ਜਗਤ ਮਹਾਨਾ । ਆਇਆ ਕਲ ਪ੍ਰਭ ਭਗਵਾਨਾ । ਸਾਚਾ ਦੀਆ ਨਾਮ ਨਿਧਾਨਾ । ਗੁਰਮੁਖ ਬੰਨ੍ਹਾਇਆ ਸੋਹੰ ਹੱਥ ਗਾਨਾ । ਸਾਚਾ ਨਾਉਂ ਜਗਤ ਧਰਾਇਆ, ਊਚ ਨੀਚ ਕੀਆ ਇਕ ਸਮਾਨਾ । ਆਪਣਾ ਭੇਵ ਆਪ ਖੁਲ੍ਹਾਇਆ, ਰਾਓ ਉਮਰਾਓ ਮੇਟ ਮਿਟਾਨਾ । ਆਪੇ ਬਣੇ ਦਾਈ ਦਾਇਆ, ਸ੍ਰਿਸ਼ਟ ਸਬਾਈ ਆਪ ਉਪਜਾਨਾ । ਆਪੇ ਬਣੇ ਭੈਣਾਂ ਭਾਈ, ਮਾਤ ਪਿਤ ਆਪ ਅਖਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਨਾ । ਜੋਤ ਸਰੂਪੀ ਜੋਤ ਜਗਈਆ । ਸੋਹੰ ਚਲਾਏ ਸਾਚੀ ਨਈਆ । ਚਾਰ ਵਰਨ ਕਰਾਏ ਏਕਾ ਭੈਣਾਂ ਭਈਆ । ਏਕਾ ਪੂਰ ਪਾਰ ਲੰਘਾਏ, ਵੰਞ ਮੁਹਾਣਾ ਨਾਮ ਰਖਈਆ । ਆਰ ਪਾਰ ਵਿਚ ਸੰਸਾਰ ਸਚ ਵਿਹਾਰ ਸਚ ਦੀ ਕਾਰ, ਸਰਬ ਨਰ ਨਾਰ ਏਕਾ ਧਾਰ ਏਕਾ ਪਿਆਰ, ਪ੍ਰਭ ਸਾਚਾ ਆਪ ਰਖਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਸਤਿ ਵਰਤਾਰ, ਆਪੇ ਲੇਖ ਲਿਖਈਆ । ਸਤਿਜੁਗ ਵਰਤੇ ਸਤਿ ਵਰਤਾਰਾ । ਸਚ ਸੁੱਚ ਪ੍ਰਭ ਭਰੇ ਭੰਡਾਰਾ । ਸਾਚੋ ਸਾਚ ਕਰੇ ਵਿਹਾਰਾ । ਸਾਚਾ ਦੇਵੇ ਨਾਮ ਸ਼ਬਦ ਅਧਾਰਾ । ਸਾਚਾ ਦੇਵੇ ਨਾਮ ਸੋਹੰ ਜਪਣਾ ਰਸਨ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਹੋਏ ਆਪ ਸਹਾਰਾ । ਸਤਿਜੁਗ ਹੋਏ ਆਪ ਸਹਾਰ । ਏਕਾ ਦੇਵੇ ਸ਼ਬਦ ਅਧਾਰ । ਏਕਾ ਦਿਸੇ ਦਰ ਦਰਬਾਰ । ਵਰਨ ਚਾਰ ਆਇਣ ਚਲ ਦਵਾਰ । ਸਾਚਾ ਘਰ ਪ੍ਰਭ ਸਾਚੇ


੨੭੫
੦੨

ਦਾ ਸਾਚਾ ਘਰ ਬਾਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਮਾਤ ਏਕਾ ਏਕੰਕਾਰ । ਸਤਿਜੁਗ ਤੇਰੀ ਸਾਚੀ ਮਤ । ਗੁਰਮੁਖਾਂ ਦੇਵੇ ਸ਼ਬਦ ਯਤ । ਸੋਹੰ ਦੇਵੇ ਆਤਮ ਤਤ । ਰਸਨਾ ਜਪ ਜਪ ਜੀਵ ਸੋਹੰ ਸੂਤ ਧਾਗਾ ਕੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰੀ ਰੱਖੇ ਪਤਿ । ਸਾਚਾ ਸੂਤ ਆਪ ਕਤਾਇਆ । ਰਸਨਾ ਚਰਖਾ ਆਪ ਚਲਾਇਆ । ਅੰਮ੍ਰਿਤ ਬਰਖਾ ਮੇਘ ਲਗਾਇਆ । ਸਾਚਾ ਤਾਣਾ ਆਪ ਤਣਾਇਆ । ਤਾਣਾ ਬਾਣਾ ਇਕ ਬਣਾਇਆ । ਵਿਚ ਸਮਾਨਾ ਆਪ ਅਖਵਾਇਆ । ਰਾਜਾ ਰਾਣਾ ਇਕ ਘਰ ਵਸਾਇਆ । ਅੰਧ ਅੰਧੇਰ ਸੁਧ ਰਖਾਇਆ । ਆਣ ਬਾਟ ਪ੍ਰਭ ਪਰਦਾ ਪਾਇਆ । ਡੂੰਘੇ ਘਾਟ ਵਿਚ ਡੁਬਾਇਆ । ਖਿਟਾ ਖਾਟ ਵਿਚ ਸਵਾਇਆ । ਮਿੱਠਾ ਚਾਟ ਧੁਨ ਉਪਜਾਇਆ । ਵਿਚ ਲਲਾਟ ਜੋਤ ਜਗਾਇਆ । ਸਾਚਾ ਹਾਟ ਮਾਤ ਗਰਭ ਪ੍ਰਭ ਸਾਚੇ ਆਪ ਖੁਲ੍ਹਾਇਆ । ਕਦੇ ਨਾ ਆਵੇ ਘਾਟ, ਭਰ ਭਰ ਭਰ ਆਤਮ ਝੋਲੀ ਆਪਣਾ ਤਨ ਮਨ ਭਰਾਇਆ । ਉਲਟਾ ਬਿਰਖ ਰਿਹਾ ਰੋਤ, ਦਿਵਸ ਰੈਣ ਨਾ ਕਦੇ ਭੁਲਾਇਆ । ਪ੍ਰਭ ਅਬਿਨਾਸ਼ੀ ਸਾਚੇ ਸਾਚ ਰਾਚ ਰਾਚ ਵਾਚ ਵਾਚ ਆਪੇ ਹੋਏ ਸਹਾਇਆ । ਵਿਚ ਆਨ ਬਾਟ ਛੱਡਿਆ ਦੇਹੀ ਝੂਠਾ ਮਾਟ, ਆਇਆ ਬਾਹਰ ਆਈ ਘਾਟ, ਪ੍ਰਭ ਅਬਿਨਾਸ਼ੀ ਆਪਣਾ ਆਪ ਭੁਲਾਇਆ । ਕਲਜੁਗ ਮਾਇਆ ਵਡੀ ਘਾਟ, ਨਾ ਕੋਈ ਚੜ੍ਹੇ ਚੜ੍ਹ ਧਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਿਰਪਾ ਕਰ, ਬਾਂਹੋਂ ਪਕੜ ਪਾਰ ਤਰਾਇਆ । ਆਪੇ ਤਾਰਿਆ ਕਾਜ ਸਵਾਰਿਆ ਪਾਵੇ ਸਾਰਿਆ । ਜਨਮ ਮਰਨ ਦਾ ਗੇੜ ਚੁਕਾ ਰਿਹਾ । ਵਿਛੜਿਆਂ ਮੇਲ ਮਿਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਅਚਰਜ ਖੇਲ ਕਲਜੁਗ ਵਰਤਾ ਰਿਹਾ । ਅਚਰਜ ਖੇਲ ਕਲ ਵਰਤਾਰ । ਨਾ ਕੋਈ ਜਾਣੇ ਪ੍ਰਭ ਦੀ ਸਾਰ । ਸਾਚਾ ਪ੍ਰਭ ਇਕ ਵਿਹਾਰ । ਆਪੇ ਆਪ ਕਰੇ ਵਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਲਏ ਵਿਚਾਰ । ਸਾਚਾ ਕਰਮ ਧੀਰਜ ਸੰਤੋਖ । ਸਾਚਾ ਨਾਮ ਆਤਮ ਮੋਖ । ਸੋਹੰ ਮਿਟਾਵੇ ਅੰਧ ਅੰਧਿਆਰ ਕੋਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਦਰਸ ਮਿਟਾਏ ਸਰਬ ਦੋਖ । ਦੁਖੀਆਂ ਦੁਖ ਨਿਵਾਰਨਾ । ਪ੍ਰਭ ਸਾਚਾ ਸ਼ਬਦ ਉਧਾਰਨਾ । ਆਵੇ ਜਾਵੇ ਵਾਰੋ ਵਾਰਨਾ । ਨਾਮ ਰਖਾਵੇ ਵਕ਼ਤ ਉਚਾਰਨਾ । ਸਾਰ ਪਾਵੇ ਭਗਤ ਸੁਧਾਰਨਾ । ਦੁਸ਼ਟ ਖਪਾਏ ਹੰਕਾਰ ਨਿਵਾਰਨਾ । ਜੁਗ ਉਲਟਾਵੇ ਜਗਤ ਜੋਤ ਜਗਾਵਣਾ । ਅੰਤਮ ਅੰਤ ਆਪ ਕਰਾਏ, ਲੋਕਮਾਤ ਪ੍ਰਭ ਜਾਮਾ ਧਾਰਨਾ । ਖੰਡ ਬ੍ਰਹਿਮੰਡ ਆਪ ਉਲਟਾਏ, ਆਪਣਾ ਕਾਜ ਆਪ ਸਵਾਰਨਾ । ਵਿਚ ਵਰਭੰਡ ਆਪ ਸਮਾਵੇ ਜੋਤ ਸਰੂਪੀ ਨਿਹਕਲੰਕ ਨਰਾਇਣ ਨਰ ਨਿਰੰਕਾਰਨਾ । ਅੰਡਜ ਜੇਰਜ ਉਤਭੁਜ ਸੇਤਜ ਤਜਾਏ, ਲੱਖ ਚੁਰਾਸੀ ਜੂਨ ਉਪਾਰਨਾ । ਕਲਜੁਗ ਅੰਤਮ ਅੰਤ ਸਰਬ ਮਿਟਾਏ, ਵਿਰਲਾ ਗੁਰਮੁਖ ਪ੍ਰਭ ਸਾਚੇ ਪਾਰ ਲੰਘਾਵਣਾ । ਜੋ ਜਨ ਸੋਹੰ ਰਸਨਾ ਗਾਏ ਪ੍ਰਭ ਸਾਚੇ ਦਰਸ ਦਿਖਾਵਣਾ । ਲੱਖ ਚੁਰਾਸੀ ਗੇੜ ਕਟਾਏ, ਪ੍ਰਭ ਸਾਚੇ ਪਾਰ ਲੰਘਾਵਣਾ । ਮਾਤ ਗਰਭ ਫੇਰ ਨਾ ਆਏ, ਨਿਹਕਲੰਕ ਦਰ ਸਾਚੇ ਜਿਸ ਜਨ ਸੇਵ ਕਮਾਵਣਾ । ਅੰਮ੍ਰਿਤ ਸਾਚੇ ਤੀਰਥ ਨਹਾਏ, ਆਤਮ ਧੀਰ ਧਰਾਵਣਾ । ਅੰਮ੍ਰਿਤ ਸਾਚਾ ਸੀਰ ਮੁਖ ਚੁਆਏ ਆਪੇ ਜਵਾਏ ਆਪੇ ਬਣੇ ਮਾਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਗੁਰਮੁਖ ਸਾਚੇ ਤੇਰਾ ਕਾਜ ਸਵਾਰਨਾ । ਗੁਰਮੁਖ ਸਾਚੇ ਸਚ ਘਰ ਜਾਣਾ । ਏਕਾ ਦੀਸੇ ਸਚ ਟਿਕਾਣਾ । ਨਾ ਕੋਈ ਦੀਸੇ ਰਾਜਾ ਰਾਣਾ । ਸਾਚੀ ਦਰਗਹਿ ਇਕ ਸਮਾਣਾ । ਰਾਓ ਰੰਕ ਊਚ ਨੀਚ ਏਕਾ ਜੋਤ ਏਕਾ ਅੰਕ ਲਗਾਣਾ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੂਤ ਏਕਾ ਧਾਗਾ ਸ੍ਰਿਸ਼ਟ ਸਬਾਈ ਪ੍ਰਭ ਸਾਚੇ ਆਪ ਪਰੋਣਾ । ਏਕਾ ਧਾਗਾ ਆਪ ਵਟਾਇਆ । ਏਕਾ ਰਾਗ ਆਪ ਉਪਾਇਆ । ਏਕਾ ਜਾਗ ਆਪ ਲਗਾਇਆ । ਏਕਾ ਨਾਦ ਆਪ ਵਜਾਇਆ । ਮੋਹਣ ਮਾਧਵ ਮਾਧ ਆਪ ਅਖਵਾਇਆ । ਕਲਜੁਗ ਅੰਤਮ ਅੰਤ ਆਪ ਕਰਾਇਆ । ਖੇਲ ਰਚਾਏ ਕਾਹਨਾ ਜਿਉਂ ਜਾਦਵ ਅੰਤ ਮਿਟਾਨਾ । ਜੋਤ ਸਰੂਪੀ ਪਹਰਿਆ ਬਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤ ਨਾਉਂ ਰਖਾਣਾ । ਮਾਤ ਨਾਉਂ ਧਰਨੀ ਧਰ । ਜੋਤ ਜਗਾਈ ਸਾਚੇ ਹਰਿ । ਸਾਚਾ ਕਰਮ ਰਿਹਾ ਕਰ । ਸਾਚਾ ਧਰਮ ਦੇਵੇ ਧਰ । ਸਾਚਾ ਭਰਮ ਜਾਏ ਹਰ । ਏਕਾ ਦੀਸੇ ਸਾਚਾ ਘਰ । ਜਗੇ ਜੋਤ ਅਪਾਰ ਅਪਰ । ਆਪ ਖੁਲ੍ਹਾਇਆ ਸਾਚਾ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਈ ਅਵਤਾਰ ਨਰ । ਕਿਰਪਾ ਕਰ ਚੁਕਾ ਡਰ ਵਸਾ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਵਖਾ ਸਾਚਾ ਘਰ । ਸਚ ਦਰਬਾਰਾ ਏਕਾ ਏਕ । ਸਚ ਘਰ ਬਾਹਰਾ ਏਕਾ ਏਕ । ਅਵਤਾਰ ਨਰ ਸ੍ਰਿਸ਼ਟ ਸਬਾਈ ਏਕਾ ਟੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਬੁਧ ਬਿਬੇਕ । ਚਰਨ ਟੇਕ ਬੁੱਧ ਬਬੇਕੇ । ਪ੍ਰਭ ਮਿਲਿਆ ਏਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦਾ ਵਿਸੇਖ । ਸਦਾ ਸਦ ਸਦਾ ਬਲਿਹਾਰ । ਸਦਾ ਸਦਾ ਸਦ ਜਾਏ ਤਾਰ । ਸਦਾ ਸਦਾ ਲਏ ਅਵਤਾਰ । ਸਦਾ ਸਦਾ ਜਨ ਭਗਤਾਂ ਪਾਵੇ ਸਾਰ । ਸਦਾ ਸਦਾ ਜੋਤ ਧਰੇ ਕਰ ਖੇਲ ਅਪਾਰ । ਸਦਾ ਸਦਾ ਸਦਾ ਦੇਵੇ ਦਰਸ ਜਿਉਂ ਬਾਲਕ ਧਰੂ ਗਿਰਧਾਰ । ਸਦਾ ਸਦਾ ਪ੍ਰਹਿਲਾਦ ਤਰਾਇਆ, ਨਰ ਸਿੰਘ ਰੂਪ ਕੀਆ ਅਪਾਰ । ਸਦਾ ਸਦਾ ਸਦ ਭੇਖ ਮਿਟਾਏ, ਮੰਗਣ ਆਏ ਬਲ ਦਵਾਰ । ਸਦਾ ਸਦਾ ਪ੍ਰਭ ਭਗਤ ਉਪਾਏ, ਜਿਉਂ ਅਮਰੀਕ ਪਾਏ ਸਾਰ । ਖੰਡ ਬ੍ਰਹਿਮੰਡ ਇੰਦਲੋਕ ਸ਼ਿਵਲੋਕ ਬ੍ਰਹਮਲੋਕ ਤਜਾਏ, ਏਕਾ ਆਏ ਸਚ ਦਰਬਾਰ । ਏਕਾ ਜੋਤ ਜਗਾਏ ਨਿਹਕਲੰਕ ਜੋਤ ਸਰੂਪੀ ਜੋਤ ਨਿਰੰਕਾਰ । ਸਦਾ ਸਦਾ ਸਦ ਦੱਸਣ ਜੋਗ । ਜਨ ਭਗਤਾਂ ਦੇਵੇ ਦਰਸ ਅਮੋਘ । ਜਨ ਭਗਤ ਉਧਾਰੇ ਆਤਮ ਮਿਟਾਵੇ ਰੋਗ । ਸਾਚਾ ਨਾਮ ਜਪਾਵੇ ਆਤਮ ਚੁਗਾਵੇ ਸਾਚੀ ਚੋਗ । ਜਨ ਭਗਤਾਂ ਤਰਾਏ ਜਿਉਂ ਜਨਕ ਜੀਆਂ ਜੰਤਾਂ ਸਾਚਾ ਨਾਮ ਕੱਟੇ ਰੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਸੋਹੰ ਦੇਵੇ ਸਾਚਾ ਜੋਗ । ਸਦਾ ਸਦਾ ਸਦ ਵਡਿਆਈ । ਸਦਾ ਸਦਾ ਪ੍ਰਭ ਸਾਚੇ ਖੇਲ ਰਚਾਈ । ਸਦ ਸਦਾ ਸਦ ਸਦਾ ਜਨ ਭਗਤਾਂ ਦੇਵੇ ਆਪ ਵਡਿਆਈ । ਪ੍ਰਭ ਅਬਿਨਾਸ਼ੀ ਕਿਰਪਾ ਨਿਧ ਰਾਣੀ ਤਾਰਾ ਮਾਤ ਤਰਾਈ । ਜੁਗੋ ਜੁਗ ਸਾਚੇ ਪ੍ਰਭ ਸਾਚੀ ਖੇਲ ਮਾਤ ਵਰਤਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜੋਤ ਨਿਰੰਜਣ ਆਦਿ ਅੰਤ ਜਨ ਭਗਤਾਂ ਹੋਏ ਆਪ ਸਹਾਈ । ਸਦਾ ਸਦਾ ਪ੍ਰਭ ਜਾਮਾ ਧਾਰੇ । ਜਨ ਭਗਤਾਂ ਪਾਵੇ ਆਪੇ ਸਾਰੇ । ਆਪੇ ਆਏ ਚਲ ਦਵਾਰੇ । ਦੇਵੇ ਦਰਸ ਕ੍ਰਿਸ਼ਨ ਮੁਰਾਰੇ । ਝੁੱਗੀ ਸੁੱਤਾ ਪੈਰ ਪਸਾਰੇ । ਲਾਇਆ ਭਾਗ ਬਿਦਰ ਘਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਜਾਮਾ ਵਿਚ ਮਾਤ ਦੇ ਧਾਰੇ । ਭਗਤਾਂ ਹਿਤ ਪ੍ਰਭ ਜਾਮਾ ਧਾਰੇ । ਜੋਤ ਸਰੂਪੀ ਜੋਤ ਪ੍ਰਭ ਵਿਚ ਮਾਤ ਲਏ ਅਵਤਾਰੇ । ਲਿਆ ਅਵਤਾਰ ਆਪ ਕਰਤਾਰ । ਜਾਮਾ ਧਾਰ ਕ੍ਰਿਸ਼ਨ ਮੁਰਾਰ । ਭਗਤ ਉਧਾਰ ਸੁਦਾਮਾ ਕੀਆ ਪਾਰ । ਪ੍ਰਭ ਸਾਚੇ ਦੀ ਸਾਚੀ ਕਾਰ । ਜੁਗੋ ਜੁਗ ਵਿਚ ਮਾਤ ਲਏ ਅਵਤਾਰ । ਜੋਤ ਜਗਾਈ ਲੋਕਮਾਤ ਵੱਜੀ ਵਧਾਈ । ਭਗਤ ਜਸ ਗਾਈ ਰੈਣ ਸਬਾਈ । ਹੋਏ ਸਹਾਈ ਲਏ ਛੁਡਾਈ । ਪਤਿ ਰਖਾਈ ਆਪੇ ਆਪ ਪ੍ਰਭ ਸਾਚਾ ਮੀਤ ਅਖਵਾਈ । ਜੋਤ ਸਰੂਪੀ ਜੋਤ

ਹਰਿ ਸੁਤ ਦਰੋਪਦ ਆਣ ਤਰਾਈ । ਪ੍ਰਭ ਸਾਚੇ ਦੀ ਸਚ ਵਡਿਆਈ । ਪ੍ਰਭ ਸਾਚਾ ਸਾਚੀ ਕਾਰਾ । ਜਨ ਭਗਤਾਂ ਪਾਵੇ ਆਪੇ ਸਾਰਾ । ਆਪੇ ਆਏ ਚਲ ਦਵਾਰਾ । ਲਿਖਾਇਆ ਲੇਖ ਜੈ ਦਿਉ ਅਪਾਰਾ । ਵਿਚ ਲਲਾਟ ਸ਼ਬਦ ਅਪਾਰਾ । ਖੁਲ੍ਹੇ ਕਪਾਟ ਦੇਵੇ ਦਰਸ ਆਪ ਮੁਰਾਰਾ । ਇਕ ਦਿਸਾਵੇ ਸਾਚਾ ਘਾਟ, ਬਿਧਨਾ ਬਿਧ ਕਰੇ ਗਿਰਧਾਰਾ । ਦੇਵੇ ਦਰਸ ਪ੍ਰਭ ਸਾਚਾ ਜੋਤ ਜਗਾਏ ਵਿਚ ਲਲਾਟ ਜੋਤ ਸਰੂਪੀ ਅਗੰਮ ਅਪਾਰਾ । ਜੁਗੋ ਜੁਗ ਪ੍ਰਭ ਸਾਚੇ ਦਾ ਸਚ ਵਿਹਾਰਾ । ਸੈਣ ਬੈਣੀ ਆਪੇ ਤਾਰ । ਚੁਮਿਆਰ ਰਵਿਦਾਸ ਪਾਈ ਸਾਰ । ਪ੍ਰਭ ਅਬਿਨਾਸ਼ੀ ਗੁਣ ਵਿਚਾਰ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰ । ਨਾਮ ਦੇਵ ਪ੍ਰਭ ਸਾਚੇ ਤਾਰਿਆ । ਸਦਨਾ ਸੈਣ ਪਾਰ ਉਤਾਰਿਆ । ਗੁਰਮੁਖ ਬੈਣੀ ਸੰਗ ਰਲਾ ਲਿਆ । ਜੋਤ ਸਰੂਪੀ ਜੋਤ ਪ੍ਰਭ ਜੁਗੋ ਜੁਗ ਭੇਖ ਵਿਚ ਮਾਤ ਵਟਾ ਲਿਆ । ਆਪ ਮਿਟਾਏ ਜਗਤ ਭੇਖ । ਆਪ ਤਰਾਏ ਗੁਰਮੁਖ ਵੇਖ । ਆਪ ਮਿਟਾਏ ਬਿਧਨਾ ਲਿਖੀ ਰੇਖ । ਕਰ ਕਿਰਪਾ ਮਸਤਕ ਫੇਰ ਲਗਾਏ ਸਾਚੀ ਮੇਖ । ਗੁਰਮੁਖ ਸਾਚੇ ਪ੍ਰਭ ਸਾਚਾ ਵੇਖ । ਸਾਚਾ ਨਾਉਂ ਰਸਨਾ ਧਰਿਆ । ਅੰਤਕਾਲ ਪਤਤ ਅਜਾਮਲ ਤਰਿਆ । ਸਾਚਾ ਨਾਉਂ ਜਿਸ ਜਨ ਵਰਿਆ । ਵਿਚ ਬਬਾਣ ਪ੍ਰਭ ਸਾਚੇ ਖੜਿਆ । ਜੁਗੋ ਜੁਗ ਪਰਗਟ ਜੋਤ, ਜਨ ਭਗਤਾਂ ਪ੍ਰਭ ਆਸਾ ਵਰਿਆ । ਆਪੇ ਤਾਰੇ ਭਗਤ ਜਨ । ਜਿਸ ਜਣਾਏ ਤਨ ਮਨ । ਆਪ ਸੁਣਾਏ ਸ਼ਬਦ ਕੰਨ । ਝੂਠਾ ਮਿਟਾਵੇ ਆਤਮ ਜਨ । ਭਾਂਡਾ ਭਰਮ ਭਉ ਦੇਵੇ ਭੰਨ । ਸੋਹੰ ਲਾਏ ਆਤਮ ਡੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਗੁਰਮੁਖ ਨਾਉਂ ਨਾ ਲੱਗੇ ਕਦੇ ਸੰਨ । ਸਚ ਨਾਮ ਵਣਜ ਵਪਾਰਾ । ਸਾਚਾ ਦੀਸੇ ਜਗਤ ਵਿਹਾਰਾ । ਗੁਰਮੁਖ ਲੱਗੇ ਸਦ ਪਿਆਰਾ । ਬੇਮੁਖਾਂ ਲੱਗੇ ਸਦਾ ਰਸਨਾ ਭਾਰਾ । ੨੭੮
ਵੇਲੇ ਅੰਤ ਰਖਾਏ ਪ੍ਰਭ ਸਾਚਾ ਬੇਮੁਖਾਂ ਸਿਰ ਆਰਾ । ਏਕਾ ਧੜ ਦੋ ਫਾੜ ਕਰਾਏ ਨਾ ਆਰ ਨਾ ਪਾਰਾ । ਆਪਣੀ ਦਾੜ੍ਹੇ ਕਲ ਚਬਾਏ, ਨਾ ਦੀਸੇ ਕੋਈ ਕਿਨਾਰਾ । ਵੇਲੇ ਅੰਤ ਨਾ ਕੋਇ ਛੁਡਾਏ, ਦੋਏ ਜਹਾਨੀ ਆਏ ਹਾਰਾ । ਬਿਨ ਪ੍ਰਭ ਸਾਚੇ ਨਾ ਕੋਈ ਹੋਏ ਸਹਾਈ, ਝੂਠਾ ਦਿਸੇ ਘਰ ਦਵਾਰਾ । ਪ੍ਰਭ ਸਾਚੇ ਦੀ ਸਾਚੀ ਨਾਏ, ਸਾਚਾ ਦੇਵੇ ਸ਼ਬਦ ਅਧਾਰਾ । ਆਪ ਬਹਾਏ ਸਾਚੀ ਥਾਏ, ਜਿਥੇ ਵਸੇ ਆਪ ਗਿਰਧਾਰਾ । ਗੁਰਮੁਖ ਸਾਚਾ ਫੇਰ ਨਾ ਆਏ, ਜੋਤੀ ਜੋਤ ਹੋਏ ਮਿਲਾਰਾ । ਸਚਖੰਡ ਨਿਵਾਸੀ ਸਚਖੰਡ ਨਿਵਾਸ ਰਖਾਏ, ਏਕਾ ਹੋਏ ਜੋਤ ਅਕਾਰਾ । ਬੇਮੁਖ ਕੋਈ ਥਾਉਂ ਨਾ ਪਾਏ, ਚਾਰ ਕੁੰਟ ਹੋਏ ਧੁੰਧੂਕਾਰਾ । ਵੇਲਾ ਅੰਤ ਅੰਤ ਪਛੁਤਾਏ, ਨਾ ਕੋਈ ਦਏ ਸਹਾਰਾ । ਝੂਠੇ ਛੱਡੇ ਭੈਣ ਭਰਾਏ, ਨਾ ਵੇਖੇ ਕੋਈ ਸੰਗ ਯਾਰਾਂ । ਅੰਤਮ ਅੰਤ ਏਕਾ ਭਗਵੰਤ ਹੋਏ ਸਰਬ ਸਹਾਰਾ । ਸਰਬ ਸਹਾਰਾ ਆਪੇ ਹੋਏ । ਸਾਚਾ ਨਾਮ ਵਣਜ ਵਪਾਰਾ ਜਨ ਕਰੇ ਕੋਏ । ਸਾਚਾ ਸ਼ਬਦ ਉਧਾਰਾ ਕੋਟਨ ਕੋਟ ਪਾਪਾਂ ਮੈਲ ਗਵਾਏ । ਦੇਵੇ ਦਰਸ ਨਿਹਕਲੰਕ ਅਵਤਾਰਾ, ਸੋਹੰ ਜਪੇ ਜਨ ਰਸਨਾ ਕੋਏ । ਸਾਚੇ ਪ੍ਰਭ ਵਡ ਵਡਿਆਈ ਦਰ ਘਰ ਆਏ ਹੋਏ । ਹੋਏ ਸਹਾਈ ਪਤਤ ਪਾਪੀਆਂ ਲਏ ਤਰਾਈ । ਪਾਪਣ ਪੂਤਨਾ ਜਿਉਂ ਪਾਰ ਲੰਘਾਈ । ਮੋਹਣ ਮੰਮੇ ਵਿਸ਼ ਲਗਾਈ । ਕਾਹਨਾ ਕ੍ਰਿਸ਼ਨਾ ਨਾਉਂ ਧਰਾਈ । ਪ੍ਰਭ ਸਾਚਾ ਬੇਮੁਖ ਨਾ ਦਿਸਨਾ, ਮਾਇਆ ਮਮਤਾ ਵਿਚ ਟਿਕਾਈ । ਜੋਤ ਸਰੂਪੀ ਜੋਤ ਹਰਿ, ਆਪਣੇ ਭਾਣੇ ਸਦ ਸਮਾਈ । ਆਪ ਪਛਾੜੇ ਵਾਂਗ ਪਹਾੜੇ । ਵਿਚ ਉਜਾੜੇ ਸਚ ਦੀ ਬਬਾਣ ਆਪ ਚਾੜ੍ਹੇ । ਜੋਤ ਸਰੂਪੀ ਜੋਤ ਹਰਿ, ਆਪਣੇ ਖੇਲ ਆਪਣੇ ਮੇਲ ਆਪੇ ਆਪ ਕਰੇ ਕਰਾਵੇ । ਉਪਜਾਵੇ ਸਾਚੀ ਜੋਤ, ਜਗਾਵੇ ਵਿਚ ਬਹੱਤਰ ਨਾੜੇ । ਸਾਚੇ ਪ੍ਰਭ ਖੇਲ ਅਪਾਰ । ਸਤਿ ਅਹਲਿਆ ਦਿਤੀ

ਤਾਰ । ਚਰਨ ਛੁਹਾਇਆ ਆਪ ਗਿਰਧਾਰ । ਗੌਤਮ ਅਹਲਿਆ ਹੋਈ ਪਾਰ । ਜੁਗੋ ਜੁਗ ਜਨ ਭਗਤਾਂ ਜਾਏ ਤਾਰ । ਜਨ ਭਗਤ ਆਇਣ ਦਰ ਪਾਇਣ ਦਰਸ ਏਕਾ ਹਰਿ । ਕਰ ਦਰਸ ਜਾਇਣ ਤਰ । ਜੋਤ ਸਰੂਪੀ ਜੋਤ ਹਰਿ । ਏਕ ਏਕ ਰਹਾਏ ਸਾਚੇ ਘਰ । ਕਾਨਾ ਕ੍ਰਿਸ਼ਨਾ ਮੁਕਟ ਬੈਣਾ । ਸੁੰਦਰ ਕੁੰਡਲ ਕਵਲ ਨੈਣਾਂ । ਜਾਮਾ ਪਾਵੇ ਜਨ ਭਗਤਾਂ ਸਾਚਾ ਸੰਗ ਸੈਣਾਂ । ਬਧਕ ਆਪ ਤਰਾਏ, ਚਰਨ ਕਵਲ ਤੀਰ ਲਗਾਏ, ਮਿਰਗ ਸਮਝ ਨੈਣਾਂ । ਜੋਤ ਸਰੂਪੀ ਜੋਤ ਹਰਿ, ਦਰ ਦਰਬਾਰ ਆਏ, ਪਤਤ ਪਾਪੀਆਂ ਸਾਚਾ ਲਹਿਣਾ ਪ੍ਰਭ ਦਰ ਲੈਣਾ । ਦੁਆਪਰ ਗਿਆ ਬੀਤ । ਕਾਹਨ ਘਨਈਆ ਸ੍ਰਿਸ਼ਟ ਸਬਾਈ ਗਿਆ ਜੀਤ । ਆਪ ਰਖਾਈ ਸਾਚੀ ਨੀਹਾਂ, ਜਨ ਭਗਤਾਂ ਬਤਾਇਆ ਏਕਾ ਗੀਤ । ਏਕਾ ਗੀਤ ਸ਼ਬਦ ਕੰਨ ਸੁਣਾਇਆ, ਜਿਸ ਜਨ ਹੋਈ ਆਤਮ ਸੀਤ । ਸ੍ਰਿਸ਼ਟ ਸਬਾਈ ਰਾਹ ਦਿਖਾਇਆ, ਲੱਖ ਚੁਰਾਸੀ ਰਾਖੇ ਜੀਤ । ਪ੍ਰਭ ਅਬਿਨਾਸ਼ੀ ਹੋਏ ਸਹਾਇਆ, ਸਚ ਮੁਰਾਰੀ ਸਾਚਾ ਮੀਤ । ਜੋਤ ਸਰੂਪੀ ਜੋਤ ਹਰਿ, ਏਕਾ ਬਖ਼ਸ਼ੇ ਸ੍ਰਿਸ਼ਟ ਸਬਾਈ ਚਰਨ ਪ੍ਰੀਤ । ਸਾਚੀ ਗਾਥਾ ਸਾਚੀ ਰਾਥਾ । ਸਾਚਾ ਸਾਥਾ ਦੇਵੇ ਜਗਤ ਗੋਝ ਗਿਆਨ ਤ੍ਰੈਲੋਕੀ ਨਾਥਾ । ਏਕਾ ਦੀਆ ਭਗਤ ਗਿਆਨ । ਏਕਾ ਦੀਆ ਭਗਤ ਧਿਆਨ । ਏਕਾ ਗਿਆ ਭਗਤ ਅਭਿਮਾਨ । ਏਕਾ ਭਗਤ ਆਤਮ ਮਿਲਿਆ ਆਪ ਭਗਵਾਨ । ਜੋਤ ਸਰੂਪੀ ਜੋਤ ਹਰਿ ਜਗਤ ਚਲਾਇਆ । ਆਪਣਾ ਆਪ ਛੁਪਾਇਆ । ਮਹਾਂਸਾਰਥੀ ਆਪ ਅਖਵਾਇਆ । ਨਾਥ ਤ੍ਰੈਲੋਕੀ ਜਨ ਭਗਤ ਬਣ ਰਥਵਾਹੀ ਆਪੇ ਆਇਆ । ਜੋਤ ਸਰੂਪੀ ਜੋਤ ਹਰਿ, ਅੰਤਮ ਅੰਤ ਬੈਠ ਇਕੰਤ, ਦੁਆਪਰ ਆਣ ਕਰਾਇਆ । ਆਪੇ ਬੈਠਾ ਸਦ ਅਡੋਲਾ । ਵਡ ਰਥਵਾਹੀ ਰੰਗ ਅਮੋਲਾ । ਸ੍ਰਿਸ਼ਟ ਸਬਾਈ ਬਣਿਆ ਤੋਲਾ । ਬੇਮੁਖਾਂ ਖੁਲ੍ਹਾਏ ਆਪੇ ਪੋਲਾ । ਦਰਯੋਧਨ ਬਣਿਆ ਪ੍ਰਭ ਦਰ ਗੋਲਾ । ਦਰ ਦਰਬਾਰੇ ਮਾਰਿਆ ਬੋਲਾ । ਪੰਚਮ ਪਾਂਡੋ ਪ੍ਰਭ ਚਰਨ ਗੋਲੀ ਗੋਲਾ । ਦੇਵੇ ਵਡਿਆਈ ਸਾਚਾ ਪ੍ਰਭ ਸ੍ਰਿਸ਼ਟ ਸਬਾਈ ਆਪੇ ਮੌਲਾ । ਜੋਤ ਸਰੂਪੀ ਜੋਤ ਹਰਿ, ਗੁਰਮੁਖਾਂ ਰੱਖੇ ਵੱਖ ਵੱਖ, ਸ੍ਰਿਸ਼ਟ ਸਬਾਈ ਕਰੇ ਭੱਖ, ਗੁਰਮੁਖ ਸਾਚੇ ਵਿਚ ਮਾਤ ਉਪਰ ਧਰਤ ਜਿਉਂ ਜਲ ਫੁੱਲ ਕਵਲਾ । ਗੁਰਮੁਖ ਫੁਲ ਕਵਲ ਪ੍ਰਭ ਰਖਾਏ । ਉਪਰ ਧਵਲ ਆਪੇ ਆਪ ਰਹਾਏ । ਵਿਚ ਰਿਹਾ ਮਵਲ, ਸ੍ਰਿਸ਼ਟ ਸਬਾਈ ਕਰੇ ਬਵਲ, ਜੋਤ ਸਰੂਪੀ ਜੋਤ ਹਰਿ, ਕਾਹਨਾ ਕ੍ਰਿਸ਼ਨਾ ਸਵਲ ਦੁਆਪਰ ਅੰਤ ਕਰਾਏ । ਜੋਤ ਧਰ ਵਿਸਮੰਤ ਅਖਵਾਏ । ਵੇਖ ਵਿਚਾਰ ਕਰ ਜੀਵ ਜੰਤ ਭੁਲਾਏ । ਆਤਮ ਵਡ ਵਡ ਵਡ ਹੰਕਾਰ ਧਰ, ਪ੍ਰਭ ਪਕੜ ਉਠਾਏ । ਜੋਤ ਸਰੂਪੀ ਇਕ ਆਕਾਰ ਕਰ, ਮਤ ਅਪੁਠੀ ਆਪੇ ਪਾਏ । ਜੋਤ ਸਰੂਪੀ ਜੋਤ ਹਰਿ, ਆਪਣਾ ਰੰਗ ਕਰਤਾਰ ਕਰ, ਸਾਵਲ ਸੁੰਦਰ ਰੂਪ ਧਰ, ਸ੍ਰਿਸ਼ਟ ਸਬਾਈ ਕਰ ਦੋ ਫਾੜ । ਆਪ ਕਟਾਏ ਸਿਰ ਧੜ । ਆਪ ਉਖਾੜੇ ਸਰਬ ਜੜ੍ਹ । ਸੋ ਜਨ ਉਧਰੇ ਪਾਰ, ਜੋ ਜਨ ਲੱਗੇ ਲੜ । ਦੁਆਪਰ ਅੰਤਮ ਅੰਤ ਗਿਆ ਹਰ । ਸਚ ਖੇਲ ਆਪੇ ਰਚਿਆ । ਚਾਰ ਕੁੰਟ ਚਾਰ ਜੁਗ ਚਾਰ ਮੁਖ ਚਾਰ ਵਰਨ ਚਾਰ ਚਾਰੇ ਉਪਜਾਨਿਆ । ਚਾਰੋ ਚਾਰ ਵਕ਼ਤ ਵਿਚਾਰ । ਜੋਤ ਨਿਰੰਕਾਰ ਪਾਵੇ ਸਾਰ । ਵਿਚ ਸੰਸਾਰ ਜਾਮਾ ਧਾਰ । ਕਰਮਾਂ ਕਰਮ ਸਰਬ ਵਿਚਾਰ । ਅੰਤਮ ਅੰਤ ਕਲ ਵਿਚਾਰ । ਸਤਿਜੁਗ ਸਾਚਾ ਸਤਿ ਸਤਿ ਕਰ ਲਾਇਆ । ਸਤਿ ਪੁਰਖਾਂ ਪ੍ਰਭ ਆਪ ਉਪਾਇਆ । ਸਰਬ ਥਾਏਂ ਆਪੇ ਆਪ ਆਪਣਾ ਵਿਚ ਟਿਕਾਇਆ । ਸਤਿ ਮਿਹਰਵਾਨ ਸਤਿ ਸਤਿ ਸਮਾਇਆ । ਬਾਵਨ ਰੂਪ ਧਾਰ ਤ੍ਰੈਲੋਏ ਦੋ ਕਰਮ ਕਰਾਇਆ । ਮਛ ਕਛ ਪ੍ਰਭ ਭੇਖ ਧਰ, ਜੀਵ ਜੰਤ ਤਰਾਇਆ । ਮੋਹਣੀ ਰੂਪ ਆਪ ਕਰ, ਤ੍ਰਿਆ ਵੇਸ ਜਗਤ ਰਖਾਇਆ ।



੨੭੯ ੦੨

ਜੁਗੋ ਜੁਗ ਭੇਸ ਕਰ, ਜੋਤ ਸਰੂਪੀ ਵਿਚ ਮਾਤ ਪ੍ਰਭ ਸਾਚੇ ਜਾਮਾ ਪਾਇਆ । ਆਵੇ ਜੋਤ ਜਗਾਵੇ ਨਾਮ ਧਰਾਵੇ ਬਲੀ ਬਲਵਾਨ ਆਪ ਅਖਵਾਵੇ । ਵਡ ਵਡ ਸੂਰਬੀਰ ਪ੍ਰਭ ਨਸ਼ਟ ਕਰਾਵੇ । ਏਕਾ ਏਕ ਏਕ ਪ੍ਰਭ ਆਪ ਰਹਿ ਜਾਵੇ । ਏਕਾ ਏਕ ਏਕ ਜਗਤ ਧਰਾਵੇ । ਏਕਾ ਏਕ ਸੇਕ ਸ੍ਰਿਸ਼ਟ ਸਬਾਈ ਜੋਤ ਜਗਾਵੇ । ਜੁਗੋ ਜੁਗ ਪਰਗਟ ਜੋਤ, ਆਪਣਾ ਖੇਲ ਆਪ ਰਚਾਵੇ । ਆਵੇ ਜਗ ਲਗਾਵੇ ਮਗ । ਬੇਮੁਖ ਪਕੜ ਪਛਾੜੇ ਸ਼ਾਹ ਰਗ । ਗੁਰਮੁਖ ਸਾਚੇ ਜਾਇਣ ਚਰਨ ਲਗ । ਜੋਤ ਸਰੂਪੀ ਜੋਤ ਧਰ, ਸਾਚਾ ਦੀਪ ਜਗਾਇਆ ਜਗ । ਸਤਿਜੁਗ ਹਰਿਆ ਤ੍ਰੇਤਾ ਧਰਿਆ । ਤ੍ਰੇਤੇ ਵਰਿਆ ਰਾਮ ਅਵਤਰਿਆ । ਰਘੁਵੰਸ ਰਘੂਨਾਥ ਸਗਲਾ ਸਾਥ ਆਪ ਅਖਵਰਿਆ । ਜੋਤ ਸਰੂਪੀ ਜੋਤ ਹਰਿ, ਜੁਗੋ ਜੁਗ ਆਵੇ ਜਾਵੇ, ਨਾ ਕਦੇ ਜੰਮੇ ਨਾ ਕਦੇ ਮਰਿਆ । ਜੋਤ ਨਿਰੰਕਾਰਾ । ਮਾਤ ਅਵਤਾਰਾ । ਦਸਰਥ ਦੁਲਾਰਾ ਰਾਮ ਪਿਆਰਾ । ਦੇਵੀ ਦੇਵ ਸਦ ਖੜੇ ਰਹਿਣ ਦਵਾਰਾ । ਵਡ ਬਲੀ ਬਲਵਾਨਾ ਤੋੜੇ ਆਪ ਹੰਕਾਰਾ । ਬੇਮੁਖ ਜੀਵ ਨਾ ਪਾਇਣ ਸਾਰਾ । ਜੋਤ ਸਰੂਪੀ ਜੋਤ ਹਰਿ, ਆਇਆ ਮਾਤ ਲਏ ਅਵਤਾਰਾ । ਰਾਮ ਰਘੁਬੰਸਾ, ਆਪ ਚਲਾਏ ਸਾਚਾ ਬੰਸਾ । ਸਾਚੀ ਉਪਜਾਏ ਸਚ ਦੀ ਅੰਸਾ । ਸੋਢੀ ਵੇਦੀ ਦੋਏ ਵਿਚ ਸਹੰਸਾ । ਜੋਤ ਸਰੂਪੀ ਜੋਤ ਹਰਿ ਏਕਾ ਜੋਤ ਦੋਏ ਬੰਸਾ । ਰਾਮ ਅਵਤਾਰੀ ਜੋਤ ਨਿਰੰਕਾਰੀ । ਰਾਵਣ ਸੰਘਾਰੀ ਕਰੇ ਖੁਆਰੀ । ਏਕਾ ਕਰਾਈ ਆਪਣੇ ਨਾਉਂ ਜੈ ਜੈ ਜੈਕਾਰੀ । ਦੁਸ਼ਟਾਂ ਆਏ ਹਾਰੀ । ਆਏ ਚਲ ਸਚ ਘਰ ਦਰ ਦਰਬਾਰੀ । ਸਚ ਦੀ ਬਾਣ ਹੋਏ ਸਿਕਦਾਰੀ । ਸਾਚੀ ਵਰਤੇ ਜਗਤ ਕਾਰੀ । ਆਪੇ ਆਪ ਸ੍ਰਿਸ਼ਟ ਸਬਾਈ ਕਰੇ ਖੁਆਰੀ । ਸੀਤਾ ਸੁਤ ਦੋਏ ਅਧਾਰੀ । ਆਪਣੀ ਖੇਲ ਅਪਰ ਅਪਾਰੀ । ਬਲ ਤ੍ਰੇਤਾ ਗਿਆ ਹਾਰੀ । ਏਕਾ ਰਾਮ ਨਾਮ ਅਵਤਾਰੀ । ਸਤੀ ਅਹਲਿਆ ਜਿਸ ਪਾਰ ਉਤਾਰੀ । ਦਰ ਭੀਲਨੀ ਬਣ ਜਾਏ ਭਿਖਾਰੀ । ਜੋਤ ਸਰੂਪੀ ਜੋਤ ਹਰਿ, ਨਿਮਾਣਿਆਂ ਨਿਤਾਣਿਆਂ ਆਪੇ ਪਾਵੇ ਸਾਰੀ । ਸਤਿਜੁਗ ਗਿਆ ਤ੍ਰੇਤਾ ਭਇਆ । ਤ੍ਰੇਤਾ ਗਿਆ ਜਨਮ ਦੁਆਪਰ ਮਾਤ ਵਿਚ ਲਿਆ । ਦੁਆਪਰ ਗਿਆ ਕਲਜੁਗ ਕਰਮ ਕਾਂਡ ਝੂਠਾ ਆਂਡ ਬਾਹਰੋਂ ਝੂਠਾ ਭਾਂਡ ਆਤਮ ਰਾਂਡ ਵਿਚ ਮਾਤ ਦੇ ਰਿਹਾ । ਝੂਠਾ ਜਗ ਐੜਾ ਆਇਆ । ਐੜਾ ਅਥਰਬਣ ਵੇਦ ਲਿਖਾਇਆ । ਵੇਦ ਅਥਰਬਣ ਐੜਾ ਅੱਲ੍ਹਾ ਹੂ ਨੂਰ ਉਪਾਇਆ । ਅੱਲਾ ਹੂ ਅਕਬਰ ਨਾਅਰਾ ਲਾਇਆ । ਅੱਲ੍ਹਾ ਬਿਸਮਿੱਲ੍ਹਾ ਬਿਸਮ ਹੋਏ ਵਿਚ ਸਮਾਇਆ । ਐੜਾ ਅਲਾਹੀ ਜਗਤ ਮਾਹੀ ਅਹਿਮਦ ਮੁਹੰਮਦ ਆਪ ਉਪਾਇਆ । ਅਹਿਮਦ ਮੁਹੰਮਦ ਮੁਹੰਮਦ ਅਹਿਮਦ ਏਕਾ ਰੰਗ ਆਪ ਚੜ੍ਹਾਇਆ । ਪ੍ਰਭ ਅਬਿਨਾਸ਼ੀ ਖੇਲ ਕਰ, ਐੜਾ ਅਥਰਬਣ ਵੇਦ ਅੱਲ੍ਹਾ ਅਲ੍ਹਾਹੂ ਨੂਰ ਉਪਾਇਆ । ਅੱਲ੍ਹਾ ਅਲਾਹੂ ਨੂਰ ਉਪਾ । ਕਲਜੁਗ ਅਚਰਜ ਖੇਲ ਰਚਾ । ਈਸਾ ਮੂਸਾ ਮੁਹੰਮਦ ਪ੍ਰਭ ਸਾਚਾ ਲਏ ਉਪਾ । ਕਲਜੁਗ ਝੂਠੀ ਰਚਨਾ ਲਈ ਰਚਾ । ਝੂਠੇ ਮਾਰਗ ਪੀਰ ਫ਼ਕੀਰ ਆਪੇ ਦੇਵੇ ਪ੍ਰਭ ਲਗਾ । ਹਜ਼ਰਤ ਈਸਾ ਮੂਸਾ ਨਾ ਕੋਈ ਵੇਖੇ ਆਪਣੇ ਖੇਲ ਆਪ ਰਿਹਾ ਕਰਾ । ਆਰੂਸ ਮਾਰੂਸ ਸ਼ਾਹ ਅਬਨੂਸ਼ ਸਰਬ ਸਭ ਪਵਾਏ ਝੂਠੇ ਰਾਹ । ਏਕਾ ਸ਼ੇਖ ਸ਼ਾਦ ਸ਼ਮਸ ਤਬਰੇਜ਼ ਇਜਰਾਈਲ ਮਕਾਈਲ ਜ਼ਬਰਾਈਲ ਆਪੇ ਲਏ ਭੁਲਾ ਐਲੀ ਸ਼ਾਹ ਸ਼ਾਹ ਸੁਲਤਾਨਾ । ਆਤਮ ਦੇਵੇ ਆਪ ਅਭਿਮਾਨਾ । ਪੀਰ ਦਸਤਗੀਰ ਰਾਹ ਭੁਲਾਨਾ । ਵਡ ਵਡ ਸ਼ਾਹੋ ਸ਼ਾਹ ਫ਼ਕੀਰਾਂ ਪ੍ਰਭ ਝੂਠੇ ਮਾਰਗ ਲਾਨਾ । ਫੜ ਫੜ ਫੜ ਦੇਣ ਸਜਾਈ, ਹਕੀਰਾਂ ਪੜ੍ਹ ਪੜ੍ਹ ਸੰਨਦਾਂ ਆਇਤ ਕੁਰਾਨਾਂ । ਕਲਜੁਗ ਅੰਤਮ ਅੰਤ ਵੇਖ ਝੂਠਾ ਭੇਖ, ਨਾ ਕੋਈ ਜਾਣੇ ਵੇਦ ਪੁਰਾਨਾ । ਆਪ ਲਿਖਾਈ ਉਲਟੀ ਰੇਖ, ਝੂਠਾ ਜੱਗ ਪ੍ਰਭ ਆਪ ਭੁਲਾਣਾ । ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਕਲ ਜੋਤ ਪਰਗਟਾਈ ਵੱਜੀ ਵਧਾਈ ਨਿਹਕਲੰਕ ਵਡ ਬਲੀ ਬਲਵਾਨਾ । ਦਸਮ ਗੁਰ ਆਏ ਅਵਤਾਰ । ਏਕਾ ਸ਼ਬਦ ਗਏ ਉਚਾਰ । ਸ੍ਰਿਸ਼ਟ ਸਬਾਈ ਏਕਾ ਧਾਰ । ਕਲਜੁਗ ਜੀਆਂ ਨਾ ਕਰੀ ਵਿਚਾਰ । ਅੰਤਮ ਅੰਤ ਆਪਣਾ ਮੂਲ ਗਏ ਹਾਰ । ਪ੍ਰਭ ਅਬਿਨਾਸ਼ੀ ਪੂਰਬ ਕਰਮ ਵਿਚਾਰ । ਜੋਤ ਸਰੂਪੀ ਜੋਤ ਹਰਿ, ਮਾਤਲੋਕ ਆਇਆ ਜਾਮਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਪੁਰੀ ਘਨਕ ਲਿਆ ਅਵਤਾਰ । ਨਿਹਕਲੰਕ ਕਲ ਜਾਮਾ ਪਾਇਆ । ਆਪੇ ਪਾਏ ਜਗਤ ਮਾਇਆ । ਕਲਜੁਗ ਜੀਆਂ ਦਿਸ ਨਾ ਆਇਆ । ਝੂਠੀ ਕਾਇਆ ਜਗਤ ਤਜਾਇਆ । ਜੋਤ ਸਰੂਪੀ ਗੁਰਸਿਖ ਸਮਾਇਆ । ਦੁਖ ਭੁੱਖ ਤੋਂ ਬਾਹਰ ਰਖਾਇਆ । ਪੂਰਨ ਸਿੰਘ ਆਪ ਤਰਾਇਆ । ਪਾਲ ਸਿੰਘ ਸੁਤ ਵਡਿਆਇਆ । ਆਤਮ ਸੁਖ ਪ੍ਰਭ ਸਦ ਵਸਾਇਆ । ਉਜਲ ਮੁਖ ਵਿਚ ਜਗਤ ਕਰਾਇਆ । ਮਾਤ ਕੁੱਖ ਸੁਫਲ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਧਰ, ਗੁਰਮੁਖ ਸਾਚੇ ਵਿਚ ਸਮਾਇਆ । ਗੁਰਮੁਖ ਸਾਚੇ ਵਿਚ ਸਮਾਏ । ਏਕਾ ਆਪਣਾ ਵਿਚ ਟਿਕਾਏ । ਬੇਮੁਖਾਂ ਪ੍ਰਭ ਆਪ ਭੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਉਲਟੇ ਮਾਰਗ ਆਪ ਲਗਾਏ । ਝੂਠੇ ਮਾਰਗ ਆਪ ਲਗਾਏ । ਬੇਮੁਖਾਂ ਠੂਠੇ ਹੱਥ ਫੜਾਏ । ਜੂਠੇ ਝੂਠੇ ਦਰ ਦੁਰਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਦਿਰਾ ਮਾਸ ਵਿਸ਼ਟਾ ਮੁਖ ਰਖਾਏ । ਮਦਿਰਾ ਮਾਸ ਜੀਵ ਹਲਕਾਇਆ । ਸਵਾਸ ਸਵਾਸ ਸਵਾਸ ਪ੍ਰਭ ਸਾਚਾ ਮਨੋਂ ਭੁਲਾਇਆ । ਆਪਣਾ ਰਾਸ ਸਤਿ ਸਵਾਸ ਆਤਮ ਵਾਸ ਸਰਬ ਗਵਾਇਆ । ਪਾਪੀ ਧਰਵਾਸ ਹਡ ਮਾਸ ਰਸਨਾ ਚੋਗ ਚੁਗਾਇਆ । ਅੰਤਕਾਲ ਕਰੇ ਪ੍ਰਭ ਸਾਚਾ ਨਾਸ, ਘੋਗੜ ਜੂਨੀ ਦੇ ਲਿਖਾਇਆ । ਨਿਹਕਲੰਕ ਲਿਖਤ ਲਿਖਾਏ । ਲਿਖੀ ਲਿਖਤ ਨਾ ਕੋਏ ਮਿਟਾਏ । ਮਦਿਰਾ ਮਾਸੀ ਭਰਿਸ਼ਟ ਕਰਾਏ । ਸਾਚਾ ਇਸ਼ਟ ਗਏ ਭੁਲਾਏ । ਆਤਮ ਹੋਈ ਭਰਿਸ਼ਟ ਮਦਿਰਾ ਮਾਸ ਮੁਖ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਪਰਗਟ ਜੋਤ, ਬੇਮੁਖਾਂ ਜਨਮ ਫੇਰ ਦਵਾਏ । ਮਦਿਰਾ ਮਾਸ ਰਸਨਾ ਖਾਣਾ । ਪ੍ਰਭ ਅਬਿਨਾਸ਼ੀ ਜੀਵ ਭੁਲਾਣਾ । ਘੋਗੜ ਜੂਨ ਪ੍ਰਭ ਸਾਚੇ ਪਾਣਾ । ਵਿਸ਼ਟਾ ਚੋਂਚ ਸਦ ਰਖਾਣਾ । ਆਤਮ ਅੰਤਮ ਸਦ ਹਲਕਾਣਾ । ਜੋਤ ਸਰੂਪੀ ਜੋਤ ਹਰਿ ਆਪੇ ਵਰਤੇ ਆਪਣਾ ਭਾਣਾ । ਬੇਮੁਖਾਂ ਕਲ ਖੁਆਰ ਕਰ । ਦਰ ਦੁਰਕਾਰ ਦੇਵੇ ਹਰਿ । ਘਰ ਘਰ ਫਿਰਨ ਨਾਰੀ ਨਰ । ਮੁਖ ਚੋਂਚ ਸਦ ਸਦ ਵਿਸ਼ਟਾ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਭਵਿਖਤ ਰਿਹਾ ਕਰ । ਕਲਜੁਗ ਔਧ ਗਈ ਬੀਤ । ਕਲਜੁਗ ਮਾਇਆ ਗਈ ਜੀਤ । ਕਲਜੁਗ ਜੀਆਂ ਪ੍ਰਭ ਸਾਚੇ ਪਰਖੀ ਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਲੋਕ ਪਰਗਟਾਈ ਇਕ ਚਲਾਈ ਸਾਚੀ ਰੀਤ । ਸਾਚੀ ਰੀਤ ਜਗਤ ਚਲਾਏ । ਏਕਾ ਪ੍ਰੀਤ ਚਰਨ ਰਖਾਏ । ਸਾਚਾ ਮੀਤ ਆਪ ਅਖਵਾਏ । ਮਾਨਸ ਜਨਮ ਜੀਵ ਜਾਏ ਜੱਗ ਜੀਤ, ਨਿਹਕਲੰਕ ਤੇਰੀ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਰਗ ਸ੍ਰਿਸ਼ਟ ਸਬਾਈ ਆਪ ਲਗਾਏ । ਏਕਾ ਨਾਉਂ ਜਗਤ ਧਰਿਆ । ਸੋਹੰ ਸਾਚਾ ਆਸਾ ਵਰਿਆ । ਰਾਓ ਰੰਕ ਏਕਾ ਕਰਿਆ । ਏਕਾ ਅੰਕ ਏਕਾ ਡੰਕ ਪ੍ਰਭ ਸਾਚੇ ਫੜਿਆ । ਗੁਰਮੁਖ ਸਾਚੇ ਆਪ ਉਧਾਰੇ ਜਿਉਂ ਭਗਤ ਜਨਕ, ਆਤਮ ਰਾਸ ਸਵਾਸਾਂ ਧਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਪਰਗਟ ਜੋਤ ਨਿਹਕਲੰਕ ਪਹਿਲੀ ਮਾਘ ਵਿਚ ਮਾਤ ਦੇ ਧਰਿਆ । ਮਾਤਲੋਕ ਜਨਮ ਦਵਾਇਆ । ਸਤਿਜੁਗ ਸਾਚਾ ਪਹਿਲੀ ਮਾਘ ਪ੍ਰਭ ਸਾਚੇ ਆਪ ਉਪਜਾਇਆ ।

੨੮੧
੦੨

ਸੋਹੰ ਸਾਚਾ ਸ਼ਬਦ ਰਾਗ, ਪ੍ਰਭ ਸਾਚੇ ਝੋਲੀ ਪਾਇਆ । ਆਪ ਪਕੜੀ ਨਿਹਕਲੰਕ ਹੱਥ ਬਾਗ, ਸ੍ਰਿਸ਼ਟ ਸਬਾਈ ਆਪ ਚਲਾਇਆ । ਗੁਰਮੁਖ ਸਾਚੇ ਗਏ ਜਾਗ, ਬੇਮੁਖਾਂ ਗੂੜ੍ਹੀ ਨੀਂਦ ਸਵਾਇਆ । ਏਕਾ ਜੋਤ ਅਗਨ ਲਗਾਈ ਆਗ, ਦਿਵਸ ਰੈਣ ਚੈਨ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਪਰਗਟ ਜੋਤ ਅੰਮ੍ਰਿਤ ਮੇਘ ਆਪੇ ਆਪ ਵਰਤਾਇਆ । ਸਤਿਜੁਗ ਸਾਚੇ ਜਨਮ ਦਵਾ ਕੇ । ਪਹਿਲੀ ਮਾਘ ਮਾਤ ਟਿਕਾ ਕੇ । ਨਾਮ ਦਾਨ ਸਚ ਝੋਲੀ ਪਾ ਕੇ । ਗੁਣ ਨਿਧਾਨ ਵਡ ਦਇਆ ਕਮਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਰਗ ਜਾਏ ਜਗਤ ਲਗਾ ਕੇ । ਸਾਚਾ ਮਾਰਗ ਜਗਤ ਲਗਾਇਆ । ਸਤਿਜੁਗ ਸਾਚੇ ਜਨਮ ਦਵਾਇਆ । ਭਰਮ ਭੁਲੇਖਾ ਸਰਬ ਚੁਕਾਇਆ । ਕਲਜੁਗ ਲੇਖਾ ਆਪ ਦਵਾਇਆ । ਸੰਤ ਮਨੀ ਸਿੰਘ ਲਾਈ ਮੇਖਾ ਸਾਚੀ ਰੇਖਾ ਨਿਹਕਲੰਕ ਪੂਰ ਕਰਾਇਆ । ਜੋਤ ਸਰੂਪੀ ਪਹਰਿਆ ਭੇਖਾ, ਨਾ ਕੋਈ ਦੇਖੇ ਦੇਖ ਦਿਖਾਇਆ । ਸ੍ਰਿਸ਼ਟ ਸਬਾਈ ਰਹੀ ਭਰਮ ਭੁਲੇਖਾ, ਜੋਤ ਸਰੂਪੀ ਪ੍ਰਭ ਜਾਮਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਗੁਰਮੁਖ ਸਾਚੇ ਵਿਚ ਸਮਾਇਆ । ਨਿਹਕਲੰਕ ਆਪ ਅਖਵਾਏ । ਜੋਤ ਸਰੂਪੀ ਵਿਚ ਮਾਤ ਪ੍ਰਭ ਆਏ । ਗੁਰਮੁਖ ਸਾਚੇ ਵਿਚ ਸਮਾਏ । ਜਗਤ ਲੇਖ ਰਿਹਾ ਲਿਖਾਏ । ਵੇਖਾ ਵੇਖ ਕੋਈ ਭੁਲ ਨਾ ਜਾਏ । ਸਾਚਾ ਭੇਖ ਪ੍ਰਭ ਦੇ ਬਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਚਲਾਏ ਸਾਚੀ ਨਾਏ । ਸਾਚਾ ਭੇਵ ਜਗਤ ਖਲਾਉਣਾ । ਆਤਮ ਸੁਤਿਆਂ ਸਰਬ ਜਗਾਉਣਾ । ਗੁਰਮੁਖ ਸਾਚੇ ਵਿਚ ਸਮਾਉਣਾ । ਪਵਣ ਸਰੂਪੀ ਸ਼ਬਦ ਚਲਾਉਣਾ । ਜੋਤ ਸਰੂਪੀ ਦੀਪ ਜਗਾਉਣਾ । ਗੁਰਮੁਖ ਵਿਰਲੇ ਪ੍ਰਭ ਦਰਸ ਦਿਖਾਉਣਾ । ਬੇਮੁਖਾਂ ਪ੍ਰਭ ਦਰ ਦੁਰਕਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਖੇਲ ਰਚਾਉਣਾ । ਬੇਮੁਖਾਂ ਪ੍ਰਭ ਦਰ ਦੁਰਕਾਏ । ਆਪਣਾ ਭੇਵ ਆਪ ਛੁਪਾਏ । ਭੱਜੇ ਫਿਰਨ ਦੇਣ ਦੁਹਾਏ । ਪ੍ਰਭ ਅਬਿਨਾਸ਼ੀ ਦਿਸ ਨਾ ਆਏ । ਗੁਰਮੁਖ ਸਾਚਾ ਰਸਨਾ ਗਾਏ । ਜੋਤ ਸਰੂਪੀ ਨਜ਼ਰੀ ਆਏ । ਵਿਚ ਅੰਧ ਕੂਪੀ ਜੋਤ ਧਰਾਏ । ਬਿਨ ਰੰਗ ਰੂਪੀ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਸਮਾਏ । ਗੁਰਮੁਖ ਤੇਰਾ ਪੂਰਨ ਕਾਮ । ਸੋਹੰ ਪੀਆ ਸਾਚਾ ਜਾਮ । ਆਤਮ ਲੀਆ ਸਾਚਾ ਨਾਮ । ਮਿਲਿਆ ਪੀਆ ਸਾਚਾ ਸ਼ਾਮ । ਨਿਰਮਲ ਜੀਆ ਪਾਇਆ ਰਾਮ । ਸਾਚਾ ਹੀਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਪੂਰ ਕਰਾਏ ਸਗਲੇ ਕਾਮ । ਵੇਖ ਵੇਖ ਵਿਚਾਰੇ । ਵੇਖ ਵੇਖ ਪਾਵੇ ਸਾਰੇ । ਵੇਖੇ ਵੇਖ ਗੁਰਮੁਖ ਪਿਆਰੇ । ਵੇਖ ਵੇਖ ਦੇਵੇ ਜੋਤ ਆਪ ਨਿਰੰਕਾਰੇ । ਵੇਖ ਵੇਖ ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਆਪਣੇ ਦੁਲਾਰੇ । ਗੁਰਮੁਖ ਤੇਰਾ ਰੂਪ ਅਗੰਮ । ਗੁਰਮੁਖ ਤੇਰਾ ਸਚ ਧਰਮ । ਗੁਰਮੁਖ ਤੇਰਾ ਪੂਰ ਕਰਮ । ਗੁਰਮੁਖ ਤੇਰਾ ਏਕਾ ਏਕ ਜਰਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਮਿਟਾਏ ਸਰਬ ਭਰਮ । ਭਰਮ ਭੁਲੇਖੇ ਜੀਵ ਡੁੱਲੇ । ਲਾਲ ਅਨਮੁਲੜਾ ਕਲਜੁਗ ਰੁਲੇ । ਪ੍ਰਭ ਅਬਿਨਾਸ਼ੀ ਦਰ ਦਰਵਾਜਾ ਖੁੱਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਘਰ ਸਾਚਾ ਦਰ ਸਾਚਾ ਵਰ ਪਾਓ, ਕਲਜੁਗ ਜੀਵ ਨਾ ਰਹਿਣਾ ਭੁੱਲੇ । ਭੁਲਿਆਂ ਰੁਲਿਆਂ ਜਗਤ ਡੁੱਲਿਆਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮੇਲ ਮਿਲਾਏ, ਆਪੇ ਸ਼ਬਦ ਚਲਾਏ, ਆਪੇ ਬਣਤ ਬਣਾਏ, ਆਪੇ ਤੋਲ ਤੁਲਾਏ ਗੁਰਮੁਖ ਸਾਚੇ ਕਾਂਟੇ, ਦਰ ਘਰ ਸਾਚਾ ਆਪੇ ਸਾਚੇ ਮੱਲਿਆਂ । ਸਾਚਾ ਤੋਲਿਆ, ਪ੍ਰਭ ਸਾਚਾ ਸਦ ਸਦ ਰਸਨਾ ਬੋਲਿਆ ।

ਆਤਮ ਜਿੰਦਾ ਪ੍ਰਭ ਸਾਚੇ ਖੋਲ੍ਹਿਆ । ਭੰਡਾਰ ਭਰ ਵਸਾ ਘਰ ਸਾਚਾ ਦਰ ਸਾਚਾ ਦਾਨ ਦੇਵੇ ਇਕ ਅਤੋਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਭੁਲਾਈ ਕਲ ਰੁਲਾਈ ਕੀਆ ਖੇਲ ਅਮੋਲਿਆ । ਅਮੋਲ ਅਮੁਲ ਅਤੋਲ ਅਤੁਲ ਅਡੋਲ ਅਡੁਲ ਅਬੋਲ ਅਭੁਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਆਪਣੇ ਕੀਨੇ ਤੁਲ । ਗੁਰਮੁਖ ਰੰਗੇ ਏਕਾ ਰੰਗ । ਏਕਾ ਦੇਵੇ ਸਾਚਾ ਸੰਗ । ਆਪੇ ਕੱਟੇ ਭੁੱਖ ਨੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਅੰਗ ਸੰਗ । ਜਗਤ ਪਿਤ ਸਦਾ ਸਰਨਾਇਆ । ਭਗਤਨ ਹਿਤ ਆਪ ਰਖਾਇਆ । ਮਾਤ ਪਿਤ ਬਿਨ ਬਾਲਕ ਉਪਜਾਇਆ । ਆਪੇ ਜਾਣੇ ਗਤ ਮਿਤ, ਦੇ ਮਤ ਆਪੇ ਸਮਝਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪਣੀ ਸਰਨ ਲਗਾਇਆ । ਸਰਨ ਲਗਾ ਜੋਤ ਜਗਾ । ਸੋਗ ਮਿਟਾ ਰੋਗ ਗਵਾ । ਜੋਗ ਰਖਾ ਆਤਮ ਭੋਗ ਲਗਾ । ਦਰਸ ਅਮੋਘ ਪ੍ਰਭ ਸਾਚੇ ਆਪ ਦਿਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਤਮ ਚਿੰਤ ਸਰਬ ਮਿਟਾ । ਚਿੰਤਾ ਨਾਸੇ ਜੋਤ ਪਰਕਾਸੇ । ਪ੍ਰਭ ਅਬਿਨਾਸ਼ੇ ਹੋਏ ਵਾਸੇ । ਜਨਮ ਰਹਿਰਾਸੇ ਦਾਸਨ ਦਾਸੇ । ਸਾਚਾ ਸ਼ਬਦ ਏਕਾ ਧੁਨ ਏਕਾ ਏਕ ਮਿਲਿਆ ਅਕਾਸੇ । ਨਿਹਕਲੰਕ ਜਾਣੇ ਤੇਰੇ ਕਵਣ ਗੁਣ ਜੋਤ ਸਰੂਪੀ ਜਗਤ ਪਰਕਾਸੇ । ਜੋਤ ਸਰੂਪੀ ਜਗਤ ਉਜਾਗਰ । ਆਪੇ ਆਪ ਵਡ ਵਡ ਸਾਗਰ । ਗੁਰਮੁਖ ਗੁਰਸਿਖਾਂ ਕਰੇ ਕਰਮ ਉਜਾਗਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਾਈ ਗੁਰਮੁਖ ਸਾਚੇ ਝੂਠੀ ਦੇਹ ਗਾਗਰ । ਰੈਣ ਸਬਾਈ ਮੰਗਲਾਚਾਰ । ਮਾਤਲੋਕ ਦਰਬਾਰ । ਸਿੰਘਾਸਣ ਬੈਠਾ ਸਾਚਾ ਨਿਹਕਲੰਕ ਨਰਾਇਣ ਨਰ ਅਵਤਾਰ । ਜਗਤ ਜੋਤ ਜਗਾਈ, ਸਾਚਾ ਕੀਆ ਜਗਤ ਵਿਹਾਰ । ਭਗਤਨ ਹੇਤ ਜੋਤ ਪਰਗਟਾਈ, ਸਾਚਾ ਕਰਮ ਧਰਮ ਜਰਮ ਦੀਆ ਸੁਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਲਿਖਾਈ ਜਗਤ ਅਪਰ ਅਪਾਰ । ਸਾਚਾ ਵਕ਼ਤ ਆਪ ਵਿਚਾਰ । ਕਿਰਪਾ ਕਰੀ ਆਪ ਗਿਰਧਾਰ । ਧਰੀ ਜੋਤ ਵਿਚ ਸੰਸਾਰ । ਗੁਰਮੁਖ ਸਾਚੇ ਆਇਣ ਚਲ ਦਵਾਰ । ਰਸਨਾ ਗਾਇਣ ਮੋਖ ਦਵਾਰ । ਆਤਮ ਚਿੰਤ ਮਿਟਾਇਣ, ਮਿਟੇ ਅੰਧ ਅੰਧਿਆਰ । ਗੁਰਮੁਖ ਸਾਚੇ ਸਦ ਸਦ ਬਿਲਲਾਇਣ, ਪ੍ਰਭ ਅੰਮ੍ਰਿਤ ਬਰਸੇ ਬੂੰਦ ਸਵਾਂਤੀ ਆਪਣੀ ਕਿਰਪਾ ਧਾਰ । ਪ੍ਰਭ ਦਰਸ ਦਿਖਾਏ ਪਰਗਟ ਜੋਤ ਤੀਜੇ ਨੈਣ, ਗੁਰਮੁਖ ਸਾਚੇ ਏਕਾ ਰੱਖ ਚਰਨ ਪਿਆਰ । ਗੁਰਮੁਖ ਸਾਚੇ ਸਾਚਾ ਲਹਿਣਾ ਪ੍ਰਭ ਦਰ ਲੈਣ, ਸੋਹੰ ਰਸਨ ਉਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਨਿਰੰਜਣ ਜੀਵ ਜੰਤਾਂ ਪਾਵੇ ਸਾਰ । ਸਾਰੰਗ ਧਰ ਆਪ ਭਗਵਾਨ । ਭਗਵਾਨ ਬੀਠਲਾ ਸਾਚਾ ਮਾਨ । ਏਕਾ ਰੰਗ ਜਗਤ ਜੋਤ ਮਹਾਨ । ਦਰ ਸਾਚਾ ਮੰਗ ਨਾ ਆਵੇ ਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਜੋਤ ਨਿਰੰਜਣ ਗੁਰਮੁਖ ਸਾਚੇ ਸਚ ਪਛਾਣ । ਸਚ ਪਛਾਤਾ ਦੇਵੇ ਦਾਤਾ । ਸਚ ਪਛਾਤਾ ਆਤਮ ਸਾਚੀ ਜੋਤ ਜਗਾਤਾ । ਸਚ ਪਛਾਤਾ ਸੋਹੰ ਸ਼ਬਦ ਗੁਰਮੁਖ ਸਾਚੇ ਪ੍ਰਭ ਦੇਵੇ ਸਾਚਾ ਨਾਤਾ । ਸਚ ਪਛਾਤਾ ਦੇਵੇ ਵਡਿਆਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਗਲਾ ਸਾਥਾ । ਸਾਚਾ ਪ੍ਰਭ ਸਗਲਾ ਸਾਥ । ਆਪੇ ਰੱਖੇ ਦੇ ਕਰ ਹਾਥ । ਲੇਖ ਲਿਖਾਵੇ ਸਾਚੇ ਮਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਤ੍ਰੈਲੋਕੀ ਨਾਥ । ਨਾਥ ਤ੍ਰੈਲੋਕੀ ਜੋਤ ਜਗਾਏ । ਸਤਾਰਾਂ ਭਾਂਦੋਂ ਦਿਵਸ ਸੁਹਾਏ । ਦਰ ਦਰਬਾਰੀ ਪ੍ਰਭ ਆਪ ਤਰਾਏ । ਸਚ ਦਵਾਰੀ ਜਨ ਆਏ ਸੀਸ ਝੁਕਾਏ । ਵਡ ਘਰ ਬਾਹਰੀ ਆਪੇ ਆਪ ਅਖਵਾਏ । ਸ਼ਬਦ ਸਰੂਪੀ ਮਾਰੇ ਸ਼ਬਦ ਉਡਾਰੀ

ਪਿੰਡ ਬੁੱਗੇ ਭਾਗ ਲਗਾਏ । ਸਿੰਘ ਪ੍ਰੇਮ ਦੇਵੇ ਨਾਮ ਖੁਮਾਰੀ ਪ੍ਰਭ ਸਾਚਾ ਦਰਸ ਦਿਖਾਏ । ਸਾਚੀ ਲਿਖਤ ਬਣਿਆ ਆਪ ਲਿਖਾਰੀ, ਗੁਰਮੁਖ ਸਾਚੇ ਵੇਖੇ ਪ੍ਰਭ ਆਪਣਾ ਆਪ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰ ਦਰਬਾਰ ਅੱਗੇ ਆਪੇ ਆਪ ਹੋ ਜਾਏ । ਸਾਚਾ ਦਿਵਸ ਜਗਤ ਮਨਾਇਆ । ਸਤਾਰਾਂ ਭਾਦੋਂ ਲੇਖ ਲਿਖਾਇਆ । ਪ੍ਰਭ ਅਬਿਨਾਸ਼ੀ ਭੇਖ ਵਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ । ਸਤਾਰਾਂ ਭਾਦਰੋਂ ਦੀਪਕ ਬਾਲ । ਗੁਰਮੁਖ ਸਾਚੇ ਤੇਰੀ ਪੂਰਨ ਘਾਲ । ਆਪੇ ਲਏ ਸਾਰ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੀਪਕ ਦੇਵੇ ਬਾਲ । ਸਤਾਰਾਂ ਭਾਦਰੋਂ ਸਤਿ ਕਰ ਜਾਣ । ਸਾਚਾ ਦਰ ਸਾਚਾ ਘਰ ਪ੍ਰਭ ਦਰ ਪਛਾਣ । ਮਾਣ ਤਾਣ ਚੁੱਕੇ ਕਾਣ, ਏਕਾ ਜਾਣ ਵਿਸ਼ਨੂੰ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਦਾ ਜਾਣੀ ਜਾਣ । ਆਪੇ ਜਾਣੇ ਆਪਣੇ ਭਾਣੇ, ਗੁਰਮੁਖਾਂ ਮੇਲ ਮਿਲਾਏ । ਭਗਤ ਭਗਵਾਨ ਇਕ ਹੋ ਜਾਏ । ਜਗਤ ਨਿਸ਼ਾਨ ਨਾਉਂ ਰਹਿ ਜਾਏ । ਗੁਣ ਨਿਧਾਨ ਜਿਸ ਦਇਆ ਕਮਾਏ । ਜੋਤ ਜਗਾਏ ਜਿਸ ਮਹਾਨੇ ਸਾਧ ਸੰਗਤ ਮੰਗਤ ਪ੍ਰਭ ਦੇ ਵਧਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੇਠੂਵਾਲ ਪ੍ਰਭ ਸਿੰਘ ਪ੍ਰੀਤਮ ਦਰਸ ਦਿਖਾਏ । ਸਿੰਘ ਪ੍ਰੀਤਮ ਦਰਸ ਦੇਖ । ਪ੍ਰਭ ਅਬਿਨਾਸ਼ੀ ਨੇਤਰ ਪੇਖ । ਸਚ ਲਿਖਾਵੇ ਤੇਰੀ ਰੇਖ । ਪਕੜ ਉਠਾਏ ਗੁਰਸਿਖ ਵੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਪਤਾਲ ਅਕਾਸ਼ ਏਕਾ ਜੋਤ ਜਗਾਈ, ਆਪਣਾ ਆਪ ਰਿਹਾ ਛਪਾਈ, ਜੋਤ ਸਰੂਪੀ ਕੀਆ ਭੇਖ । ਸਤਾਰਾਂ ਭਾਦਰੋਂ ਵਕਤ ਸੁਹੰਜਣਾ । ਜੋਤ ਜਗਾਏ ਪ੍ਰਭ ਨਿਰੰਜਣਾ । ਦੁਖ ਮਿਟਾਏ ਸਰਬ ਭੈ ਭੰਜਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧੂੜ ਦੇਵੇ ਗੁਰਮੁਖ ਨੇਤਰ ਅੰਜਣਾ । ਪਰਸਾਦ ਕਰਾਇਆ ਸਾਚੇ ਦਰ । ਭੋਗ ਲਗਾਏ ਜਾਏ ਹਰਿ । ਸਾਧ ਸੰਗਤ ਬੈਠੀ ਘਰ । ਨਿਹਕਲੰਕ ਦੇਵੇ ਵਰ । ਏਕਾ ਜੋਤ ਜਗਾਏ ਅਪਰ । ਦੇਖ ਦਿਖਾਵੇ ਨਾਰੀ ਨਰ । ਏਕਾ ਲਾਟ ਏਕਾ ਘਾਟ ਦਸਾਵੇ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਹਰਿ । ਦਰ ਘਰ ਸਾਚੇ ਜਾਏ ਭੋਗ ਲਗਾਏ, ਸਰਬਜੀਤ ਸਦਾ ਅਤੀਤ । ਆਤਮ ਕਰੇ ਪ੍ਰਭ ਸਾਚਾ ਸੀਤ । ਆਪੇ ਵੇਖੇ ਪਰਖੇ ਨੀਤ । ਮਾਨਸ ਜਨਮ ਜਾਏ ਜਗ ਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਖ਼ਸ਼ੇ ਚਰਨ ਪ੍ਰੀਤ । ਚਰਨ ਪ੍ਰੀਤੀ ਸਾਚਾ ਨਾਤਾ । ਆਪੇ ਦੇਵੇ ਸਾਚੀ ਦਾਤਾ । ਉਤਮ ਕਰੇ ਕਲਜੁਗ ਜ਼ਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬੁੱਝੇ ਆਪੇ ਬਾਤਾ । ਅਜੀਤ ਜੀਤ ਸੀਤ ਮੀਤ ਮੀਤ ਹਰਿ । ਪ੍ਰੀਤ ਪ੍ਰੀਤ ਰੀਤ ਰੀਤ ਸਾਚੀ ਕਰ ਚੀਤ ਚੀਤ ਏਕਾ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਇਆ ਸਾਚਾ ਦਰ । ਸਤਿਗੁਰ ਮਨੀ ਸਿੰਘ ਤੇਰਾ ਮਾਣਾ । ਸਤਿਜੁਗ ਬਣਾਏ ਸਤਿਗੁਰ ਆਪ ਭਗਵਾਨਾ । ਚਰਨ ਲਗਾਏ ਸਭ ਰਾਜਾ ਰਾਣਾ । ਏਕਾ ਛਤਰ ਤੇਰੇ ਸੀਸ ਝੁਲਾਣਾ । ਨਿਹਕਲੰਕ ਆਪਣਾ ਹੱਥ ਤੇਰੇ ਸਿਰ ਟਿਕਾਣਾ । ਏਕਾ ਜੋਤ ਜੋਤੀ ਜੋਤ ਜਗੇ ਮਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਰਬਾਰ ਤੇਰਾ ਵਿਚ ਮਾਤ ਉਪਜਾਣ । ਸਤਿਗੁਰ ਮਨੀ ਸਿੰਘ ਸਤਿ ਕਰ ਜਾਣ । ਸਤਿਗੁਰ ਮਨੀ ਸਿੰਘ ਆਪੇ ਦੇਵੇ ਮਾਣ ਤਾਣ । ਸਤਿਗੁਰ ਮਨੀ ਸਿੰਘ ਇਕ ਰਖਾਏ ਆਣ । ਸਤਿਗੁਰ ਮਨੀ ਸਿੰਘ ਊਚ ਨੀਚ ਰਾਓ ਰੰਕ ਇਕ ਕਰਾਏ ਰੰਕ ਰਾਜਾਨ । ਸੋਹੰ ਸਾਚਾ ਡੰਕ ਏਕਾ ਅੰਕ ਆਪ ਉਠਾਏ ਸ਼ਬਦ ਬਾਣ । ਸਤਿਗੁਰ ਮਨੀ ਸਿੰਘ ਦੇਵੇ ਵਡਿਆਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਬਲੀ

ਬਲਵਾਨ । ਸਤਿਗੁਰ ਮਨੀ ਸਿੰਘ ਸਚ ਘਰ ਆਇਆ । ਸਾਚਾ ਘਰ ਜਗਤ ਵਸਾਇਆ । ਸਾਚਾ ਦਰ ਪ੍ਰਭ ਖੁਲ੍ਹਾਇਆ । ਸਾਚਾ ਵਰ ਸੋਹੰ ਝੋਲੀ ਪਾਇਆ । ਅਵਤਾਰ ਨਰ ਸਿਰ ਆਪਣਾ ਹੱਥ ਟਿਕਾਇਆ । ਕਿਰਪਾ ਅਪਰ ਅਪਾਰ ਕਰ, ਆਤਮ ਭੇਵ ਸਰਬ ਚੁਕਾਇਆ । ਏਕਾ ਜੋਤ ਅਕਾਰ ਕਰ, ਜੋਤ ਸਰੂਪੀ ਆਤਮ ਦੀਪਕ ਜੋਤ ਜਗਾਇਆ । ਵਡ ਵਡ ਵਡ ਪਰਤਾਪ ਕਰ, ਸਾਚ ਛਤਰ ਸੀਸ ਝੁਲਾਇਆ । ਆਪਣਾ ਆਪ ਵਿਚ ਆਪ ਧਰ, ਜੋਤ ਸਰੂਪੀ ਪਵਣ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਮਨੀ ਸਿੰਘ ਸਾਚਾ ਤਿਲਕ ਲਲਾਟ ਆਪੇ ਆਪ ਲਗਾਇਆ । ਸਰਬ ਅਰਦਾਸ ਸੁਣੇ ਗਿਰਧਾਰੇ । ਪੂਰਨ ਆਸ ਕਰਾਏ ਵਾਰੋ ਵਾਰੇ । ਜੋ ਜਨ ਬੈਠੇ ਪ੍ਰਭ ਦਵਾਰੇ । ਆਤਮ ਵਿਚਾਰ ਪ੍ਰਭ ਵਿਚਾਰੇ । ਆਪੇ ਪਾਵੇ ਸਰਬ ਸਾਰੇ । ਦੁਖ ਰੋਗ ਸਰਬ ਨਿਵਾਰੇ । ਜੋ ਜਨ ਆਏ ਆਤਮ ਦੁਖਿਆਰੇ । ਸਾਚਾ ਦੇਵੇ ਨਾਮ ਸ਼ਬਦ ਅਧਾਰੇ । ਕਰ ਕਿਰਪਾ ਪ੍ਰਭ ਸਾਚਾ ਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਇਣ ਚਲ ਦਵਾਰੇ । ਆਤਮ ਸੁਣੇ ਸਰਬ ਪੁਕਾਰਾ । ਆਪ ਵਜਾਏ ਸਾਚੀ ਤਾਰਾ । ਆਪ ਕਰਾਏ ਸਚ ਵਿਹਾਰਾ । ਆਪ ਦਿਸਾਏ ਇਕ ਦਰ ਦਰਬਾਰਾ । ਆਪੇ ਕਰੇ ਸਰਬ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਮੰਗਣ ਆਏ ਦਵਾਰ ਮੁਰਾਰਾ । ਆਤਮ ਮੰਗ ਜੀਵ ਨਾ ਮੰਗੇ । ਪ੍ਰਭ ਦਰ ਆਏ ਸਦ ਹੀ ਸੰਗੇ । ਆਤਮ ਕੰਗਾਲ ਨਾਮ ਸਭ ਨੰਗੇ । ਝੂਠਾ ਦਾਨ ਦਰ ਤੇ ਮੰਗੇ । ਛਿਨ ਵਿਚ ਆਏ ਛਿਨ ਵਿਚ ਭੰਗੇ । ਸਦਾ ਸਹਾਈ ਨਾ ਕੋਈ ਸੰਗੇ । ਏਕਾ ਦਰਸ ਦਾਨ ਜਨ ਮੰਗੇ । ਪ੍ਰਭ ਸਾਚਾ ਆਤਮ ਸਾਚੀ ਰੰਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਅੰਗੇ ਸੰਗੇ । ਝੂਠਾ ਤਨ ਦੁਖ ਵਸੇਰਾ । ਇਕ ਨਾ ਲੱਭਾ ਦੂਜਾ ਪਾਵੇ ਘੇਰਾ । ਆਵੇ ਜਾਵੇ ਨਾ ਲਾਵੇ ਦੇਰਾ । ਜੀਵ ਕਿਆ ਕੋਈ ਕਰੇ ਹੇਰਾ ਫੇਰਾ । ਤੇਰਾ ਮੇਰਾ ਆਪੇ ਕਰ ਨਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਆਪੇ ਕਰੇ ਨਬੇੜਾ । ਝੂਠੀ ਮਾਂਗੋ ਜਗਤ ਦਾਤ । ਸਚ ਦਰ ਸਚ ਘਰ ਸਚ ਵਰ ਸਾਚਾ ਨਾਤ । ਏਕਾ ਕਰ ਦਰਸ ਜਾਏ ਤਰ, ਮਿਲੇ ਵਰ ਨਾ ਆਵੇ ਡਰ, ਜਾਏ ਭੰਡਾਰੇ ਭਰ, ਸੋਹੰ ਦੇਵੇ ਸਾਚੀ ਦਾਤ । ਏਕਾ ਜੋਤ ਜਗਾਏ ਸਦਾ ਸਦਾ ਇਕਾਂਤ । ਭੈਣ ਭਰਾਏ ਪੁੱਤਰ ਧੀਆਂ । ਦੁੱਖਾਂ ਵਿਚ ਰਖਾਈ ਨੀਆਂ । ਲੈਣ ਭਰ ਬੀਜ ਜੋ ਬੀਆ । ਕਲਜੁਗ ਜੀਵ ਭੁਲ ਆਗੇ ਕੁਛ ਨਾ ਕੀਆ । ਕਲਜੁਗ ਜੀਵ ਪ੍ਰਭ ਦਰ ਮੱਲ, ਆਤਮ ਜੋਤ ਜਗਾਏ ਦੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅੰਤ ਦਵਾਏ ਰਖਾਏ ਸਾਢੇ ਤਿੰਨ ਹੱਥ ਤੇਰੀ ਸੀਆਂ । ਕਰਮ ਰੋਗ ਸਰਬ ਵਿਜੋਗ । ਜੀਵ ਜੰਤ ਰਹੇ ਭੋਗ । ਪ੍ਰਭ ਅਬਿਨਾਸ਼ੀ ਨਾ ਕਦੇ ਮਰੇ ਨਾ ਹੋਏ ਸੋਗ । ਜੈਸਾ ਕਰੇ ਤੈਸਾ ਭਰੇ, ਆਪ ਚੁਗਾਵੇ ਸ਼ਬਦ ਚੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਆਪ ਜਗਾਏ ਆਤਮ ਜੋਤ । ਦੁਖ ਜਾਏ ਸੁਖ ਆਏ । ਕਲਜੁਗ ਜੀਵ ਪ੍ਰਭ ਭੁਲਾਏ । ਲੱਖ ਚੁਰਾਸੀ ਵਿਚੋਂ ਜਿਸ ਮੁਖ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਆਤਮ ਸੁਖ ਉਪਜਾਏ । ਆਤਮ ਸੁਖ ਪਾਵੇ ਸੋ, ਸੋਹੰ ਨਾਮ ਧਿਆਵੇ ਜੋ । ਪ੍ਰਭ ਅਬਿਨਾਸ਼ੀ ਗਾਵੇ ਸੋ, ਜਿਸ ਜਨ ਦਇਆ ਕਮਾਵੇ ਓਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੋ ਸਚ ਲਿਖਾਵੇ, ਆਪੇ ਵਰਤੇ ਆਪੇ ਵਰਤਾਵੇ, ਥਾਉਂ ਥਾਈਂ ਬਹਾਵੇ ਸਦਾ ਸਦਾ ਸਦ ਨਿਰਮੋਹ । ਭੈਣ ਭਾਈ ਕੋਈ ਨਾ ਸਹਾਏ । ਦੁਖ ਦਰਦ ਨਾ ਕੋਈ ਮਿਟਾਏ । ਸਾਰੰਗ ਧਰ ਆਪ ਅਖਵਾਏ । ਸੋਹੰ ਨਾਮ ਕਰਦ ਤਨ ਆਪ ਲਗਾਏ । ਆਪ

ਮਿਟਾਏ ਕਾਇਆ ਦਰਦ, ਜੋ ਜਨ ਰਸਨਾ ਗਾਏ । ਕਲ ਹੋਵੇ ਸੋ ਹੀ ਮਰਦ, ਜੋ ਚਰਨੀ ਸੀਸ ਝੁਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦੇ ਸਜਾਏ । ਉਧਰੇ ਪਾਰ ਜੋ ਆਏ ਦਵਾਰ । ਪਾਵੇ ਸਾਰ ਜੋ ਆਏ ਦਵਾਰ । ਨਾ ਹੋਏ ਖੁਆਰ ਜੋ ਆਏ ਦਵਾਰ । ਨਾ ਵਿਛੜੇ ਡਾਰ ਜੋ ਆਏ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਜਾਏ ਤਾਰ । ਕਿਰਪਾ ਕਰੇ ਦੀਨ ਕਾ ਦਾਤਾ । ਆਪੇ ਹੋਏ ਸਰਬ ਗਿਆਤਾ । ਵੇਖ ਵਖਾਏ ਬਹੁ ਬਿਧ ਨਾਤਾ । ਗੁਰਮੁਖ ਵਿਰਲਾ ਆਪ ਪਛਾਤਾ । ਜਿਸ ਦੇਵੇ ਚਰਨ ਪ੍ਰੀਤ ਸਾਚਾ ਨਾਤਾ । ਸੋਹੰ ਨਾਉਂ ਵਡ ਕਰਾਮਾਤਾ । ਦਰਗਹਿ ਸਾਚੀ ਦੇਵੇ ਥਾਉਂ, ਨਿਹਕਲੰਕ ਜਿਸ ਜਨ ਪਛਾਤਾ । ਆਪੇ ਪਾਰ ਕਰਾਏ ਪਕੜ ਬਾਂਹੋਂ, ਮਹਾਰਾਜ ਸ਼ੇਰ ਸਿੰਘ ਬੰਦੀ ਤੋੜ ਆਪ ਅਖਵਾਤਾ । ਆਪ ਕਰਾਏ ਬੰਦ ਖਲਾਸੀ । ਕਿਰਪਾ ਕਰੇ ਘਨਕਪੁਰ ਵਾਸੀ । ਜੋਤ ਧਰੇ ਸਰਬ ਘਟ ਵਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਪੂਰਨ ਪਰਮੇਸ਼ਵਰ ਜੋਤ ਨਿਰੰਜਣ ਪੁਰਖ ਅਬਿਨਾਸ਼ੀ । ਜੀਵ ਵਿਚਾਰ ਕਿਛ ਕਰ । ਪੂਰਨ ਇਛ ਕਰੇ ਹਰਿ । ਮਾਂਗ ਰਛਿਆ ਨਾ ਫੇਰ ਡਰ । ਸੋਹੰ ਭਿਛ ਪਾਵੇ ਨਿਹਕਲੰਕ ਅਵਤਾਰ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਦਿਸਾਵੇ ਸਾਚਾ ਘਰ । ਘਰ ਘਰੋਗੀ ਆਤਮ ਜੋਗੀ । ਆਤਮ ਰਸ ਜੀਵ ਸਾਚਾ ਭੋਗੀ । ਦਿਵਸ ਰੈਣ ਸਦ ਰਹੇ ਵਿਜੋਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਧੁਨ ਉਪਜਾਏ ਆਤਮ ਮਿਟਾਏ ਚਿੰਤ ਸੋਗੀ । ਚਿੰਤਾ ਸੋਗ ਆਪ ਮਿਟਾਏ । ਆਤਮ ਸੋਗ ਕੋਈ ਰਹਿਣ ਨਾ ਪਾਏ । ਪੂਰਨ ਯੋਗ ਗੁਰਸਿਖ ਕਮਾਏ । ਦੋਇੰਗ ਨਾ ਕੋਈ ਦਿਸਾਏ । ਓਅੰ ਇਕ ਆਪ ਹੋ ਜਾਏ । ਸੋਹੰ ਸੋ ਪੁਰਖ ਨਿਰੰਜਣ ਇਕ ਹੋ ਜਾਏ । ਰਸਨਾ ਜਪ ਆਤਮ ਜੀਵ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਆਪ ਸਹਾਏ । ਮਨ ਨਟ ਉਲਟੇ ਚਟ ਪੱਲੇ ਘਟ ਆਤਮ ਤਲੇ ਤਟ, ਸੋਹੰ ਸ਼ਬਦ ਦੇਵੇ ਕੱਟ, ਏਕਾ ਰੱਖੀ ਵਿਚ ਘਟ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਦਰਸ ਦਿਖਾਏ, ਪਰਗਟ ਜੋਤ ਝੱਟ । ਆਤਮ ਹੋਇਆ ਜੀਵ ਜੰਜਾਲਾ । ਦਿਵਸ ਰੈਣ ਰਹੇ ਬੇਹਾਲਾ । ਤਨ ਜੋੜ ਰਹੇ ਪਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਹੋਏ ਰਖਵਾਲਾ । ਤਨ ਮਨ ਕਾਇਆ ਹੱਡ । ਦੁਖ ਰੋਗ ਪ੍ਰਭ ਦੇਵੇ ਕੱਢ । ਆਤਮ ਅੰਧੇਰੀ ਦਿਸੇ ਖੱਡ । ਵੇਖ ਵਿਚਾਰ ਆਪੇ ਕਰ ਨੈਣ ਪਰਾਣ ਗਏ ਛੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਉਧਾਰ ਕਰ ਵਿਚੋਂ ਨਰਕ ਲਏ ਕੱਢ । ਕਾਇਆ ਰੋਗ ਨਰਕ ਮੰਝਾਰ । ਦੁਖੀਆ ਜੀਵ ਆਤਮ ਅੰਧਿਆਰ । ਭੁਲਿਆ ਸੁਖ ਸਰਬ ਸੰਸਾਰ । ਦੁੱਖਾਂ ਹੋਈ ਏਕਾ ਧਾਰ । ਦਿਵਸ ਰੈਣ ਰਹੇ ਝੱਖ ਮਾਰ । ਨਾ ਕੋਈ ਕਰੇ ਸ਼ਬਦ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਰੇ ਸ਼ਬਦ ਮਾਰ । ਏਕਾ ਰੋਗ ਆਤਮ ਸੋਗ । ਏਕਾ ਰੋਗ ਚਿੰਤ ਵਿਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਆਤਮ ਸੋਗ । ਸਿਰ ਪਾਉਂ ਏਕਾ ਆਗ । ਏਕਾ ਟੁੱਟਾ ਕਾਇਆ ਤਾਗ । ਝੂਠਾ ਦਿਸੇ ਨਾਤਾ ਜਗ । ਨਾ ਸੁਹਾਏ ਸਿਰ ਧਰੀ ਪੱਗ । ਏਕਾ ਲੱਗੀ ਰਹੇ ਆਤਮ ਅੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਪ ਲਗਾਏ ਆਪਣੇ ਪੱਗ । ਆਤਮ ਰੋਗ ਖਿਟਾ ਪੀੜ । ਬੰਦੀ ਜਾਏ ਬਦੀ ਖੀੜ । ਮਾਸ ਖਾਇਆ ਘਿਰਨਾ ਘੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਦਰਦ ਮਿਟਾਏ ਸ਼ਬਦ ਸਰੂਪੀ ਦੇਵੇ ਪੀੜ । ਪੀੜ ਪਿੜਾਏ ਦੁਖੀਆਂ ਦੁਖ । ਆਪ ਉਤਾਰੇ ਸਾਰੀ ਭੁੱਖ । ਹਰਿਆ ਹੋਏ ਸੁੱਕਿਆ ਰੁੱਖ । ਸੁਫਲ ਹੋਏ ਫੇਰ ਕੁੱਖ ।

ਲੇਖ ਲਿਖਾਏ ਮੇਟ ਮਿਟਾਏ ਲੱਗਾ ਦੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਦਇਆ ਕਮਾਏ, ਸਚ ਉਪਜਾਏ ਸੱਚਾ ਸੁਖ । ਆਤਮ ਸੁਖ ਆਪੇ ਦੇਵੇ । ਸਾਚਾ ਸੁਖ ਜੋ ਜਨ ਲੇਵੇ । ਸੋਹੰ ਨਾਉਂ ਰਸਨਾ ਸੇਵੇ । ਹੋਏ ਸਹਾਏ ਪ੍ਰਭ ਅਬਿਨਾਸ਼ੀ ਅਲਖ ਅਭੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਇਸ ਹੱਥ ਦੇਵੇ ਇਸ ਹੱਥ ਲੇਵੇ । ਇਸ ਹੱਥ ਦੇਵੇ ਸ਼ਬਦ ਅਧਾਰਾ । ਓਸ ਹੱਥ ਦੇਵੇ ਮਦਿਰਾ ਮਾਸ ਅਹਾਰਾ । ਸਾਚਾ ਦੇਵੇ ਸ਼ਬਦ ਅਧਾਰਾ । ਰੋਗ ਦੁਖ ਤਨ ਨਿਵਾਰਾ । ਪਵਣ ਜੋਤ ਇਕ ਹੁਲਾਰਾ । ਆਪ ਗਵਾਏ ਖੁਆਇਆ ਪਾਰਾ । ਹੱਡ ਹੱਡ ਆਪ ਛੁਡਾਏ ਦੁਖ ਲੱਗਾ ਭਾਰਾ । ਕੱਢ ਕੱਢ ਪ੍ਰਭ ਆਪ ਦਿਖਾਏ ਸੋਹੰ ਜਨ ਰਸਨ ਉਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਨਿਹਕਲੰਕ ਨਰਾਇਣ ਨਰ ਅਵਤਾਰਾ । ਸੋਹੰ ਸਾਚੀ ਬੀਨ ਆਪ ਤੜਫਾਏ । ਰਸੂਲ ਗੁਲਾਮ ਦੀਨ ਮੁਹੰਮਦ ਪ੍ਰਭ ਸਾਚਾ ਸ਼ਬਦ ਅਗਨ ਜਲਾਏ । ਤੜਫਨ ਜਿਉਂ ਜਲ ਮੀਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੂਤ ਪ੍ਰੇਤ ਦੇਵ ਪਰੀ ਮਵਕਲ ਦਰ ਦਹਿਲੀਜੋ ਪਾਰ ਕਰਾਏ । ਨਾਮ ਨਿਰਬਾਣ ਆਪ ਲਗਾਏ । ਸੋਹੰ ਬਾਣ ਸ਼ਬਦ ਚਲਾਏ । ਗੁਣਵੰਤ ਗੁਣ ਨਿਧਾਨ ਦਇਆ ਕਮਾਏ । ਸੋਹੰ ਬਾਣ ਆਪ ਚਲਾਏ । ਮਸਾਣ ਪਵਣ ਘਰ ਰਹਿਣ ਨਾ ਪਾਏ । ਜਮ ਕਾ ਡਰ ਨੇੜ ਨਾ ਆਏ । ਕਾਲਕਾ ਮਾਤ ਦੇ ਦੁਹਾਏ । ਸੋਹੰ ਖੰਡਾ ਪ੍ਰਭ ਸੀਸ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰਵਾਜਿਉਂ ਬਾਹਰ ਕਢਾਏ । ਦਰ ਦਵਾਰਾ ਜਾਣ ਛੱਡ । ਜੀਆਂ ਜੰਤਾਂ ਸੁਖਾਲੇ ਹੱਡ । ਸ਼ਬਦ ਸਰੂਪੀ ਪ੍ਰਭ ਸਾਚਾ ਦੇਵੇ ਕੱਢ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਆਪੇ ਜਾਇਣ ਛੱਡ । ਸੋਹੰ ਸ਼ਬਦ ਤੇਰੀ ਧੁਨਕਾਰਾ । ਭੂਤ ਪ੍ਰੇਤ ਪਸ਼ੂ ਚੱਕਰ ਸੁਣ ਕਰਨ ਪੁਕਾਰਾ । ਮਰੂ ਦੇਵਾ ਨਾ ਪਾਵੇ ਸਾਰਾ । ਕਾਲ ਬਾਲ ਮਿਟਾਵੇ ਕਰ ਖੁਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸ਼ਬਦ ਅਧਾਰਾ । ਇੰਦਰ ਜਾਲ ਪਾਈ ਮਾਇਆ । ਕੀਆ ਬੇਹਾਲ ਛਤਰ ਛਾਇਆ । ਪ੍ਰਭ ਹੋਇਆ ਦਿਆਲ ਕਰਮ ਕਮਾਇਆ । ਭਗਤ ਰੱਛਕ ਵਛਲ ਆਪ ਕਿਰਪਾਲ ਚਾਰ ਦਵਾਰ ਸਰਬ ਘਰ ਬਾਹਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਧਿਆਇਆ । ਦਰ ਆਏ ਹਰਿ ਪਾਇਆ । ਜਿਸ ਸਾਚਾ ਘਰ ਵਸਾਇਆ । ਜਿਸ ਆਤਮ ਡਰ ਚੁਕਾਇਆ । ਅੰਮ੍ਰਿਤ ਆਤਮ ਸਿੰਚ ਸਾਚਾ ਦਰ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬੰਨ੍ਹ ਵਖਾਇਆ । ਆਤਮ ਬੰਨ੍ਹੇ ਧੀਰ ਧਰਾਏ । ਅੰਮ੍ਰਿਤ ਸਾਚਾ ਸੀਰ ਮੁਖ ਚੁਆਏ । ਨੀਰੋ ਨੀਰ ਨੀਰ ਆਪ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚੀ ਅਕਸੀਰ ਆਪ ਬਣਾਏ । ਸੋਹੰ ਨਾਮ ਰਸਨਾ ਪੀ । ਨਿਰਮਲ ਕਰਾਓ ਆਪਣਾ ਜੀਅ । ਸਾਚਾ ਬੀਜ ਗੁਰਮੁਖ ਬੀਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਪ ਰਖਾਈ ਧੀਰਜ ਧੀਰ । ਆਪੇ ਦੇਵੇ ਧੀਰਨ ਧੀਰਾ । ਆਪ ਛੁਡਾਏ ਮਾਰੇ ਕੀੜਾ । ਆਤਮ ਬੱਧੀ ਕੱਢੀ ਪੀੜਾ । ਸਾਚੀ ਬਿਧੀ ਸੋਹੰ ਲਾਏ ਤੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਪ ਪਿਲਾਏ ਬੰਨ੍ਹ ਵਖਾਏ ਵਹਿੰਦੇ ਵਹਿਣ ਨੀਰਾ । ਨੈਣ ਮੁਧਾਰੀ ਨੇਤਰ ਖੋਲ੍ਹ । ਨਾ ਦੀਸੇ ਵਸੇ ਕੋਲ । ਮਾਇਆ ਕੀਆ ਅੰਧ ਵਿਰੋਲ । ਕਲਜੁਗ ਜੀਆ ਹੋਇਆ ਅਨਭੋਲ । ਆਪਣਾ ਆਪ ਗਵਾਇਆ ਮੂਲ । ਪ੍ਰਭ ਅਬਿਨਾਸ਼ੀ ਗਿਆ ਭੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੂਲ੍ਹੋ ਦੂਲ । ਆਤਮ ਵੇਖ ਨੇਤਰ ਪੇਖ । ਪ੍ਰਭ ਭੇਖ ਰੰਗ ਵਸੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਏ ਆਤਮ ਮੇਖ । ਆਤਮ

ਮੇਖ ਆਪ ਲਗਾਏ । ਜਿਸ ਜਨ ਪ੍ਰਭ ਸਾਚਾ ਦਇਆ ਕਮਾਏ । ਤੀਜੇ ਲੋਇਣ ਰਹੇ ਰੁਸ਼ਨਾਏ । ਹਰਨ ਫਰਨ ਪ੍ਰਭ ਆਪ ਖੋਲ੍ਹ ਵਖਾਏ । ਹਰਨ ਫਰਨ ਫਰਨ ਹਰਨ ਤੀਨ ਭਵਨ ਦੀ ਬੂਝ ਬੁਝਾਏ । ਅਵਣ ਗਵਣ ਕੋਈ ਦੀਸੇ ਨਾਹੀ, ਅੰਮ੍ਰਿਤ ਮੇਘ ਬਰਸੇ ਸਵਣ ਆਤਮ ਰਹੇ ਤ੍ਰਿਪਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੇਵੇ ਸਵਾਸ ਪਵਣ ਏਕਾ ਰਾਹ ਬਤਾਏ । ਏਕਾ ਰਾਹ ਜਗਤ ਨਿਆਰਾ । ਜੋਤ ਸਰੂਪੀ ਦਿਸੇ ਗਿਰਧਾਰਾ । ਨਾ ਕੋਈ ਦੀਸੇ ਮਹਿਲ ਮੁਨਾਰਾ । ਬਿਨ ਬਾਤੀ ਬਿਨ ਤੇਲ ਦੀਪਕ ਜੋਤ ਉਜਿਆਰਾ । ਅਚਰਜ ਪਾਰਬ੍ਰਹਮ ਦਾ ਖੇਲ, ਕਲਜੁਗ ਜੀਵ ਨਾ ਭੁਲ ਗਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰਸ ਦਾਨ ਦਰ ਮੰਗ ਦੇਵੇ ਆਪ ਗਿਰਧਾਰਾ । ਦਰਸ ਦਾਨ ਪ੍ਰਭ ਦਰ ਮੰਗੋ । ਆਤਮ ਨਾਮ ਸਾਚਾ ਰੰਗੋ । ਕਰ ਬੇਨੰਤੀ ਮੂਲ ਨਾ ਸੰਗੋ । ਆਤਮ ਧਿਆਨ ਸਾਚੀ ਗੰਗੋ । ਸੁਣਿਆ ਨਾਮ ਰੋਗ ਗਵਾਓ ਅੰਗੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਅੰਗ ਸੰਗੋ । ਅੰਗ ਸੰਗ ਹੋਏ ਸਹਾਈ ਆਤਮ ਦੇਵੇ ਜੋਤ ਰੁਸ਼ਨਾਈ । ਲੋਚਨ ਤੀਜਾ ਦੇ ਖੁਲ੍ਹਾਈ । ਬਹਿਣ ਸੋਇਣ ਜੀਵ ਭੁਲ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਵਨ ਆਹਾਰ ਇਕ ਰਘੁਰਾਈ । ਸਚ ਪਰੀਖਿਆ ਸਚ ਸਿਖਾਈ । ਸਚ ਦੀ ਭੀਖਿਆ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਰ ਦਵਾਰੇ ਆਏ ਨੇਤਰ ਪੇਖਿਆ । ਸਾਚਾ ਪ੍ਰਭ ਦੇਵੇ ਭੰਡਾਰਾ । ਅੰਮ੍ਰਿਤ ਦੇਵੇ ਸਾਚੀ ਧਾਰਾ । ਸਰਬ ਮੁਖ ਚੁਆਏ ਪਾਵੇ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਨਾਮ ਅਧਾਰਾ । ਦੁਖ ਰੋਗ ਆਪ ਤਜਾਓ । ਮਾਰਗ ਸਿਧ ਸਚ ਘਰ ਆਤਮ ਨਾਉਂ, ਸੋਹੰ ਸਾਚਾ ਰਸਨਾ ਗਾਓ । ਪ੍ਰਭ ਮਿਲਣ ਦੀ ਸਾਚੀ ਬਿਧ, ਸਵਾਸ ਸਵਾਸ ਪ੍ਰਭ ਸਾਚਾ ਧਿਆਓ । ਆਪੇ ਦੇਵੇ ਆਤਮ ਵਿਧ, ਆਪ ਬਹਾਏ ਥਾਉਂ ਥਾਉਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਅਗੰਮ ਅਥਾਹੋ । ਅਗੰਮ ਅਥਾਹ ਵਡ ਬੇਪਰਵਾਹ । ਆਪ ਦਿਖਾਏ ਸਾਚ ਰਾਹ । ਫੜ ਫੜ ਚਲਾਏ ਬਾਂਹ । ਭੁੱਲਣਾ ਗੁਰਸਿਖ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਤਿ ਰਖਾਏ ਦੂਸਰ ਕੋਈ ਨਾ । ਤਨ ਬਿਮਾਰੀ ਸਦ ਖੁਆਰੀ । ਆਵੇ ਜਾਵੇ ਵਾਰੋ ਵਾਰੀ । ਦਿਵਸ ਰੈਣ ਰਹੇ ਮਤ ਮਾਰੀ । ਆਤਮ ਚਿੰਤਾ ਲੱਗੀ ਭਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਆਪੇ ਕਰੇ ਆਪਣੀ ਕਾਰੀ । ਦੁਖ ਰੋਗ ਆਪ ਮਿਟਾਏ । ਸਾਚਾ ਪ੍ਰਭ ਦਇਆ ਕਮਾਏ । ਜੀਵ ਜੰਤ ਇਕ ਰੰਗ ਸਮਾਏ । ਬਣਾਈ ਬਣਤ ਵੇਖ ਵਖਾਏ । ਨਾਮ ਜਪਤ ਮਨ ਕਾ ਮਣਕਾ ਫੇਰ ਵਖਾਏ । ਆਪੇ ਮਿਲਿਆ ਸਾਚਾ ਕੰਤ, ਸੋਗ ਰੋਗ ਦਰਦ ਦੁਖ ਆਪ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸਾਚਾ ਸੁਖ ਉਪਜਾਏ । ਧਨ ਮਾਲ ਸਚ ਖਜੀਨਾ । ਆਪੇ ਦੇਵੇ ਪ੍ਰਭ ਨਾਮ ਪਰਬੀਨਾ । ਆਪੇ ਹੋਏ ਦਾਨਾ ਬੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਸ ਉਧਾਰੇ ਜਿਸ ਜਨ ਰਸਨਾ ਚੀਨਾ । ਰਸਨਾ ਗਾਵਣਾ ਦੁਖ ਮਿਟਾਵਣਾ । ਸੁਖ ਉਪਜਾਵਣਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧਿਆਨ ਰਖਾਵਣਾ । ਜੋਤ ਸਰੂਪੀ ਭੁਲ ਨਾ ਜਾਵਣਾ । ਸਾਚਾ ਦਾਨ ਮੰਗ ਨਾ ਫਿਰ ਪਛਤਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਅੰਗ ਸੰਗ, ਆਪ ਵਸਾਏ ਸਾਚਾ ਘਰ ਚਾੜ੍ਹੇ ਸਾਚਾ ਰੰਗ, ਗੁਰਸਿਖ ਭੁਲ ਨਾ ਜਾਵਣਾ ।



੨੮੮ ੦੨

## * ੪ ਕੱਤਕ ੨੦੦੯ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ *

ਰਾਮ ਦਾਸ ਤੇਰਾ ਸਾਚਾ ਘਰ । ਸਰ ਅੰਮ੍ਰਿਤ ਦਰ ਦਰ ਘਰ ਘਰ ਆਵੇ ਡਰ । ਘਰ ਘਰ ਦਰ ਦਰ ਫਿਰਨ ਨਾਰੀ ਨਰ । ਪਸੂ ਪ੍ਰੇਤ ਹੋਏ ਮਾਨਸ ਜਨਮ ਗਏ ਹਰ । ਅੰਤਮ ਅੰਤਕਾਲ ਆ ਗਿਆ, ਆਪਣਾ ਕੀਆ ਲੈਣ ਭਰ । ਪ੍ਰਭ ਜੋਤ ਸਰੂਪੀ ਜੋਤ ਪਰਗਟਾ ਲਿਆ, ਬੇਮੁਖਾਂ ਬੰਦ ਕਰਾਏ ਆਤਮ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਜੋਤ ਜਗਾਈ ਅਵਤਾਰ ਨਰ । ਅਵਤਾਰ ਨਰ ਜੋਤ ਜਗਾਏ । ਅਚਰਜ ਖੇਲ ਆਪ ਰਚਾਏ । ਗੁਰਮੁਖਾਂ ਆਪ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਧਰ ਬੇਮੁਖਾਂ ਦੇ ਸਜਾਏ । ਸਰ ਅੰਮ੍ਰਿਤ ਤੇਰਾ ਸਾਚਾ ਸੀਰ । ਬੇਮੁਖਾ ਕਰੇ ਦਰ ਖੁਆਰ । ਦਰ ਦੁਰਕਾਵੇ ਮਦਿਰਾ ਮਾਸ ਜੋ ਜਨ ਰਸਨਾ ਕਰਨ ਆਹਾਰ । ਕਲਜੁਗ ਜੀਵ ਹੋਏ ਦੁਸ਼ਟ ਦੁਰਾਚਾਰ । ਆਤਮ ਹੋਈ ਅੰਧ ਅੰਧੇਰ ਝੂਠੀ ਕਾਇਆ ਸਰਬ ਸੰਸਾਰ । ਸਾਚੇ ਘਰ ਸਾਚੇ ਦਰ ਧੀਆ ਭੈਣਾਂ ਕਰਨ ਵਪਾਰ । ਪਰਗਟ ਜੋਤ ਕਲੰਕਨਿਹ ਕਰੇ ਸਰਬ ਖੁਆਰ । ਆਪੇ ਧਰੇ ਸ਼ਬਦ ਕਟਾਰੀ । ਆਪੇ ਕਰੇ ਦਰ ਭਿਖਾਰੀ । ਉਠ ਉਠ ਭੱਜਣ ਵਾਰੋ ਵਾਰੀ । ਏਕਾ ਦਿਸੇ ਪਾਸਾ ਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਘਰ ਪਾਏ ਹਾਹਾਕਾਰੀ । ਹਾਹਾਕਾਰ ਆਪ ਕਰਾਏ । ਦਰ ਦਰਬਾਰੀ ਆਪ ਅਖਵਾਏ । ਸੋਹੰ ਸ਼ਬਦ ਸਾਚਾ ਧਰ ਗੁਰਮੁਖਾਂ ਆਪ ਜਗਾਏ । ਆਪ ਹੋਏ ਅਸੁਰ ਸੰਘਾਰ, ਸੋਹੰ ਖੰਡਾ ਹੱਥ ਉਠਾਏ । ਆਪਣਾ ਕੀਆ ਲੈਣ ਭਰ, ਪ੍ਰਭ ਅਬਿਨਾਸ਼ੀ ਗਏ ਭੁਲਾਏ । ਦਰ ਦਰ ਘਰ ਘਰ ਆਵੇ ਡਰ, ਕਲਜੁਗ ਜੀਵ ਫਿਰਨ ਜਿਉਂ ਸੁੰਞੇ ਘਰ ਕਾਂਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਦਰਗਹਿ ਸਾਚੀ ਨਾ ਦੇਵੇ ਥਾਏ । ਸਾਚੀ ਦਰਗਹਿ ਧੁਰ ਦਰਗਹਿ । ਏਕ ਬੈਠਾ ਬੇਪਰਵਾਹ । ਦੂਸਰ ਕੋਇ ਦੀਸੇ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਜੋਤ ਸਰੂਪ ਵਡ ਦਾਤਾ ਅਗੰਮ ਅਥਾਹ । ਆਪੇ ਹੋਏ ਜਗਤ ਬਿਲੋਏ । ਆਪੇ ਹੋਏ ਜਗਤ ਰਸੋਏ । ਆਪੇ ਹੋਏ ਏਕਾ ਦੂਆ ਦੂਆ ਏਕਾ ਨਾ ਜਾਣੇ ਕੋਇ । ਆਪੇ ਹੋਏ ਗੁਰਮੁਖਾਂ ਮੈਲ ਪਾਪਾਂ ਧੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਕੜ ਉਠਾਏ ਸੋਏ । ਗੁਰਸਿਖ ਉਠਾਇਆ ਸੋਹੰ ਆਤਮ ਲਾਈ ਜਾਗ । ਗੁਰਸਿਖ ਉਠਾਇਆ ਆਤਮ ਤ੍ਰਿਖਾ ਬੁਝਾਈ ਆਗ । ਗੁਰਸਿਖ ਉਠਾਇਆ ਦਰਸ ਦਿਖਾਇਆ ਚਰਨ ਲਗਾਇਆ ਸੋਹੰ ਸੁਣਾਇਆ ਸਾਚਾ ਰਾਗ । ਗੁਰਸਿਖ ਉਠਾਇਆ ਅੰਮ੍ਰਿਤ ਸਾਚਾ ਜਾਮ ਪਿਲਾਇਆ ਆਤਮ ਧੋਇਆ ਝੂਠਾ ਦਾਗ । ਗੁਰਸਿਖ ਉਠਾਇਆ ਭਰਮ ਚੁਕਾਇਆ ਜਨਮ ਦਵਾਇਆ ਮਾਤ ਬਣਾਇਆ ਹੰਸ ਕਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਚਰਨੀਂ ਗਏ ਲਾਗ । ਚਰਨ ਲਗਾਏ ਕਿਰਪਾ ਕਰ । ਦਰਸ ਦਿਖਾਏ ਜੋਤ ਧਰ । ਤਰਸ ਕਮਾਏ ਆਪੇ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪੇ ਆਏ ਤੇਰੇ ਦਰ । ਦਰ ਦਵਾਰ ਬੈਠਾ ਮਲ । ਧਰੇ ਜੋਤ ਨਾ ਲਾਵੇ ਪਲ । ਪ੍ਰਭ ਅਬਿਨਾਸ਼ੀ ਨਾ ਵੇਖੇ ਅੱਜ ਕੱਲ । ਪ੍ਰਭ ਕਾ ਭਾਣਾ ਸਦਾ ਸਦਾ ਅਟੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦਾ ਸਦਾ ਬਲ ਬਲ । ਸਦਾ ਸਦਾ ਬਲਿਹਾਰ । ਪ੍ਰਭ ਸਾਚਾ ਸਚ ਵਰਤਾਰ । ਗੁਰਮੁਖ ਸਾਚੇ ਜਾਏ ਤਾਰ । ਰੁੜ੍ਹਦਾ ਬੇੜਾ ਲਾਵੇ ਪਾਰ । ਨਾ ਡੁੱਬੇ ਵਿਚ ਮੰਝਧਾਰ । ਭੁਗਤ ਜੁਗਤ ਮੁਕਤ ਜੁਗਤ ਆਪੇ ਦੇਵੇ ਸ਼ਬਦ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਾਵੇ ਸਰਬ ਸਾਰ । ਪਾਵੇ ਸਾਰ ਕਰੇ

ਵਿਹਾਰਾ । ਦੇਵੇ ਸ਼ਬਦ ਅਧਾਰਾ ਸਾਚੀ ਧੁਨਕਾਰਾ । ਖੁਲ੍ਹੇ ਸੁੰਨ ਚੱਲੇ ਸਚ ਫੁਹਾਰਾ । ਗੁਰਮੁਖ ਵਿਰਲੇ ਚੁਣ ਦੇਵੇ ਦਰਸ ਪ੍ਰਭ ਗਿਰਧਾਰਾ । ਪ੍ਰਭ ਅਬਿਨਾਸ਼ੀ ਸਾਚੇ ਗੁਣ, ਜੀਵ ਜੰਤ ਨਾ ਕਿਸੇ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਪਾਰਬ੍ਰਹਮ ਕਰੇ ਆਪ ਕਰਤਾਰਾ । ਅਚਰਜ ਖੇਲ ਕੀਆ ਕਰਤਾਰ । ਕਿਆ ਕੋਈ ਕਰੇ ਜਗਤ ਵਿਚਾਰ । ਏਕਾ ਸ਼ਬਦ ਸਾਚੀ ਧਾਰ । ਸ੍ਰਿਸ਼ਟ ਸਬਾਈ ਕਰੇ ਦੋ ਫਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਨ ਜੋਤ ਜੋਤ ਅਗਨ ਵਿਚ ਦੇਵੇ ਸਾੜ । ਵਡ ਭੰਡਾਰੀ ਸਤਿਗੁਰ ਏਕ । ਵਡ ਸੰਸਾਰੀ ਸਤਿਗੁਰ ਏਕ । ਵਡ ਸਿਕਦਾਰੀ ਸਤਿਗੁਰ ਏਕ । ਏਕਾ ਜੋਤ ਜੋਤ ਨਿਰੰਕਾਰੀ ਸਤਿਗੁਰ ਏਕ । ਏਕਾ ਸ੍ਰਿਸ਼ਟ ਉਧਾਰੀ ਸਤਿਗੁਰ ਏਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਰਖਾਏ ਸੋਹੰ ਸਾਚੀ ਏਕਾ ਟੇਕ । ਚਾਰ ਵਰਨ ਏਕਾ ਟੇਕ । ਚਾਰ ਵਰਨ ਕਰੇ ਬੁੱਧ ਬਿਬੇਕ । ਕਲਜੁਗ ਮਾਇਆ ਆਪ ਮਿਟਾਏ ਗੁਰਮੁਖਾਂ ਤਨ ਨਾ ਲਾਗੇ ਸੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਬਿਰਦ ਸਮਾਲੇ ਆਪੇ ਆਪ ਏਕ । ਗੁਰਸਿਖ ਤੇਰੀ ਰੱਖੀ ਲਾਜ । ਆਪ ਸਵਾਰੇ ਤੇਰੇ ਕਾਜ । ਸੋਹੰ ਦੇਵੇ ਪ੍ਰਭ ਆਤਮ ਸਾਚਾ ਦਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰਾ ਸਾਜਨ ਸਾਜ । ਸਾਜਨ ਸਾਜ ਗਰੀਬ ਨਿਵਾਜਾ । ਆਤਮ ਧੁਨ ਲਗਾਏ ਸੋਹੰ ਅਵਾਜਾ । ਗੁਰਸਿਖ ਜਗਾਏ ਬੇਮੁਖਾਂ ਖੋਲ੍ਹੇ ਪਾਜਾ । ਸੋਹੰ ਸ਼ਬਦ ਚਾਰ ਕੁੰਟ ਜੈ ਜੈ ਜੈਕਾਰ ਕਰਾਏ ਆਪੇ ਹੋਏ ਵਡ ਰਾਜਨ ਰਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਵਾਰੇ ਆਪਣੇ ਕਾਜਾ । ਅੰਮ੍ਰਿਤ ਪੀਆ ਨਿਰਮਲ ਜੀਆ । ਆਤਮ ਜੋਤ ਜਗਾਇਆ ਦੀਆ । ਪ੍ਰਭ ਸਾਚੇ ਕੀਆ ਸਾਚਾ ਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਲਾਜ ਰਖਾਏ ਗੁਰਸਿਖ ਜੀਆ । ਅੰਮ੍ਰਿਤ ਸਰ ਸਾਚਾ ਕਰਮ ਕਮਾਇਆ । ਭਰਮ ਚੁਕਾਇਆ ਧਰਮ ਰਖਾਇਆ, ਮਾਨਸ ਜਨਮ ਸੁਫਲ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਸਿੰਚ ਤਨ ਮਨ ਹਰਾ ਕਰਾਇਆ । ਅੰਮ੍ਰਿਤ ਬਰਖੇ ਕਿਰਪਾ ਧਾਰ । ਆਪੇ ਜਾਏ ਪੈਜ ਸਵਾਰ । ਦੁਖ ਰੋਗ ਸਰਬ ਨਿਵਾਰ । ਸਾਚਾ ਸ਼ਬਦ ਦੇ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰ । ਅੰਮ੍ਰਿਤ ਦੇਵੇ ਆਤਮ ਰਸ । ਪੀ ਅੰਮ੍ਰਿਤ ਦੁਖ ਜਾਇਣ ਨੱਸ । ਚਰਨ ਪ੍ਰੀਤੀ ਉਪਜੇ ਰਸ । ਸੋਹੰ ਸ਼ਬਦ ਪ੍ਰਭ ਸਾਚਾ ਜਾਏ ਦੱਸ । ਰਸਨਾ ਜਪ ਪ੍ਰਭ ਸਾਚਾ ਹੋਏ ਵਸ । ਅੰਮ੍ਰਿਤ ਨਾਮ ਗੁਰਸਿਖ ਦਰ ਮਹਾਂ ਰਸ । ਕਲਜੁਗ ਅੰਧੇਰੀ ਰਾਤ ਬੇਮੁਖਾਂ ਆਤਮ ਜਿਉਂ ਚੰਦ ਮੱਸ । ਆਤਮ ਅੰਧੇਰ ਨਾ ਦੀਸੇ ਸੰਞ ਸਵੇਰ । ਸ਼ਬਦ ਸਰੂਪੀ ਰੱਖੇ ਘੇਰ । ਕਲਜੁਗ ਜੀਵ ਭੁਲਾਏ ਕਰ ਕਰ ਹੇਰ ਫੇਰ । ਗੁਰਮੁਖ ਸਾਚੇ ਆਪ ਤਰਾਏ ਨਾ ਲਾਏ ਦੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮੁਕਾਏ ਮੇਰ ਤੇਰ । ਤੇਰਾ ਮੇਰਾ ਜੀਵ ਕਿਆ ਜਾਣੇ । ਆਪਣਾ ਆਪ ਨਾ ਮੂਲ ਪਛਾਣੇ । ਪ੍ਰਭ ਅਬਿਨਾਸ਼ੀ ਨਾ ਜੀਵ ਜਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਚਲਾਏ ਆਪਣੇ ਭਾਣੇ । ਸਾਚਾ ਭਾਣਾ ਵਕ਼ਤ ਵਿਹਾਣਾ । ਜੋਤ ਸਰੂਪੀ ਪਹਰਿਆ ਬਾਣਾ । ਨਾ ਕੋਈ ਜਾਣੇ ਰਾਜਾ ਰਾਣਾ । ਸਾਧ ਸੰਤ ਨਾ ਕਿਸੇ ਪਛਾਣਾ । ਆਦਿ ਅੰਤ ਏਕਾ ਰੰਗ ਸਮਾਣਾ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਆਤਮ ਦਰ ਸਾਚੇ ਘਰ, ਜੋਤ ਸਰੂਪੀ ਕੀਆ ਇਕ ਟਿਕਾਣਾ । ਆਤਮ ਦਰ ਆਪ ਖੁਲ੍ਹਾਇਆ । ਸਾਚਾ ਹਰਿ ਹਰਿਮੰਦਰ ਆਇਆ । ਤਨ ਮੰਦਰ ਸਚ ਵਸਾਇਆ । ਆਪ ਤੁੜਾਇਆ ਸਾਚਾ ਜੰਦਰ, ਸੋਹੰ ਚਾਬੀ ਆਪ ਲਗਾਇਆ । ਕਲਜੁਗ

ਜੀਵ ਫਿਰਾਏ ਦਰ ਦਰ ਜਿਉਂ ਬੰਦਰ, ਪ੍ਰਭ ਅਬਿਨਾਸ਼ੀ ਨਜ਼ਰ ਨਾ ਆਇਆ । ਗੁਰਮੁਖ ਸਾਚੇ ਬਾਂਹੋ ਪਕੜ ਉਠਾਏ ਕਲਜੁਗ ਅੰਧੇਰੀ ਰਾਤ ਕੰਦਰ, ਜੋਤ ਸਰੂਪੀ ਦੀਪਕ ਆਪ ਜਗਾਇਆ । ਪ੍ਰਭ ਕਾ ਖੇਲ ਸਦਾ ਛਿਨ ਭੰਗਰ, ਆਵੇ ਜਾਵੇ ਜਗਤ ਰਹਾਵੇ ਭਗਤ ਤਰਾਵੇ ਆਪ ਆਪਣੇ ਰੰਗ ਸਮਾਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ । ਗੁਰ ਗੋਬਿੰਦ ਏਕਾ ਕਾਰਾ । ਗੁਰ ਗੋਬਿੰਦ ਇਕ ਵਿਹਾਰਾ । ਗੁਰ ਗੋਬਿੰਦ ਭਗਤ ਉਧਾਰਾ । ਗੁਰ ਗੋਬਿੰਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਕਰ ਵਰਤਾਰਾ । ਗੁਰ ਗੋਬਿੰਦ ਏਕਾ ਰੀਤ । ਗੁਰ ਗੋਬਿੰਦ ਸਾਚਾ ਮੀਤ । ਗੁਰ ਗੋਬਿੰਦ ਪਤਤ ਪੁਨੀਤ । ਗੁਰ ਗੋਬਿੰਦ ਕਰ ਦਰਸ ਗੁਰਸਿਖ ਸਾਚੇ ਮਾਨਸ ਜਨਮ ਜਾਏ ਜਗ ਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪਰਖੇ ਆਪੇ ਨੀਤ । ਗੁਰਸਿਖਾਂ ਆਪ ਪਛਾਣ ਦਾ । ਹਰਿ ਵਾਲੀ ਦੋ ਜਹਾਨ ਦਾ । ਦੇਵੇ ਵਡਿਆਈ ਹੋਏ ਸਹਾਈ, ਪਤਿ ਲਾਜ ਰਖਾਈ, ਜਿਸ ਸਾਚਾ ਨਾਉਂ ਵਖਾਣ ਦਾ । ਗੁਰਸਿਖਾਂ ਘਰ ਵਧਾਈ, ਘਰ ਘਰ ਦਰ ਦਰ ਪਏ ਦੁਹਾਈ, ਰੰਗ ਗੁਰਸਿਖ ਸਾਚਾ ਮਾਣਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਅਨੂਪ ਰੰਗ ਸੱਚੇ ਭਗਵਾਨ ਦਾ । ਸਾਚਾ ਰੰਗ ਜੋਤ ਮਹਾਨਾ । ਗੁਰਮੁਖਾਂ ਕੱਟ ਭੁੱਖ ਨੰਗ ਸਚ ਤਖ਼ਤ ਬਹਾਣਾ । ਆਤਮ ਚਾੜ੍ਹ ਮਜੀਠੀ ਰੰਗ, ਜੋਤ ਸਰੂਪੀ ਮੇਲ ਮਿਲਾਣਾ । ਹਉਮੇ ਮਮਤਾ ਆਤਮ ਢਾਹਿ ਕੰਧ, ਸੋਹੰ ਸ਼ਬਦ ਪ੍ਰਭ ਆਪ ਚਲਾਣਾ । ਰਸਨਾ ਗਾਏ ਜੋ ਜਨ ਵਿਚ ਬੱਤੀ ਦੰਦ, ਮਾਤਾ ਸੀਰ ਪ੍ਰਭ ਆਪ ਬਖਸ਼ਾਣਾ । ਮਦਿਰਾ ਮਾਸ ਜੋ ਜਨ ਰਸਨਾ ਲਾਇਣ ਗੰਦ, ਲਾੜੀ ਮੌਤ ਪ੍ਰਭ ਬੰਨ੍ਹਾਇਆ ਹੱਥ ਗਾਨਾ । ਆਪੇ ਕਰੇ ਕਲਜੁਗ ਨਾਸ, ਸੋਹੰ ਖੰਡਾ ਪ੍ਰਭ ਆਪ ਉਠਾਣਾ । ਗੁਰਸਿਖਾਂ ਚਰਨ ਦਾਸ ਕਰ, ਜੋਤ ਸਰੂਪੀ ਵਿਚ ਚਰਨ ਬਹਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਨਾ ਭੁਲ ਨਿਧਾਨਾ । ਕਲਜੁਗ ਜੀਵ ਮੂਲ ਨਾ ਭੁੱਲ, ਅਮੁਲੜਾ ਲਾਲ ਮੂਲ ਨਾ ਰੁਲ, ਏਕਾ ਅਤੁੱਲ ਅਭੁੱਲ ਆਪ ਅਡੁੱਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਗੁਰਸਿਖਾਂ ਪ੍ਰਭ ਮਾਣ ਦਵਾਏ । ਗੁਰਸਿਖਾਂ ਪ੍ਰਭ ਆਣ ਤਰਾਏ । ਗੁਰਸਿਖਾਂ ਪ੍ਰਭ ਤ੍ਰਿਖਾ ਮਿਟਾਏ । ਗੁਰਸਿਖਾਂ ਪ੍ਰਭ ਅਤਮ ਦਿਸ਼ਾ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਜਗਾਏ । ਗੁਰਸਿਖਾਂ ਪ੍ਰਭ ਆਪ ਜਗਾਇਆ । ਗੁਰਸਿਖਾਂ ਪ੍ਰਭ ਆਪ ਉਠਾਇਆ । ਗੁਰਸਿਖਾਂ ਪ੍ਰਭ ਗੁਰ ਸੰਗਤ ਬਣਾਇਆ । ਗੁਰਸਿਖਾਂ ਪ੍ਰਭ ਅੰਗ ਅੰਗ ਸੰਗ ਸੰਗ ਆਪ ਸਮਾਇਆ । ਗੁਰਸਿਖਾਂ ਆਤਮ ਨਾਮ ਰੰਗ ਇਕ ਚੜ੍ਹਾਇਆ । ਬੇਮੁਖਾਂ ਪ੍ਰਭ ਨੰਗ ਕਰਾਇਆ । ਮਾਨਸ ਜਨਮ ਭੰਗ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇ ਗੁਰਸਿਖਾਂ ਵਡਿਆਇਆ । ਗੁਰਸਿਖਾਂ ਪ੍ਰਭ ਤਾਰਨਹਾਰਾ । ਗੁਰਸਿਖਾਂ ਦੇਵੇ ਸ਼ਬਦ ਅਧਾਰਾ । ਗੁਰਸਿਖਾਂ ਕਰੇ ਜੋਤ ਅਕਾਰਾ । ਗੁਰਸਿਖਾਂ ਵਿਚ ਪ੍ਰਭ ਸਦ ਪਸਾਰਾ । ਗੁਰਸਿਖਾਂ ਏਕਾ ਏਕ ਅਕਾਰਾ । ਗੁਰਸਿਖਾਂ ਦੇਵੇ ਜੋਤ ਸਰੂਪੀ ਪਵਣ ਸ਼ਬਦ ਹੁਲਾਰਾ । ਗੁਰਸਿਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਸਦ ਖੜਾ ਰਹੇ ਆਤਮ ਦਰ ਦਵਾਰਾ । ਆਤਮ ਦਰ ਸਚ ਦਰਵਾਜਾ । ਆਪ ਖੁਲ੍ਹਾਵੇ ਗਰੀਬ ਨਿਵਾਜਾ । ਗੁਰਮੁਖ ਸਾਚੇ ਜਿਸ ਤੇਰਾ ਸਾਜਨ ਸਾਜਾ । ਏਕਾ ਧੁਨ ਉਪਜਾਏ, ਸੋਹੰ ਵਜਾਏ ਸਾਚਾ ਵਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਆਪ ਸਵਾਰੇ ਗੁਰਸਿਖ ਕਾਜਾ । ਗੁਰਸਿਖ ਤੇਰਾ ਆਤਮ ਧਿਆਨ । ਪੂਰਨ ਬ੍ਰਹਮ ਪ੍ਰਭ ਕਰੇ ਪਛਾਣ । ਜੀਵ ਜੰਤਾਂ ਪ੍ਰਭ ਜਾਣੀ ਜਾਣ । ਸਾਧਨ ਸੰਤਾਂ ਇਕ ਰੰਗ ਸਮਾਣ । ਆਦਿਨ ਅੰਤ


੨੯੧ ੦੨

ਜੋਤ ਮਹਾਨ । ਗੁਰਸਿਖਾਂ ਮਿਲਿਆ ਪ੍ਰਭ ਸਾਚਾ ਕੰਤਾ, ਦੇਵੇ ਜੋਤ ਕੋਟਨ ਭਾਨ । ਆਪ ਬਣਾਏ ਗੁਰਮੁਖ ਤੇਰੀ ਬਣਤਾ, ਚਰਨ ਧੂੜ ਦੇਵੇ ਸਾਚਾ ਇਸ਼ਨਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਸੋਹੰ ਦੇਵੇ ਦਾਨ । ਗੁਰਸਿਖ ਤੇਰੀ ਗਤ ਮਿਤ ਜਾਣੇ । ਗੁਰਮੁਖ ਸਾਚੇ ਆਪ ਪਛਾਣੇ । ਆਪਣੇ ਰੰਗ ਸਦ ਸਮਾਣੇ । ਜੀਵ ਜੰਤ ਨਾ ਕੋਈ ਜਾਣੇ । ਮਾਤ ਜੋਤ ਧਰੇ ਭਗਵਾਨੇ । ਇਕ ਕਰਾਏ ਗੋਤ ਚਾਰ ਵਰਨ ਚਰਨ ਬਹਾਣੇ । ਬੇਮੁਖਾਂ ਆਤਮ ਦੁਰਮਤ ਮੈਲ ਧੋਏ, ਆਪਣੇ ਰੰਗ ਸਦ ਸਮਾਣੇ । ਆਪ ਖੁਲ੍ਹਾਏ ਸੋਏ ਸੋਤ, ਏਕਾ ਜੋਤ ਜਗੇ ਮਹਾਨੇ । ਗੁਰਮੁਖ ਸਾਚੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਖੜਾ ਰਹੇ ਸਦ ਸਰਹਾਣੇ । ਗੁਰਸਿਖ ਗੁਰਸਿਖ ਦਾ ਰਾਖਾ । ਆਪੇ ਦੇਵੇ ਆਪੇ ਲੇਵੇ ਆਪੇ ਬਣੇ ਸਾਚਾ ਸਾਖਾ । ਸੋਹੰ ਦੇਵੇ ਸਾਚਾ ਨਾਮ ਪ੍ਰਭ ਸਾਚਾ ਅਲਖਣਾ ਅਲਾਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੱਖੋਂ ਲੱਖ ਲੱਖੋਂ ਕਾਖਾ । ਲੱਖ ਕੱਖ ਆਪ ਕਰਾਏ ਸ੍ਰਿਸ਼ਟ ਭੱਖ, ਗੁਰਸਿਖ ਕੀਨੇ ਵੱਖ ਵੇਲੇ ਅੰਤ ਲੈਣੇ ਰੱਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਸਾਚਾ ਸੱਖ । ਵੇਲਾ ਅੰਤ ਆਏ ਜਗ । ਅਗਨ ਜੋਤ ਜਾਏ ਲੱਗ । ਬੇਮੁਖ ਪਕੜ ਪਛਾੜੇ ਸ਼ਾਹ ਰਗ । ਇਕ ਦਿਸਾਵੇ ਜਗਤ ਚਲਾਏ ਸਾਚਾ ਮਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਸਰਬਗ । ਵਡ ਸੂਰਬੀਰ ਆਪੇ ਬਣਿਆ । ਸ੍ਰਿਸ਼ਟ ਸਬਾਈ ਤਾਣਾ ਤਣਿਆ । ਜੀਵ ਜੰਤ ਪ੍ਰਭ ਆਪੇ ਜਣਿਆ । ਸਾਧ ਸੰਤ ਮਾਤ ਪਿਤ ਆਪੇ ਬਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਰਾਏ ਸਾਧ ਸੰਤ ਤਰਾਏ ਜੋ ਜਨ ਸਰਨਾਈ ਆਏ ਆਪ ਆਪਣਾ ਆਪੇ ਬਣਿਆ । ਸਰਨ ਆਏ ਲਾਏ ਮਸਤਕ ਚਰਨ ਧੂੜ । ਆਪ ਬਣਾਏ ਚਤੁਰ ਮੂਰਖ ਮੁਗਧ ਮੂੜ੍ਹ । ਸੋਹੰ ਸਾਚਾ ਨਾਮ ਚੜ੍ਹਾਏ ਆਤਮ ਰੰਗ ਗੂੜ੍ਹ । ਵੇਲੇ ਅੰਤ ਹੋਏ ਸਹਾਏ ਧਰਮ ਰਾਏ ਕਟਾਏ ਆਪੇ ਜੂੜ । ਬੇਮੁਖ ਜੀਵ ਸਰਬ ਖਪਾਏ, ਸੋਹੰ ਪੀੜੇ ਵੇਲੇ ਬੂੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਗੁਰਮੁਖ ਲੇਵੇ ਚਰਨ ਧੂੜ । ਚਰਨ ਧੂੜ ਮਸਤਕ ਲਾਏ । ਆਤਮ ਜੂੜ ਪ੍ਰਭ ਕਟਾਏ । ਸਾਚਾ ਨੂਰ ਦੇ ਉਪਜਾਏ । ਆਤਮ ਭਰਪੂਰ ਆਪ ਕਰਾਏ । ਸਦ ਸਦਾ ਹਾਜ਼ਰਾ ਹਜ਼ੂਰ, ਜੋਤ ਸਰੂਪੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਵਿਚ ਸਮਾਏ । ਹਾਜ਼ਰਾ ਹਜ਼ੂਰ ਆਪੇ ਹੋਏ । ਏਕਾ ਦੀਸੇ ਭੇਵ ਮਿਟਾਏ ਦੋਏ । ਸ੍ਰਿਸ਼ਟ ਸਬਾਈ ਅੰਤਕਾਲ ਪੀਸੇ, ਗੁਰਮੁਖ ਜਗਾਏ ਸੋਏ । ਗੁਰਮੁਖ ਸਾਚਾ ਵਿਰਲਾ ਦੀਸੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਬੀਜ ਸਾਚਾ ਬੋਏ । ਸੋਹੰ ਬੀਜ ਆਪ ਬਿਜਾਏ । ਗੁਰਮੁਖ ਰੀਝ ਆਪ ਕਰਾਏ । ਤਨ ਮਨ ਸੀਜ ਅੰਮ੍ਰਿਤ ਝਿਰਨਾ ਦੇ ਝਿਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਵਿਚ ਟਿਕਾਏ । ਸੋਹੰ ਬੀਜ ਆਪ ਬਿਜਾ ਕੇ । ਆਪ ਆਪਣਾ ਵਿਚ ਸਮਾ ਕੇ । ਪਵਣ ਸਰੂਪੀ ਸਵਾਸ ਚਲਾ ਕੇ । ਸਵਾਸ ਸਵਾਸ ਨਾਮ ਜਪਾ ਕੇ । ਰਾਸ ਰਾਸ ਮਾਨਸ ਜਨਮ ਰਾਸ ਕਰਾ ਕੇ । ਨਾਸ ਨਾਸ ਨਾਸ ਮਦਿਰਾ ਮਾਸੀ ਨਾਸ ਕਰਾ ਕੇ । ਓਅੰ ਸੋਹੰ ਗੁਰਸਿਖਾਂ ਸਾਚਾ ਜਾਪ ਜਪਾ ਕੇ । ਅਕਾਸ਼ ਅਕਾਸ਼ ਗੁਰਸਿਖ ਸਾਚਾ ਦੀਪ ਟਿਕਾ ਕੇ । ਭਰਵਾਸ ਭਰਵਾਸ ਜੀਵ ਆਤਮ ਅੰਧੇਰੀ ਰਾਤ, ਆਪਣਾ ਆਪ ਪ੍ਰਭ ਜਾਏ ਜਣਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤਾਰੇ ਆਪ ਆਪਣੀ ਸਰਨ ਲਗਾ ਕੇ । ਸਰਨ ਲਗਾਏ ਮਰਨ ਡਰਨ ਚੁਕਾਏ ਹਰਨ ਫਰਨ ਖੁਲ੍ਹਾਏ । ਗੁਰਮੁਖ ਸਾਚੇ ਨਾ ਦਰ ਦਰ ਫਿਰਾਏ । ਆਤਮ ਭੰਡਾਰੇ ਭਰੇ ਪ੍ਰਭ ਤ੍ਰਿਖਾ ਮਿਟਾਏ । ਆਪ ਖੁਲ੍ਹਾਏ


੨੯੨ ੦੨

ਸਾਚਾ ਸਰ, ਕਵਲ ਨਾਭ ਉਲਟਾਏ । ਝਿਰਨਾ ਝਿਰੇ ਅਪਾਰ ਅਪਰ, ਅੰਮ੍ਰਿਤ ਬੂੰਦ ਮੁਖ ਚੁਆਏ । ਆਪ ਖੁਲ੍ਹਾਏ ਸਾਚਾ ਦਰ, ਜੋਤ ਸਰੂਪੀ ਵਿਚ ਸਮਾਏ । ਗੁਰਸਿਖ ਵੇਖੇ ਆਪਣਾ ਘਰ, ਪ੍ਰਭ ਸਾਚਾ ਬੈਠਾ ਡੇਰਾ ਲਾਏ । ਆਪੇ ਲੇਵੇ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ । ਆਤਮ ਦਰ ਆਪ ਖੁਲ੍ਹਾਇਆ । ਸਾਚਾ ਘਰ ਆਪ ਵਸਾਇਆ । ਅਵਤਾਰ ਨਰ ਦਇਆ ਕਮਾਇਆ । ਕਲਜੁਗ ਮਾਇਆ ਹਰ, ਪ੍ਰਭ ਭਰਮ ਚੁਕਾਇਆ । ਕਰ ਦਰਸ ਜਾਏ ਤਰ, ਜੋ ਜਨ ਸਰਨਾਈ ਆਇਆ । ਲੱਖ ਚੁਰਾਸੀ ਨਾ ਆਵੇ ਡਰ, ਜਨਮ ਮਰਨ ਪ੍ਰਭ ਗੇੜ ਚੁਕਾਇਆ । ਹਰਿ ਕੇ ਪੌੜੇ ਗਿਆ ਚੜ੍ਹ, ਜੋਤ ਸਰੂਪੀ ਜੋਤ ਸਮਾਇਆ । ਨਿਹਕਲੰਕ ਜਿਸ ਤੇਰਾ ਫੜਿਆ ਲੜ, ਕਲਜੁਗ ਅੰਤਮ ਪਾਰ ਕਰਾਇਆ । ਕਲਜੁਗ ਜੀਵ ਜਾਇਣ ਝੜ, ਪੱਤਝੜ ਪ੍ਰਭ ਕਰਾਇਆ । ਝੂਠੇ ਵਹਿਣ ਜਾਇਣ ਹੜ੍ਹ, ਆਪਣਾ ਬੇੜਾ ਆਪ ਰੁੜ੍ਹਾਇਆ । ਅੰਤਮ ਹੋਏ ਭਾਗ ਮੜ੍ਹ, ਪ੍ਰਭ ਅਬਿਨਾਸ਼ੀ ਮਨੋਂ ਭੁਲਾਇਆ । ਆਪ ਉਖਾੜੀ ਆਪਣੀ ਜੜ੍ਹ, ਵਿਸ਼ੇ ਵਿਕਾਰਾਂ ਵਕ਼ਤ ਵਿਹਾਇਆ । ਗੁਰਸਿਖਾਂ ਪ੍ਰਭ ਅੱਗੇ ਫੜਿਆ, ਬਾਂਹੋ ਪਕੜ ਸਚਖੰਡ ਨਿਵਾਸ ਰਖਾਇਆ । ਸਚ ਗੁਰਸਿਖ ਸਾਚਾ ਲਿਆ ਵਰ, ਨਾ ਮਰੇ ਨਾ ਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਜੋ ਆਪਣੇ ਮਨ ਭਾਇਆ । ਸਚ ਧਾਮ ਗੁਰਸਿਖ ਬਹਾਏ । ਥਿਰ ਘਰ ਨਿਵਾਸ ਰਖਾਏ । ਘਨਕਪੁਰ ਵਾਸੀ ਅਚਰਜ ਖੇਲ ਵਿਚ ਮਾਤ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਸਦ ਸਮਾਏ । ਭਾਣਾ ਵਰਤਾਵਣਾ ਭਰਮ ਚੁਕਾਵਣਾ । ਸਚ ਲਿਖਾਵਣਾ ਕਲਜੁਗ ਮਿਟਾਵਣਾ । ਸਤਿਜੁਗ ਲਗਾਵਣਾ ਸੋਹੰ ਸ਼ਬਦ ਜਪਾਵਣਾ । ਚਾਰ ਕੁੰਟ ਜੈ ਜੈ ਜੈਕਾਰ ਕਰਾਵਣਾ । ਵਰਨ ਚਾਰ ਆਪਣੀ ਸਰਨ ਲਗਾਵਣਾ । ਵਰਨ ਬਰਨ ਸਰਬ ਮੇਟ ਮਿਟਾਵਣਾ । ਏਕ ਸਰਨ ਨਿਹਕਲੰਕ ਰਖਾਵਣਾ । ਏਕਾ ਅੰਕ ਸੋਹੰ ਸ਼ਬਦ ਚਲਾਵਣਾ । ਸੋਹੰ ਸਾਚਾ ਡੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਵਜਾਵਣਾ । ਸੋਹੰ ਵੱਜੇ ਸਚ ਨਗਾਰਾ । ਗੁਰਮੁਖਾਂ ਉਪਜੇ ਧੁਨ ਦਿਵਸ ਰੈਣ ਰਹੇ ਧੁਨਕਾਰਾ । ਆਪ ਰਖਾਏ ਸਿਰ ਸੋਹੰ ਆਰ । ਆਪੇ ਚੀਰੇ ਚੀਰ ਚਿਰਾਏ, ਸ੍ਰਿਸ਼ਟ ਸਬਾਈ ਕਰੇ ਦੋ ਫਾੜਾ । ਸ੍ਰਿਸ਼ਟ ਸਬਾਈ ਆਪ ਖਪਾਈ ਆਪ ਵਿਹਾਈ ਮੌਤ ਬਣਾਈ ਲਾੜੀ ਲਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਪਾਰ ਉਤਾਰੇ ਪਾਪ ਪਹਾੜਾਂ । ਪ੍ਰਭ ਸਾਚਾ ਗਰੀਬ ਨਿਵਾਜ਼ਿਆ । ਸ੍ਰਿਸ਼ਟ ਸਬਾਈ ਜਿਸ ਸਾਜਨ ਸਾਜਿਆ । ਜੋਤ ਸਰੂਪੀ ਵਡ ਰਾਜਨ ਰਾਜਿਆ । ਸਾਚੀ ਜੋਤ ਮਾਤ ਧਰ ਸਚਖੰਡ ਬਣਾਇਆ ਸਾਚਾ ਘਰ, ਜੋਤ ਸਰੂਪੀ ਪ੍ਰਭ ਬਰਾਜਿਆ । ਗੁਰਮੁਖ ਸਾਚੇ ਚਰਨ ਲਾਗ, ਪ੍ਰਭ ਰਖਾਵੇ ਤੇਰੀ ਲਾਜਿਆ । ਆਤਮ ਧੋਏ ਜੂਠ ਝੂਠ ਦਾਗ਼, ਸੋਹੰ ਸ਼ਬਦ ਵਜਾਏ ਅਨਹਦ ਵਾਜਿਆ । ਆਪ ਸੁਣਾਏ ਸਾਚਾ ਰਾਗ, ਗੁਰਮੁਖ ਸੋਇਆ ਜਾਗਿਆ । ਪ੍ਰਭ ਅਬਿਨਾਸ਼ੀ ਚਰਨੀ ਲਾਗ, ਭਰਮ ਭਾਓ ਝੂਠਾ ਭਾਗਿਆ । ਕਲਜੁਗ ਮਾਇਆ ਡੱਸਣੀ ਨਾਗ, ਸਤਿਜੁਗ ਲਾਇਆ ਪ੍ਰਭ ਪਹਿਲੀ ਮਾਘਿਆ । ਆਤਮ ਤ੍ਰਿਖਾ ਬੁਝਾਏ ਆਗ, ਗੁਰਸਿਖ ਹੰਸ ਬਣਾਏ ਕਾਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਚਲੇ ਵਿਚ ਤੇਰੀ ਆਗਿਆ । ਗੁਰਸਿਖਾਂ ਦਿਸੇ ਸਾਚੀ ਧਾਰਾ । ਹਿਰਦੇ ਵਸੇ ਆਪ ਮੁਰਾਰਾ । ਜਗਾਏ ਜੋਤ ਕੋਟ ਰਵ ਸੱਸੇ, ਆਤਮ ਮਿਟੇ ਅੰਧ ਅੰਧਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਪਿਆਰਾ । ਸਾਚੀ ਰੀਤ ਜਗਤ ਚਲਾਏ । ਚਰਨ ਪ੍ਰੀਤੀ ਆਪ ਲਿਖਾਏ । ਆਤਮ ਅਤੀਤ ਗੁਰਸਿਖ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਚਰਨ ਲਾਗ ਪਿਛਲੀ ਭੁਲ ਬਖ਼ਸ਼ਾਏ । ਸਾਚਾ ਲੇਖ ਆਪ ਲਿਖਾਵਣਾ । ਵੇਖ ਵੇਖ ਗੁਰਸਿਖ ਜਗਾਵਣਾ । ਝੂਠਾ ਭੇਖ ਸਰਬ ਮਿਟਾਵਣਾ । ਸਾਚੀ ਲਿਖ ਰੇਖ ਮਸਤਕ ਦੀਪਕ ਜੋਤ ਜਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਚ ਦੱਸੇ, ਸਾਚਾ ਮਾਰਗ ਜਗਤ ਚਲਾਵਣਾ । ਸਾਚਾ ਮਾਰਗ ਜਗਤ ਧਰਾਏ । ਸਾਰੰਗ ਧਰ ਆਪ ਅਖਵਾਏ । ਨਾਰੀ ਨਰ ਇਕ ਰਾਹ ਚਲਾਏ । ਆਤਮ ਕਾਰੀ ਕਰ ਦੂਈ ਦੁਵੈਤ ਸਰਬ ਮਿਟਾਏ । ਜਿਸ ਘਰ ਆਵੇ ਡਰ, ਭੈਣ ਭਰਾ ਨਾ ਕੋਇ ਸਹਾਏ । ਏਕਾ ਏਕ ਪ੍ਰਭ ਦੇਵੇ ਕਰ, ਭੁਲ ਭੁਲ ਰਹੇ ਵਕਤ ਵਿਹਾਏ । ਜੋਤ ਪਰਗਟਾਈ ਅਵਤਾਰ ਨਰ, ਵੇਲਾ ਗਿਆ ਹੱਥ ਨਾ ਆਏ । ਕਰ ਦਰਸ ਗੁਰਮੁਖ ਸਾਚੇ ਜਾਇਣ ਤਰ, ਸੁੱਕੇ ਡਾਲ੍ਹ ਪ੍ਰਭ ਫਲ ਲਗਾਏ । ਗੁਰਮੁਖਾਂ ਦੇਵੇ ਪ੍ਰਭ ਸਾਚਾ ਵਰ, ਸੋਹੰ ਝੋਲੀ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਵੇਖੀ ਵੇਖਾ ਆਤਮ ਲੇਖਾ ਆਪ ਚੁਕਾਏ । ਆਤਮ ਲੇਖਾ ਆਪੇ ਕਰੇ । ਬੈਠਾ ਅਡੋਲ ਸਦਾ ਨਰ ਹਰੇ । ਨਾ ਜਨਮੇ ਨਾ ਉਹ ਮਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜੁਗੋ ਜੁਗ ਵਿਚ ਮਾਤ ਦੇ ਧਰੇ । ਮਹਾਰਾਜ ਸ਼ੇਰ ਸਿੰਘ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਜੀਵ ਜੰਤ ਤਰਾਈ । ਮਹਾਰਾਜ ਸ਼ੇਰ ਸਿੰਘ ਸਾਧ ਸੰਤ ਰਿਹਾ ਸਮਾਈ । ਮਹਾਰਾਜ ਸ਼ੇਰ ਸਿੰਘ ਆਦਿ ਅੰਤ ਏਕਾ ਰੰਗ ਰਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਈ । ਨਾਉਂ ਧਰਾਇਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਕਰਮ ਕਮਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਜਨਮ ਦਵਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਰਨ ਲਗਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਭਰਮ ਚੁਕਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਧਰਮ ਰਖਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪੇ ਕਰੇ ਸਰਬ ਪਛਾਣ । ਮਹਾਰਾਜ ਸ਼ੇਰ ਸਿੰਘ ਤੇਰੀ ਵਡਿਆਈ । ਮਹਾਰਾਜ ਸ਼ੇਰ ਸਿੰਘ ਜੋਤ ਰਘੁਰਾਈ । ਮਹਾਰਾਜ ਸ਼ੇਰ ਸਿੰਘ ਆਪਣੀ ਕਲ ਕਲ ਪਰਗਟਾਈ । ਮਹਾਰਾਜ ਸ਼ੇਰ ਸਿੰਘ ਸਚ ਘਰ ਵੱਜੀ ਵਧਾਈ । ਮਹਾਰਾਜ ਸ਼ੇਰ ਸਿੰਘ ਸੁਣੇ ਗੁਣੇ ਨਾ ਵੇਖੇ ਲੁਕਾਈ । ਮਹਾਰਾਜ ਸ਼ੇਰ ਸਿੰਘ ਗੁਰਮੁਖ ਵਿਰਲੇ ਚੁਣੇ ਪੁਣੇ ਆਪਣੀ ਸਰਨ ਰਖਾਈ । ਮਹਾਰਾਜ ਸ਼ੇਰ ਸਿੰਘ ਸੋਹੰ ਸ਼ਬਦ ਉਪਜਾਏ ਧੁੰਨੇ, ਸੁਰਤ ਸ਼ਬਦ ਮੇਲ ਮਿਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿਨ ਅੰਤਾ ਜੀਵ ਜੰਤਾ ਸਰਬ ਪੁਕਾਰ ਸੁਣੇ ਆਪਣਾ ਆਪ ਰਿਹਾ ਛੁਪਾਈ । ਜੀਵ ਜੰਤਾਂ ਸੁਣੇ ਪੁਕਾਰਾ । ਆਦਿਨ ਅੰਤਾ ਸਚ ਦਾਤਾਰਾ । ਸਾਧਨ ਸੰਤਾਂ ਸਚ ਵਿਹਾਰਾ । ਸੋਹੰ ਦੇਵੇ ਨਾਮ ਅਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਭਰੇ ਸਰਬ ਭੰਡਾਰਾ । ਆਪ ਭੰਡਾਰਾ ਦੇਵੇ ਭਰ । ਆਪ ਖੁਲ੍ਹਾਵੇ ਸਾਚਾ ਦਰ । ਸਾਚਾ ਦਰ ਪ੍ਰਭ ਅਬਿਨਾਸ਼ੀ ਜਿਸ ਵਸੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਅਵਤਾਰ ਨਰ । ਨਰ ਅਵਤਾਰ ਜਾਮਾ ਧਾਰ । ਪਸਰ ਪਸਾਰ ਜਗਤ ਵਿਚਾਰ । ਕਰ ਖੁਆਰ ਚਾਰ ਦਿਵਾਰ ਸਚ ਵਿਹਾਰ ਨਾ ਕੋਇ ਪਾਏ ਸਾਰ । ਡੁੱਬਦੇ ਪੱਥਰ ਦੇਵੇ ਤਾਰ । ਗੁਰਸਿਖ ਮਨ ਬਸੰਤ ਬਹਾਰ । ਖਿੜਿਆ ਫੁੱਲ ਸੋਹੰ ਕਚਨਾਰ । ਨਾ ਜਾਏ ਰੁਲ ਹੱਥ ਫੜਿਆ ਕਰਤਾਰ । ਬੇਮੁਖ ਜੀਵ ਗਏ ਭੁੱਲ, ਫੁੱਲ ਨਾ ਲੱਗਾ ਆਤਮ ਡਾਰ । ਵਿਚ ਮਾਤ ਕਲ ਗਏ ਰੁਲ, ਅੰਤਮ ਅੰਤ ਸਰਬ ਖੁਆਰ । ਪ੍ਰਭ ਅਬਿਨਾਸ਼ੀ ਗਏ ਭੁੱਲ, ਦਰ ਦਰ ਘਰ ਘਰ ਰਹੇ ਝੱਖ ਮਾਰ । ਆਤਮ ਦੀਪਕ ਹੋਇਆ ਗੁੱਲ, ਆਤਮ ਹੋਈ ਅੰਧ ਅੰਧਿਆਰ । ਅੰਮ੍ਰਿਤ ਆਤਮ ਗਿਆ ਡੁੱਲ, ਤੜਫੇ ਜੀਵ ਨਾ

ਮਿਲੇ ਅਧਾਰ । ਪ੍ਰਭ ਅਬਿਨਾਸ਼ੀ ਚਰਨ ਆਏ ਜੀਵ ਜੋ ਭੁੱਲ, ਪ੍ਰਭ ਸਾਚਾ ਦੇਵੇ ਤਾਰ । ਸਦਾ ਅਡੁੱਲ ਅਭੁੱਲ ਆਪੇ ਆਪ ਕਰਤਾਰ । ਸਤਿਜੁਗ ਦਰ ਸਾਚਾ ਗਿਆ ਖੁੱਲ, ਗੁਰਮੁਖ ਸਾਚੇ ਪ੍ਰਭ ਸਾਚੇ ਦੇ ਭਰੇ ਭੰਡਾਰ । ਪ੍ਰਭ ਅਬਿਨਾਸ਼ੀ ਵਡ ਅਮੁੱਲ, ਗੁਰਸਿਖ ਤੇਰੀ ਰਸਨਾ ਕਰੇ ਵਣਜ ਵਪਾਰ । ਤੇਵਡ ਜੇਵਡ ਕੋਇ ਨਾ ਤੇਰੇ ਤੁਲ, ਸੋਹੰ ਰਸਨਾ ਉਚਾਰ । ਕਲਜੁਗ ਜੀਵ ਜਾਇਣ ਰੁਲ, ਸ਼ਬਦ ਸਰੂਪੀ ਮਾਰੇ ਮਾਰ । ਆਤਮ ਚਿਖਾ ਬਣਾਈ ਚੁੱਲ, ਜੋਤ ਸਰੂਪੀ ਅਗਨ ਪ੍ਰਭ ਦੇਵੇ ਡਾਰ । ਗੁਰਮੁਖ ਸਾਚੇ ਵਿਚ ਮਾਤ ਕਵਲ ਫੁੱਲ, ਸੋਹੰ ਧਾਗੇ ਆਪ ਪਰੋਏ ਕਰਤਾਰ । ਆਪਣੇ ਕੰਠ ਲਗਾਇਆ ਪਾਇਆ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੀ ਅਵਤਾਰ ਨਰ ਹਰੀ ਆਏ ਚਰਨ ਗੁਰਸਿਖ ਦਵਾਰ । ਚਰਨ ਦਵਾਰਾ ਗੁਰਸਿਖ ਘਰ ਬਾਹਰਾ । ਗੁਰ ਚਰਨ ਪਿਆਰਾ ਗੁਰਸਿਖ ਉਧਰੇ ਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਸਰਬ ਨਿਵਾਰਾ । ਗੁਰਮੁਖ ਆਤਮ ਕਲ ਵਿਚਾਰ । ਸੋਹੰ ਦੇਵੇ ਪ੍ਰਭ ਸਾਚੀ ਧਾਰ । ਬਜਰ ਕਪਾਟੀ ਹੋਏ ਪਾਰ । ਵਿਚ ਆਨ ਬਾਟੀ ਰਸਨ ਉਚਾਰ । ਨਾ ਆਵੇ ਘਾਟੀ, ਸਾਚਾ ਵਣਜ ਵਪਾਰ । ਹੇਟਕ ਚੇਟਕ ਨਾਟਕ ਨਾਟੀ, ਕਰ ਕਰ ਵੇਖੇ ਪ੍ਰਭ ਖੇਲ ਅਪਾਰ । ਝੂਠੀ ਦੇਹੀ ਪੁਤਲਾ ਮਾਟੀ, ਜੀਵ ਝੂਠਾ ਕਰੇ ਮਾਣ ਹੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਰਸਨਾ ਰਾਟੀ ਮਾਤਲੋਕ ਨਾ ਆਏ ਹਾਰ । ਮਾਤਲੋਕ ਨਾ ਆਏ ਹਾਰਾ । ਸਾਚਾ ਦੀਸੇ ਗੁਰ ਦਰਬਾਰਾ । ਜੋਤ ਸਰੂਪੀ ਵਸੇ ਗਿਰਧਾਰਾ । ਰੰਗ ਅਨੂਪ ਰੂਪ ਨਾ ਕੋਈ ਪਾਵੇ ਸਾਰਾ । ਪ੍ਰਭ ਸਾਚਾ ਵਡ ਵਡ ਭੂਪ, ਤੀਨ ਲੋਕ ਵਡਾ ਸਿਕਦਾਰਾ । ਜੋਤੀ ਜੋਤ ਸਰੂਪ, ਜੋਤੀ ਜੋਤ ਕਰੇ ਅਕਾਰਾ । ਨਾ ਦੀਸੇ ਰੰਗ ਰੂਪ, ਲੱਖ ਚੁਰਾਸੀ ਵਿਚ ਪਸਾਰਾ । ਜੋਤ ਜਗਾਏ ਵਿਚ ਦੇਹ ਅੰਧ ਕੂਪ, ਜੋ ਜਨ ਕਰੇ ਨਿਮਸਕਾਰਾ । ਸੋਹੰ ਬੱਤੀ ਲਗਾਇਆ ਸਾਚਾ ਧੂਪ, ਸਚ ਸਮਗਰੀ ਸਤਿ ਖੁਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਜਾਣੇ ਤੇਰਾ ਸਚ ਦਵਾਰਾ । ਸਚ ਦਵਾਰ ਜਿਸ ਜਾਣਿਆਂ । ਪ੍ਰਭ ਅਬਿਨਾਸ਼ੀ ਜਿਸ ਸਚ ਪਛਾਣਿਆਂ । ਸਰਬ ਘਟ ਵਾਸੀ ਹਰ ਰੰਗ ਸਮਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਜਾਣੇ ਤੇਰੇ ਭਾਣਿਆਂ । ਸਾਚਾ ਜਾਣੇ ਪ੍ਰਭ ਕਾ ਭਾਣਾ । ਆਪਣਾ ਕੀਆ ਆਪ ਪਛਾਣਾ । ਰਾਓ ਰੰਕ ਸਦ ਇਕ ਸਮਾਣਾ । ਨਾ ਕੋਈ ਦੀਸੇ ਰਾਜਾ ਰਾਣਾ । ਏਕਾ ਛਤਰ ਝੁੱਲੇ ਸੀਸੇ, ਨਿਹਕਲੰਕ ਬਲੀ ਬਲਵਾਨਾ । ਸ੍ਰਿਸ਼ਟ ਸਬਾਈ ਝੂਠੀ ਦੀਸੇ, ਸਾਚੀ ਜੋਤ ਜਗਤ ਮਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਰਤਾਏ ਆਪਣਾ ਭਾਣਾ । ਭਾਣਾ ਵਰਤੇ ਕਲਜੁਗ ਆਣ । ਆਪ ਚੁਕਾਏ ਝੂਠੀ ਕਾਨ । ਆਪ ਗਵਾਏ ਸਰਬ ਮਾਣ । ਬੇਮੁਖਾਂ ਆਏ ਅੰਤਮ ਹਾਣ । ਮਦਿਰਾ ਮਾਸ ਜੋ ਜਨ ਖਾਣ । ਆਤਮ ਹੋਈ ਸੁੰਞ ਮਸਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਮਾਰੇ ਸਾਚਾ ਬਾਣ । ਸੋਹੰ ਬਾਣ ਸਾਚਾ ਤੀਰਾ । ਬੇਮੁਖ ਡੁਲ੍ਹਾਏ ਕਵਲ ਨੀਰਾ । ਗੁਰਸਿਖ ਕਢਾਏ ਆਤਮ ਪੀੜਾ । ਆਤਮ ਤ੍ਰਿਖਾ ਮਿਟਾਏ, ਮੇਲ ਮਿਲਾਏ ਗੁਣੀ ਗਹੀਰਾ । ਗੁਰਸਿਖ ਸਾਚੀ ਸਿਖਿਆ ਆਪ ਦਵਾਏ, ਸਾਚਾ ਸ਼ਬਦ ਲਿਖਾਏ ਅਖੀਰਾ । ਸਾਚਾ ਦੇਵੇ ਨਾਮ ਭੀਖਿਆ, ਆਤਮ ਦੇਵੇ ਆਪੇ ਧੀਰਾ । ਪਾਇਆ ਵਰ ਧੁਰ ਦਰਗਾਹੋਂ ਲਿਖਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਤ ਕਰਾਏ ਸਰੀਰਾ । ਗੁਰਸਿਖ ਸ਼ਾਂਤ ਕਰਾਏ ਸਰੀਰਾ । ਆਤਮ ਦੇਵੇ ਸਾਚੀ ਧੀਰਾ । ਅੰਮ੍ਰਿਤ ਮੁਖ ਚੁਆਏ ਸੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸੋਹੰ ਸ਼ਬਦ ਆਪ ਪਹਿਨਾਏ ਸਾਚਾ ਚੀਰਾ ।

ਸਾਚਾ ਚੀਰਾ ਸ਼ਬਦ ਦਸਤਾਰ । ਗੁਰਮੁਖ ਤੇਰੀ ਪਾਵੇ ਸਾਰ । ਸਾਚਾ ਘਰ ਨਾ ਹੋਏ ਖੁਆਰ । ਵੇਖ ਹਰਿ ਕਰ ਦਰਸ ਅਪਾਰ । ਮੂਲ ਨਾ ਡਰ, ਸੁਰਤ ਸ਼ਬਦ ਦੇ ਪ੍ਰਭ ਦੇਵੇ ਤਾਰ । ਪ੍ਰਭ ਕਾ ਭਾਣਾ ਸਿਰ ਤੇ ਜਰ, ਸਾਚਾ ਬਚਨ ਮੂਲ ਨਾ ਹਾਰ । ਆਪਣਾ ਕੀਆ ਲੈਣਾ ਭਰ, ਜੋ ਜਨ ਜਾਏ ਬਚਨ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਗ ਰਲਾਏ ਕਾਗਾਂ ਡਾਰ । ਕਾਗਾਂ ਸੰਗ ਰਲਿਆ ਕਾਗ । ਕਾਮ ਤ੍ਰਿਸਨਾ ਨਾ ਗਈ ਆਗ । ਸਾਚਾ ਦਰ ਨਾ ਮਾਤ ਦਿਸਣਾ, ਅੰਤਮ ਹੋਏ ਮਾੜੇ ਭਾਗ । ਸ਼ਬਦ ਲਿਖਾਵੇ ਕਾਹਨਾ ਕ੍ਰਿਸ਼ਨਾ, ਨਾ ਕੋਇ ਜਾਣੇ ਝੂਠਾ ਰਾਗ । ਦਰ ਖੜੇ ਬ੍ਰਹਮਾ ਵਿਸ਼ਨਾ, ਸ੍ਰਿਸ਼ਟ ਸਬਾਈ ਪ੍ਰਭ ਹੱਥ ਆਪਣੇ ਫੜੀ ਵਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਜਾਗਣ ਭਾਗ, ਗੁਰਮੁਖ ਸਾਚੇ ਆਤਮ ਧੋ ਆਪਣਾ ਦਾਗ਼ । ਗੁਰਸਿਖ ਦਾਗ਼ ਆਪੇ ਧੋਏ । ਪ੍ਰਭ ਗੁਣ ਅਵਗੁਣ ਨਾ ਜਾਣੇ ਕੋਇ । ਸਰਗੁਣ ਨਿਰਗੁਣ ਰੂਪ ਪ੍ਰਭ ਆਪੇ ਹੋਏ । ਜੀਵ ਜੰਤ ਨਾ ਜਾਣੇ ਕੋਇ । ਤੀਨ ਲੋਕ ਪ੍ਰਭ ਸਦ ਵਸੋਏ । ਮਾਨਸ ਜਨਮ ਨਾ ਗੁਰਸਿਖ ਖੋਏ । ਅੱਗੇ ਦੇਵੇ ਜੋ ਜੀਵ ਏਥੇ ਬੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਵਾਲੀ ਜਹਾਨ ਦੋਏ । ਦੋਵੇ ਜਹਾਨਾਂ ਆਪੇ ਵਾਲੀ । ਗੁਰਸਿਖਾਂ ਸਦ ਬਣਿਆ ਪਾਲੀ । ਜੋਤ ਸਰੂਪੀ ਕਰੇ ਆਪ ਰਖਵਾਲੀ । ਸਚ ਸਚ ਗੁਰਸਿਖਾਂ ਆਤਮ ਫੁੱਲ ਲਗਾਇਆ ਪ੍ਰਭ ਸਾਚਾ ਬਣਿਆ ਮਾਲੀ । ਗੁਰਮੁਖ ਸਾਚਾ ਰੁਲ ਨਾ ਜਾਏ, ਰੁਲ ਨਾ ਜਾਏ ਭੁਲ ਨਾ ਜਾਏ, ਅੰਤਕਾਲ ਨਾ ਜਾਏ ਦੋਏ ਹੱਥ ਖਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਪੈਜ ਰਖਾਈ, ਸਚ ਘਰ ਵੱਜੇ ਵਧਾਈ, ਮੰਗਲਾਚਾਰ ਸਚਖੰਡ ਕਰਾਈ, ਨਾ ਮੰਗੇ ਕੋਈ ਦਲਾਲੀ । ਸਚ ਦਲਾਲ ਹੱਕ ਹਲਾਲ । ਗੁਰ ਗੋਪਾਲ ਹੋਏ ਰਖਵਾਲ । ਗੁਰਮੁਖ ਸਾਚਾ ਆਪੇ ਭਾਲ । ਸੋਹੰ ਦੇਵੇ ਸੱਚਾ ਧਨ ਮਾਲ । ਆਤਮ ਧਰੇ ਸਾਚਾ ਸੋਹੰ ਲਾਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਬਣਾਏ ਆਪਣੇ ਬਾਲ । ਸੋਹੰ ਦੇਵੇ ਸ਼ਬਦ ਸੁਖਾਲਾ । ਆਪੇ ਹੋਏ ਭਗਤ ਰਖਵਾਲਾ । ਨਾ ਜਾਣੇ ਕੋਇ ਸਦ ਪ੍ਰਿਤਪਾਲਾ । ਬੇਮੁਖ ਸੋਏ ਗੁਰਸਿਖਾਂ ਆਤਮ ਸਦ ਉਜਾਲਾ । ਸੋਹੰ ਬੀਜ ਜੋ ਜਨ ਬੋਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਹੋਏ ਰਖਵਾਲਾ । ਸੋਹੰ ਬੀਜ ਆਤਮ ਧਰੇ ਵੱਤ । ਏਕਾ ਏਕ ਰਖਾਵੇ ਪ੍ਰਭ ਸੋਹੰ ਸਾਚਾ ਤਤ । ਆਪੇ ਆਪ ਟਿਕਾਵੇ ਆਤਮ ਸਾਚੀ ਮਤ । ਆਪੇ ਆਪ ਜਣਾਵੇ, ਆਤਮ ਦੇਵੇ ਧੀਰਜ ਯਤ । ਆਪ ਆਪਣੇ ਮਾਰਗ ਲਾਵੇ, ਗੁਰਸਿਖਾਂ ਦੇਵੇ ਸਾਚੀ ਮਤ । ਸਾਰੰਗ ਧਰ ਭਗਵਾਨ ਬੀਠਲਾ ਆਪ ਅਖਵਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਮਿਤ ਗਤ । ਸਾਚੀ ਸੀਖਿਆ ਪ੍ਰਭ ਲਿਖਾਏ । ਸਾਚੀ ਭੀਖਿਆ ਗੁਰਸਿਖਾਂ ਪਾਏ । ਦਰਗਹਿੰ ਜੋ ਲੇਖ ਹੈ ਲਿਖਿਆ, ਪ੍ਰਭ ਸਾਚਾ ਆਪ ਮਿਲਾਏ । ਆਪੇ ਕਰੇ ਸਰਬ ਪਰੀਖਿਆ ਹੰਕਾਰ ਨਿਵਾਰੀ ਆਪ ਅਖਵਾਏ । ਗੁਰਮੁਖ ਵਿਰਲੇ ਕਲਜੁਗ ਦੀਖਿਆ, ਦਿਵਸ ਰੈਣ ਜੋ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਸੁਣਾਏ । ਸਾਚਾ ਹੁਕਮ ਹੋਏ ਪਰਵਾਨ । ਧਰੇ ਜੋਤ ਆਪ ਭਗਵਾਨ । ਸਰਬ ਜੀਆਂ ਪ੍ਰਭ ਜਾਣੀ ਜਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਜੋਤ ਪਵਣ ਪਵਣ ਜੋਤ ਏਕਾ ਰੰਗ ਸਮਾਣ । ਹੁਕਮ ਲਖਾਏ ਸਾਚੀ ਗਾਥਾ । ਆਪ ਚੜ੍ਹਾਏ ਸੋਹੰ ਰਾਥਾ । ਆਪ ਤਰਾਏ ਤ੍ਰੈਲੋਕੀ ਨਾਥਾ । ਸ਼ਬਦ ਲਿਖਾਏ ਸਤਿ ਵਰਤਾਏ ਜਗਤ ਰਹਿ ਜਾਏ ਸਾਚੀ ਗਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਾਥਾ । ਸਰਬ ਕਲਾ ਆਪੇ ਸਮਰਥ । ਆਪ ਚਲਾਏ ਸਤਿਜੁਗ ਸਾਚਾ ਰਥ । ਸ੍ਰਿਸ਼ਟ ਸਬਾਈ ਮੇਟ

ਮਿਟਾਏ ਆਪੇ ਜਾਏ ਮਥ । ਵਾਕ ਭਵਿਖਤ ਰਿਹਾ ਲਿਖਾਈ, ਸ਼ਬਦ ਸਰੂਪੀ ਬੇਮੁਖਾਂ ਪਾਈ ਨੱਥ । ਲਿਖਤ ਭਵਿਖਤ ਨਾ ਕੋਇ ਮਿਟਾਏ, ਸ੍ਰਿਸ਼ਟ ਸਬਾਈ ਪਕੜੀ ਹੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਈ ਜਿਉਂ ਰਾਮਾ ਘਰ ਦਸਰੱਥ । ਜਿਉਂ ਰਾਮ ਰਮਈਆ ਲਏ ਅਵਤਾਰਾ । ਆਪਣਾ ਕੀਆ ਮਾਤ ਪਸਾਰਾ । ਸਚ ਦਵਾਰਾ ਆਪ ਦਿਖਾਵੇ ਸਚ ਘਰ ਬਾਹਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਕੀਆ ਜੋਤ ਪਸਾਰਾ । ਜੋਤ ਪਸਾਰਾ ਆਪ ਕਰਾਏ । ਸਚ ਦਵਾਰਾ ਆਪ ਦਿਖਾਏ । ਭਗਤ ਭਿਖਾਰਾ ਦਰ ਬਿਠਾਏ । ਨਾਮ ਅਧਾਰਾ ਸ਼ਬਦ ਦਵਾਏ । ਸ਼ਬਦ ਹੁਲਾਰਾ ਆਪ ਉਪਜਾਏ । ਮੁਕਟ ਮੁਨਾਰਾ ਸੀਸ ਟਿਕਾਏ । ਚਰਨ ਪਿਆਰ ਗੁਰਸਿਖ ਰਖਾਏ । ਮਦਿਰਾ ਮਾਸ ਰਸਨਾ ਤਜਾਏ । ਸਵਾਸਨ ਸਵਾਸ ਪ੍ਰਭ ਰਸਨਾ ਜਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪਰ ਦਇਆ ਕਮਾਏ । ਗੁਰਮੁਖ ਸਾਚੇ ਜਗਤ ਵੇਖ । ਪ੍ਰਭ ਅਬਿਨਾਸ਼ੀ ਸਾਚਾ ਭੇਖ । ਚਰਨ ਲਗਾਏ ਸਾਚੇ ਵੇਖ । ਆਪ ਮਿਟਾਏ ਬਿਧਨਾ ਰੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਮਿਟਾਏ ਪੀਰ ਪੈਗ਼ੰਬਰ ਔਲੀਏ ਸ਼ੇਖ਼ । ਆਪ ਮਿਟਾਏ ਸ਼ਾਹ ਸੁਲਤਾਨਾ । ਆਪ ਖਪਾਏ ਅੰਜੀਲ ਕੁਰਾਨਾਂ । ਆਪ ਧਰਾਏ ਸੋਹੰ ਨਾਮ ਹਰਿ ਧਿਆਨਾ । ਆਪ ਸੁਣਾਏ ਜੀਵ ਜੰਤ ਕੰਨ ਗੁਣ ਨਿਧਾਨਾ । ਆਪਣੇ ਮਾਰਗ ਲਾਏ, ਆਤਮ ਦੇਵੇ ਬ੍ਰਹਮ ਗਿਆਨਾ । ਸਾਚਾ ਸ਼ਬਦ ਜਣਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਸਾਚਾ ਸ਼ਬਦ ਜੀਵ ਵਿਚਾਰੋਂ । ਆਪਣਾ ਕੀਆ ਮੂਲ ਨਾ ਹਾਰੋ । ਏਕਾ ਗੁਰ ਸਾਚਾ ਦਵਾਰੋ । ਕਲਜੁਗ ਬੇੜਾ ਆਪ ਕਰਾਵੇ ਪਾਰੋ । ਮਾਨਸ ਜਨਮ ਨਾ ਆਵੇ ਵਾਰ ਵਾਰੋ । ਨਿਹਕਲੰਕ ਕਰ ਦਰਸ ਜੀਵ ਹੋਏ ਮੋਖ ਦਵਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣ ਸਚ ਭਿਖਾਰੋ । ਬਣ ਭਿਖਾਰੀ ਆਉ ਦਰ । ਸੋਹੰ ਦੇਵੇ ਪ੍ਰਭ ਸਾਚਾ ਵਰ । ਖਾਲੀ ਭੰਡਾਰੇ ਦੇਵੇ ਭਰ । ਆਪ ਤੁੜਾਵੇ ਆਤਮ ਜਿੰਦਰਾ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਅੰਦਰ ਬੈਠੇ ਵੜ । ਆਪਣੇ ਅੰਦਰ ਆਪ ਉਪਾਵੇ । ਸਾਚਾ ਮੰਦਰ ਦੇਹ ਬਣਾਵੇ । ਕਾਇਆ ਕੰਦਰ ਦਿਸ ਨਾ ਆਵੇ । ਸਦਾ ਸਦਾ ਪ੍ਰਭ ਵੇਸ ਅੰਦਰ, ਭਰਮ ਭੁਲੇਖੇ ਜੀਵ ਭੁਲਾਵੇ । ਘਰ ਘਰ ਭੌਂਦੇ ਫਿਰਨ ਹੈ ਬੰਦਰ, ਦਰ ਦਰ ਰਹੇ ਧੱਕੇ ਖਾਏ । ਕੋਇ ਨਾ ਤੋੜੇ ਜੀਵ ਤੇਰਾ ਆਤਮ ਜਿੰਦਰ, ਝੂਠੇ ਦਿਸਣ ਮਾਂ ਪਿਉ ਭੈਣ ਭਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਵਸੇ ਅੰਦਰ, ਜੋਤ ਸਰੂਪੀ ਤਾੜੀ ਲਾਏ । ਜੋਤ ਸਰੂਪੀ ਲਾਈ ਤਾੜੀ । ਪੱਕੀ ਪਕਾਈ ਛੱਡਣ ਹਾੜੀ । ਕਲਜੁਗ ਜੀਆਂ ਕਿਸਮਤ ਮਾੜੀ । ਕਲਜੁਗ ਹੱਥ ਫੜਾਈ ਦਾਹੜੀ । ਪ੍ਰਭ ਅਬਿਨਾਸ਼ੀ ਆਪ ਚਬਾਏ ਆਪਣੀ ਦਾੜ੍ਹੀਂ । ਚਾਰ ਕੁੰਟ ਗੁਰਸਿਖਾਂ ਆਪੇ ਆਪ ਦਿਸਾਏ ਰਾਤੀ ਸੁੱਤਿਆਂ ਵਿਚ ਉਜਾੜੀ । ਸਾਚਾ ਘਰ ਆਪ ਵਸਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਘਰ ਵਸੇ ਰਸੇ ਹੱਸੇ ਬੈਠਾ ਰਹੇ ਲਾਏ ਤਾੜੀ । ਵਸੇ ਦਰ ਹਰਿ ਕਾ ਘਰ । ਸਾਧ ਸੰਗਤ ਜਾਏ ਤਰ । ਕਲਜੁਗ ਜੀਵ ਆਪਣਾ ਕੀਆ ਲੈਣ ਭਰ । ਮਰ ਮਰ ਜਨਮੇ ਜਨਮੇ ਜਾਏ ਮਰ । ਸ੍ਰਿਸ਼ਟ ਸਬਾਈ ਘਰ ਘਰ ਦਰ ਦਰ ਆਵੇ ਡਰ । ਭੱਜੇ ਫਿਰਨ ਨਾਰੀ ਨਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਕਟਾਰੀ ਲਈ ਫੜ । ਸ਼ਬਦ ਕਟਾਰੀ ਆਪੇ ਫੜ । ਸ੍ਰਿਸ਼ਟ ਸਬਾਈ ਜਾਏ ਝੜ । ਗੁਰਮੁਖਾਂ ਫੜਾਏ ਆਪਣਾ ਲੜ । ਆਪੇ ਬੈਠਾ ਸਚ ਅੰਦਰ ਵੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਮਾਤ ਉਪਜਾ ਸ਼ਬਦ ਸਰੂਪੀ ਘੋੜੀ ਚੜ੍ਹ । ਸ਼ਬਦ ਸਰੂਪੀ ਅਸਵ ਅਸਵਾਰਾ । ਤੀਨ ਲੋਕ

ਇਕ ਹੁਲਾਰਾ । ਲੋਕ ਪਰਲੋਕ ਗੁਰ ਚਰਨ ਦਵਾਰਾ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਨਿਹਕਲੰਕ ਦਰ ਤੇਰੇ ਕਰਨ ਨਿਮਸਕਾਰਾ । ਕੋਇ ਨਾ ਸਕੇ ਡੱਕ, ਸ੍ਰਿਸ਼ਟ ਸਬਾਈ ਸੋਹੰ ਸ਼ਬਦ ਚਲਾਇਆ ਖੰਡਾ ਦੋ ਧਾਰਾ । ਵੇਲਾ ਵਕ਼ਤ ਲਿਆਏ, ਸ੍ਰਿਸ਼ਟ ਸਬਾਈ ਆਰ ਪਾਰਾ । ਨਾ ਦਿਸੇ ਭੈਣ ਭਾਈ, ਨਾਰੀ ਛੱਡਣ ਵਡ ਵਡ ਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੋੜੇ ਸਰਬ ਹੰਕਾਰਾ । ਹੰਕਾਰ ਨਿਵਾਰੇ ਦੁਸ਼ਟ ਸੰਘਾਰੇ ਗੁਰਸਿਖ ਉਧਾਰੇ ਆਪੇ ਖੜਾ ਹੋਏ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਖੇਲ ਕਲ ਵਰਤਾਰਾ । ਵਰਤੇ ਖੇਲ ਅਪਰ ਅਪਾਰੇ । ਨਿਹਕਲੰਕ ਇਕ ਕਰਤਾਰੇ । ਗੁਰ ਵੇਖੇ ਕਰ ਵਿਚਾਰੇ । ਪ੍ਰਭ ਅਬਿਨਾਸ਼ੀ ਸਾਚਾ ਪੇਖੇ, ਸ੍ਰਿਸ਼ਟ ਸਬਾਈ ਗਈ ਹਾਰੇ । ਆਪ ਆਪਣੇ ਲਾਏ ਲੇਖੇ, ਸ਼ਬਦ ਕਟਾਰੀ ਮਾਰੇ । ਧਰਮ ਰਾਏ ਸਚ ਮੰਗੇ ਲੇਖੇ, ਬੈਠਾ ਪ੍ਰਭ ਦਵਾਰੇ । ਓਥੇ ਕੱਢੇ ਸਰਬ ਭੁਲੇਖੇ, ਮਦਿਰਾ ਮਾਸ ਜੋ ਕਰਨ ਆਹਾਰੇ । ਇਕ ਇਕ ਸਵਾਸ ਲਗਾਏ ਲੇਖੇ, ਜੋ ਜਨ ਰਹੇ ਰਸਨ ਉਚਾਰੇ । ਆਪ ਲਗਾਏ ਸੋਹੰ ਸਾਚੀ ਆਤਮ ਮੇਖੇ, ਭਗਤ ਵਛਲ ਆਪ ਗਿਰਧਾਰੇ । ਗੁਰਮੁਖ ਵਿਰਲਾ ਨੇਤਰ ਪੇਖੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਲਿਆ ਅਵਤਾਰੇ । ਲਿਆ ਅਵਤਾਰ ਕੀਆ ਪਸਾਰਾ । ਜਗਤ ਅੰਧਿਆਰਾ ਨਾ ਪਾਵੇ ਸਾਰਾ । ਭਾਵੇ ਕਰਤਾਰਾ ਝੂਠੇ ਹਾਵੇ ਹੋਏ ਖੁਆਰਾ । ਬੰਨ੍ਹੇ ਦਾਅਵੇ ਨਾ ਕਰਮ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਸਰਬ ਪਸਾਰਾ । ਸਰਬ ਪਸਾਰਾ ਆਪ ਕਰਾਏ । ਸਚ ਦਵਾਰਾ ਆਪ ਰਖਾਏ । ਜੋਤ ਨਿਰੰਕਾਰਾ ਮਾਤ ਟਿਕਾਏ । ਜੀਵ ਜੰਤ ਹੰਕਾਰਾ ਸਰਬ ਮਿਟਾਏ । ਸੋਹੰ ਸ਼ਬਦ ਸਾਚੀ ਧੁਨਕਾਰਾ ਆਪ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਧਾਰਾ ਆਪਣੀ ਆਪ ਬਣਾਏ । ਸਾਚੀ ਧਾਰਾ ਆਪ ਬਣਾ ਕੇ । ਸ੍ਰਿਸ਼ਟ ਸਬਾਈ ਵਿਚ ਟਿਕਾ ਕੇ । ਚਾਰ ਵਰਨ ਪ੍ਰਭ ਆਪ ਸਮਝਾ ਕੇ । ਸੋਹੰ ਸਾਚਾ ਨਾਦ ਵਜਾ ਕੇ । ਬੋਧ ਅਗਾਧ ਸ਼ਬਦ ਲਿਖਾ ਕੇ । ਮਾਧਵ ਮਾਧ ਭੇਵ ਖੁਲ੍ਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੀ ਦੇਵ ਸਰਨ ਲਗਾ ਕੇ । ਸਚ ਧਿਆਨਾ ਚਰਨ ਗੁਰ । ਬ੍ਰਹਮ ਗਿਆਨਾ ਦਰਸ਼ਨ ਗੁਰ । ਸਚ ਇਸ਼ਨਾਨਾ ਦਰਸ਼ਨ ਗੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਲਿਖਿਆ ਧੁਰ । ਸਾਚੀ ਸੇਵਾ ਆਪ ਲਗਾਇਆ । ਸੋਹੰ ਮੇਵਾ ਆਪ ਚੁਗਾਇਆ । ਆਤਮ ਚਿੰਤਾ ਸੋਗ ਮਿਟਾਇਆ । ਦਰਸ ਅਮੋਘ ਆਪ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸੇਵਾ ਲਾਇਆ । ਸੰਤ ਮਨੀ ਸਿੰਘ ਤੇਰੀ ਸੇਵਾ । ਆਪ ਲਗਾਏ ਅਲਖ ਅਭੇਵਾ । ਪਕੜ ਲੈ ਆਏ ਸਭ ਦੇਵੀ ਦੇਵਾ । ਆਪ ਮਿਟਾਏ ਸਰਬ ਦੀ ਪੂਜਾ ਸੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਛੁਪਾਏ ਆਪਣਾ ਭੇਵਾ । ਦੇਵੀਆਂ ਫਿਰਨ ਦਰ ਦਵਾਰੇ । ਨਾ ਦਿਸੇ ਸਾਚਾ ਘਰ ਜਿਸ ਘਰ ਵਸੇ ਆਪ ਨਿਰੰਕਾਰੇ । ਪੁਰੀ ਘਨਕ ਚਾਰ ਚੁਫੇਰੇ ਫਿਰਨ, ਨਾ ਦੀਸੇ ਗਿਰਧਾਰੇ । ਜੋਤ ਸਰੂਪੀ ਜੋਤ ਹਰਿ, ਕਰੇ ਖੇਲ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਘਨਕਪੁਰੀ ਵਿਚ ਧਾਰੇ । ਘਨਕਪੁਰੀ ਪ੍ਰਭ ਜਾਮਾ ਧਾਰ । ਸਿੰਘ ਮਤਾਬ ਲਿਆ ਅਵਤਾਰ । ਹਰਿ ਗੋਬਿੰਦ ਆਇਆ ਦਾਤਾਰ । ਮੀਰੀ ਪੀਰੀ ਹੋਇਆ ਸਿਕਦਾਰ । ਕਲਜੁਗ ਕਰੇ ਅੰਤ ਖੁਆਰ । ਸੋਹੰ ਖੰਡਾ ਫੜੇ ਦੋ ਧਾਰ । ਮੇਟ ਮਿਟਾਏ ਪੀਰ ਪੈਗ਼ੰਬਰ, ਕਲਜੁਗ ਅੰਤਮ ਆਈ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਲਿਆ ਅਵਤਾਰ । ਪੀਰ ਫ਼ਕੀਰਾਂ ਮੇਟ ਮਿਟਾਣਾ । ਕੋਈ ਨਾ ਦੀਸੇ ਰਾਜਾ ਰਾਣਾ । ਜੋਤ ਸਰੂਪੀ ਪ੍ਰਭ ਪਹਰਿਆ ਬਾਣਾ ।

ਸੋਹੰ ਖੰਡਾ ਹੱਥ ਉਠਾਣਾ । ਆਤਮ ਰੰਡਾ ਜਗਤ ਕਰਾਣਾ । ਵਿਚ ਵਰਭੰਡਾ ਹਾਹਾਕਾਰ ਕਰ ਜਗਤ ਰਵਾਣਾ । ਜੋਤ ਸਰੂਪੀ ਵਸੇ ਸਚਖੰਡਾ, ਜੈ ਜੈ ਜੈਕਾਰ ਤੀਨ ਲੋਕ ਕਰਾਣਾ । ਬੇਮੁਖ ਭੱਜਣ ਦੇ ਕੇ ਕੰਡਾ, ਸੋਹੰ ਤੀਰ ਆਪ ਚਲਾਣਾ । ਘਰ ਘਰ ਬੈਠੀਆਂ ਰੋਵਣ ਰੰਡਾ, ਮਿਲੇ ਨਾ ਸੁਹਾਗ ਕਿਸੇ ਹੰਢਾਣਾ । ਆਪ ਲਗਾਏ ਸੋਹੰ ਡੰਡਾ, ਚੰਡ ਪਰਚੰਡ ਆਪ ਲਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵ ਖੰਡ ਆਪੇ ਆਪ ਵਰਤਾਏ ਆਪਣਾ ਭਾਣਾ । ਨਵ ਖੰਡ ਸ੍ਰਿਸ਼ਟ ਸਬਾਈ । ਘਰ ਘਰ ਪਏ ਦੁਹਾਈ । ਅਗਨ ਜੋਤ ਪ੍ਰਭ ਇਕ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਆਪ ਲਿਖਾਈ । ਨਵ ਖੰਡ ਨਵ ਦਰਵਾਜੇ । ਪ੍ਰਭ ਅਬਿਨਾਸ਼ੀ ਸਾਜਨ ਸਾਜੇ । ਅੰਤਕਾਲ ਕਲ ਜੂਠੇ ਝੂਠੇ ਘੜੇ ਭੰਨੇ ਭੰਨੇ ਘੜੇ ਪ੍ਰਭ ਸਾਜਨ ਸਾਜੇ । ਆਪ ਪਿੜਾਏ ਜਿਉਂ ਵੇਲਣੇ ਗੰਨੇ, ਜੋਤ ਪਰਗਟਾਈ ਵਿਚ ਪ੍ਰਭ ਮਾਝੇ । ਬੇਮੁਖਾਂ ਪ੍ਰਭ ਆਪੇ ਡੰਨੇ, ਗੁਰਮੁਖਾਂ ਪ੍ਰਭ ਰੱਖੇ ਆਪੇ ਲਾਜੇ । ਗੁਰਮੁਖ ਵਿਰਲੇ ਆਤਮ ਮੰਨੇ, ਅਨਹਦ ਸ਼ਬਦ ਵਜਾਏ ਵਾਜੇ । ਹੋਏ ਸਹਾਈ ਜਿਉਂ ਮਾਲ ਚਰਾਏ ਧੰਨੇ, ਗੁਰਸਿਖਾਂ ਪ੍ਰਭ ਪੜਦੇ ਕਾਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੇੜਾ ਬੰਨ੍ਹੇ, ਆਪ ਰਖਾਏ ਆਪਣੀ ਲਾਜੇ । ਲਾਜ ਰਖਾਏ ਲਾਜਾਵੰਤ । ਗੁਰਸਿਖ ਬਣਾਏ ਸਾਚੇ ਸੰਤ । ਆਤਮ ਜੋਤ ਟਿਕਾਏ ਪੂਰਨ ਭਗਵੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਕੋਈ ਨਾ ਪਾਏ ਆਦਿਨ ਅੰਤ । ਆਦਿ ਅੰਤ ਖੇਲ ਅਪਾਰਾ । ਜੁਗੋ ਜੁਗ ਲੈ ਅਵਤਾਰਾ । ਆਵੇ ਜਾਵੇ ਖੇਲ ਅਪਾਰਾ । ਗੁਰਮੁਖ ਵਿਰਲਾ ਪਾਵੇ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਦਰਸ ਅਪਾਰਾ । ਦਰਸ ਅਪਾਰ ਜਿਸ ਜਨ ਦੀਆ । ਪ੍ਰਭ ਅਬਿਨਾਸ਼ੀ ਕੀਆ ਹੀਆ । ਆਪ ਰਖਾਏ ਸਾਚੀ ਨੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਸ੍ਰਿਸ਼ਟ ਸਬਾਈ ਆਤਮ ਦੀਆ ।

### * ੫ ਕੱਤਕ ੨੦੦੯ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ *

ਕਰ ਦਰਸ ਗੁਰ ਵਕਤ ਸੁਹਾਇਆ । ਬੇਮੁਖਾਂ ਸੌਂ ਕੇ ਵਕਤ ਗਵਾਇਆ । ਵੇਲਾ ਗਿਆ ਹੱਥ ਨਾ ਆਇਆ । ਨਿਹਕਲੰਕ ਕਲ ਜੋਤ ਪਰਗਟਾਇਆ । ਆਪਣੇ ਭਾਣੇ ਵਿਚ ਸਮਾਇਆ । ਗੁਰਮੁਖ ਵੇਖੇ ਵਿਰਲਾ ਨੇਤਰ ਪੇਖੇ, ਜਿਸ ਜਨ ਦਇਆ ਕਮਾਇਆ । ਆਪੇ ਰੱਖੇ ਭਰਮ ਭੁਲੇਖੇ, ਜੋਤ ਸਰੂਪੀ ਦਿਸ ਨਾ ਆਇਆ । ਆਪ ਮੁਕਾਏ ਸਾਚੇ ਲੇਖੇ, ਗੁਰ ਸੰਗਤ ਪ੍ਰਭ ਵਿਚ ਸਮਾਇਆ । ਆਤਮ ਲਗਾਏ ਸੋਹੰ ਸਾਚੀ ਮੇਖੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਚਰਨੀਂ ਸੀਸ ਝੁਕਾਇਆ । ਗੁਣ ਵਿਚਾਰੇ ਗੁਣਾਂ ਗੁਣਵੰਤ । ਭਗਤ ਉਧਾਰੇ ਆਪ ਭਗਵੰਤ । ਸੰਤਨ ਪਾਵੇ ਸਾਰ, ਪ੍ਰਭ ਸਾਚਾ ਕੰਤ । ਬੇਮੁਖਾਂ ਕਰੇ ਖੁਆਰ ਮਾਇਆ ਪਾਏ ਬੇਅੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਕੋਈ ਨਾ ਜਾਣੇ ਜੀਵ ਜੰਤ । ਕਰ ਦਰਸ ਵਕਤ ਸੁਹੰਜਣਾ । ਜੋਤ ਜਗਾਏ ਪ੍ਰਭ ਨਿਰੰਜਣਾ । ਕਰ ਦਰਸ ਪ੍ਰਭ ਸਾਚਾ ਨਾਮ ਦੇਵੇ ਨੇਤਰ ਅੰਜਣਾ । ਕਰ ਦਰਸ ਜੋਤ ਪਰਗਟਾਈ ਨਿਹਕਲੰਕ ਦਰਦ ਦੁਖ ਭੈ ਭੰਜਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਈ ਏਕੰਕਾਰ ਇਕ ਨਿਰੰਜਣਾ । ਜੋਤ ਨਿਰੰਜਣ ਜਗਤ ਵੇਸਾ । ਦਰ ਘਰ ਆਏ ਗੁਰਸਿਖ ਪਰਵੇਸ਼ਾ । ਜੋਤ ਸਰੂਪੀ ਵਡ ਮਰਗੇਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ

ਸਰੂਪੀ ਧਾਰਿਆ ਭੇਖਾ । ਜੋਤ ਸਰੂਪੀ ਭੇਖ ਧਾਰ । ਜੋਤ ਸਰੂਪੀ ਕੀਆ ਅਕਾਰ । ਆਪ ਭੁਲਾਇਆ ਸਰਬ ਸੰਸਾਰ । ਗੁਰਸਿਖ ਉਠਾਇਆ ਕਲਜੁਗ ਫੁੱਲ ਲਗਾਇਆ ਸੁੱਕੇ ਡਾਰ । ਨਿਹਕਲੰਕ ਕਲ ਜਾਮਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸਰਨਾਈ ਆਏ, ਕਰ ਕਿਰਪਾ ਜਾਏ ਤਾਰ । ਕਿਰਪਾ ਕਰੇ ਆਪ ਭਗਵਾਨਾ । ਸੋਹੰ ਦੇਵੇ ਸਾਚਾ ਦਾਨਾ । ਆਤਮ ਜੋਤ ਜਗੇ ਮਹਾਨਾ । ਦੇਵੇ ਵਡਿਆਈ ਸਾਚਾ ਕਾਹਨਾ । ਗੁਰਸਿਖਾਂ ਪ੍ਰਭ ਆਪ ਪਛਾਨਾ । ਆਪੇ ਬੱਧਾ ਹੱਥੀਂ ਗਾਨਾ । ਸਾਚਾ ਕੰਤ ਮਿਲਾਏ ਨਿਹਕਲੰਕ ਬਲੀ ਬਲਵਾਨਾ । ਜੀਵ ਜੰਤ ਵਿਚ ਵਡਿਆਏ ਵਾਲੀ ਦੋ ਜਹਾਨਾਂ । ਆਪ ਬਣਾਏ ਗੁਰਸਿਖ ਸਾਚੀ ਬਣਤ ਆਪਣੇ ਰੰਗ ਆਪ ਰੰਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਆਦਿ ਅੰਤ ਭਗਤ ਭਗਵੰਤ ਸਾਧ ਸੰਤ ਜੀਵ ਜੰਤ ਬਣ ਸਾਚਾ ਕੰਤ ਆਪ ਚਲਾਏ ਆਪਣਾ ਭਾਣਾ । ਆਪਣਾ ਭਾਣਾ ਆਪੇ ਵਰਤੇ । ਜੋਤ ਪਰਗਟਾਈ ਉਪਰ ਧਰਤੇ । ਸਾਚਾ ਖੇਲ ਕੀਆ ਕਲ ਕਰਤੇ । ਕਰੇ ਕਰਾਏ ਕਲ ਆਪਣੀ ਵਰਤੇ । ਵਕਤ ਨਾ ਜਾਏ ਟਲ, ਲੇਖ ਲਿਖਾਇਆ ਧਰਨੀ ਧਰਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਉ ਸਦ ਬਲ ਬਲ, ਜਨ ਭਗਤ ਸੁਹਾਏ ਆਪਣੇ ਦਰ ਤੇ । ਭਗਤ ਸੁਹਾਏ ਆਪਣੇ ਘਰ । ਭਗਤ ਸੁਹਾਏ ਆਪਣੇ ਦਰ । ਆਪ ਵਸਾਏ ਦੇਵੇ ਵਰ । ਨਾ ਮਰੇ ਨਾ ਮਰ ਜਾਏ ਚੁਕਾਏ ਡਰ । ਜਿਸ ਜਨ ਦਇਆ ਕਮਾਏ, ਏਕਾ ਏਕ ਜੋਤ ਦੇਵੇ ਧਰ । ਦਵਾਰ ਦਸਮ ਖੁਲ੍ਹਾਏ ਆਪਣਾ ਆਪ ਵਖਾਏ ਹਰਿ । ਜੋਤ ਸਰੂਪੀ ਵਿਚ ਸਮਾਏ ਨਿਹਕਲੰਕ ਅਵਤਾਰ ਨਰ । ਗੁਰਸਿਖ ਤੇਰੀ ਮਹਿੰਮਾ ਆਪ ਲਿਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚਾ ਦਰ । ਤੀਨ ਲੋਕ ਲੋਕ ਪਰਲੋਕ ਖੰਡ ਬ੍ਰਹਿਮੰਡ ਵਰਭੰਡ ਸਰਬ ਦਰ ਭਿਖਾਰੀ ਆਏ । ਸ੍ਰਿਸ਼ਟ ਸਬਾਈ ਦਰ ਭਿਖਾਰ । ਸਾਚਾ ਦਿਸੇ ਇਕ ਦਰਬਾਰ । ਜਿਥੇ ਵਸੇ ਆਪ ਕਰਤਾਰ । ਕੋਟਨ ਕੋਟ ਰਵ ਸੱਸੇ ਏਕਾ ਜੋਤ ਅਕਾਰ । ਬੇਮੁਖ ਜਾਇਣ ਦਰ ਤੋਂ ਨੱਸੇ, ਗੁਰਸਿਖਾਂ ਦੇਵੇ ਸ਼ਬਦ ਅਧਾਰ । ਆਪੇ ਆਪ ਹਿਰਦੇ ਵਸੇ, ਸਾਚਾ ਬਖ਼ਸ਼ੇ ਚਰਨ ਪਿਆਰ । ਪਰਗਟ ਜੋਤ ਰਾਹ ਸਾਚਾ ਦੱਸੇ, ਸੋਹੰ ਜੀਵ ਰਸਨ ਉਚਾਰ । ਸਾਚਾ ਪ੍ਰਭ ਤੇਰੇ ਹਿਰਦੇ ਵਸੇ, ਮੂਰਖ ਮੁਗਧ ਨਾ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦਾ ਸਦਾ ਤੇਰੇ ਆਤਮ ਦਰ ਦਵਾਰ । ਆਤਮ ਦਰ ਸਾਚਾ ਘਰ । ਵਸੇ ਹਰਿ ਜੋਤ ਧਰ । ਏਕਾ ਏਕ ਅਕਾਰ ਕਰ । ਅੰਧ ਅੰਧਿਆਰ ਖੁਆਰ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਦੀਪਕ ਜੋਤ ਅਕਾਰ ਕਰ । ਦੀਪਕ ਜੋਤ ਆਪ ਜਗਾਏ । ਜਗੇ ਜੋਤ ਹੋਏ ਰੁਸ਼ਨਾਏ । ਸੁਰਤ ਸ਼ਬਦ ਪ੍ਰਭ ਦਵਾਏ । ਆਪ ਆਪਣਾ ਵਿਚ ਟਿਕਾਏ । ਪਵਣ ਸਰੂਪੀ ਸਵਾਸ ਚਲਾਏ । ਸਵਾਸ ਸਵਾਸ ਸੋਹੰ ਸਾਚਾ ਆਪ ਜਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਬਾਂਹੋਂ ਪਕੜ ਜਿਸ ਜਨ ਆਪਣੀ ਸਰਨ ਲਗਾਏ । ਆਪਣੀ ਸਰਨ ਆਪ ਲਗਾਏ । ਸਾਚਾ ਕਰਮ ਆਪ ਕਮਾਏ । ਸਾਚਾ ਬ੍ਰਹਮ ਨਾਮ ਦਵਾਏ । ਪੂਰਨ ਕਰਮ ਪ੍ਰਭ ਸਰਨਾਈ ਆਏ । ਜਨਮ ਮਰਨ ਪ੍ਰਭ ਗੇੜ ਚੁਕਾਏ । ਲੱਖ ਚੁਰਾਸੀ ਵਿਚ ਫੇਰ ਨਾ ਆਏ । ਪ੍ਰਭ ਬੰਦ ਖੁਲਾਸੀ ਆਪ ਕਰਾਏ । ਜੋ ਜਨ ਹੋਏ ਮਦਿਰਾ ਮਾਸੀ, ਪ੍ਰਭ ਸਾਚਾ ਦੇ ਸਜਾਏ । ਜੋਤ ਪਰਗਟਾਏ ਘਨਕਪੁਰ ਵਾਸੀ, ਰੰਕ ਰਾਜਾਨ ਕੋਈ ਰਹਿਣ ਨਾ ਪਾਏ । ਜਗਤ ਭੇਖ ਵੇਖ ਵੇਖ ਕਰ ਕਰ ਜਾਇਣ ਹਾਸੀ, ਆਪਣਾ ਆਪ ਪ੍ਰਭ ਰਿਹਾ ਛੁਪਾਏ । ਵੇਲਾ ਅੰਤਮ ਅੰਤ ਕਲ ਆ ਗਿਆ ਸ੍ਰਿਸ਼ਟ ਸਬਾਈ ਕਰਾਏ ਚਰਨ ਦਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ

ਜੋਤ ਮਾਤ ਪਰਗਟਾਏ । ਮਾਤ ਜੋਤ ਅਕਾਰ ਧਰਿਆ । ਧਰੀ ਜੋਤ ਅਵਤਾਰ ਨਰਿਆ । ਕਲਜੁਗ ਅੰਤਮ ਅੰਤ ਪ੍ਰਭ ਸਾਚੇ ਕਰਿਆ । ਗੁਰਮੁਖ ਸਾਚੇ ਸੰਤ ਪ੍ਰਭ ਅਬਿਨਾਸ਼ੀ ਵਰ ਘਰ ਵਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਗੁਰਸਿਖਾਂ ਸਦ ਆਸਾ ਵਰਿਆ । ਗੁਰਮੁਖਾਂ ਪ੍ਰਭ ਆਸ ਪੁਜਾਏ । ਕੋਈ ਨਿਰਾਸ ਨਾ ਦਰ ਤੋਂ ਜਾਏ । ਸਾਚ ਵਾਸ ਜੋਤ ਧਰਾਏ । ਇਕ ਪਰਕਾਸ਼ ਆਪਣਾ ਆਪ ਕਰਾਏ । ਨਾ ਹੋਏ ਕਦੇ ਵਿਨਾਸ, ਸਾਚੀ ਜੋਤ ਡਗਮਗਾਏ । ਭਗਤ ਜਨਾਂ ਪ੍ਰਭ ਹੋਇਆ ਦਾਸ, ਸਰਬ ਅਕਾਲ ਪਤਾਲ ਮਾਤਲੋਕ ਪ੍ਰਭ ਜੋਤ ਪਰਗਟਾਏ । ਬੇਮੁਖਾਂ ਕਰਾਏ ਨਾਸ, ਨਿਹਕਲੰਕ ਕਲ ਜੋਤ ਪਰਗਟਾਏ । ਜੋਤ ਸਰੂਪੀ ਰੱਖੇ ਵਾਸ, ਗੁਰਸਿਖ ਸਾਚੇ ਵਿਚ ਸਮਾਏ । ਮਾਨਸ ਜਨਮ ਕਰਾਏ ਰਾਸ, ਜਿਸ ਜਨ ਸੋਹੰ ਸਾਚਾ ਨਾਮ ਜਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪ ਵਰਤਾਏ । ਵਰਤੇ ਖੇਲ ਜਗਤ ਨਿਆਰੀ । ਆਪੇ ਕਰੇ ਆਪਣੀ ਕਾਰੀ । ਆਇਆ ਮਾਤ ਨੈਣ ਮੁਧਾਰੀ । ਬਾਸ਼ਕ ਛੱਡੀ ਸੇਜ ਸਿੰਘਾਸਣ ਬੈਠ ਚਰਨ ਪਸਾਰੀ । ਜੋਤ ਸਰੂਪੀ ਕੀਆ ਤੇਜ, ਅਗਨ ਜੋਤ ਪ੍ਰਭ ਸ੍ਰਿਸ਼ਟੀ ਸਾੜੀ । ਆਪੇ ਆਇਆ ਆਪਣਾ ਆਪ ਉਪਾਇਆ । ਸਾਚਾ ਨਾਮ ਧਿਆਇਆ । ਸਾਚਾ ਥਾਉਂ ਆਪ ਵਸਾਇਆ । ਸੰਤ ਮਨੀ ਸਿੰਘ ਸੰਗ ਉਪਾਇਆ । ਆਪਣੇ ਭਾਣੇ ਵਿਚ ਟਿਕਾਇਆ । ਜੋਤ ਸਰੂਪੀ ਦੀਪ ਜਗਾਇਆ । ਸਤਿਜੁਗ ਸਾਚੇ ਮਾਣ ਦਵਾਇਆ । ਏਕਾ ਤਾਣ ਆਪਣਾ ਆਪ ਰਖਾਇਆ । ਭਗਤ ਵਛਲ ਪ੍ਰਭ ਗੁਣ ਨਿਧਾਨ ਸਾਚਾ ਤਿਲਕ ਵਿਚ ਲਲਾਟ ਲਗਾਇਆ । ਸੋਹੰ ਸਾਚਾ ਹਾਟ ਖੁਲ੍ਹਾਇਆ । ਆਪੇ ਤੋਲਾ ਤੋਲਣਹਾਰ, ਆਪੇ ਆਪ ਅਖਵਾਇਆ । ਗੁਰਸਿਖਾਂ ਨਾ ਆਵੇ ਘਾਟ, ਆਤਮ ਝੋਲੀ ਪ੍ਰਭ ਦੇ ਭਰਾਇਆ । ਆਪ ਕਟਾਏ ਆਪ ਛੁਡਾਏ ਨਾ ਵਖਾਏ ਔਖਾ ਘਾਟ, ਧਰਮ ਰਾਏ ਨਾ ਦਏ ਸਜਾਇਆ । ਜਨਮ ਨਾ ਪਾਏ ਵਿਚ ਆਨ ਬਾਟ, ਨਿਹਕਲੰਕ ਜਿਸ ਚਰਨੀਂ ਸੀਸ ਝੁਕਾਇਆ । ਗੁਰਮੁਖ ਸਾਚੇ ਦਿਵਸ ਰੈਣ ਰੈਣ ਦਿਵਸ ਸਦ ਰਸਨਾ ਰਾਟ, ਸਾਚਾ ਮਾਰਗ ਪ੍ਰਭ ਆਪ ਲਗਾਇਆ । ਆਪ ਖੁਲ੍ਹਾਵੇ ਆਪ ਤੁੜਾਵੇ ਬਜਰ ਕਪਾਟ, ਸੋਹੰ ਤੀਰ ਆਪ ਚਲਾਇਆ । ਆਤਮ ਰਸ ਰਸਨਾ ਰਸ ਗੁਰਸਿਖ ਚਾਟ, ਮਦਿਰਾ ਮਾਸ ਮਨ ਤਨ ਤਜਾਇਆ । ਕਾਇਆ ਝੂਠੀ ਝੂਠਾ ਮਾਟ, ਵੇਲੇ ਅੰਤ ਪ੍ਰਭ ਭੰਨ ਵਖਾਇਆ । ਮਾਨਸ ਜਨਮ ਆਈ ਘਾਟ, ਬੇਮੁਖਾਂ ਵੇਲਾ ਗਿਆ ਹੱਥ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਹੋਏ ਆਪੇ ਆਪ ਸਹਾਇਆ । ਕਰ ਕਿਰਪਾ ਭਗਤ ਉਧਾਰਦਾ । ਕਰ ਕਿਰਪਾ ਪਾਰ ਉਤਾਰਦਾ । ਕਰ ਕਿਰਪਾ ਜਨਮ ਸਵਾਰਦਾ । ਕਰ ਕਿਰਪਾ ਭਰਮ ਨਿਵਾਰਦਾ । ਕਰ ਕਿਰਪਾ ਆਪੇ ਆਪ ਗੁਰਮੁਖ ਸਾਚੇ ਬ੍ਰਹਮ ਵਿਚਾਰਦਾ । ਕਰ ਕਿਰਪਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਾਜ ਸਵਾਰਦਾ । ਕਿਰਪਾ ਕਰੇ ਆਪ ਗਿਰਧਾਰਾ । ਦੇਵੇ ਦਰਸ ਅਗੰਮ ਅਪਾਰਾ । ਸਾਚਾ ਦੇਵੇ ਸ਼ਬਦ ਅਧਾਰਾ । ਭਰਮ ਭੁਲੇਖਾ ਸਰਬ ਨਿਵਾਰਾ । ਆਤਮ ਲੇਖਾ ਸਚ ਲਿਖਾਰਾ । ਸਾਚੀ ਰੇਖਾ ਗੁਰਸਿਖਾਂ ਲਿਖਾਰੀ, ਪ੍ਰਭ ਰੱਖੇ ਚਰਨ ਦਵਾਰਾ । ਜਗਤ ਮਿਟਾਏ ਝੂਠਾ ਭੇਖਾ, ਨਿਹਕਲੰਕ ਲਿਆ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਕਰਾਏ ਜਗਤ ਸਤਿ ਵਰਤਾਰਾ । ਸਤਿ ਵਰਤਾਏ ਕਰਾਏ ਜੱਗ । ਆਪ ਲਗਾਏ ਆਪਣੇ ਪਗ । ਬੇਮੁਖਾਂ ਜਲਾਏ ਆਤਮ ਅੱਗ । ਸੋਹੰ ਸ਼ਬਦ ਪਹਿਨਾਏ ਸਾਚਾ ਤਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜਗਤ ਧਰਾਏ ਸਾਚਾ ਮਗ । ਸਾਚਾ ਮਗ ਜਗਤ ਧਰਾਇਆ । ਆਤਮ ਤ੍ਰਿਸਨਾ ਅਗਨ ਬੁਝਾਇਆ । ਪ੍ਰਭ ਕਾਹਨਾ ਕ੍ਰਿਸ਼ਨਾ


੩੦੧ ੦੨

ਲਗ ਸਰਨਾਇਆ । ਦਰ ਖੜੇ ਬ੍ਰਹਮਾ ਵਿਸ਼ਨਾ ਸੀਸ ਝੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਆਪ ਉਪਾਇਆ । ਆਪਣਾ ਆਪ ਆਪ ਉਪਾ ਕੇ । ਦੀਪਕ ਜੋਤੀ ਜਗਤ ਜਗਾ ਕੇ । ਸ੍ਰਿਸ਼ਟ ਸੋਤੀ ਆਪ ਉਠਾ ਕੇ । ਚਾਰ ਵਰਨ ਕਰਾਏ ਏਕਾ ਗੋਤੀ, ਸੋਹੰ ਨਾਉਂ ਜਪਾ ਕੇ । ਆਪ ਬਣਾਏ ਮਾਣਕ ਮੋਤੀ, ਆਪਣੇ ਚਰਨ ਲਗਾ ਕੇ । ਏਕਾ ਜਗਾਏ ਸਾਚੀ ਜੋਤੀ, ਨਿਹਕਲੰਕ ਦਇਆ ਕਮਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਈ । ਤੀਨ ਲੋਕ ਵੱਜੇ ਵਧਾਈ । ਸੁਰ ਨਰ ਮੁਨ ਜਨ ਦਰ ਘਰ ਰਹੇ ਜਸ ਗਾਈ । ਬੇਮੁਖਾਂ ਆਤਮ ਸੁੰਞ ਮਸਾਣ ਰਖਾਈ । ਬੇਮੁਖਾਂ ਘਰ ਸੁੰਞ ਮਸਾਣਾ । ਆਪ ਉਲਝਾਇਆ ਆਤਮ ਤਾਣਾ । ਆਪ ਭੁਲਾਇਆ ਜੋਤ ਸਰੂਪੀ ਪਹਰਿਆ ਬਾਣਾ । ਨਾ ਚਰਨ ਲਗਾਇਆ ਰਾਜਾ ਰਾਣਾ । ਤਖ਼ਤੋਂ ਲਾਹਿਆ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਲਿਖਾਏ ਲੇਖ ਲਿਖਤ, ਸੰਤ ਮਨੀ ਸਿੰਘ ਵਾਕ ਭਵਿਖਤ ਆਪੇ ਸਤਿ ਕਰਾਇਆ । ਸ੍ਰਿਸ਼ਟ ਸਬਾਈ ਰਹੇ ਵੇਖੀ ਵੇਖਾ । ਗੁਰਮੁਖ ਵਿਰਲੇ ਨੇਤਰ ਪੇਖਾ । ਜਿਸ ਜਨ ਪ੍ਰਭ ਕਰੇ ਬੁੱਧ ਬਿਬੇਕਾ । ਆਪ ਲਗਾਏ ਗੁਰਸਿਖ ਤੇਰੇ ਮਸਤਕ ਰੇਖਾ । ਸਾਚੇ ਗੁਰਸਿਖ ਆਪ ਉਪਜਾਏ, ਮਾਤਲੋਕ ਲਗਾਈ ਸਾਚੀ ਮੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਇਆ ਪਿਛਲਾ ਲੇਖਾ । ਪਿਛਲਾ ਲੇਖਾ ਆਪ ਚੁਕਾਏ । ਲਹਿਣਾ ਲਹਿਣੇਦਰ ਆਪ ਅਖਵਾਏ । ਦੇਵਣਹਾਰ ਇਕ ਰਘੁਰਾਏ । ਗੁਰਸਿਖਾਂ ਕੀਆ ਹਰਿ ਪਸਾਰ, ਆਪਣੀ ਸਰਨ ਲਗਾਏ । ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰ, ਜਨ ਭਗਤਾਂ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭੇਵ ਕੋਈ ਨਾ ਪਾਏ । ਭੇਵ ਨਾ ਜਾਣੇ ਜੀਵ ਅੰਞਾਣਾ । ਮਾਇਆ ਮਮਤਾ ਵਿਚ ਭੁਲਾਣਾ । ਆਪਣਾ ਆਪ ਜਗਤ ਰੁਲਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੋੜੇ ਸਰਬ ਅਭਿਮਾਨਾ । ਸਰਬ ਸਹਾਰਾ ਆਪੇ ਹੋਇਆ । ਦੇਵਣਹਾਰਾ ਅੱਗੇ ਖਲੋਇਆ । ਸਤਿ ਕਰਤਾਰ ਸਦ ਨਵਾਂ ਨਰੋਇਆ । ਗੁਰਸਿਖਾਂ ਕਰ ਪਿਆਰ, ਸੋਹੰ ਬੀਜ ਆਤਮ ਬੋਇਆ । ਆਪਣੀ ਕਿਰਪਾ ਧਾਰ, ਆਪ ਜਗਾਇਆ ਗੁਰਸਿਖਾਂ ਸੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰ ਦੂਸਰ ਨਾਹੀ ਕੋਇਆ । ਨਾ ਕੋਈ ਦੂਸਰ ਨਾ ਕੋਈ ਦੋਏ । ਏਕਾ ਏਕ ਜੋਤ ਤੀਨ ਲੋਕ ਬਲੋਏ । ਗੁਰਸਿਖ ਸਾਚੇ ਸੰਤ ਸੋਹੰ ਧਾਗੇ ਲਏ ਪਰੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੈਲ ਪਾਪਾਂ ਧੋਏ । ਆਤਮ ਕਰਮ ਆਪ ਨਿਵਾਰਿਆ । ਜਨਮ ਮਰਨ ਗੁਰਸਿਖ ਸਵਾਰਿਆ । ਭਵ ਸਾਗਰ ਪਾਰ ਉਤਾਰਿਆ । ਕਾਚੀ ਗਾਗਰ ਵਿਚ ਜੋਤ ਅਕਾਰਿਆ । ਝੂਠੀ ਦੇਹੀ ਕਾਇਆ ਗਾਗਰ, ਨਾ ਦੀਸੇ ਨੈਣ ਮੁਧਾਰਿਆ । ਨਿਰਮਲ ਕਰਮ ਗੁਰਸਿਖ ਉਜਾਗਰ, ਜਿਸ ਦੇਵੇ ਦਰਸ ਨਿਹਕਲੰਕ ਅਵਤਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਚਰਨ ਨਿਮਸਕਾਰਿਆ । ਨਿਮਸਕਾਰ ਸਦਾ ਗੁਰ ਦੇਵਾ । ਮਿਲਿਆ ਪ੍ਰਭ ਅਲਖ ਅਭੇਵਾ । ਸੋਹੰ ਦੇਵੇ ਰਸਨਾ ਸਾਚਾ ਮੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਵਡ ਦੇਵੀ ਦੇਵਾ । ਸੋਹੰ ਗਾਵਣਾ ਭਰਮ ਚੁਕਾਵਣਾ । ਜਨਮ ਸੁਹਾਵਣਾ ਕਰਮ ਕਮਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਵਿਚੋਂ ਪਾਵਣਾ । ਸੋਹੰ ਗਾਓ ਸੁਖ ਉਪਜਾਓ । ਭਰਮ ਚੁਕਾਓ ਚਿੰਤ ਮਿਟਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਅਗਣਤ ਆਪ ਆਪਣੀ ਬਣਤ ਬਣਾਓ । ਸੋਹੰ ਜਪਣਾ ਕੋਟ ਉਤਾਰੇ ਪਪਣਾ । ਕਲਜੁਗ ਮਾਇਆ ਵਿਚ ਨਾ ਤਪਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾਏ ਆਪੇ ਆਪਣਾ । ਸੋਹੰ ਪਾਇਆ ਰਿਦੇ ਵਸਾਇਆ,

੩੦੨

ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚਾ ਆਪ ਦਿਖਾਇਆ । ਦਰ ਘਰ ਦੀਖਿਆ । ਮੰਗੀ ਸਾਚੀ ਭੀਖਿਆ । ਸੋਹੰ ਦੇਵੇ ਨਾਉਂ, ਧੁਰ ਦਰਗਾਹੋਂ ਲੀਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਸਾਚੀ ਸੀਖਿਆ । ਸਾਚੀ ਸੀਖਿਆ ਗੁਰਸਿੱਖ ਜਾਣ । ਆਪਣਾ ਆਪ ਜੀਵ ਪਛਾਣ । ਕਲਜੁਗ ਨਾ ਭੁਲ ਬਣ ਅੰਞਾਣ । ਨਾ ਜਾਏ ਰੁਲ ਬਣ ਨਿਧਾਨ । ਪ੍ਰਭ ਬਣਾਏ ਕਵਲ ਫੁੱਲ ਜੋ ਜਨ ਰਸਨਾ ਗਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਰਗਹਿ ਦੇਵੇ ਮਾਣ । ਸਾਚੀ ਦਰਗਹਿ ਸਚ ਦਰਬਾਰਾ । ਵਸੇ ਏਕਾ ਇਕ ਕਰਤਾਰਾ । ਏਕਾ ਕਰੇ ਜੋਤ ਅਕਾਰਾ । ਜੋਤ ਸਰੂਪ ਇਕ ਚਮਤਕਾਰਾ । ਏਕਾ ਇਕ ਏਕ ਅਨੇਕ ਵਰਤੇ ਵਿਚ ਸੰਸਾਰਾ । ਤੀਨ ਲੋਕ ਦਿਸੇ ਏਕਾ ਰੰਗ ਥਿਰ ਘਰ ਪ੍ਰਭ ਸਚ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਧਰੇ ਜੋਤ ਨਿਰੰਕਾਰਾ । ਨਿਰੰਕਾਰੀ ਜੋਤ ਅਕਾਰੀ । ਮਾਤ ਪਸਾਰੀ ਭਗਤ ਉਧਾਰੀ ਦੁਸ਼ਟ ਸੰਘਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰੇ ਖੁਆਰੀ । ਸ੍ਰਿਸ਼ਟ ਸਬਾਈ ਕਰੇ ਖੁਆਰ । ਜੋ ਦੱਬੀ ਪਾਪਾਂ ਭਾਰ । ਉਲਟੀ ਨਭੀ, ਅੰਮ੍ਰਿਤ ਡੁੱਲਿਆ ਸਾਚੀ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕੀਆ ਕਰਤਾਰ । ਧਰਤ ਮਾਤ ਅੰਧੇਰੀ ਰਾਤ । ਕਲਜੁਗ ਟੁੱਟਾ ਨਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਪਜਾਏ ਆਪ ਬਣਾਏ ਸੁੱਕੇ ਹਰੇ ਕਰਾਏ ਕਲਜੁਗ ਟੁੱਟੇ ਪਾਤ । ਧਰਤ ਮਾਤ, ਇਕ ਨਾਤ, ਇਕ ਜ਼ਾਤ, ਇਕ ਸਾਤ, ਇਕ ਤਾਤ, ਇਕ ਦਾਤ, ਸੋਹੰ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਬਣਾਏ ਭੈਣ ਭਰਾਤ । ਚਾਰ ਵਰਨ ਕਰਾਏ ਏਕਾ । ਚਾਰ ਵਰਨ ਰਖਾਏ ਏਕਾ ਟੇਕਾ । ਚਾਰ ਵਰਨ ਸੋਹੰ ਕੰਨ ਸੁਣਾਏ ਕਰੇ ਬੁੱਧ ਬਿਬੇਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਆਪੇ ਹੋਏ ਮਾਂ ਪਿਉ ਬੇਟਾ । ਸ੍ਰਿਸ਼ਟ ਸਬਾਈ ਏਕਾ ਮਾਤ । ਸ੍ਰਿਸ਼ਟ ਸਬਾਈ ਗੋਦ ਉਠਾਈ, ਕਲਜੁਗ ਜੀਵ ਵੇਖ ਮਾਰ ਝਾਤ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਲੱਖ ਚੁਰਾਸੀ ਦਿਤੀ ਦਾਤ । ਆਪੇ ਜਾਣੇ ਆਪ ਪਛਾਣੇ, ਆਪੇ ਸੁਣੇ ਭੁਲ ਕੋਈ ਨਾ ਜਾਏ, ਆਪੇ ਪੁੱਛੇ ਸਰਬ ਬਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਜ਼ਾਤ ਪਾਤ । ਗੁਰਸਿਖਾਂ ਸੁਣ ਪੁਕਾਰਾ । ਆਪੇ ਕਰੇ ਸਰਬ ਵਿਚਾਰਾ । ਪਾਵੇ ਸਾਰ ਜਾਓ ਬਲਿਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੀਆ ਖੇਲ ਅਪਾਰਾ । ਸੁਣੇ ਪੁਕਾਰ ਆਪੇ ਦੀਨਾ । ਪ੍ਰਭ ਅਬਿਨਾਸ਼ੀ ਵਡ ਪਰਬੀਨਾ । ਗੁਰਸਿਖ ਤੜਫੇ ਬਿਨ ਜਿਉਂ ਜਲ ਮੀਨਾ । ਪਰਗਟ ਜੋਤ ਦੇਵੇ ਦਰਸ, ਸ਼ਾਂਤ ਕਰਾਏ ਗੁਰਸਿਖ ਸੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਚੀਨਾ । ਰਸਨਾ ਉਚਾਰਿਆ ਜਨਮ ਸਵਾਰਿਆ ਮਿਲਿਆ ਗਿਰਧਾਰਿਆ । ਨਿਹਕਲੰਕ ਅਵਤਾਰਿਆ ਰੂਪ ਅਪਾਰਿਆ । ਰੰਗ ਕਰਤਾਰਿਆ ਵਿਰਲੇ ਕਲ ਵਿਚਾਰਿਆ । ਜਿਸ ਸਿਰ ਰੱਖੇ ਹੱਥ ਕ੍ਰਿਸ਼ਨ ਮੁਰਾਰਿਆ । ਆਤਮ ਦੀਪਕ ਉਜਿਆਰਿਆ । ਜਗੇ ਜੋਤ ਅਗੰਮ ਅਪਾਰਿਆ । ਬੈਠਾ ਅਡੋਲ ਆਪ ਨਿਰੰਕਾਰਿਆ । ਪੜਦੇ ਦੇਵੇ ਖੋਲ੍ਹ, ਜੋ ਜਨ ਦਰ ਆਏ ਹੰਕਾਰਿਆ । ਏਕਾ ਸੋਹੰ ਸ਼ਬਦ ਵਜਾਏ ਢੋਲ, ਸੁਣੇ ਸਰਬ ਸੰਸਾਰਿਆ । ਆਪ ਖੁਲ੍ਹਾਵੇ ਬੇਮੁਖਾਂ ਪੋਲ, ਲਿਖਾਏ ਲੇਖ ਪ੍ਰਭ ਆਪ ਲਿਖਾਰਿਆ । ਗੁਰਸਿਖਾਂ ਸਦਾ ਵਸੇ ਕੋਲ, ਜੋਤ ਸਰੂਪੀ ਵਿਚ ਸਮਾ ਲਿਆ । ਆਪ ਜਗਾਏ ਜਗਤ ਜੋਤੀ, ਆਪ ਮਿਟਾਏ ਆਪੇ ਕਰੇ ਖੇਲ ਅਪਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਖਪਾਏ ਸਤਿਜੁਗ ਮਾਤ ਧਰਾਏ, ਕਲਜੁਗ ਖਪਾ ਲਿਆ ।

ਸਤਿਜੁਗ ਮਾਤ ਧਰਾਇਆ, ਕਲਜੁਗ ਖਪਾਇਆ । ਸਤਿਜੁਗ ਧਰਾਇਆ, ਚਾਰ ਵਰਨ ਇਕ ਕਰਾਇਆ । ਏਕਾ ਸਰਨ ਨਿਹਕਲੰਕ ਰਖਾਇਆ । ਵਰਨ ਬਰਨ ਸਰਬ ਮਿਟਾਇਆ । ਤਾਰਨ ਤਰਨ ਆਪ ਅਖਵਾਇਆ । ਕਰਤਾ ਕਰਨ ਇਕ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਂਡਾ ਭਰਮ ਸ੍ਰਿਸ਼ਟ ਸਬਾਈ ਆਪੇ ਆਪ ਭੰਨਾਇਆ । ਸ੍ਰਿਸ਼ਟ ਸਬਾਈ ਹੋਈ ਅੰਧ । ਮਾਇਆ ਆਤਮ ਹੋਈ ਕੰਧ । ਮਦਿਰਾ ਮਾਸ ਲਗਾਇਆ ਬੱਤੀ ਦੰਦ । ਪ੍ਰਭ ਅਬਿਨਾਸ਼ੀ ਨਾ ਰਸਨਾ ਗਾਇਆ, ਆਪ ਗਵਾਇਆ ਪਰਮਾਨੰਦ । ਅੰਤਮ ਅੰਤ ਕਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰਵਾਜੇ ਕੀਨੇ ਬੰਦ । ਨਾ ਖੁਲ੍ਹੈਂ ਦਰ ਬੰਦ ਕਿਵਾੜ । ਕਲਜੁਗ ਜੀਵ ਹੋਏ ਭਾਗ ਮਾੜ । ਮੌਤ ਘੋੜੀ ਪ੍ਰਭ ਦੇਵੇ ਚਾੜ੍ਹ । ਅਗਨ ਜੋਤ ਵਿਚ ਦੇਵੇ ਸਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਜੋਤ ਅਗਨ ਲਗਾਈ ਵਿਚ ਬਹੱਤਰ ਨਾੜ । ਬਹੱਤਰ ਨਾੜ ਅਗਨ ਲਗਾਈ । ਵੇਖੇ ਵਿਚਾਰੇ ਸੁਣੇ ਲੋਕਾਈ । ਆਪੇ ਬੈਠਾ ਹੋਏ ਬਾਹਰੇ, ਹਾਹਾਕਾਰ ਜਗਤ ਕਰਾਈ । ਕਰੇ ਖੇਲ ਅਪਰ ਅਪਾਰੇ, ਚਾਰ ਕੁੰਟ ਪੈ ਜਾਏ ਦੁਹਾਈ । ਭੱਜਣ ਜਾਇਣ ਨਾਰੀ ਨਾਰੇ, ਭੈਣਾਂ ਛੱਡਣ ਭਾਈ । ਪ੍ਰਭ ਅਬਿਨਾਸ਼ੀ ਖੇਲ ਕਰਾਏ ਆਪਣੀ ਵਾਰੇ, ਸੁਤ ਨਾ ਜਾਣੇ ਮਾਤਾ ਤਾਂਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅਗਨ ਦੇ ਲਗਾਈ । ਜੀਵ ਜੰਤ ਹੋਏ ਬਾਵਲਾ । ਖੇਲ ਰਚਾਈ ਗੁਰ ਗੋਪਾਲਾ । ਸ਼ਬਦ ਬਣਾਏ ਜਗਤ ਦਲਾਲਾ । ਗੁਰਮੁਖ ਵਿਰਲੇ ਕਲਜੁਗ ਭਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਿਖਾਏ ਜੋ ਵਰਤਾਏ ਹਾਲਾ । ਸੋ ਵਰਤੇ ਜੋ ਰਿਹਾ ਲਿਖਾਈ । ਉਪਰ ਧਰਤੇ ਕਹਿਰ ਹੋ ਜਾਈ । ਘਰ ਦਰੇ ਜੀਵ ਤੜਫਾਈ । ਦਰ ਤੇ ਆਏ ਗੁਰਸਿਖ ਧਾਏ ਹੋਏ ਸਹਾਈ । ਲਏ ਬਚਾਏ



ਆਪਣੀ ਸਰਨ ਲਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਮਰਨ ਗੇੜ ਕਟਾਈ । ਆਇਆ ਵਕਤ ਜਗਤ ਅਖ਼ੀਰ । ਸ੍ਰਿਸ਼ਟ ਸਬਾਈ ਹੋਏ ਵਹੀਰ । ਇਕ ਚਲਾਇਆ ਸ਼ਬਦ ਤੀਰ । ਜੋਤ ਖਿਚਾਏ ਅਠਸਠ ਨੀਰ । ਗੰਗਾ ਗੋਦਾਵਰੀ ਨਾ ਦੇਵੇ ਧੀਰ । ਕਲਜੁਗ ਲੱਥੇ ਅੰਤਮ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਜਾਏ ਪੀੜ । ਅੱਠ ਸੱਠ ਤੀਰਥ ਮਾਣ ਗਵਾਇਆ । ਤਟ ਤੀਰਥ ਕੋਈ ਰਹਿਣ ਨਾ ਪਾਇਆ । ਸਾਚਾ ਸੀਰ ਗੁਰ ਅੰਮ੍ਰਿਤ ਪਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਖੇਲ ਰਚਾਇਆ । ਆਪ ਮਿਟਾਏ ਕਲਜੁਗ ਧਾਮਾ । ਜੋਤ ਜਗਾਏ ਖੇਲ ਰਚਾਏ ਰਮਈਆ ਰਾਮਾ । ਨਾਮ ਧਰਾਏ ਘਨਈਆ ਸ਼ਾਮਾ । ਆਪਣਾ ਆਪ ਪਰਗਟਾਏ, ਨਿਹਕਲੰਕ ਕਲ ਪਹਰਿਆ ਜਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਰਚਾਏ ਵਰਤਾਏ, ਸੋਹੰ ਸ਼ਬਦ ਵਜਾਏ ਸਚ ਦਮਾਮਾ । ਜਗੇ ਜੋਤ ਜਗਤ ਨਿਰਾਲੀ । ਸ੍ਰਿਸ਼ਟ ਸਬਾਈ ਹੋਏ ਬੇਹਾਲੀ । ਬੇਮੁਖਾਂ ਆਏ ਰਾਤ ਅੰਧੇਰੀ ਕਾਲੀ । ਸ਼ਬਦ ਪਵਣ ਇਕ ਸੰਗ ਚਲਾਏ ਕਲਜੁਗ ਜੀਵ ਫੁੱਲ ਤੋੜੇ ਡਾਲ੍ਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਰਚਾਏ ਦੋ ਜਹਾਨਾਂ ਵਾਲੀ । ਆਪਣੀ ਰਚਨਾ ਆਪ ਰਚਾਈ । ਆਪੇ ਵੇਖੇ ਵੇਖ ਵਖਾਈ । ਝੂਠੀ ਰੇਖੇ ਆਪ ਮਿਟਾਈ । ਸਾਚੀ ਭੇਖੇ ਵਿਚ ਸਮਾਈ । ਗੁਰਸਿਖ ਲੇਖੇ ਗੁਰ ਦਰ ਆਈ । ਵੇਖਾ ਵੇਖ ਨਾ ਸੀਸ ਝੁਕਾਈ । ਸਾਚਾ ਲੇਖਾ ਆਪ ਲਿਖਾਈ । ਲਿਖਿਆ ਲੇਖ ਨਾ ਕੋਈ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਦੇਵੇ ਵਡਿਆਈ, ਮਸਤੂਆਣੇ ਸਾਚੀ ਮੇਖ ਆਪ ਲਗਾਈ । ਮਸਤੂਆਣੇ ਮੇਖ ਲਗਾ ਕੇ । ਸ਼ਬਦ ਉਚਾਰੇ ਰਸਨਾ ਗਾ ਕੇ । ਜਗਤ ਸੁਣਾਏ ਨਿਹਕਲੰਕ ਓਟ ਰਖਾ

ਕੇ । ਊਚੀ ਕੂਕ ਪੁਕਾਰੇ, ਰੋਏ ਘਗਿਆ ਕੇ । ਰਾਜੇ ਰਾਣੇ ਆਓ ਦਰ, ਨਿਹਕਲੰਕ ਕਲ ਆਇਆ ਜਾਮਾ ਪਾ ਕੇ । ਟੁੱਟੀ ਗੰਢਣਹਾਰ ਟੁੱਟੀ ਗੰਢੇ ਆਪਣੀ ਦਇਆ ਕਮਾ ਕੇ । ਏਕਾ ਜੋਤ ਜਗੀ ਕਰਤਾਰੇ, ਰਾਓ ਰੰਕ ਇਕ ਜਾਏ ਕਰਾ ਕੇ । ਸ੍ਰਿਸ਼ਟ ਸਬਾਈ ਕਰੇ ਪਨਿਹਾਰੇ, ਸੋਹੰ ਸ਼ਬਦ ਜਪਾ ਕੇ । ਅੰਮ੍ਰਿਤ ਆਤਮ ਝਿਰਨਾ ਆਪ ਝਿਰਾ ਕੇ । ਝਿਰਨਾ ਝਿਰੇ ਅਪਰ ਅਪਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਜਾਮ ਪਿਲਾ ਕੇ । ਸੰਤ ਮਨੀ ਸਿੰਘ ਸਤਿਗੁਰ ਜਾਨਿਆਂ । ਪ੍ਰਭ ਅਬਿਨਾਸ਼ੀ ਜਗਤ ਪਛਾਨਿਆਂ । ਦੇਵੇ ਵਡਿਆਈ ਪ੍ਰਭ ਵਿਚ ਸੁਘੜ ਸਿਆਨਿਆਂ । ਚਰਨ ਲਗਾਏ ਪਕੜ ਪਕੜ ਵਡ ਵਡ ਮਹਾਂਰਾਨਿਆਂ । ਆਪਣੀ ਦਇਆ ਕਮਾਏ, ਦੇਵੇ ਜੋਤ ਬਿਰਧਾਂ ਬਾਲ ਅੰਵਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਆਪਣੇ ਭਾਨਿਆਂ । ਏਕਾ ਰੰਗ ਸਰਬ ਸਮਾਏ । ਸਾਚਾ ਸੰਗ ਆਪ ਨਿਭਾਏ । ਅੰਮ੍ਰਿਤ ਚੁਆਏ ਪ੍ਰਭ ਸਾਚਾ ਮੁਖ, ਤਨ ਮਨ ਹਰਾ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਸੁਖ ਉਪਜਾਏ । ਆਪ ਉਪਜਾਏ ਸਾਚਾ ਸੁਖ । ਚਿੰਤਾ ਸੋਗ ਮਿਟਾਏ ਆਤਮ ਗਵਾਏ ਤ੍ਰਿਸ਼ਨਾ ਭੁੱਖ । ਹਉਮੇ ਰੋਗ ਜਲਾਏ, ਸੋਹੰ ਬੀਜ ਬਿਜਾਏ ਆਤਮ ਚੰਦਨ ਰੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ, ਵਾਸ ਨਾ ਪਾਏ ਮਾਤ ਕੁੱਖ । ਅੰਮ੍ਰਿਤ ਮੁਖ ਆਪ ਚੁਆਇਆ । ਸਾਚੇ ਤੀਰਥ ਗੁਰਸਿਖ ਨਵ੍ਹਾਇਆ । ਸਾਚਾ ਸੀਰਥ ਆਪ ਪਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਨੀਰਥ ਆਪ ਵਹਾਇਆ । ਅੰਮ੍ਰਿਤ ਸਾਚਾ ਮੁਖ ਚੁਆਏ । ਆਤਮ ਭਰਮ ਭਉ ਗਵਾਏ । ਜਗਤ ਰੋਗ ਸਰਬ ਮਿਟਾਏ । ਸਾਚਾ ਨਾਉਂ ਵਿਚ ਵਸਾਏ । ਸਾਚੀ ਦਰਗਹਿ ਦੇਵੇ ਥਾਉਂ, ਧਰਮ ਰਾਏ ਨਾ ਦਏ ਸਜਾਏ । ਪ੍ਰਭ ਅਬਿਨਾਸ਼ੀ ਅਗੰਮ ਅਥਾਹੋ ਭੇਵ ਕੋਈ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਹੋਏ ਸਹਾਏ । ਅੰਮ੍ਰਿਤ ਪਿਆਇਆ ਸੁਖ ਉਪਜਾਇਆ ਦੁਖ ਮਿਟਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰਮ ਆਪ ਕਮਾਇਆ । ਅੰਮ੍ਰਿਤ ਲਾਏ ਰਸਨਾ ਰਸ । ਸਰਬ ਘਟਾਂ ਪ੍ਰਭ ਜਾਏ ਵਸ । ਆਪ ਉਪਜਾਏ ਆਤਮ ਰਸ । ਪ੍ਰਭ ਅਬਿਨਾਸ਼ੀ ਹੋਏ ਵਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਗੁਰ ਸੰਗਤ ਆਏ ਨਸ । ਪ੍ਰਭ ਅੰਮ੍ਰਿਤ ਮੁਖ ਚੁਆਇਆ । ਆਪੇ ਬਣੇ ਦਾਈ ਦਾਇਆ । ਮਾਤ ਗਰਭ ਹੋਏ ਸਹਾਇਆ । ਉਲਟਾ ਬਿਰਖ ਆਪ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਸਮਾਇਆ । ਅੰਮ੍ਰਿਤ ਦੇਵੇ ਸਾਚਾ ਨੀਰ । ਆਪ ਗਵਾਏ ਹਉਮੇ ਪੀੜ । ਭਗਤ ਉਧਾਰੇ ਦੇਵੇ ਧੀਰ । ਕਲਜੁਗ ਮਾਇਆ ਦੇਵੇ ਚੀਰ । ਜਿਸ ਜਨ ਮਿਲਿਆ ਸਾਚਾ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਆਤਮ ਧੀਰ । ਘਿਰਨਾ ਘੇਰ ਪ੍ਰਭ ਦੇਵੇ ਕੱਢ । ਆਪ ਕਰਾਏ ਸੁਖਾਲੇ ਹੱਡ । ਕਾਇਆ ਹੋਈ ਅੰਧੇਰੀ ਖੱਡ । ਆਪਣਾ ਬੀਆ ਲੈਣਾ ਵੱਢ । ਪ੍ਰਭ ਦਰ ਮੰਗੇ ਦੋਵੇਂ ਹੱਥ ਅੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੁਖ ਹਰ ਅਵਤਾਰ ਨਰ ਸੁਖ ਕਰ ਆਪ ਕਰਾਏ ਸੁਖਾਲੇ ਹੱਡ । ਆਤਮ ਦੁਖ ਮਿਟੇ ਸੋਗ । ਨਾ ਰਹੇ ਚਿੰਤ ਨਾ ਰਹੇ ਰੋਗ । ਸੋਹੰ ਦੀਆ ਸਾਚਾ ਯੋਗ । ਦੇਵੇ ਦਰਸ ਪ੍ਰਭ ਅਮੋਘ । ਸਾਚਾ ਰਸ ਆਤਮ ਭੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਖਿਟਾ ਰੋਗ । ਜੀਵ ਦੁਖੀਆ ਹੋਏ ਲਾਚਾਰ । ਝੂਠੇ ਦਿਸੇ ਜਗਤ ਵਿਹਾਰ । ਨਾ ਦਿਸੇ ਆਤਮ ਕੋਈ ਸਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਧਾਰੇ ਕਿਰਪਾ ਧਾਰ । ਆਤਮ ਦੁਖ ਆਪ

ਨਿਵਾਰਿਆ । ਆਪ ਕੱਢਾਏ ਖਾਦਾ ਪਾਰਿਆ । ਹੱਡ ਹੱਡ ਵਿਚ ਫਿਰਿਆ ਆਰਿਆ । ਸੋਹੰ ਕੀਨੀ ਸਾਚੀ ਕਾਰਿਆ । ਅੰਮ੍ਰਿਤ ਮੁਖ ਚੁਆਇਆ ਜਿਉਂ ਬਾਲਕ ਮਾਤਾ ਸੀਰ ਬੱਤੀ ਧਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਵੇ ਸਾਚੀ ਸਾਰਿਆ । ਆਪੇ ਪਾਵੇ ਸਾਰ । ਦੁਖੀਆਂ ਦੁਖ ਦੇਵੇ ਨਿਵਾਰ । ਭੁੱਖਿਆਂ ਦੇਵੇ ਸ਼ਬਦ ਅਧਾਰ । ਸਚ ਸ਼ਬਦ ਜੀਵ ਰਸਨ ਉਚਾਰ । ਆਪਣਾ ਬੇੜਾ ਕਰ ਲੈ ਪਾਰ । ਹੇਰਾ ਫੇਰਾ ਛੱਡ, ਸਾਚਾ ਕਰ ਵਣਜ ਵਪਾਰ । ਪ੍ਰਭ ਦਰਸ ਦਿਖਾਏ ਨਾ ਲਾਏ ਦੇਰ, ਨਾ ਦਿਸੇ ਪਾਸਾ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਏ ਕਰਮ ਵਿਚਾਰ । ਸੰਤਾਂ ਅੰਗ ਸੰਗ ਸਦ ਹੋਏ । ਆਪੇ ਕੱਟੇ ਭੁੱਖ ਨੰਗ, ਆਪ ਆਪਣਾ ਸਿਰ ਹੱਥ ਟਿਕਾਏ । ਵਡ ਦਾਤਾ ਸੂਰਾ ਸਰਬੰਗ, ਦੇਵਣਹਾਰ ਇਕ ਅਖਵਾਏ । ਆਤਮ ਚਾੜ੍ਹੇ ਮਜੀਠੀ ਰੰਗ, ਉਤਰ ਨਾ ਜਾਏ । ਬੇਮੁਖਾਂ ਤੋੜੇ ਜਿਉਂ ਕਾਚੀ ਵੰਗ, ਨਾ ਕੋਈ ਜੁੜਾਏ । ਗੁਰਸਿਖ ਸਾਚੇ ਸਾਚੇ ਦਰ ਨਾ ਸੰਗ, ਬਾਹੋਂ ਪਕੜ ਪ੍ਰਭ ਸਾਚਾ ਪਾਰ ਕਰਾਏ । ਪਾਰ ਕਰਾਏ ਗੁਰਸਿਖ ਬੇੜਾ । ਆਪ ਕਟਾਏ ਚੁਰਾਸੀ ਗੇੜਾ । ਬਿਨ ਪ੍ਰਭ ਸਾਚੇ ਕਲਜੁਗ ਪਾਰ ਲੰਘਾਏ ਕਿਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਨ੍ਹਾਏ ਗੁਰਸਿਖ ਬੇੜਾ । ਗੁਰਸਿਖ ਬੇੜਾ ਆਪ ਬੰਨ੍ਹ । ਆਪ ਉਠਾਏ ਆਪਣੇ ਕੰਧ । ਆਪ ਉਚਾਰੇ ਆਪਣੀ ਰਸਨ, ਆਪ ਉਤਾਰੇ ਆਤਮ ਜਨ । ਝੂਠੇ ਭਾਂਡੇ ਪ੍ਰਭ ਦੇਵੇ ਭੰਨ । ਸੋਹੰ ਸ਼ਬਦ ਗੁਰਸਿਖ ਸੁਣਾਵੇ ਕੰਨ । ਦੇਵੇ ਸ਼ਬਦ ਸੱਚਾ ਮਾਲ ਧਨ ਨਾ ਲੱਗੇ ਸੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਗੁਰਸਿਖਾਂ ਬੇੜਾ ਲਿਆ ਆਪੇ ਬੰਨ੍ਹ । ਬੇੜਾ ਬੰਨ੍ਹ ਬੰਦੀ ਤੋੜ । ਆਪੇ ਲਏ ਟੁੱਟੀ ਜੋੜ । ਗੁਰਸਿਖ ਸਾਚੇ ਪ੍ਰਭ ਸਾਚੇ ਦੀ ਸਾਚੀ ਲੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਚਰਨੀਂ ਜੋੜ । ਚਰਨ ਪ੍ਰੀਤੀ ਬਖ਼ਸ਼ੇ ਦਾਤ । ਜਗਤ ਰਖਾਏ ਸਾਚਾ ਨਾਤ । ਸੋਹੰ ਦੇਵੇ ਵਡ ਕਰਾਮਾਤ । ਗੁਰਸਿਖ ਪੜ੍ਹਾਏ ਇਕ ਜਮਾਤ । ਆਪ ਵਡਿਆਏ ਵਿਚ ਮਾਤ । ਆਪਣੀ ਜੋਤ ਜਗਾਏ, ਆਤਮ ਮਿਟਾਏ ਅੰਧੇਰੀ ਰਾਤ । ਏਕਾ ਗੋਤ ਬਣਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਕਰਾਏ ਜ਼ਾਤ ਪਾਤ । ਜ਼ਾਤ ਪਾਤ ਇਕ ਕਰ । ਸਾਚਾ ਨਾਤ ਆਪ ਕਰ । ਪੁੱਛੇ ਵਾਤ ਇਕ ਕਰ । ਏਕਾ ਪਿਤ ਏਕਾ ਮਾਤ ਇਕ ਘਰ । ਏਕਾ ਸੋਹੰ ਸਾਚੀ ਦਾਤ ਸ੍ਰਿਸ਼ਟ ਸਬਾਈ ਵਿਚ ਧਰ । ਗੁਰਸਿਖਾਂ ਦੇਵੇ ਸ਼ਬਦ ਦਾਤ, ਆਤਮ ਪਤਤ ਪੁਨੀਤ ਕਰ । ਗੁਰਸਿਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਸਾਜਨ ਮੀਤ ਕਰ । ਸੱਜਣ ਸੁਹੇਲਾ ਤੇਰਾ ਮੀਤਾ । ਪ੍ਰਭ ਅਬਿਨਾਸ਼ੀ ਰਾਖੇ ਚੀਤਾ । ਆਪ ਚਲਾਵੇ ਆਪਣੀ ਰੀਤਾ । ਏਕਾ ਵਡਿਆਈ ਸੋਹੰ ਸ਼ਬਦ ਅਠਾਰਾਂ ਧਿਆਏ ਗੀਤਾ । ਹੋਏ ਆਪ ਸਹਾਈ, ਸ੍ਰਿਸ਼ਟ ਸਬਾਈ ਆਪੇ ਜੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਪ ਜੀਵ ਤੇਰੀ ਆਤਮ ਸਦ ਅਤੀਤਾ । ਆਤਮ ਅਤੀਤ ਮਿਲੇ ਜਗ ਜੀਤ । ਪਰਖੇ ਨੀਤ ਗੁਰਸਿਖ ਤੇਰੀ ਕਾਇਆ ਕੀਨੀ ਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਮਾਨਸ ਜਨਮ ਜਾਏ ਜਗ ਜੀਤ । ਮਾਨਸ ਜਨਮ ਗੁਰਸਿਖ ਜੀਤਿਆ । ਪ੍ਰਭ ਸਾਚੇ ਸੰਗ ਸਾਚੀ ਹਿਤਿਆ । ਅੰਮ੍ਰਿਤ ਆਤਮ ਪ੍ਰਭ ਸਾਚੇ ਸੀਤਿਆ । ਆਪੇ ਸਖਾ ਸਹਾਈ ਸੱਚਾ ਮੀਤਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਕਰ ਦਰਸ ਵੇਲਾ ਹੱਥ ਨਾ ਆਵੇ ਬੀਤਿਆ । ਹੱਥ ਨਾ ਆਏ ਵੇਲਾ । ਪ੍ਰਭ ਆਇਆ ਸੱਜਣ ਸੁਹੇਲਾ । ਜੁਗਾਂ ਜੁਗਾਂ ਦੇ ਵਿਛੜੇ ਆਪ ਕਲ ਕਰਾਇਆ ਮੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਪਾਰਬ੍ਰਹਮ

ਪ੍ਰਭ ਅਚਰਜ ਖੇਲ, ਆਪ ਕਰਾਏ ਵਿਛੜਿਆਂ ਮੇਲ । ਆਤਮ ਜੋਤ ਜਗਾਏ ਬਿਨ ਬਾਤੀ ਬਿਨ ਤੇਲ । ਆਪਣਾ ਆਪ ਵਿਚ ਟਿਕਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਆਪਣਾ ਮੇਲ । ਮੇਲ ਮਿਲਾਵਾ ਆਪੇ ਦਸ । ਆਪੇ ਹਿਰਦੇ ਜਾਏ ਵਸ । ਕਾਮ ਕਰੋਧ ਮੋਹ ਆਪੇ ਜਾਇਣ ਨੱਸ । ਗੁਰਸਿਖਾਂ ਆਤਮ ਹੋਏ ਵਸ । ਏਕਾ ਜੋਤ ਕਰੇ ਪਰਕਾਸ਼, ਕੋਟਨ ਕੋਟ ਰਵ ਸਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਸਾਚਾ ਘਰ ਗੁਰ ਸੰਗਤ ਆਏ ਨੱਸ । ਉਠ ਜੀਵ ਜਾਗ ਵਕ਼ਤ ਵਿਹਾਇਆ । ਉਠ ਜੀਵ ਜਾਗ, ਕਿਉਂ ਜਗਤ ਪਾਈ ਮਾਇਆ । ਉਠ ਜੀਵ ਜਾਗ, ਆਪਣਾ ਮੂਲ ਕਿਉਂ ਗਵਾਇਆ । ਉਠ ਜੀਵ ਜਾਗ, ਆਤਮ ਧੋ ਦਾਗ਼ ਨਿਹਕਲੰਕ ਕਲ ਜਾਮਾ ਪਾਇਆ । ਉਠ ਜੀਵ ਜਾਗ, ਪ੍ਰਭ ਸਾਚਾ ਦਇਆ ਕਮਾਇਆ । ਉਠ ਜੀਵ ਜਾਗ, ਕਿਉਂ ਮਾੜੇ ਭਾਗ, ਕਲਜੁਗ ਗੂੜ੍ਹੀ ਨੀਂਦ ਸਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਥਿਰ ਘਰ ਦੇ ਪੁਚਾਇਆ । ਉਠ ਜੀਵ ਜਾਗ, ਵਕ਼ਤ ਅਖ਼ੀਰ । ਉਠ ਜੀਵ ਜਾਗ, ਕਿਉਂ ਤੁਟਾ ਧੀਰ । ਉਠ ਜੀਵ ਜਾਗ, ਸਿਰ ਲੱਥਾ ਚੀਰ । ਉਠ ਜੀਵ ਜਾਗ, ਨਿਹਕਲੰਕ ਕਲ ਜਾਮਾ ਪਾਇਆ ਵਡ ਪੀਰਨ ਪੀਰ । ਉਠ ਜੀਵ ਜਾਗ, ਪ੍ਰਭ ਸਾਚਾ ਕੱਟੇ ਭੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਵੇਲੇ ਅੰਤ ਦੇਵੇ ਪੀੜ । ਉਠ ਜੀਵ ਜਾਗ, ਪ੍ਰਭ ਦਰ ਆ । ਉਠ ਜੀਵ ਜਾਗ ਪ੍ਰਭ ਅਬਿਨਾਸ਼ੀ ਸਾਚਾ ਪਾ । ਉਠ ਜੀਵ ਜਾਗ, ਆਤਮ ਘਰ ਵਸਾ । ਉਠ ਜੀਵ ਜਾਗ, ਜੋਤ ਸਰੂਪੀ ਹਰਿ ਬੈਠਾ ਜੋਤ ਜਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਬੇਪਰਵਾਹ । ਵਡ ਦਾਤਾ ਗੁਣੀ ਗਹੀਰਾ । ਬੇਮੁਖਾਂ ਕਰੇ ਵਹੀਰਾ । ਗੁਰਸਿਖਾਂ ਕੱਟੇ ਭੀੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਉਠਾਏ ਬੀੜਾ । ਸੋਹੰ ਬੀੜਾ ਆਪ ਉਠਾਇਆ । ਆਪ ਆਪਣੇ ਸੰਗ ਪਠਾਇਆ । ਉਲਟੀ ਲੱਠ ਜਗਤ ਗਿੜਾਇਆ । ਆਪੇ ਚਾੜ੍ਹੇ ਸੋਹੰ ਸਾਚੇ ਭੱਠ, ਅਗਨ ਮਮਤਾ ਜੋਤ ਲਗਾਇਆ । ਗੁਰਸਿਖ ਰੱਖੇ ਆਤਮ ਹਠ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਇਆ । ਜੋਤ ਸਰੂਪੀ ਦੇਵੇ ਦਰਸ । ਗੁਰਸਿਖਾਂ ਕਰੇ ਆਪੇ ਤਰਸ । ਅੰਮ੍ਰਿਤ ਸਾਚਾ ਮੇਘ ਪ੍ਰਭ ਦੇਵੇ ਬਰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ, ਆਪ ਮਿਟਾਏ ਗੁਰਸਿਖ ਹਰਸ । ਗੁਰਸਿਖ ਹਰਸ ਆਪ ਮਿਟਾਈ । ਕਰ ਤਰਸ ਦਇਆ ਕਮਾਈ । ਦੇਵੇ ਵਡਿਆਈ ਸੁਣੇ ਲੋਕਾਈ । ਸਾਧ ਸੰਗਤ ਇਕ ਰੰਗ ਰੰਗਾਈ । ਰੰਗਤ ਨਾਮ ਆਪ ਚੜ੍ਹਾਈ । ਅੰਗਦ ਅੰਗੀਕਾਰ ਆਪ ਅਖਵਾਈ । ਗੁਰਸਿਖ ਦਰ ਤੇ ਆਏ ਮੰਗਤ, ਸਾਚੀ ਭਿਛਿਆ ਪ੍ਰਭ ਝੋਲੀ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਪਾਏ ਸਾਚੀ ਸੰਗਤ, ਜੋਤ ਸਰੂਪੀ ਸਦ ਵਿਚ ਸਮਾਈ । ਗੁਰ ਸੰਗਤ ਪ੍ਰਭ ਸਦ ਸਮਾਇਆ । ਸੰਗਤ ਗੁਰ ਗੁਰ ਸੰਗਤ ਆਪ ਅਖਵਾਇਆ । ਗੁਰ ਸੰਗਤ ਸੰਗ ਆਪ ਰਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਵਿਚ ਧਰਾਇਆ । ਗੁਰ ਸੰਗਤ ਕਲ ਕੀਨੀ ਵੱਖ । ਵੇਲੇ ਅੰਤ ਪ੍ਰਭ ਲਏ ਰੱਖ । ਬੇਮੁਖ ਜੀਵ ਕਰਾਏ ਲੱਖ ਕੱਖ । ਸ੍ਰਿਸ਼ਟ ਸਬਾਈ ਹੋਏ ਭੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤਾਏ, ਨਾ ਕੋਇ ਸਕੇ ਰੱਖ । ਵਰਤੇ ਕਲ ਜਗਤ ਅੰਧੇਰਾ । ਨ ਜਾਏ ਟਲ ਏਕਾ ਆਏ ਵੇਲਾ । ਸ੍ਰਿਸ਼ਟ ਸਬਾਈ ਜਾਏ ਹਲ, ਨਿਹਕਲੰਕ ਕਲ ਪਾਇਆ ਫੇਰਾ । ਆਪ ਕਰਾਏ ਜਲ ਥਲ, ਥਲ ਜਲ ਕਰਾਏ ਨਾ ਲਾਏ ਦੇਰਾ । ਜੋਤ ਪਰਗਟਾਏ ਨਾ ਲਾਏ ਘੜੀ ਪਲ, ਗੁਰਸਿਖ ਸਾਚੇ ਵਿਚ ਵਸੇਰਾ । ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਸਦ ਜਾਓ ਬਲ, ਆਪੇ ਤਾਰੇ ਕਰ ਕੇ ਮਿਹਰਾ । ਆਪੇ ਤਾਰੇ ਵਡ ਮਿਹਰਵਾਨ । ਆਪ ਉਧਾਰੇ ਇਕ ਭਗਵਾਨ । ਪਾਵੇ ਸਾਰੇ ਦੇਵੇ ਜੀਆ ਦਾਨ । ਸ਼ਬਦ ਉਧਾਰੇ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਗੁਣ ਗੁਣੀ ਨਿਧਾਨ । ਗੁਣ ਨਿਧਾਨ ਆਪ ਭਗਵੰਤਾ । ਚਤੁਰ ਸੁਜਾਨ ਸਾਚੇ ਸੰਤਾ । ਬਲੀ ਬਲਵਾਨ ਆਪ ਅਖਵੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਵਕ਼ਤ ਆਪ ਸੁਹੰਤਾ । ਵਕ਼ਤ ਸੁਹਾਵਣਾ ਕਰਮ ਕਮਾਵਣਾ । ਜੋਤ ਪਰਗਟਾਵਣਾ ਭੇਖ ਵਟਾਵਣਾ । ਸ਼ਬਦ ਸੁਣਾਵਣਾ ਰਾਓ ਰੰਕ ਨਿਵਾਵਣਾ । ਸਰਬ ਸ਼ੰਕ ਮਿਟਾਵਣਾ । ਇਕ ਅਟੰਕ ਆਪ ਰਹਾਵਣਾ । ਦਵਾਰ ਬੰਕ ਆਪ ਸੁਹਾਵਣਾ । ਸੋਹੰ ਡੰਕ ਜਗਤ ਵਜਾਵਣਾ । ਰਾਓ ਰੰਕ ਉਠਾਵਣਾ । ਏਕਾ ਅੰਕ ਆਪ ਅਖਵਾਵਣਾ । ਗੁਰਸਿਖ ਉਧਾਰੇ ਜਿਉਂ ਭਗਤ ਜਨਕ, ਬਲ ਉਧਾਰੇ ਜਿਉਂ ਧਾਰ ਰੂਪ ਬਾਵਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਫੇਰ ਅਖਵਾਵਣਾ । ਨਿਹਕਲੰਕ ਕਲ ਵਰਤਾ ਕੇ । ਆਪਣੇ ਭਾਣੇ ਸਰਬ ਚਲਾ ਕੇ । ਰਾਜੇ ਤਖ਼ਤੋਂ ਲਾਹ ਕੇ । ਅੰਞਾਣੇ ਨਿਮਾਣੇ ਸਰਨ ਲਗਾ ਕੇ । ਭਾਗ ਨਿਮਾਣੇ ਗਲੇ ਲਗਾ ਕੇ । ਵਡ ਵਡ ਮਹਾਂਰਾਣੇ ਖ਼ਾਕ ਰੁਲਾ ਕੇ । ਸ੍ਰਿਸ਼ਟ ਸਬਾਈ ਆਪਣੇ ਭਾਣੇ ਆਪ ਚਲਾ ਕੇ । ਸਾਚੀ ਜੋਤ ਧਰੇ ਭਗਵਾਨੇ, ਸੋਹੰ ਨਾਉਂ ਜਪਾ ਕੇ । ਗੁਰਸਿਖ ਵਿਰਲਾ ਰੰਗ ਸਾਚਾ ਮਾਣੇ, ਪ੍ਰਭ ਚਰਨੀਂ ਸੀਸ ਨਿਵਾ ਕੇ । ਬੇਮੁਖ ਭੁੰਨਾਏ ਜਿਉਂ ਭਠਿਆਲੇ ਦਾਣੇ, ਅਗਨ ਜੋਤ ਪ੍ਰਭ ਆਪ ਲਗਾ ਕੇ । ਆਪ ਭੁਲਾਏ ਵਡ ਵਡ ਸੁਘੜ ਸਿਆਣੇ, ਪ੍ਰਭ ਕਲਜੁਗ ਮਾਇਆ ਪਾ ਕੇ । ਗੁਰਸਿਖ ਸਾਚੇ ਬਾਲ ਅੰਞਾਣੇ, ਪ੍ਰਭ ਰੱਖੇ ਆਪਣੀ ਗੋਦ ਉਠਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸੁਵਰਨ ਸਾਚੇ ਧਾਮ ਜਾਏ ਬਹਾ ਕੇ । ਸਾਚੇ ਧਾਮ ਗੁਰਸਿਖ ਵਸਾਇਆ । ਸਾਚੇ ਰਾਮ ਦਰ ਅੱਗੇ ਬਹਾਇਆ । ਪੂਰਨ ਕੀਆ ਕਾਮ ਲਹਿਣਾ ਦੇਣਾ ਸਚ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰਬਾਨ ਆਪਣਾ ਆਪ ਬਹਾਇਆ । ਆਪੇ ਬਣਿਆਂ ਵਡ ਦਰਬਾਰੀ । ਸਿੰਘਾਸਣ ਬੈਠੇ ਜੋਤ ਨਿਰੰਕਾਰੀ । ਸਿੰਘ ਸਵਰਨ ਸੋਹੇ ਚਰਨ ਦਵਾਰੀ । ਸਿੰਘ ਪਾਲ ਸਿਰ ਛਤਰ ਝੁਲਾਰੀ । ਦੇਵੇ ਵਡਿਆਈ ਪ੍ਰਭ ਗਿਰਧਾਰੀ । ਸਚਖੰਡ ਖੇਲ ਨਿਆਰੀ । ਏਕਾ ਜੋਤ ਪ੍ਰਭ ਤੀਨ ਲੋਕ ਕਰੇ ਅਕਾਰੀ । ਇੰਦਲੋਕ ਸ਼ਿਵਲੋਕ ਬ੍ਰਹਮਲੋਕ ਹੋਏ ਜੈ ਜੈ ਜੈਕਾਰੀ । ਅੰਤਮ ਅੰਤ ਆ ਗਿਆ, ਬ੍ਰਹਮਾ ਛੱਡਿਆ ਸਚ ਘਰ ਬਾਹਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਮਿਲਾ ਲਿਆ, ਸਿੰਘ ਪਾਲ ਦੇਵੇ ਸੱਚੀ ਸਿਕਦਾਰੀ । ਪਾਲ ਸਿੰਘ ਪ੍ਰਭ ਮਾਣ ਦਵਾਇਆ । ਸਾਚੇ ਧਾਮ ਆਪ ਬਹਾਇਆ । ਪੂਰਨ ਕਾਮ ਆਪ ਕਰਾਇਆ । ਸਾਚਾ ਨਾਮ ਆਪ ਜਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮਾ ਬ੍ਰਹਮ ਸਰੂਪ ਜੋਤੀ ਜੋਤ ਮਿਲਾਇਆ । ਸਿੰਘ ਪਾਲ ਮਿਲੇ ਵਡਿਆਈ । ਸ੍ਰਿਸ਼ਟ ਸਬਾਈ ਹੱਥ ਫੜਾਈ । ਆਪੇ ਬਣੇ ਸਚ ਰਥਵਾਹੀ । ਪ੍ਰਭ ਕੀ ਮਹਿੰਮਾ ਅਕਥ ਕਥੀ ਨਾ ਜਾਈ । ਮਹਾਂਸਾਰਥੀ ਆਪ ਅਖਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਤੇਰੀ ਵਡਿਆਈ । ਪ੍ਰਭ ਵਡਿਆਈ ਕਿਆ ਕੋਈ ਜਾਣੇ । ਆਪਣਾ ਆਪ ਨਾ ਜੀਵ ਪਛਾਣੇ । ਗੁਰਮੁਖ ਸਾਚਾ ਸਚ ਰੰਗ ਮਾਣੇ । ਸਾਚੀ ਦਰਗਹਿ ਪ੍ਰਭ ਦੇਵੇ ਮਾਣੇ । ਜਿਥੇ ਵਸੇ ਆਪ ਭਗਵਾਨ ਨਾ ਰੋਏ ਨਾ ਹੱਸੇ ਸਦ ਇਕ ਰੰਗ ਸਮਾਣੇ । ਮਹਾਰਾਜ ਸ਼ੇਰ ਸਿੰਘ ਸਰਬ ਘਟਾਂ ਦੀ ਆਪੇ ਜਾਣੇ ਸਤਿਗੁਰ ਸਾਚਾ ਸਰਬ ਘਟਾਂ ਦੀ ਆਪੇ ਜਾਣ । ਗੁਰਮੁਖ ਸਾਚਾ ਲਏ ਪਛਾਣ । ਆਪੇ ਬਖ਼ਸ਼ੇ ਚਰਨ ਧਿਆਨ । ਆਤਮ ਜੋਤ ਜਗੇ ਮਹਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਦੇਵੇ ਨਾਮ ਦਾਨ ।


੩੦੮ ੦੨

ਹਰਿ ਮੰਗਲ ਗਾਵਣਾ ਆਤਮ ਸੁਖ ਪਾਵਣਾ । ਸਾਚਾ ਸੁਖ ਗੁਰ ਆਪ ਉਪਜਾਵਣਾ । ਆਪ ਮਿਟਾਏ ਚਿੰਤਾ ਦੁੱਖ, ਸੋਹੰ ਸਾਚਾ ਨਾਮ ਜਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮਾਰਗ ਆਪ ਲਗਾਵਣਾ । ਕਰਮ ਧਰਮ ਦੋਏ ਜਗਤ ਧਰਾਇਆ । ਗੁਰਮੁਖ ਜਨਮ ਮਾਤ ਦਵਾਇਆ । ਕਲਜੁਗ ਜੀਵ ਭਾਂਡੇ ਕੱਚ, ਵਿਚ ਕੁਕਰਮ ਆਪ ਫਸਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਬ੍ਰਹਮ ਸਦ ਵਿਚ ਸਮਾਇਆ । ਬ੍ਰਹਮ ਸਰੂਪ ਰੰਗ ਅਨੂਪ । ਵਡ ਵਡ ਭੂਪ ਏਕਾ ਜੋਤ ਜਗਾਈ ਮਹਿੰਮਾ ਜਗਤ ਅਨੂਪ । ਕਲ ਆਇਆ ਸਤਿ ਕਰਤਾਰ, ਜੋਤ ਅਧਾਰ, ਸ਼ਬਦ ਪਿਆਰ, ਭਗਤ ਉਧਾਰ, ਜਾਏ ਪੈਜ ਸਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਅਵਤਾਰ ਨਰਿਆ ਜੋਤ ਧਰਿਆ । ਪੂਰਨ ਆਸਾ ਵਰਿਆ ਭਗਤ ਜਨਾਂ ਸਦ ਹੋਏ ਦਾਸਾ, ਦਰ ਦਵਾਰੇ ਅੱਗੇ ਖੜਿਆ । ਮਾਨਸ ਜਨਮ ਕਰਾਏ ਰਾਸਾ, ਬੇਮੁਖ ਦਰ ਆਏ ਹਾਸਾ, ਮਾਨਸ ਜਨਮ ਵਿਚ ਕਲ ਹਾਰਿਆ । ਗੁਰਸਿਖ ਸਾਚੇ ਚਰਨ ਭਰਵਾਸਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਨ ਤਨ ਤਨ ਮਨ ਆਪੇ ਹਰਿਆ ਕਰਿਆ । ਤਨ ਮਨ ਹਰਾ ਕਰਾਏ ਆਪ । ਸੋਹੰ ਧਨ ਦਵਾਏ ਆਪ । ਸਾਚਾ ਰਾਗ ਕੰਨ ਸੁਣਾਏ ਆਪ । ਆਤਮ ਜੀਵ ਜਾਏ ਮਨ, ਸਤਿ ਪੁਰਖਾਂ ਦੇਵੇ ਸਾਚਾ ਜਾਪ । ਆਤਮ ਧੀਰਜ ਦੇਵੇ ਬੰਨ੍ਹ, ਬੈਠਾ ਦਿਸੇ ਸਦ ਇਕਾਂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚੀ ਦੇਹੀ ਸਾਚਾ ਪਿੰਡ ਪਰਾਂਤ । ਪਿੰਡ ਪਰਾਂਤ ਵਸੇ ਜੀਆ । ਜੋਤ ਸਰੂਪੀ ਪ੍ਰਭ ਆਪ ਜਗਾਇਆ ਆਤਮ ਸਾਚਾ ਦੀਆ । ਪੂਰਬ ਲਹਿਣਾ ਆਪ ਚੁਕਾਏ ਜੋ ਪ੍ਰਭ ਸਾਚੇ ਬੀਆ । ਆਪ ਕਰਾਏ ਸਾਚਾ ਹੀਆ । ਜਗਤ ਰਖਾਏ ਨੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਆਪ ਆਪਣੇ ਜਿਹਾ ਕੀਆ । ਗੁਰਸਿਖ ਆਤਮ ਵੇਖ ਵਿਚਾਰ । ਏਕਾ ਦਿਸੇ ਰੰਗ ਕਰਤਾਰ । ਜੋਤ ਸਰੂਪੀ ਵਿਚ ਰਿਹਾ ਪਸਾਰ । ਏਕਾ ਰੰਗ ਸਾਚੀ ਧਾਰ । ਰੂਪ ਅਨੂਪ ਸਤਿ ਸਰੂਪ ਜੋਤ ਸਰੂਪੀ ਜਗਤ ਵਿਹਾਰ । ਸੋਹੰ ਪਠਾਇਆ ਸਾਚਾ ਦੂਤ, ਸ੍ਰਿਸ਼ਟ ਸਬਾਈ ਦੇਵੇ ਹੁਲਾਰ । ਏਕਾ ਕਤਾਇਆ ਸਾਚ ਸੂਤ, ਰਸਨਾ ਚਰਖਾ ਸ਼ਬਦ ਕਟਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਰਚਾਇਆ, ਕਲ ਆਪਣੀ ਕਿਰਪਾ ਧਾਰ । ਕਲਜੁਗ ਤੇਰਾ ਕਰਮ ਵਿਚਾਰ । ਅੰਤਮ ਅੰਤ ਆਈ ਹਾਰ । ਸਾਚਾ ਭੁੱਲਿਆ ਦਰ ਦਰਬਾਰ । ਝੂਠੇ ਤੋਲ ਤੁੱਲਿਆ, ਮੂਰਖ ਮੁਗਧ ਗਵਾਰ । ਅੰਮ੍ਰਿਤ ਆਤਮ ਕਲਜੁਗ ਜੀਆਂ ਡੁੱਲਿਆ, ਰਸਨਾ ਚਲਿਆ ਮਦਿਰਾ ਮਾਸ ਵਿਕਾਰ । ਜੋ ਜਨ ਆਏ ਪ੍ਰਭ ਦਰ ਭੁੱਲਿਆ, ਪ੍ਰਭ ਅਬਿਨਾਸ਼ੀ ਬਖ਼ਸ਼ਣਹਾਰ । ਗੁਰਮੁਖ ਸਾਚਾ ਵਿਚ ਮਾਤ ਨਾ ਰੁੱਲਿਆ, ਆਪਣੀ ਗੋਦ ਉਠਾਇਆ ਕਲੰਕਨਿਹ ਨਰਾਇਣ ਨਰ ਅਵਤਾਰ । ਪ੍ਰਭ ਸਾਚੇ ਦਾ ਦਰ ਖੁਲ੍ਹਿਆ, ਸੋਹੰ ਦੇਵੇ ਵਡ ਭੰਡਾਰ । ਸੋਹੰ ਸ਼ਬਦ ਵਡ ਅਨਮੁਲਿਆ, ਮੇਲ ਮਿਲਾਵੇ ਸਤਿ ਕਰਤਾਰ । ਬੇਮੁਖ ਖਪਾਏ ਉਡਾਏ ਪਹਿਲੇ ਬੁੱਲਿਆ, ਏਕਾ ਦੇਵੇ ਸ੍ਰਿਸ਼ਟ ਸਬਾਈ ਸ਼ਬਦ ਹੁਲਾਰ । ਆਪੇ ਪਾਣੀ ਪਾਵੇ ਚੁੱਲਿਆ, ਬੇਮੁਖ ਦਰ ਦਰ ਫਿਰਨ ਭਿਖਾਰ । ਗੁਰਸਿਖਾਂ ਦਰ ਸਾਚਾ ਮੱਲਿਆ, ਦੇਵਣਹਾਰ ਇਕ ਦਾਤਾਰ । ਜੋ ਜਨ ਸਾਚੇ ਸੰਗ ਰਲਿਆ, ਆਪ ਮਿਟਾਵੇ ਆਤਮ ਧੁੰਦੂਕਾਰ । ਬੇਮੁਖ ਕਲਜੁਗ ਜੀਵ ਅੰਤਕਾਲ ਕਲ ਰੁੱਲਿਆ, ਨਾ ਦੀਸੇ ਸਚ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਨਿਰੰਕਾਰ । ਜੋਤ ਨਿਰੰਕਾਰ ਕੀਆ ਅਕਾਰ । ਸ਼ਬਦ ਅਧਾਰ ਗੁਰਸਿਖ ਸੁਧਾਰ । ਆਤਮ ਤ੍ਰਿਖਾ ਆਪ ਨਿਵਾਰ । ਉਜਲ ਕਰਾਏ ਵਿਚ ਮੁਨ ਰਿਖ ਸਾਚਾ ਦੇਵੇ ਸ਼ਬਦ ਅਧਾਰ ।


੩੦੯ ੦੨

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਧਾਰ । ਕਿਰਪਾ ਧਾਰੀ ਪੈਜ ਸਵਾਰੀ । ਪ੍ਰਭ ਬਨਵਾਰੀ ਗਿਰਵਰ ਗਿਰਧਾਰੀ । ਕ੍ਰਿਸ਼ਨ ਮੁਰਾਰੀ ਕਵਲ ਨੈਣ ਮੁਕਟ ਬੈਣ ਸਾਚਾ ਛਤਰ ਸੀਸ ਝੁਲਾਰੀ । ਮੁਕੰਦ ਮਨੋਹਰ ਲਖਮੀ ਨਰਾਇਣ ਅਚੁੱਤ ਪਾਰਬ੍ਰਹਮ ਪਰਮੇਸ਼ਵਰ ਗੁਰਸਿਖ ਲਗਾਏ ਸਾਚੀ ਫੁਲਵਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਬਣਾਈ ਮੌਤ ਲਾੜੀ । ਮੌਤ ਲਾੜੀ ਜਗਤ ਪਰਨਾਇਆ । ਵੇਲਾ ਅੰਤਮ ਕਲਜੁਗ ਆਇਆ । ਸਾਧਨ ਸੰਤਨ ਆਪ ਭੁਲਾਇਆ । ਬੇਅੰਤਨ ਬੇਅੰਤ ਆਪ ਅਖਵਾਇਆ । ਏਕਾ ਸਾਚਾ ਕੰਤ ਸ੍ਰਿਸ਼ਟ ਸਬਾਈ ਨਾਉਂ ਰਖਾਇਆ । ਪਾਵੇ ਸਾਰ ਜੀਵ ਜੰਤ, ਜੋਤ ਸਰੂਪੀ ਵਿਚ ਸਮਾਇਆ । ਜਿਸ ਬਣਾਈ ਗੁਰਸਿਖ ਤੇਰੀ ਬਣਤ, ਪ੍ਰਭ ਅਬਿਨਾਸ਼ੀ ਕਿਉਂ ਭੁਲਾਇਆ । ਪ੍ਰਭ ਦੀ ਮਹਿੰਮਾ ਬੜੀ ਅਗਣਤ, ਵੇਦ ਪੁਰਾਨਾਂ ਭੇਵ ਨਾ ਪਾਇਆ । ਏਕਾ ਏਕ ਆਦਿਨ ਅੰਤ, ਜੁਗੋ ਜੁਗ ਜਾਮਾ ਵਿਚ ਮਾਤ ਦੇ ਪਾਇਆ । ਆਪ ਸੰਘਾਰੇ ਵਡ ਵਡ ਦੇਵ ਦੰਤ, ਸਾਚਾ ਸ਼ਬਦ ਖੰਡਾ ਹੱਥ ਉਠਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰਮ ਆਪ ਕਮਾਇਆ । ਭਿੰਨੀਏ ਰੈਣੇ ਗੁਰਸਿਖ ਤੇਰੇ ਸਾਚੇ ਭਾਈ ਤੂੰ ਸਾਚੀ ਭੈਣੇ । ਬੇਮੁਖ ਕਲ ਗੋਦ ਸਵਾਏ, ਗੁਰਸਿਖ ਦਵਾਏ ਸਾਚੇ ਲਹਿਣੇ । ਕਲਜੁਗ ਜੀਵ ਆਪ ਭੁਲਾਏ । ਅੰਧ ਅੰਧੇਰੀ ਰਾਤ ਗੁਰਸਿਖਾਂ ਵਖਾਏ ਆਪਣੇ ਨੈਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਾਚਾ ਰੱਖੇ ਨਾਤ, ਗੁਰਸਿਖ ਸਾਚੇ ਸਤਿਜੁਗ ਸਾਚੇ ਸੰਗ ਸਦਾ ਤੇਰੇ ਰਹਿਣੇ । ਗੁਰਸਿਖਾਂ ਦੀਆ ਸਾਚਾ ਸੰਗ । ਸਾਚਾ ਸੰਗ ਕਲਜੁਗ ਅੰਧੇਰੀ ਰਾਤ, ਪ੍ਰਭ ਦਰ ਮੰਗੇ ਸਾਚੀ ਮੰਗ । ਤੁਧ ਬਿਨ ਕੋਇ ਨਾ ਪੁੱਛੇ ਵਾਤ, ਕਲਜੁਗ ਜੀਆਂ ਮੇਰੀ ਕਾਇਆ ਕੀਨੀ ਨੰਗ । ਅੰਤਕਾਲ ਕਲ ਟੁੱਟਾ ਨਾਤ, ਝੂੱਠਾ ਛੱਡਿਆ ਜਗਤ ਸੰਗ । ਆਪੇ ਦੇ ਦਰ ਸਾਚੀ ਦਾਤ, ਸਾਚੇ ਲੇਖ ਲਿਖਾ ਵਿਚ ਮਾਤ, ਆਪੇ ਵੇਖੇ ਮਾਰ ਝਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਸਾਚਾ ਸਾਥ । ਰੈਣ ਭਿੰਨੜੀ ਵਕਤ ਸੁਹਾਏ । ਸਤਿਜੁਗ ਸਾਚੇ ਮਾਣ ਦਵਾਏ । ਗੁਰਮੁਖ ਸਾਚੇ ਸੰਗ ਰਲਾਏ । ਅੰਗ ਅੰਗ ਪ੍ਰਭ ਆਪ ਸਮਾਏ । ਸਾਚਾ ਸੰਗ ਆਪ ਨਿਭਾਏ । ਮੰਗੀ ਮੰਗ ਨਾ ਬਿਰਥਾ ਜਾਏ । ਜਨ ਭਗਤਾਂ ਰੱਖੇ ਆਪਣੇ ਸੰਗ ਵਿਚ ਮਾਤ ਜਨਮ ਦਵਾਏ । ਦਿਵਸ ਰੈਣ ਰੈਣ ਦਿਵਸ ਏਕਾ ਲਿਵ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਸਤਿਜੁਗ ਸਾਚੇ ਸਾਚੀ ਕਾਰੇ ਲਾਏ । ਸਾਚੀ ਕਾਰ ਆਪ ਲਗਾਏ । ਸਾਚੀ ਤਾਰ ਸੋਹੰ ਇਕ ਰਖਾਏ । ਏਕਾ ਜੋਤ ਅਕਾਰ ਵਿਚ ਮਾਤ ਰਖਾਏ । ਸ੍ਰਿਸ਼ਟ ਸਬਾਈ ਹੋਏ ਜੈ ਜੈ ਜੈਕਾਰ, ਚਾਰ ਵਰਨ ਪ੍ਰਭ ਰਸਨਾ ਗਾਏ । ਭਗਤ ਵਛਲ ਰੱਛਕ ਆਪ ਗਿਰਧਾਰ, ਗੁਰਮੁਖ ਸਾਚੇ ਰੈਣ ਸਬਾਈ ਆਪਣੀ ਸੇਵਾ ਲਾਏ । ਆਪਣੀ ਕਿਰਪਾ ਧਾਰ, ਆਲਸ ਨਿੰਦਰਾ ਮਗਰੋਂ ਲਾਹੇ । ਖੋਲ੍ਹੇ ਸਚ ਦਵਾਰ, ਦੂਈ ਦਵੈਤ ਜਿੰਦਰਾ ਆਪ ਤੁੜਾਏ । ਏਕਾ ਜੋਤ ਕਰ ਅਕਾਰ, ਜੋਤ ਸਰੂਪੀ ਡਗਮਗਾਏ । ਏਕਾ ਦੀਪ ਹੋਏ ਉਜਿਆਰ, ਬਿਨ ਬਾਤੀ ਬਿਨ ਤੇਲ ਜਗਾਏ । ਸਾਚਾ ਸ਼ਬਦ ਸੱਚੀ ਧੁਨਕਾਰ, ਆਤਮ ਸੁੰਨ ਆਪ ਖੁਲ੍ਹਾਏ । ਖੁਲ੍ਹੇ ਸੁੰਨ ਆਤਮ ਤੁੱਟੇ ਮੁਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਸਵਛ ਸਰੂਪ ਦਰਸ ਦਿਖਾਏ । ਸਵਛ ਸਰੂਪ ਬਿਨ ਰੰਗ ਰੂਪ, ਜੋਤੀ ਜੋਤ ਸਰੂਪ ਗੁਰਸਿਖਾਂ ਦਿਸੇ ਪ੍ਰਭ ਸਾਚਾ ਸਤਿ ਸਰੂਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬੰਧਾਏ ਏਕਾ ਸੋਹੰ ਸਾਚੇ ਸੂਤ । ਸੋਹੰ ਤਾਣਾ ਆਪ ਤਣਾਇਆ । ਰਾਜਾ ਰਾਣਾ ਵਿਚ ਫਸਾਇਆ । ਗਰੀਬ ਨਿਮਾਣਾ ਗਲੇ ਲਗਾਇਆ । ਸਾਚਾ ਬਾਣਾ ਨਿਹਕਲੰਕ ਮਾਤ ਧਰਾਇਆ । ਮਹਾਰਾਜ


੩੧੦ ੦੨

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖੇ ਜਗਤ ਭੁਲਾਇਆ । ਆਪੇ ਹੋਏ ਸੂਤਰਧਾਰੀ । ਆਪੇ ਹੋਏ ਪੂਜ ਪੁਜਾਰੀ । ਆਪੇ ਹੋਏ ਦੂਜ ਨਿਵਾਰੀ । ਆਪੇ ਹੋਏ ਭੇਵ ਗੁਝ ਖੁਲ੍ਹਾਰੀ । ਆਪੇ ਹੋਏ ਗੁਰਸਿਖ ਸਾਚੇ ਪੂਜ ਪੁਜਾਰੀ । ਆਪੇ ਹੋਏ ਆਤਮ ਸੋਏ, ਕਾਇਆ ਕੀਤੀ ਚਾਰ ਦਿਵਾਰੀ । ਸਾਚੀ ਜੋਤ ਵਿਚ ਬਿਲੋਏ, ਬੇਮੁਖਾਂ ਆਤਮ ਹੋਈ ਅੰਧ ਅੰਧਿਆਰੀ । ਗੁਰਸਿਖ ਵਿਰਲਾ ਵੇਖੇ ਕੋਇ, ਜਿਸ ਜਨ ਪ੍ਰਭ ਕਿਰਪਾ ਧਾਰੀ । ਜਨਮ ਜਨਮ ਦੀ ਮੈਲ ਪ੍ਰਭ ਦਰ ਧੋਏ, ਸੋਹੰ ਸ਼ਬਦ ਰਸਨ ਉਚਾਰੀ । ਮਾਤਲੋਕ ਲੋਕ ਪਰਲੋਕ ਸਵਾਰੇ ਦੋਏ, ਨਿਹਕਲੰਕ ਨਰਾਇਣ ਨਰ ਅਵਤਾਰੀ । ਸਾਚੀ ਦਰਗਹਿ ਪੁੱਛੇ ਨਾ ਕੋਇ, ਬੇਮੁਖਾਂ ਧਰਮ ਰਾਏ ਕਰੇ ਖਵਾਰੀ । ਨਾ ਕੋਈ ਦੇਵੇ ਢੋਏ, ਮਦਿਰਾ ਮਾਸੀ ਫਿਰਨ ਭਿਖਾਰੀ । ਗੁਰਮੁਖ ਸਾਚੇ ਪੈਰ ਪਸਾਰੀ ਸੋਏ, ਪ੍ਰਭ ਸਾਚਾ ਖੜਾ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਸਤਿ ਜੋਤ ਨਿਰੰਕਾਰੀ । ਨਿਰੰਕਾਰੀ ਨਿਰੰਕਾਰ । ਆਵੇ ਜਾਵੇ ਵਿਚ ਸੰਸਾਰ । ਕਰੇ ਕਰਾਏ ਜੋ ਮਨ ਭਾਏ, ਸ੍ਰਿਸ਼ਟ ਸਬਾਈ ਕਰਮ ਵਿਚਾਰ । ਝੂਠੇ ਬੰਨ੍ਹਣ ਦਾਅਵੇ, ਨਾ ਕੋਈ ਚਲੇ ਮਨ ਕੇ ਭਾਰ । ਝੂਠੇ ਭੈਣ ਭਰਾਏ ਪਕੜ ਉਠਾਵਣ ਚਾਰ ਪਾਵੇ, ਭਾਂਡਾ ਭੰਨਣ ਅਧਵਿਚਕਾਰਾ । ਭਾਈਆ ਸੰਗ ਅੰਤਮ ਨਹਾਵੇ, ਬਾਂਹੋਂ ਪਕੜ ਦਰ ਕੀਤਾ ਬਾਹਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਈ ਪਾਵੇ ਸਾਰ । ਭੈਣ ਭਾਈ ਮਾਤ ਪਿਤ ਸਾਕ ਸੱਜਣ ਸੈਣਾ । ਸੰਗ ਨਾ ਚਲੇ ਕੋਈ, ਜਿਸ ਵੇਖੇ ਜੀਵ ਨੈਣਾਂ । ਏਕਾ ਭੁੱਲਿਆ ਪ੍ਰਭ ਰਘੁਰਾਈ, ਸਚ ਦਵਾਰੇ ਜਿਸ ਦੇ ਬਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਆਪ ਲਿਖਾਏ ਸਤਿ ਵਰਤਾਏ, ਲਿਖਿਆ ਲੇਖ ਨਾ ਕੋਇ ਮਿਟਾਏ, ਅਗਾਧ ਬੋਧ ਪ੍ਰਭ ਰਿਹਾ ਲਿਖਾਏ । ਗੁਰਸਿਖ ਕੋਈ ਭੁਲ ਨਾ ਜਾਏ । ਕਲਜੁਗ ਮਾਇਆ ਵਿਚ ਰੁਲ ਨਾ ਜਾਏ । ਕਲਜੁਗ ਅੰਤਮ ਅੰਤ ਪ੍ਰਭ ਦਰ ਮੰਗੇ ਫੱਲ, ਕੋਈ ਹੁੱਲ ਨਾ ਜਾਏ । ਆਪ ਬਣਾਏ ਸਾਚੇ ਸੰਤ, ਫੁੱਲ ਕਵਲ ਵਿਚ ਮਾਤ ਲਗਾਏ । ਆਪੇ ਹੋਏ ਸਹਾਈ ਅੰਤ, ਕੋਈ ਭੁਲ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਜਗਤ ਅਗਣਤ ਆਪਣੇ ਭਾਣੇ ਸਦ ਸਮਾਏ । ਭਾਣਾ ਭਗਵਾਨਿਆਂ ਗੁਰਸਿਖ ਜਾਨਿਆਂ ਬ੍ਰਹਮ ਪਛਾਨਿਆਂ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਤਿ ਕਰ ਮਾਨਿਆਂ । ਸਤਿ ਕਰ ਮੰਨਣਾ ਬੇੜਾ ਬੰਨ੍ਹਣਾ । ਆਤਮ ਰੰਗਣਾ ਮੂਲ ਨਾ ਸੰਗਣਾ । ਮਾਨਸ ਜਨਮ ਨਾ ਹੋਏ ਭੰਗਣਾ । ਸੋਹੰ ਸ਼ਬਦ ਪਵਾਏ ਆਤਮ ਕੰਗਣਾ । ਦੁਰਮਤ ਮੈਲ ਧਵਾਏ ਸਾਚੇ ਨਾਮ ਗੁਰਸਿਖ ਰੰਗਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਦਰਦ ਦੁਖ ਭੰਜਣਾ । ਦੁਖ ਭੰਜਣਹਾਰਾ ਪ੍ਰਭ ਗਿਰਧਾਰਾ । ਜਿਸ ਜਨ ਵਿਚਾਰਾ ਤਿਸ ਦਰ ਦਵਾਰਾ । ਹੋਏ ਸਹਾਰਾ ਭਵ ਸਾਗਰ ਤਾਰਾ । ਆਪ ਦਿਸਾਵੇ ਸਤਿਜੁਗ ਸਚ ਕਿਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੰਨ੍ਹੇ ਸਾਚੀ ਧਾਰਾ । ਸਾਚੀ ਧਾਰ ਆਪ ਚਲਾਵੇ ਸੱਚੀ ਸਰਕਾਰ । ਆਪ ਅਖਵਾਏ ਸਚ ਵਿਚਾਰ । ਦਇਆ ਕਮਾਏ ਗੁਣ ਵਿਚਾਰ । ਆਪ ਰਖਾਏ ਜੋਤ ਅਧਾਰ । ਖੇਲ ਕਰਾਏ ਭਗਤ ਉਧਾਰ । ਆਪੇ ਹੋ ਜਾਏ ਵਕਤ ਵਿਚਾਰ । ਗੁਰਸਿਖ ਉਠਾਏ ਭਰਮ ਨਿਵਾਰ । ਦਰਸ ਦਿਖਾਏ ਨਾ ਹੋਏ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ । ਵਾਲੀ ਹਿੰਦ ਨਿਹਕਲੰਕ ਕਲ ਜਾਮਾ ਪਾਏ । ਵਡ ਵਡ ਮਰਗਿੰਦ, ਗੁਰਸਿਖ ਸਾਚੇ ਵਿਚ ਸਮਾਏ । ਆਪ ਉਠਾਏ ਸੁਰਪਤ ਰਾਜਾ ਇੰਦ, ਆਪਣੀ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਦਰਬਾਰ ਵਿਚ ਦਿੱਲੀ ਆਪ ਲਗਾਏ । ਦਿੱਲੀ ਜਾਵਣਾ ਕਰਮ ਕਮਾਵਣਾ । ਰਾਜਾ ਸੰਗਰੂਰ

ਬਾਂਹੋਂ ਪਕੜ ਸੰਗ ਰਲਾਵਣਾ । ਆਤਮ ਹੰਕਾਰ ਸਰਬ ਮਿਟਾਵਣਾ । ਇਕ ਅਧਾਰ ਸ਼ਬਦ ਰਖਾਵਣਾ । ਵਿਚ ਸੰਸਾਰ ਆਪ ਚਲਾਏ ਆਪਣੀ ਭਾਵਨਾ । ਜੋਤ ਨਿਰੰਕਾਰ ਆਪਣੇ ਚਮਤਕਾਰ, ਏਕਾ ਏਕ ਵਾਰ ਦਿਖਾਵਣਾ । ਸ੍ਰਿਸ਼ਟ ਸਬਾਈ ਹੋਏ ਉਜਿਆਰ, ਲੱਖ ਚੁਰਾਸੀ ਆਪ ਜਗਾਵਣਾ । ਸੋਹੰ ਸ਼ਬਦ ਹੋਏ ਜੈ ਜੈ ਜੈਕਾਰ, ਤੀਨ ਲੋਕ ਪ੍ਰਭ ਇਕ ਰਹਾਵਣਾ । ਮਾਤ ਜੋਤ ਪਰਗਟਾਏ ਨਿਹਕਲੰਕ ਅਵਤਾਰ, ਜਮਨ ਕਿਨਾਰੇ ਚਰਨ ਟਿਕਾਵਣਾ । ਜਮਨ ਕਿਨਾਰੇ ਚਰਨ ਟਿਕਾਏ । ਸਰਬ ਹੰਕਾਰ ਆਪ ਮਿਟਾਏ । ਆਪਣੇ ਰੰਗ ਕਰਤਾਰੇ ਆਪੇ ਆਪ ਵਖਾਏ । ਹੰਕਾਰੀਆਂ ਦੁਸ਼ਟ ਦੁਰਾਚਾਰੀਆਂ ਝੂਠੇ ਮਹਿਲ ਮੁਨਾਰੇ ਸਾਚੀ ਜੋਤ ਆਪ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਦਿਸਾਏ ਆਪਣੀ ਸਰਨ ਰਖਾਏ । ਏਕਾ ਜੋਤ ਹੋਏ ਆਕਾਰਾ । ਵਿਚ ਮਾਤ ਹੋਏ ਉਜਿਆਰਾ । ਵਾਲੀ ਹਿੰਦ ਆਏ ਚਰਨ ਦਵਾਰਾ । ਦੇਵੇ ਦਰਸ ਕ੍ਰਿਸ਼ਨ ਮੁਰਾਰਾ । ਮਿਟਾਏ ਹਰਸ ਰਾਮ ਅਵਤਾਰਾ । ਨੇਤਰ ਪਰਸ ਦੀਸੇ ਨਿਹਕਲੰਕ ਨਰਾਇਣ ਨਰ ਅਵਤਾਰਾ । ਏਕਾ ਜੋਤ ਜਗੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਦਰਬਾਰਾ । ਸਚ ਦਰਬਾਰ ਕਰੇ ਕਰਤਾਰ । ਭਰਮ ਨਿਵਾਰ ਰਸਨ ਉਚਾਰ । ਆਪ ਚਲਾਵੇ ਸਾਚੀ ਧਾਰ । ਸਾਚਾ ਦੱਸੇ ਜਗਤ ਵਿਹਾਰ । ਸ੍ਰਿਸ਼ਟ ਸਬਾਈ ਹਿਰਦੇ ਜੋਤ ਸਰੂਪ ਆਪ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਸ੍ਰਿਸ਼ਟ ਸਬਾਈ ਲੇਖ ਲਿਖਾਰ । ਸ੍ਰਿਸ਼ਟ ਸਬਾਈ ਲੇਖ ਲਿਖਾਰਾ । ਆਪ ਲਗਾਏ ਸਚ ਦਰਬਾਰਾ । ਆਪ ਗਵਾਏ ਸਰਬ ਹੰਕਾਰਾ । ਆਪ ਕਰਾਏ ਦਰ ਭਿਖਾਰਾ । ਆਪੇ ਆਪ ਹੋ ਜਾਏ ਦੇਵਣਹਾਰ ਦਾਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਰੇ ਮਾਤ ਨਿਆਰਾ । ਅਚਰਜ ਖੇਲ ਆਪ ਕਰਾਏ । ਗੁਰਸਿਖ ਵੇਖੇ ਪ੍ਰਭ ਸਾਚਾ ਆਪ ਵਖਾਏ । ਕੱਢੇ ਭਰਮ ਭੁਲੇਖੇ ਵਿਚ ਦਿੱਲੀ ਚਰਨ ਟਿਕਾਏ । ਬੇਮੁਖਾਂ ਲਿਖਾਏ ਮਿਟਾਏ ਰਹੇ ਕੁਕਰਮ ਕਮਾਏ । ਸ੍ਰਿਸ਼ਟ ਸਬਾਈ ਆਪੇ ਵੇਖੇ, ਨਾ ਕੋਈ ਸਕੇ ਛੁਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਾਰ ਆਪ ਭੁਗਤਾਏ । ਰੋਗ ਗਿਆ ਸੋਗ ਗਿਆ । ਦਰਸ ਅਮੋਘ ਭਇਆ । ਪ੍ਰਭ ਅਬਿਨਾਸ਼ੀ ਕੀਨੀ ਦਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਸਦਾ ਰਵ ਰਿਹਾ । ਦਇਆ ਧਾਰੀ ਜੋਤ ਨਿਰੰਕਾਰੀ । ਗੁਰਸਿਖਾਂ ਬਣਿਆ ਆਪ ਲਿਖਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਵਡ ਸਿਕਦਾਰੀ । ਸਚ ਸਿਕਦਾਰ ਆਪ ਅਖਵਾਏ । ਗੁਰਸਿਖ ਬੇੜਾ ਪਾਰ ਕਰਾਏ । ਦੁਤਰ ਤਾਰ ਸਚ ਘਰ ਬਾਹਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਦਿਖਾਏ । ਆਪਣੀ ਸਰਨਾਈ ਸਾਧ ਸੰਗਤ । ਗੁਰ ਸਰਨਾਈ ਸਾਧ ਸੰਗਤ । ਪ੍ਰਭ ਭਿਛਿਆ ਪਾਈ ਸਾਧ ਸੰਗਤ । ਪੂਰਨ ਇਛਿਆ ਆਪ ਪ੍ਰਭ ਕਰਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਛਾਣੇ ਸੇਵ ਕਮਾਈ । ਗੁਰਸਿਖ ਕਮਾਏ ਸਾਚੀ ਸੇਵਾ । ਪ੍ਰਭ ਫਲ ਲਗਾਏ ਆਤਮ ਸੋਹੰ ਸਾਚਾ ਮੇਵਾ । ਸੋਇਆ ਜੀਵ ਆਪ ਜਗਾਏ, ਭੇਵ ਚੁਕਾਏ ਦੋਅੰ ਦੋਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਘਰ ਲੈ ਆਇਆ ਸਾਚਾ ਢੋਆ । ਸੋਹੰ ਢੋਆ ਆਪੇ ਦੇਵੇ । ਸਾਚਾ ਬੀਜ ਆਤਮ ਬੋਵੇ । ਪਾਪਾਂ ਮੈਲ ਆਪੇ ਧੋਵੇ । ਸੋਹੰ ਧਾਗੇ ਵਿਚ ਪਰੋਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦਿਸ ਨਾ ਆਵੇ, ਆਪਣਾ ਬੈਠੇ ਵਕਤ ਖੋਏ । ਬੇਮੁਖਾਂ ਨਾ ਪ੍ਰਭ ਸਾਚਾ ਦੀਸਿਆ ਪ੍ਰਭ ਜਗਦੀਸਿਆ । ਮਾਣ ਗਵਾਏ ਸੁਲਤਾਨ ਸ਼ਾਹ ਅਬਨੂਸਿਆ । ਮੇਟ ਮਿਟਾਏ ਈਸਾ ਮੂਸਿਆ । ਆਪਣੀ ਭੇਟ ਆਪ ਚੜ੍ਹਾਏ ਸੋਹੰ ਚੰਦਨ ਤਨ ਪਹਿਨਾਏ ਗੁਰਮੁਖਾਂ,

੩੧੨
੦੨

ਬੇਮੁਖਾਂ ਕਾਲਾ ਸੂਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਖੇਲ ਵਰਤਾਏ, ਪਕੜ ਉਠਾਏ ਸ਼ਾਹ ਰੂਸਿਆ । ਉਠੇ ਲਸ਼ਕਰ ਰੂਸਾ ਭਾਰੀ । ਤੀਨਾਂ ਲੋਆਂ ਕਰੇ ਖਵਾਰੀ । ਦੇਵੇ ਮਾਣ ਆਪ ਗਿਰਧਾਰੀ । ਵਸੇ ਵਿਚ ਆਪ ਨਿਰੰਕਾਰੀ । ਕਲਜੁਗ ਜੀਵ ਨਾ ਪਾਇਣ ਸਾਰੀ । ਅਚਰਜ ਖੇਲ ਪ੍ਰਭ ਅਪਾਰੀ । ਸ੍ਰਿਸ਼ਟ ਸਬਾਈ ਕਰੇ ਖੁਆਰੀ । ਆਪੇ ਆਪ ਕਰੇ ਦੋ ਫਾੜੀ । ਕਲਜੁਗ ਜੀਵ ਆਤਮ ਹੰਕਾਰੀਆਂ ਆਪ ਹਿਲਾਏ ਪਕੜ ਦਾਹੜੀ । ਨਾ ਦਿਸੇ ਪਿੱਛਾ ਅਗਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਖੇਲੇ ਬਣ ਵਡ ਖਿਲਾੜੀ । ਆਪੇ ਖੇਲ ਖਿਲਾਵੇ । ਸ੍ਰਿਸ਼ਟ ਸਬਾਈ ਏਕਾ ਏਕ ਧਕੇਲ ਲਗਾਵੇ । ਬੇੜਾ ਸ਼ੌਹ ਦਰਿਆ ਆਪੇ ਠੇਲ ਵਖਾਵੇ । ਥਾਉਂ ਥਾਈਂ ਬੈਠੇ ਪ੍ਰਭ ਸਾਚਾ ਪਕੜ ਉਠਾਵੇ । ਵਾਹੋ ਦਾਹੀ ਪਾਏ ਸ੍ਰਿਸ਼ਟ ਸਬਾਈ ਆਪੇ ਭੇੜ ਭਿੜਾਏ । ਰਾਜੇ ਰਾਣੇ ਭੱਜਣ ਰਾਹੀ, ਕੋਈ ਨੇੜ ਨਾ ਆਵੇ । ਏਕਾ ਭੁੱਲਿਆ ਸਾਚਾ ਮਾਹੀ, ਕਲਜੁਗ ਜੀਵ ਸੁੰਵੀ ਭੇੜ ਨਾ ਕੋਈ ਸੰਗ ਰਲਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੇ ਖੇਲ, ਬੇਮੁਖਾਂ ਵਿਸ਼ਟਾ ਮੁਖ ਚੁਗਾਵੇ । ਵੇਖੇ ਖੇਲ ਬਣ ਖਿਲਾੜੀ । ਛੱਡੀ ਦੇਹ ਮਾਰੀ ਸ਼ਬਦ ਉਡਾਰੀ । ਜਗਤ ਬਣਾਇਆ ਸਾਚਾ ਨੇਂਹ, ਸੋਹੰ ਬਣਾਇਆ ਸਚ ਵਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਪਰਖੇ ਜੋਤ ਨਿਰੰਕਾਰੀ । ਗੁਰਸਿਖ ਉਠਾਇਆ ਲਾਇਆ ਅੰਗ । ਗੁਰਸਿਖ ਉਠਾਇਆ ਆਪ ਰਖਾਇਆ ਆਪਣੇ ਸੰਗ । ਗੁਰਸਿਖ ਉਠਾਇਆ ਆਪ ਕਸਾਇਆ ਸੋਹੰ ਸਾਚਾ ਤੰਗ । ਗੁਰਸਿਖ ਉਠਾਇਆ ਦਇਆ ਕਮਾਇਆ ਚਰਨ ਬਹਾਇਆ ਸੇਵਾ ਲਾਇਆ ਆਪਣੇ ਰੱਖੇ ਸਦਾ ਸੰਗ । ਅਚਰਜ ਖੇਲ ਆਪ ਕਰਾਏ, ਸ੍ਰਿਸ਼ਟ ਸਬਾਈ ਆਪ ਖਪਾਏ, ਛਿੜੇ ਛਿੜਾਏ ਨਾ ਕੋਈ ਮੋੜ ਮੁੜਾਏ, ਸ਼ਬਦ ਸਰੂਪੀ ਲਾਇਆ ਜੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਅੰਗ ਸੰਗ । ਸੰਗੀ ਸਾਥੀ ਪ੍ਰਭ ਰਘੁਨਾਥੀ ਤ੍ਰੈਲੋਕੀ ਨਾਥੀ ਗੁਰਸਿੱਖਾਂ ਬਣਿਆ ਸਾਚਾ ਸਾਥੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਸਾਚਾ ਸਾਥ । ਸੋਹੰ ਚੜ੍ਹਾਏ ਸਾਚੇ ਰਾਥ । ਜਗਤ ਚਲਾਏ ਸਾਚੀ ਗਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਸਾਚਾ ਸਾਥ । ਸੰਗ ਸਾਥਾ ਤ੍ਰੈਲੋਕੀ ਨਾਥਾ ਰਾਖੇ ਦੇ ਕਰ ਹਾਥਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਈ ਸ੍ਰਿਸ਼ਟ ਸਬਾਈ ਹੋਈ ਭੁੱਖੀ ਨੰਗੀ । ਗੁਰਸਿਖ ਗੁਰ ਦਰ ਅੰਮ੍ਰਿਤ ਪੀਵਣਾ । ਸਦਾ ਜਗ ਜੀਵਣਾ ਗੁਰ ਦਰ ਥੀਵਣਾ । ਕਲਜੁਗ ਪਾਟਾ ਤਨ ਘਾਟਾ ਮਨ ਸੋਹੰ ਧਾਗੇ ਸੰਗ ਸੀਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਵਰਖੇ, ਗੁਰਸਿਖਾਂ ਰੱਜ ਰੱਜ ਪੀਵਣਾ । ਅੰਮ੍ਰਿਤ ਪਿਆਇਆ ਅਗਨ ਬੁਝਾਇਆ । ਗੁਰਸਿਖਾਂ ਮੁਖ ਸਗਨ ਲਗਾਇਆ । ਸਾਚਾ ਦੀਪਕ ਗਗਨ ਜਗਾਇਆ । ਏਕਾ ਜੋਤ ਮਗਨ ਰਖਾਇਆ । ਗੁਰਸਿਖ ਸਾਚਾ ਸਾਚੀ ਰੰਗਣ ਵਿਚ ਰੰਗਾਇਆ । ਸੋਹੰ ਕੰਗਣ ਪ੍ਰਭ ਸਾਚੇ ਹੱਥ ਪਹਿਨਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਗੁਰਸਿਖਾਂ ਸੀਰ ਪਿਲਾਇਆ । ਗੁਰ ਦਰ ਆਓ ਅੰਮ੍ਰਿਤ ਮੁਖ ਚੁਆਓ । ਤ੍ਰਿਖਾ ਤ੍ਰਿਸ਼ਨਾ ਆਪ ਬੁਝਾਓ । ਕਾਹਨਾ ਕ੍ਰਿਸ਼ਨਾ ਦਰਸ਼ਨ ਦਰ ਪਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦ ਰਸਨਾ ਗਾਓ । ਅੰਮ੍ਰਿਤ ਫੁਹਾਰਿਆ ਸਚ ਦਰਬਾਰਿਆ । ਪ੍ਰਭ ਅਬਿਨਾਸ਼ੀ ਆਪੇ ਆਪ ਵਰਤਾ ਰਿਹਾ । ਗੁਰਸਿਖਾਂ ਸੱਚੀ ਜੋਤ ਜਗਾ ਰਿਹਾ । ਉਜਲ ਕਰਾਏ ਮਾਤ ਕੁੱਖਾਂ, ਦੁਖ ਰੋਗ ਸਰਬ ਮਿਟਾ ਰਿਹਾ । ਆਤਮ ਘਰ ਸਾਚੀ ਸੁੱਖਾ, ਪ੍ਰਭ ਦੀਪਕ ਜੋਤ ਜਗਾ ਰਿਹਾ । ਜੋ ਜਨ ਆਏ ਪ੍ਰਭ ਦਰਸ਼ਨ ਭੁੱਖਾਂ, ਪਰਗਟ ਜੋਤ

੩੧੩

ਨਿਹਕਲੰਕ ਦਰਸ ਦਿਖਾ ਰਿਹਾ । ਜੋ ਜਨ ਆਏ ਹੋਏ ਬੇਮੁਖਾਂ, ਪ੍ਰਭ ਨਰਕ ਨਿਵਾਸ ਰਖਾ ਰਿਹਾ । ਖਾਲੀ ਹੱਥ ਜਾਏ ਜਿਉਂ ਸਿੰਮਲ ਰੁੱਖਾ, ਫਲ ਫੁੱਲ ਪ੍ਰਭ ਦੋਵੇਂ ਝੜ੍ਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਅੰਮ੍ਰਿਤ ਆਤਮ ਸਿੰਚ ਤਨ ਮਨ ਹਰਾ ਕਰਾ ਰਿਹਾ । ਤਨ ਮਨ ਹਰਿਆ ਪ੍ਰਭ ਪਾਇਆ ਭਾਗੀ ਭਰਿਆ । ਦੇਵੇ ਵਡਿਆਈ ਦਰ ਅੱਗੇ ਖੜਿਆ । ਹੋਏ ਸਹਾਏ ਨਿਹਕਲੰਕ ਜਿਸ ਤੇਰਾ ਪੱਲਾ ਫੜਿਆ । ਦੇਵੇ ਵਡਿਆਈ ਗੁਰਸਿਖ ਜਿਸ ਤੇਰਾ ਘਾੜਨ ਘੜਿਆ । ਗੁਰਸਿਖ ਬਣਾਏ ਭੈਣਾਂ ਭਾਈ, ਬੇਮੁਖ ਨਾ ਦਰ ਤੇ ਵੜਿਆ । ਗੁਰ ਸੰਗਤ ਭੁਲ ਨਾ ਜਾਈ, ਪ੍ਰਭ ਅਬਿਨਾਸ਼ੀ ਤੇਰੇ ਆਤਮ ਦਰ ਦਵਾਰ ਅੱਗੇ ਖੜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਤੇਰੇ ਅੰਦਰ ਵੜਿਆ । ਦੇਵੇ ਸਾਚੀ ਮਤ, ਗੁਰਸਿਖ ਪੂਰਬ ਆਤਮ ਵਿਚਾਰ ਕਰ । ਸੋਹੰ ਦੇਵੇ ਸਾਚਾ ਯਤ, ਆਤਮ ਹੰਕਾਰ ਨਿਵਾਰ ਕਰ । ਏਕ ਰਖਾਏ ਆਪਣਾ ਤਤ, ਗੁਰਮੁਖ ਚਰਨ ਪਿਆਰ ਕਰ । ਸ਼ਬਦ ਸਰੂਪੀ ਦੇਵੇ ਸਾਚਾ ਸਤਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਧਾਰ ਕਰ । ਨਾਮ ਸਤਿ ਧਾਮ ਸਤਿ । ਰਾਮ ਸਤਿ ਨਾਮ ਸਤਿ । ਸ਼ਾਮ ਸਤਿ ਸੋਹੰ ਸ਼ਬਦ ਜਾਣ ਸਤਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਗੁਰਸਿਖਾਂ ਵਖਾਏ ਧਾਮ ਸਤਿ । ਗੁਰ ਸੰਗਤ ਧਰੇ ਧਿਆਨਾ । ਪ੍ਰਭ ਕਰੇ ਸਰਬ ਪਛਾਨਾ । ਰੋਗ ਸੋਗ ਪ੍ਰਭ ਮਿਟਾਨਾ । ਏਕਾ ਸੋਹੰ ਤੀਰ ਸ਼ਬਦ ਚਲਾਨਾ । ਕਿਰਪਾ ਕਰੇ ਆਪ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਵਡ ਬਲੀ ਬਲਵਾਨਾ । ਦੁਖੀਏ ਜੀਵ ਸਰਬ ਬਿਲਲਾਇਣ । ਦਰ ਦਰ ਘਰ ਘਰ ਸਰਬ ਕੁਰਲਾਇਣ । ਕਲਜੁਗ ਮਾਇਆ ਖਾਏ ਡਾਇਣ । ਨਾ ਕੋਈ ਦੀਸੇ ਭਾਈ ਭੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੁਖ ਨਿਵਾਰੇ ਪਾਵੇ ਸਾਰੇ ਆਪ ਗਿਰਧਾਰੇ, ਜਨ ਆਏ ਦਰ ਦਵਾਰੇ ਦੁਖੜੇ ਭਾਰੇ ਪਾਰ ਉਤਾਰੇ, ਦੁਖ ਨਿਵਾਰੇ ਜੋ ਜਨ ਰਸਨਾ ਗਾਇਣ । ਦੁਖ ਨਿਵਾਰਿਆ ਕਾਜ ਸਵਾਰਿਆ । ਲਾਜ ਰਖਾ ਰਿਹਾ, ਚਰਨ ਲਗਾ ਰਿਹਾ । ਦਾਗ਼ ਮਿਟਾ ਰਿਹਾ ਸਾਚਾ ਕੰਤ ਸੁਹਾਗ ਵਖਾ ਰਿਹਾ । ਸੋਹੰ ਸਾਚਾ ਰਾਗ ਉਪਜਾ ਰਿਹਾ । ਸਾਧ ਸੰਗਤ ਸਾਚਾ ਮੇਲ, ਪਹਿਲੀ ਮਾਘ ਮਿਲਾ ਰਿਹਾ । ਸੋਹੰ ਸ਼ਬਦ ਸਾਚਾ ਦੂਤ ਦੌੜਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਗੁਰ ਸੰਗਤ ਮਾਣ ਦਵਾ ਰਿਹਾ । ਗੁਰ ਸੰਗਤ ਪ੍ਰਭ ਸੁਣੇ ਪੁਕਾਰਾ । ਦੁਖੀਆਂ ਦੁਖ ਆਪ ਨਿਵਾਰਾ । ਸੋਹੰ ਧਰਿਆ ਸਿਰ ਪਾਪਾਂ ਆਰਾ । ਆਪ ਕਰਾਏ ਚੀਰ ਦੋ ਫਾੜਾ । ਇਕ ਉਪਜਾਏ ਸੋਹੰ ਸਾਚੀ ਧਾਰਾ । ਸੁਣੇ ਸੁਣਾਏ ਸਚ ਧੁਨਕਾਰਾ । ਵਡ ਵਡ ਗੁਣੇ ਨਿਹਕਲੰਕ ਨਰਾਇਣ ਨਰ ਅਵਤਾਰਾ । ਪਹਿਲੀ ਮਾਘ ਗੁਰਮੁਖ ਸਾਚੇ ਪ੍ਰਭ ਦੇਵੇ ਸ਼ਬਦ ਹੁਲਾਰ । ਸੋਹੰ ਉਪਜਾਏ ਸਾਚੀ ਧੁੰਨ, ਆਤਮ ਮਿਟਾਏ ਧੁੰਦੂਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਤਰਾਏ ਗੁਰ ਸੰਗਤ ਆਈ ਦਵਾਰਾ । ਗੁਰ ਸੰਗਤ ਪ੍ਰਭ ਲਾਜ ਰਖਾਏ । ਸਾਜਨ ਸਾਜ ਕਾਜਨ ਕਾਜ ਪੂਰਨ ਕਾਜ ਕਰਾਏ । ਸੋਹੰ ਸਾਚਾ ਦਾਜ, ਗੁਰਸਿਖਾਂ ਪ੍ਰਭ ਆਪ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਚੜ੍ਹਾਈ ਰੰਗਤ ਹੋਈ ਮੰਗਤ, ਰੋਗ ਦੁਖ ਕੋਈ ਨੇੜ ਨਾ ਆਏ । ਆਪ ਮਿਟਾਏ ਬੀਰ ਬੇਤਾਲੇ । ਆਪ ਕੱਢਾਏ ਸਰਬ ਦਵਾਲੇ । ਗੁਰ ਦਰ ਹੋਇਣ ਸਰਬ ਬੇਹਾਲੇ । ਆਪ ਆਪਣਾ ਬਿਰਦ ਸਮਾਲੇ । ਗੁਰਸਿਖਾਂ ਸਦ ਵਸੇ ਨਾਲੇ । ਬੇਮੁਖਾਂ ਮੁਖ ਹੋਏ ਕਾਲੇ । ਮੌਤ ਕੁਠਾਲੇ ਆਪੇ ਗਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਆਪੇ ਪਾਲੇ ਜਿਉਂ ਮਾਤਾ ਬਾਲੇ । ਮਾਤਾ ਪੂਤ ਸੱਚਾ ਨਾਤਾ । ਸੋ ਜਾਣੇ

ਜਿਸ ਪ੍ਰਭ ਪਛਾਤਾ । ਆਪ ਵਖਾਏ ਜਿਸ ਚਲਾਏ ਆਪਣੇ ਭਾਣੇ, ਆਪ ਰਖਾਏ ਚਰਨੀਂ ਨਾਤਾ । ਦਰਗਹਿ ਸਾਚੀ ਦੇਵੇ ਥਾਏਂ, ਆਪਣੀ ਕਿਰਪਾ ਆਪ ਕਰਾਏ, ਆਪੇ ਬਣੇ ਗੁਰਸਿਖ ਤੇਰਾ ਪਿਤ ਮਾਤਾ । ਵਿਚ ਜੋਤੀ ਜੋਤ ਮਿਲਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੁਰਖ ਬਿਧਾਤਾ । ਪੁਰਖ ਬਿਧਾਤਾ ਕਿਰਪਾ ਕਰ । ਗੁਰਸਿਖ ਲੈ ਜਾਏ ਸਾਚੇ ਘਰ । ਆਪ ਬਹਾਏ ਆਪਣੇ ਦਰ । ਜਿਥੇ ਰਹਾਏ ਏਕਾ ਹਰਿ । ਏਕਾ ਦਿਸੇ ਸਾਚਾ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਹਾਏ ਦਇਆ ਕਮਾਏ ਥਿਰ ਘਰ ।

## * ਪਹਿਲੀ ਮਾਘ ੨੦੦੯ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹ ਪਿੰਡ ਬੁੱਗੇ ਜ਼ਿਲਾ ਅੰਮ੍ਰਿਤਸਰ *

ਸੰਤ ਜਨਾਂ ਘਰ ਸਾਚਾ ਪਾਇਆ । ਸੰਤ ਜਨਾਂ ਹਰਿ ਰਿਦੇ ਵਸਾਇਆ । ਸੰਤ ਜਨਾਂ ਭਾਂਡਾ ਭਰਮ ਭਉ ਗਵਾਇਆ । ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਇਆ । ਸੰਤ ਜਨਾਂ ਹਰਿ ਰਸਨਾ ਗਾਇਆ । ਸੰਤ ਜਨਾਂ ਥਿਰ ਘਰ ਵਾਸੀ ਥਿਰ ਘਰ ਮੇਂ ਪਾਇਆ । ਸੰਤ ਜਨਾਂ ਰਿਧ ਸਿਧ ਹੋਏ ਦਾਸੀ, ਪ੍ਰਭ ਅਬਿਨਾਸ਼ੀ ਸਿਰ ਹੱਥ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਆਪ ਆਪਣੀ ਸੇਵਾ ਲਾਇਆ । ਸੰਤ ਜਨਾਂ ਹਰਿ ਹਿਰਦੇ ਵਸਿਆ । ਖੋਲ੍ਹ ਕਪਾਟ ਰਾਹ ਸਾਚਾ ਦੱਸਿਆ । ਨਾ ਆਵੇ ਘਾਟ ਜਗੇ ਜੋਤ ਵਿਚ ਲਲਾਟ, ਹੋਏ ਪਰਕਾਸ਼ ਕੋਟ ਰਵ ਸੱਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਸਾਚੀ ਦਰਗਹਿ ਜਾਏ ਵਸਿਆ । ਸੰਤ ਜਨਾਂ ਹਰਿ ਕਾਜ ਸਵਾਰੇ । ਆਪੇ ਆਵੇ ਚਲ ਦਵਾਰੇ । ਏਕਾ ਜੋਤ ਕਰੇ ਅਕਾਰੇ । ਜੋਤ ਸਰੂਪ ਨਿਹਕਲੰਕ ਨਰਾਇਣ ਨਰ ਅਵਤਾਰੇ । ਆਏ ਘਰ ਖਾਲੀ ਭਰੇ ਭੰਡਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਦੁੱਤਰ ਤਾਰੇ । ਸੰਤ ਜਨ ਪ੍ਰਭ ਸਾਚੇ ਚੁਣ । ਆਪ ਉਪਜਾਏ ਸ਼ਬਦ ਧੁਨ । ਆਪ ਖੁਲ੍ਹਾਏ ਆਤਮ ਸੁੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਤੇਰੇ ਗੁਣ । ਗੁਣਵੰਤ ਗੁਣ ਵਿਚਾਰੇ । ਪਾਰਬ੍ਰਹਮ ਅਪਰ ਅਪਾਰੇ । ਕਲਜੁਗ ਭੇਖ ਸਰਬ ਸੰਸਾਰੇ । ਮਾਇਆ ਅਗਨ ਕਾਇਆ ਚੁਲ੍ਹਿਆ, ਆਪ ਚਲਾਏ ਬਹੱਤਰ ਨਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤਕਾਲ ਬੇਮੁਖ ਜੀਵ ਅਗਨ ਜੋਤ ਵਿਚ ਸਾੜੇ । ਸੰਤ ਜਨਾਂ ਹਰਿ ਮਾਣ ਦਵਾਏ । ਪੂਰਨ ਕਾਮ ਆਪ ਕਰਾਏ । ਏਕਾ ਸੋਹੰ ਸਾਚਾ ਨਾਮ ਜਪਾਏ । ਦੋਐਂ ਦੋਆ ਭੇਵ ਮਿਟਾਏ । ਅਠਾਰਾਂ ਬਰਨ ਸਰਨ ਲਗਾਏ । ਚਾਰ ਵਰਨ ਰਹਿਣ ਨਾ ਪਾਏ । ਏਕਾ ਏਕੰਕਾਰ ਆਪਣੀ ਸਰਨ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ । ਸੰਤ ਜਨਾਂ ਹਰਿ ਰਸ ਮਾਣਿਆ । ਪ੍ਰਭ ਅਬਿਨਾਸ਼ੀ ਸਾਚਾ ਜਾਣਿਆ । ਪੂਰਨ ਬ੍ਰਹਮ ਆਪ ਪਛਾਣਿਆ । ਸਚ ਕਰਮ ਆਤਮ ਤੁੱਟਾ ਅਭਿਮਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਰਗਹਿ ਸਾਚਾ ਦੇਵੇ ਮਾਣਿਆ । ਦਰਗਹਿ ਸਾਚੀ ਸੰਤ ਪਰਵਾਨ । ਸਾਚੇ ਸੰਤ ਇਕ ਰੰਗ ਸਮਾਨ । ਆਵਣ ਜਾਵਣ ਚੁੱਕੇ ਕਾਨ । ਲੱਖ ਚੁਰਾਸੀ ਮਿਟੇ, ਨਾ ਜਾਏ ਮੜ੍ਹੀ ਮਸਾਨ । ਏਕਾ ਇਕ ਹੋ ਜਾਏ ਜੋਤ ਮਿਲਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸੰਤ ਜਨਾਂ ਹਰਿ ਸੁਣ ਪੁਕਾਰ । ਮਾਤਲੋਕ ਲਏ ਅਵਤਾਰ । ਪੁਰੀ ਘਨਕ ਸੁੱਤਾ ਪੈਰ ਪਸਾਰ । ਸ੍ਰਿਸ਼ਟ ਸਬਾਈ ਅੰਧ ਅੰਧਿਆਰ । ਗੁਰਮੁਖ ਵਿਰਲਾ

ਪਾਵੇ ਸਾਰ । ਜਿਸ ਜਨ ਦੇਵੇ ਚਰਨ ਪਿਆਰ । ਹਰਨ ਫਰਨ ਦਏ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ । ਸੰਤ ਜਨਾਂ ਹਰਿ ਮਾਣ ਦਵਾਇਆ । ਆਪ ਆਪਣਾ ਤਾਣ ਰਖਾਇਆ । ਏਕਾ ਬਾਣ ਸ਼ਬਦ ਲਗਾਇਆ । ਹੋਏ ਪਰਵਾਨ ਜਿਸ ਰਸਨਾ ਗਾਇਆ । ਛੁੱਟਾ ਆਵਣ ਜਾਣ ਲੱਖ ਚੁਰਾਸੀ ਗੇੜ ਚੁਕਾਇਆ । ਆਪ ਬਿਠਾਏ ਵਿਚ ਬਬਾਣ, ਵੇਲੇ ਅੰਤ ਹੋਏ ਸਹਾਇਆ । ਸਰਬ ਘਟਾਂ ਘਟ ਜਾਣੀ ਜਾਣ, ਭੇਵ ਕਿਸੇ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ । ਸੰਤ ਜਨਾ ਹਰਿ ਰੰਗ ਰਾਤੇ । ਆਪੇ ਮੇਲ ਮਿਲਾਇਆ, ਪ੍ਰਭ ਅਬਿਨਾਸ਼ੀ ਪੁਰਖ ਬਿਧਾਤੇ । ਗੁਰ ਗੁਰ ਗੁਰਸਿਖ ਗੁਰ ਸੰਗਤ ਗੁਰ ਚਰਨ ਸਾਚੇ ਨਾਤੇ । ਸੋਹੰ ਸਾਚਾ ਨਾਉਂ ਜੀਵ ਜਪ ਦਿਵਸ ਰਾਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਆਪੇ ਖੜਾ ਰਹੇ ਸਰਹਾਣੇ ਤੇਰੇ ਸੁੱਤਿਆਂ ਰਾਤੇ । ਸੰਤ ਜਨਾਂ ਹਰਿ ਦੇ ਵਡਿਆਈ । ਦਰ ਘਰ ਸਾਚੇ ਮਾਣ ਰਖਾਈ । ਕਲਜੁਗ ਜੀਵ ਭਾਂਡੇ ਕਾਚੇ, ਵੇਲੇ ਅੰਤ ਕਲ ਦੇ ਭੰਨਾਈ । ਗੁਰਸਿਖ ਸਾਚੇ ਸਚ ਦਰ ਵਾਚੇ, ਸਚ ਘਰ ਦੇ ਬਹਾਈ । ਬੇਮੁਖ ਦਰ ਆਏ ਨਾਚੇ, ਕੋਈ ਨਾ ਦੇਵੇ ਥਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਸਾਚੋ ਸਾਚੇ, ਆਪਣੇ ਭਾਣੇ ਸਦ ਰਹਾਈ । ਸੰਤ ਹਰਿ ਹਰਿ ਸੰਤ ਦੋਏ ਏਕਾ । ਜਨ ਸੰਤਾਂ ਕਰੇ ਬੁੱਧ ਬਿਬੇਕਾ । ਏਕਾ ਦੇਵੇ ਚਰਨ ਟੇਕਾ । ਕਲਜੁਗ ਮਾਇਆ ਨਾ ਲਾਗੇ ਸੇਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਰੰਗ ਰੰਗਾਏ ਏਕਾ । ਗੁਰਮੁਖਾਂ ਗੁਣ ਵਿਚਾਰਦਾ । ਕਰ ਕਿਰਪਾ ਪਾਰ ਉਤਾਰਦਾ । ਦੁਖ ਰੋਗ ਸਰਬ ਨਿਵਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੁੜ੍ਹਦੇ ਬੇੜੇ ਕਲਜੁਗ ਪਾਰ ਉਤਾਰਦਾ । ਗੁਰਮੁਖਾਂ ਹਰਿ ਨਾਮ ਦਵਾਏ । ਬੇਮੁਖਾਂ ਦਰ ਦਰ ਫਿਰਾਏ । ਗੁਰਮੁਖਾਂ ਪ੍ਰਭ ਦਰਸ ਦਿਖਾਏ । ਬੇਮੁਖਾਂ ਪ੍ਰਭ ਭਿੱਖ ਨਾ ਪਾਏ । ਗੁਰਮੁਖਾਂ ਆਤਮ ਇੱਛਾ ਪੂਰ ਕਰਾਏ । ਬੇਮੁਖਾਂ ਵਾਂਗ ਰਿਛਾਂ ਘਰ ਘਰ ਨਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਵਿਚ ਸਦ ਸਮਾਏ । ਘਰ ਘਰ ਹੋਏ ਹਾਹਾਕਾਰੀ । ਕਲਜੁਗ ਹੋਈ ਰੈਣ ਅੰਧ ਅੰਧਿਆਰੀ । ਕਲਜੁਗ ਕਾਲ ਆਪਣੇ ਹੱਥ ਫੜੀ ਕਟਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਖੰਡਾ ਦੋ ਧਾਰੀ । ਖੰਡਾ ਦੋ ਧਾਰਾ । ਸਚ ਸ਼ਬਦ ਕਰਤਾਰਾ, ਬੇਮੁਖਾਂ ਕਰੇ ਖੁਆਰਾ, ਗੁਰਸਿਖਾਂ ਪਾਰ ਉਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਤਿ ਦਵਾਰਾ । ਸਤਿ ਦਵਾਰਾ ਸਤਿ ਕਰ ਜਾਣ । ਪ੍ਰਭ ਅਬਿਨਾਸ਼ੀ ਗੁਰਸਿਖ ਪਛਾਣ । ਮਾਤ ਜੋਤ ਪਰਗਟਾਈ ਵਡ ਦਾਤੇ ਗੁਣ ਗੁਣੀ ਨਿਧਾਨ । ਕਲਜੁਗ ਵੇਲਾ ਅੰਤ ਜੀਵ ਨਾ ਭੁਲ ਅੰਞਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੋਹੰ ਸ਼ਬਦ ਰਸਨਾ ਆਪ ਚਲਾਏ ਬਾਣ । ਰਸਨਾ ਬਾਣ ਆਪ ਚਲਾਇਆ । ਤ੍ਰੈਲੋਕੀ ਨਾਥ ਵਿਚ ਮਾਤ ਦੇ ਆਇਆ । ਗੁਰਸਿਖਾਂ ਸਗਲਾ ਸਾਥ ਪ੍ਰਭ ਆਪੇ ਆਪ ਰਖਾਇਆ । ਆਪ ਚਲਾਵੇ ਸਾਚੀ ਗਾਥ, ਸੋਹੰ ਸਾਚਾ ਸਤਿਜੁਗ ਮੁਖ ਰਖਾਇਆ । ਆਪ ਵਰਤਾਏ ਦੋਏ ਹਾਥ, ਗੁਰਸਿਖਾਂ ਝੋਲੀ ਦੇ ਭਰਾਇਆ । ਸਾਚੇ ਲੇਖ ਲਿਖਾਏ ਮਾਥ, ਜੋ ਜਨ ਸਰਨਾਈ ਆਇਆ । ਆਪੇ ਰੱਖੇ ਦੇ ਕਰ ਹਾਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਲਗਾਇਆ । ਗੁਰਸਿਖ ਰੰਗ ਪ੍ਰਭ ਦਰ ਮਾਣੇ । ਸਾਚਾ ਘਰ ਗੁਰਸਿਖ ਪਛਾਣੇ । ਜਿਥੇ ਵਸੇ ਆਪ ਭਗਵਾਨੇ । ਏਕਾ ਜੋਤ ਪਰਕਾਸ਼ ਕੋਟ ਰਵ ਸੱਸੇ, ਗੁਰਮੁਖ ਵਿਰਲਾ ਜਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰ ਸਾਚਾ ਘਰ, ਕੋਈ ਵਿਰਲਾ ਗੁਰਮੁਖ ਜਾਣੇ । ਸਾਚਾ ਦਰ


੩੧੯

ਸਾਚਾ ਘਰ ਵਸਿਆ ਹਰਿ ਕਿਰਪਾ ਕਰ ਗੁਰਮੁਖਾਂ ਦੁਖੜੇ ਜਾਏ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਖੁਲ੍ਹਾਏ ਸਾਚਾ ਸਰ । ਸਾਚਾ ਅੰਮ੍ਰਿਤ ਭਰਿਆ । ਪ੍ਰਭ ਅਬਿਨਾਸ਼ੀ ਗੁਰਸਿਖ ਤੇਰੀ ਆਤਮ ਧਰਿਆ । ਗੁਰਸਿਖ ਗੁਰ ਦਰ ਆਏ, ਵਿਚ ਆਤਮ ਸਾਗਰ ਤਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਪ ਆਪਣੇ ਜਿਹਾ ਕਰਿਆ । ਅੰਮ੍ਰਿਤ ਆਤਮ ਆਪ ਪਿਆਏ । ਆਤਮ ਤ੍ਰਿਸ਼ਨਾ ਅਗਨ ਬੁਝਾਏ । ਕਾਹਨਾ ਕ੍ਰਿਸ਼ਨਾ ਵਿਚ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਏ । ਆਪ ਆਪਣਾ ਭੇਵ ਖੁਲ੍ਹਾ ਕੇ । ਜੋਤ ਸਰੂਪੀ ਦਰਸ ਦਿਖਾ ਕੇ । ਆਤਮ ਸਾਚਾ ਦੀਪ ਜਗਾ ਕੇ । ਜਗੇ ਜੋਤ ਹੋਏ ਰੁਸ਼ਨਾਏ । ਸਵਛ ਸਰੂਪੀ ਦਰਸ ਦਿਖਾਏ । ਬਿਨ ਰੰਗ ਰੂਪੀ ਕੋਈ ਭੇਵ ਨਾ ਪਾਏ । ਵਡ ਵਡ ਪ੍ਰਭ ਭੂਪਨ ਭੂਪੇ ਗੁਰਸਿਖ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਅੰਧ ਕੂਪੇ ਜੋਤ ਜਗਾਏ । ਅੰਧ ਕੂਪ ਕਾਇਆ ਅੰਧਿਆਰ । ਕੋਈ ਨਾ ਪਾਵੇ ਸਾਚੀ ਸਾਰ । ਕਲਜੁਗ ਭੁੱਲਾ ਸਰਬ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਜਾਏ ਤਾਰ । ਗੁਰਸਿਖ ਤਾਰਿਆ ਜਨਮ ਸਵਾਰਿਆ । ਕਿਰਪਾ ਕਰ ਗਿਰਧਾਰਿਆ । ਲੱਖ ਚੁਰਾਸੀ ਗੇੜ ਨਿਵਾਰਿਆ । ਮਾਨਸ ਜਨਮ ਆਪ ਸਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਚਰਨ ਨਿਮਸਕਾਰਿਆ । ਚਰਨ ਦਵਾਰਾ, ਸਚ ਘਰ ਬਾਹਰਾ । ਵਿਰਲਾ ਵਸੇ ਗੁਰਮੁਖ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਅਗੰਮ ਅਪਾਰਾ । ਅਗੰਮ ਅਪਾਰ, ਕਰਮ ਵਿਚਾਰ, ਪਾਵੇ ਸਾਰ, ਕਰੇ ਵਿਚਾਰ, ਜਾਏ ਤਰ, ਨਾ ਆਏ ਹਾਰ, ਗੁਰਮੁਖ ਆਏ ਸਚ ਦਰ ਦਰਬਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਤ੍ਰਿਖਾ ਜਾਏ ਨਿਵਾਰ । ਗੁਰ ਚਰਨ ਸਚ ਦਵਾਰ । ਗੁਰ ਚਰਨ ਪਾਵੇ ਸਾਰ । ਗੁਰ ਚਰਨ ਗੁਰਸਿਖ ਉਧਰੇ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਜਾਏ ਤਾਰ । ਜਿਸ ਜਨ ਦੇਵੇ ਸੋ ਜਨ ਲੇਵੇ ਆਪ ਲਗਾਏ ਆਤਮ ਫਲ ਸੋਹੰ ਸਾਚੇ ਮੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਲਖ ਅਭੇਵੇ । ਸੋਹੰ ਏਕ ਅਕਾਰ ਕਰ । ਕਲ ਜੋਤ ਸਰੂਪੀ ਆਪਣਾ ਸਚ ਵਿਹਾਰ ਕਰ । ਪੰਚਮ ਜੇਠ ਜੋਤ ਮਾਤ ਧਰ । ਗੁਰ ਚਰਨ ਬਣਾਏ ਏਕਾ ਸਾਚਾ ਸਰ । ਆਪ ਖੁਲ੍ਹਾਏ ਦਰ ਆਏ, ਗੁਰਸਿਖਾਂ ਦਸਮ ਦਵਾਰ । ਏਕਾ ਇਕ ਦਿਸ ਆਏ, ਨਰਾਇਣ ਨਰ ਅਵਤਾਰ ਹਰਿ । ਆਵੇ ਜਾਵੇ ਵਾਰੋ ਵਾਰਾ । ਜੋਤ ਸਰੂਪੀ ਖੇਲ ਅਪਾਰਾ । ਆਪੇ ਕਰੇ ਸਚ ਵਿਹਾਰਾ । ਜੁਗੋ ਜੁਗ ਮਾਤਲੋਕ ਲਏ ਅਵਤਾਰਾ । ਜਨ ਭਗਤ ਆਇਣ ਚਰਨ ਦਵਾਰਾ । ਨਾਮ ਰੰਗਤ ਆਪੇ ਦੇ ਆਪੇ ਦੇਵੇ ਸ਼ਬਦ ਭੰਡਾਰਾ । ਸਾਚੀ ਸੰਗਤ ਆਪ ਬਣਾਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਸਾਚੇ ਦੀ ਸਾਚੀ ਕਾਰਾ । ਇਕ ਆਕਾਰਾ ਜੋਤ ਰਖਾਵੇ । ਸਾਚੀ ਧਾਰਾ ਜਗਤ ਚਲਾਵੇ । ਨਿਹਕਲੰਕ ਕਲ ਜਾਮਾ ਪਾਵੇ । ਸੋਹੰ ਸਾਚਾ ਡੰਕ ਵਜਾਵੇ । ਰਾਓ ਰੰਕ ਇਕ ਕਰਾਵੇ । ਊਚ ਨੀਚ ਕੋਈ ਰਹਿਣ ਨਾ ਪਾਵੇ । ਆਤਮ ਉਪਜੇ ਬ੍ਰਹਮ ਗਿਆਨ, ਸੋਹੰ ਜਨ ਜੋ ਰਸਨਾ ਗਾਵੇ । ਸਚ ਸ਼ਬਦ ਹਰਿ ਇਕ ਧਿਆਨ, ਕਲਜੁਗ ਅਗਨ ਨੇੜ ਨਾ ਆਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਵੇ । ਸੋਹੰ ਲਗਾਈ ਆਤਮ ਸਾਚੀ ਜਾਗ । ਕਲਜੁਗ ਜੀਵ ਉਠ ਸੋਇਆ ਜਾਗ । ਆਪ ਆਪਣਾ ਧੋ ਪਾਪਾਂ ਦਾਗ਼ । ਕਲ ਗੂੜ੍ਹੀ ਨੀਂਦ ਸੋਇਆ, ਆਤਮ ਤ੍ਰਿਸਨਾ ਨਾ ਬੁੱਝੀ ਆਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਹੰਸ ਨਾ ਬਣ ਕਾਗ । ਗੁਰਸਿਖ ਗੁਰ ਸਦ


੩੧੭ ੦੨

ਲੋੜੇ । ਆਪੇ ਤੋੜ ਵਿਛੋੜੇ ਜੋੜੇ । ਗੁਰਮੁਖ ਸਾਚਾ ਗੁਰ ਦਰਸ ਸਦ ਲੋੜੇ । ਆਪ ਚੜ੍ਹਾਏ ਸੋਹੰ ਘੋੜੇ । ਵਰ ਪਾਏ ਜਿਹਾ ਜਨ ਲੋੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਲੋੜੇ । ਰੈਣ ਭਿੰਨੜੀ ਹਰਿ ਵਕਤ ਸੁਹਾਇਆ । ਰੈਣ ਭਿੰਨੜੀ ਹਰਿ ਹਰਿ ਹਰਿ ਰਸਨਾ ਗਾਇਆ । ਰੈਣ ਭਿੰਨੜੀ ਵਰ ਘਰ ਸਾਚਾ ਪਾਇਆ । ਰੈਣ ਭਿੰਨੜੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਇਆ । ਰੈਣ ਭਿੰਨੜੀ ਵਕਤ ਵਿਚਾਰੇ । ਜੋਤ ਸਰੂਪੀ ਮਾਤਲੋਕ ਲਏ ਅਵਤਾਰੇ । ਰੈਣ ਭਿੰਨੜੀ ਗੁਰਸਿਖ ਨਾ ਜਾਏ ਗੁਰ ਚਰਨ ਹਾਰੇ । ਰੈਣ ਭਿੰਨੜੀ ਅੰਮ੍ਰਿਤ ਮੇਘ ਆਪ ਵਰਖਾਏ ਕਰ ਕਿਰਪਾ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਜਨਮ ਮਰਨ ਸਵਾਰੇ । ਰੈਣ ਭਿੰਨੜੀ ਵਕਤ ਸੁਹੰਜਣਾ । ਜੋਤ ਜਗਾਵੇ ਪ੍ਰਭ ਨਿਰੰਜਣਾ । ਗੁਰਮੁਖਾਂ ਕਰਾਏ ਚਰਨ ਧੂੜ ਸਾਚਾ ਮਜਣਾ । ਦੁਖ ਭੈ ਭੰਜਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਾਕ ਸੈਣ ਸੱਜਣਾ । ਸੱਜਣ ਸਖਾਈ ਸਾਚਾ ਮੀਤ । ਗੁਰਮੁਖ ਰਾਖੇ ਸਦ ਹੀ ਚੀਤ । ਆਪੇ ਪਰਖੇ ਸਾਚੀ ਨੀਤ । ਮਾਨਸ ਜਨਮ ਜਾਓ ਜਗ ਜੀਤ । ਗੁਰ ਚਰਨ ਪ੍ਰੀਤੀ ਸਾਚੀ ਰੀਤ । ਕਰ ਦਰਸ ਹਰਿ ਹੋਏ ਕਾਇਆ ਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਆਤਮ ਅਤੀਤ । ਆਤਮ ਕਰ ਆਪੇ ਅਤੀਤੀ । ਜਨ ਭਗਤਾਂ ਪਰਖੇ ਆਪੇ ਨੀਤੀ । ਪੂਰਬ ਲਹਿਣਾ ਆਪ ਦਵਾਏ, ਪ੍ਰਭ ਅਬਿਨਾਸ਼ੀ ਪਤਤ ਪੁਨੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਦਰ ਆਏ ਲਏ ਭੁਲ ਬਖ਼ਸ਼ਾਏ, ਪਿਛਲੀ ਭੁਲ ਜੋ ਕੀਤੀ । ਭੁੱਲਿਆਂ ਗੁੱਲਿਆਂ ਦਰ ਸਾਚਾ ਖੁੱਲ੍ਹਿਆ । ਜਗਾਏ ਜੋਤ ਪ੍ਰਭ ਵਡ ਅਨਮੁਲਿਆ । ਵੇਲੇ ਅੰਤਮ ਅੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਸ਼ਬਦ ਅੰਧੇਰ ਜਗਤ ਵਿਚ ਝੁੱਲਿਆ । ਸ਼ਬਦ ਅੰਧੇਰੀ ਜਾਏ ਝੁੱਲ । ਸ੍ਰਿਸ਼ਟ ਸਬਾਈ ਜਾਏ ਰੁਲ । ਉਲਟੀ ਨਾਭੀ ਅੰਮ੍ਰਿਤ ਜਾਏ ਡੁੱਲ । ਬੇਮੁਖ ਕਲਜੁਗ ਜੀਵ ਗਏ ਹੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਜੋ ਦਰ ਆਏ ਬਖ਼ਸ਼ਾਏ ਆਪਣੀ ਭੁੱਲ । ਅੰਤਮ ਅੰਤ ਕਲ ਹੋਏ ਅਖ਼ੀਰ । ਸ੍ਰਿਸ਼ਟ ਸਬਾਈ ਕਰੇ ਵਹੀਰ । ਨਾ ਕੋਈ ਦੀਸੇ ਪੀਰ ਫ਼ਕੀਰ । ਬੇਮੁਖਾਂ ਲੱਥੇ ਚੀਰ । ਕਲਜੁਗ ਜੀਵ ਬੇਮੁਖ ਕੁੱਤੇ, ਬਿਰਧਾਂ ਬਾਲ ਅੰਞਾਣਿਆਂ ਹੱਥ ਨਾ ਆਵੇ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਟ ਮਿਟਾਏ ਜੋਤ ਜਗਾਏ ਰਹਿਣ ਨਾ ਪਾਏ ਅਠਸਠ ਨੀਰ । ਅੰਤਮ ਅੰਤ ਕਲਜੁਗ ਆਏ । ਗੁਰਮੁਖ ਵਿਰਲਾ ਸੰਤ ਪ੍ਰਭ ਅਬਿਨਾਸ਼ੀ ਰਸਨਾ ਗਾਏ । ਜਿਸ ਮਿਲਿਆ ਹਰਿ ਸਾਚਾ ਕੰਤ, ਵੇਲੇ ਅੰਤ ਲਏ ਛੁਡਾਏ । ਜਿਸ ਬਣਾਈ ਸਾਚੀ ਬਣਤ ਕਲਜੁਗ ਜੀਵ ਗਏ ਭੁਲਾਏ । ਪ੍ਰਭ ਦੀ ਮਹਿੰਮਾ ਬੜੀ ਅਗਣਤ, ਮਾਇਆ ਰੂਪੀ ਪੜਦਾ ਪਾਏ । ਕਿਆ ਕੋਈ ਜਾਣੇ ਜੀਵ ਜੰਤ, ਆਪ ਆਪਣਾ ਲਿਆ ਛੁਪਾਏ । ਗੁਰਮੁਖ ਵਿਰਲਾ ਜਾਣੇ ਸੰਤ, ਆਤਮ ਜੋਤ ਸਰੂਪੀ ਦੀਪਕ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਨ ਲੋਕ ਕਰੇ ਰੁਸ਼ਨਾਏ । ਕਲਜੁਗ ਤੇਰਾ ਆਇਆ ਅੰਤ । ਗੁਰਮੁਖ ਵਿਰਲਾ ਜਾਣੇ ਸਾਚਾ ਸੰਤ । ਮਾਇਆ ਪਾਈ ਪ੍ਰਭ ਕਲਜੁਗ ਬੇਅੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਮਹਿੰਮਾ ਸਦਾ ਅਗਣਤ । ਚੌਥੇ ਜੁਗ ਆਈ ਵਾਰ । ਵੇਲੇ ਅੰਤ ਹੋਏ ਖੁਆਰ । ਕਰਮ ਧਰਮ ਦੋਏ ਗਏ ਹਾਰ । ਮਾਨਸ ਜਨਮ ਜੀਵ ਵਿਚਾਰ । ਵੇਲਾ ਅੰਤ ਨਾ ਜਾਏ ਹਾਰ । ਹੰਸ ਕਿਉਂ ਰਲਿਓ ਕਾਗਾਂ ਡਾਰ । ਆਪੇ ਆਪ ਸੜਿਆ ਕਲਜੁਗ ਝੜ੍ਹਿਆ ਅਗਨ ਅੰਗਿਆਰ । ਪ੍ਰਭ ਅਬਿਨਾਸ਼ੀ ਵਲੀਆ ਛਲੀਆਂ, ਮਾਤਲੋਕ ਜੋਤ ਸਰੂਪੀ ਆਇਆ ਜਾਮਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਆਪੇ ਜਾਣੇ ਆਪਣੀ ਸਾਰ । ਸੋਹੰ ਬਾਲੜਾ ਵਡ ਲਾਡੜਾ । ਲਾਲ ਗੁਲਾਲੜਾ ਸਤਿਗੁਰ ਸਾਚੇ ਗੁਰਸਿਖ ਪਾਲੜਾ । ਸੋਹੰ ਸਾਚਾ ਫਲ ਲਗਾਏ ਸੁੱਕੇ ਡਾਲੜਾ । ਅੰਤਮ ਕਾਲ ਨਾ ਖਾਏ, ਪ੍ਰਭ ਹੋਏ ਆਪ ਰਖਵਾਲੜਾ । ਜਨਮ ਮਰਨ ਗੇੜ ਕਟਾਏ, ਆਪੇ ਹੋਏ ਗੁਰਸਿੱਖ ਗੋਦ ਉਠਾਲੜਾ । ਆਪ ਆਪਣੀ ਸਰਨ ਲਗਾਏ, ਦੀਪਕ ਜੋਤ ਆਪੇ ਬਾਲੜਾ । ਮਾਹਣਾ ਸਿੰਘ ਤੇਰੀ ਬਿੰਦ ਆਪ ਤਰਾਏ, ਆਪੇ ਹੋਏ ਸਦ ਰਖਵਾਲੜਾ । ਸਤਿਗੁਰ ਮਨੀ ਸਿੰਘ ਭੁਲ ਨਾ ਜਾਏ, ਜਿਸ ਆਤਮ ਵਾਸ ਗਵਾਇਆ ਕਾਲੜਾ । ਵੇਲੇ ਅੰਤ ਰੁਲ ਨਾ ਜਾਏ, ਹਰਿ ਦੇਵੇ ਸਵਾਸ ਸੁਖਾਲੜਾ । ਸਾਚੀ ਦਰਗਹਿ ਫਲ ਲਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਵਡ ਵਡ ਮਾਲੜਾ । ਆਪੇ ਵਾਲੀ ਆਪੇ ਪਾਲੀ । ਆਪੇ ਕਰੇ ਗੁਰਸਿਖ ਰਖਵਾਲੀ । ਗੁਰਸਿਖ ਸਾਚੇ ਪ੍ਰਭ ਬਣਿਆ ਤੇਰਾ ਪਾਲੀ । ਜੋਤ ਸਰੂਪੀ ਭੇਖ ਕਲਜੁਗ ਖੇਲ ਨਿਰਾਲੀ । ਜੋਤ ਸਰੂਪੀ ਪ੍ਰਭ ਨੇਤਰ ਪੇਖ, ਆਤਮ ਚੜ੍ਹੇ ਸਾਚੀ ਲਾਲੀ । ਆਪ ਲਿਖਾਏ ਸਾਚੀ ਰੇਖ ਦੋ ਜਹਾਨਾਂ ਵਾਲੀ । ਕਲਜੁਗ ਲਗਾਏ ਅੰਤਮ ਮੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਪੂਰ ਕਰਾ ਲੀ । ਆਪ ਲਗਾਏ ਆਤਮ ਮੇਖ । ਸੋਹੰ ਸ਼ਬਦ ਗੁਰਸਿਖ ਵੇਖ । ਕੋਈ ਨਾ ਜਾਣੇ ਪੀਰ ਫ਼ਕੀਰ ਔਲੀਆ ਸ਼ੇਖ਼ । ਕਲਜੁਗ ਜੀਵ ਰਹੇ ਵੇਖਾ ਵੇਖੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦਾ ਗੁਰਮੁਖ ਸਾਚੇ ਨੇਤਰ ਪੇਖ । ਨੇਤਰ ਪੇਖਣਾ । ਦਰ ਘਰ ਸਾਚੇ ਵੇਖਣਾ । ਆਪ ਲਿਖਾਏ ਸਾਚੀ ਲੇਖਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪ ਮਿਟਾਏ ਬਿਧਨਾ ਲਿਖੀ ਲੇਖਣਾ । ਗੁਰਸਿਖ ਲਿਖਾਏ ਸਾਚਾ ਲੇਖ । ਗੁਰਸਿਖ ਸਾਚਾ ਲੇਖ ਲਿਖਾਇਆ । ਸਤਿਗੁਰ ਮਨੀ ਸਿੰਘ ਸਾਚਾ ਸ਼ਬਦ ਜਣਾਇਆ । ਨਿਹਕਲੰਕ ਨਰਾਇਣ ਨਰ, ਬਾਂਹੋਂ ਪਕੜ ਸਾਚੀ ਸਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਾਰਨ ਤਰਨ ਆਪ ਅਖਵਾਇਆ । ਸੰਤ ਮਨੀ ਸਿੰਘ ਕਰ ਵਿਚਾਰ । ਗੁਰ ਸਾਚਾ ਦੀਆ ਤਾਰ । ਆਪ ਦਿਖਾਏ ਦਿਸਾਏ ਰਹਾਏ ਸਾਚੇ ਸਚ ਦਰ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਪਿਆਰ । ਸੰਤ ਮਨੀ ਸਿੰਘ ਸਾਚੀ ਸੀਖਿਆ । ਗੁਰਮੁਖ ਮੰਗੇ ਸਾਚਾ ਦਰ ਸੋਹੰ ਸਾਚਾ ਨਾਮ ਭੀਖਿਆ । ਪ੍ਰਭ ਦੇਵੇ ਵਰ ਸਾਚਾ ਹਰਿ ਧੁਰ ਦਰਗਾਹੋਂ ਲੀਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਮ ਅੰਤ ਆਪੇ ਆਪ ਕਰੇ ਗੁਰਸਿਖ ਤੇਰੀ ਪ੍ਰੀਖਿਆ । ਸਤਿਗੁਰ ਮਨੀ ਸਿੰਘ ਸਤਿ ਕਰ ਮੰਨਣਾ । ਆਪਣਾ ਬੇੜਾ ਆਪੇ ਬੰਨ੍ਹਣਾ । ਗੁਰਮੁਖ ਸਾਚਾ ਕਲਜੁਗ ਅੰਦਰ ਜਿਉਂ ਪਰਭਾਸ ਚੰਦਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਤੋੜੇ ਤੇਰੇ ਫੰਦਨਾ । ਸੰਤ ਮਨੀ ਸਿੰਘ ਸਤਿ ਕਮਾਈ । ਦਿਵਸ ਰੈਣ ਰੈਣ ਦਿਵਸ ਪ੍ਰਭ ਰਸਨਾ ਗਾਈ । ਨਾ ਮਿਲੇ ਬਹਿਣ, ਪ੍ਰਭ ਅਬਿਨਾਸ਼ੀ ਜੋਤ ਜਗਾਈ । ਛੱਡੇ ਸਾਕ ਸੱਜਣ ਸੈਣ, ਏਕਾ ਆਇਆ ਨਿਹਕਲੰਕ ਤੇਰੀ ਸਰਨਾਈ । ਕਲਜੁਗ ਮਾਇਆ ਖਾਏ ਡੈਣ, ਭਾਈਆਂ ਤਾਈਂ ਭਾਈ । ਕਲਜੁਗ ਜੀਵ ਵਹੇ ਵਹਿੰਦੇ ਵਹਿਣ, ਆਪ ਆਪਣੀ ਪਤਿ ਗਵਾਈ । ਗੁਰਮੁਖ ਸਾਚੇ ਸਾਚਾ ਲਹਿਣਾ ਲੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਆਏ ਤੇਰੀ ਸਰਨਾਈ । ਸੰਤ ਮਨੀ ਸਿੰਘ ਸਤਿ ਧਿਆਨ । ਆਤਮ ਉਪਜੇ ਬ੍ਰਹਮ ਗਿਆਨ । ਦੇਵੇ ਦਰਸ ਵਡ ਦਾਤਾ ਗੁਣਵੰਤ ਗੁਣ ਗੁਣੀ ਨਿਧਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਦਰਸ਼ਨ ਪਾਇਆ । ਮਾਤਲੋਕ ਵਿਚ ਰਾਹ ਦਿਸਾਇਆ । ਆਪ ਆਪਣਾ ਭੇਵ ਖੁਲ੍ਹਾਇਆ । ਜੋਤ ਸਰੂਪੀ ਦਰਸ਼ਨ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ

੩੧੯
੦੨

ਰੰਗ ਰੰਗਾਇਆ । ਸਾਚੀ ਜੋਤ ਹੋਏ ਉਜਿਆਰੇ । ਤੀਨ ਲੋਕ ਇਕ ਅਕਾਰੇ । ਖੰਡ ਬ੍ਰਹਿਮੰਡ ਵਰਭੰਡ ਜੈ ਜੈ ਜੈਕਾਰੇ । ਕਲਜੁਗ ਜੀਵ ਤੇਰੀ ਆਤਮ ਰੰਡ ਨਾ ਮਿਲਿਆ ਕੰਤ ਪਿਆਰੇ । ਪੰਚਾਂ ਦਿਤੀ ਏਕਾ ਗੰਢ, ਦੂਜਾ ਵਸਿਆ ਵਿਚ ਹੰਕਾਰੇ । ਵੇਲੇ ਅੰਤ ਹੋਏ ਖੰਡ ਖੰਡ, ਸੋਹੰ ਸ਼ਬਦ ਚਲੇ ਖੰਡਾ ਦੋ ਧਾਰੇ । ਸਾਧ ਸੰਗਤ ਨਾਮ ਸਾਚਾ ਵੰਡ, ਕਰ ਕਿਰਪਾ ਕਲ ਪਾਰ ਉਤਾਰੇ । ਸਾਚੀ ਚੋਗ ਚੁਗੀ ਵਰਭੰਡ, ਕਲਜੁਗ ਜੀਵ ਸੁੱਤੇ ਪੈਰ ਪਸਾਰੇ । ਆਪੇ ਵਸੇ ਵਿਚ ਨਵ ਖੰਡ, ਜੋਤ ਸਰੂਪੀ ਪ੍ਰਭ ਗਿਰਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰੇ । ਅੰਮ੍ਰਿਤ ਮੇਘ ਹਰਿ ਆਪ ਵਰਸਾਏ । ਗੁਰ ਚਰਨ ਬੈਠ ਗੁਰ ਸੰਗਤ ਨਹਾਏ । ਪਾਪਾਂ ਮੈਲ ਦੁਰਮਤ ਆਪ ਧੁਵਾਏ । ਰੋਗ ਸੋਗ ਚਿੰਤਾ ਕਰਮ ਵਿਯੋਗ ਪ੍ਰਭ ਆਪ ਮਿਟਾਏ । ਸਾਧ ਸੰਗਤ ਰਸ ਸਾਚਾ ਭੋਗ, ਅੰਮ੍ਰਿਤ ਸਾਚਾ ਮੁਖ ਚੁਆਏ । ਦੇਵੇ ਵਡਿਆਈ ਵਿਚ ਤੀਨ ਲੋਕ, ਮਾਤ ਕੁੱਖ ਸੁਫਲ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਸਿੰਚ ਆਤਮ ਤ੍ਰਿਖਾ ਭੁੱਖ ਮਿਟਾਏ । ਭੁੱਖ ਮਿਟਾਈ ਸੁਖ ਉਪਜਾਈ ਉਜਲ ਮੁਖ ਕਰਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਦਇਆ ਕਮਾਈ । ਪਹਿਲੀ ਮਾਘ ਭਾਗਾਂ ਭਰਿਆ । ਕਰ ਦਰਸ ਗੁਰਸਿਖ ਤਰਿਆ । ਪ੍ਰਭ ਅਬਿਨਾਸ਼ੀ ਆਦਿ ਜੁਗਾਦਿ ਸਦ ਆਸਾ ਵਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਵਡ ਧਰਨੀ ਧਰਿਆ । ਸਾਚੀ ਜੋਤ ਸਚ ਧਰਵਾਸੇ । ਜੋਤ ਸਰੂਪੀ ਰੱਖੇ ਵਾਸੇ । ਏਕਾ ਜੋਤ ਜਗਾਈ ਪ੍ਰਭ ਪੁਰਖ ਅਬਿਨਾਸ਼ੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਆਦਿ ਜੁਗਾਦਿ ਤੇਰਾ ਦਾਸਨ ਦਾਸੇ । ਪਹਿਲੀ ਮਾਘ ਭਰਮ ਗਵਾਏ । ਗੁਰਮੁਖ ਸਾਚੇ ਕਰਮ ਲਿਖਾਏ । ਜਨਮ ਜਨਮ ਦੀ ਮੈਲ ਗਵਾਏ । ਸਚ ਧਰਮ ਦੀ ਜੋਤ ਜਗਾਏ । ਪੂਰਨ ਕਰਮ ਆਪ ਕਰਾਏ । ਸਚ ਸਰਨ ਇਕ ਰਖਾਏ । ਹਰਨ ਫਰਨ ਆਪ ਖੁਲ੍ਹਾਏ । ਗੁਰਮੁਖ ਸਾਚੇ ਆਪ ਤਰਾਏ । ਨਿਹਕਲੰਕ ਫੇਰ ਅਖਵਾਏ । ਚਾਰ ਕੁੰਟ ਜੈ ਜੈ ਜੈਕਾਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ । ਚਾਰ ਕੁੰਟ ਹੋਏ ਜੈ ਜੈਕਾਰਾ । ਨਿਹਕਲੰਕ ਲਿਆ ਅਵਤਾਰਾ । ਜੋਤ ਸਰੂਪੀ ਖੇਲ ਅਪਾਰਾ । ਭੇਵ ਨਾ ਪਾਏ ਜੀਵ ਮੂਰਖ ਮੁਗਧ ਗਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਖੁਲ੍ਹਾਏ ਦਸਮ ਦਵਾਰਾ । ਸਚ ਸ਼ਾਹ ਸਚ ਰਾਹ ਆਪਣਾ ਆਪ ਦਿਖਾਏ । ਜੋਤ ਸਰੂਪੀ ਪ੍ਰਭ ਅਥਾਹ, ਜੋਤੀ ਜੋਤ ਡਗਮਗਾਏ । ਗੁਰਮੁਖਾਂ ਪਕੜ ਆਪੇ ਬਾਂਹ, ਸਵਛ ਸਰੂਪੀ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਤਮ ਭੇਵ ਗੂਝ ਖੁਲ੍ਹਾਏ । ਆਪਣਾ ਭੇਵ ਆਪ ਦਿਖਾਏ । ਗੁਰਮੁਖਾਂ ਸੋਹੰ ਨਾਮ ਜਪਾਏ । ਸਾਧ ਸੰਗਤ ਹਿਰਦੇ ਮੇਖ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਚੁਕਾਏ । ਗੁਰਮੁਖਾਂ ਹਰਿ ਮਾਣ ਦਵਾਣਾ । ਦਿਵਸ ਰੈਣ ਰੈਣ ਦਿਵਸ ਇਕ ਰੰਗ ਰੰਗਾਣਾ । ਗੁਰਮੁਖ ਸਾਚੇ ਸਾਚਾ ਲਹਿਣਾ ਲੈਣ, ਬੇਮੁਖਾਂ ਸੌਂ ਕੇ ਵਕ਼ਤ ਲੰਘਾਣਾ । ਸਾਧ ਸੰਗਤ ਸੋਹੰ ਸਾਚਾ ਗਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਆਤਮ ਤਨ ਪਹਿਨਾਣਾ । ਸੋਹੰ ਗਹਿਣਾ ਤਨ ਪਹਿਨਾਏ । ਤੀਜੇ ਨੈਣਾਂ ਖੋਲ੍ਹ ਵਖਾਏ । ਗੁਰਸਿਖ ਸਾਚੇ ਸਦ ਤੇਰੇ ਵਿਚ ਰਹਿਣਾ, ਪ੍ਰਭ ਆਪਣਾ ਭੇਵ ਖੁਲ੍ਹਾਏ । ਪ੍ਰਭ ਅਬਿਨਾਸ਼ੀ ਸਦ ਹੈ ਦੇਣਾ, ਗੁਰਮੁਖ ਸਾਚਾ ਆਪਣੀ ਝੋਲੀ ਆਪ ਭਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚਾ ਕਹਿਣਾ, ਕਲਜੁਗ ਜੀਵ ਭੁਲ ਨਾ ਜਾਏ । ਸਾਚਾ ਕਹਿਣਾ ਭਾਣਾ ਸਹਿਣਾ ਲਹਿਣਾ ਲੈਣਾ ਸ੍ਰਿਸ਼ਟ

ਸਬਾਈ ਵਹੇ ਵਹਿੰਦੇ ਵਹਿਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਵੇਖੇ ਪ੍ਰਭ ਵਖਾਏ ਨੈਣਾਂ, ਨਿਹਕਲੰਕ ਨਰ ਅਵਤਾਰ ਸਾਧ ਸੰਗਤ ਸਦ ਤੇਰੀ ਆਤਮ ਅੰਦਰ ਰਹਿਣਾ । ਕਾਇਆ ਮੰਦਰ ਸਚ ਨਿਵਾਸਾ । ਜਗਾਏ ਜੋਤ ਪ੍ਰਭ ਅਬਿਨਾਸ਼ਾ । ਖੁਲ੍ਹਾਏ ਸੋਤ ਸਤਿ ਬ੍ਰਹਮ ਪਰਕਾਸ਼ਾ । ਦੁਰਮਤ ਮੈਲ ਧੋਤ ਮਾਨਸ ਜਨਮ ਕਰਾਏ ਰਾਸਾ । ਸ੍ਰਿਸ਼ਟ ਸਬਾਈ ਏਕਾ ਗੋਤ, ਆਪ ਕਰਾਏ ਚਰਨ ਦਾਸਾ । ਲੱਖ ਚੁਰਾਸੀ ਏਕਾ ਜੋਤ, ਊਚ ਨੀਚ ਪ੍ਰਭ ਜੋਤ ਪਰਕਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਪ ਸਵਾਸ ਸਵਾਸਾ । ਰਸਨਾ ਜਪ ਜੀਵ ਸਵਾਸ ਸਵਾਸਾ ਸੋਹੰ ਸ਼ਬਦ ਸਾਚਾ ਜਾਪਾ । ਆਪੇ ਮਾਰੇ ਹਉਮੇ ਤਾਪਾ । ਆਪੇ ਉਤਾਰੇ ਆਤਮ ਪਾਪਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਦੇਵੇ ਜਾਪਾ । ਸੋਹੰ ਸ਼ਬਦ ਜਗਤ ਚਲਾਇਆ । ਪ੍ਰਭ ਅਬਿਨਾਸ਼ੀ ਮਾਤ ਧਰਾਇਆ । ਸਰਬ ਘਟ ਵਾਸੀ ਦਇਆ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਮਾਣ ਦਵਾਇਆ । ਸੋਹੰ ਗਾਵਣਾ ਸੁਖ ਉਪਜਾਵਣਾ । ਮੁਖ ਸੁਹਾਵਣਾ, ਕਾਇਆ ਸੁੱਕਾ ਰੁੱਖ ਹਰਾ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰਸਨਾ ਗਾਵਣਾ । ਸੋਹੰ ਤੇਰੀ ਸਾਚੀ ਕਾਰ । ਗੁਰਮੁਖ ਵਿਰਲਾ ਪਾਵੇ ਸਾਰ । ਜਿਸ ਜਨ ਕਿਰਪਾ ਕਰੇ ਅਪਾਰ । ਅੰਮ੍ਰਿਤ ਮੁਖ ਚੁਆਏ ਆਪ ਖੁਲ੍ਹਾਏ ਬੰਦ ਕਿਵਾੜ । ਦੀਪਕ ਸਾਚੀ ਜੋਤ ਜਗਾਏ, ਆਪ ਖੁਲ੍ਹਾਏ ਦਸਮ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰ । ਆਪਣੀ ਸਾਰ ਆਪ ਸਮਾਲੇ । ਪ੍ਰਭ ਅਬਿਨਾਸ਼ੀ ਖੇਲ ਨਿਰਾਲੇ । ਗੁਰਮੁਖ ਸਾਚੇ ਅੰਞਾਣੇ ਬਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਦੇਵੇ ਜਾਮ ਮੇਲ ਮਿਲਾਏ ਕਲ ਕਰ ਖੇਲ ਨਿਰਾਲੇ । ਅੰਮ੍ਰਿਤ ਵੇਲਾ ਸਾਚਾ ਰਸ । ਸਚ ਕਰਮ ਪ੍ਰਭ ਜਾਏ ਦੱਸ । ਜੋਤ ਸਰੂਪੀ ਹਿਰਦੇ ਵਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਕਤ ਸੁਹਾਏ । ਸਾਧ ਸੰਗਤ ਆਤਮ ਜੋਤ ਕਰੇ, ਪਰਕਾਸ਼ ਕੋਟ, ਰਵ ਸਸ । ਵੇਲਾ ਅੰਤਮ ਆਪ ਸੁਹਾਵਣਾ । ਜੋਤ ਸਰੂਪੀ ਕਰਮ ਕਮਾਵਣਾ । ਵਿਚ ਅੰਧ ਕੂਪੀ ਜੋਤ ਜਗਾਵਣਾ । ਸਤਿ ਸਰੂਪੀ ਸਤਿ ਵਰਤਾਵਣਾ । ਬਿਨ ਰੰਗ ਰੂਪੀ ਭੇਖ ਵਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਮਾਵਣਾ । ਜਾਮਾ ਧਾਰ ਲਏ ਅਵਤਾਰ । ਅਚਰਜ ਖੇਲ ਕਰੇ ਕਰਤਾਰ । ਵੇਖੇ ਵਿਗਸੇ ਕਰੇ ਵਿਚਾਰ । ਬੂਝਣ ਬੂਝੇ ਸਚ ਵਿਹਾਰ । ਏਕਾ ਕਰੇ ਜਗਤ ਵਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਚਲਾਏ ਸਾਚੀ ਕਾਰ । ਏਕਾ ਕੀਆ ਇਕ ਅਕਾਰ ਜੋਤ ਸਰੂਪੀ ਖੇਲ ਅਪਾਰ । ਸਤਿ ਸਰੂਪੀ ਪ੍ਰਭ ਕਲ ਅਵਤਾਰ । ਬਿਨ ਰੰਗ ਰੂਪੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਰੰਜਣ ਤੀਨ ਲੋਕ ਕਰੇ ਆਕਾਰ । ਏਕਾ ਜੋਤ ਆਪ ਜਗਾਏ । ਜੁਗੋ ਜੁਗ ਪ੍ਰਭ ਜਾਮਾ ਪਾਏ । ਭਗਤਨ ਹਿਤ ਨਿਤ ਨਵਿਤ ਇਹ ਖੇਲ ਰਚਾਏ । ਵਾਕ ਭਵਿਖਤ ਆਪ ਲਿਖਾਏ । ਲਿਖੀ ਲਿਖਤ ਨਾ ਕੋਇ ਮਿਟਾਏ । ਸਾਚੀ ਲਿਖਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੋ ਦੀਸੇ ਸੁਕਦੇ ਰੁੱਖ, ਗੁਰਸਿਖ ਸਾਚੇ ਪ੍ਰਭ ਅੰਮ੍ਰਿਤ ਫਲ ਬਣਾਏ । ਜੁਗੋ ਜੁਗ ਅਵਤਾਰ ਧਰ । ਆਪਣਾ ਭੇਖ ਆਪੇ ਕਰ । ਗੁਰਮੁਖ ਸਾਚੇ ਵੇਖ, ਆਪ ਬਹਾਏ ਆਪਣੇ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਵਸਾਏ ਸਾਚੇ ਘਰ । ਜੁਗ ਜੁਗ ਜੁਗਾ ਜੁਗ ਜਾਮਾ ਧਾਰ । ਜਨ ਭਗਤਾਂ ਪਾਏ ਆਪੇ ਸਾਰ । ਆਪੇ ਦੇਵੇ ਨਾਮ ਅਧਾਰ । ਸ਼ਬਦ ਸਰੂਪੀ ਦੇਵੇ ਸਾਚੀ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪਣਾ ਕਰੇ ਪਸਾਰ । ਆਪ ਆਪਣਾ ਕੀਆ

ਪਸਾਰਾ । ਜੋਤ ਸਰੂਪੀ ਲਿਆ ਅਵਤਾਰਾ । ਪੁਰੀ ਘਨਕ ਹਰਿ ਕਾ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਲਿਆ ਅਵਤਾਰਾ । ਪੁਰੀ ਘਨਕ ਪ੍ਰਭ ਭਾਗ ਲਗਾਏ । ਏਕਾ ਸਾਚੀ ਜੋਤ ਜਗਾਏ । ਬਰਨ ਗੋਤ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਧਾਮ ਸੁਹਾਏ । ਆਪ ਸੁਹਾਏ ਆਪਣਾ ਧਾਮਾ । ਜੋਤ ਜਗਾਏ ਰਮਈਆ ਰਾਮਾ । ਵਕ਼ਤ ਸੁਹਾਏ ਘਨਈਆ ਸ਼ਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਪਹਰਿਆ ਜਾਮਾ । ਨਿਹਕਲੰਕ ਕਲ ਜਾਮਾ ਧਾਰ । ਅਥਰਬਣ ਵੇਦ ਲਿਆ ਵਿਚਾਰ । ਅੱਲਾ ਅਲਾਹੂ ਨੂਰ ਅੰਤਮ ਕਰੇ ਖੁਆਰ । ਆਤਮ ਤੋੜੇ ਸਰਬ ਹੰਕਾਰ । ਸੋਹੰ ਸ਼ਬਦ ਮਾਰੇ ਮਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰ । ਆਪਣੀ ਸਾਰ ਆਪੇ ਜਾਣੇ । ਜਨਮ ਕਰਮ ਸਰਬ ਪਛਾਣੇ । ਸ੍ਰਿਸ਼ਟ ਸਬਾਈ ਆਪ ਰਖਾਏ ਆਵਣ ਜਾਣੇ । ਗੁਰਮੁਖ ਸਾਚੇ ਆਪ ਤਰਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਤੋੜੇ ਸਰਬ ਅਭਿਮਾਨੇ । ਵਿਸ਼ਨੂੰ ਭਗਵਾਨਾ ਤੋੜੇ ਅਭਿਮਾਨਾ । ਸੋਹੰ ਤੀਰ ਚੜ੍ਹਾਏ ਰਸਨਾ ਖਿਚ ਕਮਾਨਾ । ਚਾਰ ਕੁੰਟ ਬਹੀਰ ਕਰਾਏ, ਵਡ ਬਲੀ ਬਲਵਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪੇ ਵਰਤੇ ਆਪਣਾ ਭਾਣਾ । ਆਪਣਾ ਭਾਣਾ ਆਪ ਵਰਤਾ ਕੇ । ਰਾਜਾ ਰਾਣਾ ਤਖ਼ਤੋਂ ਲਾਹ ਕੇ । ਸੁਘੜ ਸਿਆਣਾ ਆਪ ਅਖਵਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਜਾਏ ਨਾਮ ਜਪਾ ਕੇ । ਆਪ ਆਪਣਾ ਨਾਮ ਜਪਾਏ । ਸਾਚਾ ਨਾਮ ਜਗਤ ਟਿਕਾਏ । ਕਲਜੁਗ ਭੇਖ ਸਰਬ ਮਿਟਾਏ । ਜੂਠ ਝੂਠ ਰਹਿਣ ਨ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਅਨੂਠ ਆਤਮ ਸਰਬ ਚੜ੍ਹਾਏ । ਆਤਮ ਰੰਗ ਆਪ ਚੜ੍ਹਾਣਾ । ਸਾਚਾ ਸੰਗ ਆਪ ਰਖਾਣਾ । ਕੱਟ ਭੁੱਖ ਨੰਗ, ਸੋਹੰ ਸਾਚਾ ਜਾਪ ਰਿਦੇ ਵਸਾਣਾ । ਮਾਨਸ ਜਨਮ ਨਾ ਹੋਏ ਭੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਰਸਨਾ ਗਾਣਾ । ਦਿਵਸ ਰੈਣ ਸਦ ਰਸਨਾ ਗਾਓ । ਪ੍ਰਭ ਅਬਿਨਾਸ਼ੀ ਨਿਜ ਘਰ ਮੇਂ ਪਾਓ । ਆਪ ਆਪਣੀ ਚਿੰਤ ਮਿਟਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਆਤਮ ਤ੍ਰਿਖਾ ਅਗਨ ਬੁਝਾਓ । ਆਤਮ ਤ੍ਰਿਖਾ ਅਗਨ ਬੁਝਾ ਕੇ । ਜੋਤ ਸਰੂਪੀ ਦਰਸ਼ਨ ਪਾ ਕੇ । ਆਤਮ ਜਿੰਦਾ ਆਪਣਾ ਆਪ ਤੁੜਾ ਕੇ । ਸੋਹੰ ਚਾਬੀ ਨਾਮ ਲਗਾ ਕੇ । ਵਡ ਪਰਤਾਪੀ ਬੈਠਾ ਹਰਿ ਜੋਤ ਜਗਾ ਕੇ । ਕੋਟਨ ਕੋਟ ਉਧਰਨ ਪਾਪੀ, ਨਿਹਕਲੰਕ ਤੇਰਾ ਦਰਸ਼ਨ ਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਈ, ਗੁਰਸਿਖ ਤਰਾਏ ਆਪਣੀ ਸਰਨ ਲਗਾ ਕੇ । ਮਾਤਲੋਕ ਪ੍ਰਭ ਜਾਮਾ ਧਰਿਆ । ਅਚਰਜ ਖੇਲ ਪਾਰਬ੍ਰਹਮ ਕਲ ਕਰਿਆ । ਬੇਮੁਖ ਜੀਵ ਨਾ ਆਵੇ ਦਰ ਡਰਿਆ । ਗੁਰਸਿਖ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਰਨੀ ਪੜਿਆ । ਸਰਨ ਲਗ ਜਾਵਣਾ । ਜਨਮ ਸੁਹਾਵਣਾ । ਦੁਖ ਰੋਗ ਮਿਟਾਵਣਾ । ਸੋਹੰ ਸਾਚਾ ਜੋਗ, ਪ੍ਰਭ ਦਰ ਤੇ ਪਾਵਣਾ । ਦਰਸ ਅਮੋਘ ਪ੍ਰਭ ਆਪ ਦਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚੀ ਜੋਤ ਜਗਾਵਣਾ । ਜਗੇ ਜੋਤ ਆਤਮ ਉਜਿਆਰੀ । ਏਕਾ ਦਿਸੇ ਨਰ ਅਵਤਾਰੀ । ਗੁਰਮੁਖ ਹਿਰਦੇ ਵਿਚ ਵਿਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਖੇਲ ਨਿਆਰੀ । ਖੇਲ ਨਿਆਰਾ ਜੋਤ ਪਸਾਰਾ । ਕਲ ਅਵਤਾਰਾ ਸ਼ਬਦ ਅਖਾਰਾ । ਦੇਵੇ ਗਿਰਧਾਰਾ ਗੁਰਮੁਖ ਪਾਵੇ ਦਰ ਦਰਬਾਰਾ । ਆਪ ਵਸਾਵੇ ਸਚ ਘਰ ਬਾਹਰਾ । ਜੋਤ ਜਗਾਵੇ ਏਕਾ ਦੀਸੇ ਆਪ ਨਿਰੰਕਾਰਾ । ਮਹਾਰਾਜ


੩੨੨ ੦੨

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਰੰਗ ਅਨੂਪ ਏਕਾ ਏਕੰਕਾਰਾ । ਰੰਗ ਏਕ ਅੰਗ ਏਕ ਸੰਗ ਏਕ । ਸੋਹੰ ਨਾਮ ਗੁਰਮੁਖ ਮੰਗ ਏਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਚਰਨ ਟੇਕ । ਚਰਨ ਟੇਕ ਆਪੇ ਦੇ । ਆਪੇ ਵਰਸੇ ਆਤਮ ਅੰਮ੍ਰਿਤ ਮੇਂਹ । ਬੇਮੁਖਾਂ ਦਰ ਕਰਾਏ ਅੰਤਮ ਥੇਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਗੁਰਸਿਖਾਂ ਰਖਾਏ ਚਰਨ ਨੇਂਹ । ਗੁਰਮੁਖ ਗੁਰ ਵਿਚਾਰਿਆ । ਕਰ ਕਿਰਪਾ ਪਾਰ ਉਤਾਰਿਆ । ਗੁਰਮੁਖ ਸਾਚੇ ਦੇਵੇ ਵਡਿਆਈ ਵਿਚ ਸੰਸਾਰਿਆ । ਗੁਰਮੁਖ ਸਾਚੇ ਰੰਗ ਰੰਗੇ ਆਪ ਕਰਤਾਰਿਆ । ਜਿਸ ਜਨ ਕਿਰਪਾ ਕਰੇ ਆਪ ਗਿਰਧਾਰਿਆ । ਸੰਸਾ ਰੋਗ ਸਰਬ ਮਿਟਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਰਾਗ ਆਤਮ ਧੁਨ ਉਪਜਾ ਰਿਹਾ । ਆਤਮ ਧੁਨ ਆਪ ਉਪਜਾਏ । ਵਡ ਰਿਖ ਮੁਨ ਆਪ ਅਖਵਾਏ । ਗੁਰਸਿਖ ਤੇਰੀ ਆਤਮ ਤ੍ਰਿਖ ਆਪ ਬੁਝਾਏ । ਗੁਰ ਦਰ ਲੱਥੇ ਭੁੱਖ, ਮਦਿਰਾ ਮਾਸ ਰਸਨ ਤਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਜਗਾਏ । ਮਦਿਰਾ ਮਾਸ ਰਸਨ ਤਜਾਵਣਾ । ਸਵਾਸ ਸਵਾਸ ਸੋਹੰ ਗਾਵਣਾ । ਪੂਰਨ ਆਸ ਪ੍ਰਭ ਕਰਾਵਣਾ । ਗੁਰਮੁਖ ਉਧਾਰੇ ਜਿਉਂ ਬਲਧਾਰ ਰੂਪ ਬਾਵਨਾ । ਜੇ ਕੋਈ ਵੇਖੇ ਵੇਖ ਵਖਾਏ । ਸਾਚਾ ਹਾਟ ਪ੍ਰਭ ਮਾਤ ਖੁਲ੍ਹਾਵਣਾ । ਕਿਸੇ ਨਾ ਆਵੇ ਘਾਟ, ਸੋਹੰ ਦਾਤ ਪ੍ਰਭ ਝੋਲੀ ਪਾਵਣਾ । ਮਿਲੇ ਵਡਿਆਈ ਵਿਚ ਲੋਕਮਾਤ, ਜਿਸ ਜਨ ਰਸਨਾ ਗਾਵਣਾ । ਨਾ ਹੋਏ ਅੰਧੇਰੀ ਰਾਤ, ਜੋਤ ਸਰੂਪੀ ਪ੍ਰਭ ਡਗਮਗਾਵਣਾ । ਗੁਰਸਿਖ ਬੈਠ ਇਕਾਂਤ, ਹਰਿ ਹਿਰਦੇ ਵਿਚ ਧਿਆਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਨਿਹਕਲੰਕ ਜੋਤ ਸਰੂਪੀ ਦਰਸ ਦਿਖਾਵਣਾ । ਆਪ ਆਪਣਾ ਦਰਸ ਦਿਖਾ ਕੇ । ਭਰਮ ਭੁਲੇਖਾ ਸਰਬ ਚੁਕਾ ਕੇ । ਪਿਛਲਾ ਲੇਖਾ ਆਪ ਮੁਕਾ ਕੇ । ਮਸਤਕ ਲੇਖਾ ਸਚ ਲਿਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਮਾਰਗ ਲਾ ਕੇ । ਆਪ ਆਪਣਾ ਮਾਰਗ ਲਾਏ । ਸੋਹੰ ਸਾਚਾ ਨਾਮ ਜਪਾਏ । ਸੋਹੰ ਦੋਐਂ ਓਐਂ ਇਕ ਕਰਾਏ । ਦੂਈ ਦਵੈਤ ਸਰਬ ਮਿਟਾਏ । ਆਪ ਆਪਣੀ ਬੂਝ ਬੁਝਾਏ । ਚਾਰ ਵਰਨ ਇਕ ਸਰਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਉਂ ਜਗਤ ਚਲਾਏ । ਸਾਚਾ ਨਾਮ ਜਗਤ ਚਲਾਇਆ । ਸ਼ਾਮ ਵੇਦ ਮਾਣ ਗਵਾਇਆ । ਰਿਗ ਵੇਦ ਰਹਿਣ ਨਾ ਪਾਇਆ । ਯੁਜਰ ਵੇਦ ਅੰਤ ਕਰਾਇਆ । ਵੇਦ ਅਥਰਬਣ ਆਪ ਮਿਟਾਇਆ । ਅੱਲਾ ਅਲਾਹੀ ਨੂਰ ਗਵਾਇਆ । ਅਚਰਜ ਖੇਲ ਪ੍ਰਭ ਬਣਾਇਆ । ਈਸਾ ਮੂਸਾ ਮੁਹੰਮਦੀ ਇਕ ਭੇਖ ਵਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਆਪ ਆਪਣਾ ਡੰਕ ਵਜਾਇਆ । ਆਪ ਮਿਟਾਏ ਵੇਦ ਪੁਰਾਨਾ । ਆਪ ਮਿਟਾਏ ਅੰਜੀਲ ਕੁਰਾਨਾਂ । ਆਪ ਮਿਟਾਏ ਸ਼ਾਹ ਸੁਲਤਾਨਾਂ । ਆਪ ਮਿਟਾਏ ਵਡ ਵਡ ਹੰਕਾਰੀਆਂ ਆਤਮ ਤੋੜ ਅਭਿਮਾਨਾ । ਆਪ ਮਿਟਾਏ ਵਡ ਰਾਜ ਰਾਜਾਨਾ । ਆਪ ਮਿਟਾਏ ਝੂਠੇ ਸ਼ਾਮ ਜੋ ਬਣ ਬੈਠੇ ਗੋਪੀਆਂ ਕਾਹਨਾ । ਆਪ ਮਿਟਾਏ ਭੇਖਾ ਧਾਰੀ ਝੂਠਾ ਪਹਰਿਆ ਜਿਨ੍ਹਾਂ ਜਾਮਾ । ਆਪੇ ਲੇਖ ਲਿਖਾਰੀ ਵਾਲੀ ਦੋ ਜਹਾਨਾਂ । ਆਪੇ ਵਡ ਸੰਸਾਰੀ, ਤੀਨ ਲੋਕ ਵਿਚ ਇਕ ਰੰਗ ਸਮਾਨਾ । ਆਪੇ ਹੋਏ ਵਡ ਸਿਕਦਾਰੀ, ਸ੍ਰਿਸ਼ਟ ਸਬਾਈ ਚਰਨ ਲਗਾਣਾ । ਨਾ ਕੋਈ ਦੀਸੇ ਵੰਡ ਵਿਹਾਰੀ, ਸੋਹੰ ਸ਼ਬਦ ਆਪ ਚਲਾਣਾ । ਗੁਰਮੁਖਾਂ ਦੇਵੇ ਨਾਮ ਖੁਮਾਰੀ, ਰਸਨਾ ਜਪੇ ਨਾਮ ਭਗਵਾਨਾ । ਸੋਹੰ ਸ਼ਬਦ ਦੇਵੇ ਉਡਾਰੀ, ਜੋਤ ਸਰੂਪੀ ਮੇਲ ਮਿਲਾਨਾ । ਜੋ ਜਨ ਆਏ ਨਾਮ ਭਿਖਾਰੀ, ਸੋਹੰ ਦੇਵੇ ਸਾਚਾ ਦਾਨਾ । ਬੇਮੁਖਾਂ ਮਤ ਗਈ ਮਾਰੀ, ਭੁੱਲਿਆ ਹਰਿ

ਵਿਸ਼ਨੂੰ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਸਦ ਸਮਾਣਾ । ਆਪ ਆਪਣੇ ਰੰਗ ਸਮਾਇਆ । ਸ੍ਰਿਸ਼ਟ ਸਬਾਈ ਪਾਈ ਮਾਇਆ । ਝੂਠੇ ਵਹਿਣ ਜਗਤ ਵਿਹਾਇਆ । ਵੇਲੇ ਅੰਤ ਨਾ ਕੋਈ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦੇਵੇ ਆਪ ਸਜ਼ਾਇਆ । ਬੇਮੁਖਾਂ ਪ੍ਰਭ ਦੇ ਸਜ਼ਾਏ । ਗੁਰਮੁਖਾਂ ਪ੍ਰਭ ਪਾਰ ਕਰਾਏ । ਬੇਮੁਖਾਂ ਗੁਰ ਦਰ ਦੁਰਕਾਏ । ਗੁਰਸਿਖਾਂ ਘਰ ਸਚ ਬਹਾਏ । ਬੇਮੁਖ ਕੋਈ ਥਾਏਂ ਨਾ ਪਾਏ । ਗੁਰਸਿਖ ਸਦ ਰਸਨਾ ਗਾਏ । ਸਰਨ ਰਖਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰਸ ਦਾਨ ਮੰਗੇ, ਸੋਹੰ ਭਿਛਿਆ ਪ੍ਰਭ ਸਾਚੀ ਪਾਏ । ਨਾਮ ਸਚ ਮੰਗਿਆ, ਆਤਮ ਰੰਗਿਆ, ਨਾ ਦਰ ਸੰਗਿਆ, ਆਤਮ ਵਹਾਏ ਸਾਚੀ ਗੰਗਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚਾ ਸਾਚਾ ਦਰਸ ਦਾਨ ਗੁਰਸਿਖ ਮੰਗਿਆ । ਸਾਚੀ ਮੰਗ ਚਾੜ੍ਹੇ ਰੰਗ । ਵਸੇ ਅੰਗ ਸਦਾ ਸੰਗ । ਮਾਨਸ ਜਨਮ ਨਾ ਹੋਏ ਭੰਗ । ਆਤਮ ਅੰਮ੍ਰਿਤ ਨੀਰ ਚਲਾਏ ਗੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਅੰਗ ਸੰਗ । ਅੰਗ ਸੰਗ ਸਗਲਾ ਸਾਥਾ । ਪ੍ਰਭ ਅਬਿਨਾਸ਼ੀ ਤ੍ਰੈਲੋਕੀ ਨਾਥਾ । ਸੋਹੰ ਸ਼ਬਦ ਚਲਾਏ ਸਾਚੀ ਗਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਾਥਾ । ਸਰਬ ਕਲਾ ਆਪੇ ਸਮਰਥ । ਸ੍ਰਿਸ਼ਟ ਸਬਾਈ ਪਾਏ ਨੱਥ । ਗੁਰਸਿਖ ਚੜ੍ਹਾਏ ਸੋਹੰ ਸਾਚੇ ਰਥ । ਬੇਮੁਖਾਂ ਧਰਮ ਰਾਏ ਪਾਏ ਨੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਪਾਰ ਉਤਾਰੇ ਆਪੇ ਰੱਖੇ ਸਿਰ ਤੇ ਹੱਥ । ਆਪਣਾ ਹੱਥ ਸਿਰ ਟਿਕਾਇਆ । ਦਰ ਘਰ ਸਾਚੇ ਮਾਣ ਦਵਾਇਆ । ਆਵਣ ਜਾਣ ਆਪ ਕਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਹਿ ਸਾਚੀ ਮਾਣ ਦਵਾਇਆ । ਦਰਗਹਿ ਸਾਚੀ ਸਾਚਾ ਘਰ । ਜੋਤ ਸਰੂਪੀ ਵਸੇ ਹਰਿ । ਏਕਾ ਸਾਚਾ ਦਿਸੇ ਦਰ । ਕੋਟਨ ਕੋਟ ਖੜੇ ਦਰ । ਆਪੇ ਦੇਵੇ ਸਰਬ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ । ਖੜੇ ਰਹਿਣ ਕੋਟ ਦਵਾਰੇ । ਵੱਜੇ ਚੋਟ ਸ਼ਬਦ ਧੁਨਕਾਰੇ । ਕੱਢੇ ਖੋਟ ਜਨਮ ਸਵਾਰੇ । ਕਲਜੁਗ ਜੀਵ ਆਲ੍ਹਣਿਓ ਡਿਗੇ ਬੋਟ, ਨਾ ਕੋਈ ਪਾਏ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਖਪਾਏ ਕਰ ਕਰ ਵਡ ਦੁਖਿਆਰੇ । ਕਲਜੁਗ ਜੀਵ ਹੋਇਣ ਦੁਖਿਆਰ । ਕੋਈ ਨਾ ਪਾਵੇ ਸਾਰ । ਆਪਣਾ ਕਰਮ ਗਏ ਹਾਰ । ਮਾਨਸ ਜਨਮ ਹੋਇਆ ਖੁਆਰ । ਮਦਿਰਾ ਮਾਸ ਕਲ ਆਹਾਰ । ਸਵਾਸ ਸਵਾਸ ਨਾ ਜਪਿਆ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮਾਰੇ ਕਰ ਖੁਆਰ । ਕਰੇ ਖੁਆਰੀ ਵਡ ਸੰਸਾਰੀ । ਸ੍ਰਿਸ਼ਟ ਸਬਾਈ ਹੋਏ ਭਿਖਾਰੀ । ਘਰ ਘਰ ਮੰਗਣ ਨਰ ਨਾਰੀ । ਦੁਖ ਰੋਗ ਲੱਗੀ ਭੁੱਖ ਬਿਮਾਰੀ । ਜੀਵ ਜੰਤ ਸਭ ਬਿਲਲਾਇਣ, ਚਾਰ ਕੁੰਟ ਹੋਏ ਹਾਹਾਕਾਰੀ । ਜੋ ਜਨ ਪ੍ਰਭ ਅਬਿਨਾਸ਼ੀ ਰਸਨਾ ਗਾਇਣ, ਆਤਮ ਰਹੇ ਸਦ ਖੁਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚਾ ਪਾਇਣ, ਦੇਵੇ ਦਰਸ ਆਪ ਬਨਵਾਰੀ । ਘਰ ਘਰ ਦਰ ਦਰ ਹਾਹਾਕਾਰ । ਕਲਜੁਗ ਹੋਏ ਅੰਧ ਅੰਧਿਆਰ । ਦੁਖੀਏ ਜੀਵ ਕਰਨ ਪੁਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਮਾਰੇ ਮਾਰ । ਚਾਰ ਕੁੰਟ ਹਾਹਾਕਾਰ । ਰੋਇਣ ਸਰਬ ਨਾਰੀ ਨਾਰ । ਭੈਣਾਂ ਛੱਡਣ ਭਾਈ, ਕਿਸੇ ਨਾ ਹੋਏ ਕੋਈ ਸਹਾਰ । ਮਾਤਾ ਛੱਡਣ ਪੂਤ ਕੋਈ ਨਾ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰਤੇ ਖੇਲ ਅਪਰ ਅਪਾਰ । ਕਲਜੁਗ ਜੀਵ ਦੁਖ ਅੰਤ ਭਰ । ਨਿੰਦਕ ਦੁਸ਼ਟ ਜਨਮ ਗਏ ਹਰ । ਦਰ ਦਰ ਘਰ ਘਰ ਆਵੇ ਡਰ । ਆਪਣਾ ਕੀਆ

ਲੈਣ ਭਰ । ਕੱਚੇ ਫਲ ਜਾਇਣ ਝੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਫੜੇ ਆਪੇ ਲੜ । ਸ੍ਰਿਸ਼ਟ ਸਬਾਈ ਵਰਤੇ ਕਹਿਰ । ਸ੍ਰਿਸ਼ਟ ਸਬਾਈ ਹੋਏ ਗਹਿਰ । ਸ੍ਰਿਸ਼ਟ ਸਬਾਈ ਆਪੇ ਵਗਾਏ ਏਕਾ ਨਹਿਰ । ਸ੍ਰਿਸ਼ਟ ਸਬਾਈ ਆਪ ਤਪਾਏ, ਆਪ ਲਗਾਈ ਜੇਠ ਦੁਪਹਿਰ । ਸ੍ਰਿਸ਼ਟ ਸਬਾਈ ਆਪ ਲਿਆਈ ਘੇਰ । ਸ੍ਰਿਸ਼ਟ ਸਬਾਈ ਆਪ ਮਿਟਾਈ, ਆਪ ਕਰਨੀ ਹੇਰ ਫੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਜੋਤ ਪਰਗਟਾਏ ਨਾ ਲਾਏ ਦੇਰ । ਜੋਤ ਪਰਗਟਾਏ ਸ੍ਰਿਸ਼ਟ ਉਲਟਾਏ । ਤ੍ਰੈਭਵਨ ਹਿਲਾਏ, ਆਵਾ ਗਵਣ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਪਵਣ ਆਪ ਚਲਾਏ । ਚਲੇ ਪਵਣ ਜਗਤ ਹੁਲਾਰਾ । ਕਲਜੁਗ ਜੀਵ ਹੋਏ ਖੁਆਰਾ । ਛਿਨ ਭੰਗਰ ਆਰਾ ਪਾਰਾ । ਝੂਠੇ ਮੰਦਰ ਨਾ ਦੀਸੇ ਮਹਿਲ ਮੁਨਾਰਾ । ਬੇਮੁਖ ਜੀਵ ਫਿਰਨ ਜਿਉਂ ਬੰਦਰ, ਨਾ ਦੀਸੇ ਕੋਈ ਸਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਦਰਸ ਅਪਾਰਾ । ਸਚ ਪਵਣ ਆਪ ਚਲਾਏ । ਪਵਣ ਪਾਣੀ ਇਕ ਹੋ ਜਾਏ । ਖਾਣੀ ਬਾਣੀ ਸਰਬ ਮਿਟ ਜਾਏ । ਚੋਜ ਵਡਾਣੀ ਖੇਲ ਰਚਾਏ । ਵਡ ਵਡ ਅਭਿਮਾਨੀ ਮਾਣ ਗਵਾਏ । ਸ਼ਬਦ ਗਿਆਨੀ ਆਪ ਹੋ ਜਾਏ । ਸੋਹੰ ਕਾਨੀ ਆਪ ਲਗਾਏ । ਆਪੇ ਬਾਨੀ ਆਪ ਮਿਟਾਏ । ਆਪ ਜਾਣੀ ਜਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਸਮਾਏ । ਏਕਾ ਪਵਣ ਏਕਾ ਰਾਸ । ਏਕਾ ਪਵਣ ਸਰਬ ਸਵਾਸ । ਏਕਾ ਪਵਣ ਹੋ ਜਾਏ ਵਿਨਾਸ । ਏਕਾ ਪਵਣ ਸਦ ਵਸੇ ਗੁਰ ਚਰਨ ਪਾਸ । ਏਕਾ ਪਵਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਜਪ ਸਵਾਸ ਸਵਾਸ । ਸਵਾਸ ਸਵਾਸ ਪਵਣ ਚਲਾਏ । ਸੋਹੰ ਸਾਚਾ ਨਾਮ ਜਪਾਏ । ਅਜੱਪਾ ਜਾਪ ਆਪ ਕਰਾਏ । ਇਕ ਘੜੀ ਸਵਾਸ ਤਿੰਨ ਸੌ ਸੱਠ ਚਲਾਏ । ਸਾਚਾ ਨਾਮ ਵਿਚ ਲੇਖ ਆਪ ਲਿਖਾਏ । ਗੁਰਮੁਖ ਸਾਚੇ ਵੇਖ ਦਇਆ ਕਮਾਏ । ਸਾਚਾ ਕਲ ਪ੍ਰਭ ਦਾ ਭੇਖ ਕੋਈ ਭੁਲ ਨਾ ਜਾਏ । ਕਲਜੁਗ ਜੀਵ ਰਹੇ ਵੇਖਾ, ਵੇਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਅਭੁੱਲ ਆਪ ਅਖਵਾਏ । ਨਾ ਭੁੱਲੇ ਨਾ ਕੋਈ ਭੁਲਾਵੇ । ਕਲਜੁਗ ਜੀਵ ਬੰਨ੍ਹੇ ਝੂਠੇ ਦਾਅਵੇ । ਆਪ ਉਪਾਵੇ ਆਪੇ ਖਾਵੇ । ਆਪੇ ਖੇਲੇ ਖੇਲ ਖਿਲਾਵੇ । ਆਪੇ ਮੇਲ ਹੋਏ ਹਰਿ ਨਾਮ ਜਪਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹਾਵੇ । ਆਪ ਆਪਣਾ ਭੇਵ ਖੁਲ੍ਹਾਵੇ । ਸਚ ਸੁੱਚ ਪ੍ਰਭ ਵਰਤਾਏ । ਸਾਚਾ ਧਰਮ ਸਾਚਾ ਕਰਮ ਸਾਚਾ ਜਨਮ ਮਾਤ ਧਰਾਏ । ਗੁਰਮੁਖ ਸਾਚੇ ਆਪ ਉਪਾਏ । ਆਪ ਆਪਣੀ ਸੇਵਾ ਲਾਏ । ਸਾਧ ਸੰਗਤ ਸੰਗ ਰਲਾਏ । ਨਾਮ ਰੰਗਤ ਆਪ ਚੜ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਰਸਨਾ ਗਾਏ । ਰਸਨਾ ਗਾਓ ਗਹਿਰ ਗੰਭੀਰ । ਤਨ ਮਨ ਹਰਿਆ ਸ਼ਾਂਤ ਸਰੀਰ । ਹਰਿ ਮਿਲਿਆ ਵਡ ਪੀਰਨ ਪੀਰ । ਆਪੇ ਦੇਵੇ ਆਤਮ ਧੀਰ । ਗਲੋਂ ਕੱਟੇ ਜਗਤ ਜ਼ੰਜੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਮੁਖ ਚੁਆਏ ਸਾਚਾ ਸੀਰ । ਅੰਮ੍ਰਿਤ ਮੁਖ ਆਪ ਚੁਆਏ । ਆਪ ਆਪਣੇ ਰੰਗ ਸਮਾਏ । ਸਤਿ ਸੰਗਤ ਗੁਰ ਸੰਗ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਗਣ ਮੰਗਤ ਦੇਵਣਹਾਰ ਇਕ ਰਘੁਰਾਏ । ਇਕ ਰਘੁਰਾਤਾ, ਇਕ ਦਾਤਾ, ਇਕ ਗਿਆਤਾ, ਇਕ ਪਿਤ ਮਾਤਾ, ਏਕਾ ਦੀਸੇ ਪੁਰਖ ਬਿਧਾਤਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਕਲਜੁਗ ਪਛਾਤਾ । ਗੁਰਮੁਖ ਵਿਰਲਾ ਜਾਣੇ ਕੋਇ । ਕਲਜੁਗ ਜੀਵ ਰਹੇ ਸੋਏ । ਗੁਰਮੁਖ ਸਾਚੇ ਸੋਹੰ ਧਾਗੇ ਲਏ ਪਰੋਏ । ਆਪ ਉਪਜਾਏ ਸਾਚੇ ਰਾਗੇ, ਦੂਸਰ ਜਾਣੇ ਨਾ ਕੋਇ ।


੩੨੫ ੦੨

ਕਿਰਪਾ ਕਰੇ ਪ੍ਰਭ ਪਹਿਲੀ ਮਾਘੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਜਗਾਏ ਸੋਏ । ਗੁਰਸਿਖ ਸੋਇਆ ਆਪ ਜਗਾਇਆ । ਆਪ ਆਪਣੀ ਸਰਨ ਲਗਾਇਆ । ਸਚ ਸਰਨ ਇਕ ਰਘੁਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਖ ਵਟਾਇਆ । ਆਪਣਾ ਭੇਖ ਆਪ ਵਟਾ ਕੇ । ਸ੍ਰਿਸ਼ਟ ਸਬਾਈ ਆਪ ਭੁਲਾ ਕੇ । ਮਾਇਆ ਰੂਪੀ ਪੜਦਾ ਪਾ ਕੇ । ਅਗਨ ਜੋਤ ਵਿਚ ਆਪ ਸੜਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਮਿਟਾਏ ਆਪ ਖਪਾਏ ਦੋ ਧੜ ਕਰਾ ਕੇ । ਸ੍ਰਿਸ਼ਟ ਸਬਾਈ ਹੋਏ ਦੋ ਧੜ । ਏਕਾ ਕਾਂਗ ਆਏ ਚੜ੍ਹ । ਬੇਮੁਖ ਜੀਵ ਜਾਇਣ ਹੜ੍ਹ । ਕੋਈ ਨਾ ਦਿਸੇ ਕਿਲ੍ਹਾ ਗੜ੍ਹ । ਨਾ ਕੋਈ ਬੈਠੇ ਅੰਦਰ ਬਾਹਰ ਆਪੇ ਮਾਰੇ ਫੜ ਫੜ । ਚਾਰੋਂ ਤਰਫ ਹੋਏ ਕੜ ਕੜ । ਆਪੇ ਭੰਨੇ ਜਿਹੜੇ ਬਣਾਏ ਘੜ ਘੜ । ਆਪੇ ਡੰਨੇ ਜਿਨ੍ਹਾਂ ਛੱਡਿਆ ਸਾਚਾ ਲੜ । ਆਤਮ ਅੰਨ੍ਹੇ ਧਰਮ ਰਾਏ ਅੱਗੇ ਲਾਏ ਫੜ । ਗੁਰਮੁਖਾਂ ਬੇੜਾ ਆਪੇ ਬੰਨ੍ਹੇ, ਸ਼ਬਦ ਸਰੂਪੀ ਘੋੜੀ ਚੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਰ ਲੰਘਾਏ, ਸਾਚੇ ਧਾਮ ਆਪ ਬਹਾਏ, ਪੂਰਨ ਕਾਮ ਆਪ ਕਰਾਏ, ਸਾਚਾ ਨਾਮ ਆਪ ਜਪਾਏ, ਸਾਚਾ ਜਾਮ ਅੰਮ੍ਰਿਤ ਪਿਆਏ, ਕਰੇ ਰੁਸ਼ਨਾਏ ਵਿਚ ਬਹੱਤਰ ਨਾੜ । ਕਲਜੁਗ ਜੀਵ ਕਿਸਮਤ ਮਾੜੀ । ਕਲਜੁਗ ਹੱਥ ਫੜਾਈ ਆਪਣੀ ਦਾਹੜੀ । ਪਾਈ ਨੱਥ ਖੜਾ ਅਗਾੜੀ । ਕੋਈ ਨਾ ਜਾਏ ਸਾਥ ਖੜੀ ਮੌਤ ਲਾੜੀ । ਪ੍ਰਭ ਦੀ ਮਹਿੰਮਾ ਬੜੀ ਅਕਥ, ਆਪ ਚਬਾਏ ਆਪਣੀ ਦਾੜ੍ਹੀਂ । ਗੁਰਮੁਖ ਚੜ੍ਹਾਏ ਸਾਚੇ ਰਥ । ਹੋਏ ਸਹਾਈ ਜੰਗਲ ਜੂਹ ਪਹਾੜੀਂ । ਸੋਹੰ ਦੇਵੇ ਸਾਚੀ ਵੱਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਵਿਚ ਮਾਤ ਸੱਚੀ ਫੁਲਵਾੜੀ । ਸਚ ਫੁਲਵਾੜੀ ਸਾਚਾ ਮਾਲੀ । ਕਰੇ ਖੇਲ ਆਪ ਨਿਰਾਲੀ । ਜੋਤ ਸਰੂਪੀ ਦੀਪਕ ਬਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ਼ਾਂ ਰਖਾਏ ਆਤਮ ਘਟਾ ਕਾਲੀ । ਕਾਲੀ ਘਟਾ ਹੋਏ ਘਨਘੋਰ । ਕਲਜੁਗ ਝੂਠਾ ਕਰੇ ਸ਼ੋਰ । ਪ੍ਰਭ ਹੱਥ ਆਤਮ ਅੰਦਰ ਤੁਹਾਡੀ ਡੋਰ । ਪ੍ਰਭ ਅਬਿਨਾਸ਼ੀ ਤੇਰੀ ਸਾਚੀ ਲੋੜ । ਸ਼ਬਦੇ ਅੰਦਰ ਰੱਖੇ ਜੋੜ । ਸ਼ਬਦੇ ਅੰਦਰ ਨਿਭਾਏ ਤੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਸਾਚੇ ਦੀ ਸਾਚੀ ਲੋੜ । ਘਟਾ ਕਾਲੀ ਜਗਤ ਅੰਧੇਰ । ਕਲਜੁਗ ਜੀਵ ਫਲ ਟੁੱਟੇ ਡਾਲ੍ਹੀ, ਪ੍ਰਭ ਚਾੜ੍ਹੇ ਏਕਾ ਵੇਰ । ਜਲ ਥਲ ਥਲ ਜਲ ਏਕਾ ਘੜੀ ਏਕਾ ਪਲ ਵੇਲਾ ਜਾਏ ਨਾ ਟਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਪਾਰ ਉਤਾਰੇ ਕਰਕੇ ਆਪਣੀ ਮਿਹਰ । ਝੱਖੜ ਝਾਗੀ ਵਗੇ ਜਗ । ਸ੍ਰਿਸ਼ਟ ਸਬਾਈ ਲੱਗੇ ਅੱਗ । ਕਲਜੁਗ ਜੀਵ ਫਿਰਨ ਜਿਉਂ ਸੁੰਵੇ ਘਰ ਕਗ । ਅਗਨ ਜੋਤ ਜੋਤ ਅਗਨ ਜਾਏ ਲਗ । ਆਪੇ ਪਕੜ ਪਛਾੜੇ ਪ੍ਰਭ ਪਕੜ ਸ਼ਾਹਰਗ । ਬੇਮੁਖਾਂ ਦਿਨ ਆਏ ਮਾੜੇ, ਕਲਜੁਗ ਅੰਧੇਰੀ ਜਾਏ ਵਗ । ਮੌਤ ਘੋੜੀ ਚਾੜ੍ਹੇ ਲਾੜੇ, ਸੋਹੰ ਪਹਨਾਇਆ ਆਤਮ ਤਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਕਲਜੁਗ ਜੀਵ ਅੱਗੇ ਧਰਮ ਰਾਏ ਲਗਾਇਆ ਵਗ । ਕਲਜੁਗ ਜੀਵ ਹੋਏ ਅਵਾਰਾ । ਪਾਪਾਂ ਰਹੇ ਤਨ ਅਫਾਰਾ । ਦੇਹੀ ਦੁਖ ਲੱਗਾ ਭਾਰਾ । ਸਾਚਾ ਸੁਖ ਹਰਿ ਨਾਮ ਵਸਾਰਾ । ਆਤਮ ਤ੍ਰਿਸਨਾ ਨਾ ਉਤਰੀ ਭੁੱਖ, ਬੇਮੁਖ ਸਦਾ ਰਹੇ ਝੱਖ ਮਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਪਾਵੇ ਜੋ ਜਨ ਕਰੇ ਚਰਨ ਨਿਮਸਕਾਰਾ । ਨਿਮਸਕਾਰ ਪੂਰੇ ਗੁਰ । ਮਿਲਿਆ ਹਰਿ ਲਿਖਿਆ ਧੁਰ । ਗੁਰਸਿਖ ਗੁਰ ਚਰਨ ਗਏ ਜੁੜ । ਏਕਾ ਸ਼ਬਦ ਏਕਾ ਸੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਇਆ ਗੁਰਸਿਖ ਲਿਖਿਆ ਧੁਰ । ਮੇਲ ਮਿਲਾਇਆ ਖੇਲ ਖਲਾਇਆ ।

੩੨੯
੦੨

ਬਿਨ ਬਾਤੀ ਬਿਨ ਤੇਲ ਦੀਪਕ ਜੋਤ ਜਗਾਇਆ । ਪਾਰਬ੍ਰਹਮ ਅਚਰਜ ਖੇਲ ਆਪਣਾ ਭੇਦ ਆਪ ਛੁਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੱਜਣ ਸੁਹੇਲ ਆਪੇ ਹੋਏ ਸਹਾਇਆ । ਆਪੇ ਹੋਏ ਸਹਾਈ ਦੇਵੇ ਵਡਿਆਈ । ਪੂਰਨ ਬੂਝ ਬੁਝਾਈ । ਏਕ ਦੂਜ ਮਿਟਾਈ । ਭੁੱਲਿਆਂ ਸਚ ਮਾਰਗ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਘਰ ਵਸੇ ਰਘੁਰਾਈ । ਸਚ ਘਰ ਸਚ ਟਿਕਾਣਾ । ਜਗੇ ਜੋਤ ਇਕ ਮਹਾਨਾ । ਨਾ ਕੋਈ ਦੀਸੇ ਰਾਜਾ ਰਾਣਾ । ਆਪ ਭੁਲਾਇਆ ਜਗਤ ਰੁਲਾਇਆ ਭਰਮ ਭੁਲੇਖਾ ਸਰਬ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਸਚ ਟਿਕਾਣਾ । ਸਚ ਟਿਕਾਣਾ ਥਿਰ ਘਰ । ਜਿਥੇ ਵਸੇ ਸਾਚਾ ਹਰਿ । ਖੁਲ੍ਹੇ ਰਹਿਣ ਸਦਾ ਦਰ । ਸਦਾ ਰਹੇ ਭੰਡਾਰੇ ਭਰ । ਸ੍ਰਿਸ਼ਟ ਸਬਾਈ ਦੇਵੇ ਵਰ । ਜੋ ਜਨ ਮੰਗੇ ਆਏ ਦਰ । ਆਪਣੀ ਕਿਰਪਾ ਦੇਵੇ ਕਰ । ਆਪ ਖੁਲ੍ਹਾਏ ਆਤਮ ਦਰ । ਜੋ ਜਨ ਮੰਗੇ ਸਾਚੇ ਘਰ । ਆਪਣੀ ਕਿਰਪਾ ਕਰੇ ਹਰਿ । ਜੋਤ ਜਗਾਏ ਅੰਦਰ ਵੜ । ਹੋ ਜਾਏ ਰੁਸ਼ਨਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਦਿਖਾਏ ਸਾਚਾ ਘਰ । ਸਚ ਘਰ ਸਚ ਦਵਾਰਾ । ਸਚ ਘਰ ਸਚ ਪਸਾਰਾ । ਸਚ ਘਰ ਸਚ ਵਰਤਾਰਾ । ਸਚ ਘਰ ਸਚ ਦਰਬਾਰਾ । ਸਚ ਘਰ ਸਚ ਭੰਡਾਰਾ । ਸਾਚਾ ਹਰਿ ਆਪ ਵਰਤਾਰਾ । ਗੁਰਮੁਖ ਆਏ ਦਰ ਦੇਵੇ ਵਰ, ਨਾ ਦਿਸੇ ਪਾਸਾ ਹਾਰਾ । ਰਸਨਾ ਜਪ ਜਾਏ ਤਰ, ਝੂਠਾ ਜਗਤ ਸਰਬ ਵਿਹਾਰਾ । ਭਰਮ ਭਉ ਨਾ ਆਵੇ ਡਰ, ਜਿਸ ਮਿਲਿਆ ਹਰਿ ਪੁਰਖ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮੰਗ ਆਤਮ ਰੰਗੋ ਸਾਚਾ ਦਰ ਦਰਬਾਰਾ । ਸਚ ਦਰਬਾਰ ਆਪ ਲਗਾਇਆ । ਪਹਿਲੀ ਮਾਘ ਦਇਆ ਕਮਾਇਆ । ਕਾਗ ਹੰਸ ਗੁਰਸਿਖ ਬਣਾਇਆ । ਰਾਜ ਹੰਸ ਆਪੇ ਆਪ ਅਖਵਾਇਆ । ਸਾਚਾ ਬੰਸ ਗੁਰ ਸੰਗਤ ਆਪ ਬਣਾਇਆ । ਪੂਰ ਕਰਾਏ ਆਸਾ ਮਨਸਾ, ਜਿਸ ਜਨ ਰਸਨੀ ਗਾਇਆ । ਦੁਸ਼ਟ ਸੰਘਾਰੇ ਜਿਉਂ ਕਾਹਨਾ ਕੰਸਾ, ਜੋਤ ਸਰੂਪੀ ਜਾਮਾ ਪਾਇਆ । ਗੁਰਸਿਖਾਂ ਦੇਵੇ ਸੋਹੰ ਆਪ ਆਪਣੀ ਦਇਆ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਜੋ ਮਨ ਭਾਇਆ । ਮਨ ਭਾਏ ਸੋ ਕਰਾਏ, ਨਾ ਦੇਰ ਲਾਏ, ਅੰਧੇਰ ਗਵਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੋਹੰ ਨਾਮ ਜਪਾਏ । ਸੋਹੰ ਜਪ ਸਾਚਾ ਨਾਮ । ਸੋਹੰ ਜਪ ਪੂਰਨ ਕਾਮ । ਸੋਹੰ ਜਪ ਮਿਲੇ ਸਾਚਾ ਸ਼ਾਮ । ਸੋਹੰ ਜਪ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸਾਚਾ ਦਾਨ । ਸੋਹੰ ਜਪ ਆਤਮ ਰਸ । ਪ੍ਰਭ ਅਬਿਨਾਸ਼ੀ ਹੋਏ ਵਸ । ਮਿਟੇ ਅੰਧੇਰ ਦੁਖ ਜਾਇਣ ਨੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਜੋਤ ਪਰਕਾਸ਼ ਕੋਟ ਰਵ ਸਸ । ਜੋਤ ਜੋਤ ਜੋਤ, ਹਰਿ ਜੋਤ ਜਗਾਈ । ਜੋਤ ਜੋਤ ਜੋਤ, ਹਰਿ ਖੇਲ ਰਚਾਈ । ਜੋਤ ਜੋਤ ਜੋਤ, ਹਰਿ ਮੇਲ ਮਿਲਾਈ । ਜੋਤ ਜੋਤ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਵਿਚ ਮਾਤ ਜੋਤ ਪਰਗਟਾਈ । ਜੋਤ ਜੋਤ ਜੋਤ ਪ੍ਰਭ ਜੋਤ ਪਰਗਟਾ ਕੇ । ਜੋਤ ਜੋਤ ਜੋਤ, ਪ੍ਰਭ ਗੁਰਸਿਖ ਦੀਪਕ ਜੋਤ ਜਗਾ ਕੇ । ਜੋਤ ਜੋਤ ਜੋਤ, ਸੋਹੰ ਸਾਚਾ ਮੋਖ ਰਖਾ ਕੇ । ਜੋਤ ਜੋਤ ਜੋਤ, ਪ੍ਰਭ ਰੋਗ ਸੋਗ ਜਾਏ ਮਿਟਾ ਕੇ । ਜੋਤ ਜੋਤ ਜੋਤ, ਪ੍ਰਭ ਸਭ ਜਾਏ ਭੇਖ ਗਵਾ ਕੇ । ਜੋਤ ਜੋਤ ਜੋਤ, ਪ੍ਰਭ ਗੁਰਸਿਖਾਂ ਦਰਸ ਅਮੋਘ ਦਿਖਾ ਕੇ । ਜੋਤ ਜੋਤ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜਾਏ ਜੋਤ ਜਗਾ ਕੇ । ਜੋਤ ਜੋਤ ਜੋਤ, ਹਰਿ ਜੋਤ ਪਸਾਰਾ । ਜੋਤ ਜੋਤ ਜੋਤ, ਹਰਿ ਜੋਤ ਅਧਾਰਾ । ਜੋਤ ਜੋਤ ਜੋਤ, ਲੱਖ ਚੁਰਾਸੀ ਵਿਚ ਪਸਾਰਾ । ਜੋਤ ਜੋਤ

ਜੋਤ, ਹਰਿ ਆਪ ਦਿਸਾਏ ਸਾਚਾ ਘਰ ਬਾਹਰਾ । ਜੋਤ ਜੋਤ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਜੋਤ ਜੋਤ ਜੋਤ ਨਿਰੰਕਾਰੀ । ਜੋਤ ਜੋਤ ਜੋਤ, ਹਰਿ ਏਕਾ ਜੋਤ ਤੀਨ ਲੋਕ ਪਸਾਰੀ । ਜੋਤ ਜੋਤ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਆਪ ਨਿਵਾਰੀ । ਜੋਤ ਜੋਤ ਜੋਤ, ਜਗੇ ਜਗਤ ਜੋਤੀ । ਗੁਰਸਿਖ ਬਣਾਏ ਗੁਰ ਸਾਚਾ ਮਾਣਕ ਮੋਤੀ । ਸ੍ਰਿਸ਼ਟ ਸਬਾਈ ਰਹੀ ਸੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਚਾਰ ਵਰਨ ਏਕਾ ਗੋਤੀ । ਚਾਰ ਵਰਨ ਇਕ ਕਰਾਣਾ । ਊਚ ਨੀਚ ਭੇਵ ਚੁਕਾਣਾ । ਆਪ ਆਪਣੀ ਸਰਨੀ ਲਾਣਾ । ਰਾਜਾ ਰਾਣਾ ਤਖ਼ਤੋਂ ਲਾਹਣਾ । ਆਪ ਆਪਣਾ ਭੇਵ ਖੁਲ੍ਹਾਣਾ । ਜੋਤ ਸਰੂਪੀ ਖੇਲ ਰਚਾਣਾ । ਸ੍ਰਿਸ਼ਟ ਸਬਾਈ ਭੇੜ ਭਿੜਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਉਖੇੜ ਜਗਤ ਲਗਾਣਾ । ਇਕ ਉਖੇੜਾ ਆਪ ਲਗਾਏ । ਨਗਰ ਖੇੜਾ ਕੋਈ ਰਹਿਣ ਨਾ ਪਾਏ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ ਆਪ ਕਰਾਏ । ਕਲਜੁਗ ਜੀਵਾਂ ਝੇੜਾ ਆਪ ਚੁਕਾਏ । ਗੁਰਮੁਖ ਸਾਚੇ ਵੇਖ ਮਾਰ ਝਾਤ, ਪ੍ਰਭ ਅਬਿਨਾਸ਼ੀ ਤੇਰੇ ਵਿਚ ਸਮਾਏ । ਆਪੇ ਪੁੱਛੇ ਤੇਰੀ ਬਾਤ, ਵੇਲੇ ਅੰਤ ਹੋਏ ਸਹਾਏ । ਸੋਹੰ ਦੇਵੇ ਸਾਚੀ ਦਾਤ, ਆਤਮ ਦੇਵੇ ਦੀਪ ਜਗਾਏ । ਸੋਹੰ ਸਚ ਸ਼ਬਦ ਵਡ ਕਰਾਮਾਤ, ਤੀਨ ਭਵਨ ਪ੍ਰਭ ਬੂਝ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਨ ਲੋਕ ਜੈ ਜੈ ਜੈਕਾਰ ਕਰਾਏ । ਤੀਨ ਲੋਕ ਹੋਏ ਜੈ ਜੈਕਾਰਾ । ਸੋਹੰ ਸ਼ਬਦ ਉਪਜੇ ਸਾਚੀ ਧਾਰਾ । ਸਾਚੀ ਜੋਤ ਜਗਾਏ ਕਾਇਆ ਝੂਠੇ ਮਹਿਲ ਮੁਨਾਰਾ । ਗੁਰਮੁਖ ਸਾਚੇ ਆਪ ਉਠਾਏ ਖਿਚ ਲਿਆਏ ਚਰਨ ਦਵਾਰਾ । ਆਪ ਆਪਣਾ ਦਰਸ ਦਿਖਾਏ ਰੂਪ ਦਿਖਾਏ, ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਕਰੇ ਸਰਬ ਪਸਾਰਾ । ਜੋਤ ਸਰੂਪੀ ਸਰਬ ਪਸਾਰ । ਏਕਾ ਜੋਤ ਜਗਤ ਵਿਹਾਰ । ਪ੍ਰਭ ਸਾਚੇ ਦੀ ਸਾਚੀ ਕਾਰ । ਆਵੇ ਜਾਵੇ ਵਾਰੋ ਵਾਰ । ਪਾਵੇ ਗਾਵੇ ਗੁਰਮੁਖ ਕਰ ਵਿਚਾਰ । ਸਾਚਾ ਤੀਰਥ ਗੁਰ ਚਰਨ ਨਹਾਵੇ, ਪ੍ਰਭ ਦੇਵੇ ਮੋਖ ਦਵਾਰ । ਬੇਮੁਖ ਬੰਨ੍ਹਣ ਝੂਠੇ ਦਾਅਵੇ, ਵੇਲੇ ਅੰਤ ਹੋਇਣ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਬੇੜਾ ਕਰ ਜਾਏ ਪਾਰ । ਗੁਰਸਿਖਾਂ ਬੇੜਾ ਆਪੇ ਬੰਨ੍ਹ । ਦੂਈ ਦਵੈਤ ਭਾਂਡਾ ਭੰਨ । ਆਤਮ ਜੋਤ ਜਗਾਏ ਚੜ੍ਹਾਏ ਸਾਚਾ ਚੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਤਨ । ਆਤਮ ਅੰਧੇਰ ਆਪ ਗਵਾਏ । ਨਾ ਲਾਏ ਦੇਰ ਜੋਤ ਜਗਾਏ । ਏਕਾ ਜੋਤ ਡਗਮਗਾਏ । ਕਾਇਆ ਕੋਟ ਹੋਏ ਰੁਸ਼ਨਾਏ । ਕੱਢੇ ਖੋਟ ਪਾਪਾਂ ਮੈਲ ਧੁਵਾਏ । ਸੋਹੰ ਸ਼ਬਦ ਲਗਾਵੇ ਚੋਟ, ਅਨਹਦ ਧੁਨ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰਾ ਬਜਰ ਕਪਾਟ ਆਪ ਖੁਲ੍ਹਾਏ । ਬਜਰ ਕਪਾਟੀ ਆਪੇ ਖੋਲ੍ਹਿਆ । ਗੁਰਸਿਖ ਪੂਰਾ ਪੂਰੇ ਤੋਲ ਤੋਲਿਆ । ਜੋਤ ਸਰੂਪੀ ਵਸੇ ਵਿਚ ਗੁਰਸਿਖ, ਸੋਹੰ ਸ਼ਬਦ ਆਪੇ ਬੋਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸਬਾਈ ਬਣਾਏ ਆਪੇ ਗੋਲਿਆ । ਸਰਬ ਜੀਆਂ ਏਕਾ ਮਾਣ । ਸਰਬ ਜੀਆਂ ਏਕਾ ਤਾਣ । ਸਰਬ ਜੀਆਂ ਏਕਾ ਪੁਰਖ ਸੁਜਾਨ । ਸਰਬ ਜੀਆਂ ਏਕਾ ਦੀਸੇ, ਆਤਮ ਵਿਚ ਭਗਵਾਨ । ਸਰਬ ਜੀਆਂ ਏਕਾ ਦੇਵੇ ਸੋਹੰ ਸਾਚਾ ਦਾਨ । ਸਰਬ ਜੀਆਂ ਏਕਾ ਏਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਏਕਾ ਏਕ ਏਕ ਅਨੇਕ । ਅਨੇਕ ਅਨੇਕ ਵਰਤੇ ਏਕ । ਏਕਾ ਏਕਾ ਏਕਾ ਸਾਚੀ ਟੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸ੍ਰਿਸ਼ਟ ਸਬਾਈ ਕਰੇ ਬੁੱਧ ਬਿਬੇਕ । ਸਤਿਜੁਗ ਸਾਚਾ ਸਚ ਚਲਾਏ । ਸਾਚਾ ਰਖਵਾਹੀ

ਆਪ ਅਖਵਾਏ । ਏਕਾ ਥਾਏਂ ਚਾਰ ਵਰਨ ਬਹਾਏ । ਊਚ ਨੀਚ ਕੋਈ ਰਹਿਣ ਨਾ ਪਾਏ । ਸਰਬ ਬੀਚ ਆਪ ਸਮਾਏ । ਆਤਮ ਗੰਢਾਂ ਦੇਵੇ ਪੀਚ, ਫਿਰ ਖੁਲ੍ਹ ਨਾ ਜਾਏ । ਆਪੇ ਹੋਏ ਨੀਚੋ ਨੀਚ, ਕੀਟਾਂ ਅੰਦਰ ਕੀਟ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਏਕਾ ਸੰਗ ਆਪ ਨਿਭਾਏ । ਸੱਚਾ ਹੋਏ ਆਪੇ ਸੰਗੀ । ਆਪੇ ਵਰਤੇ ਹੋਏ ਬਹੁ ਰੰਗੀ । ਸ੍ਰਿਸ਼ਟ ਸਬਾਈ ਰੰਗ ਬਰੰਗੀ । ਵੇਲੇ ਅੰਤ ਹੋਏ ਤੰਗੀ । ਮਾਇਆ ਨਾਗਣੀ ਜਾਏ ਡੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਆਪਣੇ ਰੰਗ ਰੰਗੀ । ਵਾਕ ਭਵਿਖਤ ਆਪ ਜਣਾਏ । ਸਾਚੀ ਲਿਖਤ ਆਪ ਲਿਖਾਏ । ਲਿਖਾਏ ਲਿਖਤ ਆਪ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਜੋ ਰਿਹਾ ਲਿਖਾਏ । ਵਰਤੇ ਵਰਤਾਵੇ ਵਰਤਾਵਣ ਜੋਗ । ਨਾ ਕਦੇ ਚਿੰਤ ਨਾ ਕਦੇ ਸੋਗ । ਨਾ ਕਦੇ ਲੱਗੇ ਕੋਈ ਦੁੱਖ, ਨਾ ਲੱਗੇ ਰੋਗ । ਨਾ ਕੋਈ ਭੋਗੇ ਝੂਠਾ ਭੋਗ । ਏਕਾ ਦਿਸੇ ਸਾਚਾ ਜੋਗ । ਗੁਰਮੁਖ ਕਮਾਏ ਦਿਖਾਏ ਦਰਸ ਅਮੋਘ । ਸੋਹੰ ਸ਼ਬਦ ਚੁਗਾਏ ਗੁਰਮੁਖ ਸਾਚੇ ਸਾਚੀ ਚੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕੱਟੇ ਹਉਮੇ ਰੋਗ । ਹਉਮੇ ਰੋਗ ਆਪ ਕਟਾਇਆ । ਚਿੰਤਾ ਸੋਗ ਆਪ ਮਿਟਾਇਆ । ਸ਼ਬਦ ਰਸ ਭੋਗ ਆਪ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦਰ ਆਪ ਖੁਲ੍ਹਾਇਆ । ਆਤਮ ਖੋਲ੍ਹੇ ਸਚ ਦਵਾਰ । ਸਾਚੀ ਦੇਵੇ ਸ਼ਬਦ ਧੁਨਕਾਰ । ਖੁਲ੍ਹੇ ਸੁੰਨ ਹੋਏ ਆਕਾਰ । ਟੁੱਟੇ ਸੁੰਨ ਦਿਸੇ ਕਰਤਾਰ । ਗੁਰਮੁਖ ਵਿਰਲੇ ਚੁਣ ਦੇਵੇ ਸ਼ਬਦ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਸਤਿ ਵਿਹਾਰ । ਗੁਰਮੁਖ ਸਾਚੇ ਆਪ ਜਗਾਏ । ਆਪ ਆਪਣੀ ਸਰਨ ਲਗਾਏ । ਗੁਰਮੁਖ ਸਾਚੇ ਸਚ ਘਰ ਵਿਚ ਸਦ ਸਮਾਏ । ਥਿਰ ਘਰ ਵਸੇ ਹਰਿ ਸਾਚੇ ਧਾਮ ਆਪ ਰਹਾਏ । ਕਿਰਪਾ ਕਰ ਚੁਕਾਏ ਡਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤੀ ਜੋਤ ਮਿਲਾਏ । ਜੋਤੀ ਮੇਲ ਆਪ ਮਿਲਈਆ । ਆਪੇ ਚੜ੍ਹਾਏ ਸਾਚੀ ਨਈਆ । ਪਾਰ ਕਰਾਏ ਦੂਈ ਦਵੈਤ ਦਵਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਈਆ । ਏਕਾ ਰੰਗ ਸਚ ਰੰਗਾਵਣਾ । ਸੋਹੰ ਮਜੀਠ ਆਪ ਚੜ੍ਹਾਵਣਾ । ਕਲਜੁਗ ਜੀਵ ਕੌੜੇ ਰੀਠ ਭੰਨ ਵਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਵਣਾ । ਭਾਣਾ ਵਰਤੇ ਵਿਚ ਸੰਸਾਰ । ਸ੍ਰਿਸ਼ਟ ਸਬਾਈ ਹੋਏ ਦੋ ਫਾੜ । ਆਪ ਉਠਾਏ ਸੋਏ ਜਗਾਏ, ਖੰਡੇ ਫੜਾਏ ਹੱਥ ਦੋ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਕਰੇ ਸਚ ਵਿਹਾਰ । ਆਪੇ ਕਰੇ ਸਰਬ ਅਖ਼ੀਰ । ਆਪੇ ਉਠਾਏ ਵਡ ਵਡ ਸੂਰਬੀਰ । ਏਕਾ ਪਿਲਾਏ ਹੰਗਤਾ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਜਾਏ ਪੀੜ । ਆਪ ਉਠਾਏ ਬਲੀ ਬਲਵਾਨਾ । ਵੇਖੇ ਖੇਲ ਜਿਉਂ ਕ੍ਰਿਸ਼ਨਾ ਕਾਹਨਾ । ਜੋਤ ਸਰੂਪੀ ਵਿਸ਼ਨੂੰ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੰਡ ਪਰਚੰਡ ਵਿਚ ਨਵਖੰਡ ਸ਼ਬਦ ਸਰੂਪੀ ਆਪ ਕਰਾਣਾ । ਨਵ ਖੰਡ ਚੰਡ ਪਰਚੰਡ । ਆਪੇ ਦੇਵੇ ਸਰਬ ਵੰਡ । ਬੇਮੁਖਾਂ ਕਲਜੁਗ ਆਈ ਕੰਡ । ਸੋਹੰ ਸ਼ਬਦ ਲਗਾਇਆ ਵਿਚ ਸਿਰ ਡੰਡ । ਰੰਡੀ ਹੋਈ ਮਾਤ ਸਰਬ ਵਰਭੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਭੰਨ ਵਖਾਏ ਕਾਇਆ ਕੱਚੇ ਅੰਡ । ਏਕਾ ਵਰ ਮੁਹੰਮਦ ਮੰਗਿਆ । ਪ੍ਰਭ ਦੇਵੇ ਵਡ ਸੂਰਾ ਸਰਬੰਗਿਆ । ਸਦੀ ਚੌਧਵੀਂ ਹੋਏ ਭੰਗਿਆ । ਆਪ ਮਿਟਾਏ ਸਰਬ ਫਰੰਗੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰਵੇ ਨਵ ਰੰਗਿਆ । ਆਪੇ ਲੇਖਾ ਲੇਖ ਲਿਖਾਏ । ਅਹਿਮਦ

੩੨੯
੦੨

ਮੁਹੰਮਦ ਵਕਤ ਚੁਕਾਏ । ਸਚ ਧਾਮ ਸਚ ਰਾਮ ਜਿਸ ਦੋਏ ਨਸ਼ਟ ਕਰਾਏ । ਚਾਰ ਯਾਰਾਂ ਸੰਗ ਰਲਾਏ । ਹੋਏ ਖੁਆਰ ਥਾਏਂ ਨਾ ਪਾਏ । ਬੇਮੁਖ ਫਿਰਨ ਜਿਉਂ ਭੇਡਾਂ ਅਵਾਰਾ, ਪਾਲੀ ਕੋਈ ਦਿਸ ਨਾ ਆਏ । ਘਰ ਘਰ ਰੰਡੀਆਂ ਹੋਵਣ ਨਾਰਾਂ, ਕੰਤ ਸੁਹਾਗਣ ਨਾ ਕੋਈ ਹੰਢਾਏ । ਮੌਤ ਬਣਾਏ ਲਾੜੀ ਲਾੜਾ, ਕਲਜੁਗ ਹੱਥੀਂ ਆਪ ਪਰਨਾਏ । ਉਪਰ ਧਵਲ ਬਣਾਏ ਰਚਾਏ ਅਖਾੜਾ, ਦੋਵੇਂ ਦਲ ਆਪ ਉਠਾਏ । ਆਪੇ ਪਕੜੇ ਆਪੇ ਮਾਰੇ, ਭੇਵ ਨਾ ਕਿਸੇ ਜਣਾਏ । ਆਪੇ ਕਰੇ ਸ੍ਰਿਸ਼ਟ ਉਜਾੜਾ, ਜੀਵ ਜੰਤ ਕੋਈ ਦਿਸ ਨਾ ਆਏ । ਵਾਹੋ ਦਾਹੀ ਵਿਚ ਪਹਾੜਾਂ, ਨਾ ਕੋਈ ਬੇਲੀ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਚਾਰ ਕੁੰਟ ਵਹੀਰ ਕਰਾਏ । ਸਦੀ ਚੌਧਵੀਂ ਹੋਏ ਅਖ਼ੀਰ । ਤੁਰਕਾਂ ਲਾਹੇ ਆਪਣੇ ਚੀਰ । ਨਾ ਕੋਈ ਦੀਸੇ ਪੀਰ ਫ਼ਕੀਰ । ਪੀਰ ਪੈਗ਼ੰਬਰ ਔਲੀਆ ਨਾ ਕੋਈ ਦੇਵੇ ਕਿਸੇ ਧੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੋਹੰ ਸ਼ਬਦ ਚਲਾਇਆ ਤੀਰ । ਸੋਹੰ ਸ਼ਬਦ ਚਲਾਇਆ ਅਣਿਆਲਾ । ਘਰ ਘਰ ਰੋਵਣ ਅੰਵਾਣੇ ਬਾਲਾ । ਬੇਮੁਖਾਂ ਨਾ ਵੇਲਾ ਅੰਤ ਸੰਭਾਲਾ । ਪ੍ਰਭ ਅਬਿਨਾਸ਼ੀ ਨਾ ਸਾਚਾ ਭਾਲਿਆ । ਸੰਤ ਮਨੀ ਸਿੰਘ ਜੋ ਵਖਾ ਲਿਆ । ਆਪ ਆਪਣੇ ਕੰਧ ਉਠਾ ਲਿਆ । ਅਨੰਦਪੁਰੀ ਦੇ ਵਿਚ ਫਿਰਾ ਲਿਆ । ਹੋਕਾ ਦੇ ਦੇ ਸ਼ਬਦ ਸੁਣਾਏ, ਵਾਲੀ ਦੋ ਜਹਾਨਾਂ ਵਿਚ ਮਾਤ ਦੇ ਆ ਗਿਆ । ਜੋਤ ਸਰੂਪੀ ਜਾਮਾ ਧਾਰ, ਅਮਾਮ ਮਹਿੰਦੀ ਨਾਂ ਰਖਾ ਲਿਆ । ਆਪੇ ਦੇਵੇ ਸਾਰਿਆਂ ਵਰ, ਉਮਤ ਨਬੀ ਰਸੂਲ ਦੀ ਕਲਜੁਗ ਅੰਤ ਮਿਟਾ ਲਿਆ । ਵੇਲਾ ਅੰਤ ਨਾ ਜਾਏ ਟਲ, ਵੇਲਾ ਗਿਆ ਹੱਥ ਨਾ ਆ ਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਖੇਲ ਵਰਤਾਏ । ਭੇਖ ਮਿਟਾਏ ਸ੍ਰਿਸ਼ਟ ਭੁਲਾਏ । ਜੋਤ ਜਗਾਏ ਅਗਨ ਕੁੰਡ ਵਿਚ ਮਾਤ ਰਖਾਏ । ਧਰਮ ਰਾਏ ਹਰਿ ਪਹਿਰਾ ਲਾਏ । ਇਜਰਾਈਲ ਦਰ ਦਰ ਫਿਰਾਏ । ਜਬਰਾਈਲ ਹੁਕਮ ਸੁਣਾਏ । ਇਸਰਾਫੀਲ ਬਿਗਲ ਵਜਾਏ । ਮੇਕਾਈਲ ਰਾਜ਼ਕ ਰਿਜ਼ਕ ਰਹੀਮ ਰਿਜ਼ਕ ਪੁਚਾਏ । ਵੇਲੇ ਅੰਤ ਕਲਜੁਗ ਸਰਬ ਛੁਪ ਜਾਏ । ਅਚਰਜ ਖੇਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਆਪ ਵਰਤਾਏ । ਮਨੀ ਸਿੰਘ ਸਚ ਕਰਮ ਕਮਾਇਆ । ਮੰਨਿਆ ਹੁਕਮ ਧੁਰੋਂ ਜੋ ਆਇਆ । ਸ੍ਰਿਸ਼ਟ ਸਬਾਈ ਆਖ ਸੁਣਾਇਆ । ਸੁਣੇ ਲੋਕਾਈ ਨਾ ਭੇਵ ਜਣਾਇਆ । ਪਾਵੇ ਦੁਹਾਈ ਬੇਮੁਖਾਂ ਹੱਸ ਹੱਸ ਕੇ ਵਕਤ ਗਵਾਇਆ । ਹੱਥ ਕਲਮ ਉਠਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵੇ ਵਡਿਆਈ, ਸ੍ਰਿਸ਼ਟ ਸਬਾਈ ਲੇਖ ਲਿਖਾਈ, ਵੇਲੇ ਅੰਤ ਨਾ ਕੋਈ ਹੋਏ ਸਹਾਇਆ । ਲਿਖਿਆ ਲੇਖ ਨਾ ਕੋਈ ਮਿਟਾਈ । ਮਾਝਾ ਹੱਦ ਘਵਿੰਡ ਰਖਾਈ । ਸੰਤ ਮਨੀ ਸਿੰਘ ਸਾਚੀ ਕਲਮ ਆਪਣੇ ਹੱਥ ਚਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਬੂਝ ਬੁਝਾਈ । ਕਲਮ ਉਠਾਏ ਸਤਿਗੁਰ ਪੂਰਾ । ਸ਼ਬਦ ਉਪਜਾਏ ਨਿਹਕਲੰਕ ਵਡ ਸੂਰਨ ਸੂਰਾ । ਸ਼ਬਦ ਧੁਨ ਟੁੱਟ ਨਾ ਜਾਏ, ਸਿਰ ਰੱਖੇ ਹੱਥ ਪ੍ਰਭ ਸਰਬ ਕਲਾ ਭਰਪੂਰਾ । ਸ਼ਬਦ ਭੰਡਾਰ ਦੀਆ ਹਰਿ ਸਾਚੇ, ਵਿਚ ਮਾਤ ਨਿਖੁੱਟ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੇ ਭਾਣੇ ਵਿਚ ਰਖਾਏ । ਸਾਚੇ ਸੰਤ ਪਾਈ ਸਾਰ । ਚਰਨ ਕਵਲ ਕੀਆ ਪਿਆਰ । ਉਪਰ ਧਵਲ ਰਿਹਾ ਉਧਾਰ । ਹੋਇਆ ਮਵਲ ਖਿੜੀ ਗੁਲਜ਼ਾਰ । ਵਸਿਆ ਸਵਲ ਕ੍ਰਿਸ਼ਨ ਮੁਰਾਰ । ਸ਼ਬਦ ਸਰੂਪੀ ਹੋਇਆ ਬਵਲ, ਏਕਾ ਦੀਸੇ ਰੰਗ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪੇ ਬਖ਼ਸ਼ੇ ਚਰਨ ਪਿਆਰ । ਚਰਨ ਪ੍ਰੀਤੀ ਦਇਆ ਕਰ । ਆਪ ਵਸਾਇਆ ਸਾਚਾ ਘਰ । ਨਾਮ ਦਵਾਇਆ ਸਾਚਾ ਵਰ । ਸ਼ਬਦ ਚਲਾਇਆ ਕਿਰਪਾ ਕਰ । ਭਰਮ ਚੁਕਾਇਆ

ਜੋਤ ਧਰ । ਮਾਨਸ ਜਨਮ ਸੁਫਲ ਕਰਾਇਆ, ਆਪ ਆਪਣਾ ਮੇਲ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਅਚਰਜ ਖੇਲ ਕਰ । ਅਚਰਜ ਖੇਲ ਕਰ ਵਰਤੰਤ । ਕਰੇ ਖੇਲ ਪ੍ਰਭ ਭਗਵੰਤ । ਗੁਰਮੁਖ ਵਿਰਲਾ ਜਾਣੇ ਸੰਤ । ਜਿਸ ਹਿਰਦੇ ਵਸਿਆ ਸਾਚਾ ਕੰਤ । ਕਲਜੁਗ ਮਾਇਆ ਪਾਈ ਬੇਅੰਤ । ਆਪ ਬੈਠਾ ਵਿਚ ਇਕੰਤ । ਜੋਤ ਸਰੂਪੀ ਵਿਚ ਜੀਵ ਜੰਤ । ਨਾ ਰੰਗ ਰੂਪ ਏਕਾ ਸਤਿ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੂਰਨ ਭਗਵੰਤ । ਪੂਰਨ ਭਗਵੰਤ ਪਾਰਬ੍ਰਹਮ । ਸੰਤ ਮਨੀ ਸਿੰਘ ਵਿਚਾਰੇ ਕਰਮ । ਆਪ ਸਵਾਰੇ ਗੁਰਮੁਖ ਜਰਮ । ਆਪ ਨਿਵਾਰੇ ਆਤਮ ਭਰਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਦਿਸਾਏ ਏਕਾ ਸਾਚਾ ਬ੍ਰਹਮ । ਸਾਚਾ ਬ੍ਰਹਮ ਸਚ ਪਛਾਣਾ । ਪ੍ਰਭ ਅਬਿਨਾਸ਼ੀ ਸਾਚਾ ਜਾਣਾ । ਸਰਬ ਘਟ ਵਾਸੀ ਰਸਨ ਵਖਾਣਾ । ਸ੍ਰਿਸ਼ਟ ਸਬਾਈ ਕਰੇ ਰਾਸੀ, ਏਕਾ ਰੰਗ ਰੰਗਾਣਾ । ਪਰਗਟਾਏ ਜੋਤ ਘਨਕਪੁਰ ਵਾਸੀ, ਮਿਟਾਏ ਮਾਣ ਸਰਬ ਅਭਿਮਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਦੀਆ ਨਾਮ ਨਿਧਾਨਾ । ਸੰਤ ਮਨੀ ਸਿੰਘ ਦੇਵੇ ਵਡਿਆਈ । ਹਰਨ ਫਰਨ ਪ੍ਰਭ ਦੇਵੇ ਖੁਲ੍ਹਾਈ । ਏਕਾ ਸਰਨ ਆਪ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਵਿਚ ਟਿਕਾਈ । ਸਾਚੀ ਜੋਤ ਪਰਕਾਸ਼ ਕਰ । ਆਤਮ ਅੰਧੇਰਾ ਨਾਸ ਕਰ । ਆਪੇ ਹਿਰਦੇ ਵਾਸ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਧੁਨ ਉਪਜਾਏ, ਏਕਾ ਬਾਣੀ ਅਕਾਸ਼ ਕਰ । ਆਪਣੀ ਬਾਣੀ ਆਪ ਵਖਾਣੇ । ਆਪਣੀ ਮਹਿੰਮਾ ਆਪੇ ਜਾਣੇ । ਜੀਵ ਜੰਤ ਨਾ ਬੂਝ ਬੁਝਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ, ਸੰਤ ਮਨੀ ਸਿੰਘ ਦੇਵੇ ਮਾਣੇ । ਸੰਤ ਮਨੀ ਸਿੰਘ ਮਾਣ ਦਵਾਇਆ । ਸੰਤ ਮਨੀ ਸਿੰਘ ਆਣ ਰਖਾਇਆ । ਸੰਤ ਮਨੀ ਸਿੰਘ ਸੋਹੰ ਸਾਚਾ ਬਾਣ ਲਗਾਇਆ । ਸੰਤ ਮਨੀ ਸਿੰਘ ਦਸਵਾਂ ਦਰ ਕਿਰਪਾ ਕਰ ਸਾਚੇ ਹਰਿ ਆਪੇ ਆਪ ਖੁਲ੍ਹਾਇਆ । ਜਗੇ ਜੋਤ ਅਗੰਮ ਅਪਾਰਾ, ਜੋਤ ਸਰੂਪੀ ਦੀਪ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਦਰਸ ਦਿਖਾਇਆ । ਆਪ ਆਪਣਾ ਦਰਸ ਦਿਖਾਏ । ਏਕ ਅਨੇਕ ਹੋਏ ਨਾ ਭੇਵ ਜਣਾਏ । ਜੋਤ ਸਰੂਪੀ ਤੇਜ ਅਗਨ ਜੋਤ ਲਗਾਏ । ਆਪ ਬਣਾਏ ਸਾਚੀ ਪੈਜ, ਸਤਿਗੁਰ ਮਨੀ ਸਿੰਘ ਸਿਰ ਉਪਰ ਹੱਥ ਟਿਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠ ਆਪ ਅਟੰਕ ਕਲ ਖੇਲ ਵਰਤਾਏ । ਖੇਲ ਵਰਤਾਏ ਅਪਰ ਅਪਾਰੀ । ਨਾ ਕੋਈ ਜਾਣੇ ਜੀਵ ਸੰਸਾਰੀ । ਸ੍ਰਿਸ਼ਟ ਸਬਾਈ ਰਹੀ ਝੱਖ ਮਾਰੀ । ਨਾ ਕੋਈ ਸਚ ਦਵਾਰੀ । ਨਾ ਕੋਈ ਪਾਏ ਮੋਹਣ ਮਾਧਵ ਕ੍ਰਿਸ਼ਨ ਮੁਰਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਥੇ ਜੁਗ ਆਇਆ ਮਾਤ ਨਿਹਕਲੰਕ ਨਰਾਇਣ ਨਰ ਅਵਤਾਰੀ । ਨਰ ਅਵਤਾਰ ਜਾਮਾ ਧਾਰੇ । ਸਰਬ ਨਰਾਂ ਪ੍ਰਭ ਆਪ ਵਿਚਾਰੇ । ਸਰਬ ਦਰਾਂ ਘਰਾਂ ਪ੍ਰਭ ਆਪ ਪਸਾਰੇ । ਸਰਬ ਸਰਾਂ ਪ੍ਰਭ ਚਰਨ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਲਾਏ ਕਿਨਾਰੇ । ਗੁਰਮੁਖਾਂ ਦੀਸੇ ਸਚ ਕਿਨਾਰਾ । ਬੇਮੁਖ ਵਹਿਣ ਵਿਚ ਮੰਝਧਾਰਾ । ਨਾ ਕੋਈ ਦੀਸੇ ਆਰਾ ਪਾਰਾ । ਮਦਿਰਾ ਮਾਸੀ ਹੋਏ ਖੁਆਰਾ । ਮਿਲੇ ਨਾ ਥਾਉਂ ਸਚ ਦਵਾਰਾ । ਸਾਚਾ ਨਿਆਉਂ ਹਰਿ ਵਡ ਸਰਕਾਰਾ । ਪਕੜੇ ਬਾਹੋਂ ਜੋ ਜਨ ਦਰ ਆਏ ਹੰਕਾਰਾ । ਏਥੇ ਓਥੇ ਮਿਲੇ ਨਾ ਥਾਉਂ, ਦੂਈ ਦੁਸ਼ਟ ਰਹੇ ਝੱਖ ਮਾਰਾ । ਪ੍ਰਭ ਅਬਿਨਾਸ਼ੀ ਅਗੰਮ ਅਥਾਹੋਂ, ਅੰਤ ਨਾ ਪਾਰਾ ਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਚ ਦਰਬਾਰਾ । ਸਚ ਦਰਬਾਰ ਮਾਤ ਲਗਾਏ । ਜ਼ਾਤ ਪਾਤ ਸਰਬ ਮਿਟਾਏ ।

ਏਕਾ ਨਾਤ ਗੁਰ ਚਰਨ ਰਖਾਏ । ਤਟ ਤੀਰਥ ਕੋਈ ਰਹਿਣ ਨਾ ਪਾਏ । ਸਾਚਾ ਸੀਰਥ ਪ੍ਰਭ ਅੰਮ੍ਰਿਤ ਆਤਮ ਮੁਖ ਚੁਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਦਇਆ ਕਮਾਏ । ਦਇਆ ਕਮਾਈ ਸਾਚੇ ਸੰਤ । ਹੋਏ ਮਿਲਾਵਾ ਸਾਚੇ ਕੰਤ । ਮਿਟਿਆ ਆਵਣ ਜਾਣ, ਜੋਤ ਸਰੂਪੀ ਬੈਠਾ ਵਿਚ ਹਰਿ ਇਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਤਰਾਇਆ ਮਨੀ ਸਿੰਘ ਸਾਚਾ ਸੰਤ । ਮਨੀ ਸਿੰਘ ਤੇਰੀ ਪੂਰਨ ਆਸ । ਬੀਸ ਬਰਸ ਆਤਮ ਰੱਖ ਪਿਆਸ । ਮਨ ਬੈਰਾਗੀ ਹੋਇਆ ਉਦਾਸ । ਸਿੰਘ ਸਾਹਿਬ ਮਹਿਤਾਬ ਸਿੰਘ ਛੱਡਿਆ ਚਰਨ ਨਿਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪੇ ਜੋਤ ਜਗਾਏ ਪੁਰਖ ਅਬਿਨਾਸ਼ । ਬੀਸ ਬਰਸ ਆਸ ਰਖਾ ਕੇ । ਦਿਵਸ ਰੈਣ ਰਸਨਾ ਗਾ ਕੇ । ਸਾਚਾ ਵਰ ਸਾਚਾ ਘਰ ਸਿੰਘ ਮਹਿਤਾਬ ਕੋਲੋਂ ਆਇਆ ਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁੱਤਿਆਂ ਅਵਾਜ਼ ਲਗਾਏ ਸੰਤ ਮਨੀ ਸਿੰਘ ਆਪ ਜਗਾ ਕੇ । ਸੰਤ ਮਨੀ ਸਿੰਘ ਅਵਾਜ ਲਗਾਈ । ਆਪ ਆਪਣਾ ਦਰਸ ਦਿਖਾਈ । ਕਵਲ ਨੈਣ ਸੁੰਦਰ ਕੁੰਡਲ ਮੁਕਟ ਬੈਣ ਮੁਕੰਦ ਮਨੋਹਰ ਲਖਮੀ ਨਰਾਇਣ ਜੋਤ ਪਰਗਟਾਈ । ਗੁਰਮੁਖ ਸਾਚੇ ਸ੍ਰਿਸ਼ਟ ਸਬਾਈ ਝੂਠਾ ਵਹਿਣ, ਆਓ ਚਲ ਸਰਨਾਈ । ਦਰਸ ਪੇਖੋ ਨੇਤਰ ਨੈਣ, ਏਕਾ ਜੋਤ ਤੀਨ ਲੋਕ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਵਿਚ ਮਾਤ ਰਾਮਗੜੀਆਂ ਘਰ ਜੋਤ ਜਗਾਈ । ਸੰਤ ਮਨੀ ਸਿੰਘ ਸੁਣੇ ਧੁਨਕਾਰੀ । ਕੌਣ ਖੜਾ ਮੇਰੇ ਆਤਮ ਦਰ ਦਵਾਰੀ । ਨਾ ਕੋਈ ਦੀਸੇ ਏਕਾ ਸ਼ਬਦ ਉਪਜੇ ਸਾਚੀ ਧਾਰੀ । ਆਪੇ ਵਿਗਸੇ ਜੋਤ ਸਰੂਪ ਹਿਰਦੇ ਚਾਉ ਭਰਮ ਭਉ ਨਿਵਾਰੀ । ਕਲਜੁਗ ਲਾਇਆ ਸਾਚਾ ਦਾਓ, ਸਾਰ ਪਾਸਾ ਕੋਈ ਵਿਰਲਾ ਖੇਡੇ ਖੇਡ ਸੰਤ ਖਿਲਾੜੀ । ਗੁਰ ਪੂਰੇ ਸਦ ਸਦ ਸ਼ਾਬਾਸ਼, ਗੁਰਸਿਖਾਂ ਲਾਜ ਰਖਾਏ ਜਿਨ੍ਹਾਂ ਚਰਨ ਛੁਹਾਈ ਦਾਹੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਮਾਣ ਦਵਾਏ, ਏਕਾ ਜੋਤ ਜਗਾਏ ਵਿਚ ਬਹੱਤਰ ਨਾੜੀ । ਗੁਰਸਿਖ ਤਾਰੇ ਕਰਮ ਵਿਚਾਰ । ਗੁਰਮੁਖ ਤਾਰੇ ਭਰਮ ਨਿਵਾਰ । ਗੁਰਸਿਖ ਤਾਰੇ ਆਤਮ ਤੋੜ ਸਰਬ ਹੰਕਾਰ । ਗੁਰਸਿਖ ਤਾਰੇ ਹਉਮੇ ਮਮਤਾ ਆਤਮ ਮਾਰ । ਗੁਰਸਿਖ ਤਾਰੇ ਆਪੇ ਦੇਵੇ ਚਰਨ ਪਿਆਰ । ਗੁਰਸਿਖ ਤਾਰੇ ਜੋ ਆਏ ਭੁਲ ਰੁਲ ਜਨ ਚਰਨ ਦਵਾਰ । ਗੁਰਸਿਖ ਤਾਰੇ ਆਪ ਉਤਾਰੇ ਸਿਰੋਂ ਪਾਪਾਂ ਭਾਰ । ਗੁਰਸਿਖ ਤਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਜਾਏ ਸੁਧਾਰ । ਗੁਰਸਿਖ ਤਾਰੇ ਦੇਵੇ ਸਾਚੀ ਮਤ । ਗੁਰਸਿਖ ਤਾਰੇ ਆਪ ਧਰਾਏ ਧੀਰਜ ਯਤ । ਗੁਰਸਿਖ ਤਾਰੇ ਸੋਹੰ ਬਿਜਾਏ ਸਾਚੇ ਵੱਤ । ਗੁਰਸਿਖ ਤਾਰੇ ਚਰਨ ਪ੍ਰੀਤ ਨਿਭਾਵੇ ਸਾਚਾ ਨੱਤ । ਗੁਰਸਿਖ ਤਾਰੇ ਸ਼ਬਦ ਸਰੂਪੀ ਦੇਵੇ ਸਾਚਾ ਤਤ । ਗੁਰਸਿਖ ਤਾਰੇ ਆਪੇ ਦੇਵੇ ਸਾਚੀ ਮਤ । ਗੁਰਸਿਖ ਤਾਰੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰੱਖੇ ਅੰਤਮ ਪਤਿ । ਆਪਣੀ ਪਤਿ ਆਪ ਰਖਾਏ । ਗਤ ਮਿਤ ਆਪਣੀ ਆਪ ਜਣਾਏ । ਯਤ ਸਤਿ ਤਤ ਇਕ ਥਾਂ ਵਸਾਏ ।। ਸੋਹੰ ਸਾਚਾ ਸੂਤਰ ਕੱਤ, ਰਸਨਾ ਚਰਖਾ ਆਪ ਚਲਾਏ । ਰਕਤ ਬੂੰਦ ਪਾਣਾ ਲਾਏ ਰੱਤ, ਤਾਣਾ ਪੇਟਾ ਆਪ ਬਣਾਏ । ਵੇਲਾ ਗਿਆ ਨਾ ਆਵੇ ਹੱਥ, ਕਾਇਆ ਤਾਣਾ ਨਾ ਕੋਈ ਸੁਲਝਾਏ । ਕੋਈ ਨਾ ਚਾੜ੍ਹੇ ਸਾਚੇ ਰੱਥ, ਵੇਲੇ ਅੰਤ ਨਾ ਕੋਈ ਛੁਡਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤਰਾਏ ਆਪੇ ਦੇ ਮਤ ਸਮਝਾਏ । ਬੁਧ ਕਬੁਧੀ ਦੇਵੇ ਸ਼ਬਦ ਧੀਰ । ਆਪ ਪਿਲਾਏ ਅੰਮ੍ਰਿਤ ਸਾਚਾ ਸੀਰ । ਦੂਈ ਦਵੈਤ ਦੇਵੇ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਦਸਤਗੀਰ । ਦਸਤਗੀਰ ਸਚ

ਦਰਗਹਿ । ਹੋਏ ਸਹਾਈ ਸਾਚੇ ਥਾਂ । ਉਥੇ ਲੇਖਾ ਕੋਈ ਮੰਗੇ ਨਾ । ਗੁਰਸਿਖ ਘਰ ਸਾਚੇ ਜਾਏ ਕਲ ਸੰਗੇ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪੇ ਆਪ ਬਹਾਏ ਚੰਗੇ ਥਾਂ । ਸਾਚਾ ਧਾਮ ਹਰਿ ਦਰਬਾਰਾ । ਗੁਰਸਿਖ ਵੇਖੇ ਖੇਲ ਅਪਾਰਾ । ਸਾਚਾ ਮੇਲ ਇਕ ਕਰਤਾਰਾ । ਬਿਨ ਬਾਤੀ ਬਿਨ ਤੇਲ, ਜੋਤ ਸਰੂਪੀ ਦੀਪਕ ਕੀਆ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਲਏ ਛੁਡਾਏ ਆਪ ਬਹਾਏ ਚਰਨ ਦਵਾਰਾ । ਵੇਲਾ ਅੰਤ ਅੰਤ ਸੰਭਾਲ । ਲੁੱਟਿਆ ਮਾਲ ਧਨ ਨਾ ਹੋ ਕੰਗਾਲ । ਪੰਚ ਚੋਰ ਬੈਠੇ ਲਾਇਣ ਸੰਨ੍ਹ, ਆਪਣਾ ਪੱਲਾ ਆਪ ਸੰਭਾਲ । ਪ੍ਰਭ ਅਬਿਨਾਸ਼ੀ ਬੇੜਾ ਦੇਵੇ ਬੰਨ੍ਹ, ਜਗਤ ਤ੍ਰਿਸ਼ਨਾ ਛੱਡ ਜੰਜਾਲ । ਕਾਇਆ ਭਾਂਡਾ ਪ੍ਰਭ ਦੇਵੇ ਭੰਨ, ਕਿਹੜੀ ਵਸਤੂ ਤੇਰੇ ਚੱਲੇ ਨਾਲ । ਕਲਜੁਗ ਜੀਵ ਕਿਉਂ ਹੋਇਆ ਆਤਮ ਅੰਧ, ਪ੍ਰਭ ਅਬਿਨਾਸ਼ੀ ਸਦ ਸਮਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖਾਂ ਕਰੇ ਆਪੇ ਪ੍ਰਿਤਪਾਲ । ਆਪੇ ਪਾਲੇ ਆਪੇ ਪੋਸੇ । ਆਪੇ ਬਣਾਏ ਸੰਗ ਸ਼ਬਦ ਤੋਸੇ । ਧਰਮ ਰਾਏ ਨਾ ਮਾਰੇ ਘੋਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਲੁਹਾਏ ਗੁਰਸਿਖ ਤੇਰੇ ਕਾਲੇ ਸੂਸੇ । ਬੁਧ ਬਿਬੇਕ ਆਪੇ ਕਰ । ਏਕਾ ਵੇਖ ਸਾਚਾ ਹਰਿ । ਜਿਹੜਾ ਵਸਿਆ ਸਾਚੇ ਦਰ । ਦਿਵਸ ਰੈਣ ਬੈਠਾ ਰਹੇ ਤੇਰੇ ਆਤਮ ਘਰ । ਚੋਰਾਂ ਯਾਰਾਂ ਠੱਗਾਂ ਪ੍ਰਭ ਆਪੇ ਲਏ ਫੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਸ਼ਬਦ ਸੁਣਾਏ, ਗੁਰਮੁਖ ਦੂਜਾ ਅੱਖਰ ਨਾ ਵਿਚ ਜਗਤ ਪੜ੍ਹ । ਏਕਾ ਅੱਖਰ ਆਪ ਸੁਣਾਇਆ । ਸਾਚੀ ਵੱਖਰ ਵਸਤ ਰਖਾਇਆ । ਜੋਤੀ ਜੋਤ ਸਰੂਪ, ਆਪਣਾ ਆਪ ਗੁਰਸਿਖ ਤੇਰੇ ਵਿਚ ਮਸਤ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਵਡ ਅਨਮੁਲੜਾ ਲਾਲ, ਕਲਜੁਗ ਮਾਇਆ ਭੁਲ ਕਿਉਂ ਖ਼ਾਕ ਰੁਲਾਇਆ । ਮਾਇਆ ਛਾਇਆ ਨਿਭੇ ਨਾ ਨਾਲ । ਝੂਠੀ ਕਾਇਆ ਜਗਤ ਜ਼ੰਜਾਲ । ਭਾਈ ਭੈਣ ਨਾ ਦੇਵਣ ਬਾਹਲ । ਏਕਾ ਵੇਖ ਆਤਮ ਸਾਚੀ ਧਰਮਸਾਲ । ਜਿਥੇ ਬੈਠਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦੀਪਕ ਬਾਲ । ਗੁਰਸਿਖ ਕਦੇ ਮਤ ਨਾ ਹੋਏ ਖੋਟੀ । ਆਪੇ ਭੇਵ ਖੁਲ੍ਹਾਏ ਪਕੜ ਉਠਾਏ ਚੋਟੀ । ਸੋਹੰ ਸ਼ਬਦ ਮਗਰ ਲਗਾਏ ਤਨ ਲਗਾਏ ਸੋਟੀ । ਬੇਮੁਖ ਪ੍ਰਭ ਪੀੜ ਪਿੜਾਏ, ਆਪ ਕਰਾਏ ਬੋਟੀ ਬੋਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਵਾਰ ਸਦ ਖੜੇ ਰਹਿਣ ਭਿਖਾਰ ਕੋਟਨ ਕੋਟੀ । ਗੁਰਸਿਖ ਵਕ਼ਤ ਸਚ ਸੰਭਾਲ । ਸਾਚਾ ਦੀਆ ਪ੍ਰਭ ਨਾਮ ਧਨ ਮਾਲ । ਆਤਮ ਵੇਖ ਅਮੁਲੜਾ ਲਾਲ । ਝੂਠੀ ਮਾਟੀ ਦੇਖ ਕਿਉਂ ਭੁੱਲੜਾ, ਅੰਤ ਨਾ ਨਿਭੇ ਤੇਰੇ ਨਾਲ । ਕਲਜੁਗ ਵਿਚ ਕਿਉਂ ਆਪੇ ਰੁਲੜਾ, ਆਪਣਾ ਵਕ਼ਤ ਆਪ ਸੰਭਾਲ । ਅੰਮ੍ਰਿਤ ਨਿਝਰੋਂ ਅਜੇ ਨਾ ਡੁਲੜਾ, ਪ੍ਰਭ ਅਬਿਨਾਸ਼ੀ ਦਏ ਪਿਆਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਪਣਾ ਬਿਰਦ ਲਏ ਸੰਭਾਲ । ਆਪਣਾ ਬਿਰਦ ਆਪ ਸੰਭਾਲੇ । ਆਪੇ ਕਰੇ ਸਚ ਵਰਤਾਰੇ । ਗੁਰਮੁਖ ਸਾਚੇ ਝੂਠੀ ਕਾਇਆ ਝੂਠੇ ਮਹਿਲ ਮੁਨਾਰੇ । ਸਾਕ ਸੱਜਣ ਸੈਣ ਭਾਈ ਭੈਣ ਅੰਤ ਖੜੇ ਰਹਿਣ ਦਵਾਰੇ । ਏਕਾ ਦੇਵਣ ਤੈਨੂੰ ਵਡਿਆਈ, ਭਾਂਡਾ ਭੰਨਣ ਅਧਵਿਚਕਾਰੇ । ਆਇਆ ਗਿਆ ਗਿਆ ਨਾ ਆਇਆ, ਨਾ ਕੋਈ ਹੋਏ ਸਹਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰਖੇ ਪਤਿ ਸੁਰਤ ਸ਼ਬਦ ਦੇ ਮਤ ਸਿੱਖ ਸਮਝਾਏ । ਦੇਵੇ ਮਤ ਸ਼ਬਦ ਗਿਆਨਾ । ਆਤਮ ਉਪਜੇ ਬ੍ਰਹਮ ਗਿਆਨਾ । ਸੁੰਨ ਸਮਾਧ ਖੋਲ੍ਹੇ ਆਪ ਭਗਵਾਨਾ । ਬੋਧ ਅਗਾਧ ਸ਼ਬਦ ਲਿਖਾਣਾ । ਆਤਮ ਸੋਧ ਦਇਆ ਕਮਾਣਾ । ਵਡ ਜੋਧਨ ਜੋਧ ਰਾਜ ਰਜਾਨਾ । ਸਚ ਤਖ਼ਤ ਸਚ ਸੁਲਤਾਨਾ । ਸਾਚੋ ਸਚ ਪ੍ਰਭ ਵਰਤਾਣਾ । ਧਰੇ ਜੋਤ ਵਾਲੀ ਦੋ

ਜਹਾਨ, ਸਾਚ ਕਰੇ ਵਿਚ ਟਿਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਲੱਖ ਚੁਰਾਸੀ ਗੇੜ ਕਟਾਣਾ । ਲੱਖ ਚੁਰਾਸੀ ਗੇੜ ਕਟਾਏ । ਮਾਤ ਗਰਭ ਗੁਰਸਿਖ ਨਾ ਆਏ । ਆਪਣੀ ਕਿਰਪਾ ਗੁਰਮਤ ਗੁਰ ਕਮਾਏ । ਗੁਰਸਿਖ ਚਲੇ ਗੁਰ ਕੇ ਭਾਏ । ਆਪ ਆਪਣਾ ਲਏ ਬਚਾਏ । ਕਾਮ ਕਰੋਧ ਲੋਭ ਮੋਹ ਦਏ ਤਜਾਏ । ਸਨਕਾਦਕਾਂ ਸੰਗ ਨਾ ਪ੍ਰੇਮ ਵਧਾਏ । ਤੇਰੇ ਗੁਣ ਪ੍ਰਭ ਆਪ ਬੁਝਾਏ । ਹੰਕਾਰ ਨਿਵਾਰ ਪ੍ਰਭ ਸੋਝੀ ਪਾਏ । ਕਾਇਆ ਕੋਟ ਚਾਰ ਦਵਾਰ, ਪ੍ਰਭ ਅਬਿਨਾਸ਼ੀ ਵਿਚ ਸਮਾਏ । ਬਿਨ ਗੁਰ ਪੂਰੇ ਅੰਧ ਅੰਧਿਆਰ, ਨਾ ਕੋਈ ਵੇਖੇ ਨਾ ਵੇਖ ਵਖਾਏ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਪੂਰਨ ਬੂਝ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਭੇਵ ਗੂੜ੍ਹ ਖੁਲ੍ਹਾਏ । ਬਾਲ ਜਵਾਨੀ ਗਈ ਬੀਤ । ਅਜੇ ਨਾ ਹੋਈ ਕਾਇਆ ਸੀਤ । ਆਤਮ ਹੋਈ ਨਾ ਅਜੇ ਅਤੀਤ । ਗੁਰਮੁਖ ਡੋਲੇ ਨਾ ਤੇਰੀ ਕਦੇ ਨੀਤ । ਜਿਸ ਜਨ ਬਖ਼ਸ਼ੇ ਚਰਨ ਪ੍ਰੀਤ । ਚਰਨ ਪਰਸ ਮਿਟਾ ਹਰਸ, ਪ੍ਰਭ ਦੇਵੇ ਦਰਸ ਮਾਨਸ ਜਨਮ ਜਾਏ ਜਗ ਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਤਰਸ ਗੁਰਸਿਖ ਤੇਰੀ ਆਪੇ ਪਰਖੇ ਨੀਤ । ਆਪੇ ਪਰਖੇ ਪਰਖਣਹਾਰਾ । ਆਪੇ ਰੱਖੇ ਰੱਖਣਹਾਰਾ ਫੜ ਫੜ ਕੀਨੇ ਵੱਖੇ, ਸੋਹੰ ਕਸਵਟੀ ਰੰਗ ਅਪਾਰਾ । ਗੁਰਮੁਖ ਵਿਰਲਾ ਲਾਹ ਸਾਚਾ ਖੱਟੇ, ਜੋ ਚਰਨ ਕਰੇ ਨਿਮਸਕਾਰਾ । ਪ੍ਰਭ ਅਬਿਨਾਸ਼ੀ ਦਿਸੇ ਘਟ ਘਟੇ, ਜੋਤ ਸਰੂਪੀ ਸਰਬ ਪਸਾਰਾ । ਕਲਜੁਗ ਜੀਵ ਜਗਤ ਤਮਾਸ਼ਾ ਜਿਉਂ ਬਾਜੀਗਰ ਖੇਲ ਤਮਾਸ਼ਾ ਨਟੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਚ ਦਵਾਰਾ ਨਾ ਕੋਈ ਤੀਰਥ ਨਾ ਕੋਈ ਤਟੇ । ਗੁਰਸਿਖ ਆਤਮ ਦੇਖ ਵਿਚਾਰ । ਸਾਚਾ ਮੂਲ ਨਾ ਅੰਤਮ ਹਾਰ । ਲਹਿਣਾ ਦੇਵਣਹਾਰ ਇਕ ਕਰਤਾਰ । ਦੇਵਣਹਾਰ ਸਰਬ ਸੰਸਾਰ । ਗੁਰਮੁਖ ਵਿਰਲਾ ਪਾਵੇ ਸਾਰ । ਸ਼ਬਦ ਭੰਡਾਰਾ ਦੇਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਪ ਲੰਘਾਏ ਗੁਰਸਿਖ ਪਾਰ । ਗੁਰਸਿਖ ਸਾਚਾ ਪਾਰ ਕਰਾਇਆ । ਜੋਤ ਸਰੂਪੀ ਦਰਸ ਦਿਖਾਇਆ । ਮਾਤਲੋਕ ਸਚ ਮਾਰਗ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਾਂਗ ਵਰਤਾਇਆ । ਆਪਣਾ ਸਾਂਗ ਆਪ ਵਰਤਾ ਕੇ । ਸੋਹੰ ਕਾਂਗ ਆਪ ਚੜ੍ਹਾ ਕੇ । ਗੁਰਮੁਖ ਸਾਚੇ ਵਿਚ ਨੁਹਾ ਕੇ । ਸਾਚਾ ਜਾਮ ਨਾਮ ਪਿਆ ਕੇ । ਪੂਰਨ ਕਾਮ ਆਪ ਕਰਾ ਕੇ । ਸੁੱਕੇ ਤਾਮ ਹਰੇ ਕਰਾ ਕੇ । ਏਕਾ ਜੋਤ ਰਾਮ ਜਗਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਮਾ ਕੇ । ਕਰਮ ਕਮਾਇਆ ਵਿਚ ਪ੍ਰਭ ਮਾਤ । ਸੋਹੰ ਦੇਵੇ ਸਾਚੀ ਦਾਤ । ਚਾਰ ਵਰਨ ਕਰਾਏ ਭੈਣ ਭਰਾਤ । ਗੁਰਮੁਖ ਪੜ੍ਹਾਏ ਇਕ ਜਮਾਤ । ਹੋਏ ਸਦ ਪਰਕਾਸ਼, ਨਾ ਹੋਏ ਅੰਧੇਰੀ ਰਾਤ । ਪ੍ਰਭ ਅਬਿਨਾਸ਼ੀ ਸਦ ਅਬਿਨਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਦੇਖੇ ਮਾਰ ਝਾਤ । ਸਰਬ ਵੇਖੇ ਵੇਖ ਵਖਾਣੇ । ਆਪਣਾ ਭਾਣਾ ਆਪੇ ਜਾਣੇ । ਰਾਣੇ ਮਹਾਂਰਾਣੇ ਦਰ ਦਰ ਫਿਰਾਣੇ । ਗੁਰਮੁਖ ਸੁਘੜ ਸਿਆਣੇ ਪ੍ਰਭ ਦਰ ਬਹਾਣੇ । ਗਰੀਬ ਬਾਲ ਅੰਞਾਣੇ ਪ੍ਰਭ ਗਲੇ ਲਗਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵ ਭੁਨਾਏ ਜਿਉਂ ਭਠਿਆਲੇ ਦਾਣੇ । ਜੋਤ ਭਠ ਆਪ ਤਪਾਏ । ਕਲਜੁਗ ਉਲਟੀ ਲੱਠ ਆਪ ਗਿੜਾਏ । ਏਕਾ ਵਕਤ ਸ੍ਰਿਸ਼ਟ ਸਬਾਈ ਆਏ । ਇਕੱਠ ਥਲ ਜਲ ਜਲ ਥਲ ਵਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਰਾਠਨ ਰਾਠ ਮਹਾਂਕਾਲ ਆਪ ਬੁਲਾਏ । ਮਹਾਂਕਾਲ ਆਏ ਦਵਾਰ । ਪ੍ਰਭ ਅਬਿਨਾਸ਼ੀ ਚਰਨ ਕਰੇ ਨਿਮਸਕਾਰ । ਕਰੋ ਹੁਕਮ ਸੱਚੀ ਸਰਕਾਰ । ਸਚ ਤਖ਼ਤ ਬੈਠਾ ਗਿਰਧਾਰ । ਸ੍ਰਿਸ਼ਟ ਸਬਾਈ ਰਿਹਾ

ਕਰਮ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਰਤਾਏ ਆਪੇ ਬਣਿਆ ਲੇਖ ਲਿਖਾਰ । ਮਹਾਂਕਾਲ ਹਰਿ ਦਰ ਤੇ ਆਏ । ਪ੍ਰਭ ਅਬਿਨਾਸ਼ੀ ਸੀਸ ਨਿਵਾਏ । ਸਾਚਾ ਹੁਕਮ ਜਗਤ ਲਗਾਏ । ਬੀਰ ਬੈਤਾਲੀ ਸਰਬ ਉਠਾਏ । ਹਾਕਨ ਡਾਕਨ ਸੰਗ ਰਲਾਏ । ਆਵਣ ਚਲ ਵਿਚ ਮਾਤ ਦੇ ਧਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਵਰਤਾਏ । ਬੀਰ ਬੇਤਾਲੇ ਹੋਏ ਬੇਹਾਲੇ । ਖਾਲੀ ਹੋਏ ਲਹੂ ਪਿਆਲੇ । ਸਾਚੀ ਮਦ ਰਹਿਣ ਮਤਵਾਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵਾਂ ਆਪ ਪਿੜਾਏ, ਭਰ ਪਿਆਏ ਪਿਆਲੇ । ਸੋਈ ਥਾਏਂ ਸੁਹੰਦਾ, ਜਿਥੇ ਗੁਰ ਚਰਨ ਰਖੰਦਾ । ਸੋਈ ਥਾਨ ਸੁਹੰਦਾ, ਜਿਥੇ ਗੁਰ ਭਰਮ ਗਵੰਦਾ । ਸੋਈ ਥਾਨ ਸੁਹੰਦਾ, ਜਿਥੇ ਗੁਰ ਦਰਸ ਦਿਖੰਦਾ । ਸੋਈ ਥਾਏਂ ਸੁਹੰਦਾ, ਜਿਥੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲ੍ਹੰਦਾ । ਕਲ ਥਾਨ ਸੁਹੰਦਾ, ਹਰਿ ਖੋਲ੍ਹੇ ਭੇਦਾ । ਦਸ ਅਠ ਅਠਾਰਾਂ ਗਾਏ ਰਹੇ, ਭੇਵ ਨਾ ਪਾਇਣ ਚਾਰ ਵੇਦਾ । ਹਰਿ ਹਿਰਦੇ ਵਿਚ ਸਮਾਏ ਰਹੇ, ਨਾ ਕੋਈ ਕਥੇ ਵਿਚ ਕਤੇਬਾਂ । ਏਕਾ ਜੋਤ ਜੁਗੋ ਜੁਗ ਜਗਾਏ ਰਹੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਛਲ ਅਛੇਦਾ ਅਭੇਦ ਅਭੇਦਾ । ਅਛਲ ਅਛਲੀਆ ਹੋਏ ਆਪ । ਹੋਏ ਆਪ ਆਪੇ ਕਰੇ ਵਡ ਪਰਤਾਪ । ਆਪੇ ਹੋਏ ਸ੍ਰਿਸ਼ਟ ਸਬਾਈ ਮਾਈ ਬਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜਪਾਵੇ ਸਾਚਾ ਜਾਪ । ਅਨਹਦ ਸ਼ਬਦ ਵਜਾਵੇ ਸਾਚਾ ਵਾਜਾ । ਹਉਮੇ ਰੋਗ ਜਲਾਵੇ ਮਾਰੇ ਤੀਨੋ ਤਾਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਖੁਲ੍ਹਾਵੇ ਆਪਣਾ ਆਪਾ । ਸਾਚਾ ਭੇਵ ਜਾਏ ਖੁਲ੍ਹ । ਗੁਰਸਿਖ ਪੂਰੇ ਤੋਲ ਜਾਏ ਤੁਲ । ਮਿਲਿਆ ਨਾਮ ਸੋਹੰ ਵਡ ਅਨਮੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਕੀਆ ਕਲਜੁਗ ਦੀਆ ਕੀਆ ਗੁਲ । ਕਲਜੁਗ ਦੀਪਕ ਆਪ ਬੁਝਾਇਆ । ਵੇਦ ਅਥਰਬਣ ਰਹਿਣ ਨਾ ਪਾਇਆ । ਸਤਿਜੁਗ ਸਾਚਾ ਮਾਰਗ ਲਾਇਆ । ਪਹਿਲੀ ਮਾਘ ਆਪ ਲਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਕਮਾਇਆ । ਸਤਿਜੁਗ ਲੱਗਾ ਪਹਿਲੀ ਮਾਘ । ਸਾਧ ਸੰਗਤ ਤੇਰੇ ਜਾਗੇ ਭਾਗ । ਆਪੇ ਧੋਏ ਪਾਪਾਂ ਦਾਗ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਲ ਲਗਾਏ ਦਇਆ ਕਮਾਏ ਮਾਣ ਦਵਾਏ, ਜਿਉਂ ਬਿਦਰ ਅਲੂਣਾ ਖਾਇਆ ਸਾਗ । ਨਿਮਾਣਿਆਂ ਨਿਤਾਣਿਆਂ ਪ੍ਰਭੇ ਆਪੇ ਆਪ ਪਛਾਣਿਆਂ । ਗੁਰਸਿਖਾਂ ਭਗਤ ਅੰਞਾਣਿਆਂ, ਪ੍ਰਭ ਦੇਵੇ ਬ੍ਰਹਮ ਗਿਆਨਿਆ । ਖਾਣੀ ਬਾਣੀ ਵਿਚ ਸਮਾਣਿਆਂ । ਭੇਵ ਨਾ ਪਾਏ ਕੋਈ ਵੇਦ ਪੁਰਾਨਿਆਂ । ਚਾਰ ਵਰਨ ਇਕ ਥਾਂ ਬਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆਂ । ਸੋਹੰ ਚਲੇ ਤੀਰ ਕਮਾਨਾ । ਸਾਚਾ ਦਿਸੇ ਤੀਰ ਨਿਸ਼ਾਨਾ । ਹੋਏ ਅੰਧੇਰ ਜ਼ਿਮੀਂ ਅਸਮਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਕਰਾਏ ਦੀਵਾਨਾ । ਜੋਤ ਸਰੂਪੀ ਜਾਮਾ ਧਾਰ । ਕਲਜੁਗ ਆਇਆ ਕਲਗੀ ਅਵਤਾਰ । ਮਾਝਾ ਦੇਸ ਹੋਏ ਖੁਆਰ । ਲੇਖ ਲਿਖਾਵੇ ਬੈਠ ਵਿਚ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਰਤੇ ਜਗਤ ਵਰਤਾਏ ਸੁੰਞੇ ਦਿਸਣ ਮਹਿਲ ਮੁਨਾਰ । ਸੁੰਞੇ ਹੋਇਣ ਮਹਿਲ ਮੁਨਾਰੇ । ਛੱਡ ਛੱਡ ਭੱਜਣ ਨਾਰੀ ਨਾਰੇ । ਘਰ ਘਰ ਹੋਏ ਹਾਹਾਕਾਰੇ । ਗੁਰ ਬਿਨ ਕੋਈ ਨਾ ਲੰਘਾਵੇ ਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਸ੍ਰਿਸ਼ਟ ਸਬਾਈ ਕਰੇ ਖੁਆਰੇ । ਮਾਝਾ ਦੇਸ ਹੋਏ ਖੁਆਰੀ । ਬੇਮੁਖ ਜੀਵਾਂ ਕਿਸਮਤ ਮਾੜੀ । ਭੁੱਲੇ ਰਹੇ ਜੀਵ ਗਵਾਰੀ । ਘਰ ਸਾਚੇ ਆਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰੀ ।



੩੩੫ ੦੨

ਹਰਿ ਮੰਦਰ ਸਚ ਦਵਾਰੇ । ਕਲਜੁਗ ਜੀਵ ਹੋਏ ਅੰਧਿਆਰੇ । ਆਪੇ ਵਰਤੇ ਖੇਲ ਅਪਾਰੇ । ਦੁਸ਼ਟ ਦੁਰਾਚਰ ਆਪ ਸੰਘਾਰੇ । ਫੜ ਫੜ ਡੋਬੇ ਵਿਚ ਮੰਝਧਾਰੇ । ਸਚ ਨਗਰੀ ਹਾਹਾਕਾਰੇ । ਸਾਚੀ ਜੋਤ ਗਈ ਮਾਰ ਉਡਾਰੇ । ਗੁਰ ਅਰਜਨ ਸੁੰਞਾ ਹੋਏ ਦਰ ਦਰਬਾਰੇ । ਜਿਥੇ ਸੇਵਾ ਕਰੀ ਪਰਗਟ ਜੋਤ ਆਪ ਨਿਰੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਕਰੇ ਖੁਆਰੇ । ਬੇਮੁਖਾਂ ਕਰੇ ਆਪ ਪਛਾਣ । ਭੁੱਲੇ ਜੀਵ ਸਰਬ ਅੰਞਾਣ । ਮਾਇਆ ਲੱਗੀ ਧਰਮ ਗਵਾਣ । ਪੂਜਾ ਲਾਲਚ ਸਰਬ ਅਸਥਾਨ । ਫੜ ਫੜ ਪੀੜੇ ਜਿਉਂ ਕੋਹਲੂ ਘਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਗੁਰ ਧਾਮ ਜਿਸ ਧਰਮ ਗਵਾਇਆ । ਵੇਲੇ ਅੰਤ ਪ੍ਰਭ ਦੇ ਵਖਾਇਆ । ਨੱਕ ਨੱਥ ਦਰ ਦਰ ਫਿਰਾਇਆ । ਵੇਲੇ ਅੰਤ ਕਾਲਾ ਮੁਖ ਵਿਚ ਜਗਤ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਇਆ । ਸਾਧ ਸੰਗਤ ਤੇਰਾ ਸਾਚਾ ਸੰਗ । ਆਦਿ ਜੁਗਾਦੀ ਏਕਾ ਰੰਗ । ਪ੍ਰਭ ਦਰ ਮਾਂਗੇ ਸਾਚੀ ਮੰਗ । ਦੁਖ ਰੋਗ ਪ੍ਰਭ ਕੀਨੇ ਭੰਗ । ਆਪ ਛੁਡਾਏ ਬੱਧੇ ਅੰਗ । ਆਪ ਕਟਾਏ ਗੁਰਸਿਖ ਭੁੱਖ ਨੰਗ । ਹੋਏ ਸਹਾਈ ਸਦਾ ਅੰਗ ਸੰਗ । ਬੇਮੁਖ ਭੰਨਾਏ ਜਿਉਂ ਕਾਚੀ ਵੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਪਾਰ ਜਾਏ ਲੰਘ । ਪਾਰ ਲੰਘੇ ਗੁਰਸਿਖ ਸੰਸਾਰਾ । ਆਪ ਵਖਾਏ ਸਾਚਾ ਦਰਬਾਰਾ । ਸਾਚਾ ਧਾਮ ਜੋਤ ਅਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਇਕ ਪਸਾਰਾ । ਪਸਰ ਪਸਾਰਾ ਆਪੇ ਕੀਆ । ਸ੍ਰਿਸ਼ਟ ਸਬਾਈ ਆਪ ਜਗਾਇਆ ਏਕਾ ਦੀਆ । ਆਪ ਰਖਾਏ ਸਾਚੀ ਨੀਆ । ਆਪੇ ਆਪ ਕੀਆ ਆਪਣਾ ਹੀਆ । ਸੋਹੰ ਬੀਜ ਸਾਚਾ ਬੀਆ । ਅੰਮ੍ਰਿਤ ਦੇਵੇ ਸਾਚਾ ਰਸ, ਗੁਰਮੁਖ ਵਿਰਲੇ ਗੁਰ ਦਰ ਪੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਨਿਰਮਲ ਜੀਆ । ਆਪ ਕਰਾਏ ਨਿਰਮਲ ਨਿਰਮਲਾ । ਸਾਚੇ ਫਲ ਲਗਾਏ ਜੋ ਖੜੇ ਰੁੱਖ ਸਿੰਮਲਾ । ਆਤਮ ਅਗਨ ਬੁਝਾਏ, ਬਲੇ ਜੋ ਬਾਲੂ ਬਿਮਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਰਸਾਏ ਸੋਹੰ ਮੇਘ ਰਿਮ ਝਿਮਲਾ । ਸੋਹੰ ਮੇਘ ਆਪ ਬਰਸਾਏ । ਆਤਮ ਤ੍ਰਿਪਤ ਕਰਾਏ ਗੁਰਸਿਖ ਧਿਆਏ । ਕਲਜੁਗ ਤਪਤ ਕਢਾਏ ਹੋਏ ਅੰਤ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪੇ ਭਾਣੇ ਵਿਚ ਸਮਾਏ । ਟੁੱਟੀ ਗੰਢਣਹਾਰ ਗੋਪਾਲਾ । ਆਪੇ ਹੋਏ ਭਗਤ ਰਖਵਾਲਾ । ਭਗਤ ਵਛਲ ਰੱਛਕ ਦੀਨ ਕਿਰਪਾਲਾ । ਸੋਹੰ ਦੇਵੇ ਸਾਚਾ ਧਨ ਮਾਲਾ । ਸੋਹੰ ਸ਼ਬਦ ਦੇਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਕਲਜੁਗ ਕੀਆ ਉਜਾਲਾ । ਪਹਿਲੀ ਮਾਘ ਵਕਤ ਸੁਹਾਇਆ । ਫੂਲਨ ਵਰਖਾ ਆਪੇ ਲਾਇਆ । ਗੁਰਸਿਖਾਂ ਸਿਰ ਛਤਰ ਝੁਲਾਇਆ । ਦੁਖ ਦਲਿੱਦਰ ਮਗਰੋਂ ਲਾਹਿਆ । ਛਲ ਛਿਦਰ ਕੋਈ ਨੇੜ ਨਾ ਆਇਆ । ਅੰਮ੍ਰਿਤ ਮੇਘ ਬਰਸੇ ਅੰਦਰ, ਗੁਰਸਿਖਾਂ ਹਰਿ ਪਰਦਾ ਲਾਹਿਆ । ਆਪੇ ਤੋੜੇ ਆਤਮ ਜੰਦਰ, ਦੂਈ ਦਵੈਤ ਨਾਸ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਆਪ ਆਪਣਾ ਦਰਸ ਦਿਖਾਇਆ । ਸਿੰਘ ਮਨੀ ਇਕ ਖੇਲ ਅਪਾਰਾ । ਸਾਚਾ ਕੀਆ ਮਾਤ ਵਿਹਾਰਾ । ਨਿਹਕਲੰਕ ਲੀਆ ਅਵਤਾਰਾ । ਘਨਕਪੁਰੀ ਧਾਮ ਅਪਾਰਾ । ਦੇਵੇ ਮਾਣ ਜੋ ਜਨ ਆਇਣ ਚਲ ਦਵਾਰਾ । ਬੇਮੁਖ ਚਾਰੋਂ ਤਰਫ ਫਿਰਨ ਬਿਲਲਾਇਣ, ਨਾ ਦੀਸੇ ਕੋਈ ਕਿਨਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਬੂਝ ਬੁਝਾਰਾ । ਸੰਤ ਮਨੀ ਸਿੰਘ ਸ਼ਬਦ ਜਣਾਏ । ਆਪਣਾ ਹੁਕਮ ਆਪ ਸੁਣਾਏ । ਦੇਵੀਆਂ ਆਵਣ ਸਰਬ ਸਰਨਾਏ । ਆਪੇ ਲਏ ਮੁਖ ਛੁਪਾਏ ।

੩੩੯
੦੨

ਭਰਮ ਭੁਲੇਖੇ ਆਪ ਭੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਵਰਤਾਏ । ਸੰਤ ਮਨੀ ਸਿੰਘ ਹੁਕਮ ਏਕਾ ਦੂਜੇ ਆਪ ਮਿਟਾਇਆ । ਸ਼ਬਦ ਬੂਝ ਆਪ ਲਿਖਾਇਆ । ਦਰ ਘਰ ਸਾਚਾ ਸੂਝ, ਨਿਹਕਲੰਕ ਦਰਸ਼ਨ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੁਰਤ ਸੰਤ ਮਨੀ ਸਿੰਘ ਆਪ ਦਵਾਇਆ । ਦੇਵੀਆਂ ਫਿਰਨ ਚਾਰ ਚੁਫੇਰ । ਆਤਮ ਹੋਈ ਸਰਬ ਅੰਧੇਰ । ਸ਼ਬਦ ਡੰਡਾ ਹਰਿ ਹੱਥ ਫੜਾਇਆ, ਸੰਤ ਮਨੀ ਸਿੰਘ ਲਿਆਇਆ ਘੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਏ ਦਇਆ ਕਮਾਏ, ਜਾਮਾ ਪਲਟੇ ਦੂਜੀ ਵੇਰ । ਆਪੇ ਸੇਵਾ ਪੂਜ ਚੁਕਾਈ । ਆਪ ਆਪਣੀ ਨਾ ਬੂਝ ਬੁਝਾਈ । ਭੇਵ ਗੁਝ ਆਪ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਰਿਹਾ ਛੁਪਾਈ । ਰੈਣ ਭਿੰਨੜੀ ਆਪ ਸੁਹਾਏ । ਸਾਧ ਸੰਗਤ ਦਰ ਮੰਗਲ ਗਾਏ । ਦੁੱਖਾਂ ਸੰਗਲ ਆਪ ਕਟਾਏ । ਸੋਹੰ ਕੰਗਣ ਤਨ ਪਹਿਨਾਏ । ਏਕਾ ਵਰ ਸਾਚਾ ਮੰਗਣ, ਸਾਚਾ ਨਾਮ ਪ੍ਰਭ ਭਿਛਿਆ ਪਾਏ । ਆਤਮ ਚਾੜ੍ਹੇ ਪ੍ਰਭ ਸਾਚੀ ਰੰਗਣ, ਪੂਰਨ ਇਛਿਆ ਆਪ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਦਇਆ ਕਮਾਏ । ਭਿੰਨੀ ਰੈਣ ਵਕਤ ਸੁਹੇਲਾ । ਸਾਧ ਸੰਗਤ ਗੁਰ ਚਰਨ ਕਰਾਇਆ ਮੇਲਾ । ਆਪੇ ਹੋਏ ਸਾਚਾ ਸੱਜਣ ਸੁਹੇਲਾ । ਮਾਨਸ ਜਨਮ ਸੁਫਲ ਕਰਾਇਆ, ਅੰਮ੍ਰਿਤ ਫਲ ਲਗਾਇਆ ਅੰਮ੍ਰਿਤ ਕੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਬ੍ਰਹਮ ਅਚਰਜ ਖੇਲ ਕਲਜੁਗ ਖੇਲਾ । ਭਿੰਨੀ ਰੈਣ ਸਦਾ ਸੁਖਦਾਈ । ਸਾਧ ਸੰਗਤ ਗੁਰ ਚਰਨ ਬਹਾਈ । ਸਾਚਾ ਪ੍ਰਭ ਦੇਵੇ ਵਡਿਆਈ । ਸਾਧ ਸੰਗਤ ਭੈਣ ਭਰਾ ਬਣਾਈ । ਸਾਚਾ ਸਾਕ ਸੱਜਣ ਆਪ ਹੋ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈ । ਭਿੰਨੀ ਰੈਣ ਰੰਗ ਸਾਚਾ ਮਾਣ । ਭਿੰਨੀ ਰੈਣ ਹੋਏ ਮੇਲ ਭਗਤ ਭਗਵਾਨ । ਭਿੰਨੀ ਰੈਣ ਆਪ ਚੁਕਾਏ ਜਮ ਕੀ ਕਾਨ । ਭਿੰਨੀ ਰੈਣ ਸੋਹੰ ਸ਼ਬਦ ਆਪ ਵਰਤਾਏ ਲਿਆਇਆ ਧੁਰ ਫ਼ਰਮਾਣ । ਭਿੰਨੀ ਰੈਣ ਸਾਧ ਸੰਗਤ ਗੁਰ ਦਰ ਸਾਚਾ ਸਚ ਨਿਸ਼ਾਨ । ਭਿੰਨੀ ਰੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਮਹਾਨ । ਭਿੰਨੀ ਰੈਣ ਜਗੇ ਜੋਤ । ਚਾਰ ਵਰਨ ਕਰਾਏ ਏਕਾ ਗੋਤ । ਗੁਰਸਿਖਾਂ ਮੈਲ ਆਤਮ ਧੋਤ । ਬੇਮੁਖ ਕਲਜੁਗ ਜੀਵ ਰਹੇ ਸੋਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਗੁਰਸਿਖਾਂ ਸੋਤ । ਭਿੰਨੀ ਰੈਣ ਰੰਗ ਅਵੱਲੜਾ । ਮਾਤ ਜੋਤ ਪਰਗਟਾਏ ਤ੍ਰੈਲੋਕੀ ਨਾਥ ਇਕੱਲੜਾ । ਏਕਾ ਸ਼ਬਦ ਚਲਾਏ ਵਰਤਾਏ, ਗੁਰਸਿਖਾਂ ਹੋਏ ਭਾਰਾ ਪੱਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਲਿਖਾਏ ਜਪਾਏ ਸਾਚਾ ਸ਼ਬਦ ਸੁਖੱਲੜਾ । ਭਿੰਨੜੀ ਰੈਣ ਸਾਚਾ ਰੰਗ । ਜਨ ਭਗਤਾਂ ਲਈ ਪ੍ਰਭ ਦਰ ਮੰਗ । ਆਪ ਵਹਾਏ ਅੰਮ੍ਰਿਤ ਸਾਚੀ ਗੰਗ । ਸੋਹੰ ਸਾਚਾ ਆਪ ਸੁਣਾਏ ਸਤਿਜੁਗ ਸਾਚਾ ਪਰਸੰਗ । ਬਾਕੀ ਸਭ ਵੇਲੇ ਅੰਤ ਕਰਾਏ ਭੰਗ । ਏਕਾ ਮਾਣ ਏਕਾ ਤਾਣ ਏਕਾ ਆਣ ਜਗਤ ਰਖਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਸਰਬੰਗ । ਭਿੰਨੜੀ ਰੈਣ ਸਾਚੇ ਦਾਤ । ਗੁਰਮੁਖ ਵੇਖ ਮਾਰ ਝਾਤ । ਪ੍ਰਭ ਅਬਿਨਾਸ਼ੀ ਖੋਲ੍ਹੇ ਤੇਰਾ ਆਤਮ ਤਾਕ । ਏਕਾ ਜੋਤ ਜਗਾਏ ਵਰਤੇ ਤਾਕੋ ਤਾਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਆਪ ਬਣਾਏ ਪਾਕੀ ਪਾਕ । ਭਿੰਨੜੀ ਰੈਣ ਰੰਗ ਮਜੀਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਜਾਏ ਪੀਠ । ਭਿੰਨੜੀ ਰੈਣ ਰੰਗ ਚਲੂਲ । ਗੁਰਸਿਖ ਸੰਭਾਲੇ ਆਪਣਾ ਮੂਲ । ਬੇਮੁਖਾਂ ਲਾਏ ਸ਼ਬਦ ਤ੍ਰਿਸੂਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੋਤ ਖਿਚਾਏ

ਅਠਸਠ ਤੀਰਥ ਨਬੀ ਰਸੂਲ । ਭਿੰਨੜੀ ਰੈਣ ਦੇਵੇ ਵਰ । ਪਰਗਟ ਜੋਤ ਆਇਆ ਘਰ । ਕਰ ਦਰਸ ਗੁਰ ਸੰਗਤ ਗਈ ਤਰ । ਖਾਲੀ ਭੰਡਾਰੇ ਪ੍ਰਭ ਜਾਏ ਭਰ । ਗੁਰਸਿਖਾਂ ਚੁਕਾਏ ਜਮ ਕਾ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਧਰ । ਭਿੰਨੜੀ ਰੈਣ ਚਮਕਣ ਤਾਰੇ । ਗੁਰਸਿਖ ਖੜੇ ਨਿਹਕਲੰਕ ਤੇਰੇ ਚਰਨ ਦਵਾਰੇ । ਸਤਿਜੁਗ ਸਾਚੇ ਆਪ ਬਣਾਏ ਆਪਣੇ ਸਚ ਦੁਲਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਮ ਧਰਮ ਦੋਏ ਆਪ ਸਵਾਰੇ । ਭਿੰਨੜੀ ਰੈਣ ਵਕਤ ਸੁਹਾਵਣਿਆਂ । ਭਿੰਨੀ ਰੈਣ ਗੁਰਸਿਖ ਜਗਾਵਣਿਆਂ । ਭਿੰਨੜੀ ਰੈਣ ਸੋਹੰ ਸ਼ਬਦ ਜਪਾਵਣਿਆਂ । ਭਿੰਨੀ ਰੈਣ ਸਵਾਸ ਸਵਾਸ ਧਿਆਵਣਿਆ । ਭਿੰਨੜੀ ਰੈਣ ਦੁਖੜਾ ਨਾਸ ਕਰਾਵਣਿਆਂ । ਭਿੰਨੜੀ ਰੈਣ ਮੁਖੜਾ ਉਜਲ ਗੁਰਸਿਖ ਕਰਾਵਣਿਆਂ । ਭਿੰਨੜੀ ਰੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਸਚ ਵਕਤ ਸੁਹਾਵਣਿਆਂ । ਭਿੰਨੜੀ ਰੈਣ ਰੰਗ ਅਗੰਮਾ । ਆਪ ਮਿਟਾਏ ਗੁਰਸਿਖ ਭਰਮਾਂ । ਗੁਰਸਿਖ ਸਾਚਾ ਪ੍ਰਭ ਦਰ ਆਏ, ਆਪ ਲਿਖਾਏ ਸਾਚਾ ਕਰਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਫਲ ਕਰਾਏ ਮਾਨਸ ਜਨਮਾ । ਭਿੰਨੀ ਰੈਣ ਵੇਖ ਵਿਚਾਰ । ਸੋਹੰ ਦੇਵੇ ਸ਼ਬਦ ਅਧਾਰ । ਉਪਜੇ ਧੁਨ ਖੁਲ੍ਹੇ ਦਵਾਰ । ਗੁਰਮੁਖ ਸਾਚੇ ਚੁਣ ਪਹਿਲੀ ਮਾਘ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਜਾਏ ਤਾਰ । ਭਿੰਨੜੀ ਰੈਣ ਜਿਸ ਜਨ ਵਖਾਣੀ । ਭਿੰਨੜੀ ਰੈਣ ਗੁਰਮੁਖ ਵਿਰਲਾ ਜਾਣੇ ਪਰਾਣੀ । ਭਿੰਨੜੀ ਰੈਣ ਪ੍ਰਭ ਅਬਿਨਾਸ਼ੀ ਕਿਰਪਾ ਕਰ ਰਸਨ ਉਚਾਰੇ ਬਾਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਆਪ ਬਣਾਏ ਰਾਣੀ । ਸਚ ਰਾਣੀ ਸਚ ਸੁਲਤਾਨ । ਸਾਚੇ ਤਖ਼ਤ ਬੈਠਾ ਭਗਵਾਨ । ਗੁਰਮੁਖ ਵਿਰਲੇ ਡੀਠਾ ਜਿਸ ਕਿਰਪਾ ਕਰੇ ਮਹਾਨ । ਸੋਹੰ ਸ਼ਬਦ ਜਪਾਏ ਸਾਚਾ ਮੀਠਾ, ਆਤਮ ਸੁਖ ਉਪਜਾਏ ਮਿਹਰਵਾਨ । ਕਾਇਆ ਕੋਟ ਕੌੜਾ ਰੀਠਾ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਧਰੇ ਜੋਤ ਆਪ ਬਲੀ ਬਲਵਾਨ । ਭਿੰਨੜੀ ਰੈਣ ਰੰਗ ਦਿਖਾਏ । ਭਿੰਨੜੀ ਰੈਣ ਗੁਰਸਿਖ ਉਠਾਏ । ਭਿੰਨੜੀ ਰੈਣ ਪ੍ਰਭ ਅਬਿਨਾਸ਼ੀ ਤੁਠ, ਗੁਰ ਸੰਗਤ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਗਏ ਰੁਠ, ਸ਼ਬਦ ਸਰੂਪੀ ਮੇਲ ਮਿਲਾਏ । ਭਿੰਨੜੀ ਰੈਣ ਸਾਚੀ ਧਾਰ । ਭਿੰਨੜੀ ਰੈਣ ਜਗੇ ਜੋਤ ਅਗੰਮ ਅਪਾਰ । ਸਾਚੇ ਰੰਗ ਵਸੇ ਕਰਤਾਰ । ਬੇਮੁਖ ਰੋਵੇ ਗੁਰਮੁਖ ਹੱਸੇ, ਜਿਸ ਮਿਲਿਆ ਸਚ ਭਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਪੁਰਖ, ਸ੍ਰਿਸ਼ਟ ਸਬਾਈ ਨਾਰ । ਭਿੰਨੜੀ ਰੈਣ ਆਈ ਮਾਤ । ਭਿੰਨੜੀ ਰੈਣ ਗੁਰਸਿਖਾਂ ਬਣਾਏ ਸਾਚਾ ਨਾਤ । ਭਿੰਨੜੀ ਰੈਣ ਆਪੇ ਹੋਏ ਭੈਣ ਭਰਾਤ । ਭਿੰਨੀ ਰੈਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਰਹੇ ਖੁਮਾਰੀ ਦਿਵਸ ਰਾਤ । ਭਿੰਨੜੀ ਰੈਣ ਸਦ ਬਲਿਹਾਰੀ । ਭਿੰਨੜੀ ਰੈਣ ਪ੍ਰਭ ਕਿਰਪਾ ਧਾਰੀ । ਭਿੰਨੜੀ ਰੈਣ ਗੁਰਸਿਖ ਗੁਰ ਚਰਨ ਸਾਚੀ ਫੁਲਵਾੜੀ । ਭਿੰਨੜੀ ਰੈਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਸੋਹੰ ਵਡ ਭੰਡਾਰੀ । ਭਿੰਨੜੀ ਰੈਣ ਰੰਗ ਅਪਾਰਾ । ਭਿੰਨੜੀ ਰੈਣ ਸਚ ਭੰਡਾਰਾ । ਭਿੰਨੜੀ ਰੈਣ ਸੋਹੰ ਵਰਤੇ ਵਿਚ ਸੰਸਾਰਾ । ਭਿੰਨੜੀ ਰੈਣ ਆਪੇ ਬਣੇ ਸ਼ਬਦ ਵਰਤਾਰਾ । ਭਿੰਨੜੀ ਰੈਣ ਆਪ ਕਰਾਏ ਜੈ ਜੈ ਜੈਕਾਰਾ । ਭਿੰਨੜੀ ਰੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਮੋਖ ਦਵਾਰਾ । ਭਿੰਨੜੀ ਰੈਣ ਨਿਜ ਘਰ ਵਾਸ । ਭਿੰਨੀ ਰੈਣ ਆਪ ਕਰਾਏ ਆਪਣੇ ਦਾਸ । ਭਿੰਨੀ ਰੈਣ ਆਪ ਰਖਾਏ ਸਾਚਾ ਵਾਸ । ਭਿੰਨੜੀ ਰੈਣ ਸਾਧ ਸੰਗਤ ਪ੍ਰਭ ਸਦ ਵਸੇ ਪਾਸ । ਭਿੰਨੀ ਰੈਣ

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਾਚੀ ਜੋਤ ਪਰਕਾਸ਼ । ਭਿੰਨੀ ਰੈਣ ਜੋਤ ਪਰਕਾਸ਼ੇ । ਕਲਜੁਗ ਅੰਧੇਰ ਸਰਬ ਵਿਨਾਸੇ । ਗੁਰਮੁਖ ਜੀਵੇ ਗੁਰ ਚਰਨ ਭਰਵਾਸੇ । ਆਪ ਕਰਾਏ ਮਾਨਸ ਜਨਮ ਰਾਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੁਰਖ ਅਬਿਨਾਸ਼ੇ । ਭਿੰਨੀ ਰੈਣ ਪੁਰਖ ਅਬਿਨਾਸ਼ੀ । ਭਿੰਨੀ ਰੈਣ ਜੋਤ ਪਰਗਟਾਏ ਘਨਕਪੁਰੀ ਵਾਸੀ । ਭਿੰਨੀ ਰੈਣ ਮੇਟ ਮਿਟਾਏ ਮਦਿਰਾ ਮਾਸੀ । ਭਿੰਨੀ ਰੈਣ ਸੋਹੰ ਸ਼ਬਦ ਜਾਪ ਜਪਾਏ ਸਵਾਸ ਸਵਾਸੀ । ਭਿੰਨੀ ਰੈਣ ਸਾਧ ਸੰਗਤ ਕਲਜੁਗ ਮਾਇਆ ਤੇਰੇ ਦਰ ਤੋਂ ਨਾਸੀ । ਭਿੰਨੀ ਰੈਣ ਪ੍ਰਭ ਸਾਚਾ ਕਰੇ ਬੰਦ ਖਲਾਸੀ । ਭਿੰਨੀ ਰੈਣ ਬੇਮੁਖਾਂ ਪ੍ਰਭ ਦਰ ਆਏ ਹਾਸੀ । ਭਿੰਨੀ ਰੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਮਾਤ ਪਰਕਾਸੀ । ਭਿੰਨੀ ਰੈਨੜੀਏ ਤੇਰੇ ਹੱਥ ਵਡਿਆਈ । ਭਿੰਨੀ ਰੈਨੜੀਏ ਹਰਿ ਪ੍ਰਭ ਤੇਰੀ ਰੁੱਤ ਸੁਹਾਈ । ਭਿੰਨੀ ਰੈਨੜੀਏ ਪਾਰਬ੍ਰਹਮ ਅਚੁੱਤ ਤੇਰੇ ਵਿਚ ਸਮਾਈ । ਭਿੰਨੀ ਰੈਨੜੀਏ ਗੁਰਸਿਖ ਬਣਾਏ ਸਾਚੇ ਸੁੱਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਵਡਿਆਈ । ਭਿੰਨੀ ਰੈਨੜੀਏ ਤੇਰਾ ਮਿਟੇ ਅੰਧੇਰਾ । ਭਿੰਨੀ ਰੈਨੜੀਏ ਪ੍ਰਭ ਅਬਿਨਾਸ਼ੀ ਪਾਇਆ ਫੇਰਾ । ਭਿੰਨੀ ਰੈਨੜੀਏ ਪ੍ਰਭ ਸਾਚੇ ਢਾਹਿਆ ਭਰਮਾਂ ਡੇਰਾ । ਭਿੰਨੀ ਰੈਨੜੀਏ ਬੇਮੁਖਾਂ ਆਪ ਭੁਲਾਇਆ ਕਰ ਕਰ ਹੇਰਾ ਫੇਰਾ । ਭਿੰਨੀ ਰੈਨੜੀਏ ਗੁਰਸਿਖਾਂ ਦਰਸ ਦਿਖਾਏ ਨਾ ਲਾਏ ਦੇਰਾ । ਭਿੰਨੀ ਰੈਨੜੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਤੇਰਾ ਮੇਰਾ । ਭਿੰਨੀ ਰੈਨੜੀਏ ਰੰਗ ਸਾਚਾ ਵੇਖ । ਪ੍ਰਭ ਅਬਿਨਾਸ਼ੀ ਨੇਤਰ ਪੇਖ । ਭਿੰਨੀ ਰੈਨੜੀਏ ਤੇਰੀ ਰੁੱਤ ਸੁਹਾਏ, ਗੁਰਸਿਖਾਂ ਲਿਖਾਏ ਹਰਿ ਸਾਚੇ ਲੇਖ । ਸਤਿਜੁਗ ਸਾਚੇ ਸੁਤ ਉਪਜਾਏ, ਆਪ ਲਗਾਏ ਸਾਚੀ ਮੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਧਾਰਿਆ ਭੇਖ । ਜੋਤ ਸਰੂਪੀ ਭੇਖਾ ਧਾਰ । ਮਾਤਲੋਕ ਲਿਆ ਅਵਤਾਰ । ਕਲਜੁਗ ਅੰਤਮ ਕਰੇ ਖੁਆਰ । ਆਪੇ ਆਪ ਕਰੇ ਕਰਾਵਣਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਬੇਮੁਖਾਂ ਲਗਾਏ ਮਾਰ । ਭਿੰਨੀ ਰੈਨੜੀਏ ਤੇਰੀ ਸਾਚੀ ਜ਼ਾਤੀ । ਭਿੰਨੀ ਰੈਨੜੀਏ ਆਪ ਲਗਾਏ ਗੁਰਸਿਖ ਫੁਲਵਾੜੀ ਸ਼ਬਦ ਡਾਲ੍ਹ ਪਾਤੀ । ਬੇਮੁਖਾਂ ਹੋਏ ਕਿਸਮਤ ਮਾੜੀ, ਵਕਤ ਗਵਾਇਆ ਸੁੱਤਿਆਂ ਰਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਮੁਖ ਚੁਆਏ ਅੰਮ੍ਰਿਤ ਬੂੰਦ ਸਵਾਂਤੀ । ਭਿੰਨੀ ਰੈਨੜੀ ਅੰਮ੍ਰਿਤ ਧਾਰਾ । ਗੁਰਮੁਖ ਪੀਵੇ ਗੁਰ ਚਰਨ ਦਵਾਰਾ । ਝਿਰਨਾ ਝਿਰੇ ਨਿਝਰੋਂ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਜੋਤ ਅਕਾਰਾ । ਭਿੰਨੜੀਏ ਰੈਣੇ ਗੁਰਸਿਖ ਸਾਚੇ ਗੁਰ ਚਰਨ ਬਹਿਣੇ । ਆਪ ਚੁਕਾਏ ਲਹਿਣੇ ਦੇਣੇ । ਸੋਹੰ ਸ਼ਬਦ ਆਤਮ ਤਨ ਪਹਿਨਾਏ ਸਾਚੇ ਗਹਿਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ ਗੁਰਮੁਖ ਸਾਚੇ ਪੇਖੇ ਤੀਜੇ ਨੈਣੇ । ਭਿੰਨੀ ਰੈਨੜੀਏ ਤੇਰਾ ਸਾਚਾ ਰਸ । ਪ੍ਰਭ ਅਬਿਨਾਸ਼ੀ ਹੋਇਆ ਵਸ । ਗੁਰਮੁਖ ਵਿਰਲਾ ਮਾਣੇ ਆਤਮ ਰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਿਖਾਏ ਦਰਸ, ਗੁਰਸਿਖ ਗੁਰ ਦਰ ਆਏ ਨੱਸ । ਭਿੰਨੀ ਰੈਣ ਸਾਚੀ ਜਾਣ । ਇਕ ਕਰਾਏ ਰੰਕ ਰਾਜਾਨ । ਸੋਹੰ ਸ਼ਬਦ ਲਗਾਏ ਬਾਣ । ਊਚ ਨੀਚ ਸਰਬ ਮਿਟ ਜਾਣ । ਆਪੇ ਮੇਟੇ ਵੇਦ ਪੁਰਾਨ । ਨਾ ਕੋਈ ਦੀਸੇ ਅੰਜੀਲ ਕੁਰਾਨ । ਸਚ ਸ਼ਬਦ ਵਰਤੇ ਸੋਹੰ ਬਲੀ ਬਲਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਭਾਗ ਗੁਰ ਸਾਚਾ ਪਾਇਆ । ਪੂਰਨ ਭਾਗ ਦਰ ਘਰ ਸਾਚੇ ਮੰਗਲ ਗਾਇਆ । ਪੂਰਨ ਭਾਗ ਪ੍ਰਭ ਧਰਮ ਰਾਏ ਸੰਗਲ ਆਪ ਕਟਾਇਆ । ਪੂਰਨ ਭਾਗ ਵਿਚ ਜੂਹਾਂ ਜੰਗਲ ਹੋਏ ਆਪ ਸਹਾਇਆ । ਪੂਰਨ ਭਾਗ, ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਮਾਘ ਮਾਣ ਦਵਾਇਆ । ਪੂਰਨ ਭਾਗ ਗੁਰਸਿਖ ਜਾਣੇ । ਪੂਰਨ ਭਾਗ ਹਰਿ ਰੰਗ ਸਮਾਣੇ । ਪੂਰਨ ਭਾਗ ਆਪ ਤਰਾਏ ਗੁਰਸਿਖ ਬਾਲ ਅੰਞਾਣੇ । ਪੂਰਨ ਭਾਗ ਪ੍ਰਭ ਅਬਿਨਾਸ਼ੀ ਖੜਾ ਸਦ ਸਰਹਾਣੇ । ਪੂਰਨ ਭਾਗ ਸੋਹੰ ਗੀਤ ਜਿਨ੍ਹਾਂ ਰਸਨਾ ਗਾਣੇ । ਪੂਰਨ ਭਾਗ ਪਰਖੇ ਨੀਤ ਆਪ ਭਗਵਾਨੇ । ਪੂਰਨ ਭਾਗ ਆਪ ਆਪਣਾ ਬਿਰਦ ਪਛਾਣੇ । ਪੂਰਨ ਭਾਗ ਜੋਤ ਸਰੂਪੀ ਹਰਿ ਪਹਰਿਆ ਬਾਣੇ । ਪੂਰਨ ਭਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਜੋਤ ਜਗਾਏ ਮਹਾਨੇ । ਪੂਰਨ ਭਾਗ ਸਤਿਗੁਰ ਸਰਨਾਇਆ । ਪੂਰਨ ਭਾਗ ਗੁਰਸਿਖ ਗੁਰ ਸੰਗਤ ਗੁਰ ਚਰਨ ਬਹਾਇਆ । ਪੂਰਨ ਭਾਗ ਮਰਨ ਡਰਨ ਹਰਿ ਭਉ ਚੁਕਾਇਆ । ਪੂਰਨ ਭਾਗ ਕਾਗ ਹੰਸ ਗੁਰਸਿਖ ਬਣਾਇਆ । ਪੂਰਨ ਭਾਗ ਸੋਹੰ ਚੋਗ ਆਪ ਚੁਗਾਇਆ । ਪੂਰਨ ਭਾਗ ਗੁਰਸਿਖ ਗਏ ਜਾਗ, ਪ੍ਰਭ ਖਿਚ ਚਰਨ ਬਹਾਇਆ । ਪੂਰਨ ਭਾਗ ਉਪਜੇ ਰਾਗ, ਵੱਜੇ ਸੋਹੰ ਸਾਚਾ ਨਾਦ, ਚਾਰ ਕੁੰਟ ਜੈ ਜੈ ਜੈਕਾਰ ਕਰਾਇਆ । ਸ਼ਬਦ ਲਿਖਾਏ ਬੋਧ ਅਗਾਧ, ਭੇਵ ਕਿਸੇ ਨਾ ਪਾਇਆ । ਪੂਰਨ ਭਾਗ ਨਰ ਨਰਾਇਣ ਨਰ ਜਾਮਾ ਵਿਚ ਮਾਤ ਦੇ ਪਾਇਆ । ਪੂਰਨ ਭਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਬੇੜਾ ਬੰਨ੍ਹ ਵਖਾਇਆ । ਪੂਰਨ ਭਾਗ ਜਗਤ ਵਡਭਾਗੇ । ਪੂਰਨ ਭਾਗ ਗੁਰਸਿਖ ਸਾਚੇ ਚਰਨ ਲਾਗੇ । ਦਇਆ ਕਮਾਈ ਪ੍ਰਭ ਪਹਿਲੀ ਮਾਘੇ । ਅਨਹਦ ਸ਼ਬਦ ਵਜਾਏ ਸਾਚੇ ਵਾਜੇ । ਆਪ ਰਖਾਏ ਗੁਰਸਿਖ ਲਾਜੇ । ਜੋਤ ਪਰਗਟਾਈ ਵਿਚ ਦੇਸ ਮਾਝੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘਨਘੋਰ ਅਨਹਦ ਧੁਨ ਅਨਾਹਦ ਵਾਜੇ । ਅਨਹਦ ਧੁਨ ਹੋਏ ਧੁਨਕਾਰ । ਸੋਹੰ ਵਰਤੇ ਵਿਚ ਸੰਸਾਰ । ਚਾਰ ਕੁੰਟ ਹੋਏ ਜੈ ਜੈ ਜੈਕਾਰ । ਸ਼ਬਦ ਸਰੂਪੀ ਅਸਵ ਅਸਵਾਰ । ਪਵਣ ਸਰੂਪੀ ਸ਼ਬਦ ਹੁਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਰੇ ਕਰਤਾਰ । ਪੂਰਨ ਭਾਗ ਗੁਰਮੁਖ ਸਾਚਾ ਗਿਆ ਜਾਗ । ਆਪੇ ਪਕੜੇ ਗੁਰਸਿਖ ਤੇਰੀ ਵਾਗ । ਸੋਹੰ ਸ਼ਬਦ ਲਗਾਵੇ ਆਤਮ ਜਾਗ । ਦੇਵੇ ਵਡਿਆਈ ਪਹਿਲੀ ਮਾਘ । ਸਤਿਜੁਗ ਸਾਚੇ ਮਿਲੀ ਵਧਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਗਏ ਚਰਨ ਲਾਗ । ਪੂਰਨ ਭਾਗ ਮਾਣ ਦਵਾਇਆ । ਪੂਰਨ ਭਾਗ ਭਗਤ ਭਗਵਾਨ ਆਪੇ ਮੇਲ ਮਿਲਾਇਆ । ਪੂਰਨ ਭਾਗ ਗੁਰਸਿਖ ਸਾਚਾ ਚਤੁਰ ਸੁਜਾਨ, ਪ੍ਰਭ ਅਬਿਨਾਸ਼ੀ ਆਪ ਬਣਾਇਆ । ਪੂਰਨ ਭਾਗ ਗੁਣ ਨਿਧਾਨ, ਸੋਹੰ ਸਾਚਾ ਦਾਨ ਪ੍ਰਭ ਝੋਲੀ ਪਾਇਆ । ਪੂਰਨ ਭਾਗ ਦੇਵੇ ਮਾਣ ਤਾਣ, ਵਾਲੀ ਦੋ ਜਹਾਨ ਦਰਗਹਿ ਸਾਚੀ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੇੜ ਚੁਰਾਸੀ ਆਪ ਕਟਾਇਆ । ਪੂਰਨ ਭਾਗ ਤ੍ਰਿਸ਼ਨ ਮਿਟਾਈ । ਪੂਰਨ ਭਾਗ ਮਾਤ ਜੋਤ ਕ੍ਰਿਸ਼ਨ ਪਰਗਟਾਈ । ਪੂਰਨ ਭਾਗ ਪਹਿਲੀ ਮਾਘ ਗੁਰਸਿਖਾਂ ਮਿਲੇ ਵਧਾਈ । ਪੂਰਨ ਭਾਗ ਤੀਨ ਲੋਕ ਹੋਏ ਰੁਸ਼ਨਾਈ । ਪੂਰਨ ਭਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੰਡ ਬ੍ਰਹਿਮੰਡ ਸਰਬ ਥਾਈਂ ਰਿਹਾ ਸਮਾਈ । ਪੂਰਨ ਭਾਗ ਹਰਿ ਪਾਇਆ ਗੰਭੀਰ । ਪੂਰਨ ਭਾਗ ਕਰੇ ਸ਼ਾਂਤ ਸਰੀਰ । ਪੂਰਨ ਭਾਗ ਸੋਹੰ ਦੇਵੇ ਆਤਮ ਧੀਰ । ਪੂਰਨ ਭਾਗ ਅੰਮ੍ਰਿਤ ਆਪ ਚੁਆਏ ਆਤਮ ਸਾਚਾ ਸੀਰ । ਪੂਰਨ ਭਾਗ, ਸੋਹੰ ਰਸਨਾ ਆਪ ਜਪਾਏ, ਗੁਰਮੁਖਾਂ ਸਾਚਾ ਅੰਮ੍ਰਿਤ ਨੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਆਪਣੀ ਧੀਰ । ਆਪੇ ਦੇਵੇ ਧੀਰ ਧਿਆਨਾ । ਆਪ ਉਪਜਾਏ ਬ੍ਰਹਮ ਗਿਆਨਾ । ਏਕਾ ਜੋਤ ਜਗਾਏ ਮਹਾਨਾ । ਹੋਏ ਰੁਸ਼ਨਾਏ ਕੋਟਨ ਭਾਨਾ । ਮਾਤ ਜੋਤ ਪਰਗਟਾਏ ਕ੍ਰਿਸ਼ਨਾ ਕਾਹਨਾ । ਜੋਤ ਸਰੂਪੀ ਪਹਰਿਆ ਬਾਣਾ । ਨਿਹਕਲੰਕ

ਕਲ ਨਾਉਂ ਧਰਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਪੂਰਨ ਭਾਗ ਜਪ ਸਵਾਸ ਸਵਾਸਾ । ਪੂਰਨ ਭਾਗ ਆਤਮ ਹੋਈ ਰਾਸਾ । ਪੂਰਨ ਭਾਗ ਜਿਸ ਤਜਿਆ ਮਦਿਰਾ ਮਾਸਾ । ਪੂਰਨ ਭਾਗ ਆਪ ਰਖਾਇਆ ਸਚ ਘਰ ਵਾਸਾ । ਪੂਰਨ ਭਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸਾ । ਪੂਰਨ ਭਾਗ ਗੁਰਸਿਖ ਬੂਝਿਆ । ਪੂਰਨ ਭਾਗ ਘਰ ਸਾਚਾ ਸੂਝਿਆ । ਪੂਰਨ ਭਾਗ ਗੁਰਮੁਖ ਗੁਰ ਚਰਨ ਲੂਝਿਆ । ਪੂਰਨ ਭਾਗ ਆਪ ਖੁਲ੍ਹਾਵੇ ਭੇਵ ਗੂਝਿਆ । ਪੂਰਨ ਭਾਗ ਆਪ ਮਿਟਾਵੇ ਭਰਮ ਭਓ ਦੂਜਿਆ । ਪੂਰਨ ਭਾਗ ਚਾਰ ਵਰਨ ਇਕ ਥਾਂ ਬਹਾਵੇ, ਸਾਚਾ ਰਾਹ ਹਰਿ ਸਾਚੇ ਸੂਝਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਲਜੁਗ ਆਪੇ ਬੂਝਿਆ । ਪੂਰਨ ਭਾਗ ਭਗਤ ਵਿਚਾਰਾ । ਪੂਰਨ ਭਾਗ ਸ਼ਬਦ ਅਪਾਰਾ । ਪੂਰਨ ਭਾਗ ਆਪ ਦਿਖਾਏ ਮੁਕਤ ਦਵਾਰਾ । ਪੂਰਨ ਭਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਖੋਲ੍ਹੇ ਆਤਮ ਕਿਵਾੜਾ । ਪੂਰਨ ਭਾਗ ਵੇਖ ਹਰਿ । ਪੂਰਨ ਭਾਗ ਕਰ ਦਰਸ ਜਗ ਤਰ । ਪੂਰਨ ਭਾਗ ਕਰ ਤਰਸ ਦੇਵੇ ਹਰਿ ਵਰ । ਪੂਰਨ ਭਾਗ ਅੰਮ੍ਰਿਤ ਮੇਘ ਬਰਸ ਸੁੱਕੇ ਰੁੱਖੜੇ ਹਰੇ ਜਾਏ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ । ਪੂਰਨ ਭਾਗ ਭਰਮ ਚੁਕਾਇਆ । ਪੂਰਨ ਭਾਗ ਪ੍ਰਭ ਸਾਚੇ ਸਾਚਾ ਮਾਰਗ ਲਾਇਆ । ਪੂਰਨ ਭਾਗ ਸਾਰੰਗ ਧਰ ਭਗਵਾਨ ਬੀਠਲਾ, ਆਪੇ ਹੋਏ ਸਹਾਇਆ । ਪੂਰਨ ਭਾਗ ਆਤਮ ਚੜ੍ਹਾਏ ਮਜੀਠਲਾ, ਰੰਗ ਫਿਰ ਉਤਰ ਨਾ ਜਾਇਆ । ਪੂਰਨ ਭਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਡੀਠਲਾ, ਭਰਮ ਭਉ ਦੇ ਚੁਕਾਇਆ । ਪੂਰਨ ਭਾਗ ਹਰਿ ਮਿਲਿਆ ਮੀਤ । ਪੂਰਨ ਭਾਗ ਰਾਖੇ ਚੀਤ । ਪੂਰਨ ਭਾਗ ਏਕਾ ਕਰਾਏ ਕਾਇਆ ਸੀਤ । ਪੂਰਨ ਭਾਗ ਹਰਿ ਦਰਸ਼ਨ ਪਾਏ, ਮਾਨਸ ਜਨਮ ਲਿਆ ਜਗ ਜੀਤ । ਪੂਰਨ ਭਾਗ ਆਪ ਉਪਜਾਏ ਚਰਨ ਪ੍ਰੀਤ । ਪੂਰਨ ਭਾਗ ਗੁਰਸਿਖਾਂ ਪਰਖੇ ਆਪੇ ਨੀਤ । ਪੂਰਨ ਭਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਖਾਏ ਸਾਚੀ ਰੀਤ । ਪੂਰਨ ਭਾਗ ਜੀਵ ਕਲ ਜਾਣ, ਮਿਲਿਆ ਜਿਸ ਹਰਿ ਭਗਵਾਨ । ਤੁੱਠ ਤਿਸ ਜਿਸ ਮੇਲ ਮਿਲਾਇਆ ਆਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ । ਸਚ ਤਖ਼ਤ ਸਚ ਸੁਲਤਾਨਾ । ਜੋਤ ਸਰੂਪੀ ਏਕਾ ਬਾਣਾ । ਆਵਣ ਜਾਵਣ ਖੇਲ ਜਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਰਤੇ ਆਪਣਾ ਭਾਣਾ । ਆਵਣ ਜਾਵਣ ਖੇਲ ਰਚਾਇਆ । ਭਗਤਾਂ ਹੇਤ ਜੋਤ ਪਰਗਟਾਇਆ । ਆਪੇ ਬਣੇ ਸਾਚਾ ਮਿਤ, ਨਿਤ ਨਵਿਤ ਵਿਚ ਮਾਤ ਦੇ ਆਇਆ । ਆਵੇ ਜਾਵੇ ਵਾਰੋ ਵਾਰੀ । ਅਚਰਜ ਖੇਲ ਰੰਗ ਕਰਤਾਰੀ । ਸਾਚਾ ਮੇਲ ਭਗਤ ਗਿਰਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਵਡ ਸਿਕਦਾਰੀ । ਤੀਨ ਲੋਕ ਵਡ ਸਿਕਦਾਰ । ਤੀਨ ਲੋਕ ਇਕ ਸਰਕਾਰ । ਤੀਨ ਲੋਕ ਇਕ ਕਰਤਾਰ । ਤੀਨ ਲੋਕ ਏਕ ਸੋਹੰ ਸ਼ਬਦ ਚਲੇ ਜੈਕਾਰ । ਤੀਨ ਲੋਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਣੇ ਸਰਬ ਪੁਕਾਰ । ਆਪੇ ਸੁਣੇ ਸਰਬ ਪੁਕਾਰ । ਦੁਖੀਆਂ ਦੁਖ ਜਾਏ ਨਿਵਾਰ । ਉਪਜੇ ਸੁਖ ਆਤਮ ਦਵਾਰ । ਮਿਟੇ ਭੁੱਖ ਹਰਿ ਦਰਸ ਅਪਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵੇਲੇ ਅੰਤ ਜਾਏ ਤਾਰ । ਤਾਰਨਹਾਰ ਆਪ ਸਮਰਾਥਾ । ਆਪੇ ਰਾਖੇ ਦੇ ਕਰ ਹਾਥਾ । ਸੋਹੰ ਸ਼ਬਦ ਚਲਾਵੇ ਸਾਚੀ ਗਾਥਾ । ਬਿਨ ਗੁਰ ਪੂਰੇ ਨਾ ਕੋਈ ਟਿਕਾਵੇ ਮਾਥਾ । ਬਿਨ ਗੁਰ ਪੂਰੇ ਨਾ ਕੋਈ ਚੜ੍ਹਾਏ ਸਾਚੇ ਰਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਅਕਥਨਾ ਅਕਾਥਾ ।

ਅਕਥ ਕਥਾ ਨਾ ਜਾਣੇ ਕੋਇ । ਸਭ ਤੋਂ ਵੱਖਰ ਆਪੇ ਹੋਏ । ਏਕਾ ਅੱਖਰ ਗੁਰਸਿਖ ਆਪ ਪਰੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਧਾਗਾ ਆਪੇ ਵੱਟੇ ਰਸਨਾ ਸੂਤਰ ਧੋਏ । ਗੁਰਮੁਖ ਰਾਗੀ ਗੁਰਮੁਖ ਵਡਭਾਗੀ । ਗੁਰਮੁਖ ਆਏ ਗੁਰ ਦਰ ਪਹਿਲੀ ਮਾਘੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਤ ਵਿਚ ਲਾਧੀ । ਸਾਚਾ ਲਾਧਾ ਗੁਰ ਦਰਬਾਰ । ਜਿਸ ਨੇ ਬੱਧਾ ਸ਼ਬਦ ਸਰੂਪੀ ਸਰਬ ਸੰਸਾਰ । ਵਡ ਵਡ ਭੂਪਨ ਭੂਪ ਖੜੇ ਦਵਾਰ । ਬਿਨ ਰੰਗ ਰੂਪੀ ਵਡਾ ਇਕ ਸਿਕਦਾਰ । ਕਲਜੁਗ ਅੰਤਮ ਅੰਤ ਅੰਧ ਕੂਪੀ ਏਕਾ ਜੋਤ ਕਰੇ ਅਕਾਰ । ਗੁਰਮੁਖ ਦਿਸੇ ਸਤਿ ਸਰੂਪੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਧਾਰ । ਕਿਰਪਾ ਧਾਰੇ ਵਡ ਗਿਰਧਾਰੇ । ਸਿਰਜਣਹਾਰੇ ਖੇਲ ਅਪਾਰੇ ਰੰਗ ਕਰਤਾਰੇ । ਕਲਜੁਗ ਜੀਵ ਨਾ ਕਰੇ ਵਿਚਾਰੇ । ਭਰਮ ਭੁਲੇਖੇ ਸਾਰੇ ਮਾਰੇ । ਆਪੇ ਅੰਦਰ ਆਪੇ ਬਾਹਰੇ । ਆਪੇ ਖੜਾ ਆਤਮ ਦਰ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਰੇ ਖੇਲ ਅਪਾਰੇ । ਕਦੇ ਅੰਦਰ ਕਦੇ ਬਾਹਰ । ਆਪੇ ਹੋਏ ਮਾਤ ਜਾਹਰ । ਆਪੇ ਹੋਏ ਵਡ ਵਡ ਸ਼ਾਇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਆਪ ਖਪਾਏ ਕਲਜੁਗ ਜੀਵ ਕਾਇਰ । ਵੇਲੇ ਅੰਤ ਆਪ ਖਪਾ ਕੇ । ਗੋਦੀ ਮੌਤ ਆਪ ਸਵਾ ਕੇ । ਗੁਰਸਿਖਾਂ ਰੱਖੇ ਆਪ ਉਠਾ ਕੇ । ਆਪੇ ਪਕੜੇ ਆਪਣੀ ਦਇਆ ਕਮਾ ਕੇ । ਸੋਹੰ ਗੁੱਡੀ ਗੁਰਸਿਖਾਂ ਹੱਥ ਫੜਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਏ ਸਾਚਾ ਨਾਮ ਜਪਾ ਕੇ । ਸਾਚਾ ਨਾਮ ਰੰਗ ਰੰਗੀਲਾ । ਗੁਰਮੁਖ ਸਾਚੇ ਗੁਰ ਦਰ ਪੀ ਲਾ । ਵੇਲਾ ਅੰਤ ਕਰ ਲੈ ਹੀਲਾ । ਪ੍ਰਭ ਅਬਿਨਾਸ਼ੀ ਵੇਖ ਲੀਲ੍ਹਾ । ਕਲਜੁਗ ਜੀਵ ਏਕਾ ਜੋਤ ਅਗਨ ਲਗਾਏ ਤੀਲਾ । ਅਗਨ ਜੋਤ ਆਪ ਲਗਾਏ । ਚਾਰ ਕੁੰਟ ਹੋਏ ਦੁਹਾਏ । ਵੇਲਾ ਅੰਤ ਨਾ ਕੋਈ ਦੇਵੇ ਥਾਏਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਵਣ ਪਾਣੀ ਸਰਬ ਸਮਾਏ । ਵੇਲਾ ਅੰਤਮ ਆਪ ਲਿਖਾ ਕੇ । ਸ੍ਰਿਸ਼ਟ ਸਬਾਈ ਭੇਵ ਖੁਲ੍ਹਾ ਕੇ । ਵਡ ਦੇਵੀ ਦੇਵ ਦਇਆ ਕਮਾ ਕੇ । ਗੁਰਮੁਖ ਸਾਚੇ ਸੇਵ ਸਰਨ ਲਗਾ ਕੇ । ਬੇਮੁਖ ਕਲਜੁਗ ਜੀਵ ਔਝੜ ਰਾਹ ਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਮਿਟਾਏ ਸੋਹੰ ਖੰਡਾ ਹੱਥ ਉਠਾ ਕੇ । ਸੋਹੰ ਖੰਡਾ ਹੱਥ ਉਠਾਵਣਾ । ਤੋੜੇ ਮਾਣ ਜਿਉਂ ਰਾਮਾ ਰਾਵਣਾ । ਜੋਧੇ ਬੀਰਾਂ ਮਿਲੇ ਨਾ ਸੌਵਣਾ । ਹੁਕਮੇ ਅੰਦਰ ਆਪ ਰਖਾਵਣਾ । ਅਚਰਜ ਖੇਲ ਵਰਤਾਵਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਰਸਨਾ ਗਾਵਣਾ । ਗੁਰਸਿਖ ਸੋਹੰ ਰਸਨਾ ਗਾਏ, ਸ੍ਰਿਸ਼ਟ ਸਬਾਈ ਹੋਏ ਹਾਏ ਹਾਏ । ਗੁਰਸਿਖ ਸੋਹੰ ਰਸਨਾ ਗਾਏ, ਚਾਰ ਕੁੰਟ ਜੀਵ ਬਿਲਲਾਏ । ਗੁਰਸਿਖ ਸੋਹੰ ਰਸਨਾ ਗਾਏ, ਅਗਨ ਜੋਤ ਪ੍ਰਭ ਦੇ ਲਗਾਏ । ਗੁਰਸਿਖ ਸੋਹੰ ਰਸਨਾ ਗਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਕਟਾਰੀ ਰਸਨ ਚਲਾਏ । ਸੋਹੰ ਸ਼ਬਦ ਜਗਤ ਕਟਾਰਾ । ਜਗਤ ਚਲਾਏ ਆਪ ਦੋ ਧਾਰਾ । ਸ੍ਰਿਸ਼ਟ ਸਬਾਈ ਹੋਏ ਖੁਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸੋਹੇ ਤੇਰੇ ਚਰਨ ਦਵਾਰਾ । ਸ੍ਰਿਸ਼ਟ ਸਬਾਈ ਲਾਏ ਅੱਗ । ਕਲਜੁਗ ਜੀਵ ਜਾਇਣ ਦਗ । ਆਪ ਉਲਟਾਏ ਚੌਥਾ ਜੁਗ । ਸਤਿਜੁਗ ਸਾਚਾ ਮਾਰਗ ਲਾਏ, ਪ੍ਰਭ ਅਬਿਨਾਸ਼ੀ ਵਡ ਅਭੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਚਰਨ ਲੱਗ । ਗੁਰਸਿਖ ਸਾਚੇ ਚਰਨ ਲਾਗੇ । ਵੇਲਾ ਅੰਤ ਸੋਏ ਜਾਗੇ । ਜੋ ਵਰਤੇ ਸੋ ਵਖਾਏ ਪਹਿਲੀ ਮਾਘੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਚਰਨ ਦਵਾਰੇ ਗੁਰਸਿਖ ਭਾਗੇ ।

ਵੇਲਾ ਅੰਤ ਆਇਆ ਕਲ । ਪ੍ਰਭ ਕਾ ਭਾਣਾ ਨਾ ਜਾਏ ਟਲ । ਸ਼ਬਦ ਸਰੂਪੀ ਜਾਏ ਦਲ । ਕਾਲ ਰੂਪੀ ਚਲਾਏ ਹਲ । ਕਲਜੁਗ ਜੀਵ ਉਖਾੜੇ ਫਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਜਲ ਥਲ । ਕਲਜੁਗ ਤੇਰਾ ਅੰਤਮ ਅੰਤ । ਭੁੱਲੇ ਫਿਰਨ ਵਡ ਵਡ ਸੰਤ । ਨਾ ਦੀਸੇ ਪ੍ਰਭ ਸਾਚਾ ਕੰਤ । ਮਾਇਆ ਪਾਈ ਆਪ ਬੇਅੰਤ । ਮੂਰਖ ਮੁਗਧ ਬਣਾਏ ਵਡ ਵਡ ਦੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਚੋਗ ਚੁਗਾਏ ਆਪ ਬਣਾਏ ਸਾਚੀ ਬਣਤ । ਲਸ਼ਕਰ ਉਠੇ ਰੂਸਾ ਭਾਰੀ । ਚਾਰ ਕੁੰਟ ਹੋਏ ਖੁਆਰੀ । ਈਸਾ ਮੂਸਾ ਮੁਹੰਮਦੀ ਭੱਜੇ ਫਿਰਨ ਵਾਰੋ ਵਾਰੀ । ਵੇਲਾ ਅੰਤਮ ਅੰਤ ਕਲਜੁਗ ਆ ਗਿਆ, ਨਾ ਦੀਸੇ ਕਿਸੇ ਪਿੱਛਾ ਅਗਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਏਕਾ ਬਣਾਈ ਮੌਤ ਲਾੜੀ । ਮੌਤ ਲਾੜੀ ਜਗਤ ਪਰਨਾਇਆ । ਧਰਮ ਰਾਏ ਦੇ ਘਰ ਵਸਾਇਆ । ਕੁੰਭੀ ਨਰਕ ਨਿਵਾਸ ਕਰਾਇਆ । ਮਦਿਰਾ ਮਾਸ ਜਿਸ ਰਸਨਾ ਲਾਇਆ । ਪ੍ਰਭ ਅਬਿਨਾਸ਼ੀ ਮਨੋਂ ਭੁਲਾਇਆ । ਘਨਕਪੁਰ ਵਾਸੀ ਦੇਵੇ ਆਪ ਸਜ਼ਾਇਆ । ਪੁਰਖ ਅਬਿਨਾਸ਼ੀ ਵਿਚ ਮਾਤ ਜੋਤ ਪਰਗਟਾਇਆ । ਸ੍ਰਿਸ਼ਟ ਸਬਾਈ ਸਦ ਵਿਨਾਸੀ, ਇਕ ਅਬਿਨਾਸ਼ ਆਪ ਅਖਵਾਇਆ । ਗੁਰਮੁਖ ਸਾਚੇ ਤੇਰੀ ਆਤਮ ਰਹਿਰਾਸੀ, ਸੋਹੰ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਚਰਨ ਲਗਾਇਆ । ਮੌਤ ਲਾੜੀ ਸਾਚੀ ਨਾਰ । ਬੇਮੁਖ ਸਾਰੇ ਹੋਏ ਭਤਾਰ । ਆਪੇ ਮਾਰੇ ਕਰ ਖੁਆਰ । ਦਿਵਸ ਰੈਣ ਰਹੀ ਵਕਤ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਰੇ ਕਰਤਾਰ । ਲਾੜੀ ਮੌਤ ਪ੍ਰੇਮ ਵਿਛੋਹ । ਆਪੇ ਕਰੇ ਪਤੀ ਧਰੋ । ਕਲਜੁਗ ਨਾਤਾ ਤੁੱਟਾ ਮੋਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੋਹੰ ਧਾਗੇ ਲਏ ਪਰੋ । ਮੌਤ ਲਾੜੀ ਘਰ ਸਾਚੇ ਆਈ । ਮਾਤਲੋਕ ਪ੍ਰਭ ਆਪ ਪਰਨਾਈ । ਸੱਸ ਸੌਹਰਾ ਦੇਵਰ ਜੇਠ, ਬੇਮੁਖ ਜੀਵ ਬੰਨ੍ਹ ਲੈ ਜਾਈ । ਆਪੇ ਰੱਖੇ ਧਰਮ ਰਾਏ ਪੈਰਾਂ ਹੇਠ, ਵਡ ਵਡ ਦੇ ਸਜ਼ਾਈ । ਜੋ ਕਲ ਦਿਸਣ ਵਡ ਵਡ ਸੇਠ, ਤਿਨ੍ਹਾਂ ਮਿਲੇ ਨਾ ਕੋਈ ਥਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪਣੇ ਸੰਗ ਰਖਾਈ । ਮੌਤ ਲਾੜੀ ਸਦਾ ਹੱਸੇ । ਬੇਮੁਖ ਜੀਵ ਝੂਠਾ ਕੰਤ ਨਾ ਘਰ ਵਸੇ । ਆਪਣਾ ਭੇਵ ਧਰਮ ਰਾਏ ਆਪੇ ਦੱਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਅੰਤਮ ਨਰਕ ਨਿਵਾਸ ਰਾਹ ਸਾਚਾ ਦੱਸੇ । ਲਾੜੀ ਮੌਤ ਗੌਰ ਕਰ । ਸ੍ਰਿਸ਼ਟ ਸਬਾਈ ਬੈਠੀ ਅੰਦਰ ਵੜ । ਸਾਚਾ ਵਕਤ ਅੰਤ ਕਲ ਆਇਆ, ਜੀਵ ਆਪ ਮਿਟਾਵੇ ਭਰਮ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਰ । ਈਸਾ ਮੂਸਾ ਹੋਏ ਖੁਆਰੀ । ਚੰਡੀ ਚਮਕੀ ਦੋ ਤਰਫ਼ੀ ਭਾਰੀ । ਵੇਖੇ ਖੇਲ ਆਪ ਗਿਰਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਹੋਏ ਸ਼ਬਦ ਲਿਖਾਰੀ । ਸ਼ਬਦ ਲਿਖਾਵੇ ਭਾਰਤ ਖੰਡ । ਖੇਲ ਵਰਤਾਵੇ ਵਿਚ ਨਵਖੰਡ । ਆਪ ਕਰਾਏ ਝੂਠੀ ਵੰਡ । ਬੇਮੁਖ ਪਾਇਣ ਝੂਠੀ ਡੰਡ । ਅੰਤਮ ਅੰਤ ਕਲਜੁਗ ਆਈ ਕੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੋੜੇ ਸਰਬ ਘਮੰਡ । ਸੰਤ ਮਨੀ ਸਿੰਘ ਕਲਮ ਚਲਾਈ । ਲਿਖਤ ਭਵਿਖਤ ਹਰਿ ਰਿਹਾ ਵਰਤਾਈ । ਆਪੇ ਦੇਵੇ ਸਰਬ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅਚਰਜ ਖੇਲ ਰਚਾਈ । ਸ਼ਬਦ ਲਿਖਾਇਆ ਪਹਿਲੀ ਮਾਘਾ । ਛੇੜ ਛਿੜਾਏ ਕੋਲ ਵਾਗਾ । ਆਪ ਫਿਰਾਏ ਚੌ ਬਲਦ ਸੁਹਾਗਾ । ਮਾਝਾ ਦੇਸ ਹੋਇਆ ਅਭਾਗਾ । ਪ੍ਰਭ ਸਚ ਜੋਤ ਪਰਗਟਾਈ ਨਾ ਸੋਇਆ ਜਾਗਾ । ਨਾ ਘਰ ਵੱਜੀ ਵਧਾਈ, ਨਾ ਗਾਏ

ਗੀਤ ਸੁਹਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੁਝਾਏ ਘਰ ਘਰ ਚਰਾਗਾ । ਘਰ ਘਰ ਬੁਝਣ ਸਰਬ ਚਿਰਾਗ । ਮਾਝਾ ਦੇਸ ਕਿਸੇ ਚੁੱਲੇ ਨਾ ਲੱਭੇ ਆਗ । ਜਾਇਣ ਪਹਿਲੇ ਬੁੱਲੇ ਪਾਰ ਬਿਆਸੋਂ ਭਾਗ । ਕਲਜੁਗ ਅੰਤਮ ਆਪੇ ਹੁੱਲੇ, ਸੋਹੰ ਸ਼ਬਦ ਨਾ ਗਾਇਆ ਸਾਚਾ ਰਾਗ । ਆਪੇ ਰਹੇ ਜਗਤ ਭੁੱਲੇ, ਪ੍ਰਭ ਅਬਿਨਾਸ਼ੀ ਆਪ ਵਜਾਇਆ ਰਸਨਾ ਨਾਦ । ਅੰਤਕਾਲ ਕਲਜੁਗ ਆਪੇ ਰੁਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਈ ਆਤਮ ਆਗ । ਆਤਮ ਅਗਨ ਲਗਾਏ ਆਪ । ਬੇਮੁਖ ਜੀਵ ਨਗਨ ਫਿਰਾਏ, ਬੇਮੁਖ ਦਰ ਦਰ ਮੰਗਣ ਨਾ ਭਿਛਿਅ ਪਾਏ ਆਪ । ਗੁਰਮੁਖ ਸਾਚੇ ਪਾਰ ਲੰਘਣ, ਸੋਹੰ ਜਪਿਅ ਸਾਚਾ ਜਾਪ । ਆਪ ਉਠਾਏ ਆਪੇ ਅੰਗਣ, ਆਪੇ ਹੋਏ ਮਾਈ ਬਾਪ । ਸਾਚਾ ਦਰਸ ਦਾਨ ਗੁਰਸਿਖ ਸਾਚੇ ਮੰਗਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮਾਰੇ ਤੀਨੋ ਤਾਪ । ਕਰੇ ਖੇਲ ਅਪਰ ਅਪਾਰਾ । ਗੁਰਸਿਖ ਘਰ ਜੈ ਜੈ ਜੈਕਾਰਾ । ਬੇਮੁਖਾਂ ਘਰ ਹਾਹਾਕਾਰਾ । ਸ੍ਰਿਸ਼ਟ ਸਬਾਈ ਆਰਾ ਪਾਰਾ । ਆਪ ਉਤਾਰੇ ਸਿਰੋਂ ਭਾਰਾ । ਸਤਿਜੁਗ ਜੀਵ ਉਪਾਏ ਸਭ ਪੁਰਖ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਆਪਣਾ ਵਿਹਾਰਾ । ਭਾਣੇ ਅੰਦਰ ਖੇਲ ਵਰਤਾ ਕੇ । ਸਾਧ ਸੰਗਤ ਮੇਲ ਮਿਲਾ ਕੇ । ਆਪ ਆਪਣੇ ਮਾਰਗ ਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬੈਠੇ ਜੋਤ ਜਗਾ ਕੇ । ਆਪ ਗਿੜਾਏ ਉਲਟੀ ਲੱਠ । ਗੁਰ ਸੰਗਤ ਦਰ ਆਏ ਨੱਠ । ਸਾਧ ਸੰਗਤ ਹੋਏ ਬੁੱਗੀਂ ਇਕੱਠ । ਬੇਮੁਖ ਵਾੜੇ ਅਗਨ ਭੱਠ । ਨਾ ਕੋਈ ਹੋਏ ਸਹਾਈ ਤੀਰਥ ਅਠਸਠ । ਗੰਗਾ ਗੋਦਾਵਰੀ ਜੋਤ ਖਿਚਾਏ, ਆਪ ਛੁਡਾਏ ਸਾਰੇ ਹੱਠ । ਕਰੋੜ ਤੇਤੀਸ ਚਰਨ ਬਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਗੱਠ । ਸੋਹੰ ਦੇਵੇ ਆਤਮ ਬੰਨ੍ਹ । ਗੁਰਮੁਖ ਸਾਚਾ ਰਸਨਾ ਗਾਏ ਕਹੇ ਧੰਨ ਧੰਨ । ਪ੍ਰਭ ਅਬਿਨਾਸ਼ੀ ਆਪ ਉਠਾਏ, ਗੁਰਸਿਖਾਂ ਬੇੜਾ ਆਪਣੇ ਕੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਜਾਣੇ ਜਨ । ਆਪਣਾ ਬੇੜਾ ਆਪ ਬੰਨ੍ਹਾਏ । ਦੂਰੋਂ ਨੇੜਿਓਂ ਸੰਗ ਰਲਾਏ । ਬੁੱਗੇ ਖੇੜਾ ਨਾਉਂ ਲਿਖਾਏ । ਅੰਤਮ ਝੇੜਾ ਆਪ ਚੁਕਾਏ । ਖੁਲ੍ਹਾ ਵਿਹੜਾ ਮਾਝਾ ਦੇਸ ਹੋ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਗੇੜਾ ਆਪ ਗਿੜਾਏ । ਜੋਤ ਜਗਾਏ ਵਿਚ ਹਰਿ ਬੁੱਗੀਂ । ਭਾਗ ਲਗਾਏ ਗੁਰਸਿਖ ਪ੍ਰੇਮ ਸਿੰਘ ਤੇਰੀ ਝੁੱਗੀ । ਧਾਮ ਬਣਾਏ ਸਤਿਜੁਗ ਉਘੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਹ ਗੱਲ ਨਾ ਰਹਿਣੀ ਗੁਝੀ । ਸਤਿਜੁਗ ਬਣੇ ਧਾਮ ਨਿਆਰਾ । ਚਾਰ ਵਰਨ ਆਏ ਦਵਾਰਾ । ਏਕਾ ਖੁਲ੍ਹੇ ਸਚ ਭੰਡਾਰਾ । ਏਕਾ ਤੋਲ ਤੁਲੇ ਸਰਬ ਸੰਸਾਰਾ । ਏਕਾ ਦੇਵੇ ਨਾਮ ਵਡ ਅਨਮੁਲੇ, ਸੋਹੰ ਸ਼ਬਦ ਅਪਰ ਅਪਾਰਾ । ਪ੍ਰਭ ਅਬਿਨਾਸ਼ੀ ਦਰ ਦਵਾਰ, ਗੁਰਸਿਖਾਂ ਦੇਵੇ ਨਾਮ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸੁਹਾਏ ਸਚ ਦਰਬਾਰਾ । ਸਤਿਜੁਗ ਸਾਚੇ ਮਾਣ ਦਵਾਏ । ਜਾਣੀ ਜਾਣ ਆਪ ਲਿਖਵਾਏ । ਖਾਣੀ ਬਾਣੀ ਕੋਈ ਭੇਵ ਨਾ ਪਾਏ । ਮਹਾਂ ਗਿਆਨੀ ਕਿਸੇ ਦਿਸ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਰਿਹਾ ਵਰਤਾਏ । ਸਤਿਜੁਗ ਸਾਚੇ ਸਾਚਾ ਦਰ । ਬੁੱਗੀਂ ਖੋਲ੍ਹੇ ਆਪੇ ਹਰਿ । ਗੁਰਸਿਖਾਂ ਭੰਡਾਰੇ ਦਏ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ । ਸਤਿਜੁਗ ਸਾਚੇ ਸਚ ਵਿਹਾਰੀ । ਸ੍ਰਿਸ਼ਟ ਸਬਾਈ ਏਕਾ ਕਾਰੀ । ਆਪ ਕਰਾਏ ਚਰਨ ਪਨਿਹਾਰੀ । ਏਕਾ ਜੋਤ ਜਗਾਏ ਏਕਾ ਵਾਰੀ । ਸਤਿਜੁਗ ਸਾਚੇ ਸੰਤ ਜਨ ਮਾਰਨ ਸ਼ਬਦ ਉਡਾਰੀ । ਮੁਖੋਂ ਕਹਿਣ ਧੰਨ ਧੰਨ, ਆਇਣ

ਨਿਹਕਲੰਕ ਚਰਨ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਸਾਚਾ ਨਾਮ ਸੱਚੀ ਸਰਦਾਰੀ । ਸਾਚਾ ਨਾਮ ਸਚ ਸਰਕਾਰਾ । ਸਾਚਾ ਕਰਮ ਸਚ ਵਿਹਾਰਾ । ਸਾਚਾ ਨਾਮ ਜੋਤ ਅਧਾਰਾ । ਸਾਚਾ ਨਾਮ ਸ਼ਬਦ ਵਪਾਰਾ । ਸਤਿਜੁਗ ਨਾ ਦੀਸੇ ਮਦਿਰਾ ਮਾਸੀ ਕੋਈ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਵਰਤੇ ਗੁਰਸਿਖਾਂ ਖੋਲ੍ਹੇ ਕੁੰਡ ਫੁਹਾਰਾ । ਅੰਮ੍ਰਿਤ ਕੁੰਡ ਆਪ ਖੁਲ੍ਹਾਏ । ਪਤਤ ਪਾਵਨ ਦਇਆ ਕਮਾਏ । ਆਤਮ ਭੇਵ ਜੀਵ ਖੁਲ੍ਹਾਏ । ਅੰਮ੍ਰਿਤ ਬੂੰਦ ਕਵਲ ਮੁਖ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਵਣ ਮੇਘ ਬਰਸਾਏ । ਵਰਸੇ ਮੇਘ ਸਾਚੀ ਧਾਰਾ । ਸਤਿਜੁਗ ਵਰਤੇ ਵਿਚ ਸੰਸਾਰਾ । ਸਾਧਾਂ ਸੰਤਾਂ ਰੰਗ ਅਪਾਰਾ । ਆਦਿਨ ਅੰਤਾ ਵਿਚ ਸੰਸਾਰਾ । ਜੀਆਂ ਜੰਤਾਂ ਇਕ ਅਧਾਰਾ । ਊਚ ਨੀਚ ਨਾ ਕੋਈ ਦੀਸੇ, ਪ੍ਰਭ ਸਾਚਾ ਭਰਮ ਨਿਵਾਰਾ । ਏਕਾ ਛਤਰ ਝੁੱਲੇ ਨਿਹਕਲੰਕ ਤੇਰੇ ਸੀਸੇ, ਚਾਰ ਵਰਨ ਖੜੇ ਰਹਿਣ ਦਵਾਰਾ । ਚਾਰ ਵਰਨ ਖੜੇ ਦਵਾਰੇ । ਸਾਚਾ ਮੰਗਣ ਨਾਮ ਅਪਾਰੇ । ਆਪਣੇ ਅੰਗਣ ਰੱਖ ਕਰਤਾਰੇ । ਨਾ ਦਰ ਤੇ ਸੰਗਣ, ਦੋਏ ਜੋੜ ਕਰ ਨਿਮਸਕਾਰੇ । ਪ੍ਰਭ ਸਾਚੇ ਦੀ ਸਾਚੀ ਲੋੜ, ਆਦਿ ਅੰਤ ਸਦ ਪਾਵੇ ਸਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਗੁਰਮੁਖ ਬਣਾਏ ਸਚ ਸਚ ਦੁਲਾਰੇ । ਸਤਿਜੁਗ ਤੇਰੀ ਸਾਚੀ ਗਾਥਾ । ਸੋਹੰ ਚਲੇ ਸਾਚਾ ਰਾਥਾ । ਬੇਮੁਖਾਂ ਨਾ ਆਵੇ ਹਾਥਾ । ਗੁਰਸਿਖ ਚੜ੍ਹਾਏ ਤ੍ਰੈਲੋਕੀ ਨਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸਗਲਾ ਸਾਥਾ । ਸਚ ਤਤ, ਇਕ ਮਤਿ ਇਕ ਵੱਤ, ਏਕਾ ਵਸਤ ਪ੍ਰਭ ਦੇਵੇ ਘੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਲਿਖਾਵੇ ਸਤਿਜੁਗ ਰਖਾਏ ਏਕਾ ਸਤਿ । ਆਪ ਸਮਝਾਏ ਦੇ ਕੇ ਮਤਿ । ਸੋਹੰ ਬੀਜ ਬਿਜਾਏ ਆਤਮ ਸਾਚੇ ਵੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਜਣਾਏ ਆਪਣਾ ਤਤ । ਆਪ ਜਣਾ ਕੇ, ਸ੍ਰਿਸ਼ਟ ਸਬਾਈ ਸਚ ਮਾਰਗ ਲਾ ਕੇ । ਸੋਹੰ ਸਾਚਾ ਜਾਪ ਜਪਾ ਕੇ । ਚਾਰ ਕੁੰਟ ਜੈ ਜੈ ਜੈਕਾਰ ਕਰਾ ਕੇ । ਵਰਨ ਬਰਨ ਸਰਬ ਮਿਟਾ ਕੇ । ਊਚ ਨੀਚ ਇਕ ਕਰਾ ਕੇ । ਰਾਜਾ ਰਾਣਾ ਤਖ਼ਤੋਂ ਲਾਹ ਕੇ । ਆਪਣਾ ਭਾਣਾ ਆਪ ਵਰਤਾ ਕੇ । ਸਤਿਜੁਗ ਸਾਚਾ ਨਾਮ ਨਿਧਾਨਾ ਆਪੇ ਜਾਏ ਜਪਾ ਕੇ । ਹੋਏ ਮੇਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਉਧਰੇ ਪਾਰ ਰਸਨਾ ਗਾ ਕੇ । ਸਾਚਾ ਮਾਣ ਗੁਰਮੁਖ ਦਵਾਇਆ । ਸਾਧ ਸੰਗਤ ਆਖ ਸੁਣਾਇਆ । ਨਾ ਹੋਏ ਮੰਗਤ, ਦੂਜੇ ਦਰ ਨਾ ਸੀਸ ਝੁਕਾਇਆ । ਨਾ ਹੋਏ ਨੰਗਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਇਆ । ਰਸਨਾ ਗਾਵਣਾ ਸੁਖ ਉਪਜਾਵਣਾ । ਦੁਖ ਮਿਟਾਵਣਾ ਰਿਦੇ ਵਸਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਵਿਚੋਂ ਪਾਵਣਾ । ਆਪ ਆਪਣੇ ਵਿਚੋਂ ਪਾਓ । ਸੋਹੰ ਸਾਚਾ ਨਾਮ ਗਾਓ । ਆਪ ਬਹਾਏ ਸਾਚੇ ਥਾਉਂ । ਜਿਥੇ ਵਸੇ ਬੇਪਰਵਾਹੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਲਖ ਲਖਾਓ । ਬੁੱਗੇ ਪਿੰਡ ਮਾਣ ਦਵਾ ਕੇ । ਆਪਣਾ ਚਰਨ ਜਾਏ ਉਠਾ ਕੇ । ਰਾਮ ਸਰ ਚਰਨ ਛੁਹਾ ਕੇ । ਗੁਰਮੁਖ ਗਰੀਬ ਨਿਮਾਣਾ ਗਲੇ ਲਗਾ ਕੇ । ਆਪੇ ਬਣੇ ਵੰਝ ਮੁਹਾਣਾ, ਬੇੜਾ ਕਰੇ ਪਾਰ ਤਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਸੰਗ ਰਲਾ ਕੇ । ਪਾਰ ਬਿਆਸੋਂ ਚਰਨ ਟਿਕਾਏ । ਦੁਆਬੇ ਮਾਲਵੇ ਹੋਏ ਰੁਸ਼ਨਾਏ । ਮਾਝੇ ਕੋਈ ਸਾਰ ਨਾ ਪਾਏ । ਵਿਚ ਮਾਲਵੇ ਚਾਰੇ ਰਾਣੇ ਲਏ ਉਠਾਏ । ਜੋਤ ਸਰੂਪੀ ਦਰਸ ਦਿਖਾਏ । ਅੰਨ੍ਹੇ ਕਾਣੇ ਸੰਗ ਰਲਾਏ । ਭੱਜੇ ਆਵਣ ਵਾਹੋ ਦਾਏ । ਦਿਸ ਨਾ ਆਏ ਪ੍ਰਭ ਭਗਵੰਤ, ਸ਼ਬਦ ਸਰੂਪੀ ਆਪ

ਜਗਾਏ । ਬਹੁ ਰੰਗ ਰੂਪੀ ਨਜ਼ਰ ਨਾ ਆਏ । ਵਡ ਵਡ ਭੂਪੀ ਆਪ ਤੜਫਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਿਸ ਨਾ ਆਏ । ਚਾਰੇ ਰਾਣੇ ਹੋਇਣ ਭਿਖਾਰ । ਸਾਚਾ ਮੰਗਣ ਇਕ ਦਵਾਰ । ਸੋਹੰ ਦੇਵੇ ਹਰਿ ਨਾਮ ਅਧਾਰ । ਚਾੜ੍ਹੇ ਸਾਚੀ ਰੰਗਣ, ਝੂਠਾ ਦਿਸੇ ਸਰਬ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਕਰੇ ਆਪ ਅਕਾਰ । ਜੋਤ ਸਰੂਪੀ ਕਰੇ ਅਕਾਰੀ । ਰਾਣਿਆਂ ਮਹਾਂਰਾਣਿਆਂ ਘਰ ਕਰੇ ਖੁਆਰੀ । ਅੰਤਮ ਬਾਜੀ ਆਪਣੀ ਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਬੂਝ ਬੁਝਾਏ ਦਸਮ ਦਵਾਰੀ । ਸੁਰਤ ਸ਼ਬਦ ਆਪ ਜਗਾ ਕੇ । ਭਰਮ ਭੁਲੇਖੇ ਵਿਚ ਰੁਲਾ ਕੇ । ਆਪੇ ਬੈਠਾ ਆਪਣਾ ਆਪ ਛੁਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਪਾਰ ਚਰਨ ਬਿਆਸੋਂ ਪਾਰ ਟਿਕਾ ਕੇ । ਅਚਰਜ ਖੇਲ ਆਪ ਵਰਤਾਏ । ਵਿਚ ਦੁਆਬੇ ਪਏ ਦੁਹਾਏ । ਗੁਰਸਿਖ ਵੇਖਣ ਸਾਚਾ ਮਾਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਸੰਗ ਰਲਾਏ ਪਕੜ ਬਾਂਹੋਂ । ਬਾਹੋਂ ਪਕੜ ਸੰਗ ਰਲਾਇਆ । ਸ਼ਬਦ ਜਕੜ ਬੰਨ੍ਹ ਚਲਾਇਆ । ਆਤਮ ਅਕੜ ਸਰਬ ਮਿਟਾਇਆ । ਸ਼ਬਦ ਤਕੜ ਆਪ ਤੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਲਵੇ ਚਰਨ ਟਿਕਾਇਆ । ਵਿਚ ਮਾਲਵੇ ਚਰਨ ਟਿਕਾਏ । ਜੋਤ ਸਰੂਪੀ ਖੇਲ ਰਚਾਏ । ਏਕਾ ਜੋਤ ਕਰੇ ਰੁਸ਼ਨਾਏ । ਗੁਰਮੁਖ ਸਾਚੇ ਸੰਤ ਪ੍ਰਭ ਪਕੜ ਉਠਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਰਤ ਸ਼ਬਦ ਮੇਲ ਮਿਲਾਏ । ਸੁਰਤ ਸ਼ਬਦ ਮੇਲ ਮਿਲਾ ਕੇ । ਸੁਰਤ ਸ਼ਬਦ ਖੇਲ ਵਖਾ ਕੇ । ਸੁਰਤ ਸ਼ਬਦ ਰੰਗ ਨਵੇਲ ਆਪ ਚੜ੍ਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਚਰਨ ਟਿਕਾਏ, ਮਸਤੂਆਣੇ ਸਾਚਾ ਸਮਾ ਸੁਹਾ ਕੇ । ਮਸਤੂਆਣੇ ਚਰਨ ਛੁਹਾਇਆ । ਆਪਣਾ ਬਾਣਾ ਆਪ ਉਲਟਾਇਆ । ਭਰਮ ਭੁਲੇਖਾ ਸਰਬ ਢਾਹਿਆ । ਦੂਈ ਦਵੈਤ ਪੜਦਾ ਲਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਸਿੰਘਾਸਣ ਡੇਰਾ ਲਾਇਆ । ਸਿੰਘਾਸਣ ਡੇਰਾ ਆਪ ਲਗਾ ਕੇ । ਜੋਤ ਸਰੂਪੀ ਤੇਜ ਵਧਾ ਕੇ । ਪੰਜ ਪੰਜ ਗਜ਼ ਲਕੀਰ ਲਗਾ ਕੇ । ਅਗਨ ਜੋਤ ਰੱਖੇ ਧਾਮ ਤਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘਾਸਣ ਬੈਠੇ ਜੋਤ ਸਰੂਪੀ ਅਡੋਲ ਅਤੋਲ, ਸ੍ਰਿਸ਼ਟ ਸਬਾਈ ਜਾਏ ਆਪ ਤੁਲਾ ਕੇ । ਸਿੰਘਾਸਣ ਡੇਰਾ ਲਾਏ । ਸਾਚੀ ਜੋਤ ਡਗਮਗਾਏ । ਚਾਰ ਚੌਫੇਰ ਹੋਏ ਰੁਸ਼ਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਜੇ ਰਾਣੇ ਘੇਰ ਆਪਣੀ ਸਰਨ ਲਗਾਏ । ਆਪੇ ਹੋਏ ਦੀਨ ਕ੍ਰਿਪਾਲਾ । ਆਪਣੇ ਰੰਗ ਸਦ ਸਮਾਲਾ । ਸੋ ਵੇਖੇ ਜਿਸ ਹਰਿ ਵਖਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਣੇ ਸੰਗਰੂਰ ਆਤਮ ਤੋੜੇ ਸਰਬ ਜੰਜਾਲਾ । ਪਹਿਲੀ ਜੋਤ ਜਗੇ ਸੰਗਰੂਰੇ । ਜੋਤ ਸਰੂਪੀ ਏਕਾ ਨੂਰੇ । ਪਕੜ ਉਠਾਏ ਰਾਣਾ ਸੰਗਰੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰੇ । ਰਾਣਾ ਸੰਗਰੂਰ ਹਰਿ ਆਪ ਉਠਾਏ । ਭੈ ਭਿਆਨਕ ਦਰਸ ਦਿਖਾਏ । ਅਚਨ ਅਚਾਨਕ ਇਹ ਵਕ਼ਤ ਲਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਏ । ਰਾਣੇ ਸੰਗਰੂਰ ਹੋਏ ਜਣਾਈ । ਸਾਚੀ ਧੁਨ ਆਪ ਉਪਜਾਈ । ਮੁਨ ਸੁਨ ਹਰਿ ਆਪ ਖੁਲ੍ਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਈ । ਜੋਤ ਸਰੂਪੀ ਦਰਸ਼ਨ ਪਾਵੇ । ਭੰਨਾ ਆਵੇ ਵਾਹੋ ਦਾਹੇ । ਆਤਮ ਅੰਨ੍ਹਾ ਵਕਤ ਗਵਾਏ । ਸਤਿਗੁਰ ਮਨੀ ਸਿੰਘ ਵਡ ਧੰਨ ਧੰਨਾ, ਤੀਨ ਤੀਨ ਲੇਖ ਜਿਸ ਘਰ ਪੁਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰੀ ਵਿਚ ਜਾਮਾ

੩੪੯
੦੨

ਪਾਏ । ਰਾਜੇ ਰਾਣੇ ਹੋਏ ਮਗਰੂਰ । ਆਏ ਨਾ ਚਲ ਸਚ ਹਜ਼ੂਰ । ਅੰਤਮ ਕਲ ਟੁੱਟਾ ਸਰਬ ਗਰੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਰਨ ਲਗਾਏ ਘੂਰ । ਜੋਤ ਸਰੂਪੀ ਦਰਸ ਦਿਖਾਏ । ਭੁੱਲੇ ਰੁਲੇ ਡੁੱਲੇ ਤਰਸ ਕਮਾਏ । ਕਲਜੁਗ ਰੁਲੇ ਵਡ ਅਨਮੁੱਲੇ, ਅੰਮ੍ਰਿਤ ਮੁਖ ਫੇਰ ਚੁਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਰਾਹ ਬਤਾਏ । ਰਾਣਾ ਆਏ ਚਲ ਹਜ਼ੂਰ । ਪ੍ਰਭ ਅਬਿਨਾਸ਼ੀ ਜੋਤ ਜਗਾਏ ਜਿਉਂ ਕੋਹਤੂਰ । ਆਪੇ ਬੈਠਾ ਡਗਮਗਾਏ ਵਡ ਦਾਤਾ ਸੂਰਬੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਵਿਨ੍ਹ ਵਖਾਏ ਸੋਹੰ ਸ਼ਬਦ ਚਲਾਏ ਤੀਰ । ਆਏ ਦਰ ਬਣ ਭਿਖਾਰੀ । ਹੋਏ ਨਿਮਾਣਾ ਕਰੇ ਚਰਨ ਨਿਮਸਕਾਰੀ । ਪ੍ਰਭ ਅਬਿਨਾਸ਼ੀ ਬਖ਼ਸ਼ਣਯੋਗ, ਗੁਣ ਅਵਗੁਣ ਨਾ ਕਰੇ ਵਿਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਜੋਤ ਅਧਾਰੀ । ਰਾਣਾ ਸੰਗਰੂਰ ਸਰਨ ਲਗ ਜਾਏ । ਸਵਾ ਲੱਖ ਅਰਦਾਸ ਕਰਾਏ । ਸਚ ਘਰ ਹਰਿ ਵਾਸ ਰਖਾਏ । ਮਦਿਰ ਮਾਸ ਦੇ ਤਜਾਏ । ਏਕਾ ਸਰਨ ਨਿਹਕਲੰਕ ਰਖਾਏ । ਮਸਤੂਆਣਾ ਧਾਮ ਸੁਹਾਏ । ਆਪ ਆਪਣਾ ਚਰਨ ਛੁਹਾਏ । ਰਾਜਾ ਰਾਣਾ ਸਰਨ ਲਗਾਏ । ਊਚ ਨੀਚ ਇਕ ਥਾਂ ਬਹਾਏ । ਸੂਚੋ ਸੂਚ ਆਪ ਭਗਵਾਨ, ਏਕਾ ਬ੍ਰਹਮ ਜਗਤ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਆਪਣੀ ਆਨਾ । ਮਸਤੂਆਣਾ ਵਰਤਣ ਭਾਣੇ । ਵੇਖਣ ਸਾਰੇ ਰਾਜੇ ਰਾਣੇ । ਭੁੱਲੇ ਹੋਏ ਜੀਵ ਨਿਧਾਨੇ । ਵੇਲਾ ਗਿਆ ਸਰਬ ਪਛਤਾਨੇ । ਸੰਤ ਮਨੀ ਸਿੰਘ ਤੇਰੀ ਲਿਖਤ ਮਹਾਨੇ । ਨਿਹਕਲੰਕ ਆਪ ਲਿਖਾਈ ਜੋ ਵਰਤਾਏ ਭਾਣੇ । ਆਪ ਕਰਾਏ ਸ਼ਬਦ ਲਿਖਾਏ, ਫਰੰਗੀ ਜਾਇਣ ਸਿਰਾਂ ਉਪਰ ਬੱਧੇ ਕਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਵਰਤਾਏ ਆਪ ਚਲਾਏ ਆਪਣੇ ਭਾਣੇ । ਮਾਤਲੋਕ ਲਿਆ ਅਵਤਾਰ । ਜੋਤ ਸਰੂਪੀ ਜਾਮਾ ਧਾਰ । ਸਚ ਦਰਬਾਰੀ ਲਾਏ ਸਚ ਦਰਬਾਰ । ਸਾਧ ਸੰਗਤ ਸੁਣ ਪੁਕਾਰ । ਦੁਖੀਏ ਆਇਣ ਛੱਡ ਘਰ ਬਾਹਰ । ਏਕਾ ਰੱਖਣ ਟੇਕ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਦਰਦ ਦੇ ਨਿਵਾਰ । ਦੁਖ ਨਿਵਾਰੇ ਕਿਰਪਾ ਕਰ । ਜਨਮ ਸਵਾਰੇ ਕਿਰਪਾ ਕਰ । ਕੋਟ ਜਨਮ ਪਾਪ ਉਤਾਰੇ ਕਿਰਪਾ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਚਰਨ ਦਵਾਰ । ਚਰਨ ਦਵਾਰ ਜੋ ਜਨ ਆਇਆ । ਕਾਇਆ ਕੋਹੜ ਸਰਬ ਮਿਟਾਇਆ । ਸਨਮੁਖ ਹੋਏ ਮਨ ਲੋੜ ਫਲ ਪਾਇਆ । ਦੋਏ ਜੋੜ ਜਨ ਹਰਿ ਸਰਨਾਈ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੰਦੀ ਤੋੜ ਆਪ ਅਖਵਾਇਆ । ਕਾਇਆ ਬੰਧਨ ਆਪ ਕਟਾਏ । ਸੋਹੰ ਚੰਦਨ ਤਿਲਕ ਲਗਾਏ । ਪਰਮਾਨੰਦ ਸੁਖ ਉਪਜਾਏ । ਨਿਜਾਨੰਦ ਪ੍ਰਭ ਆਪ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪੂਰਨ ਆਸ ਆਪ ਕਰਾਏ । ਗੁਰਸਿਖਾਂ ਹੋਈ ਪੂਰਨ ਆਸਾ । ਏਕਾ ਮਿਲਿਆ ਚਰਨ ਭਰਵਾਸਾ । ਕਰ ਦਰਸ ਦੁਖੜਾ ਨਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਕਰਾਏ ਰਾਸਾ । ਮਾਨਸ ਜਨਮ ਹੋਇਆ ਰਾਸ, ਪੂਰ ਕਰਾਈ ਗੁਰਸਿਖ ਆਸ । ਆਪ ਧਰਾਏ ਸਚ ਧਰਵਾਸ । ਦੁਖ ਰੋਗ ਸਭ ਹੋਏ ਵਿਨਾਸ । ਝਿਰਨਾ ਝਿਰੇ ਅੰਮ੍ਰਿਤ ਨਭ, ਖੁਲ੍ਹੇ ਕਵਲ ਹੋਏ ਪਰਕਾਸ਼ । ਪਰਗਟ ਜੋਤ ਦਰਸ ਦਿਖਾਏ ਝੱਬ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਵੰਤ ਗੁਣਾਂ ਗੁਣਤਾਸ । ਗੁਣਵੰਤ ਗੁਣ ਨਿਧਾਨਾ । ਪਾਰਬ੍ਰਹਮ ਪੂਰਨ ਭਗਵਾਨਾ । ਰੂਪ ਅਨੂਪ ਜੋਤ ਮਹਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਗੁਰਸਿਖਾਂ ਬੰਨ੍ਹੇ ਸੋਹੰ ਗਾਨਾ । ਸੋਹੰ ਗਾਨਾ ਬੰਨ੍ਹੇ ਹੱਥ । ਸਗਲ ਵਸੂਰੇ ਜਾਇਣ ਲੱਥ ।


੩੪੭
੦੨

ਆਤਮ ਭਰਪੂਰ ਪ੍ਰਭ ਦੇਵੇ ਸਾਚੀ ਵੱਥ । ਜੋ ਜਨ ਆਏ ਚਲ ਦਰ ਦਵਾਰੇ ,ਪ੍ਰਭ ਰੱਖੇ ਸਿਰ ਦੇ ਕਰ ਹੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ । ਪਾਂਧੀ ਆਏ ਚਲ ਰਾਹੀ । ਪਹਿਲੀ ਮਾਘ ਗੁਰ ਚਰਨ ਮਨਾਈ । ਆਤਮ ਦਾਗ ਹਰਿ ਦੇ ਮਿਟਾਈ । ਤ੍ਰਿਸਨਾ ਆਗ ਦੇ ਬੁਝਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਈ । ਸਤਿਗੁਰ ਵੇਖੇ ਵੇਖ ਵਿਚਾਰੇ । ਦੁਖੀਆਂ ਆਤਮ ਦੁਖੜੇ ਭਾਰੇ । ਕੋਈ ਰੋਏ ਕੋਈ ਬਿਲਲਾਏ ਕੋਈ ਕਰੇ ਹਾਹਾਕਾਰੇ । ਵਿਚ ਮਾਤ ਨਾ ਮਿਲੇ ਢੋਈ, ਦੁੱਧ ਪੁੱਤ ਦੇ ਖਾਲੀ ਰਹੇ ਭੰਡਾਰੇ । ਬਿਨ ਹਰਿ ਪੁੱਛੇ ਨਾ ਕੋਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਾਏ ਕਾਇਆ ਮਹਿਲ ਮੁਨਾਰੇ । ਵਸੇ ਵਿਚ ਆਪ ਕਰਤਾਰਾ । ਦੱਸੇ ਰਾਹ ਜਗਤ ਨਿਆਰਾ । ਖਾਲੀ ਭਰੇ ਆਪ ਭੰਡਾਰਾ । ਏਕਾ ਖੁਲ੍ਹਾ ਸਚ ਦਵਾਰਾ । ਜੋ ਜਨ ਆਏ ਭੁੱਲਾ, ਪ੍ਰਭ ਪਾਵੇ ਸਾਰਾ । ਸੋਹੰ ਸ਼ਬਦ ਵਡ ਅਨਮੁਲਾ, ਪ੍ਰਭ ਦੇਵੇ ਦੇਵਣਹਾਰਾ । ਸਚ ਭੰਡਾਰਾ ਵਿਚ ਮਾਤ ਦੇ ਖੁਲ੍ਹਾ, ਨਿਹਕਲੰਕ ਬਣੇ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਪਾਵੇ ਸਾਰਾ । ਗੁਰ ਸੰਗਤ ਗੁਰ ਕਰਮ ਵਿਚਾਰਿਆ । ਜਨਮ ਮਰਨ ਭਰਮ ਨਿਵਾਰਿਆ । ਦੁਖ ਨਾ ਪੋਹੇ ਅੰਤਮ ਵਾਰਿਆ । ਸਚ ਸੁਖ ਹਰਿ ਸਚ ਦਰਬਾਰਿਆ । ਹੋਏ ਸਹਾਈ ਆਪ ਗਿਰਧਾਰਿਆ । ਦੇਵੇ ਦਰਸ ਵਡ ਨਿਰੰਕਾਰਿਆ । ਕਰ ਦਰਸ ਗੁਰਸਿਖ ਚਰਨ ਬਲਹਾਰਿਆ । ਦੋਏ ਕਲ ਜੋੜ ਕਰ ਚਰਨ ਨਿਮਸਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰਿਆ । ਕਿਰਪਾ ਕਰੇ ਆਪ ਗਿਰਧਾਰਾ । ਗੁਰ ਸੰਗਤ ਕਰੇ ਆਪ ਪਸਾਰਾ । ਦਰ ਆਏ ਮੰਗਤ ਪ੍ਰਭ ਦੇਵੇ ਸ਼ਬਦ ਭੰਡਾਰਾ । ਜੋ ਜਨ ਭੁੱਖੇ ਨੰਗਤ, ਸਿਰ ਰੱਖੇ ਹੱਥ ਆਪ ਕਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਰੰਗ ਚੜ੍ਹਾਏ ਅਪਾਰਾ । ਆਤਮ ਰੰਗ ਦੇਵੇ ਚਾੜ੍ਹ । ਦੁਖ ਰੋਗ ਪ੍ਰਭ ਦੇਵੇ ਸਾੜ । ਜੋਤ ਸਰੂਪੀ ਏਕਾ ਅਗਨ ਲਗਾਏ ਬਹੱਤਰ ਨਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਤਾਰੇ ਕੋਟ ਪਾਪ ਪਹਾੜ । ਕਰ ਦਰਸ ਰੋਗ ਗਿਆ, ਸੋਗ ਗਿਆ, ਦਰਸ ਅਮੋਘ ਭਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਸਾਚਾ ਸ਼ਬਦ ਜੋਗ ਦੀਆ । ਸਾਚਾ ਸ਼ਬਦ ਸਾਚਾ ਜੋਗ । ਸੋਹੰ ਕੱਟੇ ਹਉਮੇ ਰੋਗ । ਮਿਲੇ ਗੁਰ ਦਰ ਸਾਚਾ ਹੱਟੇ, ਮੈਲ ਪਾਪਾਂ ਧੋਵੇ ਧੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਅਵਤਾਰ ਨਰ ਜੋਤ ਧਰ, ਰਸਨ ਚੁਗਾਏ ਸੋਹੰ ਚੋਗ । ਸੋਹੰ ਚੋਗ ਮਾਣਕ ਮੋਤੀ । ਗੁਰਮੁਖ ਜਗਾਏ ਏਕਾ ਜੋਤੀ । ਸ੍ਰਿਸ਼ਟ ਸਬਾਈ ਰਹੀ ਸੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੀ ਦੁਰਮਤ ਧੋਤੀ । ਦੁਰਮਤ ਮੈਲ ਦੁਰਜਨਾਂ । ਉਤਰੇ ਮੈਲ ਮਿਲ ਹਰਿਜਨਾਂ । ਰਹੀ ਫੈਲ ਕਲਜੁਗ ਜੀਆਂ ਤਨ ਜਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਲੋੜੇ ਸਰਬ ਭਲਾ । ਸਰਬ ਜੀਆਂ ਹਰਿ ਦੇਵੇ ਸੁਖ । ਰਸਨਾ ਗਾਇਣ ਉਜਲ ਮੁਖ । ਆਪ ਮਿਟਾਇਣ ਸਰਬ ਭੁੱਖ । ਭਾਗ ਲਗਾਇਣ ਮਾਤਾ ਕੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ਼ਨ ਪਾਓ ਉਪਜਾਓ ਸਾਚਾ ਸੁਖ । ਸਾਚਾ ਸੁਖ ਸਚ ਘਰ ਪਾਵਣਾ । ਸੰਸਾ ਰੋਗ ਦੁਖ ਮਿਟਾਵਣਾ । ਸੋਗ ਵਿਜੋਗ ਸਰਬ ਤਜਾਵਣਾ । ਏਕਾ ਜੋਗ ਹਰਿ ਸ਼ਬਦ ਕਮਾਵਣਾ । ਰਸਨਾ ਸਚਾ ਭੋਗ ਪ੍ਰਭ ਅਬਿਨਾਸ਼ੀ ਗਾਵਣਾ । ਆਪੇ ਕੱਟੇ ਕਾਇਆ ਰੋਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਕੜੇ ਗੁਰਸਿਖ ਦਾਮਨਾ । ਰਸਨਾ ਗੁਣ ਹਰਿ ਗੁਣ ਗਾਏ । ਅਵਗੁਣ ਆਪਣੇ ਲਏ ਬਖ਼ਸ਼ਾਏ । ਨਿਰਗੁਣ ਸਰਗੁਣ ਰੂਪ ਪ੍ਰਭ ਸਦ ਰਹਾਏ ।

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਥਾਈਂ ਹੋਏ ਸਹਾਏ । ਸਰਬ ਥਾਈਂ ਹੋਏ ਸਹਾਇਕ । ਪ੍ਰਭ ਅਬਿਨਾਸ਼ੀ ਸਾਚਾ ਨਾਇਕ । ਸਰਬ ਘਟ ਵਾਸੀ ਸਰਬ ਸੁਖਦਾਇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਏ ਵਡ ਗਾਇਕ । ਗੁਰ ਸੰਗਤ ਸਾਚੀ ਤਾਰੇ । ਸੰਗਤ ਗੁਰ ਵਸੇ ਇਕ ਦਰਬਾਰੇ । ਗੁਰ ਸੰਗਤ ਦੁਖ ਨਿਵਾਰੇ । ਗੁਰ ਸੰਗਤ ਏਕਾ ਜੋਤ ਕਰੇ ਅਕਾਰੇ । ਗੁਰ ਸੰਗਤ ਦੇਵੇ ਦਰਸ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਗਤ ਗੁਰ ਏਕਾ ਸ਼ਬਦ ਹੁਲਾਰੇ । ਸੰਗਤ ਗੁਰ ਸ਼ਬਦੀ ਜੋੜ । ਆਪੇ ਰਿਹਾ ਟੁੱਟੀ ਜੋੜ । ਗੁਰਮੁਖ ਸਾਚਾ ਸਤਿਜੁਗ ਸਾਚਾ ਬਿਰਖ ਲਗਾਇਆ ਬੋਹੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਕਾਇਆ ਕੋਹੜ । ਕਾਇਆ ਕਪਟ ਤਨ ਦੁਖ । ਇਕ ਘੜੀ ਨਾ ਉਪਜੇ ਸੁਖ । ਆਪ ਬੰਧਾਏ ਦੁੱਖਾਂ ਦੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਉਜਲ ਹੋਏ ਮੁਖ । ਉਜਲ ਮੁਖ ਆਪ ਕਰਾਇਆ । ਸਾਚਾ ਸੁਖ ਆਪ ਉਪਜਾਇਆ । ਤਨ ਮਨ ਦੁਖ ਆਪ ਕਟਾਇਆ । ਸਾਚਾ ਧਨ ਸ਼ਬਦ ਝੋਲੀ ਪਾਇਆ । ਗੁਰ ਸੰਗਤ ਸੁਣ ਕੰਨ ਪ੍ਰਭ ਰਿਹਾ ਸ਼ਬਦ ਲਿਖਾਇਆ । ਆਪੇ ਬੇੜਾ ਦੇਵੇ ਬੰਨ੍ਹ, ਬੰਨ੍ਹਣਹਾਰ ਇਕ ਰਘੁਰਾਇਆ । ਝੂਠੇ ਭਾਂਡੇ ਦੇਵੇ ਭੰਨ, ਮਦਿਰਾ ਮਾਸ ਜਿਸ ਰਸਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਆਪ ਲਿਖਾਇਆ । ਸਾਚਾ ਹੁਕਮ ਆਪ ਲਿਖਾਏ । ਨਾ ਕੋਈ ਤੋੜੇ ਨਾ ਕੋਈ ਮੋੜੇ ਨਾ ਕੋਈ ਮੋੜ ਮੁੜਾਏ । ਚਰਨ ਪ੍ਰੀਤੀ ਜੋ ਜਨ ਜੋੜੇ, ਦੁਖ ਰੋਗ ਕੋਈ ਨੇੜ ਨਾ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਲਏ ਅੰਤ ਛੁਡਾਏ । ਆਪੇ ਹੋਏ ਅੰਤ ਸਹਾਈ । ਜੀਵ ਜੰਤ ਜਿਸ ਬਣਤ ਬਣਾਈ । ਗੁਰਮੁਖ ਸਾਚੇ ਮਿਲ ਸਾਚੇ ਕੰਤ, ਤੇਰੀ ਆਤਮ ਸ਼ਾਂਤ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਭਰਮ ਭਰਮ ਨਾ ਜਾਓ ਭੁਲਾਈ । ਭਰਮ ਭੁਲ ਨਾ ਜਾਣਾ ਭੁੱਲ । ਕਲਜੁਗ ਅੰਤ ਨਾ ਜਾਣਾ ਰੁਲ । ਝੂਠਾ ਕਲੰਕ ਨਾ ਲਾਉਣਾ ਕੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੋਹੰ ਨਾਮ ਦੇਵੇ ਅਨਮੁਲ । ਗੁਰ ਪੂਰੇ ਤੇਰੀ ਅਚਰਜ ਮਾਇਆ । ਗੁਰਸਿਖ ਪਲੇ ਤੇਰੀ ਛਤਰ ਛਾਇਆ । ਦੇਵੇ ਨਾਮ ਜੋਤ ਸਵਾਇਆ । ਦਰ ਪਾਇਆ ਜਿਹਾ ਮਨ ਭਾਇਆ । ਕਾਇਆ ਰੰਗਨ ਰੰਗ ਮਜੀਠ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਡੀਠ ਭਾਂਡਾ ਭਰਮ ਭਉ ਭੰਨਾਇਆ । ਗੁਰ ਪੂਰੇ ਜਨਮ ਸਵਾਰ । ਡੁੱਬਦੇ ਜਾਂਦੇ ਕਲ ਵਿਚ ਮੰਝਧਾਰ । ਸ੍ਰਿਸ਼ਟ ਸਬਾਈ ਰਹੀ ਝੱਖ ਮਾਰ । ਦਰ ਦਰ ਘਰ ਘਰ ਹੋਏ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕੀ ਨਿਹਕਲੰਕ ਕਰ ਕਿਰਪਾ ਮਾਤ ਲਿਆ ਅਵਤਾਰ । ਨਿਹਕਲੰਕ ਵੱਜਾ ਡੰਕ, ਮਿਟਿਆ ਸ਼ੰਕ ਆਇਆ ਦਵਾਰ ਬੰਕ । ਪ੍ਰਭ ਫਿਰਾਵੇ ਮਨ ਕਾ ਮਣਕ । ਰੱਖੀ ਵਿਚ ਜੋਤ ਟਿਕਾਏ ਇਕ ਦਾਣਾ ਕਣਕ । ਗੁਰਮੁਖ ਸਾਚੇ ਆਪ ਵਡਿਆਏ ਜਿਉਂ ਰਾਜਾ ਜਨਕ । ਜੁਗੋ ਜੁਗ ਸਾਂਗ ਵਰਤਾਏ, ਵਿਚ ਮਾਤ ਬਾਰ ਅਨਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਿਆਉਂ ਕਰਾਏ ਵਾਸੀ ਪੁਰੀ ਘਨਕ । ਗੁਰਸਿਖ ਫੜ ਹਰਿ ਕਾ ਲੜ । ਸਾਚੀ ਪੌੜੀ ਜਾਏ ਚੜ੍ਹ । ਧਨੀ ਜਾਏ ਚਰਨੀਂ ਪੜ । ਆਪਣੀ ਪਤਨੀ ਘਰ ਆਪਣੇ ਖੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਤੋੜੇ ਕਿਲ੍ਹਾ ਹੰਕਾਰੀ ਗੜ੍ਹ । ਸਾਚਾ ਗੁਰ ਸਚ ਵਡਿਆਈ । ਨਦਰੀ ਨਦਰ ਨਿਹਾਲ ਕਰ । ਗੁਰਸਿਖ ਸਾਚੇ ਪਾਰ ਲੰਘਾਈ । ਸਾਧ ਸੰਗਤ ਸੰਗ ਸੰਭਾਲ ਕਲ, ਸਾਚੇ ਪਤਿ ਆਪ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਚੌਥੇ ਦੀ

ਬੂਝ ਬੁਝਾਈ । ਪਹਿਲਾ ਘਰ ਤੇਰਾ ਦੱਸਿਆ । ਤਾਰਾ ਸਿੰਘ ਗੁਰੋ ਨਾਲ ਦੂਜਾ ਵਸਿਆ । ਤੀਜਾ ਘਰ ਪ੍ਰਭ ਦਰ ਸਾਧ ਸੰਗਤ ਰਸਿਆ । ਚੌਥਾ ਘਰ ਹਰਿ ਫੜ ਲੜ, ਗੁਰਸਿਖ ਸਾਚੇ ਧੁਰ ਦਵਾਰੇ ਜੋਤ ਸਰੂਪੀ ਵਸਿਆ । ਆਪਣਾ ਘਰ ਸਚ ਪਛਾਣ । ਪ੍ਰਭ ਬਿਠਾਏ ਵਿਚ ਬਬਾਣ । ਏਕਾ ਰੱਖੇ ਚਰਨ ਧਿਆਨ । ਦੁਸ਼ਟ ਦੁਰਾਚਾਰ ਨਾ ਹੋਇਨ ਦਰ ਪਰਵਾਨ । ਗੁਰਮੁਖ ਸਾਚੇ ਡੁੱਲੇ ਭੁੱਲੇ ਰੁਲੇ ਗੁਰ ਦਰ ਆਏ ਤਰ ਜਾਣ । ਚੌਥਾ ਘਰ ਚੌਥਾ ਪਦ । ਆਪੇ ਓਥੇ ਲੈਣਾ ਲਦ । ਦੁਖ ਭੁੱਖ ਸਭ ਦੇਵੇ ਰੱਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਏਕਾ ਸ਼ਬਦ ਪਿਲਾਏ ਮਦਿ । ਸਾਚਾ ਘਰ ਵੇਖ ਵਿਚਾਰ । ਏਕਾ ਘਰ ਸਾਚਾ ਹਰਿ ਕਾ ਦਵਾਰ । ਏਕਾ ਵਸੇ ਪ੍ਰਭ ਕਰਤਾਰ । ਸ੍ਰਿਸ਼ਟ ਸਬਾਈ ਝੂਠ ਪਸਾਰ । ਆਵੇ ਜਾਵੇ ਵਾਰੋ ਵਾਰ । ਇਕਨਾ ਭਾਰ ਉਠਾਏ ਇਕ ਹੋਏ ਰਹੇ ਤਿਆਰ । ਕਲਜੁਗ ਜੀਵ ਨਾ ਭੁਲ ਗਵਾਰ । ਧਰਮ ਰਾਏ ਮਾਰੇ ਕਰ ਖੁਆਰ । ਪ੍ਰਭ ਅਬਿਨਾਸ਼ੀ ਰਿਹਾ ਕਿਰਪਾ ਕਰ, ਕਰ ਦਰਸ ਜਾਏ ਤਾਰ । ਆਤਮ ਛੱਡ ਸਰਬ ਹੰਕਾਰ । ਏਕਾ ਵਰ ਅਵਤਾਰ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭਤਾਰ । ਭਰਮ ਭੁਲੇਖੇ ਆਪ ਭੁਲਾਵੇ । ਝੂਠੇ ਸਾਕ ਸੱਜਣ ਸੈਣ ਮਾਂ ਪਿਉ ਭੈਣ ਭਰਾ ਨਾ ਕੋਈ ਹੋਏ ਸਹਾਏ । ਵਿਚ ਮਾਤ ਸਾਰੇ ਬੈਠੇ ਰਹਿਣ ਆਪਣੇ ਆਪਣੇ ਦਾਏ । ਏਕਾ ਸਾਚਾ ਗੁਰ ਚਰਨੀ ਲਾਗ, ਵੇਲੇ ਅੰਤ ਲਏ ਛੁਡਾਏ । ਅੰਦਰ ਵੇਖ ਮਾਰ ਝਾਤ, ਜੋਤ ਸਰੂਪੀ ਡਗਮਗਾਏ । ਜੋਤ ਸਰੂਪੀ ਆਪੇ ਸਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਿਰ ਘਰ ਵਸਾਏ । ਥਿਰ ਘਰ ਸਾਚਾ ਘਰ । ਗੁਰਮੁਖਾਂ ਮਿਲਿਆ ਸਾਚਾ ਵਰ । ਪ੍ਰਭ ਅਬਿਨਾਸ਼ੀ ਆਪੇ ਬੈਠੇ ਆਪ ਖੁਲ੍ਹਾਏ ਸਾਚਾ ਦਰ । ਗੁਰਮੁਖ ਕੋਈ ਭੁਲ ਨਾ ਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਮਾਏ ਆਪਣੇ ਘਰ । ਜਿਸ ਜਨ ਜਾਣਿਆਂ, ਰਾਮ ਰਹੀਮ ਕਰੀਮ ਪਛਾਣਿਆਂ । ਸਾਚਾ ਨਾਮ ਸੰਗ ਸਮਾਣਿਆਂ । ਪੂਰਨ ਕਾਮ ਕਰੇ ਭਗਵਾਨਿਆਂ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਨਾ ਜਾਣੋ ਬਾਲ ਅੰਞਾਣਿਆ । ਨਾ ਭੁੱਲੇ ਨਾ ਡੁੱਲੇ ਨਾ ਰੁਲੇ ਨਾ ਤੁੱਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭੰਡਾਰੇ ਸਦਾ ਖੁੱਲ੍ਹੇ । ਪ੍ਰਭ ਅਬਿਨਾਸ਼ੀ ਸਦਾ ਅਡੋਲ । ਸ੍ਰਿਸ਼ਟ ਸਬਾਈ ਰਿਹਾ ਤੋਲ । ਗੁਰਮੁਖਾਂ ਸਦ ਵਸੇ ਕੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਭੇਦ ਦੇਵੇ ਖੋਲ੍ਹ । ਭਰਮ ਨਿਵਾਰਨਾ ਜਨਮ ਸਵਾਰਨਾ ਕਰਮ ਵਿਚਾਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਨ੍ਹਾਏ ਸਾਚੀ ਧਾਰਨਾ । ਜੋਤ ਧਰੇ ਵਿਚ ਸੰਸਾਰਾ । ਜੋਤ ਸਰੂਪੀ ਕੀਆ ਪਸਾਰਾ । ਪੂਰਾ ਨਿਆਉਂ ਸਚ ਦਰਬਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਸ੍ਰਿਸ਼ਟ ਸਬਾਈ ਸਹਾਰਾ । ਸਰਬ ਸਹਾਈ ਆਪੇ ਹੋਏ । ਜੋ ਜਨ ਨੇਤਰ ਪੇਖੇ ਦੋਏ । ਆਪ ਖੁਲ੍ਹਾਏ ਤੀਜਾ ਲੋਏ । ਗੁਰਸਿਖ ਗੁਰ ਭੇਦ ਰਹੇ ਨਾ ਕੋਇ । ਆਪ ਅਭੇਦ ਸ੍ਰਿਸ਼ਟ ਸਬਾਈ ਤੇਰੇ ਹਿਰਦੇ ਸਦ ਸੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਲੋਕ ਪਰਲੋਕ ਸਵਾਰੇ ਦੋਏ । ਲੋਕ ਪਰਲੋਕ ਆਪ ਸੁਧਾਰਿਆ । ਤੀਨ ਲੋਕ ਹੋਏ ਜੈ ਜੈਕਾਰਿਆ । ਮਾਤ ਪਤਾਲ ਅਕਾਸ਼ ਵਰਤੇ ਵਿਚ ਸੰਸਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਨਾ ਪਾਰਾਵਾਰਿਆ । ਬੇਅੰਤ ਬੇਅੰਤ ਬੇਅੰਤ । ਭੇਵ ਖੁਲ੍ਹਾਏ ਵਿਰਲੇ ਸਾਧ ਸੰਤ । ਜੁਗੋ ਜੁਗ ਖੇਲ ਰਚਾਏ ਵਰਤੇ ਏਕ ਅਨੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਏਕ ਕੰਤ । ਸਾਚਾ ਮਾਰਗ ਜਗਤ ਪਾਓ । ਪ੍ਰਭ ਅਬਿਨਾਸ਼ੀ ਚਰਨ ਲਗ ਜਾਓ । ਦਿਵਸ ਰੈਣ ਸਦ ਰਸਨਾ ਗਾਓ । ਘਰ ਦਰ ਗੁਰ ਆਪਣਾ ਪਾਓ । ਵਡ

ਦਾਤਾ ਵਡ ਦੇਵੀ ਦੇਵ ਏਕ ਸਰਨ ਓਟ ਰਖਾਓ । ਮਿਟੇ ਆਤਮ ਭੇਵ, ਸੰਸਾ ਭਰਮ ਸਰਬ ਚੁਕਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਮਦਿਰਾ ਮਾਸ ਰਸਨ ਤਜਾਓ । ਮਦਿਰਾ ਮਾਸ ਨਾ ਰਸਨ ਲਗਾਣਾ । ਆਪਣਾ ਮੂਲ ਨਾ ਆਪ ਗਵਾਣਾ । ਕਲਜੁਗ ਵਰਤੇ ਅੰਤਮ ਭਾਣਾ । ਕੋਈ ਨਾ ਛੁੱਟੇ ਰਾਜਾ ਰਾਣਾ । ਫੜ ਫੜ ਡੰਨ ਸਰਬ ਲਗਾਣਾ । ਵੇਲੇ ਅੰਤ ਸਾਰੇ ਦਿਸਣ ਖਾਲੀ, ਨਾਲ ਕੁਛ ਨਹੀਂ ਜਾਣਾ । ਗੁਰਮੁਖ ਵਿਰਲੇ ਬੇੜਾ ਆਪਣਾ ਬੰਨ੍ਹਣ, ਪ੍ਰਭ ਅਬਿਨਾਸ਼ੀ ਓਟ ਰਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਆਤਮ ਬ੍ਰਹਮ ਗਿਆਨਾ । ਆਤਮ ਦੇਵੇ ਬ੍ਰਹਮ ਗਿਆਨ । ਬ੍ਰਹਮ ਸਰੂਪ ਜੀਵ ਭਗਵਾਨ । ਏਕਾ ਬ੍ਰਹਮ ਆਪ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਤੇਰੀ ਕਲਿਆਣ । ਬ੍ਰਹਮ ਸਰੂਪ ਬ੍ਰਹਮ ਸਮਾਇਆ । ਜੋਤ ਸਰੂਪੀ ਜਾਮਾ ਪਾਇਆ । ਆਪ ਤਜਾਏ ਆਪਣੀ ਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਦੇਵੇ ਵਡਿਆਇਆ । ਤਜੀ ਦੇਹ ਖੇਲ ਅਪਾਰੀ । ਆਪੇ ਗਿਆ ਮਾਰ ਉਡਾਰੀ । ਸ਼ਬਦ ਸਰੂਪੀ ਲੀਲ੍ਹਾ ਭਾਰੀ । ਪਰਗਟੇ ਜੋਤ ਨਾ ਕੋਈ ਪਾਵੇ ਸਾਰੀ । ਗੁਰਮੁਖ ਸਾਚੇ ਵਿਚ ਪਸਾਰੀ । ਸ੍ਰਿਸ਼ਟ ਸਬਾਈ ਅੰਧ ਅੰਧਿਆਰੀ । ਗੁਰਮੁਖ ਵਿਰਲੇ ਕਿਸੇ ਵਿਚਾਰੀ । ਜਿਸ ਹੱਥ ਰੱਖੇ ਆਪ ਮੁਰਾਰੀ । ਆਪੇ ਕਰੇ ਆਤਮ ਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਹੋਏ ਨਾਮ ਅਧਾਰੀ । ਗੁਰਮੁਖਾਂ ਦੇਵੇ ਨਾਮ ਅਧਾਰ । ਆਪ ਕਰਾਏ ਜੋਤ ਉਜਿਆਰ । ਜਗਾਏ ਜੋਤ ਅਗੰਮ ਅਪਾਰ । ਜੋਤ ਸਰੂਪ ਸਦ ਨਿਰਾਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੈਠਾ ਮੱਲ ਦਵਾਰ । ਗੁਰਮੁਖਾਂ ਮੱਲੇ ਆਤਮ ਦਵਾਰ । ਕਦੇ ਅੰਦਰ ਕਦੇ ਬਾਹਰ । ਗੁਰਮੁਖ ਵਿਰਲਾ ਕਰੇ ਵਿਚਾਰ । ਏਕਾ ਏਕ ਏਕ ਏਕੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸੇ ਧਾਮ ਨਿਆਰ । ਨਿਆਰਾ ਧਾਮ ਵਸਿਆ ਰਾਮ । ਕਿਸੇ ਨਾ ਪਾਇਆ ਕਾਹਨਾ ਸ਼ਾਮ । ਮਦਿਰਾ ਮਾਸ ਰਸਨਾ ਲਾਇਆ ਝੂਠਾ ਜਾਮ । ਕਲਜੁਗ ਹੋਏ ਨਿਸਫਲ ਸਭ ਕਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੋਹੰ ਸ਼ਬਦ ਪਿਆਵੇ ਸਾਚਾ ਜਾਮ । ਸੋਹੰ ਨਾਮ ਤੇਰੀ ਵਡਿਆਈ । ਈਸ਼ ਜੀਵ ਇਕ ਹੋ ਜਾਈ । ਸੋਹੰ ਸੋ ਪ੍ਰਭ ਨਿਰੰਜਣ ਇਕ ਰਘੁਰਾਈ । ਆਪਣਾ ਖੇਲ ਆਪ ਵਰਤਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਦੇਵੇ ਆਪ ਖੁਲ੍ਹਾਈ । ਮਸਤੂਆਣਾ ਧਾਮ ਸੁਹਾ ਕੇ । ਪੂਰਨ ਕਾਮ ਆਪ ਕਰਾ ਕੇ । ਚਾਰ ਵਰਨ ਇਕ ਥਾਂ ਬਹਾ ਕੇ । ਏਕਾ ਵਰਨ ਮਾਤ ਬਣਾ ਕੇ । ਸਾਚੀ ਸਰਨ ਨਿਹਕਲੰਕ ਰਖਾ ਕੇ । ਸੋਹੰ ਸਾਚਾ ਨਾਮ ਜਪਾ ਕੇ । ਓਅੰ ਸੰਗ ਮੇਲ ਮਿਲਾ ਕੇ । ਦੋਅੰ ਦੂਆ ਭੇਵ ਚੁਕਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾ ਕੇ । ਸਾਚਾ ਲਾਗੇ ਇਕ ਦਰਬਾਰ । ਰਾਜੇ ਰਾਣੇ ਖੜਨ ਦਵਾਰ । ਗਰੀਬ ਨਿਮਾਣੇ ਹੋਇਣ ਭਿਖਾਰ । ਦੇਵਣਹਾਰਾ ਇਕ ਦਾਤਾਰ । ਆਪੇ ਦੇਵੇ ਕਿਰਪਾ ਧਾਰ । ਖਾਲੀ ਭਰੇ ਜਗਤ ਭੰਡਾਰ । ਚਾਰ ਕੁੰਟ ਕਰਾਏ ਜੈ ਜੈ ਜੈਕਾਰ । ਸੋਹੰ ਸ਼ਬਦ ਸੱਚੀ ਧੁਨਕਾਰ । ਅਨਹਦ ਵਾਜਾ ਵੱਜੇ ਵਿਚ ਸੰਸਾਰ । ਸਾਧਨ ਸੰਤਾਂ ਸੁਣੇ ਪੁਕਾਰ । ਆਦਿਨ ਅੰਤਾ ਕੀਆ ਪਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰ । ਜਾਮਾ ਧਾਰ ਲਿਆ ਅਵਤਾਰਾ । ਜੋਤ ਸਰੂਪੀ ਖੇਲ ਅਪਾਰਾ । ਪਾਰਬ੍ਰਹਮ ਕਲ ਭੇਵ ਨਿਆਰਾ । ਨਾ ਕੋਈ ਬੂਝੇ ਨਾ ਹੋਏ ਵਿਚਾਰਾ । ਨਾ ਕਿਸੇ ਤਤ ਸਾਚਾ ਸੁਝੇ, ਦਰ ਦਰ ਫਿਰਨ ਕਲਜੁਗ ਜੀਵ ਗਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸੁਰਤ ਸ਼ਬਦ ਮੇਲ

ਮਿਲਾਏ, ਸੋਹੰ ਦੇਵੇ ਨਾਮ ਅਧਾਰਾ । ਸੋਹੰ ਨਾਮ ਆਪੇ ਦੀਆ । ਆਤਮ ਜੋਤ ਜਗਾਇਆ ਦੀਆ । ਸਤਿਜੁਗ ਰਖਾਈ ਸਾਚੀ ਨੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਬੀਜ ਸਾਚਾ ਬੀਆ । ਬੀਜ ਬੀਆ ਕੀਆ ਹੀਆ । ਆਪੇ ਬੋਇਆ ਆਪੇ ਹੋਇਆ ਆਪੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਉਠਾਇਆ ਸੋਇਆ । ਸੋਇਆ ਸਿੱਖ ਆਪ ਉਠਾਏ । ਰਾਣਾ ਸੰਗਰੂਰ ਮਾਣ ਗਵਾਏ । ਏਕਾ ਆਣ ਸੋਹੰ ਸ਼ਬਦ ਰਖਾਏ । ਸਾਚੋ ਸਾਚਾ ਸਚ ਨਿਸ਼ਾਨ, ਜੋਤ ਸਰੂਪੀ ਡਗਮਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਆਪਣੀ ਆਪ ਵਰਤਾਏ । ਆਪੇ ਦੇਵੇ ਆਤਮ ਗਿਆਨਾ । ਆਪ ਬੁਝਾਏ ਆਪ ਜਗਾਏ ਜੋਤ ਸਰੂਪੀ ਪਹਰਿਆ ਬਾਣਾ । ਆਪ ਉਠਾਏ ਆਪ ਲਗਾਏ ਆਪਣੇ ਚਰਨ ਧਿਆਨਾ । ਜੋਤ ਜਗਾਏ ਦਰਸ ਦਖਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਜਗੇ ਜੋਤ ਜਗਤ ਨਿਰਾਲਮ । ਪਰਗਟਾਏ ਹਰਿ ਵੇਖੇ ਸਭ ਆਲਮ । ਆਪੇ ਮੇਟ ਮਿਟਾਏ ਦੁਸ਼ਟ ਦੂਤ ਸਭ ਜ਼ਾਲਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਉਠਾਈ ਏਕਾ ਕਾਲਮ । ਇਕ ਕਲਮ ਹੱਥ ਉਠਾ ਕੇ । ਸ੍ਰਿਸ਼ਟ ਸਬਾਈ ਲੇਖ ਲਿਖਾ ਕੇ । ਕਲਜੁਗ ਅੰਤਮ ਅੰਤ ਕਰਾ ਕੇ । ਜੂਠ ਝੂਠ ਸਭ ਨਸ਼ਟ ਕਰਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਰੰਗ ਅਨੂਠ ਸ੍ਰਿਸ਼ਟ ਸਬਾਈ ਜਾਏ ਆਪ ਚੜ੍ਹਾ ਕੇ । ਸ੍ਰਿਸ਼ਟ ਸਬਾਈ ਆਤਮ ਰੰਗੇ । ਆਪੇ ਹੋਏ ਸਦਾ ਸੰਗੇ । ਮਾਣ ਦਵਾਏ ਭੁੱਖੇ ਨੰਗੇ । ਆਪ ਲਗਾਏ ਆਪਣੇ ਅੰਗੇ । ਸ੍ਰਿਸ਼ਟ ਸਬਾਈ ਆਪ ਖਪਾਏ, ਨਵ ਖੰਡ ਲਗਾਏ ਜੰਗੇ । ਕਲਜੁਗ ਬੇਮੁਖ ਜੀਵ ਧਰਮ ਰਾਏ ਦਰ ਜਾਇਣ ਟੰਗੇ । ਗੁਰਮੁਖ ਸਾਚੇ ਸੰਤ ਜਨ, ਪ੍ਰਭ ਅਬਿਨਾਸ਼ੀ ਹਰਿ ਹਰਿ ਸੰਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਾਨ ਜੋ ਦਰ ਮੰਗੇ । ਵਰਤੇ ਖੇਲ ਮਸਤੂਆਨੇ । ਚਰਨੀ ਡਿਗਣ ਰਾਜੇ ਰਾਣੇ । ਤੋੜ ਮਾਣ ਅਭਿਮਾਨ ਵਡ ਜ਼ਰਵਾਣੇ । ਏਕਾ ਸ਼ਬਦ ਉਠਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ । ਸ਼ਬਦ ਉਠਾਏ ਖੰਡਾ ਦੋ ਧਾਰੀ । ਬੇਮੁਖਾਂ ਕਰੇ ਜਗਤ ਖਵਾਰੀ । ਗੁਰਸਿਖਾਂ ਕਰੇ ਆਤਮ ਕਾਰੀ । ਬੇਮੁਖਾਂ ਕਰੇ ਦਰ ਦਰ ਭਿਖਾਰੀ । ਗੁਰਸਿਖਾਂ ਦੇਵੇ ਨਾਮ ਖਮਾਰੀ । ਬੇਮੁਖਾਂ ਹੋਏ ਮੁਸ਼ਕਲ ਭਾਰੀ । ਗੁਰਸਿਖਾਂ ਮਿਲਿਆ ਇਕ ਸ਼ਬਦ ਅਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਰੇ ਅਪਾਰੀ । ਅਚਰਜ ਖੇਲ ਆਪ ਰਚਾ ਕੇ । ਜਨ ਭਗਤਾਂ ਹਰਿ ਮੇਲ ਮਿਲਾ ਕੇ । ਸਾਧਾਂ ਸੰਤਾਂ ਸੁਰਤ ਦਵਾ ਕੇ । ਸ਼ਬਦ ਸਰੂਪੀ ਬੂਝ ਬੁਝਾ ਕੇ । ਬਿਨ ਰੰਗ ਰੂਪੀ ਜੋਤ ਸਰੂਪੀ ਖੇਲ ਬਣਾ ਕੇ । ਵਡ ਵਡ ਭੂਪੀ ਰਾਣੇ ਮਹਾਂਰਾਣੇ ਸਰਨ ਲਗਾ ਕੇ । ਕਲਜੁਗ ਅੰਤਮ ਹੋਏ ਅੰਧੇਰ ਅੰਧ ਕੂਪੀ, ਜੋਤ ਸਰੂਪੀ ਜਾਏ ਦੀਪ ਜਗਾ ਕੇ । ਏਕਾ ਦਿਸੇ ਸਤਿ ਸਰੂਪੀ, ਮਸਤੂਆਨੇ ਬੈਠੇ ਸਿੰਘਾਸਣ ਡੇਰਾ ਲਾ ਕੇ । ਸਿੰਘਾਸਣ ਡੇਰਾ ਆਪ ਲਗਾਏ । ਸਿੰਘ ਰੂਪ ਹੋਏ ਵਖਾਏ । ਬੇਮੁਖਾਂ ਅੰਤਮ ਖੈ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਮਾਏ । ਕਰਮ ਕਮਾਵਣਾ, ਧਰਮ ਰਖਾਵਣਾ, ਵਕ਼ਤ ਸੁਹਾਵਣਾ, ਮਸਤੂਆਣਾ ਸਾਚਾ ਧਾਮ ਉਪਜਾਵਣਾ । ਜੋਤ ਸਰੂਪੀ ਦੀਪ ਜਗਾਵਣਾ । ਰਾਜਾ ਰਾਣਾ ਭੰਨ ਲਿਆਵਣਾ । ਚਾਰ ਵਰਨ ਇਕ ਕਰਾਵਣਾ । ਅੰਨੇ ਕਾਣੇ ਮਾਣ ਦਵਾਵਣਾ । ਬਾਲ ਅੰਵਾਣਾ ਸੁਘੜ ਸਿਆਣਾ ਊਚ ਨੀਚ ਇਕ ਥਾਂ ਬਹਾਵਣਾ । ਵਡ ਵਡ ਮਹਾਂਰਾਣਾ ਜੋਤ ਸਰੂਪੀ ਆਪ ਅਖਵਾਵਣਾ । ਆਪੇ ਵਰਤੇ ਆਪਣਾ ਭਾਣਾ, ਮਾਣ ਤਾਣ ਸਰਬ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੇਲ ਵਿਚ ਮਾਤ ਵਰਤਾਵਣਾ । ਮਾਤਲੋਕ ਖੇਲ ਵਰਤਾਏ । ਅਗਨ ਜੋਤ

ਸ੍ਰਿਸ਼ਟ ਲਗਾਏ । ਆਪ ਜਲਾਏ ਬਿਨ ਬਾਤੀ ਬਿਨ ਤੇਲ । ਅੰਤਮ ਅੰਤ ਕਲ ਆ ਗਿਆ, ਬੇੜਾ ਸ਼ੌਹ ਦਰਿਆ ਜਾਏ ਠੇਲ । ਪ੍ਰਭ ਸਾਚਾ ਵਕਤ ਸੁਹਾ ਗਿਆ, ਗੁਰਮੁਖਾਂ ਕਰਾਏ ਮੇਲ । ਜੋਤ ਸਰੂਪੀ ਨਿਹਕਲੰਕ ਨਾਉਂ ਰਖਾ ਲਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣੇ ਭਾਗ ਲਗਾ ਲਿਆ । ਮਸਤੂਆਣੇ ਲੱਗੇ ਭਾਗਾ । ਸ਼ਬਦ ਲਿਖਾਇਆ ਪਹਿਲੀ ਮਾਘਾ । ਚਾਰ ਵਰਨ ਧੋਏ ਆਤਮ ਦਾਗਾ । ਪ੍ਰਭ ਅਬਿਨਾਸ਼ੀ ਦਰਸ਼ਨ ਪਾਏ, ਆਤਮ ਉਪਜੇ ਸਾਚਾ ਰਾਗਾ । ਹਉਮੇ ਮਮਤਾ ਮੈਲ ਗਵਾਏ, ਅਨਹਦ ਧੁਨ ਵਜਾਏ ਸਾਚਾ ਵਾਜਾ । ਚਿੰਤਾ ਰੋਗ ਸੋਗ ਮਿਟਾਏ, ਸੋਹੰ ਸ਼ਬਦ ਦੇਵੇ ਵਡ ਅਨਰਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਗੁਰਸਿਖ ਹੰਸ ਬਣਾਏ, ਕਲਜੁਗ ਜੀਵ ਹੋਏ ਕਾਗਾ । ਕਲਜੁਗ ਜੀਵ ਹੋਏ ਕਾਗ । ਵੇਲੇ ਅੰਤ ਨਾ ਗਏ ਜਾਗ । ਆਪ ਨਾ ਧੋਇਆ ਪਾਪਾਂ ਦਾਗ਼ । ਤ੍ਰਿਸਨਾ ਭੁੱਖ ਨਾ ਜਾਏ ਆਗ । ਪ੍ਰਭ ਅਬਿਨਾਸ਼ੀ ਜੋਤ ਪਰਗਟਾਏ, ਦਰਸ਼ਨ ਪਾਇਆ ਪਹਿਲੀ ਮਾਘ । ਗੁਰਸਿਖਾਂ ਮਨ ਵੱਜੀ ਵਧਾਈ, ਪ੍ਰਭ ਚਰਨ ਗਏ ਲਾਗ । ਵੇਲੇ ਅੰਤ ਹੋਏ ਸਹਾਈ, ਆਪੇ ਪਕੜੇ ਗੁਰਸਿਖ ਵਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਲਗਾਏ ਆਤਮ ਜਾਗ । ਚਾਰ ਵਰਨ ਇਕ ਥਾਂ ਬਹਾ ਕੇ । ਪੂਰਨ ਕਾਮ ਆਪ ਕਰਾ ਕੇ । ਰਾਣਾ ਸੰਗਰੂਰ ਸੰਗ ਰਲਾ ਕੇ । ਗੁਰਮੁਖ ਸਾਚੇ ਅੱਗੇ ਲਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਏ ਚਰਨ ਉਠਾ ਕੇ । ਗੁਰ ਸੰਗਤ ਪ੍ਰਭ ਸੰਗ ਮਿਲਾਏ । ਆਪ ਆਪਣਾ ਚਰਨ ਉਠਾਏ । ਅੰਗ ਸੰਗ ਸੰਗ ਅੰਗ ਆਪ ਹੋ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਮਨ ਕਿਨਾਰੇ ਡੇਰਾ ਲਾਏ । ਜਮਨ ਕਿਨਾਰੇ ਲੱਗੇ ਡੇਰਾ । ਆਪ ਮਿਟਾਏ ਕਲ ਅੰਧੇਰਾ । ਜੋਤ ਜਗਾਏ ਨਾ ਲਾਏ ਦੇਰਾ । ਬੇਮੁਖਾਂ ਭੁਲਾਏ ਕਰ ਕਰ ਹੇਰਾ ਫੇਰਾ । ਸਾਚੇ ਸੰਤ ਆਪ ਉਠਾਏ, ਕਰੇ ਅੰਤ ਨਬੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੰਨ੍ਹੇ ਸਾਚਾ ਬੇੜਾ । ਜਮਨ ਕਿਨਾਰੇ ਡੇਰਾ ਲਾ ਕੇ । ਜੋਤ ਸਰੂਪੀ ਖੇਲ ਵਰਤਾ ਕੇ । ਆਪ ਆਪਣਾ ਸਰਬ ਜਣਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਹੋਏ ਦਿੱਲੀ ਜਾ ਕੇ । ਵਾਲੀ ਹਿੰਦ ਦਰਸ ਦਿਖਾਉਣਾ । ਸਿੰਘ ਰੂਪ ਹੋਏ ਫੜ ਉਠਾਉਣਾ । ਕਾਹਨਾ ਕ੍ਰਿਸ਼ਨਾ ਨਜ਼ਰੀ ਅਉਣਾ । ਨਿਹਕਲੰਕੀ ਭੇਵ ਖੁਲ੍ਹਾਉਣਾ । ਗੁਰਸਿਖ ਸਾਚੇ ਵਿਚ ਸਮਾਉਣਾ । ਸੋਹੰ ਡੰਕ ਆਪ ਵਜਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛਿੰਨ ਭੰਗਰ ਇਹ ਖੇਲ ਵਖਾਉਣਾ । ਦੇਵੇ ਦਰਸ ਸੁੱਤਿਆਂ ਜਾ ਕੇ । ਆਪ ਉਠਾਏ ਭੇਵ ਖੁਲ੍ਹਾ ਕੇ । ਜੋਤ ਸਰੂਪੀ ਦਰਸ ਦਿਖਾ ਕੇ । ਮਾਣ ਗਵਾਏ ਤਾਣ ਗਵਾਏ ਸ਼ਾਨ ਗਵਾਏ, ਇਕ ਆਣ ਚਰਨ ਰਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਠਾਏ ਗਲੇ ਲਗਾ ਕੇ । ਸ਼ਬਦ ਸਰੂਪੀ ਵਰਤੇ ਖੇਲ । ਸ਼ਬਦ ਸਰੂਪੀ ਹੋਏ ਮੇਲ । ਨਿੰਦਕ ਦੁਸ਼ਟ ਦੁਰਾਚਾਰ ਆਪ ਧਕਾਏ ਜੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਕਰੇ ਵਿਚ ਮਾਤ ਦੇ ਖੇਲ । ਸ਼ਬਦ ਚਲਾਏ ਇਕ ਬਹੁ ਰੰਗਾਂ । ਸੁਣੇ ਧੁਨ ਨਾ ਜਾਣੇ ਕੋਈ ਸੰਗਾ । ਟੁੱਟੇ ਮਾਨ ਜੋਤ ਸਰੂਪੀ ਦੀਸੇ ਵਡ ਸੂਰਾ ਸਰਬੰਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਰੰਗਾ । ਇਕ ਰੰਗ ਇਕ ਵਖਾਇਆ । ਏਕਾ ਇਕ ਆਪ ਉਪਾਇਆ । ਏਕਾ ਏਕੰਕਾਰ ਦਿਖਾਇਆ । ਏਕਾ ਇਕ ਸੋਹੰ ਨਾਮ ਉਪਾਇਆ । ਏਕਾ ਇਕ ਦੋਐਂ ਸੋਹੰ ਓਅੰ ਏਕੇ ਰੰਗ ਰੰਗਾਇਆ । ਏਕਾ ਇਕ ਚਾਰ ਵਰਨ ਇਕ ਕਰਾਇਆ । ਏਕਾ ਏਕ ਬਰਨ ਅਠਾਰਾਂ ਦੇ ਮਿਟਾਇਆ । ਏਕਾ ਏਕ ਨਰਾਇਣ ਨਰ ਜੋਤ ਧਰ ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਆਪਣਾ ਮਾਰਗ ਲਾਇਆ । ਏਕਾ ਏਕ ਏਕ ਜਗਦੀਸ । ਦੂਸਰ ਕੋਇ ਨਾ ਕਰੇ ਰੀਸ । ਸ੍ਰਿਸ਼ਟ ਸਬਾਈ ਜਾਏ ਪੀਸ । ਗੁਰ ਸੰਗਤ ਗੁਰ ਬੀਸ ਇਕੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਛਤਰ ਝੁਲਾਏ ਆਪਣੇ ਸੀਸ । ਵਾਲੀ ਹਿੰਦ ਆਪ ਉਠਾਏ । ਰੁੱਠੇ ਹੋਏ ਆਪ ਮਨਾਏ । ਮਾਇਆ ਕੁੱਠੇ ਭਰਮ ਚੁਕਾਏ । ਪ੍ਰਭ ਅਬਿਨਾਸ਼ੀ ਤੁੱਠੇ ਦਰਸ ਦਿਖਾਏ । ਬੇਮੁਖ ਜੀਵ ਕੁੱਠੇ ਨਾ ਕੋਈ ਛੁਡਾਏ । ਨਿੰਦਕਾਂ ਹੱਥ ਫੜਾਏ ਠੂਠੇ, ਦਰ ਦਰ ਮੰਗਣ ਭਿੱਖ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਆਪਣਾ ਦਰਸ ਦਿਖਾਏ । ਗੁਰ ਚਰਨ ਹਰਿ ਕਾ ਦਵਾਰਾ । ਗੁਰ ਚਰਨ ਸਚ ਘਰ ਬਾਹਰਾ । ਗੁਰ ਚਰਨ ਗੁਰਸਿਖ ਸਦ ਕਰੇ ਪਿਆਰਾ । ਗੁਰ ਚਰਨ ਦਿਵਸ ਰੈਣ ਕਰ ਨਿਮਸਕਾਰਾ । ਗੁਰ ਚਰਨ ਪਰਸ ਉਤਰੇ ਗੁਰਸਿਖ ਪਾਰਾ । ਗੁਰ ਚਰਨ ਮਿਟੇ ਹਰਸ ਦੁਖ ਉਤਰੇ ਭਾਰਾ । ਗੁਰ ਚਰਨ ਗੁਰਸਿਖ ਨਾ ਤਰਸ, ਪ੍ਰਭ ਦੇਵਣਹਾਰ ਇਕ ਭੰਡਾਰਾ । ਅੰਮ੍ਰਿਤ ਦੇਵੇ ਗੁਰ ਆਪੇ ਬਰਸ, ਅੰਤਮ ਹੋਏ ਮੋਖ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਚਰਨ ਕਰ ਨਿਮਸਕਾਰਾ । ਗੁਰ ਚਰਨ ਸਦ ਨਿਮਸਕਾਰੋ । ਗੁਰ ਚਰਨ ਪਾਵੇ ਪਾਰਬ੍ਰਹਮ ਕਰਤਾਰੋ । ਗੁਰ ਚਰਨ ਗੁਰਮੁਖ ਉਤਰੇ ਪਾਰੋ । ਗੁਰ ਚਰਨ ਸਾਚਾ ਧਰਮ ਵਿਚ ਸੰਸਾਰੋ । ਗੁਰ ਚਰਨ ਸਾਚਾ ਵਰਨ ਸਾਚਾ ਬ੍ਰਹਮ ਅਪਾਰੋ । ਗੁਰ ਚਰਨ ਚੁੱਕੇ ਡਰਨ ਮਰਨ ਜਨਮ ਸਵਾਰੋ । ਗੁਰ ਚਰਨ ਗੁਰਸਿਖ ਤਰਨ, ਹਰਨ ਫਰਨ ਖੁਲ੍ਹਾਰੋ । ਗੁਰ ਚਰਨ ਸਾਚੀ ਸਰਨ, ਜਾਓ ਸਾਚੇ ਘਰ ਬਾਹਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਏ ਚਰਨ ਦਵਾਰੋ । ਗੁਰ ਚਰਨ ਸਚ ਪ੍ਰੀਤ । ਗੁਰ ਚਰਨ ਸਾਚੀ ਰੀਤ । ਗੁਰ ਚਰਨ ਕਰ ਦਰਸ ਆਤਮ ਅਤੀਤ । ਗੁਰ ਚਰਨ ਲਾਗ ਜਾਗੇ, ਭਾਗ ਮਾਨਸ ਜਨਮ ਲਿਆ ਕਲ ਜੀਤ । ਗੁਰ ਚਰਨ ਗੁਰਸਿਖ ਕਾਇਆ ਸੀਤ । ਗੁਰ ਚਰਨ ਸਾਚੀ ਪ੍ਰੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਚਲਾਏ ਸਾਚੀ ਰੀਤ । ਗੁਰ ਚਰਨ ਹਰਿ ਕਾ ਘਰ । ਗੁਰ ਚਰਨ ਸਾਚਾ ਦਰ । ਗੁਰ ਚਰਨ ਚੁੱਕੇ ਡਰ । ਗੁਰ ਚਰਨ ਮਿਲੇ ਵਰ । ਗੁਰ ਚਰਨ ਪਾਓ ਦਰਸ ਅਵਤਾਰ ਨਰ । ਗੁਰ ਚਰਨ ਦੁਖੜੇ ਜਾਓ ਹਰ । ਗੁਰ ਚਰਨ ਮੁਖੜੇ ਉਜਲ ਜਾਓ ਕਰ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਰਖਾਵੇ ਦਿਸਾਵੇ ਵਸਾਵੇ ਸਾਚੇ ਘਰ । ਗੁਰ ਚਰਨ ਸਚ ਧਿਆਨ । ਗੁਰ ਚਰਨ ਸਚ ਇਸ਼ਨਾਨ । ਗੁਰ ਚਰਨ ਸਚ ਦਾਨ । ਗੁਰ ਚਰਨ ਸਚ ਬ੍ਰਹਮ ਗਿਆਨ । ਗੁਰ ਚਰਨ ਮੇਲ ਭਗਤ ਭਗਵਾਨ । ਗੁਰ ਚਰਨ ਪਾਓ ਦਰਸ ਗੁਣੀ ਨਿਧਾਨ । ਗੁਰ ਚਰਨ ਆਤਮ ਜੋਤ ਜਗੇ ਮਹਾਨ । ਗੁਰ ਚਰਨ ਵਿਰਲਾ ਲੱਗੇ ਪੁਰਖ ਸੁਜਾਨ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਆਪੇ ਦੇਵੇ ਚਰਨ ਧਿਆਨ । ਗੁਰ ਚਰਨ ਸਾਚੀ ਰਾਸਾ । ਗੁਰ ਚਰਨ ਸਚ ਭਰਵਾਸਾ । ਗੁਰ ਚਰਨ ਗੁਰਸਿਖਾਂ ਮਿਲਿਆ ਜਿਉਂ ਸੋਨਾ ਪਾਸਾ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿੱਖ ਕਰਾਏ ਨਿਵਾਸਾ । ਗੁਰ ਚਰਨ ਥਿਰ ਘਰ । ਗੁਰ ਚਰਨ ਮਿਲਿਆ ਹਰਿ । ਗੁਰ ਚਰਨ ਖੁਲ੍ਹਿਆ ਦਰ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਏ ਸਾਚੇ ਘਰ । ਗੁਰ ਚਰਨ ਗੁਰਮੁਖ ਪਛਾਣ । ਗੁਰ ਚਰਨ ਸਤਿ ਕਰ ਜਾਣ । ਗੁਰ ਚਰਨ ਧੂੜੀ ਕਰ ਇਸ਼ਨਾਨ । ਗੁਰ ਚਰਨ ਪਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਗੁਰ ਚਰਨ ਮਿਲੇ ਗੋਬਿੰਦਾ । ਗੁਰ ਚਰਨ ਲਾਗ ਹਰਿ ਸਦਾ ਸਦਾ ਬਖ਼ਸ਼ਿੰਦਾ । ਗੁਰ ਚਰਨ ਖੜੇ ਸੁਰਪਤ ਰਾਜੇ ਇੰਦਾ । ਗੁਰ ਚਰਨ ਆਤਮ ਟੁੱਟੇ ਜਿੰਦਾ ।


੩੫੪ ੦੨

ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਬਖ਼ਸ਼ਿੰਦਾ । ਗੁਰ ਚਰਨ ਮਿਟੇ ਸੋਗ । ਗੁਰ ਚਰਨ ਮਿਟੇ ਵਿਜੋਗ । ਗੁਰ ਚਰਨ ਮਿਟੇ ਰੋਗ । ਗੁਰ ਚਰਨ ਸਵਾਰੇ ਗੁਰਸਿਖ ਲੋਕ ਪਰਲੋਕ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਮੋਖ । ਗੁਰ ਚਰਨ ਸਾਚੀ ਧਾਰਾ । ਗੁਰ ਚਰਨ ਸਚ ਵਿਹਾਰਾ । ਗੁਰ ਚਰਨ ਗੁਰਮੁਖ ਵਿਰਲਾ ਪਾਵੇ ਸਾਰਾ । ਗੁਰ ਚਰਨ ਗੁਰਮੁਖ ਉਧਰੇ ਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਖਾਏ ਸਚ ਦਵਾਰਾ । ਗੁਰ ਚਰਨ ਭਰਮ ਭਉ ਭਾਗੇ । ਗੁਰ ਚਰਨ ਗੁਰਸਿਖ ਸੋਇਆ ਜਾਗੇ । ਗੁਰ ਚਰਨ ਉਪਜੇ ਸ਼ਬਦ ਵਡ ਵਡ ਰਾਗੇ । ਗੁਰ ਚਰਨ ਅਨਹਦ ਵਾਜੇ । ਗੁਰ ਚਰਨ ਗੁਰਸਿਖ ਸਾਚਾ ਗਾਜੇ । ਗੁਰ ਚਰਨ ਗੁਰਮੁਖ ਵਿਰਲਾ ਆਏ ਵਿਚ ਦੇਸ ਮਾਝੇ । ਗੁਰ ਚਰਨ ਕੋਟਨ ਕੋਟ ਸਵਾਰੇ ਕਾਜੇ । ਗੁਰ ਚਰਨ ਗੁਰਸਿਖਾਂ ਰੱਖੇ ਲਾਜੇ । ਗੁਰ ਚਰਨ ਸੋਹੰ ਮਿਲੇ ਸਾਚਾ ਦਾਜੇ । ਗੁਰ ਚਰਨ ਏਕਾ ਧੁਨ ਅਨਾਹਦ ਵਾਜੇ । ਗੁਰ ਚਰਨ ਟੁੱਟੇ ਸੁਨ ਦੂਈ ਦਵੈਤ ਅੰਦਰੋਂ ਭਾਜੇ । ਗੁਰ ਚਰਨ ਖੁਲ੍ਹੇ ਸੁੰਨ, ਦੇਵੇ ਦਰਸ ਗੁਰਸਿਖ ਹੋਏ ਵਡ ਵਡ ਭਾਗੇ । ਗੁਰ ਚਰਨ ਕਰ ਤਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਰੱਖੇ ਆਪੇ ਲਾਜੇ । ਗੁਰ ਚਰਨ ਸਚ ਦਰਗਹਿ । ਗੁਰ ਚਰਨ ਵੇਖ ਸਾਚੇ ਬੇਪਰਵਾਹ । ਗੁਰ ਚਰਨ ਪਾਰ ਕਰਾਏ ਸਾਗਰ ਸੰਸਾਰ ਵਡ ਅਸਗਾਹ । ਗੁਰ ਚਰਨ ਇਕ ਦਿਸਾਏ ਸਾਚਾ ਰਾਹ । ਗੁਰ ਚਰਨ ਅੰਨ੍ਹਿਆਂ ਪਾਏ ਸਾਚੇ ਰਾਹ । ਗੁਰ ਚਰਨ ਭਾਗਾਂ ਮੰਦਿਆਂ, ਗੁਰ ਸੰਗਤ ਦਏ ਰਲਾ । ਗੁਰ ਚਰਨ ਜਗਤ ਛੋੜ ਝੂਠੇ ਧੰਦਿਆ, ਵੇਲੇ ਅੰਤ ਪਕੜੇ ਬਾਂਹ । ਗੁਰ ਚਰਨ ਨਾ ਆਏ ਬੇਮੁਖ ਭਾਗਾਂ ਮੰਦਿਆ, ਪ੍ਰਭ ਅਬਿਨਾਸ਼ੀ ਦੇ ਸਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਢਾਹ ਲਗਾਏ ਆਤਮ ਕੰਧਿਆਂ, ਕਾਇਆ ਕਰੇ ਸਵਾਹ । ਗੁਰ ਚਰਨ ਮਿਟੇ ਅੰਧੇਰਾ । ਗੁਰ ਚਰਨ ਦਿਸੇ ਸਵੇਰਾ । ਗੁਰ ਚਰਨ ਨਾ ਕੋਈ ਜਾਣੇ ਤੇਰਾ ਮੇਰਾ । ਗੁਰ ਚਰਨ ਨਾ ਹੋਏ ਹੇਰਾ ਫੇਰਾ । ਗੁਰ ਚਰਨ ਲੱਖ ਚੁਰਾਸੀ ਵਿਚੋਂ ਮਿਲੇ ਇਕ ਵੇਰਾਂ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੰਨ੍ਹ ਲੈ ਜਾਏ ਗੁਰਸਿਖ ਤੇਰਾ ਬੇੜਾ । ਗੁਰ ਚਰਨ ਗੁਣ ਗੁਣਾ ਗੁਣਵੰਤਾ । ਗੁਰ ਚਰਨ ਪਰਸੇ ਗੁਰਮੁਖ ਵਿਰਲੇ ਸੰਤਾ । ਗੁਰ ਚਰਨ ਪਾਰ ਲੰਘਾਏ ਆਦਿਨ ਅੰਤਾ । ਗੁਰ ਚਰਨ ਸਾਚੀ ਧਾਰ ਜਗਤ ਚਲਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਭਗਵੰਤਾ । ਗੁਰ ਚਰਨ ਸਾਚਾ ਗੁਰ, ਮਾਤਲੋਕ ਚਲ ਆਇਆ ਤੁਰ । ਗੁਰ ਚਰਨ ਗੁਰਸਿਖ ਜੁੜ । ਗੁਰ ਚਰਨ ਨਾ ਖਾਲੀ ਹੱਥ ਜਾਏ ਮੁੜ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁੱਖਾਂ ਰੋਗਾਂ ਪਾਪਾਂ ਆਪ ਪਿਸਾਏ ਜਿਉਂ ਚੱਕੀ ਪੁੜ । ਗੁਰ ਚਰਨ ਗੁਰਸਿਖ ਬੂਝ । ਗੁਰ ਚਰਨ ਮਿਟਾਏ ਦੂਜ । ਗੁਰ ਚਰਨ ਗੁਰਸਿਖ ਜਾਏ ਜੂਝ । ਗੁਰ ਚਰਨ ਗੁਰਮੁਖ ਲੂਝ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੁਝਾਏ ਸਾਚੀ ਬੂਝ । ਗੁਰ ਚਰਨ ਬੂਝ ਵਿਚਾਰੋ । ਗੁਰ ਚਰਨ ਉਤਰਸ ਪਾਰੋ । ਗੁਰ ਚਰਨ ਨਾ ਹੋਏ ਖਵਾਰੋ । ਗੁਰ ਚਰਨ ਸਾਚੀ ਸਰਨ, ਨਾ ਫਿਰੋ ਦਰ ਦਰ ਭਿਖਾਰੋ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵਡ ਸਿਕਦਾਰੋ । ਗੁਰ ਚਰਨ ਸੱਚੀ ਸਿਕਦਾਰੀ । ਗੁਰ ਚਰਨ ਸਾਚੀ ਸਰਦਾਰੀ । ਗੁਰ ਚਰਨ ਸਾਚਾ ਮਿਲੇ ਸ਼ਬਦ ਅਧਾਰੀ । ਗੁਰ ਚਰਨ ਆਤਮ ਜੀਵ ਹੋਏ ਉਜਿਆਰੀ । ਗੁਰ ਚਰਨ ਗੁਰਮੁਖ ਸਾਚੇ ਬਣ ਵਪਾਰੀ । ਗੁਰ ਚਰਨ ਨਾ ਦੀਸੇ ਪਾਸਾ ਹਾਰੀ । ਗੁਰ ਚਰਨ ਸਾਚੀ ਦਿਸੇ ਇਕ ਫੁਲਵਾੜੀ । ਗੁਰ ਚਰਨ ਸਾਧ ਸੰਗਤ ਸਾਚੀ ਲਾੜੀ ।



੩੫੫ ੦੨

ਗੁਰ ਚਰਨ ਰੱਖੇ ਲਾਜ ਗੁਰਸਿਖਾਂ ਦਾਹੜੀ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਵਿਚ ਉਜਾੜੀ । ਗੁਰ ਚਰਨ ਪਰਮਾਨੰਦ । ਗੁਰ ਚਰਨ ਗੁਰ ਉਪਜਾਏ ਨਿਜਾਨੰਦ । ਗੁਰ ਚਰਨ ਦੁਖ ਕਟਾਏ ਬੰਦ ਬੰਦ । ਗੁਰ ਚਰਨ ਆਤਮ ਪੜਦਾ ਢਾਹੇ ਹੋਈ ਕੰਧ । ਗੁਰ ਚਰਨ ਕਰ ਦਰਸ ਅੰਧੇਰ ਗਵਾਏ ਜੋਤ ਜਗਾਏ ਜੋ ਜਨ ਹੋਏ ਅੰਧ । ਗੁਰ ਚਰਨ ਕਰ ਦਰਸ, ਸਾਧ ਸੰਗਤ ਰਸਨ ਨਾ ਲਾਏ ਮਦਿਰਾ ਮਾਸ ਗੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸ ਕਰਾਏ ਪੂਰ ਜੋ ਜਨ ਮੰਗੇ ਬੱਤੀ ਦੰਦ । ਗੁਰ ਚਰਨ ਸਦ ਨਿਮਸਕਾਰੋ । ਗੁਰ ਚਰਨ ਪਾਓ ਮੋਖ ਦਵਾਰੋ । ਗੁਰ ਚਰਨ ਵਸਾਵੇ ਸਚ ਘਰ ਬਾਹਰੋ । ਗੁਰ ਚਰਨ ਚੁੱਕਾ ਡਰ, ਨਾ ਆਵੇ ਜਾਵੇ ਵਾਰੋ ਵਾਰੋ । ਗੁਰ ਚਰਨ ਕਟਾਵੇ ਲੱਖ ਚੁਰਾਸੀ ਗੇੜ ਅਪਾਰੋ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਉਤਰੋ ਪਾਰੋ । ਗੁਰ ਚਰਨ ਆਤਮ ਅਤੀਤੀ । ਗੁਰ ਚਰਨ ਕਾਇਆ ਪਤਤ ਪੁਨੀਤੀ । ਗੁਰ ਚਰਨ ਮਿਲ ਜਾਓ ਹਰਿ ਸਾਚੇ ਮੀਤੀ । ਗੁਰ ਚਰਨ ਆਪ ਬਖ਼ਸ਼ਾਓ ਪਿਛਲੀ ਭੁਲ ਜੋ ਕੀਤੀ । ਗੁਰ ਚਰਨ ਆਪ ਲਗਾਓ ਗੁਰਸਿਖ ਸਚ ਪ੍ਰੀਤੀ । ਗੁਰ ਚਰਨ ਬਲ ਬਲ ਜਾਓ, ਜਿਸ ਕਾਇਆ ਸ਼ਾਂਤ ਕੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਏਕਾ ਰੀਤੀ । ਗੁਰ ਚਰਨ ਇਕ ਦਵਾਰਾ । ਗੁਰ ਚਰਨ ਇਕ ਵਰਤਾਰਾ । ਗੁਰ ਚਰਨ ਇਕ ਭੰਡਾਰਾ । ਗੁਰ ਚਰਨ ਇਕ ਘਰ ਬਾਹਰਾ । ਗੁਰ ਚਰਨ ਇਕ ਰੰਗ ਇਕ ਮੰਗ ਸਾਚੇ ਦਰ ਦਵਾਰਾ । ਗੁਰ ਚਰਨ ਨਾ ਹੋਏ ਭੁੱਖ ਨੰਗ, ਸੋਹੰ ਸ਼ਬਦ ਭਰੇ ਭੰਡਾਰਾ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰੇ ਸਤਿ ਵਰਤਾਰਾ । ਗੁਰ ਚਰਨ ਸਤਿ ਸਤਿ ਵਰਤੇ । ਗੁਰ ਚਰਨ ਲਾਗ ਨਾ ਗੁਰਸਿਖ ਮਰਤੇ । ਗੁਰ ਚਰਨ ਬੁਝਾਏ ਤ੍ਰਿਸ਼ਨਾ ਆਗ, ਨਾ ਗੁਰਮੁਖ ਜਲਤੇ । ਗੁਰ ਚਰਨ ਆਪ ਮਿਟਾਏ ਪਾਪਾਂ ਦਾਗ਼, ਗੁਰਮੁਖ ਸਾਚੇ ਸਦਾ ਹਰ ਹਰੇ ਦਰ ਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰਾਇਆ ਕਾਦਰ ਕਰਤੇ । ਗੁਰ ਚਰਨ ਉਧਰੇ ਜੀਓ । ਗੁਰ ਚਰਨ ਅੰਮ੍ਰਿਤ ਰਸ ਸਾਚਾ ਪੀਓ । ਗੁਰ ਚਰਨ ਆਤਮ ਜੋਤ ਜਗਾਓ ਦੀਓ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਮਲ ਕਰਾਓ ਜੀਓ । ਗੁਰ ਚਰਨ ਸਾਚਾ ਯੋਗ । ਗੁਰ ਚਰਨ ਰਸ ਸਾਚਾ ਭੋਗ । ਗੁਰ ਚਰਨ ਮਿਲੇ ਦਰਸ ਅਮੋਘ । ਗੁਰ ਚਰਨ ਮਿਲੇ ਸੋਹੰ ਚੋਗ । ਗੁਰ ਚਰਨ ਮਿਟੇ ਹਉਮੇ ਰੋਗ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਚਿੰਤਾ ਸੋਗ । ਗੁਰ ਚਰਨ ਗੁਰ ਸਾਚਾ ਦੀਖਿਆ । ਪ੍ਰਭ ਅਬਿਨਾਸ਼ੀ ਸਚ ਪਰੀਖਿਆ । ਗੁਰ ਚਰਨ ਮਿਲੇ ਸਾਚੀ ਭੀਖਿਆ । ਧੁਰ ਦਰਗਾਹੋਂ ਲੇਖ ਜੋ ਲੀਖਿਆ । ਗੁਰ ਚਰਨ ਮਿਲੇ ਸਾਚੀ ਸੀਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਨੇਤਰ ਪੇਖਿਆ । ਦੁਖ ਦਰਦ ਤਨ ਖਾਏ । ਮੂੰਹ ਸੇ ਨਿਕਲੇ ਹਾਏ ਹਾਏ । ਅੰਗ ਅੰਗ ਬੱਧਾ ਨਾ ਕੋਇ ਛੁਡਾਏ । ਔਖਧ ਦਾਰੂ ਸਚ ਲੱਧਾ, ਸੋਹੰ ਨਾਮ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਦੁਖ ਰੋਗ ਲੱਗਾ ਤਨ । ਸੀਤਲ ਹੋਇਆ ਨਾ ਕਦੇ ਮਨ । ਦਿਵਸ ਰੈਣ ਨਾ ਨਿਕਲੇ ਜਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਧੀਰਜ ਬੰਨ੍ਹ । ਸਿਰ ਪੈਰਾਂ ਵਿਚ ਲੱਗੇ ਅੱਗ । ਸੀਨੇ ਖ਼ੂਨ ਰਿਹਾ ਵਗ । ਕਾਇਆ ਸਾਰੀ ਰਹੀ ਦਗ । ਭਾਰ ਨਾ ਝੱਲਣ ਤਨ ਪਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਬੁਝੀ ਜੋਤ ਜਾਏ ਜਗ । ਆਤਮ ਦੁਖ ਆਪੇ ਕੱਢ । ਅੰਧੇਰੀ ਡੂੰਘੀ ਖੱਡ । ਦਿਵਸ ਰੈਣ

ਬੈਠਾ ਰਹੇ ਮੂੰਹ ਅੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੁਖੜਾ ਹਰ ਦੂਰ ਕਰ ਦਰ ਆਈ ਨਿਮਾਣੀ ਡੱਡ । ਦਰ ਆਏ ਕਰ ਪਰਵਾਨ । ਦੁੱਖਾਂ ਪੀੜਿਆ ਤਨ ਜਿਉਂ ਕੋਹਲੂ ਘਾਣ । ਬੱਧਾ ਰਹੇ ਸਦਾ ਮਨ ਪਵਣ ਸਰੂਪੀ ਵਿਚ ਸ਼ਬਦ ਧਰ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਸਰਬ ਪਛਾਣ । ਆਪੇ ਕਰੇ ਸਰਬ ਪਛਾਣਾ । ਪਵਣ ਸਰੂਪੀ ਕੱਢੇ ਮਸਾਣਾ । ਜਿਸ ਨੇ ਕੀਆ ਵਿਚ ਟਿਕਾਣਾ । ਨਾ ਕੋਈ ਦੀਸੇ ਅੰਨ੍ਹਾ ਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੱਡ ਹੱਡ ਆਪ ਛੁਡਾਣਾ । ਪਵਣ ਸਰੂਪ ਵਿੱਚ ਸਮਾਏ । ਜੇ ਕੋਈ ਵੇਖੇ ਦਿਸ ਨਾ ਆਏ । ਦਿਵਸ ਰੈਣ ਰਿਹਾ ਦੁਖ ਵਧਾਏ । ਦੁਖੀਆ ਜੀਵ ਰਿਹਾ ਬਿਲਲਾਏ । ਪ੍ਰਭ ਦਰ ਬੱਧਾ ਛੁੱਟ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭੰਡਾਰਾ ਨਿਖੁੱਟ ਨਾ ਜਾਏ । ਮਸਾਣ ਜਾਏ ਬਾਣ ਜਾਏ ਭੂਤ ਜਾਏ ਭਵਿਖਤ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸਵਾਸ ਚਲਾਏ । ਨਾੜੀ ਨਾੜੀ ਵਿਚ ਸਵਾਸ । ਆਪ ਆਪਣਾ ਕਰੇ ਵਾਸ । ਦੁੱਖਾਂ ਰੋਗਾਂ ਕਰੇ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰ ਬੰਦ ਖ਼ਲਾਸ । ਬੰਦ ਖਲਾਸੀ ਆਪੇ ਕਰ । ਚਰਨ ਦਾਸੀ ਆਪੇ ਕਰ । ਦੁਨੀਆ ਹਾਸੀ ਦੂਰ ਕਰ । ਘਨਕਪੁਰ ਵਾਸੀ ਦੁਖ ਦਰਦ ਨਿਵਾਰ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰਿਸ਼ਨਾ ਭੁੱਖ ਨਿਵਾਰ ਕਰ । ਸੇਵਾ ਕਰੇ ਚਰਨ ਦਵਾਰੇ । ਤਨ ਮਨ ਦੁਖੜੇ ਲੱਥੇ ਭਾਰੇ । ਦਰ ਆਇਆ ਹਰਿ ਕਾਜ ਸਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਜਾਓ ਬਲਿਹਾਰੇ । ਬਲਿਹਾਰੀ ਗੁਰ ਸਾਚੇ ਸੂਰੇ । ਕਾਇਆ ਰੋਗ ਕੀਤੇ ਦੂਰੇ । ਕੱਟੇ ਸੰਗਲ ਵਿਚ ਹਜ਼ੂਰੇ । ਬੱਧਾ ਤਨ ਤਪੇ ਵਾਂਗ ਤੰਦੂਰੇ । ਹਰਿਆ ਕਰੇ ਮਨ ਤਨ, ਸੋਹੰ ਸ਼ਬਦ ਆਤਮ ਭਰਪੂਰੇ । ਪ੍ਰਭ ਸੁਣਾਏ ਕੰਨ, ਉਤਰੇ ਸਗਲ ਵਸੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦ ਰੱਖੇ ਵਿਚ ਹਜ਼ੂਰੇ । ਹਰਿ ਘਰ ਸਾਚਾ ਵਡਾ ਪਾਇਆ । ਦਰ ਦਰਵਾਜਾ ਕੋਈ ਨਜ਼ਰ ਨਾ ਆਇਆ । ਅਨਹਦ ਵਾਜਾ ਇਕ ਵਜਾਇਆ । ਸੋਹਣਾ ਸਾਜਨ ਸਾਜਾ ਗੁਰਸਿਖ ਵਿਚ ਬਹਾਇਆ । ਪਰਗਟੀ ਜੋਤ ਵਿਚ ਦੇਸ ਮਾਝਾ, ਤੀਨ ਲੋਕ ਹੋਏ ਰੁਸ਼ਨਾਇਆ । ਸ੍ਰਿਸ਼ਟ ਸਬਾਈ ਹੋਏ ਭਾਜਾ, ਗੁਰਸਿਖਾਂ ਗੁਰ ਦਰ ਬਹਾਇਆ । ਆਪ ਉਠਾਏ ਮਾਰ ਸੁੱਤਿਆਂ ਵਾਜਾਂ, ਆਪਣੀ ਸਰਨ ਲਿਆਇਆ । ਆਪ ਛੁਡਾਏ ਜਗਤ ਕਾਜਾ, ਝੂਠੇ ਧੰਦਿਆਂ ਜਗਤ ਰਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਬਿਰਦ ਰਖਾਇਆ । ਗੁਰਮੁਖ ਪੂਰਨ ਘਾਲ ਕਰਾਈ । ਤਨ ਮਨ ਜ਼ੰਜਾਲ ਕਟਾਈ । ਆਤਮ ਕੰਗਾਲ ਰਹੇ ਨਾ ਰਾਈ । ਟਿਕਾਏ ਜੋਤ ਇਕ ਰਘੁਰਾਈ । ਵੇਖੇ ਵਿਚਾਰੇ ਭਰਮ ਨਾ ਰਾਈ । ਗੁਰਮੁਖਾਂ ਦੇ ਵਡਿਆਈ ਸੁਣੇ ਲੋਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਹੇ ਦਿਵਸ ਰੈਣ ਜਸ ਗਾਈ । ਦਿਵਸ ਰੈਣ ਜਿਸ ਜਸ ਗਾਇਆ । ਪ੍ਰਭ ਅਬਿਨਾਸ਼ੀ ਰਿਦੇ ਵਸਾਇਆ । ਸਰਬ ਘਟ ਵਾਸੀ ਹੋਏ ਸਹਾਇਆ । ਮਦਿਰਾ ਮਾਸੀ ਵਿਚ ਸੰਗਤ ਰਹਿਣ ਨਾ ਪਾਇਆ । ਆਤਮ ਰੱਖੇ ਸਦਾ ਉਦਾਸੀ, ਦਰ ਦਰ ਫਿਰੇ ਜਿਉਂ ਸੁੱਏ ਘਰ ਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੰਨ੍ਹ ਬੰਨ੍ਹ ਜੂੜ ਜੂੜ ਦੇ ਸਜ਼ਾਇਆ । ਮਦਿਰਾ ਮਾਸੀ ਵਿਚ ਸੰਗਤ ਆਏ । ਨਾ ਕੋਈ ਬੋਲੇ ਨਾ ਬੋਲ ਬੁਲਾਏ । ਹਾਹਾਕਾਰ ਦਰ ਦਰ ਬਿਲਲਾਏ । ਪੂਰਾ ਗੁਰ ਵਿਚ ਮਾਤ ਦੇ ਸਜਾਏ । ਅੱਗੇ ਕੋਈ ਥਾਉਂ ਨਾ ਪਾਏ । ਏਥੇ ਓਥੇ ਗਿਆ ਪਤਿ ਗਵਾਏ । ਸੋ ਜਨ ਉਧਰੇ ਪਾਰ, ਜੋ ਹਰਿ ਸਾਚੇ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਏਕਾ ਰੰਗਤ ਨਾਮ ਗੁਰ ਸੰਗਤ ਆਪ ਚੜ੍ਹਾਏ । ਗੁਰ ਸੰਗਤ ਰੰਗ ਇਕ ਚੜ੍ਹਾਉਣਾ । ਦੂਈ ਦਵੈਤ ਪੜਦਾ ਲਾਹੁਣਾ । ਇਕ ਸ਼ਰਾਇਤ ਸ਼ਬਦ ਲਿਖਾਉਣਾ । ਪੰਚ ਪੰਚਾਇਤ ਰਾਜ ਕਰਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਉਣਾ । ਪੰਚਾਂ ਵਿਚ ਹੋਏ ਪਰਧਾਨਾ । ਪੰਚਾਂ ਦੇਵੇ ਨਾਮ ਨਿਧਾਨਾ । ਪੰਚਾਂ ਹੱਥ ਹਰਿ ਬੱਧਾ ਗਾਨਾ । ਪੰਚਾਂ ਵਿਚ ਹਰਿ ਆਪ ਸਮਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤਖ਼ਤ ਸਚ ਸੁਲਤਾਨ ਵਾਲੀ ਦੋ ਜਹਾਨਾਂ ਦੋ ਜਹਾਨਾਂ ਆਪੇ ਵਾਲੀ । ਲੱਖ ਚੁਰਾਸੀ ਜੀਵ ਉਪਾ ਲੀ । ਨੌਂ ਲੱਖ ਵਿਚ ਜਲ ਰਖਾ ਲੀ । ਯਾਰਾਂ ਲੱਖ ਵਿਚ ਅੰਡਜ ਟਿਕਾ ਲੀ । ਬੀਸ ਲੱਖ ਬਨਾਸਪਤੀ ਉਗਾਲੀ । ਦਸ ਲੱਖ ਢਿਡ ਭਾਰ ਰਿੜਾ ਲੀ । ਤੀਸ ਲੱਖ ਚਾਰ ਪਾਉਂ ਚਲਾ ਲੀ । ਚਾਰ ਲੱਖ ਮਾਨਸ ਦੇਹ ਬਣਾ ਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚ ਸਮਾ ਲੀ । ਚੁਰਾਸੀ ਗੇੜ ਬਣਾਇਆ ਸਾਚਾ ਫੇਰਾ । ਮਾਰੇ ਮਾਰ ਜਵਾਏ ਕਰ ਕਰ ਹੇਰਾ ਫੇਰਾ । ਪ੍ਰਭ ਅਬਿਨਾਸ਼ੀ ਨਾ ਕੋਈ ਸਾਰ ਸਮਾਲੇ, ਨਾ ਕੋਈ ਜਾਣੇ ਪ੍ਰਭ ਸਾਚੇ ਦਾ ਖੁਲ੍ਹਾ ਵਿਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਆਪ ਵਰਤਾਏ, ਗੁਰਸਿਖਾਂ ਗੁਰਮੁਖਾਂ ਬੰਨ੍ਹ ਵਖਾਏ ਬੇੜਾ । ਬੇੜਾ ਬੰਨ੍ਹਿਆ ਜਿਸ ਜਨ ਮੰਨਿਆ । ਹੋਏ ਪਾਲੀ ਜਿਉਂ ਮਾਲ ਚਰਾਏ ਧੰਨਿਆਂ । ਗੁਰਸਿਖਾਂ ਫੁਲ ਟੁੱਟੇ ਨਾ ਡਾਲ੍ਹੀ, ਪ੍ਰਭ ਸਾਚਾ ਬਣਿਆ ਮਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਕਵਲ ਫੁਲ ਸਤਿਜੁਗ ਲੈ ਆਇਆ ਸਾਚੀ ਡਾਲ੍ਹੀ । ਗੁਰਸਿਖ ਗੁਰਮੁਖ ਜਾਣ । ਗੁਰਸਿਖ ਗੁਰ ਇਕ ਸਮਾਣ । ਗੁਰਸਿਖ ਮੇਲ ਇਕ ਭਗਵਾਨ । ਗੁਰਸਿਖ ਸਤਿਜੁਗ ਸਾਚਾ ਸੋਹੰ ਨਿਸ਼ਾਨ । ਗੁਰਸਿਖ ਸਤਿਜੁਗ ਸਾਚੇ ਆਪ ਪਰਗਟੇ ਨਿਹਕਲੰਕ ਬਲੀ ਬਲਵਾਨ । ਗੁਰਸਿਖ ਸਾਚਾ ਇਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚ ਕਰ ਜਾਣ । ਸਤਿ ਸਤਿ ਕਰ ਜਾਨਣਾ । ਤਤ ਤਤ ਤਤ ਕਰ ਗੁਰ ਪਛਾਨਣਾ । ਮਤਿ ਮਤਿ ਮਤਿ ਬੁੱਧ ਸਮਝਾਵਣਾ । ਵੇਲਾ ਅੰਤ ਸਾਚਾ ਵੱਤ ਆਤਮ ਬੀਜ ਸ਼ਬਦ ਬਿਜਾਵਣਾ । ਸਾਚਾ ਲੈਣਾ ਸੂਤ ਕੱਤ, ਰਸਨਾ ਚਰਖਾ ਦਿਵਸ ਰੈਣ ਚਲਾਵਣਾ । ਵੇਲਾ ਗਿਆ ਫਿਰ ਨਾ ਆਵੇ ਹੱਥ, ਜੋਤ ਸਰੂਪੀ ਹਰਿ ਆਪ ਸਮਝਾਵਣਾ । ਬਿਨ ਗੁਰ ਪੂਰੇ ਅੰਤ ਪਏ ਵਿਚ ਨੱਕ ਨੱਥ, ਧਰਮ ਰਾਏ ਚਵੀ ਕੁੰਡ ਵਿਚ ਫਿਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਘਰ ਸਾਚੇ ਦਰ ਜਾਵਣਾ । ਚਵੀ ਕੁੰਡ ਨਰਕ ਨਿਵਾਸ । ਆਪ ਫਿਰਾਏ ਜੋ ਮਦਿਰਾ ਪੀਣ ਖਾਇਣ ਮਾਸ । ਜਮ ਜਮਦੂਤ ਪਕੜ ਲਿਆਇਣ, ਦੂਜ ਕੋਈ ਨਾ ਹੋਵੇ ਪਾਸ । ਕਲਜੁਗ ਜੀਵ ਨਾ ਭੁਲ ਮੌਤ ਭੁੱਖੀ ਫਿਰੇ ਡਾਇਣ, ਲੱਖ ਚੁਰਾਸੀ ਕਰੇ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਜਪ ਸਵਾਸ ਸਵਾਸ । ਸਵਾਸ ਸਵਾਸ ਏਕਾ ਜਾਪ । ਹੋਏ ਸਹਾਈ ਹਰਿ ਪ੍ਰਭ ਆਪ । ਮਿਲੇ ਵਡਿਆਈ ਵਡ ਪਰਤਾਪ । ਜਿਸ ਬਣਤ ਬਣਾਈ ਗੁਰਸਿਖ ਤੇਰਾ ਮਾਈ ਬਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮਾਰੇ ਤੀਨੋ ਤਾਪ । ਗੁਰ ਸੰਗਤ ਮਨ ਵਧਾਈ । ਪਹਿਲੀ ਮਾਘ ਖ਼ੁਸ਼ੀ ਮਨਾਈ । ਵਡ ਵਡ ਭਾਗੀ ਰੁੱਤ ਸੁਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਇਆ ਸੁਖਦਾਈ । ਗੁਰ ਸੰਗਤ ਮਨ ਚਾਉ ਘਨੇਰਾ । ਪ੍ਰਭ ਅਬਿਨਾਂਸ਼ੀ ਲੋਕਮਾਤ ਪਾਇਆ ਫੇਰਾ । ਘਨਕਪੁਰ ਵਾਸੀ ਜੋਤ ਪਰਗਟਾਏ ਨਾ ਲਾਏ ਦੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਪਕ ਜੋਤ ਜਗਾਏ ਮਿਟੇ ਅੰਧੇਰਾ । ਗੁਰ ਸੰਗਤ ਮਨ ਤ੍ਰਿਪਤਾਸਿਆ । ਆਤਮ ਪੂਰਨ ਹੋਈ ਰਹਿਰਾਸਿਆ । ਹਰਿ ਮਿਲਿਆ ਸ਼ਾਹ ਸ਼ਬਾਸ਼ਿਆ । ਆਤਮ ਦੁਖੜਾ

੩੫੮

ਸਾਰਾ ਨਾਸਿਆ । ਜੋਤ ਸਰੂਪੀ ਹਿਰਦੇ ਵਾਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਬੰਦ ਖ਼ਲਾਸਿਆ । ਗੁਰ ਸੰਗਤ ਹਰਿ ਦੇ ਵਡਿਆਈ । ਦਰ ਘਰ ਸਾਚੇ ਖ਼ੁਸ਼ੀ ਮਨਾਈ । ਦਿਵਸ ਰੈਣ ਹਰਿ ਰਸਨਾ ਗਾਈ । ਨਾਮ ਨਿਧਾਨ ਗੁਰ ਦਰ ਤੇ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਈ । ਦਇਆ ਕਮਾਏ ਦਇਆ ਨਿਧ । ਗੁਰਮੁਖਾਂ ਕਰਾਏ ਕਾਰਜ ਸਿੱਧ । ਘਰ ਉਪਜਾਏ ਨਵ ਨਿਧ । ਸ਼ਬਦ ਉਪਜਾਏ ਕੰਨ ਸੁਣਾਏ ਪ੍ਰਭ ਮਿਲਣ ਦੀ ਸਾਚੀ ਬਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਰਜ ਕੀਨੇ ਸਿੱਧ । ਨਿਮਸਕਾਰ ਨਿਮਸਕਾਰ ਗੁਰਦੇਵਾ । ਪ੍ਰਭ ਪਾਇਆ ਅਲਖ ਅਭੇਵਾ । ਗੁਰ ਦਰ ਪਰਵਾਨ ਹੋਈ ਗੁਰ ਸੇਵਾ । ਗੁਰਸਿਖਾਂ ਦੇਵੇ ਹਰਿ ਸੋਹੰ ਸਾਚਾ ਮੇਵਾ । ਗੁਰਮੁਖ ਸਾਚਾ ਦਿਵਸ ਰੈਣ ਜਪੇ ਸਦ ਜੇਹਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ ਵਡ ਦੇਵੀ ਦੇਵਾ । ਗੁਰ ਸੰਗਤ ਮਨ ਰੰਗਿਆ । ਪ੍ਰਭ ਮਿਲਿਆ ਸਾਚਾ ਸੰਗਿਆ । ਮਾਨਸ ਜਨਮ ਨਾ ਹੋਇਆ ਭੰਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਰਖੇ ਬੁਰੇ ਚੰਗਿਆ । ਆਪੇ ਪਰਖੇ ਪਰਖਣਹਾਰਾ । ਆਪੇ ਰੱਖੇ ਰੱਖਣਹਾਰਾ । ਗੁਰਮੁਖ ਸਾਚੇ ਦੋਏ ਜੋੜ ਕਰ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਸਾਚਾ ਸਮਾਂ ਆਪ ਸੁਹਾਇਆ । ਜੋਤ ਸਰੂਪੀ ਦਰਸ ਦਿਖਾਇਆ । ਸਾਧ ਸੰਗਤ ਆਤਮ ਤ੍ਰਿਪਤਾਇਆ । ਦਰ ਆਈ ਸੰਗਤ ਸੋਹੰ ਭਿਛਿਆ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਇਆ । ਸੋਹੰ ਭਿਛਿਆ ਦਰ ਤੇ ਪਾਏ । ਜੋ ਜਨ ਆਏ ਨਾਮ ਤਿਹਾਏ । ਖਾਲੀ ਕੋਈ ਨਾ ਦਰ ਤੋਂ ਜਾਏ । ਆਸਾ ਮਨਸਾ ਪੂਰ ਕਰਾਏ । ਆਤਮ ਸੰਸਾ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰਿਹਾ ਲਿਖਾਏ । ਜੋਤ ਸਰੂਪੀ ਲੇਖ ਲਿਖਾਉਣਾ । ਵੇਖ ਵੇਖ ਗੁਰਸਿਖ ਜਗਾਉਣਾ । ਸ੍ਰਿਸ਼ਟ ਭੇਖ ਸਰਬ ਮਿਟਾਉਣਾ । ਏਕਾ ਲੇਖ ਹਰਿ ਆਪ ਲਿਖਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚਾ ਮੇਲ ਮਿਲਾਉਣਾ । ਗੁਰ ਸੰਗਤ ਸਾਚਾ ਮੇਲ ਮਿਲਾਏ । ਗੁਰ ਸੰਗਤ ਸਾਚਾ ਨਾਮ ਜਪਾਏ । ਗੁਰ ਸੰਗਤ ਸਾਚਾ ਰਾਹ ਦਿਸਾਏ । ਗੁਰ ਸੰਗਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਧਾਮ ਬਹਾਏ । ਗੁਰ ਪੂਰੇ ਸਦ ਨਿਮਸਕਾਰ । ਗੁਰ ਪੂਰੇ ਸਦ ਜਾਓ ਬਲਿਹਾਰ । ਗੁਰ ਪੂਰੇ ਕਲ ਦਿਤਾ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਅਪਾਰ । ਸਾਧ ਸੰਗਤ ਆਪ ਵਡਿਆਏ । ਸਾਚਾ ਬਚਨ ਇਕ ਸੁਣਾਏ । ਗੁਰਮੁਖ ਕੋਈ ਭੁਲ ਨਾ ਜਾਏ । ਮਦਿਰਾ ਮਾਸ ਕੋਈ ਰਸਨ ਨਾ ਲਾਏ । ਸਵਾਸ ਸਵਾਸ ਸੋਹੰ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਵਛ ਸਰੂਪੀ ਦਰਸ ਦਿਖਾਏ । ਦੇਖੇ ਦਰਸ ਗੁਰ ਸੰਗਤ ਸਾਰੀ । ਜੋਤ ਸਰੂਪੀ ਭੇਖਿਆ ਧਾਰੀ । ਮਾਤਲੋਕ ਕਲੰਕਨਿਹ ਨਰ ਅਵਤਾਰੀ । ਕਾਇਆ ਝੂਠੀ ਅਪਰ ਅਪਾਰੀ । ਗੁਰਮੁਖ ਸਾਚੇ ਵਿਚ ਹਰਿ ਜੋਤ ਪਸਾਰੀ । ਅਚਰਜ ਖੇਲ ਕੀਆ ਗਿਰਧਾਰੀ । ਕਿਆ ਕੋਈ ਜਾਣੇ ਕਿਆ ਵਖਾਣੇ ਨਾ ਆਵੇ ਕਿਸੇ ਵਿਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਜਗਤ ਪਸਾਰੀ । ਗੁਰਸਿਖ ਬਹਾਏ ਦਰ ਦਰਵੇਸ਼ । ਜੋਤ ਸਰੂਪੀ ਗੁਰਸਿਖ ਪਰਵੇਸ਼ । ਤਿਸ ਸਾਹਿਬ ਕੋ ਸਦਾ ਆਦੇਸ । ਜੋਤ ਸਰੂਪੀ ਕੀਆ ਵੇਸ । ਦੂਜੀ ਕਾਇਆ ਪਲਟਿਆ ਭੇਸ । ਨਾ ਕੋਈ ਜਾਣੇ ਬ੍ਰਹਮਾ ਵਿਸ਼ਨ ਮਹੇਸ਼ । ਜੁਗੋ ਜੁਗ ਪ੍ਰਭ ਸਾਚੇ ਦਾ ਸਾਚਾ ਵੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਨ ਲੋਕ ਜੋਤ ਸਰੂਪੀ ਇਕ ਮਰਗੇਸ਼ ।

੩੬੦
੦੨

ਇਕ ਰਾਜਾ ਇਕ ਸੁਲਤਾਨ । ਏਕਾ ਕੀਆ ਇਕ ਜਹਾਨ । ਏਕਾ ਜੀਆ ਸੋਹੰ ਫਲ ਗੁਰਮੁਖ ਵਿਰਲੇ ਖਾਣ । ਆਤਮ ਜੋਤ ਜਗੇ ਦੀਆ, ਜੋ ਜਨ ਰਸਨਾ ਗਾਣ । ਬੇਮੁਖ ਪਾਣ ਆਪਣਾ ਕੀਆ, ਪ੍ਰਭ ਅਬਿਨਾਸ਼ੀ ਕਰੇ ਪਛਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਿਸ਼ਨੂੰ ਭਗਵਾਨ । ਵਿਸ਼ਨੂੰ ਭਗਵਾਨ ਵਡ ਬਲਕਾਰੀ । ਤੀਨ ਲੋਕ ਇਕ ਖਿਲਾੜੀ । ਸ਼ਬਦ ਸਰੂਪੀ ਰੱਖੇ ਉਡਾਰੀ । ਆਪੇ ਕਰੇ ਸਰਬ ਖੁਆਰੀ । ਸਾਚਾ ਪ੍ਰਭ ਜਗਤ ਵਿਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੈਠਾ ਮਾਇਆ ਪਸਾਰੀ । ਮੁਕਤ ਦਵਾਰਾ ਗੁਰ ਘਰ । ਜੀਵ ਜੁਗਤ ਦਵਾਰਾ ਗੁਰ ਘਰ । ਜੀਵ ਸੁਰਤ ਦਵਾਰਾ ਗੁਰ ਘਰ । ਜੀਵ ਨਾ ਕਦੇ ਝੂਰਤ ਗੁਰ ਦਵਾਰਾ । ਜੀਵ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਚਰਨ ਪਿਆਰਾ । ਜੀਵ ਜਾਗ ਵਕ਼ਤ ਵਿਹਾਏ । ਜੀਵ ਜਾਗ ਵੇਲਾ ਗਿਆ ਹੱਥ ਨਾ ਆਏ । ਜੀਵ ਜਾਗ ਪ੍ਰਭ ਚਰਨ ਲਾਗ, ਮਾਤ ਜੋਤ ਪਰਗਟਾਏ । ਜੀਵ ਜਾਗ ਧੋ ਦਾਗ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਭੱਠੀ ਆਪ ਚੜ੍ਹਾਏ । ਜੀਵ ਗੁਰ ਦਰ ਆਓ । ਆਪਣੀ ਆਏ ਭੁਲ ਬਖ਼ਸ਼ਾਓ । ਵਡ ਅਮੁੱਲ ਨਾ ਜਨਮ ਗਵਾਓ । ਪ੍ਰਭ ਅਤੁਲ ਸਾਚੇ ਕੰਡੇ ਆਪਣਾ ਆਪ ਤੁਲਾਓ । ਪ੍ਰਭ ਅਡੁੱਲ ਗੁਰ ਚਰਨ ਲਾਗ ਆਪ ਅਡੁੱਲ ਹੋ ਜਾਓ । ਪ੍ਰਭ ਅਭੁੱਲ ਆਪ ਅਭੁੱਲ ਹੋ ਜਾਓ । ਪ੍ਰਭ ਦਰ ਗਿਆ ਖੁਲ੍ਹ, ਸਾਚਾ ਨਾਮ ਲੈ ਘਰ ਜਾਓ । ਨਾ ਕੋਈ ਲੱਗੇ ਏਥੇ ਮੁੱਲ, ਚਰਨ ਪ੍ਰੀਤੀ ਸੇਵ ਕਮਾਓ । ਆਪ ਬਰਖਾਏ ਸੋਹੰ ਫੁੱਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਨਸ ਜਨਮ ਸੁਫਲ ਕਰਾਓ । ਜੀਵ ਜਗਾਇਆ ਦਇਆ ਕਮਾਇਆ । ਦਰਸ ਦਿਖਾਇਆ ਗੁਰਸਿਖ ਬਣਾਇਆ । ਕਲਜੁਗ ਵਿਚੋਂ ਆਪ ਤਰਾਇਆ । ਬਾਂਹੋਂ ਪਕੜ ਸਰਨ ਲਗਾਇਆ । ਆਤਮ ਗਵਾਈ ਅਕੜ, ਆਪਣੇ ਚਰਨੀਂ ਸੀਸ ਧਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਉਪਰ ਦਇਆ ਕਮਾਇਆ । ਗੁਰਸਿਖ ਕਰਮ ਵਿਚਾਰਿਆ । ਪ੍ਰਭ ਸਾਚੇ ਪਾਰ ਉਤਾਰਿਆ । ਜਨਮ ਮਰਨ ਜਗਤ ਸਵਾਰਿਆ । ਜੋਤ ਸਰੂਪੀ ਜਾਮਾ ਮਾਤ ਵਿਚ ਧਾਰਿਆ । ਕਿਰਪਾ ਕਰੇ ਅਪਰ ਅਪਾਰਿਆ । ਦੇਵੇ ਦਰਸ ਕ੍ਰਿਸ਼ਨ ਮੁਰਾਰਿਆ । ਧਰੀ ਜੋਤ ਰਾਮ ਅਵਤਾਰਿਆ । ਨਿਹਕਲੰਕ ਨਾਮ ਲਿਖਾ ਰਿਹਾ । ਸਾਚਾ ਡੰਕ ਸੋਹੰ ਸ਼ਬਦ ਵਜਾ ਰਿਹਾ । ਰਾਜਾ ਰਾਣਾ ਤਖ਼ਤੋਂ ਲਾਹ ਰਿਹਾ । ਰਾਓ ਰੰਕ ਇਕ ਕਰਾ ਰਿਹਾ । ਸਚ ਦਵਾਰ ਬੰਕ ਪਰਗਟ ਜੋਤ ਆਪ ਸੁਹਾ ਰਿਹਾ । ਗੁਰਮੁਖਾਂ ਮਿਟਾਏ ਸ਼ੰਕ, ਸ਼ਬਦ ਸਰੂਪੀ ਸਾਚਾ ਗਿਆਨ ਦਵਾ ਰਿਹਾ । ਬੈਠਾ ਰਹੇ ਸਦ ਅਟੰਕ, ਜੋਤ ਸਰੂਪੀ ਖੇਲ ਵਰਤਾ ਰਿਹਾ । ਗੁਰਮੁਖ ਤਰਾਏ ਜਿਉਂ ਰਾਜਾ ਜਨਕ, ਕੋਟਨ ਪਾਪੀ ਨਾਲ ਤਰਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੀ ਬਣਤ ਬਣਾ ਰਿਹਾ । ਗੁਰਸਿਖ ਤੇਰੀ ਬਣਤ ਬਣਾਈ । ਚਾਰ ਜੁਗ ਮਿਲੇ ਵਡਿਆਈ । ਪਿੰਡ ਬੁੱਗੇ ਲਿਖਤ ਲਿਖਾਈ । ਪਹਿਲੀ ਮਾਘ ਦਇਆ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਰਸਮ ਚਲਾਈ । ਰਸਮ ਚਲਾਏ ਸ਼ਬਦ ਅਪਾਰੇ । ਆਪ ਆਪਣੀ ਕਿਰਪਾ ਧਾਰੇ । ਗੁਰਸਿਖ ਲੇਖ ਲਿਖਾਏ ਅਪਾਰੇ । ਸਦ ਵਸੇ ਅੰਦਰ ਨਾ ਦਿਸੇ ਬਾਹਰੇ । ਏਕਾ ਜੋਤ ਸਚ ਰੰਗ ਕਰਤਾਰੇ । ਏਕਾ ਜੋਤ ਕਲਜੁਗ ਜੀਵ ਭੁੱਲੇ ਗਵਾਰੇ । ਆਓ ਦਰਸ਼ਨ ਪਾਓ ਨੈਣ, ਪ੍ਰਭ ਪਾਪਨ ਪਾਪ ਉਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠਾ ਸਚ ਦਰਬਾਰੇ । ਸਚ ਦਰਬਾਰੇ ਸਾਚਾ ਸ਼ਾਹ । ਸਰਬ ਜੀਆਂ ਸਾਚਾ ਪਾਤਸ਼ਾਹ । ਆਦਿ ਅੰਤ ਸਦ ਬੇਪਰਵਾਹ । ਬਿਨ ਪ੍ਰਭ ਪੂਰੇ ਕੋਈ ਨਾ

ਪਕੜੇ ਗੁਰਸਿਖ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਤਰਾਏ, ਆਪ ਵਡਿਆਏ, ਆਪ ਚੜ੍ਹਾਏ, ਆਪ ਉਠਾਏ, ਆਪ ਬਹਾਏ, ਸਚਖੰਡ ਵਾਸ ਰਖਾਏ, ਜਿਥੇ ਕੋਈ ਜਾਵੇ ਨਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਜੋਤ ਪਰਕਾਸ਼ੀ ਘਨਕਪੁਰ ਵਾਸੀ, ਸ੍ਰਿਸ਼ਟ ਸਬਾਈ ਹੋਏ ਦਾਸੀ, ਗੁਰਮੁਖਾਂ ਮੁਖ ਰਖਾਏ ਸਦਾ ਹਾਸੀ । ਸੋਹੰ ਜਪਣ ਸਵਾਸ ਸਵਾਸੀ । ਕਲਜੁਗ ਮਾਇਆ ਹੋਏ ਦਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਬਲ ਜਾਸੀ । ਬਲ ਬਲ ਬਲ ਬਲਿਹਾਰੇ । ਗੁਰ ਪੂਰੇ ਚਰਨ ਨਿਮਸਕਾਰੇ । ਆਓ ਦਰ ਚੁਕਾਓ ਡਰ, ਵਸਾਓ ਘਰ ਵੇਖ ਵਖਾਓ ਹਰਿ, ਨਾ ਭੁੱਲੋ ਜੀਵ ਗਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਵਿਚ ਜਾਮਾ ਧਾਰੇ । ਜਾਮਾ ਧਾਰਿਆ ਖੇਲ ਅਪਾਰਿਆ ਵੇਖੇ ਸੰਸਾਰਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਕਰੇ ਜੋ ਕਾਰਿਆ । ਮਾਤਲੋਕ ਜੋ ਕਰੇ ਕਾਰੀ । ਵੇਖੇ ਸਰਬ ਨਰ ਨਾਰੀ । ਪ੍ਰਭ ਅਬਿਨਾਸ਼ੀ ਕਰੇ ਖੁਆਰੀ । ਸਰਬ ਭੁਲਾਇਆ ਏਕਾ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਈ ਵੱਜੀ ਵਧਾਈ, ਜੈ ਜੈ ਜੈਕਾਰ ਕਰਾਈ । ਸੋਹੰ ਸਾਚਾ ਸ਼ਬਦ ਵਿਚ ਮਾਤ ਚਲਾਈ । ਸਤਿਜੁਗ ਸਾਚੇ ਪਹਿਲੀ ਮਾਘ ਨੀਂਹ ਰਖਾਈ । ਕਲਜੁਗ ਅਵਧ ਅੰਤ ਮਿਟਾਈ । ਸਾਧ ਸੰਗਤ ਰਿਦੇ ਜਣਾਈ । ਸ਼ਬਦ ਸੁਰਤ ਹਰਿ ਮੇਲ ਮਿਲਾਈ । ਹਰਿ ਗੁਣ ਪ੍ਰਭ ਦੇ ਜਣਾਈ । ਪ੍ਰਭ ਉਪਜਾਏ ਰੁਣ ਝੁਣ, ਧੁਨ ਟੁੱਟ ਨਾ ਜਾਈ । ਸੋਹੰ ਸ਼ਬਦ ਵਜਾਏ ਧੁਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਣੇ ਸਰਬ ਲੋਕਾਈ । ਉਪਜੇ ਧੁਨ ਸ਼ਬਦ ਧੁਨਕਾਰਾ । ਸੰਤ ਜਨਾਂ ਦੇਵੇ ਚਰਨ ਪਿਆਰਾ । ਆਪ ਮਿਲਾਏ ਕਿਰਪਾ ਕਰ, ਜੋਤ ਸਰੂਪੀ ਕੰਤ ਪਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਲਏ ਅਵਤਾਰਾ । ਜੋਤ ਸਰੂਪੀ ਵਡ ਅਵਤਾਰੀ । ਕਲੰਕਨਿਹ ਦੁਸ਼ਟ ਸੰਘਾਰੀ । ਸਾਚਾ ਨੇਂਹ ਗੁਰ ਚਰਨ ਦਵਾਰੀ । ਅੰਮ੍ਰਿਤ ਬਰਸੇ ਮੇਂਹ, ਗੁਰਸਿਖ ਤ੍ਰਿਖਾ ਤ੍ਰਿਸਨਾ ਭੁੱਖ ਨਿਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਪੂਜ ਪੁਜਾਰੀ । ਆਪੇ ਕਰਾਏ ਆਪਣੀ ਪੂਜਾ । ਕਲਜੁਗ ਭੇਖ ਮਿਟਾਏ ਦੂਜਾ । ਸਾਚਾ ਰਾਹ ਹਰਿ ਸਾਚੇ ਸੂਝਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਇਆ ਗੂਝਾ । ਸੋਹੰ ਸ਼ਬਦ ਤੇਰੀ ਸਿਕਦਾਰੀ । ਚਾਰ ਵਰਨ ਸਦ ਰਸਨ ਉਚਾਰੀ । ਵਿਚ ਮਾਤ ਦੇਵੇ ਸਰਦਾਰੀ । ਪਵਣ ਸਰੂਪੀ ਅਸਵ ਅਸਵਾਰੀ । ਚਾਰ ਕੁੰਟ ਕਰਾਏ ਜੈ ਜੈ ਜੈਕਾਰੀ । ਨਵ ਖੰਡ ਵਿਚ ਬ੍ਰਹਿਮੰਡ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਉਂ ਹੋਏ ਜੈ ਜੈ ਜੈਕਾਰੀ । ਜੈ ਜੈ ਜੈਕਾਰ ਹੋਏ ਨਵ ਖੰਡ । ਏਕਾ ਸ਼ਬਦ ਚਲਾਏ ਵਿਚ ਵਰਭੰਡ । ਆਪ ਕਰਮ ਕਮਾਏ, ਸਤਿਜੁਗ ਸਾਚੇ ਨਾ ਕੋਈ ਦੀਸੇ ਰੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਵੰਡ । ਨਹਾਵਣਾ ਕਰ ਚਰਨ ਧੂੜ ਇਸ਼ਨਾਨ । ਧਿਆਵਣਾ ਹਰਿ ਕਾ ਨਾਮ ਭਗਵਾਨ । ਪਾਵਨਾ ਪ੍ਰਭ ਅਬਿਨਾਸ਼ੀ ਬਲੀ ਬਲਵਾਲ । ਦੁਖ ਕਟਾਵਣਾ ਕਰ ਦਰਸ ਵਾਲੀ ਦੋ ਜਹਾਨ । ਭਰਮ ਚੁਕਾਵਣਾ ਘਰ ਆਇਆ ਗੁਣ ਨਿਧਾਨ । ਜਨਮ ਸੁਹਾਵਣਾ ਕਰ ਦਰਸ ਹਰਿ ਮਿਹਰਵਾਨ । ਪੂਰ ਕਰਾਏ ਭਾਵਨਾ, ਜੋ ਜਨ ਚਰਨੀ ਡਿਗੇ ਆਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਗੁਰ ਪੂਰੇ ਬਲ ਬਲ ਜਾਵਣਾ । ਜਿਸ ਦਾ ਦਿਤਾ ਪੀਣਾ ਖਾਵਣਾ । ਸਾਚਾ ਹਰਿ ਆਓ ਦਰ ਆਤਮ ਦਰ ਖੁਲ੍ਹਾਵਣਾ । ਸਾਚਾ ਘਰ ਜਿਥੇ ਅੰਤਮ ਸਿੱਖ ਵਸਾਵਣਾ । ਸਰਨ ਪਰ ਪ੍ਰਭ ਫੇਰ ਜਨਮ ਨਾ ਪਾਵਣਾ । ਸਾਚੀ ਤਰਨੀ ਤਰ, ਨਿਹਕਲੰਕ ਚਰਨੀ ਸੀਸ ਝੁਕਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰ ਕਰਾਏ

ਭਾਵਣਾ । ਗੁਰ ਦਰ ਗੁਰਸਿਖ ਸਾਚੇ ਆਵਣਾ । ਸਾਚਾ ਘਰ ਹਰਿ ਆਪ ਦਿਖਾਵਣਾ । ਜੰਗਲ ਜੂਹ ਵਿਚ ਪਰਭਾਸੇ, ਸਿਰ ਪ੍ਰਭ ਆਪਣਾ ਹੱਥ ਟਿਕਾਵਣਾ । ਵਿਚ ਲੱਖ ਚੁਰਾਸੀ ਨਾ ਗੁਰਸਿਖ ਭਵਾਵਣਾ । ਨਾ ਹੋਏ ਗਰਭ ਵਾਸੇ, ਪ੍ਰਭ ਸੋਹੰ ਨਾਉਂ ਜਪਾਵਣਾ । ਆਪੇ ਕਰੇ ਬੰਦ ਖਲਾਸੇ, ਸਾਚਾ ਦੇਵੇ ਬ੍ਰਹਮ ਗਿਆਨਣਾ । ਮਾਨਸ ਜਨਮ ਕਰਾਏ ਰਾਸੇ, ਪਤਤ ਪਾਪੀ ਸਭ ਤਰਾਵਣਾ । ਜੋ ਜਨ ਰਸਨ ਲਾਏ ਮਦਿਰਾ ਮਾਸ, ਪ੍ਰਭ ਨਰਕ ਨਿਵਾਸ ਰਖਾਵਣਾ । ਦਰ ਆਏ ਜੋ ਕਰ ਜਾਏ ਹਾਸੀ, ਪ੍ਰਭ ਲੱਖ ਚੁਰਾਸੀ ਵਿਚ ਫਿਰਾਵਣਾ । ਸਾਚੀ ਜੋਤ ਘਨਕਪੁਰ ਵਸੀ, ਨਿਹਕਲੰਕ ਨਾਉਂ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਡੰਕ ਵਜਾਵਣਾ । ਸਾਚਾ ਡੰਕ ਸ਼ਬਦ ਵਜਾਵਣਾ । ਰਾਓ ਉਮਰਾਓ ਪਕੜ ਉਠਾਵਣਾ । ਵਡ ਵਡ ਸ਼ਾਹੋ ਖ਼ਾਕ ਰੁਲਾਵਣਾ । ਏਕਾ ਭਾਓ ਜਗਤ ਚਲਾਵਣਾ । ਏਕਾ ਦਾਓ ਨਿਹਕਲੰਕ ਲਗਾਵਣਾ । ਜੂਠ ਝੂਠ ਵਿਚ ਜਗਤ ਵਸਾਵਣਾ । ਆਤਮ ਭੂਖ ਸਰਬ ਸਤਾਵਣਾ । ਬੇਮੁਖਾਂ ਲੱਗੇ ਦੂਖ, ਨਾ ਕਿਸੇ ਮਿਟਾਵਣਾ । ਗੁਰਮੁਖਾਂ ਦੇਵੇ ਹਰਿ ਸਾਚਾ ਸੁਖ, ਆਪਣੀ ਸਰਨ ਲਗਾਵਣਾ । ਸੁਫਲ ਕਰਾਏ ਮਾਤਾ ਕੁਖ, ਸੋਹੰ ਨਾਮ ਜਪਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਾਉਂ ਰਖਾਵਣਾ । ਕਿਰਪਾ ਕਰੇ ਭਗਤ ਭਗਵਾਨਣਾ । ਗੁਰਸਿਖਾਂ ਹੋਵੇ ਆਤਮ ਚਾਨਣਾ । ਸਾਚਾ ਰੰਗ ਗੁਰ ਦਰ ਮਾਨਣਾ । ਹੋਏ ਪਰਕਾਸ਼ ਕੋਟਨ ਭਾਨਣਾ । ਆਇਆ ਘਰ ਆਇਆ ਦਰ, ਜੀਵ ਬਲ ਬਲ ਬਲ ਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਵਣਾ । ਹਰਿ ਮੰਦਰ ਹਰਿ ਆਪ ਸੁਹਾਵਣਾ । ਕਾਇਆ ਅੰਦਰ ਜੋਤ ਜਗਾਵਣਾ । ਹਉਮੇ ਰੋਗ ਅੰਦਰ ਸਰਬ ਮਿਟਾਵਣਾ । ਝੂਠਾ ਫੁਰਨਾ ਬੰਦਰ ਨਸ਼ਟ ਕਰਾਵਣਾ । ਸੋਹੰ ਸਾਚਾ ਡੰਡਾ ਸਿਰ ਪੰਚਾਂ ਲਾਵਣਾ । ਸੋਹੰ ਸਾਚਾ ਖੰਡਾ ਪ੍ਰਭ ਆਪ ਉਠਾਵਣਾ । ਗੁਰਸਿਖਾਂ ਮਾਣ ਦਵਾਏ ਵਿਚ ਵਰਭੰਡਾਂ, ਪ੍ਰਭ ਸਾਚਾ ਕਰਮ ਕਮਾਵਣਾ । ਗੁਰਸਿਖ ਤੇਰੀ ਵਡਿਆਈ ਵਿਚ ਨਵ ਖੰਡਾ, ਨਿਹਕਲੰਕ ਤੇਰਾ ਲੇਖ ਲਿਖਤ ਲਿਖਾਵਣਾ । ਆਪ ਤੁਲਾਏ ਸਾਚਾ ਕੰਡਾ, ਪਾਸਾ ਘਟ ਕਦੇ ਨਾ ਆਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਪਾਸਾ ਸਦ ਨਿਵਾਵਣਾ । ਗੁਰਮੁਖ ਤੇਰਾ ਪਾਸਾ ਭਾਰਾ । ਗੁਰ ਪੂਰਾ ਖੜਾ ਤੇਰੇ ਦਰ ਦਵਾਰਾ । ਸ੍ਰਿਸ਼ਟ ਸਬਾਈ ਕਰੇ ਤੇਰੀ ਪਨਿਹਾਰਾ । ਆਪੇ ਹੋਏ ਤੇਰਾ ਰਖਵਾਰਾ । ਚਾਰ ਚੁਫੇਰੇ ਦੇਵੇ ਪਹਿਰਾ । ਕਿਲਾ ਕੋਟ ਮਨ ਤਨ ਸੋਹੰ ਸ਼ਬਦ ਅਪਾਰਾ । ਨਾ ਕੋਈ ਤੋੜੇ ਤੋੜ ਤੁੜਾਏ, ਨਾਮ ਜਿੰਦਾ ਲਾਏ ਭਾਰਾ । ਨਾ ਕੋਈ ਮੋੜੇ ਮੋੜ ਮੁੜਾਏ, ਖੰਡਾ ਆਪ ਚਲਾਏ ਦੋ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਗੁਰਸਿਖਾਂ ਮਨ ਚੜ੍ਹੇ ਚਾਓ । ਹਰਿ ਪਾਇਆ ਜਨ ਸਾਚਾ ਸ਼ਾਹੋ । ਆਪ ਦਿਸਾਏ ਥਾਉਂ ਅਗੰਮ ਅਥਾਹੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਸਾਚਾ ਰਾਹੋ । ਗੁਰਸਿਖ ਤੇਰੇ ਕਾਟੇ ਬੰਧਨ । ਆਪ ਉਪਜਾਇਆ ਮਾਤ ਜਿਉਂ ਪਰਭਾਸੇ ਚੰਦਨ । ਲੱਖ ਚੁਰਾਸੀ ਕੱਟੇ ਫੰਦਨ । ਆਪ ਉਪਜਾਏ ਪਰਮਾਨੰਦਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰਿਲੋਕੀ ਨੰਦਨ । ਤ੍ਰਿਲੋਕੀ ਨੰਦਨਾ ਗੁਰਸਿਖ ਬਣਾਇਆ ਚੰਦਨਾ । ਆਪ ਬੰਨਾਏ ਸੋਹੰ ਸਾਚੇ ਤੰਦਨਾ । ਆਪ ਚੜ੍ਹਾਏ ਗੁਰ ਦਰ ਆਏ ਤਿਲ ਫੁੱਲ ਕੰਦਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦ ਕਰ ਬੰਦਨਾ । ਤਿਲ ਫੁਲ ਦਰ ਪਰਵਾਨ । ਗੁਰਸਿਖ ਤੇਰਾ ਸਾਚਾ ਮਾਣ । ਦੇਵੇ ਵਡਿਆਈ ਆਪ ਭਗਵਾਨ । ਹੋਏ ਸੁਖਦਾਈ ਚੁੱਕੇ ਕਾਨ । ਏਕਾ ਨਾਮ ਧਿਆਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਗੁਰਸਿਖ

੩੬੨
੦੨

ਸਾਚਾ ਮਿਤ ਕਰ । ਆਪੇ ਸਾਚੀ ਮਤਿ ਧਰ । ਸੋਹੰ ਸਾਚਾ ਤਤ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖੜੇ ਸਾਰੇ ਜਾਏ ਹਰ । ਸਤਿਗੁਰ ਸਾਚਾ ਸਚ ਸੱਜਣ ਪਾਇਆ । ਸਚ ਨਾਮ ਦ੍ਰਿੜਾਇਆ । ਸਾਚਾ ਰਾਹ ਗੁਰਸਿਖ ਦਿਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਮਾਰਗ ਲਾਇਆ । ਮਾਰਗ ਲਾਏ ਕਲ ਅਖ਼ੀਰ । ਆਪ ਮਿਟਾਏ ਵਡ ਪੀਰਨ ਪੀਰ । ਬੇਮੁਖਾਂ ਲਾਹੇ ਤਨ ਦੇ ਚੀਰ । ਬਾਲਕ ਛੱਡਣ ਮਾਤਾ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਦੇਵੇ ਬੇਮੁਖਾਂ ਧੀਰ । ਬੇਮੁਖ ਜੀਵ ਜਗਤ ਬੇਹਾਲਾ । ਬੇਮੁਖ ਜੀਵ ਕਲਜੁਗ ਕੰਗਾਲਾ । ਬੇਮੁਖ ਜੀਵ ਨਾ ਵਕ਼ਤ ਸੰਭਾਲਾ । ਬੇਮੁਖ ਜੀਵ ਨਾ ਛੁਡਾਏ ਜਗਤ ਜੰਜਾਲਾ । ਬੇਮੁਖ ਜੀਵ ਨਾ ਮਿਲਿਆ ਸੋਹੰ ਸੱਚਾ ਧਨ ਮਾਲਾ । ਬੇਮੁਖ ਜੀਵ ਨਾ ਆਇਣ ਗੁਰ ਚਰਨ ਸੱਚੀ ਧਰਮਸਾਲਾ । ਬੇਮੁਖ ਜੀਵ ਧਰਮ ਰਾਏ ਦਰ ਹੋਏ ਹੱਡਾਂ ਪਾਲਾ । ਬੇਮੁਖ ਜੀਵ ਅੰਤਕਾਲ ਕਲ ਦਰ ਘਰ ਸਾਚੇ ਹੋਏ ਮੂੰਹ ਕਾਲਾ । ਕਲਜੁਗ ਜੀਵ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਮਾਰੇ ਕਰ ਬੇਹਾਲਾ । ਬੇਹਾਲ ਬੇਹਾਲ ਬੇਹਾਲ । ਆਪ ਡੁਬਾਏ ਕੁੰਭੀ ਨਰਕ ਡੂੰਘੇ ਤਾਲ । ਹੱਥ ਕੋਈ ਨਾ ਆਵੇ, ਨਾ ਕੋਈ ਸਕੇ ਸੰਭਾਲ । ਸਾਥ ਕੋਈ ਨਾ ਜਾਵੇ, ਜਿਹੜੇ ਜੰਮੇ ਮਾਤਾ ਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਭੰਨੇ ਬੇਮੁਖ ਡਾਲ੍ਹ । ਬੇਮੁਖ ਆਤਮ ਅੰਧ ਅੰਧਿਆਰਾ । ਬੇਮੁਖ ਧੁਰ ਦਰਗਾਹੋਂ ਮਾਰਾ । ਬੇਮੁਖ ਦੁਸ਼ਟ ਦੁਰਾਚਾਰਾ । ਬੇਮੁਖ ਆਤਮ ਚਲਿਆ ਝੂਠ ਹੰਕਾਰਾ । ਬੇਮੁਖ ਦਰ ਦਰ ਫਿਰੇ ਗਵਾਰਾ । ਬੇਮੁਖ ਘਰ ਘਰ ਫਿਰੇ ਝੱਖ ਮਾਰਾ । ਬੇਮੁਖ ਮਾਨਸ ਜਨਮ ਕਲ ਹਾਰਾ । ਬੇਮੁਖ ਅੰਤਕਾਲ ਪਾਵੇ ਦੁਖ ਭਾਰਾ । ਬੇਮੁਖ ਸੋਹੰ ਸ਼ਬਦ ਪ੍ਰਭ ਰਖਾਏ ਸਿਰ ਆਰਾ । ਬੇਮੁਖ ਆਪੇ ਚੀਰੇ ਚੀਰ ਚਿਰਾਏ ਕਰੇ ਦੋ ਫਾੜਾ । ਬੇਮੁਖ ਅੰਤਕਾਲ ਨਾ ਪੱਲੇ ਨਾਉਂ ਭਾੜਾ । ਬੇਮੁਖ ਧਰਮ ਰਾਏ ਚਬਾਏ ਆਪਣੀ ਦਾੜ੍ਹਾ । ਬੇਮੁਖ ਲਾੜੀ ਮੌਤ ਪਰਨਾਏ, ਆਪ ਬਣਾਏ ਲਾੜੀ ਲਾੜਾ । ਬੇਮੁਖ ਰੂੰ ਵਾਂਗ ਪਿੰਜਾਏ ਜਿਉਂ ਤੇਲੀ ਤਾੜਾ । ਬੇਮੁਖ ਤੱਤੇ ਤੇਲ ਵਿਚ ਪਾਏ ਜਿਉਂ ਬਾਣੀਆਂ ਭੱਠ ਚਾੜ੍ਹਾ । ਬੇਮੁਖ ਉਪਰ ਅਗਨ ਨਗਨ ਬਹਾਏ ਆਪ ਲਗਾਏ ਲੰਬੂ ਝਾੜਾ । ਬੇਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਫਿਰਾਏ ਅੰਧ ਅੰਧੇਰ ਵਿਚ ਉਜਾੜਾ । ਬੇਮੁਖ ਧ੍ਰਿਗ ਜੀਵਣਾ । ਬੇਮੁਖ ਧ੍ਰਿਗ ਖਾਣਾ ਪੀਵਣਾ । ਬੇਮੁਖ ਧ੍ਰਿਗ ਪਹਿਨਣਾ ਸੋਵਣਾ । ਬੇਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਬੀਜ ਨਾ ਸਤਿਜੁਗ ਬੋਵਣਾ । ਬੇਮੁਖ ਭਾਗ ਮੰਦੇਰਾ । ਬੇਮੁਖ ਆਤਮ ਅੰਧ ਅੰਧੇਰਾ । ਬੇਮੁਖ ਨਾ ਦੀਸੇ ਸੰਝ ਸਵੇਰਾ । ਬੇਮੁਖ ਛੁਪਾਏ ਕਰ ਕਰ ਹੇਰਾ ਫੇਰਾ । ਬੇਮੁਖ ਦੁਖ ਉਠਾਏ ਨਾ ਆਏ ਚਰਨ ਨੇਰਾ । ਬੇਮੁਖ ਪ੍ਰਭ ਕੁਠ ਵਖਾਏ, ਆਪ ਡੁਬਾਏ ਸ਼ੌਹ ਦਰਿਆਏ ਬੇੜਾ । ਬੇਮੁਖ ਪੁਠ ਟੰਗਾਏ, ਹਰਿ ਬਿਨ ਛੁਡਾਏ ਕਿਹੜਾ । ਬੇਮੁਖ ਝੂਠਾ ਠੂਠਾ ਹੱਥ ਫੜਾਏ, ਨਾਮ ਦਾਨ ਨਾ ਕੋਈ ਪਾਏ, ਨਰਕ ਨਿਵਾਸ ਝੂਠਾ ਵਿਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਕਰੇ ਨਬੇੜਾ । ਬੇਮੁਖ ਵੇਖ ਵਿਚਾਰ । ਬੇਮੁਖ ਸਾਚਾ ਨਾਮ ਰਸਨ ਉਚਾਰ । ਬੇਮੁਖ ਸਿਰ ਦੱਬਾ ਪਾਪਾਂ ਭਾਰ । ਬੇਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਖੁਆਰ । ਬੇਮੁਖ ਖੁਆਰਾ, ਦੁਸ਼ਟ ਦੁਰਾਚਾਰਾ । ਬੇਮੁਖ ਹੰਕਾਰਾ, ਰਿਹਾ ਝੱਖ ਮਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੁਰਕਾਏ ਦਰ ਦਰਬਾਰਾ । ਬੇਮੁਖ ਦੁਸ਼ਟ ਦੁਰਾਚਾਰੀ । ਬੇਮੁਖ ਆਤਮ ਪਾਪਾਂ ਭਰੀ ਭਾਰੀ । ਬੇਮੁਖ ਕਾਇਆ ਹੋਈ ਹੁਸ਼ਿਆਰੀ । ਬੇਮੁਖ ਅੰਤ ਆਇਆ ਪਾਸਾ ਹਾਰੀ । ਬੇਮੁਖ ਝੂਠੀ ਖੇਲ ਕਲ ਖੇਲ

੩੬੩ ੦੨

ਖਿਲਾੜੀ । ਬੇਮੁਖ ਅੰਤ ਉਜੜੀ ਕਰਮਾਂ ਵਾੜੀ । ਬੇਮੁਖ ਜਮਦੂਤਾਂ ਹੱਥ ਫੜਾਈ ਆਪਣੀ ਦਾਹੜੀ । ਬੇਮੁਖਾਂ ਨਾ ਦੀਸੇ ਪਿੱਛਾ ਅਗਾੜੀ । ਬੇਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਇਕੱਠੀ ਵੱਢੇ ਹਾੜੀ । ਬੇਮੁਖ ਛੱਡ ਹੰਕਾਰਾ । ਬੇਮੁਖ ਕਾਇਆ ਝੂਠਾ ਮਹਿਲ ਮੁਨਾਰਾ । ਬੇਮੁਖ ਚਾਰ ਨਦੀਆਂ ਵਹਿਣ ਅੰਦਰ ਜਲ ਧਾਰਾ । ਬੇਮੁਖ ਹਿੰਸਾ ਲੋਭ ਮੋਹ ਹੰਕਾਰਾ । ਬੇਮੁਖ ਨਾ ਕੋਈ ਦੀਸੇ ਪਾਰ ਕਿਨਾਰਾ । ਬੇਮੁਖ ਫਿਰੇ ਵਿਚ ਵਿਚਕਾਰਾ । ਬੇਮੁਖ ਅੰਤਕਾਲ ਗਿਆ ਜਨਮ ਹਾਰਾ । ਬੇਮੁਖ ਕੋਈ ਨਾ ਦੇਵੇ ਅੰਤ ਸਹਾਰਾ । ਬੇਮੁਖ ਸਾਚੇ ਦਰ ਕਰੇ ਪੁਕਾਰਾ । ਬੇਮੁਖ ਧੁਰ ਦਰਗਾਹੋਂ ਗਿਆ ਦੁਰਕਾਰਾ । ਬੇਮੁਖ ਪਕੜ ਲਿਆਇਆ ਧਰਮ ਦਵਾਰਾ । ਬੇਮੁਖ ਹਿਸਾਬ ਕਰਾਇਆ ਪਾਪਾਂ ਭਾਰਾ । ਬੇਮੁਖ ਲੇਖਾ ਵੇਖ ਸ਼ਰਮਾਇਆ, ਦੁਖ ਉਠਾਇਆ ਨਾ ਪਾਵੇ ਸਾਰਾ । ਬੇਮੁਖ ਚਿਤੁਰ ਗੁਪਤ ਤੇਰੇ ਵਿਚ ਰਖਾਇਆ, ਆਪੇ ਕਰੇ ਸਵਾਸ ਵਿਚਾਰਾ । ਬੇਮੁਖ ਭੁਲੇਖੇ ਭਰਮ ਜਨਮ ਗਵਾਇਆ, ਮਦਿਰਾ ਮਾਸ ਰਸਨ ਅਹਾਰਾ । ਬੇਮੁਖ ਆਪਣਾ ਕੀਆ ਆਪੇ ਪਾਇਆ, ਧਰਮ ਰਾਇ ਕਰੇ ਖਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਸਰਬ ਵਿਚਾਰਾ । ਬੇਮੁਖ ਆਤਮ ਹੋਈ ਅੰਧ । ਬੇਮੁਖ ਕਾਇਆ ਪਾਪਾਂ ਕੰਧ । ਬੇਮੁਖ ਰਸਨ ਨਾ ਗਾਇਆ ਪ੍ਰਭ ਅਬਿਨਾਸ਼ੀ ਸਦਾ ਬਖ਼ਸ਼ੰਦ । ਬੇਮੁਖ ਆਪਨਾ ਆਪ ਗਵਾਇਆ ਆਤਮ ਪਰਮਾਨੰਦ । ਬੇਮੁਖ ਆਪਨਾ ਆਪ ਡੁਬਾਇਆ, ਵਿਸ਼ੇ ਵਿਕਾਰਾਂ ਡੂੰਘੇ ਗੰਦ । ਬੇਮੁਖ ਆਪਣਾ ਆਪ ਰੁੜ੍ਹਾਇਆ, ਮਾਇਆ ਮੋਹ ਪਾਇਆ ਫੰਦ । ਬੇਮੁਖ ਆਤਮ ਜਿੰਦਾ ਨਾ ਕਿਸੇ ਤੁੜਾਇਆ, ਹਰਿ ਨਾ ਗਾਇਆ ਬੱਤੀ ਦੰਦ । ਬੇਮੁਖ ਬਾਂਹੋਂ ਪਕੜ ਅੱਗੇ ਲਗਾਇਆ, ਦਰ ਦਰਵਾਜਾ ਹੋਇਆ ਬੰਦ । ਬੇਮੁਖ ਧਰਮ ਰਾਏ ਦੇ ਦਰ ਬਹਾਇਆ ਦੇਵੇ ਸਜ਼ਾਏ ਉਲਟਾ ਟੰਗ । ਸਚ ਨਿਆਉਂ

ਆਪ ਕਰਾਇਆ, ਬੇਮੁਖ ਕੀਨੀ ਕਲਜੁਗ ਕੰਡ । ਸਾਚਾ ਹੁਕਮ ਸਚ ਫ਼ਰਮਾਣ ਆਪ ਸੁਣਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਸਿਰ ਲਾਇਆ ਡੰਡ । ਬੇਮੁਖ ਜੀਵ ਅੰਤਮ ਦੁਖ । ਬੇਮੁਖ ਜੀਵ ਨਾ ਉਤਰੇ ਤ੍ਰਿਸ਼ਨਾ ਭੁੱਖ । ਬੇਮੁਖ ਜੀਵ ਹਰਿ ਬਿਨ ਨਾ ਆਵੇ ਆਤਮ ਸੁਖ । ਬੇਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਏ ਮਾਤ ਗਰਭ ਉਲਟਾ ਰੁੱਖ । ਬੇਮੁਖ ਤੇਰੀ ਆਤਮ ਖੋਟੀ । ਬੇਮੁਖ ਪਕੜੇ ਜਾਇਣ, ਤੇਰੀ ਫੜਾਏ ਚੋਟੀ । ਬੇਮੁਖ ਧਰਮ ਰਾਏ ਦੇ ਸਜ਼ਾਏ, ਆਪ ਲਗਾਏ ਅਗਨ ਤਪਾਈ ਸੋਟੀ । ਬੇਮੁਖ ਤੂੰਬੇ ਵਾਂਗ ਉਡਾਏ, ਮਾਸ ਕਟਾਏ ਬੋਟੀ ਬੋਟੀ । ਬੇਮੁਖ ਪੁੱਠੇ ਬੰਨ੍ਹ ਲਟਕਾਏ, ਹੱਥ ਨਾ ਆਵੇ ਰੋਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਲਾਹੇ ਅੰਤ ਲੰਗੋਟੀ । ਬੇਮੁਖ ਤੇਰਾ ਜਗਤ ਦਵਾਲਾ । ਏਥੇ ਓਥੇ ਨਾ ਕੋਈ ਰਖਵਾਲਾ । ਧਰਮ ਰਾਏ ਕਰਾਏ ਤੇਰਾ ਮੂੰਹ ਕਾਲਾ । ਛਿੱਤਰਾਂ ਹਾਰ ਪਵਾਏ ਬੇਮੁਖ ਤੇਰੀ ਮਾਲਾ । ਕੁੰਭੀ ਨਰਕ ਨਿਵਾਸ ਰਖਾਏ, ਦਿਵਸ ਰੈਣ ਨਾ ਆਏ ਸਵਾਸ ਸੁਖਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਵੇ ਸਰਬ ਜ਼ੰਜਾਲਾ । ਬੇਮੁਖ ਤੇਰੀ ਦੁਰਮਤ ਦੇਹ । ਬੇਮੁਖ ਅੰਤਕਾਲ ਕਲ ਹੋਣਾ ਖੇਹ । ਬੇਮੁਖ ਇਸ ਹੱਥ ਲੇ ਇਸ ਹੱਥ ਦੇ । ਬੇਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠੇ ਮੰਦਰ ਘਰ ਆਪ ਕਰਾਏ ਥੇਹ । ਬੇਮੁਖ ਤੇਰੇ ਊਚੇ ਮੰਦਰ । ਬੇਮੁਖ ਅੰਤਕਾਲ ਵੱਜਣੇ ਜੰਦਰ । ਬੇਮੁਖ ਨਾਮ ਮਾਲ ਨਾ ਤੇਰੇ ਅੰਦਰ । ਬੇਮੁਖ ਕਾਇਆ ਅੰਧੇਰੀ ਡੂੰਘੀ ਕੰਦਰ । ਬੇਮੁਖ ਨੱਕ ਨੱਥ ਪਵਾਏ, ਧਰਮ ਰਾਏ ਫਿਰਾਏ ਜਿਉਂ ਦਰ ਦਰ ਬੰਦਰ । ਬੇਮੁੱਖ ਜਮਦੂਤਾਂ ਵਸ ਕਰਾਏ, ਡੂੰਗਰ ਥਾਉਂ ਬਹਾਏ ਜਿਉਂ ਵਾੜੇ ਡੰਗਰ । ਤਨ ਪਾਟੇ ਚੀਰ ਲੁਹਾਏ, ਤੁਰੇ ਫਿਰਨ ਜਿਉਂ ਦਰ ਦਰ ਕੰਗਰ । ਪ੍ਰਭ ਦਰ ਅੰਦਰ ਰਹਾਏ, ਸਰਬ ਲਿਖਾਏ,

ਮੁਕਾਏ ਚੁਕਾਏ, ਪੜ੍ਹ ਸੁਣਾਏ, ਭਰਮ ਮਿਟਾਏ, ਲਿਖਦਾ ਰਹੇ ਬੈਠਾ ਅੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਨਾ ਦੀਸੇ ਅੰਦਰ । ਬੇਮੁਖ ਤੇਰੀ ਨੀਤੀ ਖੋਟ । ਬੇਮੁਖ ਆਲਨਿਓ ਡਿਗਾ ਕਲਜੁਗ ਬੋਟ । ਬੇਮੁਖ ਖਾਇਆ ਅਨ ਭਰੀ ਪੇਟ । ਬੇਮੁਖ ਸਚ ਸ਼ਬਦ ਨਾ ਲਾਈ ਚੋਟ । ਬੇਮੁਖ ਕਲਜੁਗ ਪਲਿਆ ਝੋਟ । ਬੇਮੁਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਆਤਮ ਕੱਢੇ ਖੋਟ । ਬੇਮੁਖ ਕਲਜੁਗ ਗਿਆ ਭੂਲ । ਬੇਮੁਖ ਆਪ ਗਵਾਇਆ ਆਪਣਾ ਮੂਲ । ਬੇਮੁਖ ਆਪ ਲਗਾਈ ਪਾਪਾਂ ਆਤਮ ਸੂਲ । ਬੇਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਭੰਨੀ ਕਾਇਆ ਚੂਲ । ਬੇਮੁਖ ਤੇਰੀ ਝੂਠੀ ਵੰਡ । ਬੇਮੁਖ ਆਈ ਕਲਜੁਗ ਕੰਡ । ਬੇਮੁਖ ਝੂਠੀ ਮਾਟੀ ਕਾਇਆ ਅੰਡ । ਬੇਮੁਖ ਝੂਠੀ ਪਾਏ ਜਗਤ ਡੰਡ । ਬੇਮੁਖ ਕੋਈ ਨਾ ਪਾਏ ਸੀਨੇ ਠੰਡ । ਬੇਮੁਖ ਪੱਲੇ ਬੱਧੀ ਪਾਪਾਂ ਗੰਢ । ਬੇਮੁਖ ਦਰ ਦੁਰਕਾਇਆ, ਨਾ ਸੁਹਾਗਣ ਨਾ ਉਹ ਰੰਡ । ਬੇਮੁਖ ਧਰਮ ਰਾਏ ਤੁੜਾਏ ਸਰਬ ਘਮੰਡ । ਬੇਮੁਖਾਂ ਝੂਠਾ ਭੰਨ ਵਖਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਭਾਂਡਾ ਵਿਚ ਵਰਭੰਡ । ਬੇਮੁਖ ਜੀਵ ਰਿਹਾ ਸੋਇਆ । ਜਗਤ ਵਿਹਾਰਾਂ ਰਿਹਾ ਮੋਹਿਆ । ਅੱਗਾ ਯਾਦ ਨਾ ਆਇਆ ਕੋਇਆ । ਪਾਪਾਂ ਮੈਲ ਨਾ ਆਪਣਾ ਧੋਇਆ । ਸਾਚਾ ਬੀਜ ਨਾਮ ਨਾ ਬੋਇਆ । ਰਸਨਾ ਹੱਲ ਨਾ ਕਾਇਆ ਅੰਦਰ ਜੋਇਆ । ਨਾ ਘੜੀ ਨਾ ਪੱਲ, ਪ੍ਰਭ ਅਬਿਨਾਸ਼ੀ ਰਿਦੇ ਵਸੋਇਆ । ਵੇਲਾ ਅੰਤ ਨਾ ਜਾਏ ਟਲ, ਧਰਮ ਰਾਏ ਵਾਂਗ ਬੱਕਰੇ ਕੋਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਦਰਗਹਿ ਸਾਚੀ ਦੇਵੇ ਢੋਹਿਆ । ਦਰਗਹਿ ਸਾਚੀ ਮਿਲੇ ਨਾ ਢੋਈ । ਬੇਮੁਖਾਂ ਰਾਹ ਦੀਸੇ ਨਾ ਕੋਈ । ਸ੍ਰਿਸ਼ਟ ਸਬਾਈ ਕਲਜੁਗ ਸੋਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਬੇਮੁਖ ਜਗਤ ਧਰੋਹੀ । ਬੇਮੁਖ ਆਤਮ ਮੂੜ੍ਹ । ਬੇਮੁਖ ਕਾਇਆ ਜੂੜ । ਬੇਮੁਖ ਧਰਮ ਰਾਏ ਉਡਾਏ ਜਿਉਂ ਕਿਰਸਾਨਾ ਤੂੜ । ਬੇਮੁਖ ਆਪ ਪਿੜਾਏ ਜਿਉਂ ਵੇਲਨਾ ਗੰਨੇ ਬੂੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਦੇਵੇ ਚਰਨ ਧੂੜ । ਬੇਮੁਖ ਨਾ ਮਿਲੇ ਧੂੜ ਚਰਨ । ਅੰਤਕਾਲ ਦੁਖ ਦੁਖ ਡਾਹਢਾ ਭਰਨ । ਸੰਸਾਰ ਸਾਗਰ ਔਖਾ ਹੋਇਆ ਤਰਨ । ਅੱਗਾ ਪਿੱਛਾ ਕੋਈ ਨਾ ਦੀਸੇ ਅਧਵਿਚਕਾਰੇ ਬੈਠੇ ਡਰਨ । ਪਾਪਾਂ ਚੱਕੀ ਆਪੇ ਪੀਸੇ ਆਪਣਾ ਕੀਆ ਆਪੇ ਭਰਨ । ਧਰਮ ਰਾਏ ਚੁਕਾਏ ਵਿਸ਼ਟਾ ਸੀਸੇ, ਹਾਏ ਹਾਏ ਹਾਏ ਪਏ ਕਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਆਪ ਲਗਾਏ ਆਪਣੀ ਸਰਨ । ਬੇਮੁਖ ਉਲਟਾ ਮਘ । ਬੇਮੁਖ ਆਤਮ ਤਨ ਰਹੇ ਤ੍ਰਿਸਨਾ ਅੱਗ । ਬੇਮੁਖ ਝੂਠੇ ਧੰਦੇ ਲੱਗਾ ਜਗ । ਬੇਮੁਖ ਆਤਮ ਅੰਧੇ ਹੰਸ ਬਣਿਓ ਕਗ । ਬੇਮੁਖ ਮਦਿਰਾ ਮਾਸੀ ਗੰਦੇ, ਭੱਜ ਜਾਏ ਵਾਂਗ ਕਾਚੀ ਵੰਗ । ਬੇਮੁਖ ਦਰ ਘਰ ਵੱਜਣ ਜਿੰਦੇ, ਸਾਚਾ ਟੁੱਟਾ ਨਾਮ ਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਜੜ੍ਹ ਤੇਰੀ ਕਰੇ ਭੰਗ । ਬੇਮੁਖਾਂ ਪ੍ਰਭ ਜੜ੍ਹ ਉਖਾੜੇ । ਕਲਜੁਗ ਅੰਤ ਆਏ ਦਿਨ ਮਾੜੇ । ਬੇਮੁਖ ਪ੍ਰਭ ਅਬਿਨਾਸ਼ੀ ਕਰੇ ਦੋ ਫਾੜੇ । ਬੇਮੁਖ ਧਰਮ ਰਾਏ ਚਲਾਏ ਜਿਉਂ ਟੱਟੂ ਭਾੜੇ । ਬੇਮੁਖ ਜਮਦੂਤ ਪਠਾਏ, ਜਿਉਂ ਸ਼ਿਕਾਰੀ ਮਿਰਗ ਉਜਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅਗਨ ਲਗਾਏ ਬਹੱਤਰ ਨਾੜੇ । ਬੇਮੁਖ ਨਾ ਮਿਲੇ ਸੁਖ । ਬੇਮੁਖ ਨਾ ਉਤਰੇ ਭੁੱਖ । ਬੇਮੁਖ ਆਤਮ ਚਿੰਤਾ ਲੱਗਾ ਦੁਖ । ਬੇਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਖਾੜੇ ਵਡ ਮੁਨਾਰੇ ਜਿਥੇ ਸੁੱਤਾ ਪੈਰ ਪਸਾਰੇ ਝੂਠੇ ਰੁੱਖ । ਬੇਮੁਖ ਨਾ ਸੰਗੀ ਕੋਇ । ਬੇਮੁਖ ਨਾ ਮਿਲੇ ਢੋਏ । ਬੇਮੁਖ ਕਲਜੁਗ ਰਹੇ ਸੋਏ । ਬੇਮੁਖ ਧਰਮ ਰਾਏ ਤਾਰਾਂ ਵਿਚ

ਪਰੋਏ । ਬੇਮੁਖ ਬੱਤੀ ਧਾਰਾਂ ਨਾ ਕੋਇ ਬਖ਼ਸ਼ੋਏ । ਬੇਮੁਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਨਾ ਦੇਵੇ ਢੋਏ । ਬੇਮੁਖ ਜਗਤ ਚੰਡਾਲਾ । ਬੇਮੁਖ ਜਗਤ ਕੰਗਾਲਾ । ਬੇਮੁਖ ਨਾ ਜਗਤ ਵਕਤ ਸੰਭਾਲਾ । ਬੇਮੁਖ ਨਾ ਲਿਆ ਨਾਮ ਦਲਾਲਾ । ਬੇਮੁਖ ਨਾ ਜਪਿਆ ਰਾਮ ਸੁਖਾਲਾ । ਬੇਮੁਖ ਟੁੱਟਾ ਅੰਬ ਲੱਗਿਆ ਡਾਲ੍ਹਾ । ਬੇਮੁਖ ਵੇਲੇ ਅੰਤ ਗਿਆ ਕੰਬ, ਜਮਦੂਤਨ ਖੜੇ ਆਣ ਦੁਆਲਾ । ਬੇਮੁਖ ਲਿਆ ਝੰਬ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਪੰਚ ਪੰਜਾਲਾ । ਬੇਮੁਖ ਤਨ ਅਗਨ । ਬੇਮੁਖ ਤਨ ਨਗਨ । ਬੇਮੁਖ ਝੂਠੀ ਮਾਇਆ ਝੂਠਾ ਸਗਣ । ਬੇਮੁਖ ਝੂਠੇ ਧੰਦੇ ਝੂਠੀ ਲਗਨ । ਬੇਮੁਖ ਝੂਠੇ ਬੰਦੇ ਅੰਤ ਦਗਨ । ਬੇਮੁਖ ਮਦਿਰਾ ਮਾਸੀ ਗੰਦੇ ਵਿਚ ਅਗਨ ਜਗਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੇ ਫੰਦਨ ਬੇਮੁਖਾਂ ਝੂਠਾ ਸਾਦ । ਬੇਮੁਖ ਕਰੇ ਝੂਠ ਵਿਵਾਦ । ਬੇਮੁਖ ਰਸਨ ਵਜਾਏ ਝੂਠਾ ਨਾਦ । ਬੇਮੁਖ ਆਪਣਾ ਆਪ ਨਾ ਲਿਆ ਸਾਧ । ਬੇਮੁਖ ਵੇਲੇ ਅੰਤ ਨਾ ਕੋਈ ਦੇਵੇ ਦਾਦ । ਬੇਮੁਖ ਪ੍ਰਭ ਅਬਿਨਾਸ਼ੀ ਨਾ ਲਿਆ ਅਰਾਧ । ਬੇਮੁਖ ਆਤਮ ਭਰੀ ਝੂਠੇ ਰਸ ਸਵਾਦ । ਬੇਮੁਖ ਰਸਨ ਨਾ ਗਾਇਆ ਹਰੀ, ਇਕ ਘੜੀ ਨਾ ਕੀਆ ਯਾਦ । ਵੇਲੇ ਅੰਤ ਔਖੀ ਬਣੀ, ਨਾ ਕੋਈ ਸੁਣੇ ਫਰਿਯਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਿੜਾਏ ਜਿਉਂ ਵੇਲਣੇ ਵਿਚ ਕਮਾਦ । ਬੇਮੁਖ ਕਲ ਛੱਡ ਵਿਹਾਰਾ । ਬੇਮੁਖ ਕਲ ਝੂਠਾ ਵਣਜ ਵਪਾਰਾ । ਬੇਮੁਖ ਸਾਚਾ ਕਰਮ ਨਾਮ ਅਧਾਰਾ । ਬੇਮੁਖ ਆਤਮ ਧਰ ਹਰਿ ਜੂ ਪਿਆਰਾ । ਬੇਮੁਖ ਸਦ ਡਰ, ਭੈ ਕਰ ਪ੍ਰਭ ਗਿਰਧਾਰਾ । ਬੇਮੁਖ ਭਾਣਾ ਜਰ, ਆਪ ਆਪਣੇ ਸਾਚੇ ਘਰ ਖੁਲ੍ਹਾ ਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਹੋਰ ਝੂਠਾ ਵਣਜ ਵਪਾਰਾ । ਬੇਮੁਖ ਗਲ ਪਾਇਆ ਪਾਪਾਂ ਹਾਰਾ । ਬੇਮੁਖ ਨਾ ਆਇਆ ਚਲ ਗੁਰ ਦਵਾਰਾ । ਬੇਮੁਖ ਕਰਮ ਧਰਮ ਨਾ ਦੋਏ ਵਿਚਾਰਾ । ਬੇਮੁਖ ਧਰਮ ਸ਼ਰਮ ਭੁੱਲਾ ਸੰਸਾਰਾ । ਬੇਮੁਖ ਸਾਚਾ ਬ੍ਰਹਮ ਮਨੋਂ ਵਿਸਾਰਾ । ਬੇਮੁਖ ਮਾਨਸ ਜਨਮ ਕਲਜੁਗ ਹਾਰਾ । ਬੇਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਦੁਰਕਾਰਾ । ਬੇਮੁਖ ਤੁੱਟੇ ਧੀਰ । ਬੇਮੁਖ ਹਉਮੇ ਰਹੇ ਪੀੜ । ਬੇਮੁਖ ਪ੍ਰਭ ਸਾਚਾ ਜਾਏ ਪੀੜ । ਬੇਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਤੋੜੇ ਹੱਡੀ ਰੀੜ । ਬੇਮੁਖ ਜੀਵ ਕਲ ਅੰਞਾਣ । ਬੇਮੁਖ ਸਾਚਾ ਘਰ ਸੁੰਞ ਮਸਾਣ । ਬੇਮੁਖ ਆਤਮ ਛੱਡ ਸਰਬ ਗੁਮਾਨ । ਬੇਮੁਖ ਹਿੰਸਾ ਛੱਡ ਕਰ ਚਰਨ ਧਿਆਨ । ਬੇਮੁਖ ਮੰਗ ਦੋਵੇਂ ਹੱਥ ਅੱਡ, ਦੇਵਣਹਾਰ ਆਪ ਭਗਵਾਨ । ਬੇਮੁਖ ਆਪਣਾ ਕੀਆ ਲੈਣਾ ਭਰ ਵਡ ਅੱਗੇ ਬੈਠਾ ਚਤੁਰ ਸੁਜਾਨ । ਆਪ ਵਜਾਏ ਆਪਣਾ ਢਿਡ, ਮੰਗਿਆ ਮਿਲੇ ਨਾ ਕੋਈ ਪਕਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਬੇਮੁਖਾਂ ਦੇਵੇ ਦੁਖ ਮਹਾਨ । ਬੇਮੁਖ ਅੰਤ ਬਿਲਲਾਏ । ਬੇਮੁਖ ਅੰਤ ਤੜਫਾਏ । ਬੇਮੁਖ ਅੰਤ ਕਰਨ ਹਾਏ ਹਾਏ । ਬੇਮੁਖ ਧਰਮ ਰਾਏ ਦੇ ਸਜਾਏ । ਬੇਮੁਖ ਆਪਣੇ ਆਪ ਰਹੇ ਪਛਤਾਏ । ਬੇਮੁਖ ਆਪਣਾ ਗਏ ਮੂਲ ਗਵਾਏ । ਬੇਮੁਖ ਮਾਨਸ ਜਨਮ ਕਵਲ ਫੁੱਲ ਗਏ ਡੁਬਾਏ । ਬੇਮੁਖ ਉਪਰ ਧਰਤ ਧਵਲ ਗਏ ਪਾਪ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਆਪੇ ਦੇ ਸਜਾਏ । ਬੇਮੁਖ ਸਦਾ ਵਿਜੋਗ । ਬੇਮੁਖ ਝੂਠਾ ਰਸ ਰਿਹਾ ਭੋਗ । ਬੇਮੁਖ ਆਤਮ ਟੁੱਟੇ ਨਾ ਚਿੰਤਾ ਸੋਗ । ਬੇਮੁਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਲਾਇਆ ਹਉਮੇ ਰੋਗ । ਬੇਮੁਖ ਹਉਮੇ ਛੱਡ । ਆਤਮ ਹੰਕਾਰ ਵਿਚੋਂ ਕੱਢ । ਜੇਹਾ ਬੀਜੇ ਤੇਹਾ ਅੱਗੇ ਲੈਣਾ ਵੱਢ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਦੇਵੇ ਲੇਖਾ ਛੱਡ । ਬੇਮੁਖ ਔਖਾ ਦੇਣਾ ਸਚ ਘਰ ਲਹਿਣਾ । ਬੇਮੁਖ


੩੬੬
੦੨

੩੬੭ ੦੨

ਝੂਠੇ ਵਹਿਣ ਨਾ ਕਲਜੁਗ ਵਹਿਣਾ । ਬੇਮੁਖ ਕੋਈ ਨਾ ਸਾਥੀ ਸੱਜਣ ਸਾਕ ਭਾਈ ਭੈਣਾਂ । ਬੇਮੁਖ ਸਾਚਾ ਫਲ ਦਰਗਹਿ ਸਾਚੀ ਲੈਣਾ । ਬੇਮੁਖ ਝੂਠੇ ਜੂਠੇ ਮਿਲੇ ਨਾ ਉਥੇ ਬਹਿਣਾ । ਬੇਮੁਖ ਸਾਚਾ ਭਾਣਾ ਸਿਰ ਤੇ ਸਹਿਣਾ । ਬੇਮੁਖਾਂ ਧਰਮ ਰਾਏ ਚੁਕਾਏ ਸਾਚਾ ਲਹਿਣਾ । ਬੇਮੁਖ ਜਮਦੂਤ ਡੰਡ ਪਵੇ ਸਹਿਣਾ । ਬੇਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਲਹਿਣਾ ਦੇਣਾ । ਬੇਮੁਖ ਆਪਣਾ ਕਰਮ ਵਿਚਾਰ । ਅੰਤ ਨਾ ਲੱਗੇ ਬੇੜਾ ਪਾਰ । ਬੇਮੁਖ ਡੁੱਬੇ ਵਿਚ ਅੰਧਕਾਰ । ਨਾ ਕੋਈ ਦੀਸੇ ਪਾਰ ਕਿਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਕਰੇ ਖੁਆਰ । ਬੇਮੁਖ ਤੇਰੀ ਮੌਤ ਲਾੜੀ । ਘਰ ਵਿਆਹ ਲੈ ਜਾਏ ਉਜਾੜੀ । ਵਿਚ ਅਗਨ ਤਤ ਦੇਵੇ ਸਾੜੀ । ਉਡੇ ਖ਼ਾਕ ਮਿਲ ਜਾਵੇ ਝਾੜੀ । ਅੰਤਮ ਅੰਤ ਕਲ ਨਾ ਦਿਸੇ ਅਗਾੜੀ । ਕਰਮਾਂ ਫਲ ਨਾ ਬੋਇਆ ਹਾੜੀ । ਵੇਲਾ ਜਾਏ ਨਾ ਟਲ, ਧਰਮ ਰਾਏ ਫੜੇ ਫੜ ਕੁਠੇ ਦਾਹੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਲਿਖਾਏ ਕਿਸਮਤ ਮਾੜੀ । ਬੇਮੁਖ ਤੇਰੇ ਆਤਮ ਚੋਰ । ਬੇਮੁਖ ਵਿਚ ਵਸਣ ਪੰਜ ਹਰਾਮ ਖੋਰ । ਬੇਮੁਖ ਦਿਵਸ ਰੈਣ ਪੌਂਦੇ ਰਹਿਣ ਸ਼ੋਰ । ਬੇਮੁਖ ਆਪਣਾ ਆਪ ਸੰਭਾਲ ਨਾ ਜਨਮ ਗਾਲ ਕਿਉਂ ਹੋਇਉਂ ਢੋਰ । ਬੇਮੁਖ ਆਪਣਾ ਆਪ ਕਿਉਂ ਗਾਲ ਨਰਕੀ ਘੋਰ । ਬੇਮੁਖ ਅੰਤਕਾਲ ਮਲ ਮੂਤਰ ਪ੍ਰਭ ਭਾਂਡਾ ਦੇਵੇ ਫੋੜ । ਬੇਮੁਖ ਅੰਤਕਾਲ ਉਖੜੇ ਤੇਰਾ ਕਾਇਆ ਰੂਪੀ ਬੋਹੜ । ਬੇਮੁਖ ਤੇਰੀ ਦੇਹੀ ਚਲੇ ਕੋਹੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਤੁੜਾਏ ਤੇਰੇ ਹੱਡ ਹੱਡ ਜੋੜ ਜੋੜ । ਹੱਡ ਹੱਡ ਦੀਨੇ ਵੱਢ । ਭਰਮ ਭੁਲੇਖੇ ਦੇਣੇ ਕੱਢ । ਲਹਿਣੇ ਦੇਣੇ ਨਾ ਦੇਣੇ ਛੱਡ । ਆਪਣਾ ਕੀਆ ਲੈਣਾ ਵੱਢ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਿਠਾਏ ਵਿਚ ਅੰਧੇਰੀ ਖੱਡ । ਹਰਿ ਜਨਾਂ ਹਰਿ ਨਾਮ ਧਿਆਇਆ । ਹਰਿ ਜਨਾਂ ਹਰਿ ਮੰਗਲ ਗਾਇਆ । ਹਰਿ ਜਨਾਂ ਹਰਿ ਰਿਦੇ ਵਸਾਇਆ । ਹਰਿ ਜਨਾਂ ਹਰਿ ਨਵ ਨਿਧ ਉਪਜਾਇਆ । ਹਰਿ ਜਨਾਂ ਹਰਿ ਕਾਰਜ ਸਿੱਧ ਆਪ ਕਰਾਇਆ । ਹਰਿ ਜਨਾਂ ਹਰਿ ਮਨ ਤਨ ਵਿਧੇ, ਸੋਹੰ ਤੀਰ ਚਲਾਇਆ । ਹਰਿ ਜਨਾਂ ਆਪ ਬਣਾਏ ਬਿਧੇ, ਸ਼ਬਦ ਸਰੂਪੀ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਜਨਾਂ ਦੇ ਵਿਚ ਸਮਾਇਆ । ਹਰਿਜਨ ਹਰਿ ਕਾ ਰੂਪ । ਹਰਿਜਨ ਸਤਿ ਸਰੂਪ । ਹਰਿਜਨ ਹਰਿ ਏਕਾ ਰੂਪ । ਹਰਿਜਨ ਜਨ ਹਰਿ ਏਕਾ ਸੂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਡਰ ਜਮਦੂਤ । ਜਨ ਜਨ ਹਰਿ ਹਰਿ ਕੇ ਭਾਏ । ਹਰਿ ਹਰਿ ਨਾਮ ਧਿਆਏ । ਜਨ ਹਰਿ ਹਰਿ ਸੋਹੰ ਰਸਨਾ ਗਾਏ । ਜਨ ਹਰਿ ਹਰਿ ਸਦ ਰਿਦੇ ਵਸਾਏ । ਜਨ ਹਰਿ ਹਰਿ ਹਰਿ ਕਰ ਭਵ ਸਾਗਰ ਬੇੜਾ ਪਾਰ ਤਰਾਏ । ਜਨ ਹਰਿ ਹਰਿ ਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਏ ਏਕਾ ਥਾਂ ਬਹਾਏ । ਹਰਿਜਨ ਹਰਿ ਵਿਚ ਸਮਾਣਾ । ਹਰਿਜਨ ਹਰਿ ਤੇਰੇ ਵਿਚ ਟਿਕਾਣਾ । ਜਨ ਹਰਿ ਹਰਿ ਜਨ ਹਰਿ ਆਪਣਾ ਆਪ ਪਛਾਣਾ । ਹਰਿਜਨ ਜਨ ਹਰਿ ਸਾਚਾ ਵੇਖ ਜੋਤ ਸਰੂਪ ਹਰਿ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੀਸੇ ਸਚ ਟਿਕਾਣਾ । ਹਰਿਜਨ ਹਰਿ ਧਿਆਏ । ਹਰਿਜਨ ਹਰਿ ਗਾਏ । ਹਰਿਜਨ ਅਮਰਾ ਪਦ ਪਾਏ । ਹਰਿਜਨ ਹਰਿ ਸਦ ਘਰ ਲੈ ਜਾਏ । ਹਰਿ ਜਨ ਦਿਵਸ ਰੈਣ ਸਦ ਛੰਦ ਹਰਿ ਕੇ ਗਾਏ । ਜਨ ਹਰਿ ਹਰਿ ਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਸੰਗ ਰਖਾਏ । ਹਰਿਜਨ ਹਰਿ ਕਾ ਮੀਤ । ਹਰਿ ਜਨ ਹਰਿ ਏਕਾ ਰੀਤ । ਹਰਿਜਨ ਹਰਿ ਸਾਚੀ ਚਰਨ ਕਵਲ ਪ੍ਰੀਤ । ਹਰਿ ਜਨ ਹਰਿ ਚਰਨ ਲਾਗ ਜਾਏ ਜਨਮ ਜੀਤ । ਹਰਿਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਕਾਇਆ ਕਰੇ ਸੀਤ । ਹਰਿਜਨ ਹਰਿ ਕਾ ਪਿਆਰਾ । ਹਰਿਜਨ ਗਾਏ ਹਰਿ ਦਵਾਰਾ । ਹਰਿਜਨ ਪਾਏ ਮੋਖ ਦਵਾਰਾ । ਹਰਿਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸ਼ਬਦ ਭੰਡਾਰਾ । ਹਰਿਜਨ ਹਰਿ ਰੰਗ ਰਾਤਾ । ਹਰਿਜਨ ਹਰਿ ਆਪ ਪਛਾਤਾ । ਹਰਿਜਨ ਹਰਿ ਪਿਤ ਮਾਤਾ । ਹਰਿਜਨ ਹਰਿ ਇਕ ਰੰਗ ਰੰਗਾਤਾ । ਹਰਿ ਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਆਪਣੇ ਰੰਗ ਸਮਾਤਾ । ਜਨ ਹਰਿ ਹਰਿ ਰੰਗ ਰੰਗਿਆ । ਜਨ ਹਰਿ ਸਾਚਾ ਦਰਸ ਦਾਨ ਦਰ ਮੰਗਿਆ । ਜਨ ਹਰਿ ਸਾਚੇ ਘਰ ਮੂਲ ਨਾ ਸੰਗਿਆ । ਜਨ ਹਰਿ ਵੇਲੇ ਅੰਤ ਖੁਲ੍ਹੇ ਦਰ, ਸਚ ਦਰਗਾਹੇ ਲੰਘਿਆ । ਜਨ ਹਰਿ ਚੁਕਿਆ ਡਰ ਗਿਆ ਘਰ, ਪ੍ਰਭ ਬਿਠਾਏ ਜੋਤੀ ਸਚ ਪਲੰਘਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਜਨਾਂ ਸਦ ਅੰਗੇ ਸੰਗਿਆ । ਹਰਿਜਨ ਤੇਰੀ ਵਡਿਆਈ । ਹਰਿਜਨ ਹਰਿ ਮਿਤ ਗਤ ਕਹਿਣ ਨਾ ਪਾਈ । ਹਰਿਜਨ ਹਰਿ ਇਕ ਚਿਤ ਧਿਆਈ । ਹਰਿਜਨ ਹਰਿ ਇਕ ਮਿਤ ਬਣਾਈ । ਹਰਿਜਨ ਹਰਿ ਨਿਤ ਦਰਸ਼ਨ ਪਾਈ । ਹਰਿਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੋਏ ਆਪ ਸਹਾਈ । ਹਰਿਜਨ ਹਰਿ ਭਗਤੀ ਘਾਲ । ਹਰਿਜਨ ਹਰਿ ਲੇਵੇ ਭਾਲ । ਹਰਿਜਨ ਹਰਿ ਲਏ ਸੰਭਾਲ । ਹਰਿਜਨ ਹੋਣ ਨਾ ਦੇਵੇ ਵਿੰਗਾ ਵਾਲ । ਹਰਿਜਨ ਹਰਿ ਆਪ ਚਲਾਏ ਸਾਚੀ ਚਾਲ । ਹਰਿਜਨ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰਿਹਾ ਵਿਚ ਸਮਾਲ । ਹਰਿਜਨ ਤੇਰੀ ਉਤਮ ਮਤਿ । ਹਰਿ ਜਨ ਤੇਰਾ ਉਤਮ ਤਤ । ਹਰਿਜਨ ਤੇਰਾ ਸਾਚਾ ਯਤ । ਹਰਿਜਨ ਉਤਮ ਮਤਿ । ਹਰਿ ਜਨ ਤੇਰਾ ਸਾਚਾ ਸਤਿ । ਹਰਿਜਨ ਤੇਰਾ ਸਾਚਾ ਵਤ । ਹਰਿਜਨ ਹਰਿ ਸੋਹੰ ਬੀਜ ਦੇਵੇ ਆਤਮ ਸਾਚੇ ਵੱਤ । ਹਰਿਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਰਖਾਵੇ ਚਰਨ ਸਾਚਾ ਨਤ । ਹਰਿਜਨ ਹਰਿ ਸਾਚਾ ਮੰਨਣਾ । ਹਰਿਜਨ ਬੇੜਾ ਆਪਣਾ ਕਲਜੁਗ ਬੰਨ੍ਹਣਾ । ਹਰਿਜਨ ਕਾਇਆ ਨਾਮ ਮਜੀਠੀ ਰੰਗਣਾ । ਹਰਿਜਨ ਹਰਿ ਸਦ ਏਕਾ ਰੰਗਣਾ । ਜਨ ਹਰਿ ਹਰਿ ਦਰਸ ਦਰ ਸਦਾ ਮੰਗਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਮੂਲ ਨਾ ਸੰਗਣਾ । ਹਰਿਜਨ ਹਰਿ ਰਸਨਾ ਗਾਓ । ਹਰਿਜਨ ਅੰਮ੍ਰਿਤ ਫਲ ਸੋਹੰ ਦਰ ਤੇ ਪਾਓ । ਹਰਿਜਨ ਏਕਾ ਰੰਗ ਹਰਿ ਹੋ ਜਾਓ । ਹਰਿਜਨ ਭੁੱਖ ਨੰਗ ਹਰਿ ਜਪ ਕਟਾਓ । ਹਰਿ ਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰਸਨਾ ਗਾਓ । ਹਰਿ ਜਨ ਸਦ ਰਸਨਾ ਗਾਵਣਾ । ਹਰਿਜਨ ਪਤਤ ਪੁਨੀਤ ਆਪ ਹੋ ਜਾਵਣਾ । ਹਰਿਜਨ ਸਦ ਸਦ ਚੀਤ ਹਰਿ ਵਸਾਵਣਾ । ਹਰਿਜਨ ਸਾਚਾ ਮੀਤ ਹਰਿ ਅਖਵਾਵਣਾ । ਹਰਿਜਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੰਗ ਆਪ ਨਿਭਾਵਣਾ । ਹਰਿਜਨ ਸਦ ਸਾਚਾ ਸੰਗੇ । ਹਰਿਜਨ ਹਰਿ ਦੇਵੇ ਦਾਨ, ਜੋ ਜਨ ਮੂੰਹੋਂ ਮੰਗੇ । ਹਰਿਜਨਾ ਹਰਿ ਦੇਵੇ ਮਾਣ, ਆਪ ਲਗਾਏ ਆਪਣੇ ਅੰਗੇ । ਹਰਿਜਨਾ ਹਰਿ ਮਿਲਿਆ ਮਿਹਰਵਾਨ, ਸਦਾ ਇਕ ਰੰਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਦਰਸ ਦਾਨ, ਮੰਗੇ । ਗੁਰ ਪੂਰਾ ਭਾਗ ਲਗਾਵੰਦਾ । ਗੁਰਸਿਖਾਂ ਚੋਗ ਚੁਗਾਵੰਦਾ । ਆਤਮ ਦੁਖ ਸਰਬ ਮਿਟਾਵੰਦਾ । ਤ੍ਰਿਸਨਾ ਭੁੱਖਾਂ ਸਰਬ ਗਵਾਵੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੀਤਲ ਸੀਤਲ ਸੀਤਲ ਸੀਤ ਪਰਸਾਦ ਸਾਧ ਸੰਗਤ ਤੇਰੀ ਰਸਨਾ ਰਸ ਦਵਾਵੰਦਾ । ਗੁਰ ਪ੍ਰਸਾਦਿ ਰਸਨਾ ਰਸ । ਗੁਰ ਪਰਸਾਦਿ ਆਤਮ ਵਿਕਾਰ ਗਏ ਨੱਸ । ਗੁਰ ਪਰਸਾਦਿ ਪਾਂਚੋਂ ਹੋਏ ਵਸ । ਗੁਰ ਪਰਸਾਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖਾਂ ਦੇਵੇ ਹੱਥ । ਗੁਰ ਪਰਸਾਦ ਗੁਰ ਸਾਚੇ ਦੀਆ ।

ਗੁਰਸਿਖ ਤੇਰੀ ਬਣਤ ਬਣਾਏ ਕਰ ਕੇ ਸਾਚਾ ਹੀਆ । ਮਹਿੰਮਾ ਅਗਣਤ ਗਣੀ ਨਾ ਜਾਏ, ਤੇਰੀ ਆਤਮ ਜੋਤ ਜਗਾਇਆ ਦੀਆ । ਗੁਰਮੁਖ ਸਾਚੇ ਸੰਤ ਪਹਿਲੀ ਮਾਘ ਗੁਰ ਦਰਸ਼ਨ ਜਿਨ ਕੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਬੀਜ ਵਿਚ ਆਤਮ ਦੇ ਬੀਆ । ਗੁਰ ਪਰਸਾਦਿ ਗੁਰ ਪੂਰਾ ਜਾਣਿਆਂ । ਪ੍ਰਭ ਅਬਿਨਾਸ਼ੀ ਘਰ ਸਚ ਪਛਾਣਿਆਂ । ਸਚ ਤਖ਼ਤ ਹਰਿ ਬੈਠਾ ਵਡ ਸੁਲਤਾਨਿਆ । ਗੁਰਮੁਖਾਂ ਗੁਰਸਿਖਾਂ ਪਾਰ ਲੰਘਾਏ ਕਰ ਕਰ ਕਰ ਵਡ ਮਿਹਰਬਾਨੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾਦਿ ਆਦਿ ਜੁਗੋ ਜੁਗ ਤੇਰੀ ਸਚ ਨਿਸ਼ਾਨੀਆਂ । ਆਦਿ ਜੁਗਾਦਿ ਸਚ ਵਰਤਾਰਾ । ਗੁਰਮੁਖਾਂ ਕਰੇ ਸਦ ਪਿਆਰਾ । ਜਨ ਭਗਤਾਂ ਖੜੇ ਦਰ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਪਹਿਰੇਦਾਰਾ । ਗੁਰ ਪਰਸਾਦਿ ਜਨ ਗੁਰ ਦਰ ਪਾਏ । ਕਲਜੁਗ ਅਗਨ ਨਾ ਮਾਇਆ ਸਤਾਏ । ਗੁਰਮੁਖ ਸਾਚੇ ਸਾਚਾ ਸਗਨ, ਪ੍ਰਭ ਤੇਰੇ ਮੁਖ ਲਗਾਏ । ਆਤਮ ਦੀਪਕ ਤੇਰੇ ਜਗਣ, ਘਟ ਘਟ ਹੋਏ ਰੁਸ਼ਨਾਏ । ਅੰਤ ਬਿਠਾਏ ਵਿਚ ਗਗਨ, ਜਿਥੇ ਕੋਈ ਨਹੀਂ ਜਾਏ । ਪਵਣ ਉਨੰਜਾ ਉਥੇ ਵਗਣ, ਗੁਰਸਿਖ ਤੇਰੇ ਛਤਰ ਸੀਸ ਝੁਲਾਏ । ਏਕਾ ਰੰਗ ਲੱਗੀ ਰਹੇ ਲਗਨ, ਪ੍ਰਭ ਜੋਤ ਸਰੂਪੀ ਘਰ ਲੈ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਗੁਰਸਿਖ ਬਹਾਏ । ਗੁਰਸਿਖ ਤੇਰਾ ਧਾਮ ਅਵਲੜਾ । ਜਿਥੇ ਵਸੇ ਹਰਿ ਇਕੱਲੜਾ । ਏਕਾ ਰੰਗ ਲਾਲ ਗੁਲਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਆਪ ਤਰਾਏ ਆਪ ਲੈ ਜਾਏ ਭੀੜ ਕਟਾਏ, ਸੋਹੰ ਦੱਸੇ ਰਾਹ ਸੁਖਲੜਾ । ਸੋਹੰ ਖੁਲ੍ਹਾਏ ਆਤਮ ਦਰ । ਜਿਥੇ ਬੈਠਾ ਹਰਿ ਜੀ ਵੜ । ਆਪ ਬਣਾਇਆ ਸਾਚਾ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਝਿਰਨਾ ਆਪ ਝਿਰਾਏ ਗੁਰਮੁਖ ਤੇਰੇ ਆਤਮ ਸਰ । ਅੰਮ੍ਰਿਤ ਝਿਰਨਾ ਆਪ ਝਿਰਾ ਕੇ । ਅੰਮ੍ਰਿਤ ਬੂੰਦ ਆਪ ਉਪਜਾ ਕੇ । ਕਵਲ ਨਾਭ ਹਰਿ ਆਪ ਉਲਟਾ ਕੇ । ਕਿਰਪਾ ਕਰੇ ਮੁਖ ਬੂੰਦ ਆਪ ਚੁਆ ਕੇ । ਖੁਲ੍ਹੇ ਕਵਲ ਪ੍ਰਭ ਮਿਲਿਆ ਆ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਜਾਏ ਆਪਣੀ ਦਇਆ ਕਮਾ ਕੇ । ਖੋਲ੍ਹ ਵਖਾਏ ਆਤਮ ਸੁੰਨ । ਇਕ ਉਪਜਾਏ ਸਾਚੀ ਧੁਨ । ਗੁਰਮੁਖ ਸਾਚੇ ਸਦ ਕੰਨ ਸੁਣ । ਦਿਵਸ ਰੈਣ ਰਹੇ ਰੁਣ ਝੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਤੇਰੇ ਗੁਣ । ਦਸਮ ਦਵਾਰਾ ਅੰਮ੍ਰਿਤ ਫੁਹਾਰਾ । ਵਿਚ ਜੋਤ ਅੰਗਿਆਰਾ, ਦੁਰਮਤ ਮੈਲ ਦੇਵੇ ਧੋਤ । ਗੁਰਮੁਖ ਦਰ ਬਣ ਭਿਖਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮੇਲ ਮਿਲਾਏ ਸਚ ਕਰਤਾਰਾ । ਸਚ ਕਰਤਾਰ ਮਿਲੇ ਮੇਲ । ਗੁਰਸਿਖ ਵੇਖ ਪਾਰਬ੍ਰਹਮ ਅਚਰਜ ਖੇਲ । ਦੀਵਾ ਬਲੇ ਅਗੰਮ ਬਿਨ ਬਾਤੀ ਬਿਨ ਤੇਲ । ਇਕੋ ਇਕ ਵਰਤਦਾ । ਉਥੇ ਨਾ ਕੋਈ ਦੂਜਾ ਸੱਜਣ ਸੁਹੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਜੋਤ ਧਰ ਅਵਤਾਰ ਨਰ, ਪਾਪ ਹਰ, ਤੇਰਾ ਆਪ ਕਰਾਇਆ ਮੇਲ । ਗੁਰ ਪਰਸਾਦਿ ਗੁਰ ਦਰ ਖਾਵਣਾ । ਹੰਗਤਾ ਰੋਗ ਸਰਬ ਗਵਾਵਣਾ । ਹੰਕਾਰ ਵਿਕਾਰ ਸਰਬ ਤਜਾਵਣਾ । ਵਿਚ ਸੰਸਾਰ ਪ੍ਰੇਮ ਵਧਾਵਣਾ । ਵਿਚ ਮੰਝਧਾਰ ਨਾ ਚਰਨ ਟਿਕਾਵਣਾ । ਦਿਵਸ ਰੈਣ ਹਰਿ ਹਰਿ ਰਸਨਾ ਗਾਵਣਾ । ਅੰਦਰ ਵੇਖ ਮਾਰ ਝਾਤ, ਪ੍ਰਭ ਜੋਤੀ ਦੀਪ ਜਗਾਵਣਾ । ਝੂਠਾ ਦਿਸੇ ਜਗਤ ਨਾਤ, ਅੰਤਕਾਲ ਛੱਡ ਜਾਵਣਾ । ਨਾ ਕੋਈ ਦਿਸੇ ਭੈਣ ਭਰਾਤ, ਇਹਨਾਂ ਚੁੱਕ ਬਾਹਰ ਕਢਾਵਣਾ । ਬਿਨ ਪ੍ਰਭ ਸਾਚੇ ਕੋਈ ਨਾ ਪੁੱਛੇ ਤੇਰੀ ਬਾਤ, ਜਿਸ ਆਪਣੀ ਗੋਦ ਉਠਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਸਾਚਾ

ਪਿਤ ਮਾਤ ਬਣਾਵਣਾ । ਗੁਰ ਸੰਗਤ ਗੁਰ ਦਇਆ ਕਮਾਏ । ਗੁਰ ਸੰਗਤ ਗੁਰ ਪੂਰਨ ਆਸ ਕਰਾਏ । ਗੁਰ ਸੰਗਤ ਸੋਹੰ ਸ਼ਬਦ ਸਵਾਸ ਸਵਾਸ ਜਪਾਏ । ਗੁਰ ਸੰਗਤ ਵਿਚ ਸਦ ਨਿਵਾਸ ਰਖਾਏ । ਗੁਰ ਸੰਗਤ ਮਾਨਸ ਜਨਮ ਰਾਸ ਕਰਾਏ । ਗੁਰ ਸੰਗਤ ਅੰਗੀਕਾਰ ਕਰੇ ਜਿਉਂ ਅੰਗ ਲਗਾਇਆ ਅੰਗਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਇਆ ਕਮਾਏ । ਅੰਗੀ ਸੰਗੀ ਵਡ ਸੂਰਾ ਸਰਬੰਗੀ । ਦਰਸ ਦਾਨ ਗੁਰਮੁਖ ਸਾਚੇ ਮੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਆਤਮ ਰੰਗੀ । ਗੁਰ ਸੰਗਤ ਗੁਰ ਪਾਇਆ ਗਹਿਰ ਸਾਗਰ । ਗੁਰ ਸੰਗਤ ਗੁਰਸਿਖਾਂ ਕਰਾਏ ਨਿਰਮਲ ਕਰਮ ਉਜਾਗਰ । ਗੁਰ ਸੰਗਤ ਗੁਰ ਪੂਰਾ ਪਾਰ ਉਤਾਰੇ ਸਾਚੇ ਘਰ । ਗੁਰ ਸੰਗਤ ਗੁਰ ਅੰਮ੍ਰਿਤ ਮੁਖ ਚੁਆਏ, ਇਹ ਕਾਇਆ ਮਾਟੀ ਗਾਗਰ । ਗੁਰ ਸੰਗਤ ਗੁਰ ਪਰਦਾ ਆਪੇ ਪਾਏ ਨਾਮ ਚਿੱਟੀ ਚਾਦਰ । ਗੁਰ ਸੰਗਤ ਮਾਣ ਦਵਾਏ, ਦਰ ਘਰ ਆਇਆ ਦੇਵੇ ਆਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪਾਰ ਉਤਾਰੇ ਜਗਤ ਸਾਗਰ । ਗੁਰ ਸੰਗਤ ਹਰਿ ਗੁਣ ਗਾਏ । ਪ੍ਰਭ ਅਬਿਨਾਸ਼ੀ ਦਇਆ ਕਮਾਏ । ਆਪ ਆਪਣੇ ਵਿਚ ਰਿਹਾ ਸਮਾਏ । ਸਾਚਾ ਸ਼ਬਦ ਆਪ ਲਿਖਾਏ । ਗੁਰਮੁਖ ਕੋਈ ਭੁਲ ਨਾ ਜਾਏ । ਕਲਜੁਗ ਮਾਇਆ ਵੇਖ ਡੁੱਲ ਨਾ ਜਾਏ । ਪਾਪ ਅੰਧੇਰੀ ਵਗੇ ਕਲ, ਗੁਰਸਿਖ ਹੁੱਲ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਕਵਲ ਫੁੱਲ ਲਗਾਏ । ਗੁਰਸਿਖਾਂ ਹਰਿ ਮਾਣ ਦਵਾ ਕੇ । ਆਵਨਾ ਜਾਵਣਾ ਲੇਖੇ ਲਾ ਕੇ । ਪਿਛਲਾ ਲੇਖਾ ਆਪ ਚੁਕਾ ਕੇ । ਸਾਚੇ ਮਾਰਗ ਗੁਰਸਿਖ ਲਗਾ ਕੇ । ਸੋਹੰ ਦਾਨ ਝੋਲੀ ਪਾ ਕੇ । ਭਗਤ ਭਗਵਾਨ ਦਰਸ ਦਿਖਾ ਕੇ । ਗੁਰ ਦਰ ਆਓ ਦਰਸ ਪਾਓ, ਘਰ ਜਾਓ ਖ਼ੁਸ਼ੀ ਮਨਾ ਕੇ । ਭੈਣਾਂ ਭਾਈਆ ਤਾਈਂ ਸੁਣਾਓ, ਪਿਛਲੀ ਭੁਲ ਚਲ ਬਖ਼ਸ਼ਾਓ, ਨਿਹਕਲੰਕ ਕਲ ਆਇਆ ਜਾਮਾ ਪਾ ਕੇ । ਸੋਹੰ ਸ਼ਬਦ ਢੋਲ ਵਜਾਓ, ਕਲਜੁਗ ਜੀਵਾਂ ਕੰਨ ਸੁਣਾਓ, ਅਪਣੀ ਰਸਨਾ ਖੇਲ ਕਰਾ ਕੇ । ਸ਼ਬਦ ਅੰਮ੍ਰਿਤ ਘੋਲ ਪਿਲਾਓ । ਸਾਚੀ ਦਰਗਹਿ ਗੁਰਸਿਖ ਮਾਣ ਪਾਓ । ਆਪ ਤਰੇ ਕੁਟੰਬ ਤਾਰਿਆ ਅਵਰੇ ਹੋਰ ਤਰਾਓ । ਪੰਜ ਜੇਠ ਪਏ ਠੰਡ ਵਰ੍ਹੇ ਗੰਢ ਗੁਰ ਘਰ ਮਨਾਓ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਰ ਦਰਸ ਅਮਰਾ ਪਦ ਪਾਓ । ਗੁਰਸਿਖ ਗੁਰ ਸਾਚੇ ਪਾਉਣਾ । ਭਰਮ ਭੁਲੇਖੇ ਵਿਚ ਨਾ ਆਉਣਾ । ਝੂਠਾ ਸੰਸਾ ਆਤਮ ਲਾਹੁਣਾ । ਕਾਰ ਵਿਕਾਰ ਸਰਬ ਤਜਾਉਣਾ । ਝੂਠਾ ਪਿਆਰ ਪੰਚਾਂ ਛੁਡਾਉਣਾ । ਗੁਰ ਚਰਨ ਫੇਰ ਸੀਸ ਨਿਵਾਉਣਾ । ਸਾਚਾ ਜਗਦੀਸ਼ਰ ਦਰਸ਼ਨ ਪਾਉਣਾ । ਏਕਾ ਛਤਰ ਝੁੱਲੇ ਸੀਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਦੋ ਜਹਾਨਾਂ ਆਪ ਅਖਵਾਉਣਾ । ਗੁਰਸਿਖ ਉਧਰੇ ਪਾਰ, ਹਰਿ ਦਰਸ਼ਨ ਪਾ ਕੇ । ਗੁਰਸਿਖ ਉਧਰੇ ਪਾਰ ਗੁਰਸਿਖਾਂ ਜਾਏ ਤਾਰ, ਹਰਿ ਜੋਤ ਪਰਗਟਾ ਕੇ । ਪੂਰਾ ਕਰੇ ਵਿਹਾਰ, ਕਲਜੁਗ ਜਾਮਾ ਪਾ ਕੇ । ਸਚ ਕਰੇ ਵਰਤਾਰ, ਕਲਜੁਗ ਝੂਠਾ ਭੇਖ ਮਿਟਾ ਕੇ । ਧੀਆਂ ਭੈਣਾਂ ਨਾ ਕੋਈ ਕਰੇ ਵਪਾਰ, ਆਪੇ ਬਖ਼ਸ਼ੇ ਸੀਸ ਨਿਵਾ ਕੇ । ਨਾ ਕੋਈ ਦੀਸੇ ਠੱਗ ਚੋਰ ਯਾਰ, ਪ੍ਰਭ ਜਾਏ ਸਰਬ ਖਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਏ ਸਤਿਜੁਗ ਸਾਚਾ ਮਾਰਗ ਲਾ ਕੇ । ਗੁਰਸਿਖਾਂ ਮਨ ਵਧਾਈਆ । ਆਸਾਂ ਮਨਸਾਂ ਪ੍ਰਭ ਪੂਰ ਕਰਾਈਆ । ਵਿਚ ਸੰਸਾਰ ਦੇ ਵਡਿਆਈਆ । ਸਾਧ ਸੰਗਤ ਪਹਿਲੀ ਮਾਘ ਜੋ ਖ਼ੁਸ਼ੀਆਂ ਮਨਾਈਆ । ਧੰਨ ਧੰਨ ਧੰਨ ਗੁਰਸਿਖ ਆਏ ਗੁਰ ਚਰਨ, ਧੰਨ ਜਣੇਦੀ ਮਾਈਆ । ਧੰਨ ਗੁਰਸਿਖ ਧੰਨ ਤੇਰੀ ਵਡਿਆਈਆ । ਮਿਲੇ ਮਾਣ ਭੈਣਾਂ ਭਾਈਆ । ਧੰਨ ਗੁਰਸਿਖ ਆਏ ਦਰਸ਼ਨ ਕਰਨ, ਮਾਤ

ਕੁੱਖਾਂ ਸੁਫਲ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਤੋੜ ਨਿਭਾਈਆ । ਗੁਰਸਿਖ ਤੇਰੀ ਨਿਭੇ ਤੋੜ । ਚਰਨ ਪ੍ਰੀਤ ਏਕਾ ਜੋੜ । ਆਪ ਮਿਟਾਏ ਕਾਇਆ ਕੋਹੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਪ੍ਰਭ, ਪ੍ਰਭ ਸਾਚੇ ਦੀ ਸਾਚੀ ਲੋੜ । ਸਾਚਾ ਪ੍ਰਭ ਸਰਬ ਕਾ ਦਾਤਾ । ਸਾਚਾ ਪ੍ਰਭ ਸਰਬ ਕਾ ਗਿਆਤਾ । ਸਾਚਾ ਪ੍ਰਭ ਸਰਬ ਕਾ ਭਰਾਤਾ । ਸਾਚਾ ਪ੍ਰਭ ਸਰਬ ਕਾ ਨਾਤਾ । ਸਾਚਾ ਪ੍ਰਭ ਵਿਰਲੇ ਕਲ ਕਿਸੇ ਪਛਾਤਾ । ਸਾਚਾ ਪ੍ਰਭ ਗੁਰਮੁਖਾਂ ਮਿਲਿਆ ਪੁਰਖ ਬਿਧਾਤਾ । ਸਾਚਾ ਪ੍ਰਭ ਆਪ ਮਿਟਾਏ ਜ਼ਾਤਾਂ ਪਾਤਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਾਤਾ । ਗੁਰਸਿਖ ਗੁਰ ਸੱਜਣ ਬਣਾਇਆ । ਗੁਰਸਿਖਾਂ ਗੁਰ ਚਰਨ ਧੂੜ ਇਸ਼ਨਾਨ ਕਰਾਇਆ । ਗੁਰਸਿਖਾਂ ਚਤੁਰ ਸੁਜਾਨ, ਪ੍ਰਭ ਮੂੜ੍ਹੋ ਮੂੜ੍ਹ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਸਰਬ ਸਹਾਇਆ । ਗੁਰਸਿਖ ਘਰ ਆਪਣੇ ਜਾਣਾ । ਸਾਚਾ ਨਾਮ ਨਾ ਮਨ ਭੁਲਾਣਾ । ਸਾਚਾ ਰਾਖ ਇਕ ਟਿਕਾਣਾ । ਪ੍ਰਭ ਕਰੇ ਵੱਖ, ਸੋਹੰ ਸ਼ਬਦ ਜਿਸ ਰਸਨਾ ਗਾਣਾ । ਕਲਜੁਗ ਜੀਵ ਜਲਾਏ ਜਿਉਂ ਅਗਨ ਕੱਖ, ਏਕਾ ਲੰਬੂ ਜੋਤ ਲਗਾਣਾ । ਗੁਰਸਿਖਾਂ ਪ੍ਰਭ ਲਏ ਰੱਖ, ਆਪ ਆਪਣਾ ਸਿਰ ਹੱਥ ਟਿਕਾਣਾ । ਸ੍ਰਿਸ਼ਟ ਸਬਾਈ ਜਾਏ ਮੱਥ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਭਗਵਾਨ ਭਗਵਾਨ ਭਗਵਾਨ । ਦਾਨ ਦਾਨ ਦੇਵੇ ਦਾਨ । ਮਾਣ ਮਾਣ ਮਾਣ ਦੇਵੇ ਮਾਣ । ਅੰਞਾਣ ਅੰਞਾਣ ਅੰਞਾਣ ਗੁਰ ਦਰ ਤਰ ਜਾਣ । ਬਿਰਧ ਬਾਲ ਜਵਾਨ ਇਕ ਰੰਗ ਸਮਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਾਲੀ ਦੋ ਜਹਾਨ । ਗੁਰਸਿਖ ਸੋਇਆ ਕਲਜੁਗ ਜਾਗਾ । ਪ੍ਰਭ ਸਾਚੇ ਦੀ ਚਰਨੀ ਲਾਗਾ । ਸੋਹੰ ਸ਼ਬਦ ਰੰਗਣ ਚੜ੍ਹਾਏ ਜਿਉਂ ਕੰਚਨ ਸੁਹਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਧੋਵੇ ਪਿਛਲੇ ਦਾਗਾਂ । ਪਿਛਲਾ ਲੇਖਾ ਗਿਆ ਚੁੱਕ । ਲਹਿਣਾ ਦੇਣਾ ਗਿਆ ਮੁੱਕ । ਅੱਗੇ ਲਈ ਸੁਖਣਾ ਸੁਖ । ਪ੍ਰਭ ਸਾਚੇ ਦਾ ਵੇਖ ਮੁਖ । ਆਪ ਉਤਾਰੇ ਤ੍ਰਿਸਨਾ ਭੁੱਖ । ਕਲਜੁਗ ਜੀਵ ਨਾ ਭੁਲ ਮਨੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਫਲ ਕਰਾਏ ਮਾਤ ਕੁੱਖ । ਰਿਧਾਂ ਸਿਧਾਂ ਆਪ ਉਪਜਾਏ । ਨਵ ਨਿਧਾਂ ਅਠਾਰਾਂ ਸਿਧਾਂ ਦਰ ਬਹਾਏ । ਗੁਰਸਿਖ ਪ੍ਰਭ ਤਨ ਮਨ ਵਿਧਾ, ਸੋਹੰ ਤੀਰ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਮਾਏ । ਸਾਧ ਸੰਗਤ ਦੇਵੇ ਵਡਿਆਈ । ਸੁਰਤ ਸ਼ਬਦ ਮੇਲ ਮਿਲਾਈ । ਗੁਰ ਸੰਗਤ ਪ੍ਰਭ ਵਿਦਾ ਕਰਾਈ । ਨਾਮ ਨਿਧਾਨ ਦਾਤ ਝੋਲੀ ਪਾਈ । ਗੁਣ ਨਿਧਾਨ ਸਚ ਕਰਮ ਕਮਾਈ । ਆਪ ਆਪਣੀ ਖੇਲ ਵਰਤਾਈ । ਪਹਿਲੀ ਮਾਘ ਖ਼ੁਸ਼ੀ ਮਨਾਈ । ਨਿਹਕਲੰਕੀ ਜੋਤ ਆਪ ਪਰਗਟਾਈ । ਕਲਗੀਧਰ ਅਵਤਾਰ ਆਪ ਅਖਵਾਈ । ਆਵੇ ਜਾਵੇ ਖੇਲ ਰਚਾਈ । ਆਪੇ ਕਰੇ ਸਚਖੰਡ ਚੜ੍ਹਾਈ । ਜੋਤ ਸਰੂਪੀ ਜੋਤ ਮਿਲ ਜਾਈ । ਛੱਡੇ ਦੇਹ, ਗੁਰਸਿਖ ਜੋ ਰਿਹਾ ਸਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਸੱਚਖੰਡ ਨਿਵਾਸ ਰਖਾਈ । ਜੀਵ ਝੂਠਾ ਜਗਤ ਪਸਾਰਾ । ਜੀਵ ਝੂਠਾ ਸਰਬ ਕਾਰੋ ਬਾਰਾ । ਜੀਵ ਝੂਠਾ ਵੇਖ ਨਾ ਭੁੱਲ, ਮਾਇਆ ਮੋਹ ਵਿਚ ਨਾ ਰੁਲ, ਹੋਏ ਅੰਤ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਅੰਤ ਖਵਾਰੀ । ਜੀਵ ਝੂਠੀ ਜਗਤ ਝਾਕੀ । ਲੇਖਾ ਦੇਣਾ ਪਵੇ ਬਾਕੀ । ਦਰ ਘਰ ਸਾਚੇ ਕੋਈ ਨਾ ਰਹੇ ਆਕੀ । ਕਿਸੇ ਨਾ ਚਲੇ ਓਥੇ ਕੋਈ ਚਾਲਾਕੀ । ਪਾਟੇ ਥਾਂ ਨਾ ਲੱਗੀ ਟਾਕੀ । ਬਿਨ ਪ੍ਰਭ ਪੂਰੇ ਕੋਈ ਨਾ ਪੜਦਾ ਢਾਕੀ । ਜਗਤ ਪਤਿ ਗਵਾਈ, ਸਿਰ ਪਾਈ ਖ਼ਾਕੀ । ਬੇਮੁਖਾਂ ਲਜ ਨਾ ਆਈ,

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਆਪ ਚੁਕਾਈ, ਜੋ ਅੱਗੇ ਰਿਹਾ ਬਾਕੀ । ਲਹਿਣਾ ਦੇਣ ਗੁਰਸਿਖ ਚੁਕਾਇਆ । ਸੋਹੰ ਗਹਿਣਾ ਤਨ ਪਹਿਨਾਇਆ । ਖ਼ਾਕੀ ਬੰਦਾ ਆਤਮ ਅੰਧਾ, ਅੰਤਮ ਖ਼ਾਕ ਰੁਲਾਇਆ । ਦਰ ਦਰ ਫਿਰੇ ਸਿਰ ਮਾਰੇ ਕੰਧਾਂ, ਖੈਰ ਕਿਸੇ ਮੁੱਠ ਨਾ ਪਾਇਆ । ਅੰਤਕਾਲ ਤੁੜਾਏ ਤੰਦਾ ਤੰਦਾ, ਸ਼ਬਦ ਤੇਸਾ ਆਪ ਚਲਾਇਆ । ਸਾਧ ਸੰਗਤ ਵਿਚ ਕੋਈ ਰਹੇ ਨਾ ਗੰਦਾ, ਧੁਰ ਦਰਗਾਹੋਂ ਪ੍ਰਭ ਆਪ ਕਢਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਰੰਦਾ ਆਤਮ ਉਪਰ ਆਪ ਫਿਰਾਇਆ । ਸਾਧ ਸੰਗਤ ਤੇਰਾ ਸਾਚਾ ਮੂਲ । ਸਾਧ ਸੰਗਤ ਤੇਰਾ ਸਾਚਾ ਅਸੂਲ । ਸਾਧ ਸੰਗਤ ਪ੍ਰਭ ਦਰ ਨਾ ਭੂਲ । ਸਾਧ ਸੰਗਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਚੁਲ੍ਹਾ ਚੂਹਲ । ਗੁਰਸਿਖਾਂ ਦੀਨੀ ਸਾਚੀ ਸੀਖਿਆ । ਘਰ ਸਾਚਾ ਸਾਚੀ ਪਾਈ ਭੀਖਿਆ । ਪਿਛਲਾ ਲੇਖਾ ਆਪ ਚੁਕਾਇਆ, ਜੋ ਧੁਰ ਦਰਗਾਹੋਂ ਲੀਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੁਲ ਗਏ ਜੋ ਤੇਰੀ ਸੀਖਿਆ । ਸਚ ਦਰਬਾਰ ਜੋ ਜਾਏ ਭੁੱਲ । ਆਤਮ ਦੀਆ ਹੋਏ ਗੁੱਲ । ਅੰਮ੍ਰਿਤ ਆਤਮ ਗਿਆ ਡੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰਗਾਹੋਂ ਕਲੰਕ ਲਗਾਇਆ ਕੁੱਲ । ਕੁੱਲ ਮਿਟਾਈ ਦੇ ਸਜ਼ਾਈ । ਮੁਖ ਛਾਈ ਪਾਈ । ਸਾਧ ਸੰਗਤ ਵਿਚ ਰਹਿਣ ਨਾ ਪਾਈ । ਨਾਮ ਰੰਗਤ ਮਿਲੇ ਨਾ ਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਮਨ ਆਪਣੇ ਭਾਈ । ਨਾ ਕੋਈ ਭਰਮ ਨਾ ਕੋਈ ਉਹਲਾ । ਸਭ ਕੁਛ ਪ੍ਰਭ ਸੰਪੂਰਨ ਕਲਾ ਸੋਲਾਂ । ਝੂਠੀ ਮਾਟੀ ਕਿਆ ਕੋਈ ਜਾਣੇ, ਅੰਤਮ ਹੋਇਆ ਗੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਖੋਲ੍ਹੇ ਸਾਰਾ ਪੋਲਾ । ਆਪ ਖੁਲ੍ਹਾਏ ਸਾਰਾ ਪੋਲ । ਸ਼ਬਦ ਸਰੂਪੀ ਵਜਾਏ ਢੋਲ । ਸੋਹੰ ਕੰਡੇ ਸਾਚਾ ਤੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਤੇਰੇ ਮੋੜੇ ਬੋਲ । ਬਚਨ ਅਮੋੜਿਆ, ਸਚ ਘਰ ਵਿਛੋੜਿਆ । ਨਿਉਂ ਝੂਠਾ ਜੋੜਿਆ । ਜੂਠੇ ਧੰਦੇ ਨਾਮ ਮਾਲ ਸਾਚਾ ਰੋੜਿਆ । ਕੀ ਕਰਮ ਕਮਾਇਆ ਅੰਤਮ ਅੰਧੇ, ਅੰਤ ਹੋਏ ਕੋਹੜਿਆ । ਦਰ ਦਰਵਾਜੇ ਹੋਇਣ ਬੰਦ, ਜਿਨ੍ਹਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੜ ਤੇਰਾ ਛੋੜਿਆ । ਗੁਰਮਤ ਗੁਰ ਦਰ ਤੇ ਪਾਈਏ । ਭਾਂਡਾ ਭਰਮ ਭਓ ਚੁਕਾਈਏ । ਆਤਮ ਨਾਮ ਸਚ ਵਸਾਈਏ । ਆਤਮ ਜੋਤ ਸਚ ਜਗਾਈਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਦਰਸ਼ਨ ਪਾਈਏ । ਗੁਰਮਤ ਗੁਰ ਦਰ । ਗੁਰਮਤ ਚੁੱਕੇ ਡਰ । ਗੁਰਮਤ ਲੈ ਗੁਰਸਿਖ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਿਰਪਾ ਕਰ । ਗੁਰਮਤ ਗੁਰਸਿਖ ਵਿਚਾਰੇ । ਗੁਰਮਤ ਇਕ ਸ਼ਬਦ ਅਧਾਰੇ । ਗੁਰਮਤ ਗੁਰ ਦੇਵੇ ਪਰਗਟ ਜੋਤ ਸੰਸਾਰੇ । ਗੁਰਮਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਗੁਰਸਿਖਾਂ ਕਰ ਕਲ ਖੇਲ ਅਪਾਰੇ । ਗੁਰਮਤ ਸਾਚੀ ਧਾਰਾ । ਗੁਰਮਤ ਮਿਲੇ ਗੁਰ ਚਰਨ ਦਵਾਰਾ । ਗੁਰਮਤ ਸੋਹੰ ਸ਼ਬਦ ਅਪਰ ਅਪਾਰਾ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪਾਰ ਉਤਾਰਨਹਾਰਾ । ਗੁਰਮਤ ਗੁਰ ਆਪ ਸਮਝਾਈ । ਗੁਰਮਤ ਸੋਹੰ ਸਾਚਾ ਤਤ ਗੁਰਸਿਖ ਵਸਾਈ । ਗੁਰਮਤ ਇਕ ਯਤ ਜਗਤ ਰਹਿ ਜਾਈ । ਗੁਰਮਤ ਗੁਰਸਿਖ ਸੋਹੰ ਸਾਚਾ ਸਚ ਆਤਮ ਵਿਚ ਬਿਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਤੇਰਾ ਹੋਏ ਆਪ ਸਹਾਈ । ਸਾਚੀ ਮਤਿ ਗੁਰ ਆਪ ਦਵਾਵੇ । ਸਾਚੀ ਮਤਿ ਦੂਜ ਮਿਟਾਵੇ । ਸਾਚੀ ਮਤਿ ਗੁਰ ਬੂਝ ਬੁਝਾਵੇ । ਗੁਰਮਤ ਆਤਮ ਭੇਵ ਗੁਝ ਖੁਲ੍ਹਾਵੇ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ

ਜਪਾਵੇ । ਸਾਚੀ ਮਤਿ ਸਰਨ ਗੁਰਦੇਵ । ਸਾਚੀ ਮਤਿ ਤਰਨ ਗੁਰ ਸੇਵ । ਸਾਚੀ ਮਤਿ ਖੁੱਲ੍ਹੇ ਹਰਨ ਫਰਨ ਪ੍ਰਭ ਵਡਿਆਈ ਦੇਵੇ ਵਿਚ ਦੇਵੀ ਦੇਵ । ਸਾਚੀ ਮਤਿ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਅੰਮ੍ਰਿਤ ਫਲ ਗੁਰਸਿਖਾਂ ਦੇਵ । ਗੁਰਮਤ ਦੇ ਗੁਰ ਆਪ ਉਧਾਰੇ । ਗੁਰਮਤ ਦੇ ਗੁਰਸਿਖ ਗੁਰ ਪਾਰ ਉਤਾਰੇ । ਗੁਰਮਤ ਗੁਰਸਿਖ ਏਕਾ ਜੋਤ ਜਗਾਏ, ਗੁਰਸਿਖ ਤੇਰੀ ਕਾਇਆ ਮਹਿਲ ਮੁਨਾਰੇ । ਗੁਰਮਤ ਗੁਰਸਿਖ ਦੇ ਆਪ ਮਿਟਾਏ ਆਤਮ ਅੰਧ ਅੰਧਿਆਰੇ । ਗੁਰਸਿਖ ਏਕਾ ਜੋਤ ਹੋਏ ਚਮਤਕਾਰੇ, ਏਕਾ ਮਤਿ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸਰਬ ਸੰਸਾਰੇ । ਏਕਾ ਮਤਿ ਦੇਵੇ ਗੁਰ ਦੀਨਾਂ । ਉਤਰੇ ਪਾਰ ਜਿਸ ਜਨ ਰਸਨਾ ਚੀਨਾ । ਸਾਚਾ ਦੇਵੇ ਸ਼ਬਦ ਅਧਾਰ, ਪ੍ਰਭ ਅਬਿਨਾਸ਼ੀ ਦਾਨਾ ਬੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਮਨ ਤਨ ਸਦ ਸਦਾ ਭੀਨਾ । ਗੁਰਮਤ ਗੁਰ ਕਾ ਰੰਗ । ਗੁਰਮਤ ਸਾਚਾ ਸੰਗ । ਗੁਰਮਤ ਗੁਰ ਦੇਵੇ, ਗੁਰਸਿਖ ਦੋਏ ਜੋੜ ਦਰ ਮੰਗ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਜਨਮ ਨਾ ਹੋਏ ਭੰਗ । ਗੁਰਮਤ ਸਮਝਾਵੇ ਜੀਆ । ਗੁਰਮਤ ਨਿਰਮਲ ਕਰਾਏ ਜੀਆ । ਗੁਰਮਤ ਸੋਹੰ ਬੀਜ ਬਿਜਾਇਆ ਸਾਚਾ ਬੀਆ । ਗੁਰਮਤ ਗੁਰਸਿਖ ਤੇਰੀ ਆਤਮ ਜੋਤ ਜਗਾਇਆ ਦੀਆ । ਗੁਰਸਿਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਨੇ ਜਿਹਾ ਕੀਆ । ਗੁਰਮਤ ਉਤਰੇ ਦੁਖ । ਗੁਰਮਤ ਉਤਰੇ ਭੁੱਖ ਗੁਰਮਤ ਗੁਰ ਦੇਵੇ ਗੁਰਸਿਖ ਆਤਮ ਉਪਜੇ ਸੁਖ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਰਭਵਾਸ ਨਾ ਹੋਵੇ ਗੁਰਸਿੱਖ ਉਲਟਾ ਰੁੱਖ । ਗੁਰਮਤ ਜੋ ਜਾਨੇ ਆਪਨਾ ਆਪ ਕਲਜੁਗ ਪਛਾਨੇ । ਪ੍ਰਭ ਚਲਾਏ ਆਪਨੇ ਭਾਨੇ । ਸਾਚਾ ਰੰਗ ਸਦ ਦਰ ਮਾਨੇ । ਗੁਰਸਿਖ ਮਿਲੇ ਚਰਨ ਬਾਲ ਅੰਵਾਨੇ । ਗੁਰਸਿਖ ਹੋਏ ਚਤੁਰ ਸੁਘੜ ਸਿਆਨੇ । ਗੁਰਸਿਖਾਂ ਮੈਲ ਪਾਪਾਂ ਧੋਏ, ਸੋਹੰ ਦੇਵੇ ਨਾਮ ਨਿਧਾਨੇ । ਸਾਚੇ ਧਾਗੇ ਲਏ ਪਰੋਏ, ਆਵਣ ਜਾਵਣ ਭੇਵ ਚੁਕਾਨੇ । ਅੰਤਕਾਲ ਨਾ ਸੰਗੀ ਕੋਇ, ਝੂਠੇ ਦਿਵਸ ਭੈਣ ਭਰਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤਕਾਲ ਕਲਜੁਗ ਗੁਰਸਿਖਾਂ ਸਦ ਖੜਾ ਸਰਹਾਨੇ । ਅੰਤਕਾਲ ਕਲਜੁਗ ਵਰਤੰਤ । ਜੋਤ ਪਰਗਟਾਏ ਸਾਚਾ ਕੰਤ । ਮਾਇਆ ਪਾਏ ਜਗਤ ਬੇਅੰਤ । ਗੁਰਸਿਖ ਪਛਾਨੇ ਵਿਰਲਾ ਸੰਤ । ਸੋਹੰ ਜਪਾਵੇ ਜੇਹਵਾ ਮੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਇ ਨਾ ਜਾਨੇ ਆਦਿਨ ਅੰਤ । ਗੁਰਮਤ ਜੀਵ ਸਚ ਪਛਾਣ । ਗੁਰਮਤ ਜਗਤ ਪਰਧਾਨ । ਗੁਰਮਤ ਉਪਜੇ ਬ੍ਰਹਮ ਗਿਆਨ । ਗੁਰਮਤ ਪਾਵੇ ਨਾਮ ਨਿਧਾਨ । ਗੁਰਮਤ ਮੂਰਖ ਮੁਗਧਾਂ ਕਰੇ ਚਤੁਰ ਸੁਜਾਨ । ਗੁਰਮਤ ਸਚ ਚੜ੍ਹਾਏ ਸ਼ਬਦ ਬਬਾਣ । ਗੁਰਮਤ ਸਚ ਦੀ ਸਾਚੀ ਖਾਣ । ਗੁਰਮਤ ਦੇਵੇ ਵਾਲੀ ਦੋ ਜਹਾਨ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਗੁਰਮਤ ਸਾਚੀ ਆਪ ਸਿਖਾਏ । ਦਿਵਸ ਰਾਤੀਂ ਰਿਹਾ ਸਮਝਾਏ । ਅੰਮ੍ਰਿਤ ਬੂੰਦ ਸਵਾਂਤੀ ਰਿਹਾ ਪਿਲਾਏ । ਝੂਠੀ ਕਾਇਆ ਧਾਤੀ, ਪ੍ਰਭ ਸੋਹੰ ਪਾਰਸ ਰਿਹਾ ਛੁਹਾਏ । ਅੰਦਰ ਮਾਰ ਜੀਵ ਝਾਤੀ, ਸਾਚੇ ਲੇਖ ਰਿਹਾ ਲਿਖਾਏ । ਸਾਚੀ ਦਰਗਹਿ ਉਤਮ ਜ਼ਾਤੀ, ਜੋ ਚਲੇ ਗੁਰ ਰਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮਤ ਆਪੇ ਸਮਝਾਏ । ਗੁਰਮਤ ਗੁਰ ਕੀ ਧਾਰਾ । ਗੁਰਮਤ ਸ਼ਬਦ ਭੰਡਾਰਾ । ਗੁਰਮਤ ਗੁਰਸਿਖ ਪਾਏ ਗੁਰ ਚਰਨ ਦਵਾਰਾ । ਗੁਰਮਤ ਆਤਮ ਤੋੜੇ ਸਰਬ ਹੰਕਾਰਾ । ਗੁਰਮਤ ਪਾਪਾਂ ਫੇਰੇ ਸਿਰ ਆਪੇ ਆਰਾ । ਗੁਰਮਤ ਸਾਚਾ ਬੀਚ ਅੰਮ੍ਰਿਤ ਫੁਹਾਰਾ । ਗੁਰਮਤ ਗੁਰਸਿਖ ਸਾਚੇ ਦੇਵੇ ਕਰ ਕਰ ਕਰਮ ਵਿਚਾਰਾ । ਗੁਰਮਤ



੩੭੩
੦੨

ਜਨ ਹਿਰਦੇ ਵਾਚੇ, ਜੋਤ ਸਰੂਪੀ ਹੋਏ ਉਜਿਆਰਾ । ਗੁਰਮਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਿਚ ਸੰਸਾਰਾ । ਗੁਰਮਤ ਸਾਚੀ ਰੀਤੀ । ਗੁਰਮਤ ਕਾਇਆ ਕਰੇ ਪਤਤ ਪੁਨੀਤੀ । ਗੁਰਮਤ ਸਾਚਾ ਯਤ ਰੱਖੇ, ਪਰਖੇ ਆਪੇ ਨੀਤੀ । ਗੁਰਮਤ ਰੱਖੇ ਸਾਚਾ ਯਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾਤ ਜਿਸ ਦਿਤੀ । ਗੁਰਮਤ ਗੁਰਸਿਖ ਵਿਚਾਰੇ । ਗੁਰਮਤ ਪਾਵੇ ਗੁਰ ਦਰਬਾਰੇ । ਗੁਰਮਤ ਵਸਾਵੇ ਵਿਚ ਆਪਣੀ ਕਾਇਆ ਮਹਿਲ ਮੁਨਾਰੇ । ਗੁਰਮਤ ਸਦ ਰਿਦੇ ਵਸਾਵੇ, ਅਨਹਦ ਸ਼ਬਦ ਉਪਜੇ ਧੁਨਕਾਰੇ । ਗੁਰ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣ ਬਣ ਆਪ ਲਿਖਾਰੇ । ਗੁਰ ਮਤੀ ਦੇ ਸਮਝਾਇਆ । ਪਰਮਗਤੀ ਸਚ ਰਾਹ ਬਤਾਇਆ । ਆਤਮ ਜਤੀ ਗੁਰਸਿਖ ਰਖਾਇਆ । ਨਾਰ ਸਬਾਈ ਹੋਏ ਸਤੀ, ਏਕਾ ਨਿਹੁੰ ਸਾਚੇ ਪੀਆ ਸੰਗ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਪੇ ਸਮਝਾਇਆ । ਗੁਰਮਤ ਸਚ ਵਿਹਾਰਾ । ਗੁਰਮਤ ਨਾਮ ਅਧਾਰਾ । ਗੁਰਮਤ ਕਰਮ ਉਜਿਆਰਾ । ਗੁਰਮਤ ਧਰਮ ਰਹੇ ਵਿਚ ਸੰਸਾਰਾ । ਗੁਰਮਤ ਗੁਰਸਿਖ ਉਤਰੇ ਪਾਰਾ । ਗੁਰਮਤ ਗੁਰਸਿਖ ਮਿਟਾਏ ਅੰਧ ਅੰਧਿਆਰਾ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰ ਪਿਆਰਾ । ਗੁਰਮਤ ਸਤਿ ਸੰਤੋਖ । ਗੁਰਮਤ ਅੰਤਮ ਮੋਖ । ਗੁਰਮਤ ਨਾ ਲੱਗੇ ਦੋਖ । ਗੁਰਮਤ ਦੇਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸਾਚਾ ਸੋਖ । ਗੁਰਮਤ ਗੁਰਸਿਖ ਸੁਣਾਏ ਕੰਨ । ਗੁਰਮਤ ਗੁਰਸਿਖ ਜਾਏ ਮੰਨ । ਗੁਰਮਤ ਆਤਮ ਕੱਢੇ ਜਨ । ਗੁਰਮਤ ਭਾਂਡਾ ਭਰਮ ਦੇਵੇ ਭੰਨ । ਗੁਰਮਤ ਗੁਰਸਿਖ ਕਮਾਏ ਆਤਮ ਲੱਗੇ ਨਾ ਸੰਨ੍ਹ । ਗੁਰਮਤ ਗੁਰ ਧੀਰ ਧਰਾਏ ਪੰਜੇ ਰੱਖੇ ਬੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਗੁਰਮਤ ਸਾਚਾ ਸੀਰ ਪਿਲਾਏ ਬੇੜਾ ਦੇਵੇ ਬੰਨ੍ਹ । ਨਿਹਕਲੰਕ ਤੇਰੀ ਵਡਿਆਈ, ਗੁਰਸਿਖ ਪੈਜ ਰਖਾਈ, ਮੁਖੋਂ ਕਹੇ ਧੰਨ ਧੰਨ । ਗੁਰਮਤ ਦੇਵੇ ਗੁਰਦੇਵ । ਗੁਰਮਤ ਸਾਚੀ ਗੁਰ ਚਰਨ ਸੇਵ । ਗੁਰਮਤ ਪਾਏ ਪ੍ਰਭ ਅਲਖ ਅਭੇਵ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਜਪਣਾ ਸਦ ਰਸਨਾ ਜੇਹਵ । ਗੁਰਮਤ ਰਸਨ ਜਾਪ । ਗੁਰਮਤ ਕੋਟ ਉਤਾਰੇ ਪਾਪ । ਗੁਰਮਤ ਆਪੇ ਮਾਰੇ ਤੀਨੋ ਤਾਪ । ਗੁਰਮਤ ਸਾਚਾ ਦਰ, ਦੂਜਾ ਲੱਗੇ ਨਾ ਕੋਈ ਸਰਾਪ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਜਿਉਂ ਬਾਲਕ ਮਾਈ ਬਾਪ । ਗੁਰਮਤ ਦੇਵੇ ਸਚ ਭਰਵਾਸੇ । ਗੁਰਮਤ ਦੇਵੇ ਗੁਰਸਿੱਖ ਜਿਸ ਮਿਲਿਆ ਪ੍ਰਭ ਅਬਿਨਾਸ਼ੇ । ਗੁਰਮਤ ਲੇਵੇ ਗੁਰਸਿਖ, ਰੱਖ ਮਨ ਧਰਵਾਸੇ । ਗੁਰਮਤ ਦੇਵੇ ਹਰਿ ਸਾਚਾ ਸ਼ਾਹੋ ਸ਼ਾਬਾਸੇ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਜਪਾਏ ਸਵਾਸ ਸਵਾਸੇ । ਗੁਰਮਤ ਸਾਚੀ ਧਾਰ । ਗੁਰਮਤ ਕਮਾਏ ਨਾਰੀ ਨਾਰ । ਗੁਰਮਤ ਏਕਾ ਸਾਚਾ ਜਗਤ ਪਸਾਰ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਾਰ । ਗੁਰਮਤ ਔਖਾ ਘਾਟ । ਗੁਰਮਤ ਸਾਚਾ ਹਾਟ । ਗੁਰਮਤ ਆਪ ਖੁਲ੍ਹਾਏ ਬਜਰ ਕਪਾਟ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸਦ ਰਸਨਾ ਰਾਟ । ਗੁਰਮਤ ਗੁਰ ਕੀ ਨਿਆਈ । ਗੁਰਮਤ ਗੁਰ ਪੂਰਾ ਪਾਈ । ਗੁਰਮਤ ਗੁਰਸਿੱਖ ਲੈ ਇਕਾ ਲਿਵ ਲਾਈ । ਗੁਰਮਤ ਦੇਵੇ ਆਪ ਰਘੁਰਾਈ । ਗੁਰਮਤ ਗੁਰਮੁਖ ਸਾਚੇ ਪਾਈ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸ਼ਬਦ ਰਿਹਾ ਲਿਖਾਈ । ਗੁਰਮਤ ਗੁਰ ਮਿਲਾਏ । ਗੁਰਮਤ ਧੁਰ ਪੁਚਾਏ । ਗੁਰਮਤ ਕਰੋੜ ਤੇਤੀਸ ਸੁਰ ਸਰਨ ਲਗਾਏ । ਗੁਰਮਤ ਦੇਵੇ ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਗੁਰ ਭੁਲ ਨਾ ਜਾਏ । ਗੁਰਮਤ ਗੁਰ ਆਪ ਜਣਾਈ । ਏਕਾ ਸਾਚੀ ਪ੍ਰਭ ਸਰਨਾਈ । ਦੂਜੀ ਓਟ ਨਾ ਕਦੇ ਰਖਾਈ । ਮਨ ਇਛਿਆ ਫਲ ਪੂਰਨ ਪਾਈ । ਸੋਲਾਂ ਕਲਾ ਸੰਪੂਰਨ ਸਦ ਰਸਨਾ ਗਾਈ । ਸਰਬ ਥਾਈਂ ਭਰਪੂਰਨ ਤੋਟ ਰਹੇ ਨਾ ਰਾਈ । ਸਦ ਵਸੇ ਨੇੜੇ ਜਿਸ ਜਾਣੇ ਦੂਰਨ, ਜੋਤ ਸਰੂਪ ਬੈਠਾ ਮੁਖ ਛੁਪਾਈ । ਅਨਹਦ ਸ਼ਬਦ ਉਪਜੇ ਸਾਚੀ ਤੂਰਨ, ਸੋਹੰ ਸਾਚਾ ਰਾਗ ਕੰਨ ਸੁਣਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਤ ਗੁਰਸਿਖ ਤੇਰੀ ਵਡਿਆਈ । ਗੁਰਮਤ ਗੁਰ ਉਪਦੇਸ਼ਾ । ਗੁਰਮਤ ਲੇਵੇ ਦਰ ਖੜੇ ਬ੍ਰਹਮਾ ਵਿਸ਼ਨ ਮਹੇਸ਼ਾ । ਗੁਰਮਤ ਸ੍ਰਿਸ਼ਟ ਸਬਾਈ, ਜੁਗੋ ਜੁਗ ਜੋਤ ਸਰੂਪੀ ਕਰ ਕੇ ਵੇਸਾ । ਗੁਰਮਤ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਧੁਰ ਦਰਗਾਹੀ ਸਚ ਸੰਦੇਸਾ । ਗੁਰਮਤ ਸਚ ਸੰਦੇਸ਼ । ਗੁਰਮਤ ਪੁਚਾਏ ਸਾਚੇ ਦੇਸ । ਗੁਰਮਤ ਲੈ ਜਾਏ ਜਿਥੇ ਵਸੇ ਇਕ ਨਰ ਨਰੇਸ਼ । ਗੁਰਮਤ ਗੁਰ ਜੋਤ ਮਿਲਾਏ, ਗੁਰ ਪੂਰੇ ਕੋ ਸਦ ਆਦੇਸ । ਗੁਰਮਤ ਕਲਜੁਗ ਜੀਆਂ ਦੇਵੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਿੰਘ ਪੂਰਨ ਵਿਚ ਹੋ ਪਰਵੇਸ਼ । ਸਿੰਘ ਪੂਰਨ ਕਲ ਆਸਾ ਵਰਿਆ । ਪ੍ਰਭ ਅਬਿਨਾਸ਼ੀ ਸਦ ਦਰ ਅੱਗੇ ਖੜਿਆ । ਸਾਚਾ ਭਾਂਡਾ ਵਿਚ ਮਾਤ ਪ੍ਰਭ ਘੜਿਆ । ਜੋਤ ਸਰੂਪੀ ਜੋਤ ਪ੍ਰਭ ਵਿਚ ਆਪੇ ਰਹੇ ਵੜਿਆ । ਵੇਦ ਪੁਰਾਨ ਨਾ ਕੋਈ ਵਖਾਣੇ, ਨਾ ਕੋਈ ਜਾਣੇ ਕਲਜੁਗ ਪੜ੍ਹਿਆ । ਆਪਣੇ ਰੰਗ ਆਪ ਸਮਾਣੇ, ਸ੍ਰਿਸ਼ਟ ਸਬਾਈ ਜਿਸ ਘਾੜਨ ਘੜਿਆ । ਏਕਾ ਜੋਤ ਭਗਤ ਭਗਵਾਨੇ, ਗੁਰਸਿਖਾਂ ਲੜ ਸਾਚਾ ਫੜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਈ ਆਪਣੇ ਘਰ ਸਾਚੇ ਖੜਿਆ । ਫੜੋ ਲੜ ਜਾਓ ਚੜ੍ਹ । ਅੰਦਰ ਵੜ ਪ੍ਰਭ ਸਾਚਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਲਗਾਏ ਆਪੇ ਜੜ੍ਹ । ਸਚ ਘਰ ਹਰਿ ਕਾ ਦਵਾਰਾ । ਸਚ ਘਰ ਜੋਤ ਪਸਾਰਾ । ਸਚ ਘਰ ਏਕਾ ਜੋਤ ਕਰੇ ਉਜਿਆਰਾ । ਸਚ ਘਰ ਸਚ ਦਰ ਏਕਾ ਵਰਤਾਰਾ । ਸਚ ਘਰ ਸਚ ਦਰ ਸਚ ਵਰ, ਗੁਰਸਿਖਾਂ ਸ਼ਬਦ ਭੰਡਾਰਾ । ਸਚ ਘਰ ਸਚ ਦਰ ਦੇਵੇ ਭਰ, ਗੁਰਸਿਖ ਆਤਮ ਅੰਮ੍ਰਿਤ ਜਲ ਧਾਰਾ । ਸਾਚਾ ਘਰ, ਸਾਚਾ ਸਰ ਜਾਓ ਤਰ, ਦਰਸ ਕਰ ਚੁੱਕੇ ਡਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਆਓ ਚਰਨ ਦਵਾਰਾ । ਨੇਤਰ ਪੇਖ ਪ੍ਰਭ ਅਬਿਨਾਸ਼ੀ ਸਾਚਾ ਵੇਖ । ਸਰਬ ਘਟ ਵਾਸੀ ਨਾ ਰਹੇ ਭੁਲ ਭੁਲੇਖ । ਘਨਕਪੁਰ ਵਾਸੀ ਆਤਮ ਜੋਤ ਜਗਾਏ ਏਕਾ ਏਕ ਵਸੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰ ਆਏ ਭਰਮ ਚੁਕਾਏ ਤੀਜੇ ਨੇਤਰ ਪੇਖ । ਤੀਜਾ ਲੋਇਆ ਜਗਾਇਆ ਸੋਇਆ । ਆਤਮ ਪਾਪ ਪਿਛਲਾ ਧੋਇਆ । ਸੋਹੰ ਸਾਚਾ ਬੀਜ ਬੋਇਆ । ਰਸਨ ਸਵਾਸੀ ਹੱਲ ਚਲਾਇਆ, ਗੁਰਸਿਖ ਤੇਰੇ ਆਤਮ ਦਰ ਦਵਾਰੇ, ਪ੍ਰਭ ਅਬਿਨਾਸ਼ੀ ਆਣ ਖਲੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣ ਨਾ ਜਾਣੇ ਕੋਇਆ । ਗੁਰਸਿਖ ਸਾਚਾ ਆਤਮ ਜਗਾਏ । ਆਤਮ ਦਰ ਭਾਗ ਲਗਾਏ । ਦੇਵੇ ਵਰ ਸੋਹੰ ਸਾਚੀ ਜਾਗ ਲਗਾਏ । ਅਵਤਾਰ ਨਰ ਆਤਮ ਤ੍ਰਿਸ਼ਨਾ ਅੱਗ ਬੁਝਾਏ । ਕਿਰਪਾ ਕਰ ਸਾਚਾ ਹਰਿ, ਅਨਹਦ ਸਾਚਾ ਰਾਗ ਸੁਣਾਏ । ਗੁਰਸਿਖ ਸਾਚਾ ਦੁਤਰ ਜਾਏ ਤਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ । ਗੁਰਸਿਖਾਂ ਸਦ ਮਿਹਰਬਾਨ । ਉਤਾਰੇ ਭੁੱਖਾਂ ਸੋਹੰ ਦੇਵੇ ਦਾਨ । ਉਤਾਰੇ ਦੁੱਖਾਂ ਏਕਾ ਧੁਨ ਉਪਜਾਏ ਕਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਵਿਸ਼ਨੂੰ ਭਗਵਾਨ । ਆਤਮ ਧੁਨ ਆਪ ਉਪਜਾਏ । ਆਤਮ ਸੁੰਨ ਆਪ ਖੁਲ੍ਹਾਏ । ਗੁਰਮੁਖ ਚੁਣ ਪ੍ਰਭ ਦਇਆ ਕਮਾਏ ।


੩੭੫ ੦੨

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੀਪਕ ਜੋਤ ਜਗਾਏ । ਦੀਪਕ ਜੋਤ ਆਪ ਜਗਾਏ । ਬਜਰ ਕਪਾਟ ਆਪ ਖੁਲ੍ਹਾਏ । ਔਖੇ ਘਾਟ ਬਾਂਹੋਂ ਪਕੜ ਆਪ ਚੜ੍ਹਾਏ । ਸੋਹੰ ਖੁਲ੍ਹਾਇਆ ਸਾਚਾ ਹਟ, ਗੁਰਸਿਖਾਂ ਵਣਜ ਕਰਾਏ । ਸਾਚ ਲਾਹਾ ਗੁਰ ਦਰ ਖਾਟ, ਅੰਤਮ ਅੰਤ ਜੋਤੀ ਮੇਲ ਮਿਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਗੇੜ ਕਟਾਏ । ਸੋਹੰ ਖੁਲ੍ਹਾਇਆ ਸਾਚਾ ਹੱਟ । ਗੁਰਮੁਖ ਸਾਚਾ ਲਾਹਾ ਜਾਏ ਖੱਟ । ਬੇਮੁਖ ਵੱਜੇ ਆਤਮ ਫੱਟ । ਕਲਜੁਗ ਨਾ ਕੋਈ ਦੀਸੇ ਹੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਦ ਵਸੇ ਘਟ ਘਟ । ਗੁਰਸਿਖ ਗੁਰ ਦਰ ਵਡਿਆਈ । ਗੁਰਸਿਖ ਗੁਰ ਪੂਰਨ ਬੂਝ ਬੁਝਾਈ । ਗੁਰਸਿਖ ਗੁਰ ਸਾਚੀ ਸੂਝ ਦਵਾਈ । ਗੁਰਸਿਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਾਈ । ਏਕਾ ਰੰਗ ਆਪ ਰੰਗਾਏ । ਸਾਚਾ ਸੰਗ ਆਪ ਨਿਭਾਏ । ਜੋ ਜਨ ਮੰਗੇ ਸਾਚੀ ਮੰਗ, ਸੋਹੰ ਦਾਨ ਪ੍ਰਭ ਝੋਲੀ ਪਾਏ । ਆਤਮ ਚਾੜ੍ਹੇ ਮਜੀਠੀ ਰੰਗ, ਕਲ ਉਤਰ ਨਾ ਜਾਈ । ਹੋਏ ਸਹਾਈ ਸਦਾ ਅੰਗ ਸੰਗ, ਗੁਰਸਿਖਾਂ ਸਦ ਵਧਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਰਨਾਈ । ਸਾਚੀ ਸਰਨਾ ਗੁਰਸਿਖ ਤਰਨਾ । ਹੋਏ ਨਾ ਮਰਨਾ ਚੁੱਕੇ ਡਰਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਏ ਆਪਣੀ ਸਰਨਾ । ਚਰਨ ਲਗਾਇਆ, ਦਾਗ਼ ਮਿਟਾਇਆ, ਭਾਗ ਜਗਾਇਆ, ਰਾਗ ਸੁਣਾਇਆ, ਹੰਸ ਕਾਗ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਚਰਨੀਂ ਸੀਸ ਝੁਕਾਇਆ । ਚਰਨੀ ਸੀਸ ਝੁਕਾਏ, ਦੁਖ ਗਵਾਏ । ਲੇਖ ਲਿਖਾਏ ਭੇਖ ਮਿਟਾਏ । ਨਿਜਾਨੰਦ ਨਿਜ ਮਾਂਹੇ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਏ । ਨਿਜ ਘਰ ਵਾਸਾ ਜੋਤ ਪਰਕਾਸ਼ਾ । ਪ੍ਰਭ ਪੁਰਖ ਅਬਿਨਾਸ਼ਾ । ਹੋਈ ਬੰਦ ਖਲਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਚਰਨ ਭਰਵਾਸਾ ।

### * ੨ ਮਾਘ ੨੦੦੯ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹ ਪਿੰਡ ਬੁੱਗੇ *

ਰੱਖ ਚਿਤ ਪਾਰਬ੍ਰਹਮ, ਹਰਿ ਕਾਜ ਸਵਾਰੇ । ਰੱਖ ਚਿਤ ਪਾਰਬ੍ਰਹਮ, ਹਰਿ ਪੈਜ ਸਵਾਰੇ । ਰੱਖ ਚਿਤ ਪਾਰਬ੍ਰਹਮ, ਦੂਤੀ ਦੁਸ਼ਟ ਪ੍ਰਭ ਆਪ ਸੰਘਾਰੇ । ਰੱਖ ਚਿਤ ਪਾਰਬ੍ਰਹਮ, ਗੁਰਸਿਖਾਂ ਆਏ ਘਰ ਅਵਤਾਰ ਨਰ ਪਾਰ ਉਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਲਿਖਾਰੇ । ਰੱਖ ਚਿਤ ਪਾਰਬ੍ਰਹਮ, ਹਰਿ ਗੋਬਿੰਦ ਗੋਬਿੰਦਾ । ਰੱਖ ਚਿਤ ਪਾਰਬ੍ਰਹਮ, ਵਡ ਸੁਰਪਤ ਰਾਜੇ ਇੰਦਾ । ਰੱਖ ਚਿਤ ਪਾਰਬ੍ਰਹਮ, ਜੁਗੋ ਜੁਗ ਵਿਚ ਮਾਤ ਜੋਤ ਰਖੰਦਾ । ਰੱਖ ਚਿਤ ਪਾਰਬ੍ਰਹਮ, ਪ੍ਰਭ ਅਬਿਨਾਸ਼ੀ ਸਚ ਖੇਲ ਵਰਤੰਦਾ । ਰੱਖ ਚਿਤ ਪਾਰਬ੍ਰਹਮ, ਗੁਰਸਿਖਾਂ ਪ੍ਰਭ ਸਦ ਬਖ਼ਸ਼ਿੰਦਾ । ਰੱਖ ਚਿਤ ਪਾਰਬ੍ਰਹਮ, ਬੇਮੁਖ ਦੁਸ਼ਟ ਖਪਾਏ ਦਰ ਆਏ ਜੋ ਕਰਨ ਨਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਏਕੰਕਾਰ ਜੋਤ ਅਧਾਰ ਪਸਰ ਪਸਾਰ ਸ੍ਰਿਸ਼ਟ ਸਬਾਈ ਇਕ ਅਧਾਰ ਰਖੰਦਾ । ਸ੍ਰਿਸ਼ਟ ਸਬਾਈ ਇਕ ਅਧਾਰੇ । ਏਕਾ ਜੋਤ ਪ੍ਰਭ ਕਰਤਾਰੇ । ਜੋਤੀ ਜੋਤ ਸਰੂਪ ਏਕਾ ਏਕੰਕਾਰੇ । ਵਡ ਭੂਪਨ ਭੂਪ ਖੜੇ ਰਹਿਣ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿ ਸਰੂਪ, ਸਤਿ ਪੁਰਖਾਂ ਪਾਰ ਉਤਾਰੇ । ਰੱਖ ਚਿਤ ਪਾਰਬ੍ਰਹਮ, ਜਿਸ ਦੇਹ ਬਣਾਈ । ਰੱਖ ਚਿਤ ਪਾਰਬ੍ਰਹਮ, ਜਿਸ ਹੱਥ ਵਡਿਆਈ । ਰੱਖ ਚਿਤ ਪਾਰਬ੍ਰਹਮ, ਪਵਣ

ਰੂਪੀ ਸਵਾਸ ਚਲਾਈ । ਰੱਖ ਚਿਤ ਪਾਰਬ੍ਰਹਮ, ਰਕਤ ਬੂੰਦ ਤਨ ਉਪਜਾਈ । ਰੱਖ ਚਿਤ ਪਾਰਬ੍ਰਹਮ, ਏਕਾ ਇਕ ਆਕਾਰ ਪੰਜ ਵਿਕਾਰ ਅੱਠ ਧਾਰ ਨੌਂ ਦਵਾਰ ਪਰਗਟ ਦਸਵਾਂ ਗੁਪਤ ਰਖਾਈ । ਰੱਖ ਚਿਤ ਪਾਰਬ੍ਰਹਮ, ਜੋਤ ਸਰੂਪ ਲਿਆ ਅਵਤਾਰ, ਮਾਤਲੋਕ ਆਇਆ ਜਾਮਾ ਧਾਰ, ਨਿਹਕਲੰਕ ਨਰਾਇਣ ਨਰ ਅਵਤਾਰ, ਬੇਮੁਖਾਂ ਜਾਏ ਸੰਘਾਰ, ਗੁਰਸਿਖਾਂ ਜਾਏ ਤਾਰ, ਜਿਸ ਸਾਚੀ ਬਣਤ ਬਣਾਈ । ਰੱਖ ਚਿਤ ਪਾਰਬ੍ਰਹਮ, ਆਤਮ ਹੋਏ ਉਜਿਆਰਾ । ਰੱਖ ਚਿਤ ਪਾਰਬ੍ਰਹਮ, ਹਉਮੇ ਰੋਗ ਗਿਆ ਦੁਖ ਭਾਰਾ । ਰੱਖ ਚਿਤ ਪਰਬ੍ਰਹਮ, ਜੋਗ ਸਚ ਗੁਰ ਚਰਨ ਦਵਾਰਾ । ਰੱਖ ਚਿਤ ਪਾਰਬ੍ਰਹਮ, ਪਾਵੇ ਦਰਸ ਪਰਮੇਸ਼ਵਰ ਜਗਤੇਸ਼ਵਰ ਮਹੇਸ਼ਵਰ ਰਖੇਸ਼ਵਰ ਗੁਰਸਿਖ ਪੂਰਨ ਪੁਰਖ ਅਪਾਰਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਗੁਰਸਿਖ ਦਸਮ ਦਵਾਰਾ । ਰੱਖ ਚਿਤ ਪਾਰਬ੍ਰਹਮ, ਗੁਰ ਦੇਵੇ ਧੀਰ । ਰੱਖ ਚਿਤ ਪਾਰਬ੍ਰਹਮ, ਕਲਜੁਗ ਪਰਗਟੇ ਵਡ ਪੀਰਨ ਪੀਰ । ਰੱਖ ਚਿਤ ਪਾਰਬ੍ਰਹਮ, ਕਲਜੁਗ ਮਾਇਆ ਕੱਟੇ ਗਲੋਂ ਜੰਜੀਰ । ਰੱਖ ਚਿਤ ਪਾਰਬ੍ਰਹਮ, ਅੰਮ੍ਰਿਤ ਗੁਰਸਿਖਾਂ ਪਿਆਏ ਸਾਚਾ ਸੀਰ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਚਲਾਏ ਆਤਮ ਤੀਰ । ਰੱਖ ਚਿਤ ਪਾਰਬ੍ਰਹਮ, ਬਜਰ ਕਪਾਟੀ ਦੇਵੇ ਚੀਰ । ਰੱਖ ਚਿਤ ਪਾਰਬ੍ਰਹਮ, ਔਖੀ ਘਾਟੀ ਆਪ ਚੜ੍ਹਾਏ ਦੇਵੇ ਅੰਮ੍ਰਿਤ ਸਾਚਾ ਨੀਰ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਗਹਿਰ ਗੰਭੀਰ । ਰੱਖ ਚਿਤ ਪਾਰਬ੍ਰਹਮ, ਪੂਰਨ ਆਸਾ । ਰੱਖ ਚਿਤ ਪਾਰਬ੍ਰਹਮ, ਦੁਖ ਲੱਗੇ ਨਾ ਮਾਸਾ । ਰੱਖ ਚਿਤ ਪਾਰਬ੍ਰਹਮ, ਪ੍ਰਭ ਦੇਵੇ ਦਰਸ ਪੁਰਖ ਅਬਿਨਾਸ਼ਾ । ਰੱਖ ਚਿਤ ਪਾਰਬ੍ਰਹਮ, ਸਰਬ ਜੀਆਂ ਹਰਿ ਘਟ ਘਟ ਰੱਖੇ ਵਾਸਾ । ਰੱਖ ਚਿਤ ਪਾਰਬ੍ਰਹਮ, ਆਤਮ ਦੀਪਕ ਜੋਤ ਕਰੇ ਪਰਗਾਸਾ । ਰੱਖ ਚਿਤ ਪਾਰਬ੍ਰਹਮ, ਅਨੰਦ ਵਿਨੋਦ ਸਰਬ ਗੁਣਤਾਸਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਬੰਦ ਖੁਲਾਸਾ । ਰੱਖ ਚਿਤ ਪਾਰਬ੍ਰਹਮ, ਪ੍ਰਭ ਭਏ ਦਿਆਲਾ । ਰੱਖ ਚਿਤ ਪਾਰਬ੍ਰਹਮ, ਦੇਵੇ ਦਰਸ ਗੁਰ ਗੋਪਾਲਾ । ਰੱਖ ਚਿਤ ਪਾਰਬ੍ਰਹਮ, ਕਿਰਪਾ ਕਰੇ ਭਗਤ ਵਛਲ ਆਪ ਕਿਰਪਾਲਾ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਜਪਾਵੇ ਆਤਮ ਦਿਖਾਵੇ ਸਾਚੀ ਧਰਮਸਾਲਾ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਪਾਏ ਗਲ ਮਾਲਾ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਤੇਰੀ ਪੂਰੀ ਹੋਏ ਘਾਲਾ । ਰੱਖ ਚਿਤ ਪਾਰਬ੍ਰਹਮ, ਆਤਮ ਤੋੜੇ ਸਰਬ ਜੰਜਾਲਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਲਜੁਗ ਅੰਤਮ ਅੰਤ ਸੋਹੰ ਸ਼ਬਦ ਦੇਵੇ ਸੁਖਾਲਾ । ਰੱਖ ਚਿਤ ਪਾਰਬ੍ਰਹਮ, ਹਰਿ ਇਕ ਰਘੁਰਾਈ । ਰੱਖ ਚਿਤ ਪਾਰਬ੍ਰਹਮ, ਜਿਸ ਜੀਵ ਜੋਤ ਜਗਾਈ । ਰੱਖ ਚਿਤ ਪਾਰਬ੍ਰਹਮ, ਜਿਸ ਜੀਵ ਨਿਰਮਲ ਦੇਹ ਕਰਾਈ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਹੱਥ ਤੇਰੀ ਵਡਿਆਈ । ਰੱਖ ਚਿਤ ਪਾਰਬ੍ਰਹਮ, ਵਡ ਗੁਣ ਗੁਣਾਵਾਨ । ਰੱਖ ਚਿਤ ਪਾਰਬ੍ਰਹਮ, ਪੂਰਨ ਜੋਤ ਇਕ ਭਗਵਾਨ । ਰੱਖ ਚਿਤ ਪਾਰਬ੍ਰਹਮ, ਜਿਸ ਉਪਾਏ ਤੀਨ ਲੋਕ ਸਚ ਅਸਥਾਨ । ਰੱਖ ਚਿਤ ਪਾਰਬ੍ਰਹਮ, ਜਿਸ ਉਪਾਏ ਲੱਖ ਚੁਰਾਸੀ ਜਿਸ ਦਾ ਦੀਆ ਜੀਵ ਜੰਤ ਸਭ ਖਾਣ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਦਾ ਜਾਣੀ ਜਾਣ । ਰੱਖ ਚਿਤ ਪਾਰਬ੍ਰਹਮ, ਪੂਰਨ ਭਗਵੰਤਾ । ਰੱਖ ਚਿਤ ਪਾਰਬ੍ਰਹਮ, ਪ੍ਰਭ ਮਾਣ ਦਵਾਏ ਗੁਰਸਿਖ ਵਿਚ ਸਾਧਨ ਸੰਤਾਂ । ਰੱਖ ਚਿਤ ਪਾਰਬ੍ਰਹਮ, ਦੇਵੇ ਦਰਸ ਆਦਨ ਅੰਤਾ । ਰੱਖ ਚਿਤ ਪਾਰਬ੍ਰਹਮ, ਮੇਲ ਮਿਲਾਏ ਹਰਿ ਸਾਚੇ ਕੰਤਾ । ਰੱਖ ਚਿਤ

ਪਾਰਬ੍ਰਹਮ, ਸੋਹੰ ਸ਼ਬਦ ਵਿਚ ਮਾਤ ਵਰਤੰਤਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਬਣਾਈ ਤੇਰੀ ਬਣਤਾ ।
ਰੱਖ ਚਿਤ ਪਾਰਬ੍ਰਹਮ, ਜੀਵ ਅਧਾਰੀ । ਰੱਖ ਚਿਤ ਪਾਰਬ੍ਰਹਮ, ਭੁੱਲੇ ਜੀਵ ਸਰਬ ਸੰਸਾਰੀ । ਰੱਖ ਚਿਤ ਪਾਰਬ੍ਰਹਮ, ਭਵ ਸਾਗਰ ਅੰਤ ਦੇਵੇ
ਤਾਰੀ । ਰੱਖ ਚਿਤ ਪਾਰਬ੍ਰਹਮ, ਸੋਹੰ ਦੇਵੇ ਸ਼ਬਦ ਖੁਮਾਰੀ । ਰੱਖ ਚਿਤ ਪਾਰਬ੍ਰਹਮ, ਆਪ ਬਹਾਏ ਸਚ ਦਰਬਾਰੀ । ਰੱਖ ਚਿਤ ਪਾਰਬ੍ਰਹਮ,
ਸ਼ਬਦ ਸਰੂਪੀ ਕਿਲਾ ਕੋਟ ਰਿਹਾ ਉਸਾਰੀ । ਰੱਖ ਚਿਤ ਪਾਰਬ੍ਰਹਮ, ਸਭ ਦੇ ਅੰਦਰ ਤੇਰੀ ਸਚ ਅਟਾਰੀ । ਰੱਖ ਚਿਤ ਪਾਰਬ੍ਰਹਮ, ਗੁਰਸਿਖ
ਆਪਣੀ ਹੱਥੀਂ ਤੇਰੀ ਪੈਜ ਸਵਾਰੀ । ਰੱਖ ਚਿਤ ਪਾਰਬ੍ਰਹਮ, ਵੇਲੇ ਅੰਤ ਉਠਾਏ, ਲੈ ਜਾਏ ਚਰਨ ਦਵਾਰੀ । ਰੱਖ ਚਿਤ ਪਾਰਬ੍ਰਹਮ, ਗੁਰਸਿਖ
ਹਰਿ ਆਪ ਉਠਾਏ ਗੋਦ ਜਿਉਂ ਮਾਤ ਬਾਲਕ ਪਿਆਰੀ । ਰੱਖ ਚਿਤ ਪਾਰਬ੍ਰਹਮ, ਆਪ ਜਗਾਏ ਆਪ ਉਠਾਏ ਆਪ ਹਸਾਏ ਜੋਤ ਜਗਾਏ ਅਚਰਜ
ਖੇਲ ਨਿਆਰੀ । ਰੱਖ ਚਿਤ ਪਾਰਬ੍ਰਹਮ, ਛੁੱਟੇ ਰੋਗ ਜਗੇ ਜੋਤ ਅਗੰਮ ਅਪਾਰੀ । ਰੱਖ ਚਿਤ ਪਾਰਬ੍ਰਹਮ, ਆਪ ਬਹਾਈ ਸਚਖੰਡ ਸਚ ਧਾਮ
ਸਚ ਨਾਮ ਸਚ ਕਾਮ ਸਚ ਰਾਮ ਸਚ ਸ਼ਾਮ ਏਕਾ ਜੋਤ ਜਗੇ ਨਿਹਕਲੰਕ ਅਵਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਜੋਤ
ਧਰ, ਗੁਰਸਿਖਾਂ ਬਹਾਏ ਸਾਚੇ ਖੰਡ ਸਾਚੇ ਘਰ ਸੱਚੀ ਅਟਾਰੀ । ਰੱਖ ਚਿਤ ਪਾਰਬ੍ਰਹਮ, ਹਰਿ ਲਾਜ ਰਖਾਏ । ਰੱਖ ਚਿਤ ਪਾਰਬ੍ਰਹਮ, ਹਰਿ
ਘਰ ਦਿਖਾਏ । ਰੱਖ ਚਿਤ ਪਾਰਬ੍ਰਹਮ, ਹਰਿ ਘਰ ਘਰ ਹਰ ਲੈ ਜਾਏ । ਰੱਖ ਚਿਤ ਪਾਰਬ੍ਰਹਮ, ਦਰ ਦਰ ਹਰਿ ਹਰਿ ਦਰ ਬਹਾਏ । ਰੱਖ
ਚਿਤ ਪਾਰਬ੍ਰਹਮ, ਕਲਜੁਗ ਤਰ ਪਾਵੇ ਹਰਿ, ਨਾ ਆਵੇ ਡਰ, ਏਕਾ ਮਿਲਿਆ ਅਵਤਾਰ ਨਰ, ਸ਼ਬਦ ਉਡਾਰੀ ਗੁਰਸਿਖ ਉਠਾਵੇ । ਰੱਖ ਚਿਤ

ਪਾਰਬ੍ਰਹਮ, ਭਰਮ ਨਿਵਾਰੀ, ਗੁਰਸਿਖ ਤਾਰੀ ਸਚ ਦਰਬਾਰੀ ਸਚ ਧਾਮ ਬਹਾਏ । ਰੱਖ ਚਿਤ ਪਾਰਬ੍ਰਹਮ, ਏਕਾ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਏਕਾ ਗੋਤ ਗੁਰਸਿਖ ਅੰਤ ਜੋਤੀ ਜੋਤ ਮਿਲ ਜਾਵੇ । ਰੱਖ ਚਿਤ ਪਾਰਬ੍ਰਹਮ, ਸਦਾ ਅਭੇਦਾ । ਰੱਖ ਚਿਤ ਪਾਰਬ੍ਰਹਮ, ਪ੍ਰਭ ਅਬਿਨਾਸ਼ੀ
ਸਦ ਅਛਲ ਅਛੇਦਾ । ਰੱਖ ਚਿਤ ਪਾਰਬ੍ਰਹਮ, ਭੇਵ ਨਾ ਪਾਇਆ ਹਰਿ ਚਾਰ ਵੇਦਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਾ ਦਿਸੇ ਵਿਚ ਕਤੇਬਾ । ਰੱਖ ਚਿਤ ਪਾਰਬ੍ਰਹਮ, ਜਿਸ ਜੋਤ ਜਗਾਈ । ਰੱਖ ਚਿਤ ਪਾਰਬ੍ਰਹਮ, ਜਿਸ ਸ੍ਰਿਸ਼ਟ ਉਪਾਈ । ਰੱਖ ਚਿਤ ਪਾਰਬ੍ਰਹਮ,
ਤੀਨਾਂ ਲੋਆਂ ਕਰੇ ਰੁਸ਼ਨਾਈ । ਰੱਖ ਚਿਤ ਪਾਰਬ੍ਰਹਮ, ਖੰਡਾਂ ਵਰਭੰਡਾਂ ਬ੍ਰਹਿਮੰਡਾਂ ਇਕ ਰੰਗ ਸਮਾਈ । ਰੱਖ ਚਿਤ ਪਾਰਬ੍ਰਹਮ, ਅਕਾਸ਼ ਪਤਾਲ
ਮਾਤ ਸਰਬ ਥਾਈਂ ਹੋਏ ਸਹਾਈ । ਰੱਖ ਚਿਤ ਪਾਰਬ੍ਰਹਮ, ਜਲ ਥਲ ਥਲ ਜਲ ਜੋ ਰਿਹਾ ਸਮਾਈ । ਰੱਖ ਚਿਤ ਪਾਰਬ੍ਰਹਮ, ਘੜੀ ਘੜੀ ਪਲ
ਪਲ ਰਿਹਾ ਲੇਖ ਲਿਖਾਈ । ਰੱਖ ਚਿਤ ਪਾਰਬ੍ਰਹਮ, ਜੁਗੋ ਜੁਗ ਜੋਤ ਸਰੂਪ ਹਰਿ ਰਿਹਾ ਭੇਖ ਵਟਾਈ । ਰੱਖ ਚਿਤ ਪਾਰਬ੍ਰਹਮ, ਦੇਖ ਦੇਖ ਵੇਖ
ਵੇਖ ਭੇਖ ਭੁਲ ਨਾ ਜਾਈ । ਰੱਖ ਚਿਤ ਪਾਰਬ੍ਰਹਮ, ਪ੍ਰਭ ਸਾਚਾ ਸਿੱਖ ਸਾਚੇ ਸਦ ਦੇ ਵਡਿਆਈ । ਰੱਖ ਚਿਤ ਪਾਰਬ੍ਰਹਮ, ਜੀਵ ਭਾਂਡਾ ਕਾਚਾ
ਕਲਜੁਗ ਭੱਜ ਨਾ ਜਾਈ । ਰੱਖ ਚਿਤ ਪਾਰਬ੍ਰਹਮ, ਜਿਸ ਸਾਜਨ ਸਾਜਾ, ਵਡ ਰਾਜਨ ਰਾਜਾ, ਵਡ ਕਾਜਨ ਕਾਜਾ, ਜੋਤ ਪਰਗਟਾਈ ਵਿਚ ਦੇਸ
ਮਾਝਾ, ਅਨਹਦ ਧੁਨ ਦੇ ਉਪਜਾਈ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਵਜਾਵੇ ਵਾਜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇਵੇ
ਸੋ ਜਨ ਪ੍ਰਭ ਦਰ ਤੇ ਪਾਈ । ਰੱਖ ਚਿਤ ਪਾਰਬ੍ਰਹਮ, ਸਚ ਸੱਜਣ ਸੁਹੇਲਾ । ਰੱਖ ਚਿਤ ਪਾਰਬ੍ਰਹਮ, ਜਿਸ ਵਿਛੜਿਆਂ ਕਰਾਇਆ ਕਲਜੁਗ

ਮੇਲਾ । ਰੱਖ ਚਿਤ ਪਾਰਬ੍ਰਹਮ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਰੱਖ ਚਿਤ ਪਾਰਬ੍ਰਹਮ, ਬੇਮੁਖਾਂ ਬੇੜਾ ਸ਼ੌਹ ਦਰਿਆਏ ਠੇਲਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੱਜਣ ਸੁਹੇਲਾ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਸਾਚੀ ਮਤਿ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਕਦੇ ਨਾ ਟੁੱਟੇ ਆਤਮ ਯਤ । ਰੱਖ ਚਿਤ ਪਾਰਬ੍ਰਹਮ, ਸੋਹੰ ਲੈ ਸਾਚੇ ਹੱਟ । ਰੱਖ ਚਿਤ ਪਾਰਬ੍ਰਹਮ, ਪਰਗਟ ਜੋਤ ਕਲਜੁਗ ਦੇਵੇ ਸਾਚੀ ਮਤਿ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਧਾਵੇ ਧੀਰਜ ਸਤਿ । ਰੱਖ ਚਿਤ ਪਾਰਬ੍ਰਹਮ, ਸਦਾ ਅਤੀਤਾ । ਰੱਖ ਚਿਤ ਪਾਰਬ੍ਰਹਮ, ਹਰਿ ਮਿਲਿਆ ਸਾਚਾ ਮੀਤਾ । ਰੱਖ ਚਿਤ ਪਾਰਬ੍ਰਹਮ, ਹਰਿ ਦੇਵੇ ਦਰਸ਼ਨ ਬਖ਼ਸ਼ੇ ਚਰਨ ਪ੍ਰੀਤਾ । ਰੱਖ ਚਿਤ ਪਾਰਬ੍ਰਹਮ, ਬੇਮੁਖਾਂ ਪਰਖੇ ਨੀਤਾ । ਰੱਖ ਚਿਤ ਪਾਰਬ੍ਰਹਮ, ਜਿਸ ਚਰਨ ਲਾਗ ਧੋਤ ਦਾਗ਼, ਪਾਪੀ ਹੋਣ ਪਤਤ ਪੁਨੀਤਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਨਸ ਜਨਮ ਗੁਰਸਿਖ ਜਗ ਜੀਤਾ । ਰੱਖ ਚਿਤ ਪਾਰਬ੍ਰਹਮ, ਸਚ ਉਪਦੇਸ਼ । ਰੱਖ ਚਿਤ ਪਾਰਬ੍ਰਹਮ, ਪ੍ਰਭ ਜੁਗੋ ਜੁਗ ਕਰਦਾ ਆਇਆ ਵੇਸ । ਰੱਖ ਚਿਤ ਪਾਰਬ੍ਰਹਮ, ਬ੍ਰਹਮਾ ਵਿਸ਼ਨ ਮਹੇਸ਼ ਸਦ ਕਰਨ ਆਦੇਸ । ਰੱਖ ਚਿਤ ਪਾਰਬ੍ਰਹਮ, ਵਿਚ ਮਾਤ ਕਲਜੁਗ ਵਿਚ ਸਿੱਖ ਪਰਵੇਸ਼ । ਰੱਖ ਚਿਤ ਪਾਰਬ੍ਰਹਮ, ਵਡ ਦਾਤਾ ਵਡ ਮਰਗੇਸ਼ । ਰੱਖ ਚਿਤ ਪਾਰਬ੍ਰਹਮ, ਜਿਸ ਵਖਾਇਆ ਸਾਚਾ ਵੇਸ । ਰੱਖ ਚਿਤ ਪਾਰਬ੍ਰਹਮ, ਜਿਸ ਦਰਸ ਦਿਖਾਇਆ, ਭਰਮ ਚੁਕਾਇਆ, ਮੇਲ ਮਿਲਾਇਆ, ਜੋਤੀ ਸਾਚਾ ਦੀਪ ਜਗਾਇਆ, ਗੁਰ ਚਰਨ ਸੇਵ ਕਰ ਕੇਸ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਗੁਰਸਿਖਾਂ ਸੁਣਾਏ ਸਾਚਾ ਸੰਦੇਸ਼ । ਰੱਖ ਚਿਤ ਪਾਰਬ੍ਰਹਮ, ਕਲਜੁਗ ਜੀਵ । ਰੱਖ ਚਿਤ ਪਾਰਬ੍ਰਹਮ, ਅੰਮ੍ਰਿਤ ਨਾਮ ਗੁਰ ਦਰ ਪੀਵ । ਰੱਖ ਚਿਤ ਪਾਰਬ੍ਰਹਮ, ਆਤਮ ਸੱਚੀ ਜਗਾਓ ਦੀਵ । ਰੱਖ ਚਿਤ ਪਾਰਬ੍ਰਹਮ, ਆਪਣੀ ਆਪ ਰਖਾਓ ਨੀਵ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਚਰਨ ਲਾਗ ਉਪਜੇ ਰਾਗ ਪੂਰੇ ਭਾਗ, ਗੁਰਸਿਖ ਸਦਾ ਜਗ ਜੀਵ । ਰੱਖ ਚਿਤ ਪਾਰਬ੍ਰਹਮ, ਪ੍ਰਭ ਸਾਚੀ ਜੋਤੀ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਬਣ ਜਾਏ ਸਾਚਾ ਮੋਤੀ । ਰੱਖ ਚਿਤ ਪਾਰਬ੍ਰਹਮ, ਦੁਰਮਤ ਮੈਲ ਜਾਏ ਧੋਤੀ । ਰੱਖ ਚਿਤ ਪਾਰਬ੍ਰਹਮ, ਆਤਮ ਜਗਾਏ ਪ੍ਰਭ ਸਾਚਾ ਸੋਤੀ । ਰੱਖ ਚਿਤ ਪਾਰਬ੍ਰਹਮ, ਏਕਾ ਏਕ ਏਕ ਅਨੇਕ ਕਰੇ ਬੁੱਧ ਬਿਬੇਕ, ਇਕ ਮਿਲਾਏ ਏਕਾ ਜੋਤੀ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਮਿਲਾਏ ਜੋਤਨ ਜੋਤੀ । ਰੱਖ ਚਿਤ ਪਾਰਬ੍ਰਹਮ, ਗੁਰ ਦਇਆ ਧਾਰੇ । ਰੱਖ ਚਿਤ ਪਾਰਬ੍ਰਹਮ, ਆਪ ਬਹਾਵੇ ਚਰਨ ਦਵਾਰੇ । ਰੱਖ ਚਿਤ ਪਾਰਬ੍ਰਹਮ, ਪਾਵੇ ਦਰਸ ਅਗੰਮ ਅਪਾਰੇ । ਰੱਖ ਚਿਤ ਪਾਰਬ੍ਰਹਮ, ਪੂਰਨ ਕਰਮ ਵਿਚ ਸੰਸਾਰੇ । ਰੱਖ ਚਿਤ ਪਾਰਬ੍ਰਹਮ, ਸਚ ਧਾਮ ਕਲ ਸਾਚੀ ਕਾਰੇ । ਰੱਖ ਚਿਤ ਪਾਰਬ੍ਰਹਮ, ਅਨਹਦ ਸ਼ਬਦ ਉਪਜੇ ਸਾਚੀ ਧੁਨਕਾਰੇ । ਰੱਖ ਚਿਤ ਪਾਰਬ੍ਰਹਮ, ਖੁਲ੍ਹੇ ਸੁੰਨ ਕਾਇਆ ਮਹਿਲ ਮੁਨਾਰੇ । ਰੱਖ ਚਿਤ ਪਾਰਬ੍ਰਹਮ, ਨਿਰਮਲ ਜੋਤ ਹੋਏ ਉਜਿਆਰੇ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਜੀਆਂ ਅਧਾਰੇ । ਰੱਖ ਚਿਤ ਪਾਰਬ੍ਰਹਮ ਏਕਾ ਓਟ । ਰੱਖ ਚਿਤ ਪਾਰਬ੍ਰਹਮ, ਹਉਮੇ ਵਿਚੋਂ ਕੱਢੇ ਖੋਟ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਲਗਾਵੇ ਸਾਚੀ ਚੋਟ । ਰੱਖ ਚਿਤ ਪਾਰਬ੍ਰਹਮ, ਕਦੇ ਨਾ ਆਵੇ ਕਲਜੁਗ ਤੋਟ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਤਾਰੇ ਗੁਰਸਿਖ ਤੇਰੇ ਪਾਪਨ ਕੋਟ ।

ਕੋਟ ਪਾਪ ਉਤਾਰ ਗੁਰਸਿਖ ਤਾਰਿਆ । ਕਿਰਪਾ ਕਰ ਹਰਿ ਆਪ, ਬਹਾਵੇ ਸਚ ਦਵਾਰਿਆ । ਸੋਹੰ ਦੇਵੇ ਸਾਚਾ ਜਾਪ, ਮਾਤ ਸਾਚਾ ਰਾਹ ਚਲਾ ਰਿਹਾ । ਜੋਤੀ ਪਰਗਟਾਈ ਨਰ ਹਰਿ ਹਰਿ ਨਰ ਆਪ, ਸ੍ਰਿਸ਼ਟ ਸਬਾਈ ਲੇਖ ਲਿਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਸਰਬ ਮਿਟਾ ਰਿਹਾ । ਰੱਖ ਚਿਤ ਪਾਰਬ੍ਰਹਮ, ਕਿਉਂ ਆਪਣਾ ਮੂਲ ਗਵਾ ਰਿਹਾ । ਰੱਖ ਚਿਤ ਪਾਰਬ੍ਰਹਮ, ਕਿਉਂ ਭੁਲ ਵਕਤ ਖੁਹਾ ਰਿਹਾ । ਰੱਖ ਚਿਤ ਪਾਰਬ੍ਰਹਮ ਬੇਮੁਖ ਹੋ ਕਿਉਂ ਮੁਖ ਭੁਵਾ ਰਿਹਾ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਰਸਨਾ ਜਪ ਅਮਰਾਪਦ ਹਰਿ ਦਵਾ ਰਿਹਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਥਾਈਂ ਮਾਣ ਦੁਵਾ ਰਿਹਾ । ਰੱਖ ਚਿਤ ਪਾਰਬ੍ਰਹਮ, ਸਭ ਥਾਨ ਥਨੰਤਰ । ਰੱਖ ਚਿਤ ਪਾਰਬ੍ਰਹਮ, ਸਦ ਵਸੇ ਪਤਾਲ ਗਗਨੰਤਰ । ਰੱਖ ਚਿਤ ਪਾਰਬ੍ਰਹਮ, ਆਵੇ ਜਾਵੇ ਕਿਸੇ ਤਰਾਵੇ ਕਿਸੇ ਡੁਬਾਏ ਜੁਗਾਂ ਜੁਗੰਤਰ । ਰੱਖ ਚਿਤ ਪਾਰਬ੍ਰਹਮ, ਬੇਮੁਖਾਂ ਭੁਲਾਵੇ, ਗੁਰਸਿਖਾਂ ਤਰਾਵੇ, ਸਾਚੇ ਮਾਰਗ ਲਾਵੇ, ਸਾਚਾ ਨਾਮ ਜਪਾਵੇ ਸੋਹੰ ਸਾਚਾ ਮੰਤਰ । ਰੱਖ ਚਿਤ ਪਾਰਬ੍ਰਹਮ, ਜਿਸ ਬਣਾਈ ਤੇਰੀ ਬਣਤਰ । ਰੱਖ ਚਿਤ ਪਾਰਬ੍ਰਹਮ, ਸਾਚਾ ਰਸ ਭੋਗ । ਰੱਖ ਚਿਤ ਪਾਰਬ੍ਰਹਮ, ਕਦੇ ਨਾ ਹੋਏ ਵਿਜੋਗ । ਰੱਖ ਚਿਤ ਪਾਰਬ੍ਰਹਮ, ਪ੍ਰਭ ਦੇਵੇ ਦਰਸ ਅਮੋਘ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਦੇਵੇ ਸਾਚਾ ਜੋਗ । ਰੱਖ ਚਿਤ ਪਾਰਬ੍ਰਹਮ, ਪ੍ਰਭ ਸੋਹੰ ਸ਼ਬਦ ਦੇਵੇ ਸਾਚਾ ਚੋਗ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਚੁਗਾਏ ਸੋਹੰ ਚੋਗ । ਰੱਖ ਚਿਤ ਪਾਰਬ੍ਰਹਮ, ਰੱਖੇ ਲਾਜ । ਰੱਖ ਚਿਤ ਪਾਰਬ੍ਰਹਮ, ਸੋਹੰ ਦੇਵੇ ਸਿਰ ਤਾਜਾਂ ਤਾਜ । ਰੱਖ ਚਿਤ ਪਾਰਬ੍ਰਹਮ, ਲੋਕ ਪਰਲੋਕ ਸਵਾਰੇ ਕਾਜ । ਰੱਖ ਚਿਤ ਪਾਰਬ੍ਰਹਮ, ਛੱਡ ਦੁਨੀਆਂ ਝੂਠਾ ਰਾਜ । ਰੱਖ ਚਿਤ ਪਾਰਬ੍ਰਹਮ, ਨਾ ਸੋਚ ਕਲ ਕਿ ਆਜ । ਰੱਖ ਚਿਤ ਪਾਰਬ੍ਰਹਮ, ਵੇਲਾ ਅੰਤ ਨਾ ਕੋਈ ਜਾਣੇ, ਕਿਸ ਵੇਲੇ ਹੋਏ ਭਾਜ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਰਿਹਾ ਸਾਜਨ ਸਾਜ । ਰੱਖ ਚਿਤ ਪਾਰਬ੍ਰਹਮ, ਪੂਰਨ ਪਰਮੋਦ । ਰੱਖ ਚਿਤ ਪਾਰਬ੍ਰਹਮ, ਸ਼ਬਦ ਲਿਖਾਵੇ ਅਗਾਧ ਬੋਧ । ਰੱਖ ਚਿਤ ਪਾਰਬ੍ਰਹਮ, ਕਲਜੁਗ ਪਰਗਟੇ ਵਡ ਜੋਧਨ ਜੋਧ । ਰੱਖ ਚਿਤ ਪਾਰਬ੍ਰਹਮ, ਗੁਰ ਚਰਨ ਲਾਗ ਆਤਮ ਸੋਧ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਠਾਏ ਆਪਣੀ ਗੋਦ । ਰੱਖ ਚਿਤ ਪਾਰਬ੍ਰਹਮ, ਸਾਚਾ ਗੁਸਾਈਂ । ਰੱਖ ਚਿਤ ਪਾਰਬ੍ਰਹਮ, ਸਦ ਰਸਨ ਧਿਆਈ । ਰੱਖ ਚਿਤ ਪਾਰਬ੍ਰਹਮ, ਜੀਵ ਭੁਲ ਨਾ ਜਾਈ । ਰੱਖ ਚਿਤ ਪਾਰਬ੍ਰਹਮ, ਸਦ ਰੱਖੇ ਸਰਨਾਈ । ਰੱਖ ਚਿਤ ਪਾਰਬ੍ਰਹਮ, ਤੋਟ ਕਦੇ ਨਾ ਆਈ । ਰੱਖ ਚਿਤ ਪਾਰਬ੍ਰਹਮ, ਦੁਖ ਰਹੇ ਨਾ ਰਾਈ । ਰੱਖ ਚਿਤ ਪਾਰਬ੍ਰਹਮ, ਹਰਿ ਸੁਖ ਦੇ ਉਪਜਾਈ । ਰੱਖ ਚਿਤ ਪਾਰਬ੍ਰਹਮ, ਆਤਮ ਤ੍ਰਿਸਨਾ ਭੁੱਖ ਦੇ ਮਿਟਾਈ । ਰੱਖ ਚਿਤ ਪਾਰਬ੍ਰਹਮ, ਮਾਤ ਕੁੱਖ ਸੁਫਲ ਕਰਾਈ । ਰੱਖ ਚਿਤ ਪਾਰਬ੍ਰਹਮ, ਉਜਲ ਮੁਖ ਜਗਤ ਰਹਿ ਜਾਈ । ਰੱਖ ਚਿਤ ਪਾਰਬ੍ਰਹਮ, ਮਿਲੇ ਵਡਿਆਈ ਸਭਨੀਂ ਥਾਈਂ । ਰੱਖ ਚਿਤ ਪਾਰਬ੍ਰਹਮ, ਸਾਧ ਸੰਗਤ ਰੱਖ ਭੈਣਾ ਮਾਈ । ਰੱਖ ਚਿਤ ਪਾਰਬ੍ਰਹਮ, ਸਾਧ ਸੰਗਤ ਜਾਣ ਭੈਣਾ ਭਾਈ । ਰੱਖ ਚਿਤ ਪਾਰਬ੍ਰਹਮ, ਕਲਜੁਗ ਮੇਲ ਮਿਲਾਇਆ ਜੁਗਾਂ ਜੁਗ ਭੈਣਾਂ ਭਾਈ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਗੁਰਸਿਖ ਪਾਰ ਲੰਘਾਏ ਫੜ ਕੇ ਦੋਵੇਂ ਬਾਹੀਂ । ਰੱਖ ਚਿਤ ਪਾਰਬ੍ਰਹਮ, ਚਤੁਰਭੁਜ । ਰੱਖ ਚਿਤ ਪਾਰਬ੍ਰਹਮ, ਪ੍ਰਭ ਚਰਨੀਂ ਲੁਝ । ਰੱਖ ਚਿਤ ਪਾਰਬ੍ਰਹਮ, ਕਲਜੁਗ ਅਗਨ ਵਿਚ ਨਾ ਭੁੱਜ ।

ਰੱਖ ਚਿਤ ਪਾਰਬ੍ਰਹਮ, ਜੀਵ ਆਤਮ ਮੈਲ ਗਵਾਏ ਗੁੱਝ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਦੇਵੇ ਸਾਚੀ ਧੁਜ । ਰੱਖ ਚਿਤ ਪਾਰਬ੍ਰਹਮ, ਆਤਮ ਭੇਵ ਖੁਲ੍ਹਾਵੇ ਗੁਝ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਦਰਸ ਦਿਖਾਏ ਤੁਝ । ਰੱਖ ਚਿਤ ਪਾਰਬ੍ਰਹਮ, ਜੋਤੀ ਨਿਰੰਕਾਰੀ । ਰੱਖ ਚਿਤ ਪਾਰਬ੍ਰਹਮ, ਸਦਾ ਭਗਤ ਉਧਾਰੀ । ਰੱਖ ਚਿਤ ਪਾਰਬ੍ਰਹਮ, ਨਿਰਵੈਰ ਨਿਰਾਹਾਰੀ । ਰੱਖ ਚਿਤ ਪਾਰਬ੍ਰਹਮ, ਜੋਤ ਸਰੂਪ ਸਦਾ ਨਿਰਾਧਾਰੀ । ਰੱਖ ਚਿਤ ਪਾਰਬ੍ਰਹਮ, ਮਾਤਲੋਕ ਕਲੰਕਨਿਹ ਅਵਤਾਰੀ । ਰੱਖ ਚਿਤ ਪਾਰਬ੍ਰਹਮ, ਜੋਤ ਸਰੂਪ ਖੇਲ ਅਪਰ ਅਪਾਰੀ । ਰੱਖ ਚਿਤ ਪਾਰਬ੍ਰਹਮ, ਸਾਧ ਸੰਗਤ ਨਾ ਦਿਸੇ ਰੰਗ ਰੂਪ, ਆਪ ਭੁਲਾਇਆ ਸਰਬ ਸੰਸਾਰੀ । ਰੱਖ ਚਿਤ ਪਾਰਬ੍ਰਹਮ, ਤੀਨ ਲੋਕ ਵਡ ਸਿਕਦਾਰੀ । ਰੱਖ ਚਿਤ ਪਾਰਬ੍ਰਹਮ, ਸ੍ਰਿਸ਼ਟ ਸਬਾਈ ਜਿਸ ਪਸਾਰੀ । ਰੱਖ ਚਿਤ ਪਾਰਬ੍ਰਹਮ, ਕਲਜੁਗ ਮਾਇਆ ਪਾਏ ਅਪਰ ਅਪਾਰੀ । ਰੱਖ ਚਿਤ ਪਾਰਬ੍ਰਹਮ, ਗੁਰਸਿਖਾਂ ਬਾਂਹੋਂ ਪਕੜ ਜਾਏ ਤਾਰੀ । ਰੱਖ ਚਿਤ ਪਾਰਬ੍ਰਹਮ, ਸਾਚਾ ਸਾਹਿਬ ਸਦ ਚਰਨ ਨਿਮਸਕਾਰੀ । ਰੱਖ ਚਿਤ ਪਾਰਬ੍ਰਹਮ, ਸਦ ਬੇਐਬ ਪਰਵਰਦਿਗਾਰੀ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੱਖੇ ਲਾਜ ਆਪ ਮੁਰਾਰੀ । ਰੱਖ ਚਿਤ ਪਾਰਬ੍ਰਹਮ, ਜੀਵ ਜੋਤ ਨਿਰੰਜਣਾ । ਰੱਖ ਚਿਤ ਪਾਰਬ੍ਰਹਮ, ਸਦ ਦੁਖ ਭੈ ਭੰਜਨਾ । ਰੱਖ ਚਿਤ ਪਾਰਬ੍ਰਹਮ, ਗੁਰਸਿਖਾਂ ਦੇਵੇ ਸੋਹੰ ਸ਼ਬਦ ਨੇਤਰ ਅੰਜਨਾ । ਰੱਖ ਚਿਤ ਪਾਰਬ੍ਰਹਮ, ਪ੍ਰਭ ਸਾਚਾ ਸਾਕ ਸੈਣ ਸੱਜਣਾ । ਰੱਖ ਚਿਤ ਪਾਰਬ੍ਰਹਮ, ਕਾਇਆ ਭਾਂਡਾ ਅੰਤਕਾਲ ਭੱਜਣਾ । ਰੱਖ ਚਿਤ ਪਾਰਬ੍ਰਹਮ, ਝੂਠਾ ਘਰ ਝੂਠੀ ਦਰ ਅੰਤ ਜਿੰਦਾ ਵੱਜਨਾ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਤੇਰਾ ਅੰਤ ਬੇੜਾ ਬੰਨ੍ਹਣਾ । ਰੱਖ ਚਿਤ ਪਾਰਬ੍ਰਹਮ, ਵੇਲੇ ਅੰਤ ਭਾਈ ਭੈਣ ਮਾਤ ਪਿਤ ਕੋਈ ਨਾ ਚਲੇ ਸਾਕ ਸੈਣ ਸੱਜਣਾ । ਰੱਖ ਚਿਤ ਪਾਰਬ੍ਰਹਮ, ਕਰ ਦਰਸ ਅੰਤਮ ਅੰਤ ਗੁਰਸਿਖ ਤੇਰੀ ਆਤਮ ਰੱਜਣਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਸਾਚੇ ਘਰ ਜਾਏ ਵੜ, ਫੇਰ ਮਾਤਲੋਕ ਨਹੀਂ ਲੱਜਣਾ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਅਮੋਲ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਉਤਰੇ ਪੂਰੇ ਤੋਲ । ਰੱਖ ਚਿਤ ਪਾਰਬ੍ਰਹਮ, ਪ੍ਰਭ ਅਬਿਨਾਸ਼ੀ ਸਦ ਵਸੇ ਤੇਰੇ ਕੋਲ । ਰੱਖ ਚਿਤ ਪਾਰਬ੍ਰਹਮ, ਆਤਮ ਜਿੰਦਾ ਖੋਲ੍ਹ । ਰੱਖ ਚਿਤ ਪਾਰਬ੍ਰਹਮ, ਅਨਹਦ ਸ਼ਬਦ ਵਜਾਏ ਢੋਲ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਸੁਣਾਵੇ ਸਾਚਾ ਬੋਲ । ਰੱਖ ਚਿਤ ਪਾਰਬ੍ਰਹਮ, ਤਨ ਮਨ ਧਨ ਗੁਰ ਚਰਨ ਘੋਲ । ਰੱਖ ਚਿਤ ਪਾਰਬ੍ਰਹਮ, ਕਰ ਦਰਸ ਆਤਮ ਤ੍ਰੈਕੁਟੀ ਹਿਰਦਾ ਖੋਲ੍ਹ । ਰੱਖ ਚਿਤ ਪਾਰਬ੍ਰਹਮ, ਸਤਿਜੁਗ ਸਾਚੀ ਪੌਹ ਫੁੱਟੀ, ਪ੍ਰਭ ਅਬਿਨਾਸ਼ੀ ਰਿਹਾ ਮੁਖੋ ਬੋਲ । ਰੱਖ ਚਿਤ ਪਾਰਬ੍ਰਹਮ, ਗੁਰਮੁਖ ਸਾਚਾ ਸਾਚਾ ਨਾਮ ਜਾਇਣ ਲੁੱਟੀ, ਪ੍ਰਭ ਅਬਿਨਾਸ਼ੀ ਦੇਵੇ ਹਿਰਦਾ ਖੋਲ੍ਹ । ਰੱਖ ਚਿਤ ਪਾਰਬ੍ਰਹਮ, ਜਮਦੂਤ ਨਾ ਆਵਣ ਕੋਲ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਨਸ ਜਨਮ ਸਵਾਰੇ ਅਨਮੋਲ । ਰੱਖ ਚਿਤ ਪਾਰਬ੍ਰਹਮ, ਗੁਰ ਸਾਚਾ ਦੀਨਾ । ਰੱਖ ਚਿਤ ਪਾਰਬ੍ਰਹਮ, ਅੰਮ੍ਰਿਤ ਰਸ ਸਾਚਾ ਪੀਨਾ । ਰੱਖ ਚਿਤ ਪਾਰਬ੍ਰਹਮ, ਸਾਚਾ ਦਾਨਾ ਬੀਨਾ । ਰੱਖ ਚਿਤ ਪਾਰਬ੍ਰਹਮ, ਮਿਲੇ ਗੁਰਸਿਖ ਜਿਉਂ ਜਲ ਮੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਜਿਹਾ ਕੀਨਾ । ਰੱਖ ਚਿਤ ਪਾਰਬ੍ਰਹਮ, ਸਾਚਾ ਹਰੀ । ਰੱਖ ਚਿਤ ਪਾਰਬ੍ਰਹਮ, ਜਿਸ ਕਿਰਪਾ ਕਰੀ । ਰੱਖ ਚਿਤ ਪਾਰਬ੍ਰਹਮ, ਪ੍ਰਭ ਪੂਰਨ ਆਸਾ ਵਰੀ । ਰੱਖ ਚਿਤ ਪਾਰਬ੍ਰਹਮ, ਜਿਸ ਮਾਤ ਜੋਤ ਧਰੀ । ਰੱਖ ਚਿਤ ਪਾਰਬ੍ਰਹਮ, ਨਿਹਕਲੰਕ ਅਵਤਾਰ

ਨਰ ਹਰੀ । ਰੱਖ ਚਿਤ ਪਾਰਬ੍ਰਹਮ, ਸ੍ਰਿਸ਼ਟ ਸਬਾਈ ਦਰ ਦਰੀ । ਰੱਖ ਚਿਤ ਪਾਰਬ੍ਰਹਮ, ਮਾਤਾ ਗੋਦ ਜਿਸ ਖਾਲੀ ਕਰੀ । ਰੱਖ ਚਿਤ ਪਾਰਬ੍ਰਹਮ, ਸ੍ਰਿਸ਼ਟ ਸਬਾਈ ਮੌਤ ਘਰ ਆਪ ਮਿਟਾਏ ਲਾਏ ਇਕ ਘੜੀ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਤਰਾਏ ਬੰਦ ਕਟਾਏ ਦਰਸ ਦਿਖਾਏ ਦਰ ਆਏ ਖੜੀ । ਰੱਖ ਚਿਤ ਪਾਰਬ੍ਰਹਮ, ਸ੍ਰਿਸ਼ਟ ਸਬਾਈ ਅੰਤਕਾਲ ਕਲਜੁਗ ਆਪ ਸਵਾਏ ਵਿਚ ਗੋਰ ਮੜ੍ਹੀ । ਰੱਖ ਚਿਤ ਪਾਰਬ੍ਰਹਮ, ਕਲਜੁਗ ਰੁੱਤ ਖਿਜਾਂ ਆਪ ਕਰਾਏ ਕਲਜੁਗ ਜੀਵ ਝੜਨ ਜਿਉਂ ਪੱਤ ਝੜੀ । ਰੱਖ ਚਿਤ ਪਾਰਬ੍ਰਹਮ, ਮਹਿਲ ਮੁਨਾਰੇ ਆਪ ਢਵਾਏ, ਸ਼ਬਦ ਸਰੂਪੀ ਖੇਲ ਵਰਤਾਏ, ਇੱਟ ਨਾਲ ਇੱਟ ਨਾ ਰਹੇ ਖੜੀ । ਰੱਖ ਚਿਤ ਪਾਰਬ੍ਰਹਮ, ਆਪਣੇ ਭਾਣੇ ਵਿਚ ਸਮਾਏ, ਘਰ ਘਰ ਜਲਾਏ, ਕਿਸੇ ਘਰ ਨਾ ਦੀਸੇ ਇਕ ਕੜੀ । ਰੱਖ ਚਿਤ ਪਾਰਬ੍ਰਹਮ, ਸਾਚਾ ਸਚ ਵਰਤਾਏ ਨਾ ਦੇਰ ਲਗਾਏ, ਸ੍ਰਿਸ਼ਟ ਸਬਾਈ ਪਰੋਏ ਇਕ ਲੜੀ । ਰੱਖ ਚਿਤ ਪਾਰਬ੍ਰਹਮ, ਏਕਾ ਹੁਕਮ ਵਰਤਾਏ, ਏਕਾ ਸ਼ਬਦ ਚਲਾਏ, ਏਕਾ ਮਾਰ ਕਰਾਏ, ਕੋਈ ਨਾ ਪੀਵੇ ਹੁੱਕਾ ਨੜੀ । ਰੱਖ ਚਿਤ ਪਾਰਬ੍ਰਹਮ, ਸਾਚੀ ਕਾਰ ਕਰਾਏ, ਮਦਿਰਾ ਮਾਸੀ ਮਾਰ ਖਪਾਏ, ਭੰਗ ਪੋਸਤ ਕਿਤੇ ਰਹੇ ਨਾ ਅੜੀ । ਰੱਖ ਚਿਤ ਪਾਰਬ੍ਰਹਮ, ਵਡ ਮਿਹਰਵਾਨ ਆਪ ਮਿਟਾਏ ਸਿਗਰਟ ਤਮਾਕੂ ਪਾਨ, ਸ਼ਬਦ ਵਾੜ ਕਰ ਖੜੀ । ਰੱਖ ਚਿਤ ਪਾਰਬ੍ਰਹਮ, ਸਾਚਾ ਜਗਤ ਧਰਮ ਮਿਲੇ ਹਰਿ ਪਾਰਬ੍ਰਹਮ, ਸੋਹੰ ਸ਼ਬਦ ਲਾਏ ਝੜੀ । ਰੱਖ ਚਿਤ ਪਾਰਬ੍ਰਹਮ, ਪੂਰਨ ਹੋਏ ਗੁਰਸਿੱਖ ਕਰਮ, ਰਾਸ ਆਇਆ ਮਾਨਸ ਜਨਮ, ਆਪ ਮਿਟਾਏ ਸਭ ਭਰਮ, ਗੁਰਸਿਖਾਂ ਪ੍ਰਭ ਦਰ ਆਏ ਖੜੀ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਧ ਸੰਗਤ ਪ੍ਰਭ ਰਸਨਾ ਜਪ, ਸਦ ਸਰਨ ਪੜੀ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਨਾ ਵੈਹਣ ਝੂਠੇ ਵਹਿਣ । ਰੱਖ ਚਿਤ ਪਾਰਬ੍ਰਹਮ, ਪ੍ਰਭ ਦਰਸ ਦਿਖਾਏ ਤੀਜੇ ਨੈਣ । ਰੱਖ ਚਿਤ ਪਾਰਬ੍ਰਹਮ, ਪ੍ਰਭ ਸੋਹੰ ਦੇਵੇ ਆਤਮ ਗਹਿਣ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਗੁਰ ਸੰਗਤ ਬਣਾਏ ਭਾਈ ਭੈਣ । ਰੱਖ ਚਿਤ ਪਾਰਬ੍ਰਹਮ, ਸਤਿਗੁਰ ਸਾਚਾ ਆਪ ਬਣੇ ਸੱਜਣ ਸਾਕ ਸੈਣ । ਰੱਖ ਚਿਤ ਪਾਰਬ੍ਰਹਮ, ਕਲਜੁਗ ਮਾਇਆ ਖਾਏ ਡਾਇਣ । ਰੱਖ ਚਿਤ ਪਾਰਬ੍ਰਹਮ, ਬੇਮੁਖ ਲੈਣ ਨਾ ਦੇਵੇ ਚੈਨ । ਰੱਖ ਚਿਤ ਪਾਰਬ੍ਰਹਮ, ਬੇਮੁਖਾਂ ਸਦਾ ਗੁਨਾਹੀ ਰਹਿਣ । ਰੱਖ ਚਿਤ ਪਾਰਬ੍ਰਹਮ, ਵਡ ਵਡਿਆਈ ਗੁਰਸਿਖ ਪ੍ਰਭ ਦਰ ਤੇ ਲੈਣ । ਰੱਖ ਚਿਤ ਪਾਰਬ੍ਰਹਮ, ਭਰਮ ਭੁਲੇਖੇ ਸਰਬ ਲਹਿਣ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਜੋ ਜਨ ਰਸਨਾ ਗਾਇਣ । ਰੱਖ ਚਿਤ ਪਾਰਬ੍ਰਹਮ, ਵਡ ਊਚਨ ਊਚਾ । ਰੱਖ ਚਿਤ ਪਾਰਬ੍ਰਹਮ, ਵਡ ਸੂਚਨ ਸੂਚਾ । ਰੱਖ ਚਿਤ ਪਾਰਬ੍ਰਹਮ, ਕਲਜੁਗ ਚਾਰ ਕੁੰਟ ਕਰਾਇਆ ਕੂਚਾ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਚਰਨ ਜਿਉਂ ਕੁਕੜੀ ਖੰਭਾਂ ਹੇਠ ਚੂਚਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਚਨ ਸੂਚਾ । ਰੱਖ ਚਿਤ ਪਾਰਬ੍ਰਹਮ, ਤ੍ਰੈਲੋਕੀ ਨਾਥ । ਰੱਖ ਚਿਤ ਪਾਰਬ੍ਰਹਮ, ਸਗਲਾ ਸਾਥ । ਰੱਖ ਚਿਤ ਪਾਰਬ੍ਰਹਮ, ਸੋਹੰ ਚੜ੍ਹਾਵੇ ਸਾਚੇ ਰਾਥ । ਰੱਖ ਚਿਤ ਪਾਰਬ੍ਰਹਮ, ਆਪੇ ਰੱਖੇ ਦੇ ਕਰ ਹਾਥ । ਰੱਖ ਚਿਤ ਪਾਰਬ੍ਰਹਮ, ਸਾਚੇ ਲੇਖ ਲਿਖਾਵੇ ਮਾਥ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰਾ ਕਦੇ ਨਾ ਟੁੱਟੇ ਸਾਥ । ਰੱਖ ਚਿਤ ਪਾਰਬ੍ਰਹਮ, ਏਕਾ ਜਗਦੀਸ । ਰੱਖ ਚਿਤ ਪਾਰਬ੍ਰਹਮ, ਛਤਰ ਝੁਲਾਵੇ ਤੇਰੇ ਸੀਸ । ਰੱਖ ਚਿਤ ਪਾਰਬ੍ਰਹਮ, ਸ੍ਰਿਸ਼ਟ ਸਬਾਈ ਜਾਏ ਪੀਸ । ਰੱਖ ਚਿਤ ਪਾਰਬ੍ਰਹਮ, ਭੇਵ ਚੁਕਾਏ ਬੀਸ ਇਕੀਸ । ਰੱਖ ਚਿਤ ਪਾਰਬ੍ਰਹਮ, ਜਿਸ ਗਾਇਣ ਰਾਗ ਛਤੀਸ । ਰੱਖ ਚਿਤ

ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਕੋਈ ਨਾ ਕਰੇ ਰੀਸ । ਰੱਖ ਚਿਤ ਪਾਰਬ੍ਰਹਮ, ਕੱਢੇ ਭਰਮ ਭੁਲੇਖਾ । ਰੱਖ ਚਿਤ ਪਾਰਬ੍ਰਹਮ, ਆਪ ਮਿਟਾਏ ਪਿਛਲਾ ਲੇਖਾ । ਰੱਖ ਚਿਤ ਪਾਰਬ੍ਰਹਮ, ਸੋਹੰ ਲਗਾਏ ਸਾਚੀ ਮੇਖਾ । ਰੱਖ ਚਿਤ ਪਾਰਬ੍ਰਹਮ, ਆਪ ਲਿਖਾਏ ਗੁਰਸਿਖ ਤੇਰੀ ਸਾਚੀ ਰੇਖਾ । ਰੱਖ ਚਿਤ ਪਾਰਬ੍ਰਹਮ, ਪੂਰਨ ਪਰਮੇਸ਼ਵਰ ਜੋਤ ਸਰੂਪੀ ਕੀਆ ਭੇਖਾ । ਰੱਖ ਚਿਤ ਪਾਰਬ੍ਰਹਮ, ਸ੍ਰਿਸ਼ਟ ਸਬਾਈ ਆਪ ਭੁਲਾਈ ਪਾਇਆ ਭਰਮ ਭੁਲੇਖਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਗੁਰਸਿਖ ਤੇਰੇ ਦਰ ਆਏ ਨੇਤਰ ਪੇਖਾ । ਰੱਖ ਚਿਤ ਪਾਰਬ੍ਰਹਮ, ਨੈਣ ਮੁਧਾਰੀ । ਰੱਖ ਚਿਤ ਪਾਰਬ੍ਰਹਮ, ਰਾਮ ਅਵਤਾਰੀ । ਰੱਖ ਚਿਤ ਪਾਰਬ੍ਰਹਮ, ਜੋਤ ਸਰੁਪ ਸ਼ਬਦ ਉਡਾਰੀ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਚਾਰ ਕੁੰਟ ਕਰਾਏ ਜੈ ਜੈ ਜੈਕਾਰੀ । ਰੱਖ ਚਿਤ ਪਾਰਬ੍ਰਹਮ, ਤੀਨ ਲੋਕ ਏਕਾ ਕਰੇ ਅਕਾਰੀ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਦੇ ਪ੍ਰਭ ਵਡ ਭੰਡਾਰੀ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਸੋਹਣ ਗੁਰ ਚਰਨ ਦਵਾਰੀ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਵਡਾ ਦਰਬਾਰੀ । ਰੱਖ ਚਿਤ ਪਾਰਬ੍ਰਹਮ, ਵਡ ਦਰਬਾਰਾ । ਰੱਖ ਚਿਤ ਪਾਰਬ੍ਰਹਮ, ਵਡ ਪਸਾਰਾ । ਰੱਖ ਚਿਤ ਪਾਰਬ੍ਰਹਮ, ਵਡ ਅਕਾਰਾ । ਰੱਖ ਚਿਤ ਪਾਰਬ੍ਰਹਮ, ਕੋਇ ਨਾ ਪਾਵੇ ਸਾਰਾ । ਰੱਖ ਚਿਤ ਪਾਰਬ੍ਰਹਮ, ਆਦਿ ਅੰਤ ਏਕਾ ਏਕੰਕਾਰਾ । ਰੱਖ ਚਿਤ ਪਾਰਬ੍ਰਹਮ, ਵਿਰਲੇ ਗੁਰਮੁਖ ਸੰਤ ਦੇਵੇ ਦਰਸ ਅਪਾਰਾ । ਰੱਖ ਚਿਤ ਪਾਰਬ੍ਰਹਮ, ਸੋਹੰ ਦੇਵੇ ਰੰਗ ਕਰਤਾਰਾ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਦਿਖਾਇਆ ਆਪ ਆਪਣਾ ਸਚ ਦਵਾਰਾ । ਰੱਖ ਚਿਤ ਪਾਰਬ੍ਰਹਮ, ਕਰ ਦਰਸ ਉਤਰੇ ਪਾਰ । ਰੱਖ ਚਿਤ ਪਾਰਬ੍ਰਹਮ, ਮਿਟੇ ਹਰਸ ਨਾ ਹੋਏ ਖੁਆਰ । ਰੱਖ ਚਿਤ ਪਾਰਬ੍ਰਹਮ, ਕਰ ਤਰਸ ਜਾਏ ਤਾਰ । ਰੱਖ ਚਿਤ ਪਾਰਬ੍ਰਹਮ, ਅੰਮ੍ਰਿਤ ਮੇਘ ਬਰਸਾਏ ਸਾਚੀ ਧਾਰ । ਰੱਖ ਚਿਤ ਪਾਰਬ੍ਰਹਮ, ਚਰਨ ਧੂੜ ਇਸ਼ਨਾਨ ਕਰਾਏ ਰੋਗ ਸੋਗ ਦੇਵੇ ਉਤਾਰ । ਰੱਖ ਚਿਤ ਪਾਰਬ੍ਰਹਮ, ਰਸਨਾ ਭੋਗ ਰਸ ਵਿਚਾਰ । ਰੱਖ ਚਿਤ ਪਾਰਬ੍ਰਹਮ, ਸੋਹੰ ਦੇਵੇ ਜੋਗ ਕਰਮ ਵਿਚਾਰ । ਰੱਖ ਚਿਤ ਪਾਰਬ੍ਰਹਮ, ਸੋਹੰ ਸਾਚਾ ਧਰਮ ਵਿਚ ਸੰਸਾਰ । ਰੱਖ ਚਿਤ ਪਾਰਬ੍ਰਹਮ, ਮਾਨਸ ਜਨਮ ਉਤਰੇ ਪਾਰ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਚਰਨ ਕਰ ਗੁਰਸਿਖ ਨਿਮਸਕਾਰ । ਰੱਖ ਚਿਤ ਪਾਰਬ੍ਰਹਮ, ਭਾਣੇ ਜਾਏ ਨਾ ਟਲ । ਰੱਖ ਚਿਤ ਪਾਰਬ੍ਰਹਮ, ਸ੍ਰਿਸ਼ਟ ਸਬਾਈ ਜਾਏ ਹੱਲ । ਰੱਖ ਚਿਤ ਪਾਰਬ੍ਰਹਮ, ਗੁਰਮੁਖ ਵਿਰਲੇ ਰਹਿਣ ਅਟੱਲ । ਰੱਖ ਚਿਤ ਪਾਰਬ੍ਰਹਮ, ਦਰ ਘਰ ਸਾਚਾ ਗੁਰਸਿਖ ਮੱਲ । ਰੱਖ ਚਿਤ ਪਾਰਬ੍ਰਹਮ, ਦਰਗਹਿ ਸਾਚੀ ਧਾਮ ਅਟੱਲ । ਰੱਖ ਚਿਤ ਪਾਰਬ੍ਰਹਮ, ਪ੍ਰਭ ਦਰਸ ਦਿਖਾਏ ਨਾ ਲਾਏ ਘੜੀ ਪਲ । ਰੱਖ ਚਿਤ ਪਾਰਬ੍ਰਹਮ, ਸ੍ਰਿਸ਼ਟ ਸਬਾਈ ਜਾਏ ਛਲ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਪ੍ਰਭ ਆਪ ਉਠਾਏ ਜਿਉਂ ਮਾਲਨ ਫੂਲਨ ਡਲ । ਰੱਖ ਚਿਤ ਪਾਰਬ੍ਰਹਮ, ਗੁਰਮੁਖ ਆਪ ਤਰੇ ਸੰਸਾਰ, ਸਾਗਰ ਜਿਉਂ ਕਵਲ ਊਪਰ ਜਲ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਮੁਖ ਲਗਾਵੇ ਗੁਰਸਿਖਾਂ ਅੰਮ੍ਰਿਤ ਫਲ । ਰੱਖ ਚਿਤ ਪਾਰਬ੍ਰਹਮ, ਪੂਰਨ ਭਾਗ । ਰੱਖ ਚਿਤ ਪਾਰਬ੍ਰਹਮ, ਆਪ ਮਿਟਾਏ ਤ੍ਰਿਸਨਾ ਆਗ । ਰੱਖ ਚਿਤ ਪਾਰਬ੍ਰਹਮ, ਗੁਰਸਿਖ ਗੁਰ ਚਰਨੀ ਲਾਗ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਧੋਏ ਤੇਰੇ ਪਾਪਾਂ ਦਾਗ਼ । ਰੱਖ ਚਿਤ ਪਾਰਬ੍ਰਹਮ, ਸਦ ਚਰਨ



੩੮੩ ੦੨

ਬਲ ਜਾਓ । ਰੱਖ ਚਿਤ ਪਾਰਬ੍ਰਹਮ, ਅਗੰਮ ਅਥਾਹੋ । ਰੱਖ ਚਿਤ ਪਾਰਬ੍ਰਹਮ, ਸਦ ਬੇਪਰਵਾਹੋ । ਰੱਖ ਚਿਤ ਪਾਰਬ੍ਰਹਮ, ਅਮਰਾ ਪਦ ਪਾਓ । ਰੱਖ ਚਿਤ ਪਾਰਬ੍ਰਹਮ, ਸੋਹੰ ਧੰਨ ਸਾਚਾ ਨਾਮ ਚੜ੍ਹਾਓ । ਰੱਖ ਚਿਤ ਪਾਰਬ੍ਰਹਮ, ਅਗਾਧ ਬੋਧ ਬੋਧ ਅਗਾਧ ਅਲਖ ਲਖਾਓ । ਰੱਖ ਚਿਤ ਪਾਰਬ੍ਰਹਮ, ਵਡ ਜੋਧਨ ਜੋਧ ਭੈ ਸਰਬ ਚੁਕਾਓ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਏ ਦਰਸ ਘਰ ਪਾਓ । ਰੱਖ ਚਿਤ ਪਾਰਬ੍ਰਹਮ, ਹਰਿ ਚਾੜ੍ਹੇ ਰੰਗਤ । ਰੱਖ ਚਿਤ ਪਾਰਬ੍ਰਹਮ, ਪ੍ਰਭ ਕੱਟੇ ਭੁੱਖ ਨੰਗਤ । ਰੱਖ ਚਿਤ ਪਾਰਬ੍ਰਹਮ, ਦੂਜੇ ਦਰ ਨਾ ਹੋਵੇ ਮੰਗਤ । ਰੱਖ ਚਿਤ ਪਾਰਬ੍ਰਹਮ, ਮਾਨਸ ਜਨਮ ਨਾ ਹੋਵੇ ਭੰਗਤ । ਰੱਖ ਚਿਤ ਪਾਰਬ੍ਰਹਮ, ਕਲਜੁਗ ਅੰਤਮ ਪਾਰ ਲੰਘਤ । ਰੱਖ ਚਿਤ ਪਾਰਬ੍ਰਹਮ, ਜਿਸ ਉਪਾਏ ਜੀਵ ਜੰਨਤ । ਰੱਖ ਚਿਤ ਪਾਰਬ੍ਰਹਮ, ਤੀਨ ਲੋਕ ਜਿਸ ਦੀ ਮੰਨਤ । ਰੱਖ ਚਿਤ ਪਾਰਬ੍ਰਹਮ, ਮਹਿੰਮਾ ਜਿਸ ਦੀ ਬੜੀ ਅਗਨਤ । ਰੱਖ ਚਿਤ ਪਾਰਬ੍ਰਹਮ, ਜਿਸ ਨੂੰ ਧਿਆਇਣ ਸਰਬ ਸਾਧ ਸੰਨਤ । ਰੱਖ ਚਿਤ ਪਾਰਬ੍ਰਹਮ, ਸੋਹੰ ਸ਼ਬਦ ਸੁਣਾਏ ਕੰਨਤ । ਰੱਖ ਚਿਤ ਪਾਰਬ੍ਰਹਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਲਾਏ ਸਾਚੀ ਸੰਗਤ ।

## * ੧੭ ਚੇਤ ੨੦੧੦ ਬਿਕ੍ਰਮੀ ਮੇਰਠ ਛਾਉਣੀ ਵਿਹਾਰ ਹੋਇਆ *

ਸਚ ਸੁਰਤ ਹਰਿ ਆਪ ਦਵਾਏ । ਗੁਰਮੁਖ ਸਾਚੇ ਸੰਤ ਜਨ ਆਪ ਉਠਾਏ ਸੋਏ । ਆਤਮ ਤ੍ਰਿਖਾ ਨਿਵਾਰ ਕਰ, ਮੈਲ ਪਾਪਾਂ ਧੋਏ । ਏਕਾ ਸਾਚੀ ਜੋਤ ਪਰਕਾਸ਼ ਕਰ, ਸਾਚੀ ਜੋਤ ਬਿਲੋਏ । ਬੇਮੁਖਾਂ ਕਲਜੁਗ ਨਾਸ ਕਰ, ਆਪਣਾ ਖੇਲ ਰਚਾਏ ਨਾ ਜਾਣੇ ਕੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਅਨੇਕ ਵਸੇ ਤਿੰਨ ਲੋਏ । ਤਿੰਨ ਲੋਅ ਇਕ ਅਕਾਰ । ਤਿੰਨ ਲੋਅ ਇਕ ਜੋਤ ਇਕ ਨਿਰੰਕਾਰ । ਤਿੰਨ ਲੋਕ ਇਕ ਸ਼ਬਦ ਇਕ ਭੰਡਾਰ । ਤਿੰਨ ਲੋਕ ਏਕਾ ਏਕ ਆਪ ਕਰੇ ਵਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਆਦਿ ਅੰਤ ਵਿਚ ਮਾਤ ਲਏ ਅਵਤਾਰ । ਮਾਤਲੋਕ ਹਰਿ ਜਾਮਾ ਧਾਰ । ਆਪਣਾ ਖੇਲ ਕਰੇ ਕਰਤਾਰ । ਧਰਤੀ ਦੱਬੀ ਪਾਪਾਂ ਭਾਰ । ਕਲਜੁਗ ਅੰਤਮ ਆਈ ਹਾਰ । ਕਿਰਪਾ ਕਰੇ ਸਚ ਕਰਤਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਪੁਰੀ ਘਨਕ ਲਏ ਅਵਤਾਰ । ਪੁਰੀ ਘਨਕ ਜਾਮਾ ਧਰ । ਮਾਤਲੋਕ ਆਇਆ ਅਵਤਾਰ ਨਰ । ਗੁਰਸਿਖਾਂ ਖੁਲ੍ਹਾਵੇ ਸਾਚਾ ਦਰ । ਬੇਮੁਖਾਂ ਦਰ ਸਾਚੇ ਆਵੇ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਪਰਗਟਾਈ ਨਿਹਕਲੰਕ ਨਰਾਇਣ ਨਰ । ਨਰਾਇਣ ਨਰ ਭਗਤ ਅਧਾਰੇ । ਸਚ ਖੇਲ ਰੰਗ ਕਰਤਾਰੇ । ਜੋਤ ਸਰੂਪੀ ਸਦ ਨਿਰਾਹਾਰੇ । ਵਡ ਵਡ ਭੂਪੀ ਤੀਨ ਲੋਕ ਇਕ ਸਿਕਦਾਰੇ । ਜੋਤ ਪਵਣ ਪਵਣ ਜੋਤ ਸੋਹੰ ਸ਼ਬਦ ਸਚ ਸਚ ਉਡਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਚਿੱਟੇ ਅਸਵ ਅਸਵਾਰੇ । ਸਚ ਅਸਵ ਸਚ ਅਸਵਾਰਾ । ਜੋਤ ਸਰੂਪੀ ਪਵਣ ਹੁਲਾਰਾ । ਸ਼ਬਦ ਸਰੂਪੀ ਖੇਲ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਦੇਵੇ ਵਡਿਆਈ ਗੁਰ ਚਰਨ ਪਿਆਰਾ । ਗੁਰਸਿਖ ਵਡਿਆਈ, ਸੁਣੇ ਲੋਕਾਈ, ਕਲ ਹੋਏ ਦੁਹਾਈ, ਸੁਣੇ ਸ੍ਰਿਸ਼ਟ ਸਬਾਈ, ਗੁਰਮੁਖ ਸਾਚੇ ਸਚਖੰਡ ਨਿਵਾਸੀ ਆਪਣੀ ਗੋਦ ਉਠਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੰਨ ਤੇਰੀ ਵਡਿਆਈ ।

ਵਡੀ ਵਡਿਆਈ ਗੁਰਸਿਖ ਜਣਾਈ । ਬੇਮੁਖ ਗੂੜ੍ਹੀ ਨੀਂਦ ਸਵਾਈ । ਆਤਮ ਦੁਖ ਚਿੰਤ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਰਿਹਾ ਛੁਪਾਈ । ਭੇਵ ਖੁਲ੍ਹੇ ਪੰਚਮ ਜੇਠ । ਪਕੜ ਉਠਾਏ ਵਡ ਵਡ ਸੇਠ । ਪੀੜ ਪਿੜਾਏ ਕਲਜੁਗ ਕੌੜੇ ਰੇਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਤਾੜੇ ਚਰਨਾਂ ਹੇਠ । ਮੇਟ ਮਿਟਾਏ ਸੇਠ ਵਡ ਸਿਠਾਨਿਆਂ । ਕਰੇ ਕਰਾਵੇ ਆਪਣੇ ਭਾਣਿਆਂ । ਮਾਣ ਗਵਾਵੇ ਰਾਜੇ ਰਾਣਿਆਂ । ਏਕਾ ਓਟ ਚਰਨ ਰਖਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਿਆਂ । ਹਰਿ ਗੁਣ ਹਰਿ ਭਗਤ ਜਾਣੇ । ਕਿਰਪਾ ਕਰੇ ਆਪ ਮਹਾਨੇ । ਆਪ ਭੁਲਾਏ ਵਡ ਵਡ ਰਾਣੇ । ਜੀਵ ਜੰਤ ਹੋਏ ਬਾਲ ਅੰਞਾਣੇ । ਆਪਣਾ ਮੂਲ ਨਾ ਆਪ ਪਛਾਣੇ । ਸਚ ਸ਼ਬਦ ਕਲ ਚਲਿਆ ਬਾਣੇ । ਆਪ ਭੁੰਨਾਏ ਜਿਉਂ ਭਠਿਆਲੇ ਦਾਣੇ । ਗੁਰਮੁਖ ਸਾਚਾ ਰੰਗ ਸਾਚਾ ਮਾਣੇ । ਜੋਤ ਸਰੂਪੀ ਆਪੇ ਦੇਵੇ ਆਤਮ ਬ੍ਰਹਮ ਗਿਆਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਾਮ ਨਿਧਾਨੇ । ਆਤਮ ਦੇਵੇ ਨਾਮ ਨਿਧਾਨਾ । ਆਤਮ ਉਪਜੇ ਬ੍ਰਹਮ ਗਿਆਨਾ । ਸਚ ਕਾਜ ਹਰਿ ਰਸ ਵਖਾਣਾ । ਇਕ ਦਰ ਗੁਰਸਿਖ ਰਖਾਣਾ । ਸੋਹੰ ਅਵਾਜ਼ ਕੰਨ ਲਗਾਏ ਬੇੜਾ ਬੰਨ੍ਹ ਅੰਤ ਵਖਾਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਪਰਗਟਾਏ ਵਿਸ਼ਨੂੰ ਭਗਵਾਨਾ । ਵਿਸ਼ਨੂੰ ਭਗਵਾਨ ਕਲਜੁਗ ਜੋਤ ਧਰ । ਗੁਰਮੁਖ ਸਾਚੇ ਪਾਰ ਜਾਏ ਕਰ । ਅੰਤਮ ਅੰਤਕਾਲ ਆਪਣਾ ਸਿਰ ਹੱਥ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਵਿਚੋਂ ਵੱਖ ਕਰ । ਗੁਰਮੁਖ ਸਾਚੇ ਦਰ ਦਵਾਰੀ । ਬੇਮੁਖਾਂ ਕਲ ਕਰੇ ਖੁਆਰੀ । ਗੁਰਸਿਖ ਸੋਹੰ ਨਾਮ ਰਸਨ ਉਚਾਰੀ । ਬੇਮੁਖ ਮਦਿਰਾ ਮਾਸੀ ਦਰ ਦੁਰਕਾਰੀ । ਗੁਰਮੁਖ ਸਾਚੇ ਜੋਤ ਜਗੇ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਉਤਾਰੀ । ਗੁਰਮੁਖ ਤੇਰਾ ਦਰ ਦਵਾਰਾ । ਪ੍ਰਭ ਅਬਿਨਾਸ਼ੀ ਚਰਨ ਦਵਾਰਾ । ਆਪ ਦਿਸਾਵੇ ਆਪਣਾ ਘਰ ਬਾਹਰਾ । ਜਿਥੇ ਵਸੇ ਜੋਤ ਸਰੂਪ ਨਿਰਾਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਚਲਾਏ ਆਪ ਖੁਲ੍ਹਾਏ ਤੇਰਾ ਦਸਮ ਦਵਾਰਾ । ਦਸਮ ਦਵਾਰਾ ਆਪ ਖੁਲ੍ਹਾਇਆ । ਸਾਚਾ ਗੁਰਸਿਖ ਆਪ ਬਣਾਇਆ । ਗੁਰ ਚਰਨ ਸੇਵ ਵਿਚ ਮਾਤ ਲਗਾਇਆ । ਆਤਮ ਜਿੰਦਾ ਆਪ ਤੁੜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਵਿਚ ਜਾਮਾ ਪਾਇਆ । ਪੁਰੀ ਘਨਕ ਲੱਗੇ ਭਾਗ । ਗੁਰਮੁਖ ਸੋਏ ਜਾਇਣ ਜਾਗ । ਪ੍ਰਭ ਸਾਚੇ ਦੀ ਚਰਨ ਜਾਇਣ ਲਾਗ । ਆਪ ਮਿਟਾਏ ਤ੍ਰਿਸਨਾ ਆਗ । ਹੰਸ ਬਣਾਏ ਗੁਰਸਿਖ ਕਲਜੁਗ ਕਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਆਤਮ ਧੋਵੇ ਪਾਪਾਂ ਦਾਗ਼ । ਹਰਿ ਨਰ ਨਰ ਹਰਿ ਕਿਰਪਾ ਕਰ । ਕਲਜੁਗ ਅੰਤਮ ਆਵੇ ਡਰ । ਕਰਮ ਧਰਮ ਦੋਏ ਗਏ ਹਰ । ਕੋਈ ਨਾ ਦੀਸੇ ਸਾਚਾ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤ ਜੋਤ ਧਰ । ਕਲਜੁਗ ਅੰਤਮ ਹੋਏ ਅੰਧੇਰ । ਨਾ ਕਿਸੇ ਦੀਸੇ ਸੰਝ ਸਵੇਰ । ਪਾਪਾਂ ਅਗਨ ਰਹੀ ਘੇਰ । ਭੁੱਲੇ ਜੀਵ ਕਰ ਕਰ ਹੇਰ ਫੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟਾਵੇ ਜੋਤ ਨਾ ਲਾਵੇ ਦੇਰ । ਪਰਗਟੇ ਜੋਤ ਪੰਚਮ ਪਰਧਾਨ । ਜੋਤ ਪਵਣ ਬਲੀ ਬਲਵਾਨ । ਬਿਨ ਰੰਗ ਰੂਪੀ ਨਾ ਕੋਇ ਕਰੇ ਪਛਾਣ । ਆਤਮ ਹੋਈ ਅੰਧ ਅੰਧਾਨ । ਸਾਚਾ ਧਾਮ ਸੁੰਞ ਮਸਾਨ । ਗੁਰਮੁਖਾਂ ਦਰ ਸਤਿ ਸਰੂਪੀ ਧਰੇ ਜੋਤ ਆਪ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਘਟਾਂ ਘਟ ਜਾਣੀ ਜਾਣ । ਪੰਚਮ ਪੰਚਮ ਪੰਚਮ ਹੋਏ ਬਲਧਾਰ । ਵੇਖੇ ਵਿਗਸੇ

ਕਰੇ ਵਿਚਾਰ । ਸਚ ਸ਼ਬਦ ਭਗਤ ਅਧਾਰ । ਆਪੇ ਪਾਵੇ ਗੁਰਮੁਖਾਂ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਜੋਤ ਅਧਾਰ । ਸਰਬ ਜੀਆਂ ਹਰਿ ਆਪੇ ਜਾਣੇ । ਗੁਰਮੁਖਾਂ ਹਰਿ ਆਪ ਪਛਾਣੇ । ਸਾਚਾ ਕੰਤ ਇਕ ਰੰਗ ਸਮਾਣੇ । ਬੇਮੁਖ ਅੰਤ ਨਾ ਭੁਲ ਕਲਜੁਗ ਪਛਤਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਗੁਰਸਿਖਾਂ ਖੜਾ ਰਹੇ ਸਰਹਾਣੇ । ਆਦਿ ਅੰਤ ਹੋਏ ਸਹਾਈ । ਗੁਰਮੁਖ ਸਾਚੇ ਆਣ ਤਰਾਏ ਪਕੜ ਬਾਂਹੀਂ । ਏਕਾ ਦਿਸਾਏ ਸਾਚਾ ਥਾਉਂ ਦੂਸਰ ਕੋਈ ਨਾਹੀਂ । ਕਲਜੁਗ ਜੋਤ ਪਰਗਟਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਗੰਮ ਅਥਾਹੀ । ਅਗੰਮ ਅਥਾਹ ਬੇਪਰਵਾਹ । ਆਪ ਦਿਸਾਵੇ ਸਾਚਾ ਰਾਹ । ਕਲਜੁਗ ਝੂਠ ਜਾਏ ਮਿਟਾ । ਸਤਿਜੁਗ ਸਾਚਾ ਮਾਰਗ ਲਾ । ਸੋਹੰ ਸਾਚਾ ਨਾਮ ਜਪਾ । ਚਾਰ ਕੁੰਟ ਜਾਏ ਜੈ ਜੈ ਜੈਕਾਰ ਕਰਾ । ਸਾਚਾ ਡੰਕ ਇਕ ਵਜਾ । ਰਾਜਾ ਰਾਣਾ ਤਖ਼ਤੋਂ ਲਾਹ । ਰਾਓ ਰੰਕ ਇਕ ਕਰਾ । ਊਚ ਨੀਚ ਇਕ ਥਾਂ ਬਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸੋਹੰ ਦੇਵੇ ਮਤਿ ਜਾਏ ਸਮਝਾ । ਸੋਹੰ ਦੇਵੇ ਸੁਰਤ ਧਿਆਨ । ਆਤਮ ਲਾਵੇ ਸਾਚਾ ਬਾਣ । ਇਕ ਰਖਾਏ ਆਪਣੀ ਆਣ । ਸਾਚਾ ਉਪਜੇ ਬ੍ਰਹਮ ਗਿਆਨ । ਜੋ ਜਨ ਰਸਨਾ ਗਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੋਹੰ ਦੇਵੇ ਵਡ ਦਾਨੀ ਦਾਨ । ਸੋਹੰ ਦਾਨ ਸਾਚਾ ਸ਼ਾਹ ਸੁਲਤਾਨ । ਸਾਚੋ ਸਚ ਸਚ ਫ਼ਰਮਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਦਵਾਰ ਗੁਰਮੁਖਾਂ ਕਰੇ ਪਛਾਨ । ਸਚ ਦਵਾਰਾ ਜਿਸ ਜਨ ਜਾਨਿਆਂ । ਦਰ ਘਰ ਜਿਸ ਪਛਾਨਿਆ । ਆਪੇ ਆਪ ਉਠਾਏ ਗੁਰਸਿਖਾਂ ਬਾਂਹੋਂ ਪਕੜ ਬਾਲ ਅੰਵਾਨਿਆਂ । ਸੋਹੰ ਸਾਚਾ ਨਾਮ ਜਪਾਏ ਮਿਲਾਏ ਮੇਲ ਜੋਤ ਭਗਵਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਰਲੇ ਕਲ ਪਛਾਨਿਆਂ । ਆਤਮ ਜੋਤ ਆਪ ਜਗਾਏ । ਏਕਾ ਦੂਜਾ ਭੇਵ ਚੁਕਾਏ । ਗੁਰਮੁਖ ਸਾਚੇ ਸੇਵ ਲਗਾਏ । ਕਰੋੜ ਤੇਤੀਸ ਵਿਚ ਮਾਣ ਦਵਾਏ । ਆਣ ਬਾਣ ਇਕ ਆਪਣੇ ਹੱਥ ਰਖਾਏ । ਵਾਲੀ ਦੋ ਜਹਾਨ ਦਇਆ ਕਮਾਏ । ਗੁਰਮੁਖ ਤੇਰੇ ਛਤਰ ਸੀਸ ਝੁਲਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਵਿਚ ਰਹਾਏ । ਸੋਹੰ ਸ਼ਬਦ ਖੰਡਾ ਦੋ ਧਾਰਾ । ਉਠਾਏ ਆਪ ਪ੍ਰਭ ਗਿਰਧਾਰਾ । ਰਸਨ ਚਲਾਏ ਸ੍ਰਿਸ਼ਟ ਸਬਾਈ ਕਰਾਏ ਦੋ ਫਾੜਾ । ਚੀਰ ਚਿਰਾਏ ਦੋ ਫਾੜ ਕਰਾਏ, ਬੇਮੁਖਾਂ ਆਏ ਪਾਸਾ ਹਾਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖ ਸਾਚੇ ਸੋਹਣ ਚਰਨ ਦਵਾਰਾ । ਚਰਨ ਦਵਾਰ ਸਾਚਾ ਦਰ । ਗੁਰਮੁਖ ਜਾਏ ਸਾਚਾ ਤਰ । ਕਿਰਪਾ ਕਰ ਜਾਏ ਹਰਿ । ਆਤਮ ਚੁਕਾਏ ਆਤਮ ਡਰ । ਸਾਚਾ ਦਰ ਆਤਮ ਖੁਲ੍ਹਾਏ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਕਰ । ਕਿਰਪਾ ਕਰੇ ਗੋਬਿੰਦ ਗੋਬਿੰਦਾ । ਵਡ ਵਡ ਰਾਜਨ ਸੁਰਪਤ ਰਾਜੇ ਇੰਦਾ । ਭਗਤ ਜਨਾਂ ਹਰਿ ਹਰਿ ਸਦ ਬਖ਼ਸ਼ਿੰਦਾ । ਆਪ ਤੁੜਾਏ ਆਤਮ ਅੰਤਮ ਜਿੰਦਾ । ਬੇਮੁਖਾਂ ਲੱਖ ਚੁਰਾਸੀ ਵਿਚ ਫਿਰਾਏ, ਜੋ ਦਰ ਆਏ ਕਰਨ ਨਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸਾਗਰ ਸਿੰਧਾ । ਜਗਤ ਭੇਖ ਆਪ ਮਿਟਾਏ । ਕਲਜੁਗ ਅੰਤਮ ਕੋਈ ਰਹਿਣ ਨਾ ਪਾਏ । ਸਾਚਾ ਕੰਤ ਇਕ ਅਖਵਾਏ । ਗੁਰਮੁਖ ਸਾਚੇ ਸੰਤ ਆਪ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸੇਵ ਲਗਾਏ । ਕਲਜੁਗ ਝੂਠਾ ਭੇਖ ਧਰ । ਸ੍ਰਿਸ਼ਟ ਸਬਾਈ ਗਿਆ ਵਰ । ਅੰਤਮ ਬੰਦ ਕਰਾਇਆ ਦਰ । ਜਿਥੇ ਵਸੇ ਸਾਚਾ ਹਰਿ । ਬੇਮੁਖਾਂ ਆਵੇ ਝੂਠਾ ਡਰ । ਮਾਨਸ ਜਨਮ ਜਾਇਣ ਹਰ । ਆਪਣਾ ਕੀਆ ਲੈਣ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ


੩੮੯
੦੨

ਭਗਵਾਨ, ਮਾਤ ਜੋਤ ਪਰਗਟਾਈ ਅਵਤਾਰ ਨਰ । ਬੇਮੁਖ ਜੀਵ ਆਪ ਪਛਾਣੇ । ਧਰਮ ਰਾਏ ਦੇ ਦਰ ਬਹਾਣੇ । ਝੂਠੇ ਵਹਿਣ ਆਪ ਵਹਾਣੇ । ਮਾਇਆਧਾਰੀ ਹੱਥ ਬੱਧੇ ਗਾਨੇ । ਅੰਤਮ ਅੰਤ ਆਪ ਭੁੰਨਾਏ ਜਿਉਂ ਭਠਿਆਲੇ ਦਾਨੇ । ਵੇਲੇ ਅੰਤ ਨਾ ਕੋਈ ਛੁਡਾਏ ਮਾਤ ਪਿਤ ਭੈਣ ਭਰਾਨੇ । ਦਰਗਹਿ ਸਾਚੀ ਨਾ ਕੋਈ ਜਾਏ ਬਿਨ ਪ੍ਰਭ ਪੂਰੇ, ਕਲਜੁਗ ਜੀਵ ਨਾ ਭੁਲ ਨਿਧਾਨੇ । ਰਾਏ ਧਰਮ ਸਚ ਦਰਬਾਰੀ । ਕੋਟਨ ਕੋਟ ਆਇਣ ਦਵਾਰੀ । ਪਕੜ ਪਛਾੜੇ ਜਿਉਂ ਕਿਰਸਾਨ ਹਾੜੀ । ਬੇਮੁਖਾਂ ਨਾ ਦੀਸੇ ਪਿੱਛਾ ਅਗਾੜੀ । ਅੰਤਮ ਅੰਤ ਹੋਏ ਕਿਸਮਤ ਮਾੜੀ । ਏਕਾ ਏਕ ਪਰਨਾਏ ਮੌਤ ਲਾੜੀ । ਵਿਚ ਚੁਰਾਸੀ ਆਪ ਫਿਰਾਏ, ਕਲਜੁਗ ਹੱਥ ਫੜਾਏ ਦਾਹੜੀ । ਗੁਰਮੁਖ ਸਾਚੇ ਸੰਤ ਜਨ ਵਿਚ ਮਾਤ ਲਗਾਏ ਸਾਚੀ ਫੁਲਵਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਪਰਗਟ ਜੋਤ ਸਦਾ ਖੜਾ ਰਹੇ ਅਗਾੜੀ । ਗੁਰਸਿਖਾਂ ਦਰ ਆਪੇ ਆਏ । ਹਰਿਜਨ ਹਰਿ ਹਰਿ ਹਰਿ ਮੇਲ ਮਿਲਾਏ । ਆਪ ਆਪਣਾ ਭੇਵ ਚੁਕਾਏ । ਸੋਹੰ ਸਾਚਾ ਮੇਵ ਰਸਨ ਲਗਾਏ । ਇਕ ਚਰਨ ਸੇਵ ਹਰਿ ਮਾਤ ਦਿਸਾਏ । ਗੁਰਮੁਖ ਸਾਚਾ ਜਨ ਕੋਈ ਭੁਲ ਨਾ ਜਾਏ । ਵਡ ਵਡ ਦੇਵੀ ਦੇਵ ਨਿਹਕਲੰਕ ਇਕ ਰਘੁਰਾਏ । ਅਲਖ ਅਭੇਵ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰ ਘਰ ਸਾਚਾ ਸੇਵ ਕਮਾਏ । ਸੇਵ ਕਮਾਏ ਸਾਚੇ ਘਰ । ਆਤਮ ਖੁਲ੍ਹਾਵੇ ਸਾਚਾ ਦਰ । ਪਾਵੇ ਦਰਸ ਅਵਤਾਰ ਨਰ । ਭਰਮ ਭੁਲੇਖਾ ਚੁਕਾਵੇ ਝੂਠਾ ਡਰ । ਇਕ ਦਿਸਾਵੇ ਆਪਣੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਅਵਤਾਰ ਨਰ ਧਰਨੀ ਧਰ । ਧਰਨੀ ਧਰ ਆਪ ਨਰਾਇਣ । ਵੇਲੇ ਅੰਤ ਅੰਤਕਾਲ ਬੇਮੁਖ ਆਪਣਾ ਕੀਆ ਭਰ ਲੈਣ । ਗੁਰਮੁਖ ਸਾਚੇ ਸੰਤ ਜਨ, ਨਿਹਕਲੰਕ ਤੇਰੀ ਚਰਨੀ ਬਹਿਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੇ ਸਾਕ ਸੱਜਣ ਸੈਣ । ਆਪ ਕਰਾਏ ਸਾਚਾ ਮੇਲਾ । ਵਾਲੀ ਦੋ ਜਹਾਨ ਗੁਰਸਿਖਾਂ ਸਦਾ ਸੁਹੇਲਾ । ਬੇਮੁਖਾਂ ਬੇੜਾ ਸ਼ੌਹ ਦਰਿਆ ਠੇਲਾ । ਗਿਆ ਹੱਥ ਨਾ ਆਏ ਵੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤ ਜੋਤ ਪਰਗਟਾਈ ਅਚਰਜ ਖੇਲ ਕਲ ਖੇਲਾ । ਪਾਰਬ੍ਰਹਮ ਕਲ ਖੇਲ ਨਿਆਰੀ । ਜਨ ਭਗਤ ਸਾਚੀ ਫੁਲਵਾੜੀ । ਆਪ ਬਣਾਏ ਲਗਾਏ ਸਾਚੀ ਵਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਸ਼ਬਦ ਜਪਾਏ ਜੋਤ ਜਗਾਏ ਬਹੱਤਰ ਨਾੜੀ । ਜਗੇ ਜੋਤ ਆਤਮ ਉਜਿਆਰੀ । ਗੁਰਸਿਖ ਦਰ ਸਾਚਾ ਘਰ ਸਾਚੇ ਬਣ ਭਿਖਾਰੀ । ਪਰਗਟੀ ਜੋਤ ਹਰਿ ਨਰ ਨਰਾਇਣ ਆਇਆ ਮਾਤ ਵਡ ਵਡ ਭੰਡਾਰੀ । ਕੋਟਨ ਕੋਟ ਬ੍ਰਹਮਾ ਵਿਸ਼ਨ ਮਹੇਸ਼ ਖੜੇ ਰਹਿਣ ਦਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਤੀਨ ਲੋਕ ਨਿਰੰਕਾਰੀ । ਜਾਵੇ ਆਵੇ ਵਾਰੋ ਵਾਰਾ । ਵਿਚ ਮਾਤ ਲਿਆ ਅਵਤਾਰਾ । ਪਾਰਬ੍ਰਹਮ ਮਿਟਾਏ ਭਰਮ, ਸੁਫਲ ਕਰਾਏ ਜਨਮ ਜੋ ਆਇਣ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਏਕ ਸਾਚਾ ਘਰ ਬਾਹਰਾ । ਸਚ ਘਰ ਬਾਹਰ ਗੁਰ ਚਰਨ ਦਵਾਰ । ਗੁਰਮੁਖਾਂ ਸਦ ਕਰੇ ਪਿਆਰ । ਆਦਿ ਅੰਤ ਸਾਧ ਸੰਤ ਪ੍ਰਭ ਸਾਚਾ ਜਾਏ ਤਾਰ । ਬੇਮੁਖਾਂ ਪਾਏ ਮਾਇਆ ਬੇਅੰਤ, ਦੇਵੇ ਦਰ ਦੁਰਕਾਰ । ਗੁਰਮੁਖ ਸਾਚੇ ਪ੍ਰਭ ਸਾਚਾ ਕੰਤ, ਸੋਹੰ ਦੇਵੇ ਆਤਮ ਸ਼ਬਦ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਹਕਲੰਕ ਨਰਾਇਣ ਨਰ ਅਵਤਾਰ । ਨਰਾਇਣ ਅਵਤਾਰ ਚਰਨ ਬਲਿਹਾਰੀ । ਸਚ ਸਿਰਜਣਹਾਰੀ । ਗੁਰਸਿਖਾਂ ਕਰੇ ਆਤਮ ਕਾਰੇ, ਬੇਮੁਖਾਂ ਕਰੇ ਖੁਆਰੀ । ਗੁਰਸਿਖ ਰਸਨ ਕਰਾਏ ਸੋਹੰ ਜੈ ਜੈ ਜੈਕਾਰੀ । ਪੰਚ ਜੇਠ ਬਣੇ ਸਚ ਲਿਖਾਰੀ । ਵਡ ਵਡ ਸੇਠ ਚਾਰ ਕੁੰਟ, ਨਿਹਕਲੰਕ

ਤੇਰੀ ਆਇਣ ਚਰਨ ਦਵਾਰੀ । ਸੋਹੰ ਦੇਵੇ ਸਾਚਾ ਨਾਮ, ਰਾਜੇ ਰਾਣੇ ਮੰਗਣ ਬਣ ਬਣ ਭਿਖਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਜੋਤ ਸ਼ਬਦ ਅਸਵਾਰੀ । ਸ਼ਬਦ ਅਸਵਾਰਾ ਪਵਣ ਹੁਲਾਰਾ । ਤੀਨ ਲੋਕ ਇਕ ਜੈਕਾਰਾ । ਚਾਰ ਕੁੰਟ ਹਾਹਾਕਾਰਾ । ਪੰਚਮ ਜੇਠ ਲਿਖਤ ਲਿਖਾਏ, ਭੇਵ ਖੁਲ੍ਹਾਏ ਸ੍ਰਿਸ਼ਟ ਸਬਾਈ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤ ਜੋਤ ਪਰਗਟਾਈ ਬੇਮੁਖਾਂ ਭਰਮ ਨਿਵਾਰਾ । ਬੇਮੁਖਾਂ ਮਾਣ ਗਵਾਏ ਸ਼ਾਨ ਗਵਾਏ, ਏਕਾ ਸ਼ਬਦ ਬਾਣ ਲਗਾਏ । ਬਲੀ ਬਲੀ ਆਪ ਉਠਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਿਖਤ ਭਵਿਖਤ ਪੰਚਮ ਜੇਠ ਆਪ ਲਿਖਾਏ । ਪੰਚਮ ਜੇਠ ਸ਼ਬਦ ਲਿਖਾਵਣਾ । ਸੋਹੰ ਸਾਚਾ ਸ਼ਬਦ ਤੀਰ ਚਲਾਵਣਾ । ਲੋਕ ਪਰਲੋਕ ਅਵਣ ਗਵਣ ਸਰਬ ਭਵਣ ਵਾਂਗ ਸਵਣ ਅਗਨ ਮੇਘ ਵਰਸਾਵਣਾ । ਦਾਮਨੀ ਦਮਨ ਕਾਮਨੀ ਕਮਨ ਜੋਤ ਪਵਣ ਸੋਹੰ ਚੰਡੀ ਆਪ ਚਮਕਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸ਼ਬਦ ਸਰੂਪੀ ਖੇਲ ਰਚਾਵਣਾ । ਆਪ ਵਰਤਾਏ ਅਚਰਜ ਖੇਲ । ਆਪ ਜਲਾਏ ਸ੍ਰਿਸ਼ਟ ਸਬਾਈ ਬਿਨ ਬਾਤੀ ਬਿਨ ਤੇਲ । ਗੁਰਮੁਖ ਸਾਚੇ ਸੰਤ ਜਨ, ਗੁਰ ਚਰਨ ਮਿਲਾਏ ਮੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪ੍ਰਗਟਾਈ, ਕਲਜੁਗ ਮਿਟਾਏ ਕਲਜੁਗ ਝੂਠਾ ਖੇਲ । ਕਲਜੁਗ ਝੂਠੀ ਖੇਲ ਮਿਟਾਵਣੀ । ਏਕਾ ਵੇਲਾ ਏਕਾ ਵਕਤ ਆਪ ਕਟਾਏ ਹਾੜੀ ਸਾਵਣੀ । ਏਕਾ ਜੋਤ ਏਕਾ ਅਗਨ ਚਾਰ ਕੁੰਟ ਲਗਾਵਣੀ । ਜੋਤ ਸਰੂਪੀ ਵਸੇ ਵਿਚ ਉਨੰਜਾ ਪਵਨੀ । ਆਪੇ ਆਪ ਵਰਤੇ ਤੀਨ ਭਵਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤੀ ਜੋਤ ਸਰੂਪ ਬੇਮੁਖਾਂ ਆਪ ਮਿਟਾਏ ਜਿਉਂ ਰਾਮਾ ਰਾਵਣੀ । ਚੌਥਾ ਜੁਗ ਆਈ ਹਾਰ । ਕਲਜੁਗ ਅੰਤ ਹੋਏ ਖੁਆਰ । ਜਾਮਾ ਧਾਰੇ ਆਪ ਕਰਤਾਰ । ਆਪੇ ਕਰੇ ਸ੍ਰਿਸ਼ਟ ਸਬਾਈ ਆਰ ਪਾਰ । ਇਕ ਸ਼ਬਦ ਦੋ ਧਾਰ । ਗੁਰਮੁਖਾਂ ਜਾਏ ਤਾਰ । ਬੇਮੁਖਾਂ ਕਰੇ ਖਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕੋਈ ਨਾ ਪਾਵੇ ਤੇਰੀ ਸਾਰ । ਸਾਰ ਨਾ ਜਾਣੇ ਜੀਵ ਅੰਞਾਣੇ । ਮਾਇਆ ਧਾਰੀ ਆਤਮ ਕਾਣੇ । ਵਿਸ਼ੇ ਵਿਕਾਰੀ ਸੁਘੜ ਸਿਆਣੇ । ਆਤਮ ਅੰਧ ਅੰਧਿਆਰੀ ਵਡ ਵਡ ਰਾਣੇ ਮਹਾਂਰਾਣੇ । ਹੋਏ ਹੰਕਾਰੀ ਨਾ ਜਾਣੇ ਭਗਵਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਡ ਬਲੀ ਬਲਵਾਨੇ । ਵਡ ਬਲੀ ਬਲਵਾਨਾ । ਏਕਾ ਝੁੱਲੇ ਤੇਰਾ ਸਚ ਨਿਸ਼ਾਨਾ । ਸੋਹੰ ਸ਼ਬਦ ਵਿਚ ਪਵਣ ਬਬਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਆਪ ਚਲਾਏ ਆਪ ਵਰਤਾਏ ਕਰੇ ਕਰਾਏ ਜੋ ਮਨ ਭਾਣਾ । ਆਪਣੇ ਭਾਣੇ ਆਪੇ ਵਰਤੇ । ਵਰਤੇ ਕਹਿਰ ਉਪਰ ਧਰਤੇ । ਕਰਿਆ ਖੇਲ ਆਪ ਕਾਦਰ ਕਰਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋ ਜਨ ਉਧਾਰੇ ਜੋ ਜਨ ਆਏ ਦਰ ਤੇ । ਦਰ ਦਵਾਰਾ ਜਾਏ ਖੁੱਲ੍ਹ । ਸੋਹੰ ਨਾਮ ਮਿਲੇ ਅਨਮੁਲ । ਜੋ ਜਨ ਦਰ ਤੇ ਆਏ ਭੁੱਲ । ਆਪ ਸਵਾਰੇ ਆਪਣੀ ਕੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਿੰਤਾ ਚਿਖਾ ਮਿਟਾਏ ਕਾਇਆ ਝੂਠੀ ਚੁਲ੍ਹ । ਕਾਇਆ ਅਕਾਰੀ ਜੋਤ ਪਸਾਰੀ । ਕਲਜੁਗ ਜੀਵ ਨਾ ਮਨੋਂ ਵਿਸਾਰੀਂ । ਸਾਚਾ ਬਣ ਚਰਨ ਪੁਜਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਸਚ ਦਰਬਾਰੀ । ਸਚ ਦਰਬਾਰਾ ਸਚ ਘਰ ਆਵਣਾ । ਸਚ ਘਰ ਬਾਹਰਾ ਕਲਜੁਗ ਪਾਵਣਾ । ਸਚ ਵਿਹਾਰਾ । ਆਤਮ ਭਰਮ ਭਉ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦਰ ਆਏ ਦਰਸ਼ਨ ਪਾਵਣਾ । ਦਰਸ ਪਾਓ ਸਚ ਜਗਦੀਸ਼ । ਏਕਾ ਛਤਰ ਝੁਲਾਓ ਸੋਹੰ ਸਾਚਾ ਸੀਸ । ਆਪ ਚੁਕਾਓ ਗੁਰਸਿਖ ਬੀਸ ਇਕੀਸ । ਗੁਰਮੁਖਾਂ ਕੋਈ ਨਾ ਕਰੇ ਰੀਸ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਨਾ ਦੀਸ । ਨਾ ਕੋਈ ਦੂਸਰ ਨਾ ਕੋਈ ਦੋਆ । ਨਾ ਉਹ ਜੰਮੇ ਨਾ ਉਹ ਮੋਆ । ਨਾ ਉਹ ਜਾਗੇ ਨਾ ਉਹ ਸੋਇਆ । ਗੁਰਮੁਖ ਸਾਚੇ ਸਦ ਸਦਾ ਤੇਰੇ ਆਤਮ ਦਰ ਦਵਾਰ ਪ੍ਰਭ ਅਬਿਨਾਸ਼ੀ ਸਦਾ ਖਲੋਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਬੀਜ ਸਾਚਾ ਬੋਇਆ । ਜੀਓ ਪਿੰਡ ਜਿਸ ਜਨ ਸਾਜਿਆ । ਜੀਵ ਸੋ ਕਿਉਂ ਭੁੱਲਾ ਗਰੀਬ ਨਿਵਾਜਿਆ । ਕਲਜੁਗ ਡੁਲਾ, ਨਾ ਕੋਈ ਰੱਖੇ ਲਾਜਿਆ । ਝੂਠੀ ਮਾਇਆ ਵਿਚ ਰੁਲਾ, ਅੰਤਕਾਲ ਭਾਂਡਾ ਕਾਚਾ ਭਾਜਿਆ । ਸਚ ਦਵਾਰ ਵਿਚ ਮਾਤ ਦੇ ਖੁਲ੍ਹਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਜੀਵ ਸਾਜਨ ਸਾਜਿਆ । ਸਾਜਨ ਸਾਜੇ ਸਾਜਣਹਾਰਾ । ਪੰਚ ਤਤ ਤਨ ਕੀਆ ਪਸਾਰਾ । ਸਚ ਸੁੱਚ ਵਿਚ ਜੋਤ ਅਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਵਿਚ ਬੈਠਾ ਰਹੇ ਨਿਰਾਧਾਰਾ । ਗੁਰਮੁਖਾਂ ਸਦਾ ਵਸੇ ਕੋਲ, ਨਾ ਜਾਣੇ ਮੂਰਖ ਮੁਗਧ ਗਵਾਰੀ । ਜੂਠੇ ਝੂਠੇ ਕਲਜੁਗ ਜੀਵ, ਰਸਨਾ ਰਹੇ ਝੱਖ ਮਾਰੀ । ਨਾ ਪਛਾਣੇ ਆਪਣਾ ਮੂਲ, ਵੇਲੇ ਅੰਤ ਹੋਏ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰ ਦਰਬਾਰੀ । ਗੁਰਚਰਨ ਲਾਓ ਧੂੜ । ਨਾਮ ਰੰਗ ਚੜ੍ਹਾਏ ਗੂੜ੍ਹ । ਆਪ ਕਟਾਏ ਪਾਪਾਂ ਜੂੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਚਰਨ ਪ੍ਰੀਤੀ ਸਾਚੀ ਲੋੜ । ਚਰਨ ਪ੍ਰੀਤੀ ਸਾਚੀ ਜਾਣ । ਏਕਾ ਦੇਵੇ ਚਰਨ ਧਿਆਨ । ਸਰਬ ਜੀਆਂ ਦਾ ਜਾਣੀ ਜਾਣ । ਮਾਤ ਜੋਤ ਪਰਗਟਾਈ ਮਹਾਰਾਜ ਸ਼ੇਰ ਸਿੰਘ ਵਾਲੀ ਦੋ ਜਹਾਨ । ਵਾਲੀ ਦੋ ਜਹਾਨ ਸਾਚਾ ਹਰਿ । ਆਪ ਵਸਾਏ ਸਾਚਾ ਘਰ । ਰਸਨ ਜਪਾਏ ਹਰਿ ਹਰਿ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਕਿਰਪਾ ਕਰ । ਕਿਰਪਾ ਕਰੇ ਕਿਰਪਾ ਨਿਧ । ਦਰ ਘਰ ਆਏ ਕਾਰਜ ਕੀਨੇ ਸਿਧ ।



ਸੋਹੰ ਸ਼ਬਦ ਚਲਾਏ ਆਤਮ ਜਾਏ ਵਿਧ । ਆਪਣਾ ਮੇਲ ਮਿਲਾਏ ਵਿਚ ਮਾਤ ਕਰਾਏ ਸਾਚੀ ਬਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਕਾਰਜ ਕੀਨੇ ਸਿੱਧ । ਘਰ ਉਪਜਾਏ ਨੌਂ ਨਿਧ । ਨੌਂ ਨਿਧ ਘਰ ਉਪਜਾਏ, ਆਇਣ ਚਰਨ ਦਵਾਰੀ । ਕਾਰਜ ਸਿੱਧ ਭਗਤ ਉਧਾਰੀ । ਆਪ ਖੁਲ੍ਹਾਏ ਦਸਮ ਦਵਾਰੀ । ਸ਼ਬਦ ਚਲਾਏ ਇਕ ਉਪਜਾਏ ਧੁਨਕਾਰੀ । ਉਪਜੇ ਧੁਨ ਖੁਲ੍ਹੇ ਸੁੰਨ, ਦੇਵੇ ਦਰਸ ਆਪ ਨਿਹਕਲੰਕ ਨਰਾਇਣ ਨਰ ਅਵਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਜਾਏ ਪੈਜ ਸਵਾਰੀ । ਆਪੇ ਆਏ ਜਾਏ ਪੈਜ ਸਵਾਰ । ਗੁਰਮੁਖ ਸਾਚੇ ਦਰ ਦਰਬਾਰ । ਬੇਮੁਖ ਝੂਠੇ ਕਲ ਸੁੱਤੇ ਪੈਰ ਪਸਾਰ । ਬੇਮੁਖ ਨਾਮ ਵਿਹੂਣੇ, ਮਾਨਸ ਜਨਮ ਗਏ ਕਲ ਹਾਰ । ਨਾਮ ਭੰਡਾਰੇ ਰਹੇ ਊਣੇ, ਕੋਈ ਨਾ ਦੇਵੇ ਵਸਤ ਹਰਿ ਥਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਦਿਰਾ ਮਾਸੀ ਅੰਤਮ ਕਲਜੁਗ ਦੇਵੇ ਦਰ ਦੁਰਕਾਰ । ਮਦਿਰਾ ਮਾਸੀ ਦਰ ਦੁਰਕਾਰੇ । ਚਾਰ ਕੁੰਟ ਕਰਾਏ ਹਾਹਾਕਾਰੇ । ਘਰ ਘਰ ਦਰ ਦਰ ਫਿਰਨ ਭਿਖਾਰੇ । ਆਵਣ ਜਾਵਣ ਵਾਹੋ ਦਾਹੀ ਨਾਰੀ ਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਰੇ ਖੇਲ ਅਪਾਰੇ । ਵਰਤੇ ਖੇਲ ਅੰਤਮ ਕਲ । ਪ੍ਰਭ ਕਾ ਭਾਣਾ ਨਾ ਜਾਏ ਟਲ । ਕਾਲ ਰੂਪ ਹੋਏ ਖਾਏ ਕਲ । ਆਪ ਭੰਨਾਏ ਕਾਚੇ ਡਲ । ਸ਼ਬਦ ਸਰੂਪੀ ਚਲਾਏ ਹੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਰਬ ਭੇਵ ਖੁਲ੍ਹਾਏ ਜਿਉਂ ਕਰਾਏ ਜਲ ਤੇ ਥਲ । ਜਲ ਥਲ ਆਪ ਕਰਾਵਣਾ । ਆਪਣਾ ਭੇਵ ਆਪ ਖੁਲ੍ਹਾਵਣਾ । ਸਰਬ ਲੇਖਾ ਆਪ ਚੁਕਾਵਣਾ । ਵੇਖਾ ਵੇਖ ਜਗਤ ਭੁਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਰੂਪੀ ਪੜਦਾ ਪਾਵਣਾ । ਮਾਇਆ ਰੂਪੀ ਪੜਦਾ ਪਾਏ । ਆਪਣਾ ਆਪ ਨਾ ਕਿਸੇ ਜਣਾਏ ।

ਸੋਹੰ ਸਾਚਾ ਸ਼ਬਦ ਚਲਾਏ । ਗੁਰਮੁਖ ਸਾਚੇ ਕੰਨ ਸੁਣਾਏ । ਧੰਨ ਧੰਨ ਧੰਨ ਗੁਰਸਿਖ ਆਤਮ ਜਾਏ ਮੰਨ, ਹਰਿਆ ਤਨ ਮਨ, ਪ੍ਰਭ ਸਾਚਾ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਬੇੜਾ ਬੰਨ੍ਹ ਵਖਾਏ । ਸੋਹੰ ਸ਼ਬਦ ਸੁਣਾਵੇ ਕੰਨ । ਗੁਰਮੁਖਾਂ ਬੇੜਾ ਜਾਏ ਬੰਨ੍ਹ । ਸਾਚਾ ਨਾਮ ਦੇਵੇ ਮਾਲ ਧਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਦਾਨ, ਨਾ ਲੱਗੇ ਕਦੇ ਸੰਨ੍ਹ । ਨਾਮ ਦਾਨ ਸਾਚਾ ਧਨ । ਗੁਰਸਿਖ ਸਾਚੇ ਪੱਲੇ ਬੰਨ੍ਹ । ਵਿਸ਼ਨੂੰ ਬੰਸੀ ਸੂਰਯਾ ਬੰਸੀ ਕਾਹਨਾ ਕੰਸੀ ਜੋਤ ਪਰਗਟਾਏ । ਗੁਰਮੁਖਾਂ ਮਾਣ ਦਵਾਏ ਵਿਚ ਸਹੰਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਏ । ਆਤਮ ਸਾਚੀ ਜੋਤ ਜਗਾਈ, ਆਪ ਬਣਾਏ ਸਾਚੇ ਫੁਲ । ਸਾਚਾ ਹੰਸ ਸਾਚੀ ਕੁੱਲ । ਸੋਹੰ ਸ਼ਬਦ ਸੰਗ ਜਾਏ ਤੁਲ । ਵਿਚ ਮਾਤ ਹੋਏ ਗੁਰਮੁਖ ਅਨਮੁਲ । ਬੇਮੁਖ ਕਲਜੁਗ ਜੀਵ ਜਾਇਣ ਭੁਲ । ਅੰਮ੍ਰਿਤ ਆਤਮ ਗਿਆ ਡੁਲ । ਸੋਹੰ ਧੁਨ ਖੁਲ੍ਹੇ ਸੁੰਨ । ਆਪ ਖੁਲ੍ਹਾਏ ਗੁਰਮੁਖ ਸਾਚੇ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਉਪਜਾਏ ਸ਼ਬਦ ਧੁਨ । ਸਾਚੀ ਧੁੰਨ ਸਚ ਧੁਨਕਾਰਾ । ਗੁਰਮੁਖ ਵਿਰਲਾ ਸੁਣੇ ਵਿਚ ਸੰਸਾਰਾ । ਬੇਮੁਖਾਂ ਆਤਮ ਅੰਧ ਅੰਧਿਆਰਾ । ਮਦਿਰਾ ਮਾਸ ਰਸਨ ਚਲੇ ਵਿਕਾਰਾ । ਦੂਤੀ ਦੁਸ਼ਟ ਰਹੇ ਝੱਖ ਮਾਰਾ । ਗੁਰਮੁਖਾਂ ਦੇਵੇ ਪ੍ਰਭ ਆਤਮ ਅੰਮ੍ਰਿਤ ਸੋਹੰ ਸਚ ਭੰਡਾਰਾ । ਸਚ ਸਚ ਸਚ ਵਰਤੇ ਚਾਰ ਕੁੰਟ ਕਰਾਏ ਜੈ ਜੈ ਜੈਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਾਏ ਸਚ ਵਰਤਾਰਾ । ਸਚ ਵਰਤਾਰਾ ਆਪ ਕਰਾਵਣਾ । ਜੋਤ ਸਰੂਪੀ ਭੇਖ ਵਟਾਵਣਾ । ਰਾਓ ਰੰਕ ਸਰਨ ਲਗਾਵਣਾ । ਰਾਜਾ ਰਾਣਾ ਪਕੜ ਉਠਾਵਣਾ । ਆਪ ਆਪਣੀ ਸੇਵ ਲਗਾਵਣਾ । ਮਸਤੂਆਣੇ ਚਰਨ ਟਿਕਾਵਣਾ । ਸਾਚਾ ਧਾਮ ਆਪ ਉਪਜਾਵਣਾ । ਚਾਰ ਵਰਨ ਇਕ ਥਾਂ ਬਹਾਵਣਾ । ਊਚ ਨੀਚ ਜ਼ਾਤ ਪਾਤ ਬਰਨ ਅਠਾਰਾਂ ਇਕ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਜੋਤੀ ਜੋਤ ਸਰੂਪ ਪ੍ਰਭ ਅਖਵਾਵਣਾ । ਮਸਤੂਆਣਾ ਧਾਮ ਸੁਹਾ ਕੇ । ਚਾਰ ਵਰਨ ਇਕ ਥਾਂ ਬਹਾ ਕੇ । ਆਪ ਆਪਣੀ ਗੋਦ ਉਠਾ ਕੇ । ਸੋਹੰ ਸਾਚਾ ਨਾਮ ਜਪਾ ਕੇ । ਰਾਣਾ ਸੰਗਰੂਰ ਸੰਗ ਰਲਾ ਕੇ । ਸਾਧ ਸੰਗਤ ਵਿਚ ਮਿਲਾ ਕੇ । ਆਪ ਆਪਣੀ ਸੇਵ ਚਰਨ ਲਗਾ ਕੇ । ਚਰਨ ਧੂੜ ਮਸਤਕ ਛੁਹਾ ਕੇ । ਜੋਤ ਲਲਾਟ ਵਿਚ ਜਗਾ ਕੇ । ਔਖੇ ਘਾਟ ਆਪ ਚੜ੍ਹਾ ਕੇ । ਬਜਰ ਕਪਾਟ ਆਪ ਖੁਲ੍ਹਾ ਕੇ । ਸਾਚੀ ਓਟ ਇਕ ਰਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਵਰਤੇ ਵਰਤਾਏ, ਵਾਲੀ ਹਿੰਦ ਪਕੜ ਉਠਾਏ, ਜੋਤ ਸਰੂਪੀ ਦਰਸ ਦਿਖਾ ਕੇ । ਰਾਣਾ ਸੰਗਰੂਰ ਸੰਗ ਰਲਾਵਣਾ । ਆਪ ਆਪਣਾ ਕਰਮ ਕਮਾਵਣਾ । ਜਮਨ ਕਿਨਾਰੇ ਡੇਰਾ ਲਾਵਣਾ । ਦਿੱਲੀ ਵਿਚ ਹਰਿ ਸਾਚੇ ਸਾਚਾ ਡੰਕ ਵਜਾਵਣਾ । ਸਚ ਧਾਮ ਸਾਚੇ ਹਰਿ ਸਾਚਾ ਦਰ ਆਪ ਖੁਲ੍ਹਾਵਣਾ । ਪਰਗਟ ਹੋਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਦਿੱਲੀ ਦਰਸ ਦਿਖਾਵਣਾ । ਜਮਨ ਕਿਨਾਰੇ ਡੇਰਾ ਲਾਏ । ਜੋਤ ਸਰੂਪੀ ਖੇਲ ਵਰਤਾਏ । ਏਕਾ ਸ਼ਬਦ ਪਵਣ ਚਲਾਏ । ਵਡ ਵਡ ਭੂਪੀ ਤੀਨ ਗਵਨ ਉਠਾਏ । ਅੰਮ੍ਰਿਤ ਮੇਘ ਸਵਣ ਆਪ ਬਰਸਾਏ । ਏਕਾ ਸ਼ਬਦ ਵਿਚ ਪਵਣ ਵਸਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਨ ਲੋਕ ਏਕਾ ਆਪਣਾ ਨਾਮ ਵਰਤਾਏ । ਇਕ ਸ਼ਬਦ ਆਪ ਚਲਾਏ । ਸਚ ਧਰਮ ਦੀ ਕਾਰ ਕਰਾਏ । ਕੂੜੇ ਕੁੜਿਆਰ ਸਰਬ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਮਨ ਕਿਨਾਰੇ ਡੇਰਾ ਲਾਏ । ਲੱਗੇ ਡੇਰਾ ਜਮਨ ਕਿਨਾਰ । ਏਕ ਸ਼ਬਦ ਹੋਏ ਗੁੰਜਾਰ । ਸਾਧਾਂ ਸੰਤਾਂ ਸੁਣੇ ਪੁਕਾਰ ।

ਆਦਿਨ ਅੰਤਾ ਵਿਚ ਸੰਸਾਰ । ਸਾਚਾ ਕੰਤਾ ਬਣੇ ਸਚ ਭਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਕਰੇ ਕਰਤਾਰ । ਸਾਧ ਸੰਤ ਆਪ ਉਠਾਏ । ਸੁੰਨ ਮੁਨ ਆਪ ਖੁਲ੍ਹਾਏ । ਰੁਣ ਝੁਣ ਇਕ ਰਖਾਏ । ਆਪ ਆਪਣਾ ਦਰਸ ਦਿਖਾਏ । ਸਵਛ ਸਰੂਪੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਜਗਾਏ । ਜੋਤ ਸਰੂਪੀ ਖੇਲ ਅਪਾਰਿਆ । ਮਾਤਲੋਕ ਹਰਿ ਜਾਮਾ ਧਾਰਿਆ । ਅਚਰਜ ਖੇਲ ਕਰੇ ਕਰਤਾਰਿਆ । ਆਵੇ ਜਾਵੇ ਵਾਰੋ ਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਕਲ ਜਾਮਾ ਧਾਰਿਆ । ਜਾਮਾ ਧਾਰੇ ਏਕਾ ਅੰਕ । ਸੋਹੰ ਸ਼ਬਦ ਵਜਾਏ ਸਾਚਾ ਡੰਕ । ਇਕ ਕਰਾਏ ਰਾਓ ਰੰਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪੇ ਆਪ ਤਰਾਏ ਜਿਉਂ ਰਾਜਾ ਜਨਕ । ਆਪ ਚੜ੍ਹਾਏ ਆਤਮ ਰੰਗ । ਗੁਰਸਿਖ ਸਾਚੇ ਪਾਰ ਜਾਇਣ ਲੰਘ । ਹੋਏ ਸਹਾਈ ਸੰਗ ਅੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਸੂਰਾ ਸਰਬੰਗ । ਸੂਰਾ ਸਰਬੰਗ ਦੀਨ ਦਿਆਲੇ, ਸਚ ਜੋਤ ਮੂਰਤ ਅਕਾਲ ਨਜ਼ਰੀ ਆਏ । ਵੇਖ ਵਿਚਾਰੇ ਜਨ ਕਿਰਪਾ ਧਾਰੇ, ਆਪੇ ਹੋਏ ਸਹਾਏ । ਭਰਮ ਨਿਵਾਰੇ ਦੇਵੇ ਚਰਨ ਪਿਆਰੇ, ਏਕਾ ਨਾਮ ਜਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਛਤਰ ਆਪਣੇ ਸੀਸ ਝੁਲਾਏ । ਏਕਾ ਛਤਰ ਝੁੱਲੇ ਸੀਸ । ਪਰਗਟ ਹੋਏ ਵਿਚ ਮਾਤ ਕਲਗੀ ਧਰ ਜਗਦੀਸ । ਸ੍ਰਿਸ਼ਟ ਸਬਾਈ ਜਾਏ ਪੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਇ ਨਾ ਕਰੇ ਤੇਰੀ ਰੀਸ । ਉਚ ਦਰ ਉਚ ਦਰਬਾਰਾ । ਉਚ ਦਰ ਸਚ ਘਰ ਬਾਹਰਾ । ਉਚ ਘਰ ਵਸੇ ਨਿਰੰਕਾਰਾ । ਉਚ ਦਰ ਏਕਾ ਜੋਤ ਇਕ ਅਧਾਰਾ । ਉਚ ਦਰ ਏਕਾ ਏਕ ਸਰਬ ਪਸਾਰਾ । ਉਚ ਦਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਊਚ ਦਰ ਹਰਿ ਨਿਰੰਕਾਰੀ । ਊਚ ਦਰ ਜੋਤ ਸਰੂਪੀ ਪਸਰ ਪਸਾਰੀ । ਊਚ ਦਰ ਵਰਤੇ ਵਰਤਾਵੇ ਵਿਚ ਸੰਸਾਰੀ । ਊਚ ਦਰ ਮਿਲੇ ਵਰ ਦੇਵੇ ਪ੍ਰਭ ਵਡ ਭੰਡਾਰੀ । ਊਚ ਦਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਨਿਹਕਲੰਕ ਅਗੰਮ ਅਗੰਮਾ । ਆਪ ਮਿਟਾਏ ਆਤਮ ਭਰਮਾ । ਸੁਫਲ ਕਰਾਏ ਮਾਣਸ ਜਨਮਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਲਿਖਾਏ ਸਾਚੇ ਕਰਮਾ । ਉਚ ਦਰ ਸਚ ਦਰਗਹਿ । ਉਚ ਦਰ ਜੋਤ ਪਰਗਟਾਈ ਬੇਪਰਵਾਹ । ਉਚ ਦਰ ਗੁਰਸਿਖਾਂ ਬਿਠਾਏ ਸਾਚੇ ਥਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਨਾ । ਉਚ ਦਰ ਏਕਾ ਜੋਤੀ । ਉਚ ਦਰ ਗੁਰਸਿਖ ਉਣਾਏ ਮਾਣਕ ਮੋਤੀ । ਗੁਰਮੁਖਾਂ ਸੁਣਾਏ ਸਾਚਾ ਰਾਗ, ਆਤਮ ਜਗਾਏ ਸੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਤੇਰੀ ਆਤਮ ਮੈਲ ਜਾਏ ਧੋਤੀ । ਉਚ ਦਰ ਰੰਗ ਅਪਾਰ ਅਨੂਪ । ਹਰਿ ਪਰਗਟਾਇਆ ਜੋਤ ਸਰੂਪ । ਉਚ ਦਰ ਭੇਵ ਕੋਈ ਨਾ ਪਾਏ ਵਡ ਵਡ ਭੂਪ । ਕਿਸੇ ਦਿਸ ਨਾ ਆਏ ਪ੍ਰਭ ਅਬਿਨਾਸ਼ੀ ਬਿਨ ਰੰਗ ਰੂਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਤਿ ਸਰੂਪ । ਉਚ ਦਰ ਉਚ ਘਰ ਵਸੇ ਹਰਿ । ਉਚ ਦਰ ਕਿਰਪਾ ਜਾਏ ਕਰ । ਉਚ ਦਰ ਗੁਰਮੁਖ ਸਾਚੇ ਚਰਨ ਲਾਗ, ਪ੍ਰਭ ਖਾਲੀ ਭੰਡਾਰੇ ਦਏ ਭਰ । ਉਚ ਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਅਵਤਾਰ ਨਰ । ਉਚ ਦਰ ਦੀਨ ਗੋਪਾਲਾ । ਆਤਮ ਦੇਵੇ ਸੋਹੰ ਸਾਚੀ ਮਾਲਾ । ਉਚ ਦਰ ਆਪੇ ਹੋਏ ਸਰਬ ਰਖਵਾਲਾ । ਉਚ ਦਰ ਸਾਚਾ ਸਰ ਆਤਮ ਜੋਤ ਜਗਾਏ ਜਿਉਂ ਜੋਤ ਜਵਾਲਾ । ਉਚ ਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਵਿਰਲੇ ਗੁਰਮੁਖ ਭਾਲਾ ।

ਉਚ ਦਰ ਏਕਾ ਓਟ । ਉਚ ਦਰ ਗੁਰਮੁਖਾਂ ਕੱਢੇ ਆਤਮ ਖੋਟ । ਉਚ ਦਰ ਸੋਹੰ ਸ਼ਬਦ ਲਗਾਵੇ ਆਤਮ ਚੋਟ । ਉਚ ਦਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਕਲਜੁਗ ਗੋਦ ਉਠਾਏ ਬੇਮੁਖ ਆਲ੍ਹਣਿਓ ਡਿਗੇ ਬੋਟ । ਉਚ ਦਰ ਸਚ ਘਰ ਵਾਸੀ । ਉਚ ਦਰ ਮਾਤ ਜੋਤ ਪਰਗਟਾਏ ਪ੍ਰਭ ਅਬਿਨਾਸ਼ੀ । ਉਚ ਜੋਤ ਆਪਣੀ ਦਇਆ ਕਮਾਏ ਘਨਕਪੁਰ ਵਾਸੀ । ਉਚ ਜੋਤ ਸ੍ਰਿਸ਼ਟ ਸਬਾਈ ਕਰਾਏ ਚਰਨ ਦਾਸੀ । ਉਚ ਜੋਤ ਆਪ ਮਿਟਾਏ ਅੰਤਮ ਅੰਤ ਮਦਿਰਾ ਮਾਸੀ । ਉਚ ਜੋਤ ਗੁਰਮੁਖਾਂ ਕਰੇ ਬੰਦ ਖਲਾਸੀ । ਉਚ ਜੋਤ ਬੇਮੁਖਾਂ ਦਰ ਆਏ ਹਾਸੀ । ਉਚ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖ ਨਿਰੰਜਣ ਗੁਰਮੁਖ ਸਾਚੇ ਸਦ ਸਦ ਬਲ ਬਲ ਬਲ ਜਾਸੀ । ਉਚ ਦਰ ਜੋਤ ਨਿਰੰਜਣ । ਉਚ ਦਰ ਬੇਮੁਖਾਂ ਦੁਖ ਦਰਦ ਭੈ ਭੰਜਣ । ਉਚ ਦਰ ਸਾਚਾ ਸਾਕ ਸੈਣ ਸੱਜਣ । ਉਚ ਦਰ ਗੁਰਮੁਖਾਂ ਨੇਤਰ ਪਾਵੇ, ਸਾਚਾ ਚਰਨ ਧੂੜ ਅੰਜਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਏਕਾ ਆਪ ਨਿਰੰਜਣ । ਉਚ ਦਰ ਸਾਚੀ ਧਾਰਾ । ਉਚ ਦਰ ਗੁਰ ਚਰਨ ਦਵਾਰਾ । ਉਚ ਦਰ ਗੁਰਸਿਖ ਕਰ ਗੁਰ ਚਰਨ ਪਿਆਰਾ । ਉਚ ਦਰ ਆਪ ਦਿਖਾਵੇ ਪ੍ਰਭ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਦਵਾਰਾ । ਸਚ ਦਵਾਰਾ ਚਰਨ ਅਰਦਾਸ । ਆਤਮ ਦੁਖੜਾ ਹੋਏ ਨਾਸ । ਏਕਾ ਜੋਤ ਕਰੇ ਪਰਕਾਸ਼ । ਕਿਰਪਾ ਕਰੇ ਪ੍ਰਭ ਅਬਿਨਾਸ਼ । ਜਨ ਭਗਤਾਂ ਹੋਇਆ ਦਾਸ । ਮਾਤ ਜੋਤ ਪਰਗਟਾਏ ਸੋਹੰ ਸ਼ਬਦ ਜਪਾਏ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰ ਘਰ ਆਏ ਪੂਰ ਕਰਾਏ ਆਸ । ਪੂਰਨ ਆਸਾ ਹੋਏ ਜਨ । ਹਰਿਆ ਹੋਏ ਮਨ ਤਨ । ਬੇਮੁਖਾਂ ਪ੍ਰਭ ਸਾਚਾ ਜਾਏ ਡੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸ਼ਬਦ ਸੁਣਾਏ ਕੰਨ । ਸੋਹੰ ਸ਼ਬਦ ਸਚ ਦੁਖੜਾ ਨਾਸਾ । ਪੂਰਨ ਦੀਆ ਗੁਰ ਚਰਨ ਭਰਵਾਸਾ । ਮਾਨਸ ਜਨਮ ਕਰਾਏ ਰਾਸਾ । ਸਚਖੰਡ ਕਰਾਇਆ ਘਰ ਸਾਚੇ ਵਾਸਾ । ਦੇਵੇ ਦਰਸ ਸਰਬ ਗੁਣਤਾਸਾ । ਕਰੇ ਤਰਸ ਪ੍ਰਭ ਅਬਿਨਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲਜੁਗ ਪੁਰੀ ਘਨਕ ਜੋਤ ਸਰੂਪੀ ਕੀਆ ਵਾਸਾ । ਪੁਰੀ ਘਨਕ ਧਾਮ ਅਟੱਲ । ਆਪ ਅਪਾਰੇ ਗੁਰਮੁਖਾਂ ਤਾਰੇ ਜਿਉਂ ਦਰ ਘਰ ਜਾਏ ਬਲ । ਬੇਮੁਖਾਂ ਪਕੜ ਪਛਾੜੇ, ਕਰ ਕਰ ਵਲ ਛਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜੁਗੋ ਜੁਗ ਅਟੱਲ । ਆਪ ਅਟੱਲ ਸਰਬ ਨਿਵਾਸੀ । ਦੁਖੀਆਂ ਕਰੇ ਬੰਦ ਖੁਲਾਸੀ । ਆਤਮ ਹੋਏ ਸਰਬ ਰਹਿਰਾਸੀ । ਕਲਜੁਗ ਮਾਇਆ ਦਰ ਤੋਂ ਨਾਸੀ । ਏਕ ਛਾਇਆ ਸਰਬ ਘਟ ਵਾਸੀ । ਸਾਚਾ ਤੀਰਥ ਗੁਰ ਚਰਨ ਨੁਹਾਇਆ, ਸੋਹੰ ਗਾਇਆ ਰਸਨ ਸਵਾਸੀ । ਪ੍ਰਭ ਅਬਿਨਾਸ਼ੀ ਘਰ ਸਾਚਾ ਪਾਇਆ, ਅੰਤਮ ਜੋਤ ਸਚ ਪਰਕਾਸ਼ੀ । ਭਾਂਡਾ ਭਰਮ ਭਉ ਭੰਨਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖੀਆਂ ਕਰੇ ਬੰਦ ਖਲਾਸੀ । ਆਤਮ ਰੋਗ ਪ੍ਰਭ ਦੇਵੇ ਕੱਟ । ਗੁਰਮੁਖ ਸਾਚੇ ਸੰਤ ਜਨ, ਦਰ ਸਾਚੇ ਸੋਹੰ ਲਾਹਾ ਲੈਣ ਖੱਟ । ਵਿਚ ਮਾਤ ਮੁਖ ਉਜਲ, ਅੱਗੇ ਪਹਿਨਣ ਪੱਟ । ਏਕਾ ਸ਼ਬਦ ਜਪਾਇਆ ਗੁਰ ਚਰਨ ਦਿਖਾਇਆ ਸਾਚਾ ਤੀਰਥ ਤੱਟ । ਸਾਚੇ ਮਾਰਗ ਪਾਇਆ, ਹਰਿ ਵਸਿਆ ਘਟ ਘਟ । ਸਚ ਭੰਡਾਰ ਖੁਲ੍ਹਾਇਆ ਗੁਰ ਪੂਰੇ ਸਾਚਾ ਹੱਟ । ਗੁਰਮੁਖਾਂ ਵਣਜ ਵਪਾਰ ਕਰਾਇਆ, ਸੋਹੰ ਲੈਣ ਲਾਹਾ ਖੱਟ । ਬੇਮੁਖਾਂ ਦਰ ਦਰ ਫਿਰਾਇਆ, ਜਿਉਂ ਬਾਜੀਗਰ ਨਟ । ਮਾਇਆ ਮਮਤਾ ਵਿਚ ਰੁਲਾਇਆ, ਮਦਿਰਾ ਮਾਸੀ ਵਿਸ਼ਟਾ ਰਹੇ ਚੱਟ । ਗੁਰਸਿਖਾਂ ਸੋਹੰ ਸਵਾਸ ਸਵਾਸ ਚਲਾਇਆ, ਦੂਈ ਦਵੈਤ ਕੱਢੀ ਘਟ ।

ਪਰਗਟ ਜੋਤ ਸਵਛ ਸਰੂਪੀ ਦਰਸ ਦਿਖਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਝੱਟ । ਤਨ ਮਨ ਦੁਖ ਜਾਏ ਨੱਸ । ਏਕਾ ਸ਼ਬਦ ਚਲਾਇਆ ਕਸ । ਲੱਖ ਚੁਰਾਸੀ ਹੋਵੇ ਵਸ । ਆਪ ਉਪਾਏ ਆਪ ਮਿਟਾਏ ਆਪੇ ਕਰੇ ਭੱਸ । ਆਪ ਜਗਾਏ ਆਪ ਬੁਝਾਏ ਆਪੇ ਗੁਰਮੁਖਾਂ ਲੇਖ ਲਿਖਾਏ ਰਾਹ ਸਾਚਾ ਜਾਏ ਦੱਸ । ਸਾਚੀ ਧੁਨ ਉਪਜਾਏ ਆਤਮ ਸੁੰਨ ਮੁਨ ਖੁਲ੍ਹਾਏ, ਗੁਰਮੁਖ ਵਿਚ ਮਾਤ ਕਲਜੁਗ ਚੁਣ ਜਗਾਏ, ਇਕ ਦਵਾਏ ਸੋਹੰ ਸਾਚਾ ਰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਦ ਹੋਇਆ ਵਸ । ਦੁਖ ਦਰਦ ਜੀਵ ਦੁਹੇਲਾ । ਆਵੇ ਜਾਵੇ ਇਕ ਅਕੇਲਾ । ਭੈਣਾ ਭਾਈਆ ਝੂਠਾ ਮੇਲਾ । ਏਕਾ ਸਾਚਾ ਪਿਤ ਰੱਖੇ ਹਿਤ ਵਸੇ ਤੇਰੇ ਆਤਮ ਚਿਤ, ਪ੍ਰਭ ਅਬਿਨਾਸ਼ੀ ਸਾਚਾ ਸੱਜਣ ਸੁਹੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾਂ ਜੁਗਾਂ ਦੇ ਵਿਛੜਿਆਂ ਪੰਚਮ ਜੇਠ ਕਰਾਏ ਮੇਲਾ । ਪੰਚਮ ਜੇਠ ਹੋਏ ਮੇਲ । ਅਚਰਜ ਵਰਤੇ ਪਾਰਬ੍ਰਹਮ ਖੇਲ । ਇਕ ਲਗਾਏ ਸ੍ਰਿਸ਼ਟ ਧਕੇਲ । ਆਪ ਲਗਾਏ ਉਪਾਏ ਗੁਰਸਿਖ ਸੋਹੰ ਬੀਜ ਬਿਜਾਏ, ਗੁਰਮੁਖ ਉਪਜਾਏ ਸਾਚੀ ਵੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ, ਗੁਰਮੁਖ ਤੇਰੀ ਆਤਮ ਡਗਮਗਾਏ, ਅਗਿਆਨ ਅੰਧੇਰ ਮਿਟਾਏ, ਬਿਨ ਬਾਤੀ ਬਿਨ ਤੇਲ । ਬਿਨ ਤੇਲ ਜਗਾਏ ਜੋਤੀ । ਆਪ ਬਣਾਏ ਆਪਣੇ ਗੋਤੀ । ਸ੍ਰਿਸ਼ਟ ਸਬਾਈ ਰਹੀ ਸੋਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਗੁਰਸਿਖ ਸਾਚੇ ਆਪ ਬਣਾਏ ਮਾਣਕ ਮੋਤੀ । ਸਾਧ ਸੰਗਤ ਸਚ ਜਣਾਈ । ਪੰਚਮ ਜੇਠ ਮਾਤਲੋਕ ਵੱਜੇ ਵਧਾਈ । ਤੀਨ ਲੋਕ ਜੈ ਜੈ ਜੈਕਾਰ ਸੁਣੇ ਲੋਕਾਈ । ਕਰੋੜ ਤੇਤੀਸ ਹਰਿ ਦਰ ਤੇ ਆਈ । ਸ਼ਿਵ ਸ਼ੰਕਰ ਚਲ ਆਇਣ ਦਰ, ਬਾਸ਼ਕ ਤਸ਼ਕ ਗਲ ਲਟਕਾਈ । ਬ੍ਰਹਮਾ ਵਿਸ਼ਨ ਮਹੇਸ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਬਹਿਣ ਸੀਸ ਝੁਕਾਈ । ਵਾਕ ਭਵਿਖਤ ਪ੍ਰਭ ਰਿਹਾ ਲਿਖਾਈ । ਪੰਚਮ ਜੇਠ ਗੁਰ ਸੰਗਤ ਮਿਲੇ ਵਡਿਆਈ । ਦਰ ਘਰ ਸਾਚੇ ਮਾਣ ਦਵਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਸੁਖਦਾਈ । ਪੰਚਮ ਜੇਠ ਆਵੇ ਜਗ । ਕਲਜੁਗ ਜੀਵ ਸਰਬ ਕਰਾਏ ਕਗ । ਮਾਇਆ ਧਾਰੀ ਝੂਠੇ ਧੰਦੇ ਗਏ ਲੱਗ । ਸੋਹੰ ਸਾਚਾ ਸ਼ਬਦ ਮੂੰਹ ਲਗਾਏ ਸਗ । ਏਕਾ ਸ਼ਬਦ ਗੁਰਸਿਖ ਤੇਰੇ ਤਨ ਪਹਿਨਾਏ, ਸੰਤੋਖ ਧੀਰਜ ਧਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਡ ਸੂਰਾ ਸਰਬੱਗ । ਵਡ ਸੂਰਬੀਰ । ਸ੍ਰਿਸ਼ਟ ਸਬਾਈ ਕਰੇ ਵਹੀਰ । ਏਕਾ ਸ਼ਬਦ ਚਲਾਏ ਤੀਰ । ਮੇਟ ਮਿਟਾਵੇ ਖਪਾਵੇ ਅਠਸਠ ਨੀਰ । ਗੰਗਾ ਗੋਦਾਵਰੀ ਰਹਿਣ ਨਾ ਪਾਵੇ, ਜੋਤ ਖਿਚਾਵੇ ਖਵਾਜ਼ਾ ਖਿਜ਼ਰ ਪੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਰੇ, ਨਾ ਕੋਈ ਦਿਸੇ ਪੀਰ ਫ਼ਕੀਰ ਦਸਤਗੀਰ । ਪੀਰ ਦਸਤਗੀਰਾ ਪੈਣ ਵਹੀਰਾ । ਲੱਭਣ ਚੀਰਾ ਨਾ ਕੋਈ ਦੇਵੇ ਕਿਸੇ ਧੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਕਲਜੁਗ ਤੇਰੀਆਂ ਲਿਖੀਆਂ ਧੁਰ ਤਕਦੀਰਾਂ । ਜੋਤ ਸਰੂਪੀ ਧਾਰੇ ਪ੍ਰਭ ਅਬਿਨਾਸ਼ੀ ਭੇਖ । ਸ੍ਰਿਸ਼ਟ ਸਬਾਈ ਰਹੀ ਵੇਖਾ ਵੇਖ । ਗੁਰਮੁਖਾਂ ਆਤਮ ਵਿਚ ਲਗਾਏ ਸੋਹੰ ਸਾਚੀ ਮੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਨੇਤਰ ਪੇਖ । ਆਤਮ ਨੇਤਰ ਆਪ ਖੁਲ੍ਹਾਏ । ਆਪ ਆਪਣੀ ਬੂਝ ਬੁਝਾਏ । ਭੇਵ ਗੁਝ ਕੋਈ ਰਹਿਣ ਨਾ ਪਾਏ । ਏਕਾ ਦੂਜ ਸਰਬ ਮਿਟ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦਇਆ ਕਮਾਏ । ਅੰਮ੍ਰਿਤ ਮੇਘ ਆਪ ਵਰਸਾਇਆ । ਕਿਰਪਾ ਕਰ ਆਪ ਰਘੁਰਾਇਆ । ਅੰਮ੍ਰਿਤ ਸਾਚਾ ਮੁਖ ਚੁਆਇਆ । ਆਤਮ ਸੁਖ ਇਕ ਉਪਜਾਇਆ । ਦੁਖ ਭੁੱਖ ਸਭ ਰੋਗ ਮਿਟਾਇਆ । ਗੁਰਮੁਖਾਂ

ਮੁਖ ਭੋਗ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਜੋਗ ਨਾਮ ਦਵਾਇਆ । ਅੰਮ੍ਰਿਤ ਆਤਮ ਆਪ ਚੁਆਏ । ਸੋਹੰ ਸਾਚਾ ਜਾਮ ਪਿਲਾਏ । ਸੁੱਕਾ ਤਾਮ ਹਰਾ ਕਰਾਏ । ਰਮਈਆ ਰਾਮ ਦਇਆ ਕਮਾਏ । ਘਨਈਆ ਸ਼ਾਮ ਜੋਤ ਪਰਗਟਾਏ । ਨਾਮ ਨਿਧਾਨ ਝੋਲੀ ਪਾਏ । ਗੁਣ ਨਿਧਾਨ ਜਨ ਭਗਤਾਂ ਪਾਰ ਕਰਾਏ । ਸਾਧ ਸੰਗਤ ਸਾਚਾ ਦਰ ਦਵਾਰ ਖੁਲ੍ਹਾਏ । ਆਪ ਚੜ੍ਹਾਏ ਸਾਚੀ ਰੰਗਤ, ਦੁਖ ਦਰਦ ਸਰਬ ਮਿਟਾਏ । ਦੂਸਰ ਦਰ ਨਾ ਕੋਈ ਮੰਗਤ, ਦੇਵਣਹਾਰ ਇਕ ਰਘੁਰਾਏ । ਜੋ ਰਲ ਜਾਇਣ ਸਾਚੀ ਸੰਗਤ, ਅਗਿਆਨ ਅੰਧੇਰ ਪ੍ਰਭ ਦੇ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਆਤਮ ਦੀਪ ਜਗਾਏ । ਆਤਮ ਦੀਪ ਜਗੇ ਏਕ । ਜੋ ਜਨ ਰੱਖੇ ਚਰਨ ਟੇਕ । ਆਪ ਕਰਾਏ ਬੁੱਧ ਬਿਬੇਕ । ਕਲਜੁਗ ਮਾਇਆ ਨਾ ਲਾਗੇ ਤਨ ਸੇਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗੋ ਜੁਗ ਏਕਾ ਏਕ । ਇਕ ਓਅੰਕਾਰ ਜੋਤ ਸਰੂਪੀ, ਸਤਿ ਵਰਤਾਰ ਸਤਿ ਸਰੂਪੀ, ਸ੍ਰਿਸ਼ਟ ਸਬਾਈ ਹੋਏ ਅੰਧ ਕੂਪੀ, ਨਾ ਕੋਈ ਜਾਣੇ ਸ਼ਾਹ ਵਡ ਭੂਪੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਬੂਝ ਬੁਝਾਏ, ਆਤਮ ਦੁਖ ਸਰਬ ਮਿਟਾਏ, ਤ੍ਰਿਸਨਾ ਭੁੱਖਾ ਦੇ ਮਿਟਾਏ, ਮਾਤ ਕੁੱਖਾ ਸੁਫਲ ਕਰਾਏ, ਏਕਾ ਦਿਸੇ ਸਤਿ ਸਰੂਪੀ । ਸਤਿ ਸਰੂਪੀ ਸਤਿ ਵਰਤੰਤ । ਏਕਾ ਜੋਤ ਸਚ ਭਗਵੰਤ । ਵੇਖੇ ਖੇਲ ਹਰਿ ਜੁਗਾ ਜੁਗੰਤ । ਹੋਏ ਮੇਲ ਦਰ ਸਾਚੇ ਘਰ ਸਾਚੇ ਹਰਿ ਜਾਏ ਭਗਵੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਮਿਲਾਏ ਜਨ ਸਾਚੇ ਸੰਤ । ਸੰਤ ਜਨਾਂ ਹਰਿ ਧੁਨ ਉਪਜਾਈ । ਗੁਣ ਅਵਗੁਣ ਨਾ ਕਿਸੇ ਜਣਾਈ । ਸਰਬ ਗੁਣ ਆਪ ਹੋ ਜਾਈ । ਨਿਰਗੁਣ ਸਰਗੁਣ ਆਪ ਰਘੁਰਾਈ । ਵਰਤੇ ਖੇਲ ਸਰਬ ਥਾਈਂ । ਗੁਰਮੁਖ ਸਾਚੇ ਵਿਚ ਗੋਦ ਬਿਠਾਏ ਪਕੜ ਬਾਹੀਂ । ਆਪ ਆਪਣੇ ਅੰਗ ਲਗਾਏ ਜਿਉਂ ਬਾਲਕ ਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਲੇਵੇ ਜਿਸ ਜਨ ਦੇਵੇ, ਮਹਿੰਮਾ ਗਣੀ ਨਾ ਜਾਈ । ਮਹਿੰਮਾ ਅਗਣਤ ਨਾ ਕੋਈ ਜਾਣੇ । ਵੇਦ ਕਤੇਬ ਨਾ ਕੋਈ ਪਛਾਣੇ । ਆਪ ਅਭੇਦ ਗੁਣ ਨਿਧਾਨੇ । ਅਛਲ ਅਛੇਦ ਸਰਬ ਭੁਲਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣੇ । ਦੇਖ ਦੇਖ ਵੇਖ ਵੇਖ ਭੇਖ ਭੇਖ, ਕਲਜੁਗ ਜੀਵ ਨਾ ਭੁੱਲ । ਵੇਖ ਵੇਖ ਦੇਖ ਦੇਖ ਭੇਖ ਭੇਖ ਝੂਠੀ ਮਾਇਆ ਵਿਚ ਨਾ ਰੁਲ । ਵੇਖ ਵੇਖ ਭੇਖ ਭੇਖ ਦੇਖ ਦੇਖ, ਨਾ ਲਗਾ ਕਲੰਕ ਕੁੱਲ । ਵੇਖ ਵੇਖ ਭੇਖ ਭੇਖ ਦੇਖ ਦੇਖ, ਮਾਨਸ ਜਨਮ ਗਵਾ ਨਾ ਅਨਮੁਲ । ਵੇਖ ਵੇਖ ਦੇਖ ਦੇਖ ਭੇਖ ਭੇਖ ਝੂਠਾ ਕਲਜੁਗ ਜੀਵ ਨਾ ਤੁਲ । ਵੇਖ ਵੇਖ ਭੇਖ ਭੇਖ ਦੇਖ ਦੇਖ, ਮਾਨਸ ਜਨਮ ਗਵਾਇਆ ਕਵਲ ਫੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਪੰਚਮ ਜੇਠ ਸਚ ਭੰਡਾਰਾ ਜਾਏ ਖੁਲ੍ਹ । ਵੇਖ ਵੇਖ ਭੇਖ ਭੇਖ, ਮਸਤਕ ਮਿਟੇ ਰੇਖ । ਚਰਨ ਲਾਗ ਜਾਗਣ ਭਾਗ, ਹੋਏ ਬੁਧ ਬਿਬੇਕ । ਆਤਮ ਤ੍ਰਿਸਨਾ ਬੁਝਾ ਆਗ, ਝੂਠਾ ਕਾਇਆ ਜਗਤ ਭੇਖ । ਪ੍ਰਭ ਸਾਚਾ ਜਨ ਚਰਨੀ ਲਾਗ, ਸੋਹੰ ਸ਼ਬਦ ਲਗਾ ਆਤਮ ਮੇਖ । ਆਤਮ ਧੋ ਪਾਪਾਂ ਦਾਗ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਰਸ ਦਰ ਨੇਤਰ ਪੇਖ । ਨੇਤਰ ਪੇਖਣਾ ਹਰਿ ਹਰਿ ਹਰਿ ਜੀਓ । ਸਾਚਾ ਨਾਮ ਨਿਧਾਨ ਦਰ ਘਰ ਸਾਚੇ ਪੀਓ । ਗੁਰਮੁਖ ਸਾਚੇ ਸੰਤ ਜਨੋ, ਨਿਰਮਲ ਕਰਾਓ ਜੀਓ । ਮਦਿਰਾ ਮਾਸ ਤਜਾਓ ਮਨ ਤਨੋਂ, ਆਤਮ ਜੋਤ ਜਗਾਓ ਦੀਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਦਾਨ, ਆਤਮ ਮਾਰੇ ਬ੍ਰਹਮ ਬਾਣ, ਕਲਜੁਗ ਘਾਟਾ ਤਨ ਆਤਮ

ਪਾਟਾ ਸੋਹੰ ਧਾਗਾ ਲੈ ਰਸਨਾ ਸੀਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਲਿਖਾਏ, ਵਾਕ ਭਵਿਖਤ ਆਪ ਵਰਤਾਏ, ਨਾ ਕੋਈ ਮੇਟੇ ਮੇਟ ਮਿਟਾਏ, ਆਪਣੀ ਆਪ ਸਤਿਜੁਗ ਰਖਾਏ ਨੀਓ । ਸਤਿਜੁਗ ਸਾਚਾ ਸਚ ਉਪਜਾਇਆ । ਪਹਿਲੀ ਮਾਘ ਜਨਮ ਦਵਾਇਆ । ਏਕਾ ਸੋਹੰ ਸਾਚਾ ਰਾਗ ਝੋਲੀ ਪਾਇਆ । ਪ੍ਰਭ ਅਬਿਨਾਸ਼ੀ ਹੱਥ ਆਪਣੇ ਪਕੜੀ ਵਾਗ, ਚਾਰ ਕੁੰਟ ਆਪ ਦੁੜਾਇਆ । ਗੁਰਮੁਖਾਂ ਧੋਏ ਆਤਮ ਦਾਗ਼, ਪਵਣ ਸਰੂਪੀ ਵਿਚ ਸਵਾਸ ਚਲਾਇਆ । ਆਪ ਬਣਾਏ ਹੰਸ ਕਾਗ, ਸਾਚੀ ਧੁਨ ਉਪਜਾਇਆ । ਜੋ ਜਨ ਗਏ ਚਰਨ ਲਾਗ, ਪ੍ਰਭ ਸਾਚਾ ਹੋਏ ਸਹਾਇਆ । ਕਲਜੁਗ ਪਾਪੀ ਨਾ ਡੱਸੇ ਨਾਗ, ਸੋਹੰ ਮਣਕਾ ਪ੍ਰਭ ਆਪ ਛੁਹਾਇਆ । ਗੁਰਮੁਖ ਸਾਚੇ ਗਏ ਜਾਗ, ਦਰ ਘਰ ਆਏ ਦਰਸ਼ਨ ਪਾਇਆ । ਆਤਮ ਤ੍ਰਿਸਨਾ ਬੁਝੀ ਆਗ, ਭਾਂਡਾ ਭਰਮ ਭਉ ਭੰਨਾਇਆ । ਸਾਧ ਸੰਗਤ ਮਨ ਵੱਜੇ ਵਧਾਈ, ਜਿਉਂ ਮਿਲੇ ਬਿਦਰ ਵਡਿਆਈ, ਦਰ ਘਰ ਆਏ ਸਾਗ ਅਲੂਣਾ ਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ, ਭਰਮ ਚੁਕਾਈ, ਦਰ ਆਇਆ ਮਾਣ ਦਵਾਈ, ਦੁਖੀਆਂ ਦੁਖ ਮਿਟਾਈ ਸੋਹੰ ਨਾਮ ਜਪਾਇਆ । ਆਏ ਜਨ ਦਰ ਸਚ ਮੰਗਣ । ਆਪ ਪਹਿਨਾਏ ਹੱਥ ਸੋਹੰ ਕੰਗਣ । ਆਪਾ ਸਾਚਾ ਨਾਮ ਜਪਾਏ, ਇਕ ਚੜ੍ਹਾਏ ਰੰਗਣ । ਅੰਗ ਸੰਗ ਸੰਗ ਅੰਗ ਪ੍ਰਭ ਸਦ ਸਮਾਏ, ਆਪੇ ਰੱਖੇ ਆਪਣੇ ਅੰਗਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਦਰ ਸਾਚਾ ਮੰਗਣ । ਏਕਾ ਮੰਗਿਆ ਸਾਚਾ ਦਰ । ਜਿਥੇ ਵਸਿਆ ਸਾਚਾ ਹਰਿ । ਭੰਡਾਰੇ ਖਾਲੀ ਜਾਏ ਭਰ । ਪ੍ਰਭ ਅਬਿਨਾਸ਼ੀ ਦੇਵੇ ਸਾਚਾ ਵਰ । ਚਰਨ ਲਾਗ ਗੁਰਮੁਖ ਸਾਚੇ ਵਿਚ ਮਾਤ ਕਲਜੁਗ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਅਵਤਾਰ ਨਰ । ਪਤਤ ਪਾਪੀ ਪਾਰ ਉਤਾਰਦਾ । ਜੋ ਜਨ ਚਰਨ ਆਏ ਨਿਮਸਕਾਰਦਾ । ਸਾਚਾ ਰੰਗ ਸੱਚੇ ਕਰਤਾਰ ਦਾ । ਗੁਣ ਅਵਗੁਣ ਨਾ ਕਿਸੇ ਵਿਚਾਰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਸਾਚੇ ਤਾਰਦਾ । ਪਤਤ ਪਾਪੀ ਪਾਰ ਉਤਾਰਨਾ । ਆਪ ਕਰਾਏ ਆਪਣੇ ਕਾਰਨਾ । ਸਰਬ ਜੀਆਂ ਜਾਣੇ ਸਾਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾਦਿ ਆਦਿ ਸਦ ਸਦਾ ਸਦ ਤਾਰਨਾ । ਪਤਤ ਪਾਪੀਆਂ ਉਤਰੇ ਰੋਗ । ਆਪ ਗਵਾਏ ਝੂਠਾ ਭੋਗ । ਆਪ ਮਿਟਾਏ ਚਿੰਤਾ ਸੋਗ । ਆਪ ਦਿਸਾਏ ਦਰਸ ਅਮੋਘ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚੁਗਾਵੇ ਰਸਨਾ ਆਤਮ ਚੋਗ । ਪਤਤ ਪਾਪੀਆਂ ਦੇਵੇ ਮਤਿ । ਸਚ ਸ਼ਬਦ ਆਤਮ ਧੀਰਜ ਦੇਵੇ ਸਾਚਾ ਸਤਿ । ਆਪੇ ਰੱਖੇ ਦਰ ਆਇਆ ਪਤਿ । ਸਾਚਾ ਬੀਜ ਬਿਜਾਏ, ਆਤਮ ਸਾਚੇ ਵੱਤ । ਰਸਨਾ ਚਰਖਾ ਆਪ ਚਲਾਏ, ਸੋਹੰ ਸੂਤਰ ਦੇਵੇ ਕੱਤ । ਝੂਠੀ ਕਾਇਆ ਸਚ ਜੋਤ ਜਗਾਏ, ਸੋਹੰ ਸ਼ਬਦ ਬੁਝਾਏ ਸਾਚਾ ਤਤ । ਏਕਾ ਏਕ ਡਗਮਗਾਏ, ਏਕ ਦਿਸਾਏ ਚਰਨ ਨੱਤ । ਜੋ ਜਨ ਸਾਚਾ ਚਰਨ ਲਗ ਜਾਏ, ਪ੍ਰਭ ਸਾਚਾ ਦੇਵੇ ਸਾਚੀ ਮਤਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਆਪ ਸਮਝਾਵੇ, ਦਰ ਆਇਆ ਦੇਵੇ ਸਾਚੀ ਮਤਿ । ਸਾਚੀ ਮਤਿ ਸਾਚੀ ਸੀਖਿਆ । ਪ੍ਰਭ ਅਬਿਨਾਸ਼ੀ ਸਚ ਘਰ ਪਰੀਖਿਆ । ਜੋ ਜਨ ਮੰਗਣ ਆਏ ਘਰ, ਸਾਚਾ ਪ੍ਰਭ ਦੇਵੇ ਸਾਚੀ ਭੀਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਲੇਖਾ ਸਾਚਾ ਲੀਖਿਆ । ਲਿਖਿਆ ਲੇਖ ਸਚ ਦਰਬਾਰੇ । ਨਿਹਕਲੰਕ ਨਰ ਅਵਤਾਰੇ । ਵੱਜੇ ਡੰਕ ਗੁਰ ਸੰਗਤ ਤੇਰੇ ਦਰ ਦਵਾਰੇ । ਇਕ ਇਕ ਇਕ ਦਿਸਾਏ ਅੰਕ, ਏਕਾ ਸ਼ਬਦ ਸੱਚੀ ਧੁਨਕਾਰੇ । ਆਪ ਮਿਟਾਏ ਆਤਮ ਸ਼ੰਕ, ਜੋ ਜਨ

ਆਏ ਖੜੇ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਸਰਬ ਨਿਵਾਰੇ । ਭਰਮ ਭੁਲੇਖਾ ਆਪ ਕੱਢੇ । ਅਗਿਆਨ ਅੰਧੇਰਾ ਸ਼ਬਦ ਖੰਡਾ ਆਪੇ ਵੱਢੇ । ਜੋਤ ਜਗਾਏ ਦੇਹ ਅੰਧੇਰੀ ਖੱਡੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੋਲੀ ਦੇਵੇ ਭਰ, ਜੋ ਜਨ ਦਰ ਮੰਗੇ ਦੋਵੇਂ ਹੱਥ ਅੱਗੇ ਕੱਢੇ । ਮੰਗੇ ਦਰ ਹੋਏ ਨਿਮਾਣਾ । ਦੇਵੇ ਵਰ ਆਪ ਭਗਵਾਨਾ । ਸਚ ਤਖ਼ਤ ਸਚ ਸੁਲਤਾਨਾ । ਜੀਵ ਜੰਤ ਦੇ ਵਿਚ ਸਮਾਣਾ । ਨਾਥ ਤ੍ਰੈਲੋਕੀ ਵਿਸ਼ਨੂੰ ਭਗਵਾਨਾ । ਕਲਜੁਗ ਜੀਵ ਨਾ ਭੁਲ ਨਿਧਾਨਾ । ਸ੍ਰਿਸ਼ਟ ਸਬਾਈ ਸੁੰਞ ਮਸਾਨਾ । ਏਕਾ ਆਪ ਰਘੁਰਾਈ, ਜਿਸ ਸਾਚਾ ਖੇਲ ਰਚਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਚਰਨ ਸੇਵਾ ਏਕਾ ਸਚ ਟਿਕਾਨਾ । ਸਚ ਟਿਕਾਨਾ ਦਰ ਦਰਗਹਿ । ਏਕਾ ਬੈਠਾ ਬੇਪਰਵਾਹ । ਬੇਮੁਖਾਂ ਕਲ ਦੀਸੇ ਨਾਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਕ ਬਹਾਏ ਸਾਚੇ ਥਾਂ । ਰਾਜ ਜੋਗ ਭਗਤ ਦਾਨ । ਸਚ ਭੋਗ ਚਰਨ ਧੂੜ ਇਸ਼ਨਾਨ । ਮਿਟੇ ਰੋਗ ਆਤਮ ਉਪਜੇ ਬ੍ਰਹਮ ਗਿਆਨ । ਜਗੇ ਜੋਤ ਆਤਮ ਕੋਟਨ ਭਾਨਨ ਭਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਿਰਪਾ ਕਰੇ ਆਪ ਭਗਵਾਨ । ਆਤਮ ਜੋਤ ਹੋਏ ਉਜਿਆਰੀ । ਕਾਇਆ ਕੰਦਰ ਦੇਹ ਅੰਧਿਆਰੀ । ਇਕ ਅਕਗਰੀ ਜੋਤ ਨਿਰੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਸ਼ਬਦ ਅਧਾਰੀ । ਸਚ ਸ਼ਬਦ ਜਗਤ ਅਨਮੁਲ । ਏਕਾ ਏਕ ਆਪ ਅਤੁਲ । ਸ੍ਰਿਸ਼ਟ ਸਬਾਈ ਰਹੀ ਭੁੱਲ । ਆਤਮ ਦੀਆ ਹੋਇਆ ਗੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਦਰ ਆਇਆ ਕੋਈ ਰੁਲ । ਆਤਮ ਦਰ ਹੋਇਆ ਬੰਦ । ਕਲਜੁਗ ਜੀਵ ਅੰਤਮ ਅੰਧ । ਪਾਪਾਂ ਅੰਦਰ ਹੋਈ ਕੰਧ । ਦੁਖੀ ਹੋਇਆ ਬੰਦ ਬੰਦ । ਕਲਜੁਗ ਨਾਤਾ ਟੁੱਟ ਗਿਆ ਤੰਦ । ਮਾਇਆ ਫਾਹੀ ਲਿਆ ਫੰਦ । ਧਰਮ ਰਾਏ ਅੰਤਕਾਲ ਭੰਨੇ ਦੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਮਾਰੇ ਪਾਪਾਂ ਜੰਦ । ਆਤਮ ਜਿੰਦਾ ਗਿਆ ਵੱਜ । ਕੌਣ ਦੇਵੇ ਪੜਦੇ ਕੱਜ । ਮਦਿਰਾ ਮਾਸ ਖਾ ਪੀ ਲੈ ਰੱਜ । ਝੂਠੇ ਭਾਂਡੇ ਅੰਤ ਜਾਣਾ ਭੱਜ । ਪ੍ਰਭ ਅਬਿਨਾਸ਼ੀ ਦੇ ਮਤਿ ਸਮਝਾਏ, ਨਾ ਤੈਨੂੰ ਆਵੇ ਲੱਜ । ਧਰਮ ਰਾਏ ਦੇ ਸਜਾਏ ਸਿਰ ਬੰਨ੍ਹਾਏ ਛੱਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਲਿਖਾਏ, ਨਾ ਕੋਇ ਮਿਟਾਏ, ਜੀਵ ਨਾ ਵੇਖ ਕਲ ਤੇ ਅੱਜ । ਕਲ ਅੱਜ ਵੇਖ ਵਿਚਾਰ । ਫਿਰ ਨਾ ਆਵੇ ਦੂਜੀ ਵਾਰ । ਲੱਖ ਚੁਰਾਸੀ ਹੋਏ ਖੁਆਰ । ਮਰੇ ਜਨਮੇ ਆਵੇ ਵਾਰੋ ਵਾਰ । ਨਿਤ ਉਠਾਵੇ ਦੁੱਖ, ਨਾ ਪ੍ਰਭ ਪਾਵੇ ਤੇਰੀ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸਚ ਨਾਮ ਅਧਾਰ । ਸਚ ਘਰ ਇਕ ਦਾਤਾਰਾ । ਸਚ ਘਰ ਇਕ ਪਸਾਰਾ । ਸਚ ਘਰ ਇਕ ਵਰਤਾਰਾ । ਸਚ ਘਰ ਏਕਾ ਏਕ ਵਸੇ ਜੋਤ ਸਰੂਪ ਰੰਗ ਅਨੂਪ ਵਡ ਵਡ ਭੂਪ ਪ੍ਰਭ ਨਿਰੰਕਾਰਾ । ਸਚ ਘਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਚ ਦਵਾਰਾ । ਸਚ ਘਰ ਬੈਕੁੰਠ ਨਿਵਾਸੀ । ਸਚ ਘਰ ਜੋਤ ਪਰਕਾਸ਼ੀ । ਸਚ ਘਰ ਸਰਬ ਘਟਾ ਘਟ ਹੋਏ ਵਾਸੀ । ਸਚ ਘਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤ ਜੋਤ ਪਰਗਟਾਏ, ਭਾਗ ਲਗਾਏ ਘਨਕਪੁਰ ਵਾਸੀ । ਸਚ ਘਰ ਸਚ ਅਸਥਾਨਾ । ਸਚ ਘਰ ਜੋਤ ਮਹਾਨਾ । ਸਚ ਘਰ ਏਕਾ ਏਕ ਵਸੇ ਭਗਵਾਨਾ । ਸਚ ਘਰ ਕੋਟਨ ਕੋਟ ਜਗੇ ਜੋਤ ਭਾਨਨ ਭਾਨਾ । ਸਚ ਘਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਸਚ ਘਰ ਸਾਚੀ ਧਾਰਾ । ਸਚ ਘਰ ਸਚ ਗੁੰਜਾਰਾ । ਸਚ ਘਰ ਅੰਮ੍ਰਿਤ ਸਚ ਫੁਹਾਰਾ । ਸਚ ਘਰ ਸਚ ਵਰ ਦੇਵੇ ਆਪ ਕਰਤਾਰਾ । ਸਚ ਘਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਵਰਤਾਵੇ

ਸਚ ਭੰਡਾਰਾ । ਸਚ ਘਰ ਸਚ ਭੰਡਾਰੀ । ਸਚ ਘਰ ਸਚ ਸੰਸਾਰੀ । ਸਚ ਘਰ ਸਚ ਸਿਕਦਾਰੀ । ਸਚ ਘਰ ਸਚ ਸਰਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਦੇਵੇ ਜੋਤ ਅਧਾਰੀ । ਸਚ ਸ਼ਬਦ ਜੋਤ ਅਧਾਰ । ਸਚ ਸ਼ਬਦ ਰੰਗ ਅਪਾਰ । ਸਚ ਸ਼ਬਦ ਇਕ ਧੁਨਕਾਰ । ਸਚ ਸ਼ਬਦ ਸੁੰਨ ਖੁਲ੍ਹਾਰ । ਸਚ ਸ਼ਬਦ ਸੁੰਨ ਮੁੰਨ ਦੇਵੇ ਆਪ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਮਿਲੇ ਸਚ ਭਤਾਰ । ਸਚ ਸ਼ਬਦ ਵਿਚ ਨਵ ਖੰਡ । ਸਚ ਸ਼ਬਦ ਪ੍ਰਭ ਚਰਨ ਆਪ ਵਖਾਵੇ ਸਰਬ ਵਰਭੰਡ । ਸਚ ਸ਼ਬਦ ਗੁਰਚਰਨ ਪ੍ਰੀਤੀ ਪ੍ਰਭ ਆਪ ਰਖਾਏ ਵਿਚ ਬ੍ਰਹਿਮੰਡ । ਸਚ ਸ਼ਬਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਦਰ ਗੁਰਸਿਖ ਤੇਰੀ ਆਤਮ ਹੋਏ ਨਾ ਰੰਡ । ਗੁਰਸਿਖ ਆਤਮ ਸਦਾ ਸੁਹਾਗਣ । ਗੁਰਮੁਖ ਸਾਚੇ ਪ੍ਰਭ ਚਰਨ ਲਾਗ ਸਦ ਜਾਗਣ । ਗੁਰਸਿਖ ਸਾਚੇ ਵਿਚ ਮਾਤ ਵਡ ਵਡ ਭਾਗਣ । ਪ੍ਰਭ ਆਪ ਉਪਾਏ ਸਾਚਾ ਰਾਗਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਤੇਰੇ ਚਰਨ ਲਾਗਣ । ਚਰਨ ਲਾਗੇ ਕਲਜੁਗ ਸੋਏ ਜਾਗੇ । ਜੋਤ ਪਰਗਟਾਏ ਵੱਜੀ ਵਧਾਈ ਸਤਿਜੁਗ ਸਾਚੇ ਨੀਂਹ ਰਖਾਈ, ਪਹਿਲੀ ਮਾਘੇ । ਦੇਵੇ ਵਡਿਆਈ ਆਪਣੇ ਘਰ, ਹੰਸ ਬਣਾਏ ਕਾਗੋਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚਾ ਦਰ ਸਾਚੇ ਲਾਗੋ । ਦਰ ਘਰ ਸਾਚਾ ਆਪੇ ਪਾਵਣਾ । ਭਾਂਡਾ ਕਾਚਾ ਵਿਚ ਦੀਪਕ ਜੋਤੀ ਜੋਤ ਜਗਾਵਣਾ । ਸੋਹੰ ਸ਼ਬਦ ਜਨ ਹਿਰਦੇ ਵਾਚਾ, ਭਗਤ ਭਗਵਾਨ ਹਰਿ ਮੇਲ ਮਿਲਾਵਣਾ । ਬੇਮੁਖ ਦਰ ਤੇ ਆਏ ਨਾਚਾ, ਖਾਲੀ ਹੱਥ ਘਰ ਮੁੜ ਜਾਵਣਾ । ਗੁਰਮੁਖ ਸਾਚੇ ਪੱਲੇ ਸਾਚੇ ਸਾਚਾ, ਪਵੇ ਸਾਚਾ ਨਾਮ ਬੰਧਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਅੰਤਮ ਅੰਤ ਮੁਕਾਵਣਾ । ਸਚ ਨਾਮ ਪੱਲੇ ਬੰਨ੍ਹ । ਆਪ ਮਿਟਾਏ ਆਤਮ ਜਨ । ਪ੍ਰਭ ਅਬਿਨਾਸ਼ੀ ਬੇੜਾ ਅੰਤਮ ਉਠਾਏ ਆਪਣੇ ਕੰਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇ ਵਡਿਆਈ, ਰਸਨਾ ਕਹੇ ਧੰਨ ਧੰਨ ਧੰਨ । ਗੁਰਸਿਖ ਤੇਰੀ ਵਡਿਆਈ । ਗੁਰ ਚਰਨ ਸੇਵ ਕਮਾਈ । ਆਪ ਆਪਣਾ ਸਿਰ ਹੱਥ ਟਿਕਾਈ । ਸਰਬ ਕਲਾ ਸਮਰਥ, ਮਾਤ ਪਤਾਲ ਅਕਾਸ਼ ਤੇਰਾ ਹੋਏ ਸਹਾਈ । ਬੇਮੁਖਾਂ ਪਾਏ ਨੱਥ, ਦਰ ਦਰ ਵਿਚ ਮਾਤ ਭਵਾਈ । ਸ੍ਰਿਸ਼ਟ ਸਬਾਈ ਹੋਏ ਸੱਥ, ਭੈਣਾਂ ਛੱਡਣ ਭਾਈ । ਕਲਜੁਗ ਝੂਠੀ ਲੱਠ ਪ੍ਰਭ ਭੰਨਾਈ । ਪ੍ਰਭ ਦੀ ਮਹਿੰਮਾ ਬੜੀ ਅਕਥ, ਨਾ ਕੋਈ ਜਾਣੇ ਨਾ ਕਿਸੇ ਜਣਾਈ । ਗੁਰਮੁਖ ਸਾਚੇ ਤੇਰਾ ਆਪ ਚਲਾਏ ਰਥ, ਹੋਏ ਆਪ ਰਥਵਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਤੇਰੀ ਗੁਰਸਿਖ ਬਣਤ ਬਣਾਈ । ਗੁਰਮੁਖਾਂ ਹਰਿ ਹਰਿ ਹਰਿ ਰਖਵਾਲਾ । ਆਦਿ ਜੁਗਾਦਿ ਸਦਾ ਪ੍ਰਿਤਪਾਲਾ । ਬੋਧ ਅਗਾਧ ਅਗਾਧ ਬੋਧ ਸ਼ਬਦ ਚਲਾਏ ਮਾਤ ਸੁਖਾਲਾ । ਗੁਰਮੁਖਾਂ ਆਤਮ ਜਾਏ ਸੋਧ, ਸੋਹੰ ਸ਼ਬਦ ਗਲ ਬੰਨ੍ਹਾਵੇ ਸਾਚੀ ਮਾਲਾ । ਜੋਤ ਸਰੂਪੀ ਵਡ ਜੋਧਨ ਜੋਧ, ਆਪ ਖਪਾਏ ਸਭ ਦੁਸ਼ਟ ਚੰਡਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੇ ਗਲੋਂ ਕੱਟੇ ਜਗਤ ਜੰਜਾਲਾ । ਜਗਤ ਜੰਜਾਲ ਆਪ ਕਟਾਏ । ਹੋਏ ਕੰਗਾਲ ਜੋ ਦਰ ਤੇ ਆਏ । ਸਚ ਧਨ ਮਾਲ ਸੋਹੰ ਪ੍ਰਭ ਝੋਲੀ ਪਾਏ । ਗੁਰਮੁਖ ਸਾਚੇ ਸਾਚੀ ਵਸਤ ਸੰਭਾਲ, ਪ੍ਰਭ ਤੇਰੀ ਆਤਮ ਵਿਚ ਟਿਕਾਏ । ਫਿਰ ਹੱਥ ਨਾ ਆਵੇ ਅੱਜ ਜੋ ਦਿਤਾ ਅਨਮੁਲੜਾ ਲਾਲ, ਗੁਰਮੁਖ ਸਾਚਾ ਭੁਲ ਨਾ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਗੁਰਮੁਖਾਂ ਸੁਤਿਆਂ ਦਰਸ ਦਿਖਾਏ । ਗੁਰਸਿਖ ਸੋਏ ਹਰਿ ਸਾਚਾ ਜਾਗੇ । ਸ਼ਬਦ ਲਿਖਾਇਆ ਹਰਿ ਪਹਿਲੀ ਮਾਘੇ । ਸ਼ਬਦ ਉਪਜਾਏ ਅਨਹਦ ਅਨਾਹਦ ਵਾਜੇ । ਮਹਾਰਾਜ



੩੯੭
੦੨

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਭਾਗ ਲਗਾਏ, ਆਤਮ ਜੋਤ ਜਗਾਏ, ਤੇਰੀ ਕਾਇਆ ਧੋਵੇ ਦਾਗੇ । ਝੂਠੀ ਕਾਇਆ ਮਹਿਲ ਮੁਨਾਰ । ਕਲਜੁਗ ਜੀਵ ਨਾ ਭੁਲ ਗਵਾਰ । ਏਕਾ ਹਰਿ ਸੱਚਾ ਕਰਤਾਰ । ਏਕਾ ਦਰ ਭਰੇ ਭੰਡਾਰ । ਦੇਵੇ ਵਰ ਹਰਿ ਦੇਵਣਹਾਰ । ਜਾਓ ਤਰ ਕਰ ਚਰਨ ਨਿਮਸਕਾਰ । ਆਤਮ ਖੁਲ੍ਹੇ ਦਰ ਅੰਮ੍ਰਿਤ ਸਰ ਝਿਰਨਾ ਝਿਰੇ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਜਾਏ ਤਾਰ । ਅੰਮ੍ਰਿਤ ਝਿਰਨਾ ਆਪ ਝਿਰਾਏ । ਕਿਰਨਾ ਕਿਰਨਾ ਮੇਘ ਬਰਸਾਏ । ਬਰਸੇ ਮੇਘ ਕਵਲ ਮੁਖ ਚੁਆਏ । ਮੁਖ ਕਵਲ ਆਪ ਉਲਟਾਏ । ਉਲਟੇ ਕਵਲ ਹੋਏ ਰੁਸ਼ਨਾਏ । ਆਤਮ ਬਵਲ ਨਾ ਸੁਧ ਰਹਾਏ । ਜੋਤ ਸਰੂਪੀ ਦਿਸੇ ਸਵਲ, ਸਦ ਡਗਮਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਤੇਰੇ ਆਤਮ ਆਤਮ ਦਰ ਦਵਾਰ ਖੁਲ੍ਹਾਏ । ਆਤਮ ਦਰ ਸਚ ਦਰਵਾਜਾ । ਜਿਥੇ ਵਸੇ ਗਰੀਬ ਨਿਵਾਜਾ । ਜਿਸ ਤੇਰਾ ਸਾਜਨ ਸਾਜਾ । ਏਕਾ ਸ਼ਬਦ ਸਦ ਸਦ ਸਦ ਅਵਾਜ਼ਾ । ਆਪੇ ਰੱਖੇ ਤੇਰੀਆਂ ਲਾਜਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਵਾਰੇ ਕਾਜਾ । ਸਤਿਗੁਰ ਸਾਚਾ ਸ਼ਬਦ ਢੰਡੋਰਾ । ਜੋਤ ਜਗਾਏ ਵਿਚ ਅੰਧ ਘੋਰਾ । ਆਪ ਮਿਟਾਏ ਤੋਰਾ ਮੋਰਾ । ਆਪਣੇ ਹੱਥ ਪਕੜੇ ਡੋਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੰਪੂਰਨ ਕਲਾ ਸੋਲਾਂ । ਸਤਿਗੁਰ ਸਾਚਾ ਸਚ ਸੰਦੇਸ਼ । ਜੋਤ ਸਰੂਪੀ ਕੀਆ ਵੇਸ । ਲੋਕਮਾਤ ਵਟਾਇਆ ਭੇਸ । ਭਾਗ ਲਗਾਇਆ ਮਾਝਾ ਦੇਸ । ਭੇਵ ਕਿਸੇ ਨਾ ਪਾਇਆ, ਆਪ ਭੁਲਾਇਆ ਵਡ ਵਡ ਨਰੇਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਸਾਚੇ ਕੋ ਸਦਾ ਅਦੇਸ । ਮਾਝੇ ਦੇਸ ਜੋਤ ਜਗਾਈ । ਪੁਰੀ ਘਨਕ ਹੋਏ ਰੁਸ਼ਨਾਈ । ਸਚਖੰਡ ਸਚ ਧਾਮ ਸਤਿਜੁਗ ਬਣ ਜਾਈ । ਵਿਚ ਵਰਭੰਡ ਦੇਵੇ ਆਪ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੇਖ ਲਿਖਤ ਰਿਹਾ ਲਿਖਾਈ । ਪੁਰੀ ਘਨਕ ਜੋਤ ਜਗਾਏ । ਸ੍ਰਿਸ਼ਟ ਸਬਾਈ ਕਰੇ ਰੁਸ਼ਨਾਏ । ਕਲਜੁਗ ਅੰਤਮ ਅੰਤ ਹੋ ਜਾਏ । ਸਾਧ ਸੰਤ ਸਭ ਸੁੰਨ ਖੁਲ੍ਹਾਏ । ਆਤਮ ਮੁਨ ਕਿਸੇ ਰਹਿਣ ਨਾ ਪਾਏ । ਸ਼ਬਦ ਧੁਨ ਆਪ ਉਪਜਾਏ । ਸਚ ਗੁਣ ਆਪ ਜਣਾਏ । ਬੇਮੁਖ ਚੁਣ ਨਸ਼ਟ ਕਰਾਏ । ਹਰਿ ਭਗਤ ਚੁਣ ਹਰਿ ਨਾਮ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਜੋਤ ਪਰਗਟਾਏ । ਪੁਰੀ ਘਨਕ ਜੋਤ ਪਰਗਟਾਈ । ਦੇਵੇ ਸ਼ਬਦ ਇਕ ਰਘੁਰਾਈ । ਪਾਰਬ੍ਰਹਮ ਪੂਰਨ ਜੋਤ ਜਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਥਾਈਂ ਹੋਏ ਸਹਾਈ । ਸਰਬ ਥਾਈਂ ਹੋਏ ਸਹਾਇਆ । ਆਪਣੇ ਭਾਣੇ ਵਿਚ ਸਮਾਇਆ । ਆਵਣ ਜਾਣ ਜਾਣ ਆਵਣ ਖੇਲ ਰਚਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਮੇਲ ਮਿਲਾਇਆ । ਆਪਣਾ ਮੇਲ ਮਿਲਾਏ ਕਲ । ਸ੍ਰਿਸ਼ਟ ਸਬਾਈ ਜਾਏ ਦਲ । ਪ੍ਰਭ ਕਾ ਭਾਣਾ ਨਾ ਜਾਏ ਟਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਏ ਜਲ ਤੇ ਥਲ । ਜਲ ਥਲ ਹੋਏ ਵਹੀਰਾ । ਆਪ ਕਰਾਏ ਨੀਰ ਨੀਰਾ । ਬਾਲਕਾਂ ਹੱਥ ਨਾ ਆਵੇ ਸੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਸ਼ਬਦ ਚਲਾਏ ਤੀਰਾ । ਸ਼ਬਦ ਤੀਰ ਆਪ ਚਲਾਏ । ਜਗਤ ਵਹੀਰ ਆਪ ਕਰਾਏ । ਪੀਰ ਫ਼ਕੀਰ ਸਰਬ ਮਿਟ ਜਾਏ । ਧੀਰਨ ਧੀਰ ਜਗਤ ਧੀਰ ਕਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰ ਫਿਰਾਏ । ਦਰ ਦਰ ਫਿਰਨ ਭਿਖਾਰੀ । ਰਾਜੇ ਰਾਣਿਆਂ ਹੋਏ ਖੁਆਰੀ । ਏਕਾ ਦਿਸੇ ਪਾਸਾ ਹਾਰੀ । ਏਕਾ ਚਲੇ ਸ਼ਬਦ ਕਟਾਰੀ । ਸ੍ਰਿਸ਼ਟ ਸਬਾਈ ਹੋਏ ਦੋ ਫਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ

ਵਿਚ ਜੂਹ ਜੰਗਲ ਪਹਾੜੀ । ਜੋਤ ਲਗਾਏ ਅਗਨ ਵਿਚ ਉਜਾੜਾਂ । ਆਪ ਬਣਾਏ ਧਰਤ ਮਾਤ ਇਕ ਅਖਾੜਾ । ਸ੍ਰਿਸ਼ਟ ਸਬਾਈ ਮੌਤ ਬਣਾਏ ਲਾੜੀ ਲਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਬਾਏ ਆਪਣੀ ਦਾੜ੍ਹਾ । ਆਪ ਚਬਾਏ ਆਪਣੀ ਦਾੜ੍ਹ । ਚਾਰ ਚਫੇਰ ਹੋਏ ਕਾੜ ਕਾੜ । ਏਕਾ ਉਠੇ ਰੂਸਾ ਧਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਸਵਾਏ ਵਿਚ ਝਾੜ । ਉਠੇ ਲਸ਼ਕਰ ਰੂਸਾ ਭਾਰਾ । ਸ੍ਰਿਸ਼ਟ ਸਬਾਈ ਹੋਏ ਖੁਆਰਾ । ਦਰ ਦਰ ਫਿਰਨ ਨਾਰੀ ਨਾਰਾ । ਨਾ ਕੋਈ ਦੇਵੇ ਕਿਸੇ ਸਹਾਰਾ । ਵਾਹੋ ਦਾਹੀ ਚਾਰੇ ਯਾਰਾ । ਅਹਿਮਦ ਮੁਹੰਮਦ ਹੋਏ ਖੁਆਰਾ । ਈਸਾ ਮੂਸਾ ਆਰਾ ਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸਿਰ ਧਰਾਇਆ ਆਰਾ । ਈਸਾ ਮੂਸਾ ਹੋਏ ਖੁਆਰੀ । ਏਕਾ ਦਿਸੇ ਪਾਸਾ ਹਾਰੀ । ਕੁਰਾਨ ਅੰਜੀਲ ਹੋਏ ਦੁਖਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਈ ਨਾ ਪਾਵੇ ਤੇਰੀ ਸਾਰੀ । ਮਾਣ ਗਵਾਏ ਕੁਰਾਨ ਅੰਜੀਲਾ । ਆਪ ਕਰਾਏ ਏਕਾ ਹੀਲਾ । ਅਗਨ ਜੋਤ ਲਗਾਏ ਤੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਹਿਲਾਏ ਪਵਨ ਸਰੂਪੀ ਆਪ ਝੁਲਾਏ ਸ਼ਬਦ ਜਗਤ ਡੁਲਾਏ ਟੀਲਾ । ਕਲਜੁਗ ਮਾਣ ਗਵਾਏ ਵੇਦ ਪੁਰਾਨਾ । ਸੱਤਰ ਲੱਖ ਚੜ੍ਹੇ ਪਠਾਨਾ । ਪ੍ਰਭ ਜੋਤ ਸਰੂਪੀ ਪਹਰਿਆ ਬਾਨਾ । ਭੇਖ ਮਿਟਾਏ ਕ੍ਰਿਸ਼ਨਾ ਕਾਹਨਾ । ਤੀਰ ਚਲਾਏ ਸੋਹੰ ਬਾਨਾ । ਸਾਚੀ ਖੇਲ ਰਚਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਏਕਾ ਲਸ਼ਕਰ ਆਏ ਚੜ੍ਹ । ਸਵਣ ਵਹਿਣ ਜਿਉਂ ਵਹਿਦੇ ਹੜ੍ਹ । ਨਾ ਕੋਈ ਦੀਸੇ ਕਿਲਾ ਗੜ੍ਹ । ਚਾਰ ਕੁੰਟ ਕਰਾਏ ਦੜ ਦੜ ਧੜ ਧੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਮਾਝੇ ਦੇਸ ਖੜ । ਵਿਚ ਦੇਸ ਮਾਝੇ ਖੜ । ਆਪ ਤੁੜਾਏ ਕਿਲੇ ਗੜ੍ਹ । ਬੇਮੁਖ ਜੀਵ ਮਰ ਜਾਇਣ ਲੜ । ਅੱਡ ਅੱਡ ਕਰਾਏ ਸਿਰ ਧੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਖਾੜੇ ਬੇਮੁਖਾਂ ਜੜ੍ਹ । ਮਾਝੇ ਦੇਸ ਭੱਖ ਕਰਾ । ਬੇਮੁਖ ਜੀਵ ਵੱਖ ਕਰਾ । ਕੱਖ ਕੱਖ ਲੱਖ ਲੱਖ ਵਿਚ ਖ਼ਾਕ ਰੁਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰ ਅੰਮ੍ਰਿਤ ਦੇਵੇ ਥੇਹ ਕਰਾ । ਸਰ ਅੰਮ੍ਰਿਤ ਮੇਟ ਮਿਟਾਈ । ਚਾਰ ਕੁੰਟ ਪੈ ਜਾਏ ਦੁਹਾਈ । ਬੇਮੁਖ ਭੱਜਣ ਵਾਹੋ ਦਾਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰੀ ਪੈਜ ਰਖਾਈ । ਸਰ ਅੰਮ੍ਰਿਤ ਤੇਰੀ ਹੋਏ ਖੁਆਰੀ । ਵਾਘੇ ਉਠੇ ਲਸ਼ਕਰ ਭਾਰੀ । ਲਿਖ ਲਿਖਤ ਅਚਲ ਅਪਾਰੀ । ਜੂਠਿਆਂ ਝੂਠਿਆਂ ਹੱਥ ਫੜਾਏ ਪ੍ਰਭ ਕਾਚੇ ਠੂਠਿਆਂ, ਦਰ ਦਰ ਫਿਰਨ ਭਿਖਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਧਕੇਲ ਲਗਾਏ ਆਪ ਕਰਾਏ ਪਾਰ ਬਿਆਸ ਕਿਨਾਰੀ । ਵੇਖੇ ਖੇਲ ਕੋਲ ਬਿਆਸਾ । ਲਾੜੀ ਮੌਤ ਫੜਾਇਆ ਹੱਥ ਕਾਲਾ ਕਾਸਾ । ਜੋਤ ਸਰੂਪੀ ਕੀਆ ਵਾਸਾ । ਬੇਮੁਖਾਂ ਹੋਏ ਚਾਰ ਚਫੇਰ ਨਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਦਾਸਨ ਦਾਸਾ । ਆਸ ਪਾਸ ਵੇਖ ਵਿਆਸ । ਨਾ ਦਿਸੇ ਕਿਸੇ ਵਾਸ । ਹੋਏ ਥੇਹ ਤੇਰਾ ਸਾਚਾ ਘਰ ਗੁਰ ਰਾਮ ਦਾਸ । ਕਲਜੁਗ ਜੀਵਾਂ ਵੇਸਵਾਂ ਘਰ ਬਣਾਇਆ, ਕਰਨ ਸਦ ਸਦ ਸਦ ਹਾਸ । ਦਿਵਸ ਰੈਣ ਤੇਰੇ ਸਰ ਸਰੋਵਰ ਵਿਚ ਵੜਨ, ਖਾਣ ਪੀਣ ਮਦਿਰਾ ਮਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਟ ਮਿਟਾਏ, ਖ਼ਾਕ ਖ਼ਾਕ ਖ਼ਾਕ ਕਰਾਏ ਸਰ ਅੰਮ੍ਰਿਤ ਵਿਚ ਰਹਿਣ ਨਾ ਪਾਏ ਜਿਸ ਖਾਇਆ ਮਦਿਰਾ ਮਾਸ । ਮਦਿਰਾ ਮਾਸੀ ਸਚ ਦਰ ਤੇ ਜਾਏ ਨਾਸੀ । ਜੋਤ ਪਰਗਟਾਈ ਘਨਕਪੁਰ ਵਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਧਕਾਏ ਨਾ ਕੋਈ ਕਰਾਏ

ਬੰਦ ਖਲਾਸੀ । ਸਚ ਘਰ ਅੰਮ੍ਰਿਤ ਸਰ । ਮੂਰਖ ਮੁਗਧ ਅੰਞਾਣ ਆਪਣਾ ਕੀਆ ਲੈਣ ਭਰ । ਪਾਪੀ ਪਾਪ ਕਮਾਵਣ, ਧੀਆਂ ਭੈਣਾਂ ਲੈਣ ਫੜ । ਗੁਰ ਰਾਮਦਾਸ ਤੇਰਾ ਸਾਚਾ ਘਰ, ਇਸ ਘਰ ਵਿਚੋਂ ਆਵੇ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਮਾਰ ਕਰ । ਸ਼ਬਦ ਉਠਾਏ ਖੰਡਾ ਦੋ ਧਾਰੀ । ਵਡ ਗਿਰਧਾਰੀ ਸ੍ਰਿਸ਼ਟ ਸਬਾਈ ਨਾ ਭੁਲੇਖਾ ਰਹੇ ਨਰ ਨਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝੇ ਦੇਸ ਪਾਏ ਖੁਆਰੀ । ਮਾਝਾ ਦੇਸ ਗਿਆ ਭੁੱਲ । ਅੰਮ੍ਰਿਤ ਸਾਚਾ ਗਿਆ ਡੁੱਲ । ਕਿਸੇ ਨਾ ਮਿਲੇ ਅੱਗ ਚੁਲ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਧਰੇ ਜੋ ਚਰਨ ਆਇਣ ਭੁੱਲ । ਅੰਮ੍ਰਿਤ ਬੂੰਦ ਸੁਹਾਵਣੀ । ਗੁਰਮੁਖਾਂ ਜੋਤ ਜਗਾਵਣੀ । ਅਗਿਆਨ ਅੰਧੇਰ ਮਿਟਾਵਣੀ । ਸੁਖ ਸਹਿਜੇ ਸਹਿਜ ਸਮਾਵਣੀ । ਸਾਚਾ ਨਾਥ ਸਚ ਕਰਾਮਾਤ, ਹਰਿ ਸੋਹੰ ਸ਼ਬਦ ਜਪਾਵਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰ ਕਰਾਏ ਭਾਵਨੀ । ਰਸਕ ਰਸਕ ਰਸਕ ਆਤਮ ਰਸ ਪਾਇਆ । ਰਸ ਰਸ ਰਸਨਾ ਪ੍ਰਭ ਸਾਚੇ ਸਚ ਦਵਾਇਆ । ਜਨ ਭਗਤਾਂ ਦਾਸਨ ਦਾਸ ਦਸਨਾ, ਪਰਗਟ ਹੋਏ ਦਰਸ ਦਿਖਾਇਆ । ਮਾਣ ਦਵਾਏ ਵਿਚ ਸਹੰਸਾ, ਸੰਤ ਜਨਾਂ ਦੁਖ ਰੋਗ ਦੇ ਮਿਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚਾ ਮੁਖ ਚੁਆਇਆ । ਅੰਮ੍ਰਿਤ ਸਾਚਾ ਗੁਰਮੁਖ ਪੀ । ਨਿਰਮਲ ਕਰਾਓ ਗੁਰ ਦਰ ਜੀ । ਆਪ ਬਣਾਏ ਪੁੱਤਰ ਧੀ । ਮਾਤ ਰਖਾਏ ਸਾਚੀ ਨੀਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਅੰਮ੍ਰਿਤ ਮੁਖ ਚੁਆਏ ਆਤਮ ਜੋਤ ਜਗਾਏ, ਬੇਮੁਖਾਂ ਲੈ ਜਾਣਾ ਕੀ । ਬੇਮੁਖ ਆਤਮ ਚਲੇ ਵਿਕਾਰ । ਘਰ ਸਾਚੇ ਰਿਹਾ ਝੱਖ ਮਾਰ । ਵੱਖ ਵੱਖ ਕਰੇ ਕਰਤਾਰ । ਹੋਏ ਕੱਖ ਕੱਖ ਵਿਚ ਸੰਸਾਰ । ਲੱਖ ਲੱਖ ਜਨਮ ਪਾਵੇ ਆਵੇ ਜਾਵੇ ਵਾਰੋ ਵਾਰ । ਭੱਖ ਭੱਖ ਭੱਖ ਹੋਏ ਰਸਨ ਆਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਰੇ ਖੁਆਰ । ਅੰਤਮ ਅੰਤ ਹੋਏ ਖੁਆਰਾ । ਦਿਵਸ ਰੈਣ ਰਹੇ ਤਨ ਅਫਾਰਾ । ਕਾਇਆ ਤਨ ਲੱਗਾ ਦੁਖ ਭਾਰਾ । ਵੈਦ ਹਕੀਮ ਨਾ ਕੋਈ ਚਲੇ ਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਮੁਖ ਚੁਆਏ ਆਪ ਫਿਰਾਏ ਸਿਰ ਪਾਪਾਂ ਆਰਾ । ਅੰਮ੍ਰਿਤ ਮੁੱਖ ਚੁਆਇਆ ਸੀਤਲ ਧਾਰ । ਸਾਂਤਕ ਸਤਿ ਸਤਿ ਸਤਿ ਵਰਤਾਵੇ, ਪ੍ਰਭ ਸਾਚਾ ਪਾਵੇ ਸਾਰ । ਰੱਤ ਰੱਤ ਨਾੜ ਨਾੜ ਛੁਡਾਵੇ, ਦੁਖ ਕਾਇਆ ਦੇ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਸਾਚੇ ਦਰ ਦਰਬਾਰ । ਅੰਮ੍ਰਿਤ ਆਤਮ ਸਾਚਾ ਫੱਲ । ਦੀਪਕ ਜੋਤੀ ਜਾਏ ਬਲ । ਕਿਸ਼ਨਾ ਸ਼ੁਕਲਾ ਨਿਕਲੇ ਵਲ । ਕੋਟਨ ਕੋਟ ਦੁਖੜੇ ਜਾਇਣ ਜਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਦਰ ਆਏ ਚਲ । ਆਏ ਦਰ ਸਾਚੇ ਪਾਂਧੀ । ਕਲਜੁਗ ਦੁੱਖਾਂ ਆਤਮ ਬਾਂਧੀ । ਰੋਗਾਂ ਸੋਗਾਂ ਪਾਈ ਫਾਂਦੀ । ਵੈਦ ਹਕੀਮਾਂ ਲੁੱਟੀ ਚਾਂਦੀ । ਨਾ ਕਿਸੇ ਛੁਡਾਈ ਤਨ ਬੱਧੀ ਬਾਂਦੀ । ਆਤਮ ਹੋਈ ਸਭ ਦੀ ਆਂਧੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਮੁਖ ਚੁਆਏ ਆਤਮ ਸ਼ਾਂਤ ਸ਼ਾਂਤ ਸ਼ਾਂਤ ਸਵਾਂਦੀ । ਆਤਮ ਸ਼ਾਂਤ ਸਤਿ ਸੰਤੋਖ । ਸੋਹੰ ਘਰ ਲੈ ਜਾਣਾ ਸਾਚਾ ਮੋਖ । ਰਸਨਾ ਗਾਓ ਉਤਰਨ ਸਭ ਦੋਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ ਦਿਸਾਏ ਕਲਜੁਗ ਅੰਤਮ ਸੋਖ । ਸਾਚਾ ਮਾਰਗ ਸੋਹੰ ਗਾਵਣਾ । ਪ੍ਰਭ ਅਬਿਨਾਸ਼ੀ ਸਾਚਾ ਪਾਵਣਾ । ਦਿਵਸ ਰੈਣ ਗੁਰਸਿਖਾਂ ਪਕੜੇ ਦਾਮਨਾ । ਆਦਿ ਅੰਤ ਸਦ ਹੋਏ ਜਾਮਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਦਰ ਆਈ ਪੂਰ ਕਰਾਏ ਭਾਵਨਾ । ਮਨੋਂ ਕਾਮਨਾ ਹੋਏ ਪੂਰੀ । ਆਤਮ ਚਿੰਤਾ ਨਾ ਰਹੇ ਅਧੂਰੀ । ਆਪ ਉਤਾਰੇ

ਸਗਲ ਵਸੂਰੀ । ਸੋਹੰ ਸ਼ਬਦ ਸਾਚੀ ਤੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਆਤਮ ਕਰੇ ਨੂਰੋ ਨੂਰੀ । ਸਾਚਾ ਨੂਰ ਜੋਤ ਭਗਵਾਨ । ਕਲਜੁਗ ਜੀਵ ਨਾ ਭੁਲ ਨਿਧਾਨ । ਸੋਹੰ ਸ਼ਬਦ ਆਤਮ ਬਾਨ । ਦੇਵੇ ਦਰਸ ਆਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਦਰਸ ਦੇਖ ਸਾਚਾ ਰੰਗ । ਦਰਸ ਦਾਨ ਦਰ ਸਾਚੇ ਮੰਗ । ਗੁਰਮੁਖ ਸਾਚੇ ਸਾਧ ਸੰਗਤ ਵਿਚ ਨਾ ਸੰਗ । ਮਾਨਸ ਜਨਮ ਨਾ ਹੋਵੇ ਭੰਗ । ਏਕਾ ਏਕ ਚੜ੍ਹਾਏ ਪ੍ਰਭ ਸਾਚਾ ਮਜੀਠੀ ਰੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਕੱਟੇ ਤੇਰੀ ਭੁੱਖ ਨੰਗ । ਭੁੱਖ ਨੰਗ ਹੋਏ ਦੂਰ । ਕਿਰਪਾ ਕਰ ਪ੍ਰਭ ਸਾਚਾ ਸਰਬ ਕਲਾ ਭਰਪੂਰ । ਵਸੇ ਨੇੜ ਜਿਸ ਜਾਣੋ ਦੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਆਤਮ ਦੇਵੇ ਸਾਚਾ ਸਤਿ ਸਰੂਰ । ਸਤਿ ਸਰੂਰ ਆਤਮ ਦੇਵੇ । ਸੋਹੰ ਫਲ ਜੀਵ ਸਾਚਾ ਮੇਵੇ । ਗੁਰਮੁਖ ਵਿਰਲਾ ਪ੍ਰਭ ਦਰ ਲੇਵੇ । ਬੇਮੁਖ ਰਹੇ ਭਰਮ ਭੁਲੇਵੇ । ਸੋ ਜਨ ਉਧਰੇ ਪਾਰ, ਜੋ ਜਨ ਰਸਨਾ ਸੇਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਪਣਾ ਆਪ ਜਪਾਏ ਰਸਨਾ ਜੇਹਵੇ । ਸੁਰਤ ਸ਼ਬਦ ਹਰਿ ਮੇਲ ਮਿਲਾਏ । ਸ਼ਬਦ ਸੁਰਤ ਹਰਿ ਭਰਮ ਚੁਕਾਏ । ਸੁਰਤ ਸ਼ਬਦ ਹਰਿ ਕਰਮ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਰਿਹਾ ਜਣਾਏ । ਸੁਰਤ ਸ਼ਬਦ ਸਾਚਾ ਜੋਗ, ਦੇਵੇ ਦਰਸ ਪ੍ਰਭ ਅਮੋਘ । ਸੁਰਤ ਸ਼ਬਦ ਰਸ ਸਾਚਾ ਭੋਗ । ਸੁਰਤ ਸ਼ਬਦ ਪ੍ਰਭ ਬੂਝ ਬੁਝਾਏ ਆਪ ਮਿਟਾਏ ਚਿੰਤਾ ਸੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਚੋਗ ਚੁਗਾਏ ਸੋਹੰ ਮੋਤੀ ਚੋਗ । ਸੋਹੰ ਚੋਗ ਰਸਨਾ ਚੁਣ । ਸਚ ਸ਼ਬਦ ਕੰਨ ਧਰ ਗੁਰਸਿਖ ਸੁਣ । ਆਤਮ ਦੂਈ ਦਵੈਤ ਪ੍ਰਭ ਸਾਚਾ ਦੇਵੇ ਪੁਣ । ਏਕਾ ਏਕ ਉਪਜਾਏ, ਅਨਹਦ ਸਾਚੀ ਧੁਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੀਤਲ ਸੀਤ ਪਰਸਾਦ ਵਰਤਾਏ ਮੁਖ ਲਗਾਏ ਗੁਰਸਿਖ ਸਾਚੇ ਚੁਣ । ਸਿਰ ਪੈਰਾਂ ਤਨ ਲੱਗੀ ਅੱਗ । ਝੂਠਾ ਦਿਸੇ ਸਾਰਾ ਜਗ । ਅਗਨ ਪਵਨ ਤਨ ਰਹੀ ਵਗ । ਕੋਈ ਨਾ ਚਲੇ ਸੂਤਰ ਤਗ । ਕਿਰਪਾ ਕਰੇ ਪ੍ਰਭ ਅਭੱਗ । ਕਾਇਆ ਸੀਤ ਕਰਾਏ, ਜਿਤ ਲੱਗੀ ਰਹੇ ਅੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਪਗ । ਆਤਮ ਸੋਗ ਰਹੇ ਨਿਤ । ਦੁਖੀਆਂ ਰਹੇ ਸਦਾ ਚਿਤ । ਕੋਈ ਨਾ ਦੀਸੇ ਜਗਤ ਮਿਤ । ਝੂਠਾ ਦਿਸੇ ਸਾਰਾ ਹਿਤ । ਕਿਰਪਾ ਕਰੇ ਪ੍ਰਭ ਸਾਚਾ ਪਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨੀ ਲਾਗ ਗੁਰਮੁਖ ਸਾਚੇ ਮਾਨਸ ਜਨਮ ਜਾਏ ਜਗ ਜਿਤ । ਚਰਨ ਲਾਗ ਮੂਲ ਨਾ ਭੂਲਨਾ । ਸੋਹੰ ਸ਼ਬਦ ਪ੍ਰਭ ਮਾਤ ਝੁਲਾਏ ਸਾਚਾ ਝੂਲਨਾ । ਸਾਚੇ ਤਖ਼ਤ ਬਿਠਾਏ ਆਪ ਦਵਾਏ ਚੁਕਾਏ ਪਿਛਲਾ ਮੂਲਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਦਿ ਅੰਤ ਤੇਰਾ ਸਾਚਾ ਸਚ ਕੰਤੂਲਨਾ । ਖਿੱਟਾ ਰੋਗ ਹੋਏ ਦੂਰ । ਹੱਡ ਹੱਡ ਜਿਸ ਕੀਤਾ ਚੂਰ । ਕਿਰਪਾ ਕਰੇ ਸਰਬ ਗੁਣਾਂ ਭਰਪੂਰ । ਅੰਮ੍ਰਿਤ ਦੇਵੇ ਸਾਚਾ ਨੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਜਪ ਉਤਾਰੇ ਤਪ ਮਿਟੇ ਪਪ ਆਤਮ ਰਹੇ ਸਤਿ ਸਰੂਰ । ਸਤਿ ਸਰੂਰ ਸਰਬ ਸੁਖ ਦਾਨੀ । ਗੁਰਮੁਖ ਗੁਰ ਚਰਨ ਲਾਗ ਤੇਰੀ ਆਤਮ ਹੋਏ ਬ੍ਰਹਮ ਗਿਆਨੀ । ਕਲਜੁਗ ਜੀਵ ਸੋਇਆ ਜਾਗ, ਅੰਤਕਾਲ ਸਾਚੀ ਮਿਲੇ ਨਾਮ ਨਿਸ਼ਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਘਰ ਆਇਆ ਗੁਣ ਨਿਧਾਨੀ । ਗੁਣ ਨਿਧਾਨ ਸਾਚਾ ਕੰਤ । ਦੇਵੇ ਵਡਿਆਈ ਸਰਬ ਜੀਵ ਜੰਤ । ਜੋਤ ਜਗਾਈ ਵਿਚ ਬੈਠ ਇਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਫਿਰ ਬਣਾਏ ਬਣਤ । ਬਣਤ

ਬਣਾਈ ਜਾਏ ਬਣ । ਆਪੇ ਕੱਢੇ ਕਾਇਆ ਕਣ । ਅਗਨ ਜੋਤ ਲਗਾਈ ਜਿਉਂ ਧਾਗਾ ਸਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਸ਼ਬਦ ਚਲਾਏ ਪਵਣ । ਪਵਨ ਸਰੂਪੀ ਪਵਣ ਚਲਾਏ । ਨਾਮ ਨਿਰਬਾਣ ਇਕ ਲਗਾਏ । ਪਵਣ ਮਸਾਣ ਕੋਈ ਰਹਿਣ ਨਾ ਪਾਏ । ਜਮ ਕਾ ਬੇਟਾ ਕੋਈ ਨੇੜ ਨਾ ਆਏ । ਹਾਕਨ ਡਾਕਨ ਸਿਰ ਮੁੰਡਵਾਏ । ਲੋਹੇ ਕੀ ਮੁਗਲੀ ਸੀਸ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛਲ ਛਿਦਰ ਸੋਹੰ ਸ਼ਬਦ ਸੰਗ ਮੇਟ ਮਿਟਾਏ । ਪਵਣ ਸਰੂਪੀ ਦੇਹੀ ਵਾਸਾ । ਪ੍ਰਭ ਅਬਿਨਾਸ਼ੀ ਕੀਆ ਨਾਸਾ । ਆਤਮ ਅਗਨ ਜਗਤ ਤਮਾਸਾ । ਝੂਠੀ ਦੁਨੀਆਂ ਕਰੇ ਹਾਸਾ । ਪਵਣ ਮਸਾਣੀ ਹੋਇਆ ਵਾਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਤੇਰੇ ਚਰਨ ਭਰਵਾਸਾ । ਗੁਰ ਚਰਨ ਸਚ ਪ੍ਰੀਤੀ । ਪ੍ਰਭ ਸਾਚਾ ਪਰਖੇ ਨੀਤੀ । ਆਪੇ ਬਖ਼ਸ਼ੇ ਭੁਲ ਜੋ ਕੀਤੀ । ਸਾਚੀ ਦਾਤ ਪ੍ਰਭ ਦਰ ਜਿਸ ਜਨ ਸਾਚੇ ਲੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਮਾਨਸ ਜਨਮ ਜਾਏ ਜਗ ਜੀਤੀ । ਗੁਰ ਚਰਨ ਸਚ ਕਰ ਮੰਨਣਾ । ਆਪੇ ਬੇੜਾ ਆਪਣਾ ਬੰਨ੍ਹਣਾ । ਵੇਖ ਵੇਖ ਕਲਜੁਗ ਜੀਵ ਨਾ ਸੰਗਣਾ । ਸਾਚਾ ਨਾਮ ਸਾਚਾ ਤਨ ਗੁਰਮੁਖ ਸਾਚੇ ਰੰਗਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਦਰਬਾਰ ਵਿਚ ਮਾਤਲੋਕ ਦੇ ਮੰਗਣਾ । ਭਰੇ ਰਹਿਣ ਸਦ ਭੰਡਾਰੇ । ਦੇਵਣਹਾਰ ਇਕ ਦਤਾਰੇ । ਗੁਰਮੁਖ ਸਾਚੇ ਖੜੇ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਬਣੇ ਆਪ ਵਰਤਾਰੇ । ਨਾਮ ਦਾਨ ਆਪ ਵਰਤਾਇਆ । ਗੁਰਮੁਖ ਸਾਚੇ ਤੇਰੀ ਝੋਲੀ ਪਾਇਆ । ਆਪ ਪਲੇ ਪ੍ਰਭ ਸਾਚੇ ਦੀ ਥੱਲੇ ਛਤਰ ਛਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ, ਸਾਧ ਸੰਗਤ ਵਿਚ ਸਾਚਾ ਬਚਨ ਲਿਖਾਇਆ । ਸਾਚਾ ਬਚਨ ਆਪ ਲਿਖਾਏ । ਵੇਖ ਵੇਖ ਗੁਰਸਿਖ ਜਗਾਏ । ਗੁਰਮੁਖ ਸਾਚੇ ਨੇਤਰ ਪੇਖ, ਪ੍ਰਭ ਆਤਮ ਸ਼ਾਂਤ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਕਾਹਨਾ ਕ੍ਰਿਸ਼ਨਾ ਦਰਸ ਦਿਖਾਏ । ਕਾਹਨਾ ਕ੍ਰਿਸ਼ਨਾ ਮੁਕਟ ਬਨਵਾਰੀ । ਖੜੇ ਰਹਿਣ ਤੇਰੇ ਦਰ ਦਰਬਾਰੀ । ਜੋਤ ਸਰੂਪ ਹਰਿ ਹਰਿ ਨਿਰੰਕਾਰੀ । ਭਗਤ ਵਛਲ ਆਪ ਗਿਰਧਾਰੀ । ਗੁਰਮੁਖ ਸਾਚੇ ਦੇਵੇ ਨਾਮ ਕਲਜੁਗ ਬਣ ਵਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਆਤਮ ਕਰੇ ਕਾਰੀ । ਆਤਮ ਕਾਰੀ ਆਪੇ ਕਰ । ਸਾਚੀ ਜੋਤ ਪ੍ਰਭ ਦੇਵੇ ਧਰ । ਆਪ ਚੁਕਾਏ ਜਮ ਕਾ ਡਰ । ਚਰਨ ਲਾਗ ਵਿਚ ਲੋਕਮਾਤ ਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਆਪ ਲੈ ਜਾਏ ਸਾਚੇ ਘਰ । ਅੰਤਮ ਅੰਤ ਪ੍ਰਭ ਆਪੇ ਆਏ । ਗੁਰਮੁਖ ਸਾਚਾ ਫੜ ਗੋਦ ਉਠਾਏ । ਦਰਸ ਅਮੋਘ ਆਪ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਰਾਏ ਦੇ ਬੰਦ ਕਟਾਏ । ਹੋਏ ਸਹਾਈ ਪਰਗਟ ਜੋਤ ਆਪ ਰਘੁਰਾਈ । ਵਿਚ ਬਬਾਣ ਲਏ ਬਿਠਾਈ । ਸਚ ਅਸਥਾਨ ਪ੍ਰਭ ਦੇ ਉਪਜਾਈ । ਏਕਾ ਜੋਤ ਜਿਥੇ ਜਗਾਈ । ਦਿਵਸ ਰੈਣ ਰਹੇ ਰੁਸ਼ਨਾਈ । ਗੁਰ ਨਾਨਕ ਦਰ ਦਰਸ਼ਨ ਪਾਈ । ਗਗਨ ਮੇਂ ਥਾਲ ਸ਼ਬਦ ਲਿਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਥਿਰ ਘਰ ਵਸੇ ਸਾਚਾ ਰਘੁਰਾਈ । ਥਿਰ ਘਰ ਹਰਿ ਸਾਚਾ ਵਸਿਆ । ਗੁਰਮੁਖ ਸਾਚੇ ਰਾਹ ਸਾਚਾ ਦੱਸਿਆ । ਬੇਮੁਖ ਦਰ ਤੋਂ ਜਾਏ ਨੱਸਿਆ । ਅੰਤਕਾਲ ਜਮਦੂਤਾਂ ਬੇਮੁਖਾਂ ਪਕੜ ਕਸਿਆ । ਗੁਰਮੁਖ ਸਾਚੇ ਪਰਗਟ ਜੋਤ ਕਰੇ ਪਰਕਾਸ਼ ਕੋਟ ਰਵ ਸਸਿਆ । ਗੁਰਸਿਖ ਸਚਖੰਡ ਜਾਏ ਹੱਸਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਆਤਮ ਅੰਧੇਰ ਕਰਾਈ ਜਿਉਂ ਚੰਦ ਮੱਸਿਆ । ਗੁਰਮੁਖਾਂ ਪ੍ਰਭ ਦਇਆ

੪੦੨

ਕਮਾਏ । ਸੋਹੰ ਸਾਚੇ ਕੰਡੇ ਆਪ ਤੁਲਾਏ । ਭੁੱਲੇ ਭੁਲਾਏ ਮਾਰਗ ਪਾਏ । ਭਗਤ ਜਨਾਂ ਹੋਏ ਸਹਾਏ । ਕਲਜੁਗ ਡੁੱਲੇ ਆਪ ਭੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਭੁੱਲਿਆਂ ਰੁੱਲਿਆਂ ਸਚ ਮਾਰਗ ਪਾਏ । ਆਤਮ ਅਡੋਲ ਸੋਹੰ ਕੰਡੇ ਪ੍ਰਭ ਦੇਵੇ ਤੋਲ । ਪ੍ਰਭ ਅਬਿਨਾਸ਼ੀ ਨਾ ਜਾਣੋ ਅਨਭੋਲ । ਸੋਹੰ ਸਾਚਾ ਸ਼ਬਦ ਵਜਾਵੇ ਢੋਲ । ਜੋਤ ਸਰੂਪੀ ਵਸੇ ਕੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਲਿਖਾਏ ਰਸਨਾ ਬੋਲ । ਸਚ ਸ਼ਬਦ ਹੋਏ ਸਹਾਏ । ਦੁਖ ਰੋਗ ਦੇਹ ਮਿਟਾਏ । ਚਿੰਤਾ ਸੋਗ ਨਾ ਰਹੇ ਰਾਏ । ਆਪਣੇ ਭਾਣੇ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਦਇਆ ਕਮਾਏ ਦੀਨ ਦਿਆਲਾ । ਭਗਤ ਜਨਾਂ ਦੇਵੇ ਸੋਹੰ ਧਨ ਮਾਲਾ । ਗਲੋਂ ਕੱਟੇ ਜਗਤ ਜੰਜਾਲਾ । ਗੁਰਸਿਖ ਨਾ ਹੋਏ ਕਦੇ ਕੰਗਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਦੇਵੇ ਸਵਾਸ ਸੁਖਾਲਾ । ਸਵਾਸ ਸਵਾਸ ਸਵਾਸ ਰਸਨਾ ਗਾਵਣਾ । ਧਰਵਾਸ ਧਰਵਾਸ ਧਰਵਾਸ ਰਖਾਵਣਾ । ਆਸ ਆਸ ਆਸ, ਪ੍ਰਭ ਪੂਰਨ ਆਸ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੁਖ ਰੋਗ ਸੋਗ ਮਿਟਾਵਣਾ । ਸਚ ਪ੍ਰੇਮ ਪੂਰਨ ਭਗਵੰਤਾ । ਹੋਏ ਮੇਲ ਪ੍ਰਭ ਸਾਚੇ ਕੰਤਾ । ਦੇਵੇ ਵਡਿਆਈ ਵਿਚ ਜੀਵ ਜੰਤਾ । ਆਪ ਮਿਟਾਏ ਆਤਮ ਚਿੰਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਆਪ ਟਿਕਾਏ ਏਕਾ ਕਿਣਕਾ । ਆਤਮ ਜੋਤ ਆਪ ਬਿਲੋਏ । ਪ੍ਰਭ ਅਬਿਨਾਸ਼ੀ ਸਾਚਾ ਧੋਏ । ਲੋਕ ਪਰਲੋਕ ਸਵਾਰੇ ਦੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਵੇ ਗੁਰਮੁਖ ਵਿਰਲਾ ਜਾਣੇ ਕੋਇ । ਰਸਨਾ ਗਾਵਣਾ ਸੁਖ ਉਪਜਾਵਣਾ । ਭਰਮ ਮਿਟਾਵਣਾ ਕਰਮ ਕਮਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੂਪੀ ਸਦ ਰਿਦੇ ਵਸਾਵਣਾ । ਰਿਦੇ ਵਸਾਓ ਸਾਚਾ ਹਰਿ । ਕਲਜੁਗ ਅੰਤਮ ਜਾਓ ਤਰ । ਸਾਧ ਸੰਗਤ ਬਣ ਆਓ ਦਰ । ਸਚ ਮੰਗਤ ਵਰ ਪਾਓ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਕਿਰਪਾ ਦੇਵੇ ਕਰ । ਗੁਰ ਸੰਗਤ ਗੁਰ ਏਕਾ ਰੰਗ । ਗੁਰ ਸੰਗਤ ਗੁਰ ਏਕਾ ਸੰਗ । ਗੁਰ ਸੰਗਤ ਦਰਸ ਦਾਨ ਦਰ ਮੰਗ । ਗੁਰ ਸੰਗਤ ਹੋਏ ਸਦਾ ਅੰਗ ਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੇਮੁਖ ਭੰਨਾਏ ਕਾਚੀ ਵੰਗ । ਗੁਰਮੁਖ ਤੇਰੀ ਧੀਰਜ ਸਤਿ । ਸੋਹੰ ਸਾਚਾ ਨਾਮ ਬੀਜ ਵਤ । ਆਪ ਰੰਗਾਏ ਆਤਮ ਰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰੱਖੇ ਤੇਰੀ ਪਤਿ । ਰੱਖੇ ਪਤਿ ਆਪ ਵਡ ਪਤਵੰਤ । ਪ੍ਰਭ ਅਬਿਨਾਸ਼ੀ ਸਾਚਾ ਕੰਤ । ਗੁਰਸਿਖ ਸਾਚੇ ਆਪ ਤਰਾਏ ਧੀਰ ਧਰਾਏ ਬਣਾਏ ਸਾਚਾ ਸੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕੋਈ ਨਾ ਜਾਣੇ ਆਦਿ ਅੰਤ । ਆਦਿ ਅੰਤ ਆਪੇ ਹੋਏ । ਏਕਾ ਦੂਆ ਨਾ ਜਾਣੇ ਕੋਇ । ਸਾਚਾ ਸੂਆ ਆਪੇ ਹੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੋਹੰ ਧਾਗੇ ਲਏ ਪਰੋਏ । ਸੋਹੰ ਧਾਗਾ ਸਾਚੀ ਮਾਲਾ । ਸਾਚਾ ਪਿਤ ਦੀਨ ਕਿਰਪਾਲਾ । ਭਗਤ ਰੱਛਕ ਗੁਰ ਗੋਪਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਤੇਰੇ ਸਦਾ ਅੰਗ ਸੰਗ ਵਸੇ ਨਾਲਾ । ਗੁਰ ਸੰਗਤ ਤੇਰੇ ਮਨ ਵਧਾਈ । ਦਰ ਘਰ ਸਾਚੇ ਮੰਗਲ ਗਾਈ । ਪ੍ਰਭ ਸਾਚਾ ਦੇਵੇ ਆਪ ਵਡਿਆਈ । ਪੂਰਨ ਇਛਿਆ ਆਪ ਕਰਾਈ । ਸਾਚੀ ਭਿਛਿਆ ਪ੍ਰਭ ਝੋਲੀ ਪਾਈ । ਚਾਰ ਵਰਨ ਹੋਏ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਈ । ਚਾਰ ਦਿਸ਼ਾਂ ਇਕ ਦਿਸਾਇਣ । ਜੋਤ ਪਰਕਾਸ਼ ਪ੍ਰਭ ਅਬਿਨਾਸ਼ੇ ਕਲਜੁਗ ਮਿਟਾਏ ਅੰਧੇਰੀ ਰੈਣ । ਸਾਧ ਸੰਗਤ ਪ੍ਰਭ ਚਰਨ ਦਾਸ, ਗੁਰਮੁਖ ਸਾਚੇ ਮਿਲ ਵਿਚ ਬਹਿਣ । ਬੇਮੁਖ


੪੦੩
੦੨

ਦਰ ਤੇ ਆਏ ਹਾਸੇ, ਸਾਚਾ ਲਹਿਣਾ ਗੁਰਸਿਖ ਲੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਦਿਖਾਏ ਗੁਰਮੁਖਾਂ ਤੀਜੇ ਨੈਣ । ਤੀਜੇ ਨੈਣ ਦਸਮ ਦਵਾਰਾ । ਆਪ ਲਿਖਾਏ ਦੇਵੇ ਸ਼ਬਦ ਹੁਲਾਰਾ । ਜੋਤ ਸਰੂਪੀ ਜੋਤ ਜਗਾਏ ਆਪ ਖੁਲ੍ਹਾਏ ਸਚ ਦਵਾਰਾ । ਆਪ ਆਪਣਾ ਡਗਮਗਾਏ ਗੁਰ ਸਾਚੇ ਬੂਝ ਬੁਝਾਰਾ । ਭੇਵ ਆਪਣਾ ਆਪ ਖੁਲ੍ਹਾਏ, ਦੇਵੇ ਦਰਸ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਸੇ ਤੇਰੇ ਆਤਮ ਦਰ ਦਵਾਰਾ । ਆਤਮ ਵੇਖ ਮਾਰ ਝਾਕੀ । ਪਿਛਲਾ ਲੇਖਾ ਨਾ ਰਹੇ ਬਾਕੀ । ਗੁਰ ਚਰਨ ਲਾਗ ਨਾ ਆਤਮ ਰਹੇ ਆਕੀ । ਸੋਹੰ ਸਾਚਾ ਜਾਮ ਪਿਲਾਏ ਪ੍ਰਭ ਸਾਚਾ ਬਣੇ ਸਾਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਟਾਏ ਤੇਰਾ ਆਤਮ ਅੰਧ ਅੰਧਿਆਰਾ, ਸੋਹੰ ਲਾਏ ਚਾਬੀ ਆਪ ਖੁਲ੍ਹਾਏ ਤਾਕੀ । ਆਤਮ ਤਾਕ ਆਪ ਖੁਲ੍ਹਾਏ । ਭਵਿਖਤ ਵਾਕ ਆਪ ਲਿਖਾਏ । ਸਾਚੀ ਸਿਖਤ ਆਪ ਦਵਾਏ । ਗੁਰ ਸੰਗਤ ਕਲ ਭੁਲ ਨਾ ਜਾਏ । ਕਲਜੁਗ ਮਾਇਆ ਵਿਚ ਰੁਲ ਨਾ ਜਾਏ । ਪ੍ਰਭ ਅਬਿਨਾਸ਼ੀ ਅਡੋਲ, ਗੁਰਸਿਖ ਕੋਈ ਡੋਲ ਨਾ ਜਾਏ । ਪ੍ਰਭ ਅਬਿਨਾਸ਼ੀ ਸਦਾ ਅਤੁੱਲ, ਸ੍ਰਿਸ਼ਟ ਸਬਾਈ ਆਪ ਤੁਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪ ਅਭੁੱਲ, ਸ੍ਰਿਸ਼ਟ ਸਬਾਈ ਆਪ ਭੁਲਾਏ । ਸ੍ਰਿਸ਼ਟ ਸਬਾਈ ਗਈ ਭੁੱਲ । ਕਲਜੁਗ ਅੰਤਮ ਗਏ ਡੁੱਲ । ਕਲਜੁਗ ਮਾਇਆ ਵਿਚ ਗਏ ਹੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਦੇਵੇ ਸੋਹੰ ਨਾਮ ਵਡ ਦਾਤ ਅਨਮੁੱਲ । ਵਡ ਵਡ ਸ਼ਬਦ ਵਡ ਹੀਰਾ । ਆਤਮ ਤ੍ਰਿਖਾ ਆਪ ਬੁਝਾਏ, ਸੋਹੰ ਪਿਲਾਏ ਸਾਚਾ ਸੀਰਾ । ਅੰਮ੍ਰਿਤ ਸਾਚਾ ਮੁਖ ਚੁਆਏ, ਮਾਣ ਗਵਾਏ ਅਠਸਠ ਨੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚੇ ਤੇਰੇ ਸੀਸ ਬੰਧਾਏ ਸੋਹੰ ਚੀਰਾ । ਸੋਹੰ ਚੀਰਾ ਸਚ ਦਸਤਾਰ । ਗੁਰ ਚਰਨ ਪ੍ਰੀਤੀ ਸਾਚਾ ਪਿਆਰ । ਏਕਾ ਏਕ ਸਾਚੀ ਰੀਤੀ ਸੋਹੰ ਰਸਨ ਉਚਾਰ । ਸਾਚੀ ਜੋਤ ਜਗਾਈ, ਸਚ ਸਚ ਸਤਿ ਸਤਿ ਵਰਤੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੋਹੰ ਸ਼ਬਦ ਕਰਾਏ ਜੈ ਜੈ ਜੈਕਾਰ । ਸੋਹੰ ਸ਼ਬਦ ਮਾਤ ਚਲਾਵਣਾ । ਖਾਣੀ ਬਾਣੀ ਸਰਬ ਮਿਟਾਵਣਾ । ਵੇਦ ਪੁਰਾਨ ਕੋਈ ਰਹਿਣ ਨਾ ਪਾਵਣਾ । ਗਿਆਨ ਗੀਤਾ ਅੰਤ ਕਰਾਵਣਾ । ਕੁਰਾਨ ਅੰਜੀਲ ਮੇਟ ਮਿਟਾਵਣਾ । ਏਕਾ ਸ਼ਬਦ ਡੰਕ ਵਜਾਵਣਾ । ਪਵਣ ਸਰੂਪ ਵਿਚ ਸਮਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਫੇਰ ਅਖਵਾਵਣਾ । ਜੋਤ ਸਰੂਪੀ ਆਪੇ ਉਠ । ਗੁਰਸਿਖਾਂ ਪ੍ਰਭ ਜਾਏ ਤੁਠ । ਬੇਮੁਖਾਂ ਪ੍ਰਭ ਜਾਏ ਰੁੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਟ ਮਿਟਾਏ ਜਗਤ ਸਬਾਈ ਝੂਠ ਜੂਠ । ਜੂਠ ਝੂਠ ਸਭ ਨਸ਼ਟ ਕਰਾਵਣਾ । ਬੇਮੁਖਾਂ ਹੱਥ ਠੂਠ ਫੜਾਵਣਾ । ਦਰ ਦਰ ਘਰ ਘਰ ਪ੍ਰਭ ਸਾਚੇ ਆਪ ਫਿਰਾਵਣਾ । ਗੁਰਮੁਖਾਂ ਘਰ ਸਾਚੇ ਸੋਹੰ ਗੀਤ ਸੁਹਾਗ ਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਸਾਧ ਸੰਗਤ ਤੇਰੇ ਵਿਚ ਸੁਹਾਵਣਾ । ਸਾਧ ਸੰਗਤ ਪ੍ਰਭ ਚਰਨ ਦਵਾਰੇ । ਦਿਵਸ ਰੈਣ ਸੋਹੰ ਸ਼ਬਦ ਉਚਾਰੇ । ਬੇਮੁਖ ਜੀਵ ਹੋਇਣ ਖੁਆਰੇ । ਚਾਰ ਕੁੰਟ ਸੁੰਞੇ ਦਿਸਣ ਮਹਿਲ ਮੁਨਾਰੇ । ਆਪੇ ਕਲ ਖੇਲ ਵਰਤਾਏ ਕਰਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਨਿਰੰਕਾਰੇ । ਵਰਤੇ ਖੇਲ ਜਗਤ ਵਰਤਾਰਾ । ਅਚਰਜ ਰੂਪ ਪ੍ਰਭ ਗਿਰਧਾਰਾ । ਨਾ ਕੋਈ ਪਾਵੇ ਜੀਵ ਸਾਰਾ । ਆਦਿ ਅੰਤ ਦੁਸ਼ਟ ਸੰਘਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਮੰਗਿਆ ਤੇਰਾ ਚਰਨ ਦਵਾਰਾ । ਜੋ ਜਨ ਆਇਣ ਚਰਨ ਹਜ਼ੂਰ । ਦੂਖ ਦਰਦ ਪ੍ਰਭ ਕੀਨੇ ਦੂਰ । ਜੋਤ ਪਰਗਟਾਈ

੪੦੪
੦੨

ਵਡ ਦਾਤੇ ਸੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰ । ਸਰਬ ਕਲਾ ਆਪੇ ਸਮਰਥ । ਸਾਧ ਸੰਗਤ ਪ੍ਰਭ ਰੱਖੇ ਦੇ ਕਰ ਹੱਥ । ਸੋਹੰ ਦੇਵੇ ਸਾਚੀ ਵੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਸਰਬ ਜੀਆਂ ਕਾ ਸਾਚਾ ਸਥ । ਸਾਚਾ ਰਾਗ ਆਪ ਸੁਣਾਏ । ਸਾਚਾ ਸਵਾਂਗ ਆਪ ਵਰਤਾਏ । ਏਕਾ ਕਾਂਗ ਜਗਤ ਚੜ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਸਮਾਏ । ਅੰਮ੍ਰਿਤ ਵੇਲੇ ਗੁਰਸਿਖ ਜਾਗੇ ਸਦਾ ਸੁਖੀਏ ਹੋਏ ਵਡਭਾਗੇ । ਸ਼ਬਦ ਚਲਾਇਆ ਪ੍ਰਭ ਅਨਰਾਗੇ । ਆਤਮ ਜਾਗ ਸੋਹੰ ਲਾਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ ਚਰਨ ਦਵਾਰੇ ਜੋ ਜਨ ਲਾਗੇ । ਉਠ ਜੀਵ ਜਾਗ ਵਕ਼ਤ ਸੁਹੰਜਣਾ । ਜੋਤ ਜਗਾਏ ਪ੍ਰਭ ਨਿਰੰਜਣਾ । ਉਠ ਜੀਵ ਜਾਗ ਕਲ ਬੇੜਾ ਬੰਨ੍ਹਣਾ । ਉਠ ਜੀਵ ਜਾਗ, ਅੰਤਮ ਅੰਤ ਅੰਤਕਾਲ ਕਲ ਪਾਰ ਲੰਘਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚਾ ਮੰਗਣਾ । ਉਠ ਜੀਵ ਜਾਗ, ਜਗਤ ਵਕਤ ਸੁਹੇਲਾ । ਉਠ ਜੀਵ ਜਾਗ, ਗੁਰ ਪੂਰੇ ਗੁਰਸਿਖ ਕਰਾਇਆ ਮੇਲਾ । ਉਠ ਜੀਵ ਜਾਗ, ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਉਠ ਜੀਵ ਜਾਗ ਕਿਉਂ ਹੋਇਆ ਜਗਤ ਦੁਹੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਗੁਰ ਵਿਚ ਮਾਤ ਸਾਚਾ ਸੱਜਣ ਸੁਹੇਲਾ । ਉਠ ਜੀਵ ਜਾਗ, ਜਗਤ ਅੰਧਿਆਰਾ । ਉਠ ਜੀਵ ਜਾਗ, ਨਾ ਦਿਸੇ ਕੋਈ ਕਿਨਾਰਾ । ਉਠ ਜੀਵ ਜਾਗ, ਪ੍ਰਭ ਦੇਵੇ ਨਾਮ ਅਧਾਰਾ । ਉਠ ਜੀਵ ਜਾਗ, ਗੁਰਮੁਖਾਂ ਪ੍ਰਭ ਭਰੇ ਭੰਡਾਰਾ । ਉਠ ਜੀਵ ਜਾਗ, ਬੇਮੁਖ ਸੋਏ ਦਰ ਆਏ ਪੈਰ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਘਰ ਸਚ ਦਵਾਰਾ । ਉਠ ਜੀਵ ਜਾਗ, ਆਤਮ ਰਸ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਹੋਵੇ ਵਸ । ਉਠ ਜੀਵ ਜਾਗ, ਅੰਮ੍ਰਿਤ ਵੇਲਾ ਪੀ ਅੰਮ੍ਰਿਤ ਸਾਚਾ ਰਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਰਾਹ ਸਾਚਾ ਜਾਏ ਦੱਸ । ਉਠ ਜੀਵ ਜਾਗ, ਪ੍ਰਭ ਸਾਚਾ ਜੋਤ ਧਰੇ । ਉਠ ਜੀਵ ਜਾਗ, ਗੁਰਸਿਖ ਬਣ ਦਰ ਆਏ ਖੜੇ । ਉਠ ਜੀਵ ਜਾਗ, ਪ੍ਰਭ ਭਾਗ ਲਗਾਏ ਤੇਰੇ ਘਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਪੂਰਨ ਆਸ ਕਰੇ । ਉਠ ਜੀਵ ਜਾਗ, ਪ੍ਰਭ ਭਏ ਦਿਆਲਾ । ਉਠ ਜੀਵ ਜਾਗ, ਪ੍ਰਭ ਸੋਹੰ ਦੇਵੇ ਨਾਮ ਸੁਖਾਲਾ । ਉਠ ਜੀਵ ਜਾਗ, ਤੇਰੀ ਆਤਮ ਨਾ ਹੋਏ ਕੰਗਾਲਾ । ਉਠ ਜੀਵ ਜਾਗ, ਕਲਜੁਗ ਘਨਘੋਰ ਘਟਾਂ ਕਾਲਾ । ਪ੍ਰਭ ਸਾਚਾ ਤੇਰਾ ਆਤਮ ਸਚ ਦਵਾਰ ਖੁਲ੍ਹਾਏ ਸੱਚੀ ਧਰਮਸਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਸਾਚਾ ਗੁਰ ਗੋਪਾਲਾ । ਗੋਪਾਲ ਗੋਪਾਲ ਗੋਪਾਲ ਆਤਮ ਦੀਪਕ ਦੇਵੇ ਬਾਲ । ਜੋਤ ਸਰੂਪੀ ਜੋਤ ਟਿਕਾਏ ਵਿਚ ਅਨਮੁਲੜਾ ਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਬਣਾਏ ਵਿਚ ਲੋਕਮਾਤ ਨਿਰਾਲੀ ਚਾਲ । ਗੁਰਸਿਖ ਮਾਰਗ ਸਤਿ । ਸਚ ਸ਼ਬਦ ਸਾਚਾ ਤਤ । ਆਤਮ ਧੀਰਜ ਦੇਵੇ ਯਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆ ਰੱਖੇ ਪਤਿ । ਪਤਿ ਪਰਮੇਸ਼ਵਰ ਪੂਰਨ ਭਗਵਾਨਾ । ਦੇਵੇ ਨਾਮ ਸਚ ਭਗਵਾਨਾ । ਸੋਹੰ ਬੱਧਾ ਗੁਰਮੁਖ ਹੱਥ ਸਾਚਾ ਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣਾ । ਜਾਣ ਪਛਾਣ ਆਪੇ ਕਰ । ਭਗਤ ਦਾਨ ਅੱਗੇ ਧਰ । ਜੋਤ ਮਹਾਨ ਆਤਮ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਤੁਰ ਸੁਜਾਨ ਦੇਵੇ ਕਰ । ਆਤਮ ਉਪਜੇ ਬ੍ਰਹਮ ਗਿਆਨਾ । ਏਕਾ ਦੇਵੇ ਚਰਨ ਧੂੜ ਇਸ਼ਨਾਨਾ । ਸੋਹੰ ਦੇਵੇ ਨਾਮ ਨਿਧਾਨਾ । ਮਹਾਰਾਜ ਸ਼ੇਰ ਸਿੰਘ

ਸਤਿਗੁਰ ਸਾਚਾ, ਜਿਸ ਜਨ ਰਸਨਾ ਗਾਣਾ । ਰਸਨਾ ਗਾਓ ਰੋਗ ਸੋਗ ਮਿਟਾਓ । ਸਤਿ ਪੁਰਖ ਨਿਰੰਜਣ ਆਪ ਆਪਣੇ ਵਿਚੋਂ ਪਾਓ । ਜਗਤ ਭੇਖ ਵੇਖ ਭੁਲ ਨਾ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਮਿਟੇ ਹਰਸ ਨਾ ਰਹੇ ਤਰਸ, ਸਾਚਾ ਸੁਖ ਆਤਮ ਉਪਜਾਓ । ਸਾਧ ਸੰਗਤ ਗੁਰ ਦਰ ਵਧਾਈ । ਜੋਤ ਸਰੂਪੀ ਪ੍ਰਭ ਵਿਦਾ ਕਰਾਈ । ਆਤਮ ਤ੍ਰਿਸਨਾ ਭੁੱਖ ਮਿਟਾਈ । ਫੂਲਨ ਬਰਖ਼ਾ ਪ੍ਰਭ ਸਾਚੇ ਲਾਈ । ਕਰੋੜ ਤੇਤੀਸ ਸਰਨ ਬਹਾਈ । ਗਣ ਗੰਧਰਬ ਗੁਰਸਿਖ ਸਾਚੇ ਸੇਵ ਲਗਾਈ । ਗੁਰਸਿਖ ਸਾਚੇ ਸੰਤ ਜਨ ਨਿਹਕਲੰਕ ਤੇਰੀ ਸਰਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਦਰ ਘਰ ਆਇਆ ਆਪੇ ਦੇ ਵਡਿਆਈ । ਗੁਰ ਚਰਨ ਗੁਰਸਿਖ ਨਿਮਸਕਾਰੋ । ਮਾਨਸ ਜਨਮ ਕਲ ਸੁਧਾਰੋ । ਅੰਤਮ ਅੰਤ ਉਤਰੋ ਪਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਬਲਿਹਾਰੋ ।

### * ੧੯ ਚੇਤ ੨੦੧੦ ਬਿਕ੍ਰਮੀ ਮੇਰਠ ਛਾਉਣੀ ਵਿਹਾਰ ਹੋਇਆ *

ਗੁਰ ਪਾਇਆ ਵਡ ਵਡਭਾਗੀ । ਕਲਜੁਗ ਆਤਮ ਸੋਈ ਜਾਗੀ । ਨਾ ਕੋਈ ਪਛਾਣੇ ਨਾ ਕੋਈ ਜਾਣੇ ਵੇਦੀ ਰਾਗੀ । ਸੋ ਜਨ ਜਾਣੇ ਜਿਸ ਪ੍ਰੀਤ ਚਰਨ ਪ੍ਰਭ ਲਾਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਸਤਿਜੁਗ ਸਾਚਾ ਲਾਏ ਪਹਿਲੀ ਮਾਘੀ । ਸਤਿਜੁਗ ਸਾਚਾ ਸਚ ਵਰਤੰਤ । ਗੁਰਮੁਖ ਸਾਚੇ ਆਪ ਜਗਾਏ ਪ੍ਰਭ ਸਾਚਾ ਕੰਤ । ਦੇਵੇ ਆਪ ਵਡਿਆਈ ਵਿਚ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਰੰਜਣ ਆਦਿ ਅੰਤ । ਏਕਾ ਜੋਤ ਇਕ ਅਕਾਰੀ । ਆਵੇ ਜਾਵੇ ਵਾਰੋ ਵਾਰੀ । ਨਾ ਕੋਈ ਜਾਣੇ ਜੀਵ ਸੰਸਾਰੀ । ਜਨ ਭਗਤ ਦੇਵੇ ਨਾਮ ਸ਼ਬਦ ਅਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੋਤ ਨਿਰੰਕਾਰੀ । ਜੋਤ ਨਿਰੰਕਾਰੀ ਸਾਚੀ ਆਏ । ਕਲਜੁਗ ਅੰਤਮ ਅੰਤ ਕਰਾਏ । ਦੁਖ ਭੁੱਖ ਸਰਬ ਮਿਟਾਏ । ਗੁਰਮੁਖ ਸਾਚੇ ਆਪ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਲੰਘਾਏ । ਕਿਰਪਾ ਕਰ ਪਾਰ ਲੰਘਾਏ । ਵੇਲੇ ਅੰਤ ਆਪ ਛਡਾਏ । ਸਾਚਾ ਕੰਤ ਇਕ ਰਘੁਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਾਏ । ਗੁਰਮੁਖ ਸਾਚੇ ਆਪਣੀ ਸੇਵ ਲਗਾਏ । ਵਡ ਦੇਵੀ ਦੇਵ ਦਇਆ ਕਮਾਏ । ਆਪ ਆਪਣਾ ਭੇਵ ਖੁਲ੍ਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਵਿਚ ਜਾਮਾ ਪਾਏ । ਜੋਤ ਸਰੂਪੀ ਜਾਮਾ ਧਰ । ਸ੍ਰਿਸ਼ਟ ਸਬਾਈ ਜਾਏ ਹਰ । ਮੂਰਖ ਮੁਗਧ ਭੁੱਲੇ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਆਪ ਜਗਾਏ ਚੁਕਾਏ ਝੂਠਾ ਡਰ । ਗੁਰਮੁਖ ਜਾਗ ਵਕ਼ਤ ਸੁਹੇਲਾ । ਗੁਰਮੁਖ ਜਾਗ ਨਾ ਰਹੇ ਜਗਤ ਅਕੇਲਾ । ਗੁਰਮੁਖ ਜਾਗ ਪ੍ਰਭ ਅਬਿਨਾਸ਼ੀ ਵਿਛੜਿਆਂ ਆਪ ਕਰਾਏ ਮੇਲਾ । ਗੁਰਮੁਖ ਜਾਗ ਆਤਮ ਧੋ ਦਾਗ਼, ਹੱਥ ਨਾ ਆਵੇ ਵੇਲਾ । ਗੁਰਮੁਖ ਜਾਗ ਦਰ ਸਾਚੇ ਭਾਗ ਸੁਣ ਸਾਚਾ ਰਾਗ ਬਣ ਸਾਚਾ ਸੱਜਣ ਸੁਹੇਲਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਬਣ ਗੁਰਸਿਖ ਸਾਚਾ ਚੇਲਾ । ਗੁਰਸਿਖ ਜਾਗ ਵਕ਼ਤ ਵਿਚਾਰ । ਗੁਰਮੁਖ ਜਾਗ ਵੇਲਾ ਅੰਤ ਨਾ ਹਾਰ । ਗੁਰਮੁਖ ਜਾਗ ਪ੍ਰਭ ਚਰਨ ਲਾਗ ਆਤਮ ਆਪਣੀ ਆਪ ਸੁਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਜਾਏ ਤਾਰ । ਗੁਰਸਿਖ ਜਾਗ ਚਰਨ ਪਿਆਰ । ਗੁਰਸਿਖ

ਜਾਗ ਪ੍ਰਭ ਸਾਚੇ ਦੀ ਸਾਚੀ ਕਾਰ । ਗੁਰਸਿਖ ਜਾਗ ਪ੍ਰਭ ਸਾਚਾ ਸਚ ਅਵਤਾਰ । ਗੁਰਸਿਖ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਹਰਿ ਕਾ ਦਵਾਰ । ਨਰਾਇਣ ਨਰ ਹਰਿ ਸਾਚਾ । ਸ੍ਰਿਸ਼ਟ ਸਬਾਈ ਭਾਂਡਾ ਕਾਚਾ । ਏਕਾ ਦਰ ਏਕਾ ਘਰ ਸਾਚਾ ਹਰਿ ਹਰਿ ਸਾਚਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਘਰ ਸਾਚੋ ਸਾਚਾ । ਸਚ ਸਚ ਆਪੇ ਕਰਤਾਰਾ । ਸਚ ਸਚ ਆਪੇ ਨਿਰੰਕਾਰਾ । ਸਚ ਸਚ ਗੁਰਮੁਖ ਸਾਚੇ ਦਰ ਸਾਚੇ ਕਰੋ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚਾ ਦਰ ਸਚ ਦਰਬਾਰਾ । ਸਚ ਦਰਬਾਰ ਤ੍ਰੈਲੋਕੀ ਨਾਥ । ਗੁਰਸਿਖਾਂ ਰੱਖੇ ਆਪੇ ਦੇ ਕਰ ਹਾਥ । ਸਾਚਾ ਸੱਜਣ ਸੁਹੇਲਾ ਸਾਚੇ ਲੇਖ ਲਿਖਾਏ ਮਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਸੋਹੰ ਸਾਚੇ ਰਾਥ । ਆਪ ਆਪਣਾ ਮਾਰਗ ਲਾਇਆ । ਗੁਰਮੁਖਾਂ ਪ੍ਰਭ ਸਾਚੇ ਸਾਚਾ ਰਾਹ ਬਤਾਇਆ । ਬੇਮੁਖਾਂ ਵਹਿੰਦੇ ਵਹਿਣ ਵਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਧਰ ਅਚਰਜ ਖੇਲ ਆਪ ਵਰਤਾਇਆ । ਅਚਰਜ ਖੇਲ ਰੰਗ ਕਰਤਾਰਾ । ਘਰ ਘਰ ਰੋਵਣ ਨਾਰੀ ਨਾਰਾ । ਅੰਤਮ ਬਾਜ਼ੀ ਗਏ ਹਾਰਾ । ਕਲਜੁਗ ਜੀਵ ਭੁੱਲੇ ਗਵਾਰਾ । ਪ੍ਰਭ ਅਬਿਨਾਸ਼ੀ ਨਾ ਕਿਸੇ ਵਿਚਾਰਾ । ਸਾਚੀ ਜੋਤ ਕਰੇ ਅਕਾਰਾ । ਕਲਜੁਗ ਮਾਇਆ ਝੂਠਾ ਵਿਹਾਰਾ । ਗੁਰਮੁਖ ਵਿਰਲੇ ਕਿਸੇ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਪਾਵੇ ਸਾਰਾ । ਸਰਬ ਆਧਾਰ ਇਕ ਸ਼ਬਦ ਚਲਾਇਆ । ਸੋਹੰ ਧਾਰ ਦੋ ਰਖਾਇਆ । ਗੁਰਸਿਖ ਉਧਾਰ ਬੇਮੁਖ ਖਪਾਇਆ । ਵਿਚ ਸੰਸਾਰ ਸਚ ਮਾਰਗ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਦਇਆ ਕਮਾਇਆ । ਦਇਆ ਕਮਾਏ ਦੀਨ ਕਾ ਦਾਤਾ । ਜਨ ਭਗਤਾਂ ਕਲ ਆਪ ਪਛਾਤਾ । ਦੇਵੇ ਮਾਣ ਜਿਉਂ ਬਾਲਕ ਮਾਤਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦਿਵਸ ਰੈਣ ਰੈਣ ਦਿਵਸ ਇਕ ਰੰਗ ਰੰਗਾਏ ਆਪ ਮਿਟਾਏ ਜ਼ਾਤਾ ਪਾਤਾ । ਜ਼ਾਤ ਪਾਤ ਕੋਈ ਰਹਿਣ ਨਾ ਪਾਏ । ਗੁਰ ਚਰਨ ਨਾਤ ਇਕ ਦਿਸਾਏ । ਚਾਰ ਵਰਨ ਵਿਚ ਮਾਤ ਭੈਣ ਭਰਾ ਬਣਾਏ । ਸੋਹੰ ਸ਼ਬਦ ਵਡ ਕਰਾਮਾਤ ਸਾਚਾ ਸ਼ਬਦ ਜਪਾਏ । ਜਨ ਭਗਤਾਂ ਦੇਵੇ ਸਾਚੀ ਦਾਤ । ਜੋ ਦਰ ਮੰਗਣ ਆਏ । ਆਪੇ ਪੁੱਛੇ ਦਰ ਘਰ ਸਾਚੇ ਆਏ ਬਾਤ, ਰੋਗ ਸੋਗ ਕੋਈ ਨੇੜ ਨਾ ਆਏ । ਗੁਰਮੁਖ ਸਾਚੇ ਵੇਖ ਮਾਰ ਝਾਤ, ਜੋਤ ਸਰੂਪੀ ਤੇਰੇ ਵਿਚ ਸਮਾਏ । ਝੂਠੇ ਦਿਸਣ ਭੈਣ ਭਰਾਤ, ਵੇਲੇ ਅੰਤ ਨਾ ਕੋਈ ਛੁਡਾਏ । ਦਰ ਸਾਚਾ, ਘਰ ਸਾਚਾ, ਵਰ ਸਾਚਾ, ਸਾਚਾ ਦਾਤਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਜੋਤ ਪਰਗਟਾਏ । ਪਰਗਟੇ ਜੋਤ ਨਿਹਕਲੰਕ । ਸੋਹੰ ਸ਼ਬਦ ਵਜਾਵੇ ਸਾਚਾ ਡੰਕ । ਮੇਟ ਮਿਟਾਏ ਦਵਾਰ ਬੰਕ । ਏਕਾ ਏਕ ਕਰਾਏ ਰਾਓ ਰੰਕ । ਹੰਕਾਰੀਆਂ ਦੁਸ਼ਟ ਦੁਰਾਚਾਰੀਆਂ ਆਪ ਮਿਟਾਏ ਮਨ ਕਾ ਸ਼ੰਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਆਤਮ ਜੋਤ ਜਗਾਏ ਤਨਕ । ਜੋਤ ਸਰੂਪੀ ਸ਼ਬਦ ਹੁਲਾਰਾ । ਦੇਵੇ ਆਪ ਹਰਿ ਗਿਰਧਾਰਾ । ਮਾਰੇ ਤੀਨੋ ਤਾਪ ਸ਼ਬਦ ਖੰਡਾ ਦੋ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਉਠਾਏ ਸ੍ਰਿਸ਼ਟ ਸਬਾਈ ਆਰਾ ਪਾਰਾ । ਆਰਾ ਪਾਰਾ ਹੋਏ ਖੁਆਰਾ । ਨਾ ਝੱਲੇ ਮਾਰਾ ਸ਼ਬਦ ਦੋ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰੇ ਦੋ ਫਾੜਾ । ਚੰਡ ਪਰਚੰਡ ਪ੍ਰਭ ਦੇਵੇ ਵੰਡ । ਵਿਚ ਨਵਖੰਡ ਪਾਵੇ ਡੰਡ । ਰੋਵਣ ਰੰਡ ਟੁੱਟੀ ਗੰਢ । ਉਡੀ ਝੰਡ ਨਾ ਪਾਵੇ ਕਿਸੇ ਠੰਡ । ਬੇਮੁਖਾਂ ਆਈ ਕੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਹ

ਖੇਲ ਰਚਾਈ ਲੋਕਮਾਤ ਵਿਚ ਜਾਮਾ ਧਾਰ, ਖੰਡ ਬ੍ਰਹਿਮੰਡ ਪ੍ਰਭ ਦੇਵੇ ਵੰਡ । ਬੇਮੁਖ ਪਾਇਣ ਝੂਠੀ ਡੰਡ । ਰਾਣਿਆਂ ਮਹਾਂਰਾਣਿਆਂ ਤੋੜੇ ਘਮੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਸਚ ਨਵ ਖੰਡ । ਬੇਮੁਖਾਂ ਪ੍ਰਭ ਡੰਨ ਲਗਾਏ । ਰਾਜੇ ਰਾਣੇ ਤਖ਼ਤੋਂ ਲਾਹੇ । ਕਲਜੁਗ ਗਏ ਮੁਖ ਭਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਖੇਲ ਰਚਾਏ । ਆਪ ਉਠਾਇਆ ਖੰਡਾ ਦੋ ਧਾਰੀ । ਬੇਮੁਖਾਂ ਕਰੇ ਆਪ ਖੁਆਰੀ । ਸ੍ਰਿਸ਼ਟ ਸਬਾਈ ਹਾਹਾਕਾਰੀ । ਨਾ ਕੋਈ ਦਿਸੇ ਜੀਵ ਏਕਾ ਜੋਤ ਲੋਕਮਾਤ ਪ੍ਰਭ ਸਾਚੇ ਸਾਚੀ ਧਾਰੀ । ਨਿਹਕਲੰਕ ਵੇਲੇ ਅੰਤਮ ਅੰਤ ਕਲਜੁਗ ਸਰਬ ਕਰੇ ਖੁਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਖੇਲ ਅਪਰ ਅਪਾਰੀ । ਸਚ ਵਿਹਾਰ ਹਰਿ ਸਾਚਾ ਖੇਲ । ਸ੍ਰਿਸ਼ਟ ਸਬਾਈ ਸਚ ਪਿਲਾਏ ਅਗਨ ਜੋਤ ਲਗਾਏ ਬਿਨ ਬਾਤੀ ਬਿਨ ਤੇਲ । ਬੇਮੁਖਾਂ ਬੇੜਾ ਸ਼ੌਹ ਦਰਿਆ ਦੇਵੇ ਠੇਲ । ਗੁਰਮੁਖਾਂ ਆਪ ਕਰਾਏ ਆਪਣਾ ਮੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੱਜਣ ਸੁਹੇਲ । ਸਤਿਗੁਰ ਸਾਚਾ ਏਕਾ ਹਰਿ । ਆਪ ਚੁਕਾਏ ਜਗਤ ਡਰ । ਸੋਹੰ ਦੇਵੇ ਸਾਚਾ ਵਰ । ਦਰਸ ਦਾਨ ਜੋ ਮੰਗੇ ਦਰ । ਤਰਸ ਕਰ ਦੇਵੇ ਸਾਚਾ ਹਰਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ । ਕਿਰਪਾ ਕਰੇ ਆਪ ਰਘੁਨਾਥ । ਆਪ ਨਿਭਾਏ ਆਪਣਾ ਸਾਥ । ਸੋਹੰ ਸ਼ਬਦ ਜਪਾਵੇ ਸਾਚੀ ਗਾਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਸਾਚੇ ਰਾਥ । ਸਾਚਾ ਸਾਥੀ ਪ੍ਰਭ ਸਾਚਾ ਜਾਣ । ਆਪਣਾ ਆਪ ਜੀਵ ਪਛਾਣ । ਏਕਾ ਓਟ ਸਚ ਭਗਵਾਨ । ਨਾ ਆਵੇ ਤੋਟ ਵਡ ਦਾਤਾ ਗੁਣ ਨਿਧਾਨ । ਕੱਢੇ ਖੋਟ ਆਤਮ ਦੇਵੇ ਬ੍ਰਹਮ ਗਿਆਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਵਡ ਮਿਹਰਵਾਨ । ਸਤਿਗੁਰ ਸਾਚਾ ਸਾਚਾ ਰੰਗ । ਸਤਿਗੁਰ ਸਾਚਾ ਸਾਚਾ ਸੰਗ । ਸਤਿਗੁਰ ਸਾਚਾ ਦਰਸ ਦਾਨ ਦਰ ਮੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਰਹੇ ਤੇਰੇ ਅੰਗ ਸੰਗ । ਸਤਿਗੁਰ ਸਾਚਾ ਸੋਹੰ ਸਾਚਾ ਰੰਗ ਚੜ੍ਹਾਏ । ਸਤਿਗੁਰ ਸਾਚਾ ਏਕਾ ਨਾਮ ਦੇ ਮਜੀਠੀ ਫਿਰ ਉਤਰ ਨਾ ਜਾਏ । ਸਤਿਗੁਰ ਸਾਚਾ ਗੁਰਮੁਖਾਂ ਅੰਗ ਸੰਗ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਏਕਾ ਨਾਮ ਜਪਾਏ । ਸਤਿਗੁਰ ਸਾਚਾ ਗੁਰਮੁਖਾਂ ਜਾਏ ਤਾਰੀ । ਸਤਿਗੁਰ ਸਾਚਾ ਸਾਚਾ ਸ਼ਬਦ ਅਧਾਰੀ । ਸਤਿਗੁਰ ਸਾਚਾ, ਗੁਰਮੁਖਾਂ ਜਾਏ ਪੈਜ ਸਵਾਰੀ । ਸਤਿਗੁਰ ਸਾਚਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਕਰਾਏ ਸੋਹੰ ਸ਼ਬਦ ਜੈਕਾਰੀ । ਸਤਿਗੁਰ ਸਾਚਾ ਸਚ ਜੈਕਾਰਾ । ਸਤਿਗੁਰ ਸਾਚਾ ਆਪਣਾ ਆਪ ਕਰੇ ਵਿਹਾਰਾ । ਸਤਿਗੁਰ ਸਾਚਾ ਤੀਨ ਲੋਕ ਸੱਚਾ ਸਿਕਦਾਰਾ । ਸਤਿਗੁਰ ਸਾਚਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਵੇ ਜਾਵੇ ਵਾਰੋ ਵਾਰਾ । ਸਤਿਗੁਰ ਸਾਚਾ ਆਪ ਜਗਾਏ ਸ਼ਬਦ ਜੋਤੀ । ਸਤਿਗੁਰ ਸਾਚਾ ਏਕਾ ਜੋਤ ਜਗਾਏ ਸ੍ਰਿਸ਼ਟ ਉਠਾਏ ਸੋਤੀ । ਸਤਿਗੁਰ ਸਾਚਾ, ਬੇਮੁਖਾਂ ਅੰਤਮ ਅੰਤ ਆਪ ਕਰਾਏ ਬੋਟੀ ਬੋਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੰਚਮ ਜੇਠ ਆਪ ਉਠਾਏ ਆਪਣੇ ਹੱਥ ਸ਼ਬਦ ਸੋਟੀ । ਸ਼ਬਦ ਬਾਣ ਆਪ ਚਲਾਏ । ਲਹੂ ਘਾਣ ਆਪ ਚਲਾਏ । ਅਗਨ ਜੋਤ ਨਾ ਕੋਈ ਬੁਝਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਠਸਠ ਤੀਰਥ ਮਾਣ ਗਵਾਏ । ਅਠਸਠ ਤੀਰਥ ਟੁੱਟੇ ਮਾਣ । ਸਾਚਾ ਸੀਰਥ ਗੁਰ ਚਰਨ ਧਿਆਨ । ਚਰਨ ਧੂੜ ਸਾਚਾ ਇਸ਼ਨਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਗੁਰ ਚਰਨ ਲਾਗ ਜਾਗਣ ਭਾਗ । ਬੁੱਝੇ ਆਗ ਮਿਟਾ ਦਾਗ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ

ਚਲਾਇਆ । ਸਾਚਾ ਰਾਹ ਧੁਰ ਦਰਗਹਿ । ਗੰਗਾ ਗੋਦਾਵਰੀ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਹਰਿ ਨਾਮ ਧਰਾਇਆ । ਗੰਗਾ ਗੋਦਾਵਰੀ ਅੰਤ ਕਰਾਈ । ਲੋਕ ਤੀਨ ਹਰਿ ਜੋਤ ਜਗਾਈ । ਤਟ ਤੀਰਥ ਸਭ ਦੇਣ ਦੁਹਾਈ । ਕੋਈ ਨਾ ਰਾਖੇ ਪੱਤ, ਬਿਨ ਸਾਚੇ ਰਘੁਰਾਈ । ਆਪ ਕਰਾਏ ਸਾਰੇ ਭੱਠ, ਵਿਚ ਪਰਭਾਸ ਅਗਨ ਲਗਾਈ । ਆਪ ਰਖਾਏ ਸਾਚੀ ਮਤ, ਸਾਚੀ ਜੋਤ ਡਗਮਗਾਈ । ਆਪ ਚੜ੍ਹਾਏ ਸੋਹੰ ਸਾਚੇ ਰਥ, ਕਲਜੁਗ ਬੇੜਾ ਪਾਰ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਸਾਚੀ ਜੋਤ ਮਾਤ ਜਗਾਈ । ਜੋਤ ਸਰੂਪੀ ਹਰਿ ਜਾਮਾ ਧਾਰ । ਜੋਤ ਸਰੂਪੀ ਵਰਤੇ ਵਿਚ ਸੰਸਾਰ । ਬਿਨ ਰੰਗ ਰੂਪੀ ਨਾ ਕੋਈ ਪਾਵੇ ਸਾਰ । ਹਰਿ ਸਾਚਾ ਸਤਿ ਸਰੂਪੀ, ਅਚਰਜ ਖੇਲ ਕਰੇ ਕਰਤਾਰ । ਵਡ ਵਡ ਸ਼ਾਹਨ ਸ਼ਾਹ ਵਡ ਭੂਪੀ ਦੇਵੇ ਦੁਰਕਾਰ । ਸ੍ਰਿਸ਼ਟ ਸਬਾਈ ਹੋਈ ਅੰਧ ਕੂਪੀ ਨਾ ਕਿਸੇ ਦਿਸੇ ਸਚ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਕਰੇ ਕਰਾਏ ਧਰਾਏ ਚਲਾਏ ਰਖਾਏ ਵਿਚ ਸੰਸਾਰ । ਵਿਚ ਸੰਸਾਰ ਖੇਲ ਅਪਾਰਾ । ਵਿਚ ਸੰਸਾਰ ਕਰੇ ਵਿਹਾਰਾ । ਜੋਤ ਅਧਾਰਾ ਭਗਤ ਜਨਾਂ ਕਰਮ ਵਿਚਾਰਾ । ਧਰਮ ਸ਼ਰਮ ਰੱਖਣਹਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰਾ । ਆਪ ਆਪਣੀ ਜਾਣੇ ਸਾਰ । ਸਚ ਕਰਤਾ ਧਰਤਾ ਹਰਿ ਸਚ ਦਵਾਰ । ਸਾਚਾ ਹਰਿ ਸਾਚਾ ਦਰ ਸਾਚਾ ਘਰ ਹਰਿ ਅਵਤਾਰ । ਆਪਣਾ ਕੀਆ ਲੈਣ ਭਰ, ਨਾ ਆਏ ਸਚ ਦਰਬਾਰ । ਬੇਮੁਖਾਂ ਆਈ ਹਾਰ । ਗੁਰਮੁਖ ਸਾਚੇ ਲਾਏ ਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਜਾਮਾ ਧਾਰ । ਤਾਰਨਹਾਰਾ ਪੁਰਖ ਅਪਾਰਾ । ਸੋਹੰ ਦੇਵੇ ਨਾਮ ਭੰਡਾਰਾ । ਆਪੇ ਬਣੇ ਭਗਤ ਵਰਤਾਰਾ । ਜਗਤ ਸਬਾਈ ਹੋਏ ਖੁਆਰਾ । ਗੁਰਮੁਖ ਵਿਰਲਾ ਪਾਵੇ ਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਭਰੇ ਰਹਿਣ ਭੰਡਾਰਾ । ਦੇਵਣਹਾਰ ਦਾਤਾਰ ਨਾ ਆਵੇ ਹਾਰ । ਕਰਮ ਧਰਮ ਦੋਏ ਲਏ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਕਿਰਪਾ ਧਾਰ । ਕਿਰਪਾ ਕਰੇ ਆਪ ਗਿਰਧਾਰੇ ਜੋ ਜਨ ਆਇਣ ਚਲ ਦਵਾਰੇ । ਭਰੇ ਰਹਿਣ ਸਦ ਭੰਡਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਜਗਾਏ ਤੇਰੀ ਕਾਇਆ ਮਹਿਲ ਮੁਨਾਰੇ । ਆਤਮ ਦੀਪਕ ਹੋਏ ਉਜਿਆਰੀ । ਏਕਾ ਜੋਤ ਸ਼ਬਦ ਉਡਾਰੀ । ਵੇਖੇ ਵਿਗਸੇ ਕਰੇ ਵਿਚਾਰੀ । ਮਾਨਸ ਜਨਮ ਜਾਏ ਸਵਾਰੀ । ਜੋ ਜਨ ਚਰਨ ਕਰੇ ਨਿਮਸਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਓ ਸਦਾ ਬਲਿਹਾਰੀ । ਪ੍ਰਭ ਅਬਿਨਾਸ਼ੀ ਤਾਰਨਹਾਰਾ । ਸੋਹੰ ਦੇਵੇ ਨਾਮ ਅਧਾਰਾ । ਨਾਮ ਰੰਗ ਜੋਤ ਅਪਾਰਾ । ਦੂਤੀ ਦੁਸ਼ਟ ਦੰਡੇ ਚਲਾਏ ਖੰਡਾ ਦੋ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਚ ਦਵਾਰਾ । ਤੀਨ ਲੋਕ ਇਕ ਵਿਹਾਰਾ । ਤੀਨ ਲੋਕ ਇਕ ਜੈਕਾਰਾ । ਤੀਨ ਲੋਕ ਇਕ ਭੰਡਾਰਾ । ਤੀਨ ਲੋਕ ਏਕਾ ਏਕ ਸ਼ਬਦ ਹੁਲਾਰਾ । ਤੀਨ ਲੋਕ ਏਕਾ ਹਰਿ ਏਕਾ ਦਰ ਦੇਵੇ ਸਾਚਾ ਵਰ, ਪ੍ਰਭ ਸਾਚੇ ਦਾ ਸਚ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਦੇਵਣਹਾਰ ਸਚ ਵਰਤਾਰਾ । ਤੀਨ ਲੋਕ ਸਾਚਾ ਵਾਸੀ, ਤੀਨ ਲੋਕ ਹਰਿ ਪੁਰਖ ਅਬਿਨਾਸ਼ । ਤੀਨ ਲੋਕ ਏਕਾ ਜੋਤ ਕਰੇ ਪਰਕਾਸ਼ । ਏਕਾ ਸ਼ਬਦ ਚਲਾਏ ਸਵਾਸ । ਆਪ ਕਰਾਏ ਆਪਣੇ ਚਰਨ ਦਾਸ । ਸਾਚਾ ਸ਼ਬਦ ਸੋਹੰ ਚਲਾਏ ਸਵਾਸ । ਆਪ ਕਰਾਏ ਆਪਣੇ ਚਰਨ ਦਾਸ । ਸਾਚਾ ਸ਼ਬਦ ਸੋਹੰ ਬੇਮੁਖਾਂ ਕਰੇ ਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਕਰਾਏ ਆਪਣੀ ਰਾਸ ।

ਸਾਚੀ ਰਾਸ ਸਾਚੀ ਧਾਰ । ਸੋਹੰ ਸ਼ਬਦ ਤੇਜ ਕਟਾਰ । ਗੁਰਮੁਖਾਂ ਆਤਮ ਕਰੇ ਉਜਿਆਰ । ਅੰਮ੍ਰਿਤ ਬਰਖੇ ਇਕ ਫੁਹਾਰ । ਗੁਰਸਿਖਾਂ ਦੇਵੇ ਬੈਕੁੰਠ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਜਪਾਏ ਆਪ ਰਖਾਏ ਚੜ੍ਹਾਏ ਨਾਮ ਖੁਮਾਰ । ਨਾਮ ਖੁਮਾਰੀ ਦਿਵਸ ਰਾਤੀ । ਸ਼ਬਦ ਲਗਾਏ ਸਾਚੀ ਕਾਤੀ । ਜੋਤ ਜਗਾਏ ਬਿਨ ਤੇਲ ਬਾਤੀ । ਮਿਲੇ ਵਡਿਆਈ ਵਿਚ ਜੀਵ ਮਾਤੀ । ਜ਼ਾਤ ਪਾਤ ਨਾ ਹਰਿ ਪਛਾਤੀ । ਦੇਵੇ ਦਾਨ ਆਪ ਬਣਾਏ ਚਰਨ ਨਾਤੀ । ਸਚ ਮਾਤ ਗੁਰਸਿਖ ਜਾਣੇ, ਹਰਿ ਦੇਵੇ ਦਰਸ ਸੁੱਤਿਆਂ ਰਾਤੀ । ਆਪ ਪੜ੍ਹਾਏ ਸੋਹੰ ਇਕ ਜਮਾਤ, ਭਰਮ ਭੁਲੇਖਾ ਨਾ ਹੋਵੇ ਬਹੁ ਭਾਤੀ । ਆਪੇ ਪੁੱਛੇ ਅੰਤਮ ਵਾਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਸਾਚੇ ਖੜਾ ਰਹੇ ਸਰਹਾਣੇ ਤੇਰੇ ਸੁੱਤਿਆਂ ਰਾਤੀ । ਗੁਰਸਿਖ ਸੋਇਆ ਪ੍ਰਭ ਸਾਚਾ ਜਾਗੇ । ਸਦ ਖਲ੍ਹੋਇਆ ਹਰਿ ਸਾਚਾ ਆਗੇ । ਦਾਗ਼ ਪਾਪਾਂ ਧੋਇਆ, ਕਲਜੁਗ ਫੇਰ ਨਾ ਲਾਗੇ । ਸੋਹੰ ਬੀਜ ਸਾਚਾ ਬੋਇਆ, ਸ਼ਬਦ ਲਿਖਾਇਆ ਜੋ ਪਹਿਲੀ ਮਾਘੇ । ਪ੍ਰਭ ਅਬਿਨਾਸ਼ੀ ਭੇਵ ਚੁਕਾਏ ਦੋਇਆ, ਗੁਰਸਿਖ ਹੰਸ ਬਣਾਏ ਕਾਗੇ । ਬੇਮੁਖ ਗੂੜ੍ਹੀ ਨੀਂਦ ਕਲਜੁਗ ਸੋਇਆ, ਨਾ ਸੋਇਆ ਜਾਗੇ । ਅੰਤਕਾਲ ਮਿਲੇ ਨਾ ਢੋਇਆ, ਜੂਠੇ ਝੂਠੇ ਦਰ ਤੋਂ ਭਾਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਧਰੇ ਜੋ ਚਰਨੀ ਲਾਗੇ । ਚਰਨ ਲਾਗ ਸਚ ਪ੍ਰੀਤੀ । ਹਰਿ ਸਾਚਾ ਜਗ ਸਾਚੀ ਰੀਤੀ । ਮਾਨਸ ਜਨਮ ਜਾਓ ਜਗ ਜੀਤੀ । ਔਧ ਜਾਏ ਕਲਜੁਗ ਬੀਤੀ । ਆਪ ਕਰਾਏ ਪਤਤ ਪੁਨੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਕਮਾਏ ਚਰਨ ਪ੍ਰੀਤੀ । ਚਰਨ ਪ੍ਰੀਤੀ ਜੋ ਜਨ ਕਮਾਏ । ਸੋਹੰ ਸ਼ਬਦ ਰਸਨਾ ਗਾਏ । ਦਾਸਨ ਦਾਸਨਾ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਹਰਿ ਸਦ ਜਗਤ ਰਹਾਏ । ਹਰਿ ਹਰਿ ਹਰਿ ਭਗਤ ਵਰਤਾਰਾ । ਹਰਿ ਹਰਿ ਹਰਿ ਖੇਲ ਅਪਾਰਾ । ਹਰਿ ਹਰਿ ਹਰਿ ਇਕ ਅਕਾਰਾ । ਹਰਿ ਹਰਿ ਹਰਿ ਇਕ ਪਸਾਰਾ । ਹਰਿ ਹਰਿ ਹਰਿ ਜੋਤ ਧਰ, ਦੇਵੇ ਜੁਗੋ ਜੁਗ ਵਿਚ ਸੰਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਜੋਤ ਨਿਰੰਕਾਰਾ । ਹਰਿ ਹਰਿ ਹਰਿ ਜੋਤ ਅਬਿਨਾਸ਼ੀ । ਹਰਿ ਹਰਿ ਹਰਿ ਸਰਬ ਘਟ ਵਾਸੀ । ਹਰਿ ਹਰਿ ਹਰਿ ਮਾਤ ਜੋਤ ਧਰ ਦੁਸ਼ਟਾਂ ਜਾਏ ਸੰਘਾਰ, ਸ੍ਰਿਸ਼ਟ ਸਬਾਈ ਕਰਾਏ ਚਰਨ ਦਾਸੀ । ਹਰਿ ਹਰਿ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਘਨਕਪੁਰ ਵਾਸੀ । ਹਰਿ ਹਰਿ ਹਰਿ ਜੋਤ ਪਰਗਟਾਈ । ਹਰਿ ਹਰਿ ਹਰਿ ਚੌਥੇ ਜੁਗ ਅੰਤਮ ਅੰਤ ਖੇਲ ਰਚਾਈ । ਹਰਿ ਹਰਿ ਹਰਿ ਵੇਦ ਅਥਰਬਣ ਅੰਤ ਮੁਕਾਈ । ਹਰਿ ਹਰਿ ਹਰਿ ਕਰਨੀ ਕਰ ਧਰਨੀ ਧਰ ਆਪਣੇ ਭਾਣੇ ਵਿਚ ਸਮਾਈ । ਹਰਿ ਹਰਿ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀ ਘਨਕ ਹਰਿ ਭਾਗ ਲਗਾਈ । ਹਰਿ ਹਰਿ ਹਰਿ ਰੰਗ ਅਵੱਲੜਾ । ਹਰਿ ਹਰਿ ਹਰਿ ਜੋਤ ਪਰਗਟਾਈ ਨਿਤ ਵਸੇ ਇਕੱਲੜਾ । ਹਰਿ ਹਰਿ ਹਰਿ ਅੰਤਮ ਅੰਤ ਕਲ ਸਾਚਾ ਨਾਮ ਧਰਾਈ, ਸੋਹੰ ਸ਼ਬਦ ਸਚ ਸੁਖੱਲੜਾ । ਹਰਿ ਹਰਿ ਹਰਿ ਗੁਰਮੁਖਾਂ ਝੋਲੀ ਪਾਈ, ਕਰਾਏ ਭਾਰਾ ਪੱਲੜਾ । ਹਰਿ ਹਰਿ ਹਰਿ ਇਕ ਜੋਤ ਜਗਾਏ, ਗੁਰਸਿਖ ਬਣਾਏ ਲਾਲ ਅਮੁੱਲੜਾ । ਹਰਿ ਹਰਿ ਹਰਿ ਸਾਚਾ ਦਰ, ਕਲਜੁਗ ਜੀਵ ਰਹੇ ਅੰਤਕਾਲ ਕਲ ਭੁੱਲੜਾ । ਹਰਿ ਹਰਿ ਹਰਿ ਜੋਤ ਲਈ ਮਾਤ ਧਰ, ਬੇਮੁਖ ਨਾ ਆਵੇ ਦਰ, ਅੰਤਕਾਲ ਵਿਚ ਮਾਤ ਦੇ ਰੁਲੜਾ । ਹਰਿ ਹਰਿ ਹਰਿ ਆਤਮ ਜੋਤ ਦੇਵੇ ਧਰ, ਜੋਤੀ ਜੋਤ ਸਰੂਪ ਕਾਇਆ ਤਨ ਬਣਾਏ ਸਾਚਾ ਕੁੱਲੜਾ । ਹਰਿ ਹਰਿ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ

੪੧੦ ੦੨

ਚਰਨ ਲਾਗ ਤੇਰਾ ਅੰਮ੍ਰਿਤ ਆਤਮ ਅੱਜੇ ਨਾ ਡੁੱਲੜਾ । ਹਰਿ ਹਰਿ ਹਰਿ ਅੰਮ੍ਰਿਤ ਧਾਰੀ । ਹਰਿ ਹਰਿ ਹਰਿ ਗੁਰਸਿਖਾਂ ਜਾਏ ਪੈਜ ਸਵਾਰੀ । ਹਰਿ ਹਰਿ ਹਰਿ ਗੁਰਸਿਖ ਜਾਏ ਤਰ ਵਿਚ ਮਾਤ ਆਏ ਚਰਨ ਦਵਾਰੀ । ਹਰਿ ਹਰਿ ਹਰਿ ਕਲੰਕਨਿਹ ਅਵਤਾਰ ਨਰ, ਆਪ ਫੜੇ ਹੱਥ ਸ਼ਬਦ ਕਟਾਰੀ । ਹਰਿ ਹਰਿ ਹਰਿ ਗੁਰਮੁਖਾਂ ਖੁਲ੍ਹਾਏ ਆਤਮ ਦਰ, ਏਕਾ ਜੋਤ ਕਰੇ ਅਕਾਰੀ । ਹਰਿ ਹਰਿ ਹਰਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੋਹਣ ਤੇਰੇ ਚਰਨ ਦਵਾਰੀ । ਹਰਿ ਹਰਿ ਹਰਿ ਪ੍ਰਭ ਸਾਚਾ ਸੋਖ । ਹਰਿ ਹਰਿ ਹਰਿ ਸਾਚਾ ਮੋਖ । ਹਰਿ ਹਰਿ ਹਰਿ ਆਪ ਮਿਟਾਏ ਆਤਮ ਦੋਖ । ਹਰਿ ਹਰਿ ਹਰਿ ਸ਼ਬਦ ਸਾਚੇ ਸੰਤ ਆਪ ਜਪਾਏ ਸੋਹੰ ਸਾਚਾ ਨਾਮ ਸੋਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰ ਦਰਸ, ਨਾ ਵਿਚ ਮਾਤ ਤਰਸ, ਮਿਟਾ ਹਰਸ, ਅੰਮ੍ਰਿਤ ਮੇਘ ਪ੍ਰਭ ਦੇਵੇ ਬਰਸ, ਆਪ ਮਿਟਾਏ ਤੇਰੀ ਤ੍ਰਿਸ਼ਨਾ ਭੇਖ । ਹਰਿ ਹਰਿ ਹਰਿ ਤ੍ਰਿਸ਼ਨ ਨਿਵਾਰੀ । ਹਰਿ ਹਰਿ ਹਰਿ ਆਤਮ ਦੇਵੇ ਨਾਮ ਅਧਾਰੀ । ਹਰਿ ਹਰਿ ਹਰਿ ਵਡ ਦਾਤਾ ਸ਼ਬਦ ਭੰਡਾਰੀ । ਹਰਿ ਹਰਿ ਹਰਿ ਖੰਡ ਬ੍ਰਹਿਮੰਡ ਹਰਿ ਪਵਣ ਆਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਨਿਰੰਕਾਰੀ । ਨਿਰੰਕਾਰ ਨਿਰੰਕਾਰਾ । ਹਰਿ ਸਾਚਾ ਰੂਪ ਅਪਾਰਾ । ਕਲਜੁਗ ਜੀਵ ਭਾਂਡਾ ਕਾਚਾ, ਨਾ ਜਾਣੇ ਅਗੰਮ ਅਪਾਰਾ । ਜਿਸ ਜਨ ਹਿਰਦੇ ਵਾਚਾ, ਤਿਸ ਪਾਵੇ ਹਰਿ ਸਾਰਾ । ਜੂਠੇ ਝੂਠੇ ਹੋਇਣ ਖੁਆਰਾ । ਗੁਰਮੁਖ ਸਾਚੇ ਸੋਹੰ ਸਾਚਾ ਸ਼ਬਦ ਕਰੇ ਵਣਜ ਵਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਚਾਰ ਵਰਨ ਏਕਾ ਸਰਨ ਸਚ ਦਰਬਾਰਾ । ਚਾਰ ਵਰਨ ਹਰਿ ਕਾਜ ਸਵਾਰੇ । ਚਾਰ ਵਰਨ ਸੋਹਣ ਚਰਨ ਦਵਾਰੇ । ਖੁਲ੍ਹੇ ਹਰਨ ਫਰਨ ਜੋ ਜਨ ਸੋਹੰ ਰਸਨਾ ਉਚਾਰੇ । ਕਿਰਪਾ ਕਰੇ ਧਰਨੀ ਧਰਨ, ਪ੍ਰਭ ਸਾਚਾ ਕਾਜ ਸਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਕਰ ਕਿਰਪਾ ਪਾਰ ਉਤਾਰੇ । ਚਾਰ ਵਰਨ ਵੇਖ ਵਿਚਾਰ । ਪ੍ਰਭ ਅੰਮ੍ਰਿਤ ਬਰਖ਼ੇ ਕਿਰਪਾ ਧਾਰ । ਨਾ ਕੋਈ ਦੇਵੇ ਬਿਨ ਪ੍ਰਭ ਆਤਮ ਠਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਬਖ਼ਸ਼ੇ ਚਰਨ ਪਿਆਰ । ਆਪੇ ਬਖ਼ਸ਼ੇ ਚਰਨ ਪਿਆਰਾ । ਚਾਰ ਵਰਨ ਇਕ ਦਵਾਰਾ । ਆਪੇ ਵਰਤੇ ਨਾਮ ਭੰਡਾਰਾ । ਸਾਚਾ ਨਾਮ ਸੋਹੰ ਸ਼ਬਦ ਅਪਾਰਾ । ਸਾਚਾ ਜਾਮ ਪੀ ਗੁਰਸਿਖ ਰਹੇ ਸਦਾ ਖੁਮਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਤੇਰਾ ਦਸਮ ਦਵਾਰਾ । ਪ੍ਰਭ ਅਬਿਨਾਸ਼ੀ ਜੋਤ ਜਗਾਏ ਵਡ ਦਾਤਾ ਅਨਮੁਲ । ਕਲਜੁਗ ਜੀਵ ਮਾਇਆ ਵੇਖ ਨਾ ਕਲਜੁਗ ਭੁੱਲ । ਸੋਹੰ ਕੰਡਾ ਪ੍ਰਭ ਸਾਚੇ ਲਾਇਆ, ਪ੍ਰਭ ਸਾਚੇ ਦਰ ਆਓ ਜਾਓ ਤੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਸਦਾ ਸਦਾ ਅਤੁੱਲ ਅਨਭੁੱਲ । ਆਪ ਅਨਭੁੱਲ ਜਗਤ ਭੁਲਾਇਆ । ਆਪ ਅਤੁੱਲ ਜਗਤ ਤੁਲਾਇਆ । ਆਪ ਅਡੁੱਲ ਜਗਤ ਡੁਲਾਇਆ । ਆਪ ਅਰੁੱਲ ਜਗਤ ਰੁਲਾਇਆ । ਸ਼ਬਦ ਅੰਧੇਰੀ ਕਲਜੁਗ ਜਾਏ ਝੁੱਲ । ਗੁਰਮੁਖ ਸਾਚੇ ਸਚ ਦਵਾਰ ਨਾ ਜਾਣਾ ਭੁੱਲ । ਸੋਹੰ ਦਾਨ ਪ੍ਰਭ ਝੋਲੀ ਪਾਏ, ਸਚ ਦਵਾਰ ਗਿਆ ਖੁਲ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੰਚਮ ਜੇਠ ਗੁਰਸਿਖਾਂ ਦੇਵੇ ਨਾਮ ਅਨਮੁੱਲ । ਪੰਚਮ ਜੇਠ ਹਰਿ ਗੁਰਸਿਖ ਵਡਿਆਏ । ਜਨ ਭਗਤਾਂ ਹਰਿ ਲੇਖ ਲਿਖਾਏ । ਵਾਕ ਭਵਿਖਤ ਸੁਣਾਏ । ਬਹੱਤਰ ਜਾਮੇ ਪੂਰ ਕਰਾਏ । ਇਕ ਇਕੱਤਰ ਆਪ ਹੋ ਜਾਏ । ਸੱਤਰ ਬਹੱਤਰ ਨਾ ਕੋਈ ਰਹਾਏ । ਸ਼ਬਦ ਪੱਤਰ ਆਪ ਝੁਲਾਏ । ਏਕਾ ਬੱਤਰ ਸਚ ਬੀਜ ਉਪਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਮੇਘ ਬਰਸ ਗੁਰਮੁਖਾਂ ਆਤਮ ਸਿੰਚ ਸਿੰਚਾਏ । ਗੁਰਮੁਖ ਸਾਚੇ ਮਾਣ ਦਵਾਵਣਾ ।


੪੧੧
੦੨

ਸਚਖੰਡ ਨਿਵਾਸੀ ਸਚ ਕਰਮ ਕਮਾਵਣਾ । ਖੰਡ ਵਰਭੰਡ ਬ੍ਰਹਿਮੰਡ ਸਰਬ ਉਲਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਵਣਾ । ਬ੍ਰਹਮਲੋਕ ਹਰਿ ਆਪ ਉਲਟਾਏ । ਸਚ ਨਿਵਾਸ ਬ੍ਰਹਮਾ ਛੱਡ ਜਾਏ । ਇਕ ਪਰਕਾਸ਼ ਜੋਤ ਹਰਿ ਰਾਏ । ਸਰਬ ਵਿਨਾਸ, ਕੋਈ ਰਹਿਣ ਨਾ ਪਾਏ । ਦਾਸਨ ਦਾਸ ਦਇਆ ਕਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਚੰਨ ਚੜ੍ਹਾਏ । ਸਤਿਜੁਗ ਸਾਚਾ ਚੜ੍ਹੇ ਚੰਨ । ਗੁਰਮੁਖਾਂ ਬੇੜਾ ਜਏ ਬੰਨ੍ਹ । ਆਪ ਉਠਾਏ ਆਪਣੇ ਕੰਨ੍ਹ । ਅੰਤਕਾਲ ਨਾ ਕਾਲ ਖੋਹੇ ਤਨ । ਸ਼ਾਂਤ ਕਰਾਏ ਗੁਰਮੁਖ ਮਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਸ਼ਬਦ ਸੁਣਾਏ ਕੰਨ । ਸਾਚਾ ਸ਼ਬਦ ਕੰਨ ਸੁਣਾਇਆ । ਆਤਮ ਅੰਧ ਅੰਧੇਰ ਮਿਟਾਇਆ । ਗੁਰਮੁਖ ਸਾਚੇ ਦੂਜੀ ਵੇਰ ਜਨਮ ਦਵਾਇਆ । ਆਪ ਆਪਣੀ ਸਰਨ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸੇਵ ਲਗਾਇਆ । ਸੇਵ ਕਰਾਈ ਆਪਣੇ ਹੱਥ ਰੱਖੇ ਵਡਿਆਈ । ਵੇਲੇ ਅੰਤ ਹੋਏ ਸਹਾਈ । ਸਾਚੇ ਸੰਤ ਪੈਜ ਰਖਾਈ । ਦੇਵ ਦੰਤ ਸਰਨ ਲਗਾਈ । ਸਾਚਾ ਕੰਤ ਪਤਿ ਰਖਾਈ । ਘਨਕਪੁਰ ਵਾਸੀ ਮਾਤ ਜੋਤ ਪਰਗਟਾਈ । ਜੋਤ ਸਰੂਪੀ ਜੋਤ ਹਰਿ, ਰਚਨਾ ਸਚ ਰਚਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਰਖਾਈ । ਨਿਹਕਲੰਕ ਕਲ ਨਾਮ ਲਿਖਾਰਾ । ਕਲਜੁਗ ਮਿਟਾਏ ਧੁੰਦੂਕਾਰਾ । ਏਕਾ ਜੋਤ ਮਾਤਲੋਕ ਕਰੇ ਅਕਾਰਾ । ਗੁਰਮੁਖਾਂ ਪਾਵੇ ਆਪੇ ਸਾਰਾ । ਆਪੇ ਦੇਵੇ ਨਾਮ ਅਧਾਰਾ । ਸਚ ਪ੍ਰੀਤੀ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਦੇਵੇ ਅਪਰ ਅਪਾਰਾ । ਅੰਮ੍ਰਿਤ ਬਰਖਾ ਆਪੇ ਕਰੇ । ਗੁਰਮੁਖ ਸੁੱਕੇ ਹੋਏ ਹਰੇ । ਆਪ ਗਵਾਏ ਜਗਤ ਡਰੇ । ਨਾ ਉਹ ਜਨਮੇ ਨਾ ਉਹ ਮਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤੇਰੇ ਦਰ ਦਵਾਰੇ ਖੜੇ । ਆਤਮ ਵੇਖ ਦਰ ਦਵਾਰੀ । ਜਿਥੇ ਵਸੇ ਆਪ ਨਿਰੰਕਾਰੀ । ਪ੍ਰਭ ਦੇਵੇ ਦਰਸ ਜੋਤ ਸਰੂਪ ਅਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੂਪੀ ਸ਼ਬਦ ਅਧਾਰੀ । ਸ੍ਰਿਸ਼ਟ ਸਬਾਈ ਲਾਏ ਡੰਨ । ਗੁਰਮੁਖਾਂ ਬੇੜਾ ਜਾਏ ਬੰਨ੍ਹ । ਗੁਰਮੁਖਾਂ ਮਿਟਾਏ ਝੇੜਾ ਝੂਠਾ ਜਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧਰਤ ਮਾਤ ਤੇਰਾ ਖੁਲ੍ਹਾਏ ਕਰਾਏ ਵਿਹੜਾ ਖੁਲ੍ਹਾ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ । ਆਪ ਮੁਕਾਏ ਜਗਤ ਝੇੜਾ । ਸ੍ਰਿਸ਼ਟ ਸਬਾਈ ਕਰਾਏ ਭੇੜ ਭੇੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਚੁਕਾਏ ਗੇੜਾ । ਗੁਰਮੁਖਾਂ ਵਕਤ ਸੁਹਾਵਣਾ । ਗੁਰਸਿਖਾਂ ਰਸਨਾ ਗਾਵਨਾ । ਪ੍ਰਭ ਅਬਿਨਾਸ਼ੀ ਸਾਚਾ ਪਾਵਣਾ । ਸਰਬ ਘਟ ਵਾਸੀ ਹਿਰਦੇ ਵਿਚ ਵਸਾਵਣਾ । ਏਕਾ ਜੋਤ ਮਾਤ ਪਰਕਾਸ਼ੀ, ਕਲਜੁਗ ਅੰਧੇਰ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੰਚਮ ਜੇਠ ਸਾਚਾ ਵਾਕ ਭਵਿਖਤ ਲਿਖਾਵਣਾ । ਪੰਚਮ ਜੇਠ ਸਚ ਲਿਖਾਵਣਾ । ਵੇਖ ਵੇਖ ਵੇਖ ਬੇਮੁਖ ਮਿਟਾਵਣਾ । ਭੇਖ ਭੇਖ ਭੇਖ ਜਗਤ ਵਖਾਵਣਾ । ਲੇਖ ਲੇਖ ਲੇਖ ਸਤਿਜੁਗ ਸਾਚਾ ਲੇਖ ਲਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਮ ਧਰਾਵਣਾ । ਆਪੇ ਬਣੇ ਵਡ ਸਿਕਦਾਰੀ । ਹਰਿ ਹਰਿ ਹਰਿ ਸੱਚਾ ਹਰਿ ਨਿਰੰਕਾਰੀ । ਚਾਰ ਕੁੰਟ ਕਰਾਏ ਹਾਹਾਕਾਰੀ । ਤੀਨ ਲੋਕ ਬਿਲਲਾਇਣ, ਕੋਈ ਨਾ ਦੀਸੇ ਸਚ ਦਰਬਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਤ ਸਾਚੀ ਜੋਤ ਕਰੇ ਅਕਾਰੀ । ਹੋਏ ਅਕਾਰਾ ਵਿਚ ਸੰਸਾਰਾ । ਪ੍ਰਭ ਗਿਰਧਾਰ ਸ਼ਬਦ ਅਧਾਰਾ । ਜੋਤੀ ਜੋਤ ਸਰੂਪ ਲਏ ਮਾਤ ਅਵਤਾਰਾ । ਪੰਚਮ ਜੇਠ ਪੰਚ ਪਰਵਾਨ ਹਰਿ ਬਣੇ ਸਚ ਵਰਤਾਰਾ । ਪੰਚਮ ਜੇਠ ਪੰਚਮ ਪਰਵਾਨ । ਪੰਚਮ ਪੰਚਮ ਪੰਚਮ

ਪ੍ਰਭ ਦੇਵੇ ਆਤਮ ਬ੍ਰਹਮ ਗਿਆਨ । ਪੰਚਮ ਪੰਚਮ ਪੰਚਮ ਪ੍ਰਭ ਸਾਚੀ ਜੋਤ ਧਰੇ ਮਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਿਠਾਏ ਵਿਚ ਸ਼ਬਦ ਬਬਾਣ । ਸ਼ਬਦ ਬਬਾਣ ਗੁਰਸਿਖ ਉਠਾਏ । ਆਪ ਆਪਣੇ ਸੰਗ ਰਲਾਏ । ਅੰਗ ਸੰਗ ਆਪ ਹੋ ਜਾਏ । ਤੂਰ ਤੁਰੰਗ ਵਡ ਸੂਰਾ ਸਰਬੰਗ ਚਾਰ ਕੁੰਟ ਹੋ ਆਏ । ਸ੍ਰਿਸ਼ਟ ਸਬਾਈ ਕਰਾਏ ਤੰਗ, ਆਪ ਅਟੱਲ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਕਰਾਏ ਭੰਗ, ਗੁਰਸਿਖਾਂ ਸਦ ਵਿਚ ਸਮਾਏ । ਅੰਮ੍ਰਿਤ ਨਾਮ ਗੁਣ ਨਿਧਾਨਾ । ਆਤਮ ਦੇਵੇ ਬ੍ਰਹਮ ਗਿਆਨਾ । ਰਸਨਾ ਜਪ ਜਪ ਜੀਵ ਹੋਏ ਚਤੁਰ ਸੁਜਾਨਾ । ਏਕਾ ਸਾਚਾ ਤਪ ਧੀਰਜ ਯਤ ਰਖਾਣਾ । ਸੋਹੰ ਸ਼ਬਦ ਸਾਚਾ ਵੱਤ, ਸਚ ਆਤਮ ਬੀਜ ਬਿਜਾਣਾ । ਆਪੇ ਦੇ ਸਮਝਾਵੇ ਮਤ, ਮਦਿਰਾ ਮਾਸ ਰਸਨਾ ਤਜਾਣਾ । ਆਪੇ ਜਾਣੇ ਮਿਤ ਗਤ, ਸਾਚੀ ਸ਼ਬਦ ਧੁਨ ਉਪਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣਾ । ਅੰਮ੍ਰਿਤ ਸਾਚਾ ਗੁਰਸਿਖ ਜਾਣੋ । ਸਾਚਾ ਸਰ ਅੰਮ੍ਰਿਤ ਆਤਮ ਪਛਾਣੋ । ਕਲਜੁਗ ਨਾ ਭੁੱਲੇ ਜੀਵ ਅੰਞਾਣੇ । ਅੰਤਮ ਅੰਤ ਨਾ ਰੁਲੋ, ਦਰ ਆਓ ਸਾਚੇ ਸਾਚਾ ਰੰਗ ਮਾਣੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਘਟਾਂ ਘਟ ਜਾਣੀ ਜਾਣੇ । ਅੰਮ੍ਰਿਤ ਪੀਓ ਸਾਚਾ ਸੀਰ । ਬਜਰ ਕਪਾਟੀ ਦੇਵੇ ਚੀਰ । ਕਾਇਆ ਮਾਟੀ ਚਾਟੀ ਪ੍ਰਭ ਸ਼ਬਦ ਰਖਾਏ ਧੀਰ । ਆਪ ਚੜ੍ਹਾਏ ਔਖੀ ਘਾਟੀ, ਵਡ ਵਡ ਦਾਤਾ ਵਡ ਪੀਰਨ ਪੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਈ ਦਵੈਤ ਦੇਵੇ ਚੀਰ । ਦੂਈ ਦਵੈਤ ਦੂਰ ਕਰ । ਏਕਾ ਜੋਤ ਨੂਰ ਦੇਵੇ ਧਰ । ਸਾਚਾ ਸਤਿ ਸਰੂਪ ਦਿਸੇ ਆਤਮ ਘਰ । ਸਰਬ ਗੁਣਾਂ ਭਰਪੂਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੇਵੇ ਸਾਚਾ ਵਰ । ਸਰਬ ਗੁਣਾਂ ਹਰਿ ਹਰਿ ਹਰਿ ਭਰਪੂਰਾ । ਅਨਹਦ ਸ਼ਬਦ ਵਜਾਵੇ ਸਾਚੀ ਤੂਰਾ । ਗੁਰਮੁਖ ਸਾਚੇ ਲੈਣ ਸੁਣ, ਬੇਮੁਖ ਕਲ ਰਹੇ ਝੂਰਾ । ਸਾਚੇ ਸੰਤ ਘਰ ਸਾਚੇ ਗੱਜਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਬਣਾਏ ਵਡ ਵਡ ਸੂਰਾ । ਵਡ ਵਡ ਸੂਰ ਆਪ ਵਡ ਦਾਨੀ । ਸੋਹੰ ਦੇਵੇ ਆਤਮ ਹੋਏ ਬ੍ਰਹਮ ਗਿਆਨੀ । ਗੁਰਮੁਖ ਸਾਚੇ ਸੰਤ ਜਨ, ਹਰਿ ਦੇਵੇ ਸ਼ਬਦ ਜਗਤ ਨਿਸ਼ਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਜਨ ਭਗਤਾਂ ਕਰੇ ਮਿਹਰਬਾਨੀ । ਮਿਹਰਬਾਨ ਮਿਹਰਬਾਨ ਵਡ ਮਿਹਰਬਾਨ । ਸੋਹੰ ਦੇਵੇ ਸਾਚਾ ਦਾਨ । ਆਤਮ ਇਕ ਲਗਾਏ ਖਿਚ ਬਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਆਪ ਰਖਾਏ ਆਪਣੀ ਆਣ । ਆਪ ਆਪਣੀ ਆਣ ਰਖਾਏ । ਨਿਤਾਣਿਆਂ ਤਾਣ ਆਪ ਹੋ ਜਾਏ । ਨਿਮਾਣਿਆਂ ਸੁਘੜ ਬਾਲ ਅੰਞਾਣਿਆਂ ਪ੍ਰਭ ਗਲੇ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਜਰਵਾਣਿਆਂ ਵਿਚ ਖ਼ਾਕ ਰੁਲਾਏ । ਵਡ ਵਡ ਵਡ ਜਰਵਾਣੇ । ਨਾ ਕੋਈ ਦਿਸਣ ਰਾਜੇ ਰਾਣੇ । ਆਪ ਮਿਟਾਏ ਵਡ ਵਡ ਮਹਾਂਰਾਣੇ । ਏਕਾ ਜੋਤ ਜਗੇ ਭਗਵਾਨੇ । ਦੂਸਰ ਨਾ ਕੋਈ ਦਿਸੇ ਜਗਤ ਨਿਸ਼ਾਨੇ । ਸੋਹੰ ਸ਼ਬਦ ਗੁਰਸਿਖਾਂ ਹੱਥ ਪ੍ਰਭ ਬੱਧੇ ਗਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋ ਜਨ ਸਾਚਾ ਜਾਣੇ । ਸਾਚਾ ਮਾਣੋ ਹਰਿ ਭਗਵੰਤ । ਦੇਵੇ ਵਡਿਆਈ ਵਿਚ ਜੀਵ ਜੰਤ । ਆਪ ਬਣਾਏ ਗੁਰਸਿੱਖ ਸਾਚੇ ਸੰਤ । ਸੋਹੰ ਸ਼ਬਦ ਜਪਾਏ ਜੇਹਵਾ ਕਰਾਏ ਸਾਚਾ ਮੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਕਰੇ ਭਸਮੰਤ । ਸ੍ਰਿਸ਼ਟ ਸਬਾਈ ਹੋਏ ਭਸਮੰਤ । ਕਲਜੁਗ ਵੇਲਾ ਆਇਆ ਅੰਤ । ਪ੍ਰਭ ਅਬਿਨਾਸ਼ੀ ਭੁੱਲੇ ਸਰਬ ਜੀਵ ਜੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਪਾਈ ਬੇਅੰਤ । ਜਨ ਭਗਤ ਆਪ ਜਗਾਏ । ਆਪ ਆਪਣਾ ਰਿਹਾ ਛੁਪਾਏ ।

ਜੋਤ ਸਰੂਪੀ ਖੇਲ ਵਰਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅੰਧ ਅੰਧੇਰ ਜਗਤ ਕਰਾਏ । ਆਪ ਕਰਾਏ ਅੰਧ ਅੰਧੇਰ । ਨਾ ਕਿਸੇ ਦੀਸੇ ਸੰਝ ਸਵੇਰ । ਸ੍ਰਿਸ਼ਟ ਸਬਾਈ ਆਪ ਡੁਲਾਏ ਭੁਲਾਏ ਰੁਲਾਏ ਕਰ ਕਰ ਹੇਰ ਫੇਰ । ਵੇਲੇ ਅੰਤ ਆਪ ਖਪਾਏ ਪਵਾਏ ਵਿਚ ਚੁਰਾਸੀ ਗੇੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਅੰਤ ਦਏ ਨਬੇੜ । ਬੇਮੁਖਾਂ ਅੰਤ ਨਬੇੜ ਕਰ । ਕਲਜੁਗ ਝੂਠੀ ਖੇਲ ਮੇਟ ਕਰ । ਗੁਰਮੁਖ ਸਾਚੇ ਸੰਤ ਜਨ, ਸੋਹੰ ਪੱਲੂ ਵਿਚ ਲਪੇਟ ਕਰ । ਪ੍ਰਭ ਅਬਿਨਾਸ਼ੀ ਸੰਤ ਮਨੀ ਆਪਣਾ ਸੀਸ ਸਾਚਾ ਭੇਟ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਸਤਿਗੁਰ ਉਪਜਾਏ ਲੱਖ ਚੁਰਾਸੀ ਵੇਖ ਕਰ । ਮਨੀ ਸਿੰਘ ਤੇਰੇ ਹੱਥ ਵਡਿਆਈ । ਸਾਚਾ ਛਤਰ ਤੇਰੇ ਸੀਸ ਝੁਲਾਈ । ਕਿਰਪਾ ਕਰੇ ਆਪ ਰਘੁਰਾਈ । ਤੀਨ ਲੋਕ ਜਿਸ ਜੋਤ ਜਗਾਈ । ਅਵਣ ਗਵਣ ਪਵਣ ਮੇਘ ਸਵਣ ਬਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈ ਜੈਕਾਰ ਕਰਾਈ । ਸੰਤ ਮਨੀ ਸਿੰਘ ਵਡ ਦਾਤਾ । ਚਾਰ ਵਰਨ ਕਾ ਏਕਾ ਗਿਆਤਾ । ਦੇਵੇ ਵਡ ਵਡ ਦਾਤ ਪ੍ਰਭ ਸੋਹੰ ਵਡ ਦਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਏਕਾ ਪੁਰਖ ਬਿਧਾਤਾ । ਸਤਿਜੁਗ ਮਨੀ ਸਿੰਘ ਸਤਿਗੁਰ ਬਨਾਣਾ । ਸਤਿਜੁਗ ਸਾਚੇ ਆਪ ਉਪਜਾਣਾ । ਸਾਚਾ ਲੇਖ ਪੰਚਮ ਜੇਠ ਲਿਖਾਣਾ । ਸ੍ਰਿਸ਼ਟ ਸਬਾਈ ਝੂਠਾ ਭੇਖ ਨਿਹਕਲੰਕ ਲਿਖਾਵਣਾ । ਬੇਮੁਖ ਜੀਵ ਵੇਖ ਵੇਖ ਕਰ, ਪ੍ਰਭ ਸਾਚੇ ਨਸ਼ਟ ਕਰਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਕਲਕੀ ਅਵਤਾਰ ਫਿਰ ਅਖਵਾਵਣਾ । ਨਿਹਕਲੰਕ ਕਲਕੀ ਅਵਤਾਰਾ । ਮਾਤਲੋਕ ਜਾਮਾ ਧਾਰਾ । ਗੁਰ ਗੋਬਿੰਦ ਤੇਰਾ ਸ਼ਬਦ ਅਪਾਰਾ । ਵੇਲੇ ਅੰਤ ਬਣਿਓ ਲੇਖ ਲਿਖਾਰਾ । ਸ੍ਰਿਸ਼ਟ ਸਬਾਈ ਹੋਏ ਦੁਖ ਭਾਰਾ । ਬੇਮੁਖਾਂ ਨਾ ਸੁਣੇ ਕੋਈ ਪੁਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਵਿਚ ਮਾਤ ਲਿਆ ਅਵਤਾਰਾ । ਗੁਰ ਗੋਬਿੰਦ ਇਹ ਸ਼ਬਦ ਲਿਖਾ ਕੇ । ਗੁਰਮੁਖ ਸਾਚੇ ਮਾਰਗ ਪਾ ਕੇ । ਏਕਾ ਮਾਣ ਏਕਾ ਤਾਣ ਇਕ ਨਿਸ਼ਾਨ ਰਖਾ ਕੇ । ਸਚ ਸ਼ਬਦ ਵਿਚ ਬਬਾਣ ਚੜ੍ਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾ ਕੇ । ਗੁਰ ਗੋਬਿੰਦ ਤੇਰਾ ਲਿਖਿਆ ਲੇਖ । ਪ੍ਰਭ ਅਬਿਨਾਸ਼ੀ ਧੁਰ ਦਰਗਾਹੇ ਬੈਠਾ ਰਿਹਾ ਵੇਖ । ਅੰਤਮ ਕਲ ਮਾਤ ਵਿਚ ਆਇਆ ਕਰ ਜੋਤ ਸਰੂਪੀ ਭੇਖ । ਆਪ ਪਕੜ ਪਛਾੜੇ ਬੇਮੁਖਾਂ ਕਲ ਵੇਖ । ਕਲਜੁਗ ਮਿਟਾਏ ਅੰਤ ਝੂਠੀ ਰੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਜਗਾਏ ਕਲਜੁਗ ਵੇਖ । ਗੁਰ ਪੂਰੇ ਸਦ ਬਲਿਹਾਰੀ । ਗੁਰ ਪੂਰੇ ਸਦ ਨਿਮਸਕਾਰੀ । ਗੁਰ ਪੂਰੇ ਕਿਰਪਾ ਧਾਰੀ । ਗੁਰਮੁਖ ਸਾਚੇ ਮਾਤ ਲਗਾਏ ਸੱਚੀ ਫੁਲਵਾੜੀ । ਆਪੇ ਰੱਖੇ ਲਜ ਪਤਿ ਜੋ ਚਰਨ ਛੁਹਾਏ ਦਾਹੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਵਾਰੇ ਪਿੱਛਾ ਅਗਾੜੀ । ਸਚ ਗੁਰ ਚਰਨ ਨਿਮਸਕਾਰੋ । ਕਰ ਦਰਸ ਪਾਰਬ੍ਰਹਮ ਗੁਰ ਕਰਤਾਰੋ । ਸਚ ਗੁਰ ਚਰਨ ਬਲਿਹਾਰੋ । ਜਨਮ ਮਰਨ ਕਲ ਗੇੜ ਨਿਵਾਰੋ । ਸਚ ਗੁਰ ਸਚ ਘਰ ਬਾਹਰੋ । ਚਰਨ ਲਾਗ ਆਤਮ ਖੋਲ੍ਹੋ ਦਰ ਦਵਾਰੋ । ਸਚ ਘਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਨਰਾਇਣ ਨਰ ਅਵਤਾਰੋ । ਸਚ ਗੁਰ ਵਡ ਸੂਰਬੀਰਾ । ਗੁਰਮੁਖ ਉਪਜਾਏ ਵਿਚ ਮਾਤ ਸਤਿਜੁਗ ਸਾਚਾ ਹੀਰਾ । ਸਚ ਗੁਰ ਸੋਹੰ ਸ਼ਬਦ ਚਲਾਏ ਤੀਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਗੁਰ, ਗੁਰਸਿਖ ਬੰਨ੍ਹਾਏ ਸਿਰ ਸੋਹੰ ਚੀਰਾ । ਸਚ ਗੁਰ ਵਡ ਪੀਰਨ ਪੀਰਾ । ਸਚ ਗੁਰ ਅੰਤਮ ਅੰਤ ਕਲ ਮਾਣ ਗਵਾਏ ਪੀਰ ਫ਼ਕੀਰਾਂ । ਸਚ ਗੁਰ ਗੁਰਸਿਖਾਂ ਕੱਟੇ ਗਲੋਂ ਜੰਜੀਰਾ । ਸਚ


੪੧੪ ੦੨

੪੧੫
੦੨

ਗੁਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਸ਼ਬਦ ਦੇਵੇ ਧੀਰਾ । ਸਚ ਗੁਰ ਸਰਬ ਭਰਵਾਸ । ਸਚ ਗੁਰ ਗੁਰਮੁਖਾਂ ਕਰੇ ਦੁਖੜੇ ਨਾਸ । ਸਚ ਗੁਰ ਸਚ ਸ਼ਬਦ ਚਲਾਏ ਸਵਾਸ ਸਵਾਸ । ਸਚ ਗੁਰ ਮਾਨਸ ਸਚ ਗੁਰ ਗੁਰਸਿਖ ਵਡਿਆਏ ਲੋਕ ਤੀਨ ਵਿਚ ਮਾਤ ਪਤਾਲ ਅਕਾਸ਼ । ਸਚ ਗੁਰ ਗੁਰਸਿਖਾਂ ਕਰਾਏ ਸਚਖੰਡ ਨਿਵਾਸ । ਸਚ ਗੁਰ ਆਦਿ ਜੁਗਾਦਿ ਸਦ ਸਦਾ ਗੁਰਸਿਖਾਂ ਵਸੇ ਪਾਸ । ਸਚ ਗੁਰ ਦਰ ਆਏ ਸੀਸ ਝੁਕਾਏ ਕੋਇ ਨਾ ਜਾਏ ਨਿਰਾਸ । ਸਚ ਗੁਰ ਅੰਮ੍ਰਿਤ ਸਾਚਾ ਸੀਰ ਪਿਲਾਏ, ਸਾਚੀ ਦੇਵੇ ਸ਼ਬਦ ਧਰਵਾਸ । ਸਚ ਗੁਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਉਮੇ ਰੋਗ ਗਵਾਏ, ਹੋਏ ਗੁਰਸਿਖਾਂ ਦਾਸ । ਸਤਿਗੁਰ ਸਾਚਾ ਦਾਸ ਦਸੰਤਰ । ਸਤਿਗੁਰ ਸਾਚਾ ਆਪ ਬੁਝਾਏ ਪੰਚਾਂ ਲੱਗੀ ਬਸੰਤਰ । ਸਤਿਗੁਰ ਸਾਚਾ ਸਰਬ ਜੀਆਂ ਦੀ ਜਾਣੇ ਆਤਮ ਅੰਤਰ । ਸਤਿਗੁਰ ਸਾਚਾ ਮਾਤ ਜਪਾਏ, ਸਤਿਜੁਗ ਸਾਚਾ ਮਾਰਗ ਲਾਏ, ਸੋਹੰ ਰਖਾਏ ਸਾਚਾ ਮੰਤਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਫੇਰ ਬਣਾਏ ਸਾਚੀ ਬਣਤਰ । ਸਤਿਗੁਰ ਸਾਚਾ ਬਣਤ ਬਣਾਏ । ਆਪ ਅਗਣਤ ਨਾ ਗਣਿਆ ਜਾਏ । ਸਾਧ ਸੰਤ ਕੋਈ ਭੇਵ ਨਾ ਪਾਏ । ਬੇਅੰਤ ਬੇਅੰਤ ਸਭ ਗਏ ਗਾਏ । ਆਦਿ ਅੰਤ ਨਾ ਕੋਈ ਜਣਾਏ । ਜੀਵ ਜੰਤ ਕਲਜੁਗ ਭੁੱਲੇ ਰਹੇ ਝੂਠੇ ਮਰਦੰਗ ਵਜਾਏ । ਮਾਇਆਧਾਰੀ ਵਿਚ ਮਾਇਆ ਰੁਲੇ, ਪ੍ਰਭ ਅਬਿਨਾਸ਼ੀ ਗਏ ਭੁਲਾਏ । ਗੁਰਮੁਖਾਂ ਘਰ ਸਾਚਾ ਖੁੱਲ੍ਹੇ, ਪੰਚਮ ਜੇਠ ਨਿਹਕਲੰਕ ਮਾਤ ਜੋਤ ਪਰਗਟਾਏ । ਸ੍ਰਿਸ਼ਟ ਸਬਾਈ ਜਾਏ ਪਹਿਲੇ ਬੁੱਲੇ, ਏਕਾ ਸ਼ਬਦ ਅੰਧੇਰ ਝੁਲਾਏ । ਚਾਰ ਕੁੰਟ ਵਿਚ ਖ਼ਾਕ ਦੇ ਰੁਲੇ, ਬਾਂਹੋਂ ਪਕੜ ਨਾ ਕੋਈ ਉਠਾਏ । ਅੰਤਕਾਲ ਕਲਜੁਗ ਗਏ ਅਨਮੁੱਲੇ, ਕੋਈ ਕੌਡੀ ਮੁੱਲ ਨਾ ਪਾਏ । ਅੰਮ੍ਰਿਤ ਭਾਂਡੇ ਸਭ ਦੇ ਡੁੱਲੇ, ਮਦਿਰਾ ਮਾਸੀ ਰਸਨ ਹਲਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਕਲਜੁਗ ਪਾਣੀ ਪਾਏ ਚੁੱਲੇ, ਕਿਸੇ ਘਰ ਨਾ ਹੋਏ ਰੁਸ਼ਨਾਏ । ਝੂਠੇ ਫਲ ਵਾਂਗ ਸਿਮਲ ਹੁੱਲੇ, ਦੂਜੀ ਵਾਰ ਨਾ ਕੋਈ ਮਾਤ ਲਗਾਏ । ਗੁਰਸਿਖਾਂ ਦਰ ਸਾਚੇ ਖੁਲ੍ਹੇ, ਸੋਹੰ ਭਿਛਿਆ ਪ੍ਰਭ ਸਾਚਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਦਇਆ ਕਮਾਏ । ਸਤਿਗੁਰ ਸਾਚਾ ਜੋਤੀ ਜੋਤ । ਚਾਰ ਵਰਨ ਕਰਾਏ ਏਕਾ ਗੋਤ । ਗੁਰਸਿਖਾਂ ਦੁਰਮਤ ਮੈਲ ਜਾਏ ਧੋਤ । ਆਪ ਖੁਲ੍ਹਾਏ ਆਤਮ ਸੋਤ । ਬੇਮੁਖ ਕਲਜੁਗ ਅੰਤਮ ਰਹੇ ਰੋਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਮਿਟਾਏ ਖਪਾਏ ਨਾ ਕਿਸੇ ਰਹੇ ਦੋਧ ਪੋਤ । ਮੇਟ ਮਿਟਾਏ ਹੋਏ ਅੰਧ । ਆਪੇ ਢਾਹੇ ਪਾਪਾਂ ਕੰਧ । ਨਾ ਕਿਸੇ ਦੀਸੇ ਸਵੇਰ ਸੰਞ । ਆਤਮ ਵੱਜਾ ਝੂਠਾ ਜੰਦ । ਆਪਣਾ ਆਪ ਗਵਾਇਆ ਬੇਮੁਖਾਂ ਪਰਮਾਨੰਦ । ਵੇਲਾ ਗਿਆ ਹੱਥ ਨਾ ਆਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ਼ਬਦ ਲਿਖਾਇਆ ਵਿਚ ਬੱਤੀ ਦੰਦ । ਲਿਖਿਆ ਲੇਖ ਕੌਣ ਮਿਟਾਏ । ਵਡ ਵਡ ਵਡ ਫੜ ਫੜ ਫੜ ਧੌਣ ਸਭ ਸਰਨ ਲਗਾਏ । ਸੋਹੰ ਚਲਾਏ ਵਿਚ ਉਨੰਜਾ ਪਵਣ, ਤੀਨ ਲੋਕ ਜੈ ਜੈ ਜੈਕਾਰ ਕਰਾਏ । ਗੁਰਮੁਖਾਂ ਮਿਲੇ ਨਾ ਸਵਣ, ਦਿਵਸ ਰੈਣ ਇਕ ਰੰਗ ਰੰਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੰਗ ਆਪਣਾ ਆਪ ਨਿਭਾਏ । ਆਪ ਨਿਭਾਏ ਆਪਣਾ ਸੰਗ । ਆਤਮ ਚਾੜ੍ਹੇ ਸਾਚਾ ਰੰਗ । ਸੋਹੰ ਸ਼ਬਦ ਕੱਸੇ ਤੇਰਾ ਤੰਗ । ਸ਼ਬਦ ਸਰੂਪੀ ਸਚ ਤੁਰੰਗ । ਸ੍ਰਿਸ਼ਟ ਖਵਾਰੀ ਹੋਏ ਭੰਗ । ਕਲਜੁਗ ਜੀਵ ਭੰਨਾਏ ਜਿਉਂ ਕਾਚੀ ਵੰਗ । ਧਰਮ ਰਾਏ ਦੇ ਦਰ ਦੇਵੇ ਟੰਗ । ਵੇਲੇ ਅੰਤਮ ਅੰਤਕਾਲ, ਪ੍ਰਭ ਕੀਨੇ ਸਾਰੇ ਨੰਗ । ਝੂਠੀ ਮਾਇਆ ਜਗਤ ਧਨ ਮਾਲ, ਨਾ ਕੋਈ ਜਾਵੇ ਪਾਰ ਲੰਘ । ਸੋਹੰ ਵਸਤ ਸਚ ਸੰਭਾਲ । ਵੇਲੇ

ਅੰਤ ਹੋਵੇ ਸੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਾਚਾ ਦਰਸ ਦਾਨ ਜੀਵ ਦਰ ਮੰਗ । ਦਰ ਘਰ ਮੰਗੋ ਇਕ ਧਿਆਨਾ । ਸਚ ਸ਼ਬਦ ਗੁਰ ਰੂਪ ਸਮਾਨਾ । ਆਦਿ ਅੰਤ ਦੇਵੇ ਪ੍ਰਭ ਸਾਚੇ ਸੰਤ ਇਕ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਸਚ ਵਖਾਣਾ । ਸਾਚੋ ਸਚ ਹਰਿ ਆਪ ਵਖਾਨਿਆਂ । ਜੋਤ ਸਰੂਪੀ ਪਹਿਰ ਬਾਨਿਆਂ । ਸ੍ਰਿਸ਼ਟ ਸਬਾਈ ਆਪ ਭੁਨਾਏ ਜਿਉਂ ਭਠਿਆਲੇ ਦਾਨਿਆਂ । ਗੁਰਮੁਖ ਸਾਚੇ ਰੰਗ ਸਾਚਾ ਮਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਗੋਦ ਉਠਾਏ ਗੁਰਸਿਖਾਂ ਬਾਲ ਅੰਞਾਨਿਆ । ਗੁਰਸਿਖਾਂ ਹਰਿ ਗੋਦ ਉਠਾਈ । ਆਤਮ ਸੋਧ ਦਇਆ ਕਮਾਈ । ਅਗਾਧ ਬੋਧ ਬੋਧ ਅਗਾਧ ਪ੍ਰਭ ਰਿਹਾ ਸ਼ਬਦ ਲਿਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਨਾ ਕਿਸੇ ਜਣਾਈ । ਆਪਣਾ ਭੇਵ ਨਾ ਕਿਸੇ ਜਣਾਇਆ । ਸ੍ਰਿਸ਼ਟ ਸਬਾਈ ਆਪ ਭੁਲਾਇਆ । ਆਪਣੇ ਭਾਣੇ ਵਿਚ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਵਿਚ ਸਮਾਇਆ । ਸ੍ਰਿਸ਼ਟ ਸਬਾਈ ਨਾ ਕਿਸੇ ਜਣਾਇਆ । ਆਪਣਾ ਖੇਲ ਆਪ ਰਚਾਇਆ । ਆਵਣ ਜਾਣ ਜਾਣ ਆਵਣ ਆਦਿ ਅੰਤ ਵਿਚ ਮਾਤ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲ ਆਪਣਾ ਆਪ ਧਰਮ ਧਰਾਇਆ । ਕਰਮ ਕਰ ਤੀਨ ਲੋਕ ਉਪਜਾਈ । ਚੌਦਾਂ ਲੋਕ ਹਰਿ ਸਮਾਈ । ਨਾਭ ਕਵਲ ਬ੍ਰਹਮਾ ਉਪਜਾਈ । ਆਤਮ ਸਾਚੀ ਬੂਝ ਬੁਝਾਈ । ਦੀਪਕ ਜੋਤੀ ਜੋਤ ਜਗਾਈ । ਕਾਇਆ ਸੋਤੀ ਆਪ ਉਠਾਈ । ਝੂਠੀ ਮੈਲ ਧੋਤੀ ਸਾਚੀ ਬੂਝ ਬੁਝਾਈ । ਜੋਤ ਸਰੂਪੀ ਜੋਤ ਹਰਿ, ਏਕਾ ਦੇਵੇ ਜਗਤ



ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖਾਂ ਆਤਮ ਜੋਤ ਧਰੇ ਮਹਾਨਾ । ਏਕਾ ਦੇਵੇ ਵਡ ਵਡ ਦਾਨ । ਆਤਮ ਉਪਜੇ ਬ੍ਰਹਮ ਗਿਆਨ । ਸਾਚਾ ਕਰੇ ਚਰਨ ਧਿਆਨ । ਏਕਾ ਸ਼ਬਦ ਧੁਨ ਲੱਗੇ ਕਾਨ । ਮੁਨ ਸੁਨ ਜਨ ਖੋਲ੍ਹੇ ਵਡ ਮਿਹਰਬਾਨ । ਜੋਤੀ ਜੋਤ ਸਰੂਪ ਕਿਰਪਾ ਕਰੇ ਆਪ ਭਗਵਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਕਿਰਪਾ ਕਰੇ ਆਪ ਭਗਵਾਨ । ਸਾਚਾ ਸ਼ਬਦ ਦੇਵੇ ਵਤ । ਰਸਨਾ ਜਪ ਸ੍ਰਿਸ਼ਟ ਸਬਾਈ ਏਕਾ ਜਪ । ਸ਼ਬਦ ਸਰੂਪੀ ਸਾਚਾ ਤਪ । ਸ੍ਰਿਸ਼ਟ ਸਬਾਈ ਭਰੀ ਪਪ । ਜੋਤੀ ਜੋਤ ਨਿਰੰਜਣ ਕਰੇ ਖੇਲ ਅਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਮਾਈ ਬਪ । ਆਪ ਕਰੇ ਸਰਬ ਪਛਾਣ । ਸੋਹੰ ਦੇਵੇ ਬ੍ਰਹਮ ਗਿਆਨ । ਗੁਰਮੁਖ ਸਦ ਰਸਨ ਵਖਾਣ । ਸ੍ਰਿਸ਼ਟ ਸਬਾਈ ਕਰੇ ਵੈਰਾਨ । ਅੰਤਮ ਅੰਤਕਾਲ ਨਾ ਲਿਖਾਇਆ ਕਿਸੇ ਵੇਦ ਪੁਰਾਨ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪੇ ਕਰੇ ਪਛਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਕਲਜੁਗ ਵੇਲੇ ਅੰਤ ਹੋਸਣ ਭਸਮੰਤ । ਨਾ ਜਾਨਣ ਜੀਵ ਜੰਤ । ਨਾ ਪ੍ਰਭ ਅਬਿਨਾਸ਼ੀ ਕੋਈ ਜਾਣੇ ਮਾਇਆ ਪਾਈ ਬੇਅੰਤ । ਕਲਜੁਗ ਝੂਠੇ ਖੇਲ ਮਿਟਾਏ ਸਾਰੀ ਬਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕਿਸੇ ਪਛਾਨਿਆ ਸਾਚਾ ਕੰਤ । ਬ੍ਰਹਮਾ ਅੰਤਮ ਹੋਏ ਅਖ਼ੀਰ । ਕੋਈ ਨਾ ਦੇਵੇ ਅੰਤਮ ਧੀਰ । ਕਲਜੁਗ ਅੰਤਮ ਲੱਥੇ ਚੀਰ । ਵਿਚ ਬ੍ਰਹਿਮੰਡ ਹੋਏ ਵਹੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਕਰੇ ਅਖ਼ੀਰ । ਬ੍ਰਹਮਾ ਤੇਰਾ ਮਾਣ ਚੁਕਾਇਆ । ਵੇਲਾ ਅੰਤਮ ਅੰਤ ਆਇਆ । ਲਿਖਿਆ ਲੇਖ ਆਪ ਰਘੁਰਾਇਆ । ਚੌਥੇ ਜੁਗ ਆਣ ਮੁਕਾਇਆ । ਲਹਿਣਾ ਲਹਿਣੇਦਾਰ ਆਪ ਅਖਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਸਮਾਇਆ । ਲਹਿਣੇਹਾਰ ਇਕ ਕਰਤਾਰਾ । ਦੇਵਣਹਾਰ ਸਰਬ ਸੰਸਾਰਾ । ਆਪੇ ਲੇਖਾ ਅੰਤ ਚੁਕਾਵੇ, ਪ੍ਰਭ ਅਬਿਨਾਸ਼ੀ ਵਡ ਗਿਰਧਾਰਾ । ਆਪ ਮਿਟਾਵੇ ਆਪ

੪੧੯
੦੨

ਖਪਾਵੇ ਆਪ ਉਪਾਵੇ, ਨਾ ਕੋਈ ਪਾਵੇ ਸਾਰਾ । ਕੋਈ ਨਾ ਜਾਣੇ ਪ੍ਰਭ ਦਾ ਅੰਤ । ਆਪੇ ਆਪ ਹਰਿ ਭਗਵੰਤ । ਜੋਤ ਸਰੂਪ ਸਰਬ ਵਰਤੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਉਪਜਾਏ ਗੁਰਮੁਖ ਸਾਚੇ ਸੰਤ । ਗੁਰਸਿਖ ਤੇਰੇ ਹੱਥ ਵਡਿਆਈ । ਸਚ ਪਦਵੀ ਪ੍ਰਭ ਦਰ ਤੇ ਪਾਈ । ਮਾਤਲੋਕ ਦਰ ਸੇਵ ਕਮਾਈ । ਸਾਚੀ ਜੋਤ ਹਰਿ ਵਿਚ ਟਿਕਾਈ । ਸਚਖੰਡ ਨਿਵਾਸ ਆਪ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਚੌਥੇ ਜੁਗ ਅੰਤਮ ਖੇਲ ਕਰਾਈ । ਬ੍ਰਹਮਾ ਬ੍ਰਹਮਲੋਕ ਤਜਾਏ । ਜੋਤ ਸਰੂਪੀ ਹਰਿ ਜੋਤ ਮਿਲਾਏ । ਆਪ ਆਪਣੇ ਵਿਚ ਸਮਾਏ । ਭੇਵ ਕੋਈ ਰਹੇ ਨਾ ਰਾਏ । ਚੌਥਾ ਵੇਦ ਅੰਤ ਹੋ ਜਾਏ । ਚਾਰ ਮੁਖ ਜੋ ਬ੍ਰਹਮਾ ਲਿਖਾਏ । ਆਪੇ ਵੇਖ ਵਿਚਾਰ ਭੇਖ ਮਿਟਾਏ । ਆਪ ਆਪਣੇ ਸੰਗ ਰਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਜੋਤ ਧਰ ਕਲਜੁਗ ਅੰਤ ਕਰਾਏ । ਆਪ ਜਣਾਏ ਬ੍ਰਹਮਾ ਗੁਣ । ਬ੍ਰਹਿਮੰਡ ਖੰਡ ਚੁੱਕਿਆ ਆਵਣ ਜਾਣ । ਅੰਡਜ ਜੇਰਜ ਨਾ ਹੋਏ ਪਰਵਾਨ । ਸਚ ਜੋਤ ਧਰੇ ਭਗਵਾਨ । ਜੋਤ ਸਰੂਪੀ ਜੋਤ ਹਰਿ, ਜੋਤੀ ਜੋਤ ਬਲੀ ਬਲਵਾਨ । ਚਾਰ ਜੁਗ ਚਾਰ ਘਰ ਚਾਰ ਦਰ ਚਾਰ ਵਰ ਆਪੇ ਆਣ । ਵੇਲਾ ਅੰਤ ਜਾਏ ਕਰ, ਬ੍ਰਹਮਾ ਬ੍ਰਹਮਲੋਕ ਜਾਏ ਹਰਿ, ਪ੍ਰਭ ਸਾਚਾ ਦੇਵੇ ਸਚ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਬਿਠਾਏ ਬਬਾਣ । ਜੋਤ ਸਰੂਪੀ ਵਿਚ ਬਬਾਣਾ । ਆਪ ਬਿਠਾਏ ਸਚ ਟਿਕਾਣਾ । ਏਕਾ ਓਥੇ ਆਣਾ ਜਾਣਾ । ਦੂਸਰ ਕਿਸੇ ਥਾਉਂ ਨਾ ਪਾਣਾ । ਤੀਸਰ ਕੋਈ ਦਿਸੇ ਨਾ ਟਿਕਾਣਾ । ਚੌਥੇ ਸੰਗ ਪ੍ਰਭ ਵੇਖ ਵੇਖ, ਚੜ੍ਹਾਏ ਰੰਗ ਮਹਾਨਾ । ਜਗੇ ਜੋਤ ਭਗਤ ਭਗਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਵਿਚ ਜੋਤੀ ਮੇਲ ਮਿਲਾਨਾ । ਬ੍ਰਹਮਾ ਜੋਤੀ ਜੋਤ ਮਿਲਾਇਆ । ਆਪ ਆਪਣੇ ਸੰਗ ਰਲਾਇਆ । ਅੰਗ ਸੰਗ ਨਾ ਕੋਇ ਭੇਵ ਰਖਾਇਆ । ਲੱਖ ਲੱਖ ਜੋ ਬਚਨ ਲਿਖਾਇਆ । ਵੱਖ ਵੱਖ ਵੱਖ ਪ੍ਰਭ ਆਪਣਾ ਆਪ ਰਖਾਇਆ । ਰੱਖ ਰੱਖ ਰੱਖ ਅੰਤਕਾਲ ਪ੍ਰਭ ਸਾਚੇ ਧਾਮ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੇ ਵਿਚ ਸਮਾਇਆ । ਸਾਚਾ ਧਾਮ ਏਕ ਅਟੱਲ । ਏਕਾ ਜੋਤ ਜਗੇ ਅਚੱਲ । ਨਾ ਹੋਏ ਅੰਧੇਰਾ ਘੜੀ ਪਲ । ਜੋਤ ਉਨੰਜਾ ਰਹੀ ਚਵਰ ਝੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪ ਅਟੱਲ, ਹਰਿ ਹਰਿ ਹਰਿ ਸਾਚਾ ਸਦ ਰਹੇ ਆਪ ਅਚੱਲ । ਸਚ ਧਾਮ ਆਪ ਬਹਾਇਆ । ਪੂਰਨ ਕਾਮ ਪ੍ਰਭ ਆਪ ਕਰਾਇਆ । ਆਪਣੇ ਧਾਮ ਆਪ ਸੁਹਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਜੋਤੀ ਜੋਤ ਸਰੂਪ ਸਦ ਡਗਮਗਾਇਆ । ਸਦਾ ਸਦਾ ਹਰਿ ਡਗਮਗਾਏ । ਅੰਗ ਸੰਗ ਆਪ ਹੋ ਜਾਏ । ਸਾਚਾ ਨਾਮ ਰੰਗ ਚੜ੍ਹਾਏ । ਸੋਹੰ ਸਾਚਾ ਤਗ ਵਿਚ ਮਾਤ ਆਪ ਤਨ ਪਹਿਨਾਏ । ਬੇਮੁਖ ਝੂਠੇ ਜੀਵ ਰਹੇ ਬਿਲਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਵਿਚ ਗੁਰ ਸੰਗਤ ਆਪ ਸੁਣਾਏ । ਗੁਰ ਸੰਗਤ ਹਰਿ ਰਿਹਾ ਸਮਾਏ । ਗੁਰ ਸੰਗਤ ਸਤਿ ਜਣਾਏ । ਲਿਖਿਆ ਲੇਖ ਨਾ ਕੋਈ ਮਿਟਾਏ । ਸ੍ਰਿਸ਼ਟ ਸਬਾਈ ਆਪ ਖਪਾਏ । ਚਾਰ ਕੁੰਟ ਦਹਿ ਦਿਸ ਉਠ ਧਾਵੇ । ਕੋਈ ਵਿਰਲਾ ਜਨ ਚਰਨ ਧੂੜ ਇਸ਼ਨਾਨ ਨਹਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਦਇਆ ਕਮਾਵੇ । ਗੁਰਸਿਖਾਂ ਦਰ ਸਾਚੇ ਥੀਵਣਾ । ਕਰ ਦਰਸ ਵਿਚ ਮਾਤ ਜੀਵਣਾ । ਚਰਨ ਲਾਗ ਉਤਰੇ ਭੁੱਖ, ਆਪ ਜਵਾਓ ਆਤਮ ਦੀਵਣਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਰਸ ਆਤਮ ਦਰ ਸਾਚੇ ਪੀਵਣਾ । ਅੰਮ੍ਰਿਤ ਪੀਵਣਾ ਸਦਾ ਜਗ ਜੀਵਣਾ । ਤਨ ਪਾਟਾ ਵਿਚ ਮਾਤ ਘਾਟਾ, ਨਾ ਮਿਲੇ ਸ਼ਬਦ

ਆਟਾ, ਕੀ ਅੱਗੇ ਜਾਏ ਚਾਟਾ, ਬੇਮੁਖਾਂ ਦਿਸਣ ਦੂਰ ਵਾਟਾਂ, ਗੁਰਸਿਖਾਂ ਕੱਟੀਆਂ ਘਾਟਾਂ, ਸੋਹੰ ਸ਼ਬਦ ਜਪਾਵੇ ਰਿਦੇ ਵਸਾਵੇ ਜੋਤ ਜਗਾਵੇ ਵਿਚ ਲਲਾਟਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰ ਕਰਾਏ ਦਰ ਆਇਆ ਘਾਟਾ । ਦਰ ਆਏ ਦਰਗਹਿ ਪਰਵਾਨ । ਜਿਥੇ ਝੁੱਲੇ ਸਚ ਨਿਸ਼ਾਨ । ਸਾਚੇ ਕੰਡੇ ਤੁਲੇ ਦਰ ਪਰਵਾਨ । ਭਾਗ ਲਗਾਇਣ ਆਪਣੀ ਕੁੱਲੇ, ਜੋ ਜਨ ਨਿਹਕਲੰਕ ਤੇਰੀ ਸਰਨ ਸੀਸ ਝੁਕਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਵਿਸ਼ਨੂੰ ਭਗਵਾਨ । ਭਗਤ ਭਗਵਾਨਿਆਂ, ਦੇਵੇ ਦਾਨਿਆਂ, ਆਤਮ ਜਾਨਿਆਂ, ਧੂੜ ਇਸ਼ਨਾਨਿਆਂ, ਬ੍ਰਹਮ ਗਿਆਨਿਆਂ ਜੋਤ ਜਗਾਏ ਮਹਾਨਿਆਂ, ਜਾਣੀ ਜਾਣ ਵੇਦ ਪੁਰਾਨਿਆਂ, ਆਦਿ ਅੰਤ ਏਕਾ ਰੰਗ ਏਕਾ ਅੰਕ ਪ੍ਰਭ ਸਾਚੇ ਜਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆ ਦੇਵੇ ਸ਼ਬਦ ਦਾਨਿਆਂ । ਸ਼ਬਦ ਦਾਨ ਤੁੱਟੇ ਮਾਣ ਦੇਵੇ ਭਗਵਾਨ, ਗੁਰਮੁਖ ਵਿਰਲੇ ਰਸਨਾ ਗਾਣ, ਪ੍ਰਭ ਅਬਿਨਾਸ਼ੀ ਸਾਚਾ ਪਾਣ । ਸਰਬ ਘਟ ਵਾਸੀ ਰਿਦੇ ਸਮਾਣ । ਗਰਭਵਾਸ ਫੇਰ ਨਾ ਆਣ । ਦਸ ਦਿਸਾਸੀ ਫੇਰ ਫਿਰਾਣ । ਸ਼ਾਹੋ ਸ਼ਬਾਸੀ ਸਤਿ ਪੁਰਖ ਸੁਜਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਕਰੇ ਪਛਾਣ । ਪੁਰਖ ਅਪਾਰਾ, ਭਗਤ ਅਧਾਰਾ, ਜਗਤ ਸੁਧਾਰਾ, ਸ਼ਬਦ ਆਰਾ । ਸ੍ਰਿਸ਼ਟ ਸਬਾਈ ਚੀਰ ਚਿਰਾਏ ਕਰੇ ਦੋ ਫਾੜਾ । ਦੋਏ ਦਲ ਉਠੇ ਧਾੜਾ । ਏਕਾ ਜੋਤ ਅਗਨ ਲਗਾਏ, ਜੂਹ ਜੰਗਲ ਵਿਚ ਪਹਾੜਾ । ਬੈਠ ਮਗਨ ਖੇਲ ਵਰਤਾਏ, ਸ੍ਰਿਸ਼ਟ ਸਬਾਈ ਚਬਾਏ ਹੇਠ ਦਾੜ੍ਹਾ । ਆਪਣਾ ਭਾਣਾ ਆਪ ਵਰਤਾਏ, ਬੇਮੁਖ ਕਲਜੁਗ ਜੀਵਾਂ ਮੌਤ ਬਣਾਏ ਲਾੜੀ ਲਾੜਾ । ਅੰਤਕਾਲ ਕਲਜੁਗ ਵਿਦਾ ਕਰਾਏ, ਮੌਤ ਘੋੜੀ ਪ੍ਰਭ ਸਾਚੇ ਚਾੜ੍ਹਾ । ਧਰਮ ਰਾਏ ਰਾਹ ਸਿੱਧਾ ਦਿਸਾਏ, ਨਰਕ ਨਿਵਾਸ ਸਚ ਅਖਾੜਾ । ੪੧੮
ਅੰਤਕਾਲ ਨਾ ਕੋਈ ਛੁਡਾਏ, ਨਾ ਕੋਈ ਬੰਨ੍ਹਾਏ ਪੱਲੇ ਨਾਮ ਭਾੜਾ । ਜਮਦੂਤਾਂ ਪ੍ਰਭ ਹੱਥ ਫੜਾਏ, ਆਪ ਉਜਾੜੇ ਕਰਮਾਂ ਵਾੜਾ । ਪੁੱਠੇ ਕਰ ਦਰ ਟੰਗਾਏ, ਅਗਨ ਲਗਾਏ ਵਿਚ ਬਹੱਤਰ ਨਾੜਾ । ਪਾਪਾਂ ਸੰਗ ਆਪ ਨੁਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਰਗਾਹੋਂ ਪਾਏ ਝਾੜਾਂ । ਧੁਰ ਦਰਗਹਿ ਨਾ ਜਾਏ ਢੁੱਕ । ਧਰਮ ਰਾਏ ਦਰ ਜਾਏ ਰੁਕ । ਜੂਠਾ ਝੂਠਾ ਸਵਾਸ ਜਾਏ ਸੁੱਕ । ਲਹਿਣਾ ਦੇਣਾ ਏਥੇ ਜਾਏ ਮੁੱਕ । ਬੇਮੁਖਾਂ ਹੱਥ ਨਾ ਆਵੇ ਟੁੱਕ । ਦਿਵਸ ਰੈਣ ਰਹੇ ਬਿਲਲਾਏ, ਕੋਈ ਨਾ ਜਾਏ ਨੇੜੇ ਢੁੱਕ । ਬੇਮੁਖ ਕਲਜੁਗ ਜੀਵ ਵੇਲੇ ਅੰਤ ਜਾਇਣ ਮੁੱਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਅੰਤਮ ਅੰਤ ਕਲਜੁਗ ਆਪਣੀ ਗੋਦ ਲਏ ਚੁੱਕ । ਆਪਣੀ ਗੋਦ ਆਪ ਉਠਾਏ । ਧਰਮ ਰਾਏ ਜਮ ਨੇੜ ਨਾ ਆਏ । ਜੋ ਜਨ ਪ੍ਰਭ ਸਾਚੇ ਸਰਨ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸੰਗ ਨਿਭਾਏ । ਗੁਰਸਿਖ ਮਿਲਿਆ ਏਕਾ ਸਾਚਾ ਦਰ । ਸਦਾ ਸਦ ਵਸੇ ਸਾਚੇ ਘਰ । ਦਰ ਦਵਾਰ ਬਹਾਇਆ ਸਾਚੇ ਹਰਿ । ਕਲਜੁਗ ਅੰਤਮ ਦੇਵੇ ਕਰ । ਧਰੂ ਦਰਬਾਨ ਦਰ ਅਗੇ ਖੜ । ਪ੍ਰਭ ਅਬਿਨਾਂਸ਼ੀ ਫੜਿਆ ਲੜ । ਚੌਥੀ ਪੌੜੀ ਗਿਆ ਚੜ੍ਹ । ਸਾਚੇ ਅੰਦਰ ਜਾਏ ਵੜ । ਵਿਚ ਅਕਾਸ਼ ਉਖਾੜੀ ਜੜ੍ਹ । ਆਪ ਮਿਟਾਏ ਜੋ ਲਏ ਘੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਮੇਲ ਮਿਲਾਏ ਜਨ ਭਗਤਾਂ ਬਾਂਹੋਂ ਫੜ । ਬਾਂਹੋਂ ਫੜ ਦਰ ਧਰੂ ਉਠਾਇਆ । ਸਵਛ ਸਰੂਪੀ ਦਰਸ ਦਿਖਾਇਆ । ਆਪ ਆਪਣੇ ਵਿਚ ਮਿਲਾਇਆ । ਆਵਣ ਜਾਣ ਪਤਤ ਪਾਵਨ ਲੇਖ ਮੁਕਾਇਆ । ਵੇਲੇ ਅੰਤ ਜਿਉਂ ਬਲ ਬਾਵਨ ਦਇਆ ਕਮਾਇਆ । ਪੂਰ ਕਰਾਈ ਅੰਤਮ ਕਾਮਨ, ਚੌਥੇ ਜੁਗ ਲੇਖ ਲਿਖਾਇਆ । ਜਨ ਭਗਤ ਬਣੇ ਆਪੇ ਜਾਮਨ,

ਵੇਲੇ ਅੰਤ ਲਏ ਛੁਡਾਇਆ । ਵਕਤ ਚੁਕਾਇਆ ਬ੍ਰਹਮਾ ਬ੍ਰਾਹਮਨ, ਧਰੂ ਜੋਤੀ ਸੰਗ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੰਡ ਬ੍ਰਹਿਮੰਡ ਵਰਭੰਡ ਦੇ ਉਲਟਾਇਆ । ਧਰੂ ਤਜੇ ਸਚ ਅਸਥਾਨ । ਕਿਰਪਾ ਕਰੇ ਆਪ ਭਗਵਾਨ । ਆਪ ਬਿਠਾਏ ਜੋਤ ਬਬਾਣ । ਤੀਨ ਲੋਕ ਚੁਕਾਏ ਆਵਣ ਜਾਣ । ਲੋਕ ਪਰਲੋਕ ਨਾ ਪਵਣ ਮਸਾਣ । ਨਾ ਹੋਏ ਘਰ ਸਾਚੇ ਰੋਕ, ਜੋਤੀ ਜੋਤ ਅੰਤ ਮਿਲ ਜਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕਿਰਪਾ ਕਰੇ ਆਪ ਵਡ ਬਲੀ ਬਲਵਾਨ । ਵਡ ਬਲੀ ਆਪ ਬਲਵਾਨਾ । ਜੋਤ ਸਰੂਪੀ ਰਮਈਆ ਰਾਮਾ । ਕਰੇ ਖੇਲ ਜਿਉਂ ਕ੍ਰਿਸ਼ਨਾ ਕਾਹਨਾ । ਜੋਤ ਸਰੂਪੀ ਪਹਰਿਆ ਬਾਨਾ । ਲੇਖ ਲਿਖਾਏ ਜਿਉਂ ਗੀਤਾ ਗਿਆਨਾ । ਵੇਖ ਵੇਖ ਭਗਤ ਉਠਾਏ ਆਤਮ ਸ਼ਬਦ ਵਸਾਏ ਚਲਾਏ ਜਿਉਂ ਅਰਜਨ ਤੀਰ ਕਮਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਜੋਤ ਸਰੂਪੀ ਪਹਰਿਆ ਬਾਨਾ । ਜੋਤ ਸਰੂਪੀ ਪਹਰਿਆ ਬਾਨਾ । ਪ੍ਰਭ ਅਬਿਨਾਸ਼ੀ ਖੇਲ ਮਹਾਨਾ । ਗੁਰਮੁਖਾਂ ਆਤਮ ਜੋਤ ਜਗਾਏ, ਸੋਹੰ ਦੇਵੇ ਨਾਮ ਨਿਧਾਨਾ । ਚਾਰ ਕੁੰਟ ਚਾਰ ਵਰਨ ਜੈ ਜੈ ਜੈਕਾਰ ਕਰਾਏ, ਸਾਚਾ ਝੁੱਲੇ ਸ਼ਬਦ ਨਿਸ਼ਾਨਾ । ਰਾਓ ਰੰਕ ਇਕ ਕਰਾਏ, ਊਚ ਨੀਚ ਇਕ ਰੰਗ ਸਮਾਨਾ । ਸੋਹੰ ਸਾਚਾ ਡੰਕ ਵਜਾਏ, ਕੁੰਟ ਚਾਰ ਵਾਲੀ ਦੋ ਜਹਾਨਾਂ । ਆਪੇ ਦਵਾਰ ਬੰਕ ਸੁਹਾਏ, ਸਾਚਾ ਚਰਨ ਪ੍ਰਭ ਆਪ ਛੁਹਾਨਾ । ਏਕਾ ਅੰਕ ਜਗਤ ਰਖਾਏ, ਚਾਰ ਵਰਨ ਸਰਨ ਲਗਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਵਿਸ਼ਨੂੰ ਭਗਵਾਨਾ । ਜੋਤ ਸਰੂਪ ਵਿਸ਼ਨੂੰ ਭਗਵਾਨਾ । ਚਾਰ ਵਰਨ ਏਕਾ ਦੇਵੇ ਦਾਨਾ । ਸਾਚਾ ਦਾਨ ਮੇਲ ਭਗਵਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਗੁਰਮੁਖਾਂ ਕਰੇ ਦਰ ਪਰਵਾਨਾ । ਦਰ ਪਰਵਾਨ ਹੋਏ ਗੁਰਸਿਖ । ਪ੍ਰਭ ਦਰ ਮੰਗੇ ਸਾਚੀ ਭਿੱਖ । ਸਾਚੇ ਲੇਖ ਪ੍ਰਭ ਦੇਵੇ ਲਿਖ । ਆਤਮ ਉਤਰੇ ਸਾਰੀ ਭੁੱਖ । ਦੇਵੇ ਵਡਿਆਈ ਵਿਚ ਮੁਨ ਰਿੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਸਿਖਿਆ ਤੇਰੀ ਲੈਣ ਸਿੱਖ । ਸਿੱਖ ਸਿਖਿਆ ਸਚ ਵਰਤਾਰਾ । ਸਚ ਸੁੱਚ ਜਗਤ ਵਿਹਾਰਾ । ਸਾਚਾ ਨਾਮ ਸਚ ਭੰਡਾਰਾ । ਅਵਗੁਣ ਕੱਟੇ ਆਤਮ ਭਾਰਾ । ਨਾ ਕੋਇ ਕਿਸੇ ਕਰੇ ਵਿਚਾਰਾ । ਜਨਮ ਮਰਨ ਕਰ ਦਏ ਨਿਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆ ਕਰੇ ਪਾਰ ਉਤਾਰਾ । ਦਰ ਆਇਆ ਹਰਿ ਪਾਰ ਉਤਾਰੇ । ਸਚ ਦਵਾਰ ਜੋ ਆਏ ਕਰੇ ਨਿਮਸਕਾਰੇ । ਆਤਮ ਜੋਤ ਜਗਾਏ ਕਾਇਆ ਮਹੱਲ ਮੁਨਾਰੇ । ਸ਼ਬਦ ਸਰੂਪੀ ਪਵਣ ਹੁਲਾਰੇ । ਸਤਿ ਸਰੂਪੀ ਰੰਗ ਕਰਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਸਰਬ ਪਸਾਰੇ । ਸਰਬ ਪਸਾਰਾ ਆਪੇ ਕੀਆ । ਆਪ ਕਰਾਏ ਆਪਣਾ ਹੀਆ । ਸਾਚਾ ਬੀਜ ਕਲਜੁਗ ਬੀਆ । ਗੁਰਮੁਖਾਂ ਆਤਮ ਜੋਤ ਜਗਾਇਆ ਸਾਚਾ ਦੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਸਾਚੀ ਨੀਹਾ । ਸਾਚੀ ਨੀਂਹ ਸਤਿਜੁਗ ਸਚ ਦਰਵਾਜਾ । ਪਰਗਟਾਏ ਜੋਤ ਪ੍ਰਭ ਗਰੀਬ ਨਿਵਾਜਾ । ਭਾਗ ਲਗਾਏ ਵਿਚ ਦੇਸ ਮਾਝਾ । ਗੁਰਸਿਖਾਂ ਸਵਾਰੇ ਦਰ ਘਰ ਆਏ ਕਾਜਾ । ਬੇਮੁਖਾਂ ਪਾਏ ਘਰ ਘਰ ਭਾਜਾ । ਗੁਰਮੁਖਾਂ ਆਪ ਉਠਾਏ, ਸੋਹੰ ਸ਼ਬਦ ਲਗਾਏ ਅਵਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਸੀਸ ਰਖਾਏ ਸ੍ਰਿਸ਼ਟ ਸਬਾਈ ਏਕਾ ਤਾਜਾ । ਏਕਾ ਤਾਜ ਸਚ ਜਗਦੀਸ । ਸ੍ਰਿਸ਼ਟ ਸਬਾਈ ਜਾਏ ਪੀਸ । ਆਪ ਮਿਟਾਏ ਬੀਸ ਇਕੀਸ । ਪ੍ਰਭ ਸਾਚੇ ਦੀ ਨਾ ਕੋਈ ਕਰੇ ਰੀਸ । ਆਪੇ ਆਪ ਮੇਟ ਮਿਟਾਏ ਕੁਰਾਨ ਅੰਜ਼ੀਲ ਹਦੀਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਮਾਤ ਜੋਤ ਧਰੇ ਅਵਤਾਰ ਨਰ ਵਾਰ ਚੌਬੀਸ । ਸਪਤਮ ਜੇਠ ਸਤਿ ਪੁਰਖ ਸਤਿਵਾਦੀ । ਪਰਮ

੪੧੯
੦੨

ਜੋਤ ਵਿਚ ਮਾਤ ਲਾਧੀ । ਨਰ ਨਰਾਇਣ ਨਾਦ ਅਨਾਦੀ । ਸਤਿ ਵਸਤ ਸਤਿ ਧਾਮ ਟਿਕਾਈ, ਜੋਤ ਸਰੂਪ ਸਦ ਵਿਸਮਾਦੀ । ਸਾਚਾ ਨਾਮ ਜਾਮ ਪਿਲਾਏ ਜੋਤ ਸਰੂਪ ਵਡ ਬ੍ਰਹਿਮਾਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਬੋਧ ਅਗਾਧੀ । ਬੋਧ ਅਗਾਧ ਅਗਾਧ ਬੋਧਾ । ਗੁਰਮੁਖ ਸਾਚੇ ਹਿਰਦਾ ਸੋਧਾ । ਕਲਜੁਗ ਕਰਾਇਆ ਸੋਹੰ ਨਾਮ ਸਾਚਾ ਸੌਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਸੂਰਬੀਰ ਵਡ ਜੋਧਨ ਜੋਧਾ । ਵਡ ਜੋਧਾ ਵਡ ਬਲੀ ਬਲਵਾਨ । ਜਨ ਭਗਤਾਂ ਕਰੇ ਆਪ ਕਲਿਆਣ । ਸਿੰਘ ਸਵਰਨ ਵਿਚ ਮਾਤ ਕਰੇ ਪਛਾਨ । ਆਪੇ ਦੇਵੇ ਦਰ ਵਡਿਆਈ, ਸਾਚਾ ਬਹਾਏ ਦਰ ਦਰਬਾਨ । ਤੀਨ ਲੋਕ ਵੱਜੇ ਵਧਾਈ, ਆਪ ਬਿਠਾਏ ਵਿਚ ਬਬਾਣ । ਸਾਧ ਸੰਗਤ ਸਦ ਰਸਨਾ ਗਾਏ, ਪ੍ਰਭ ਅਬਿਨਾਸ਼ੀ ਜਾਣੀ ਜਾਣ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਮੇਲ ਮਿਲਾਏ ਭਗਤ ਭਗਵਾਨ । ਸਿੰਘ ਸਵਰਨ ਕਾਜ ਸਵਾਰਿਆ । ਕਰ ਕਿਰਪਾ ਪਾਰ ਉਤਾਰਿਆ । ਮਾਤ ਪਿਤ ਉਜਲ ਮੁਖ ਵਿਚ ਮਾਤ ਕਰਾ ਰਿਹਾ । ਸਾਚਾ ਧਾਮ ਸਾਚਾ ਰਾਮ ਸਾਚਾ ਸ਼ਾਮ ਆਪਣੇ ਚਰਨ ਛੁਹਾ ਰਿਹਾ । ਪੂਰਨ ਕਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੇਵ ਸਰਨ ਬਹਾ ਰਿਹਾ । ਸਾਚੀ ਸੇਵ ਸਰਨ ਲਗਾਈ । ਵਡ ਵਡ ਦੇਵੀ ਦੇਵ ਦੇਵੇ ਵਡਿਆਈ । ਸੋਹੰ ਸਾਚਾ ਮੇਵ ਰਸਨਾ ਫਲ ਸਾਚਾ ਲਾਈ । ਦਿਵਸ ਰੈਣ ਸਦਾ ਸਦ ਸਦ ਹਰਿ ਸਾਚਾ ਸਚ ਧਾਮ ਨਿਵਾਸ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਵਰਨ ਦੇਵੇ ਵਡਿਆਈ । ਸਿੰਘ ਸਵਰਨ ਧਾਮ ਨਿਆਰਾ । ਆਪ ਜਗਾਏ ਦੀਪਕ ਜੋਤ ਵਿਚ ਅਕਾਸ਼ ਕਰੇ ਉਜਿਆਰਾ । ਸਾਚਾ ਦੀਪਕ ਹੋਏ ਪਰਕਾਸ਼, ਕਲਜੁਗ ਮਿਟੇ ਅੰਧ ਅੰਧਿਆਰਾ । ਸਚ ਧਰਮ ਤੇਰੇ ਹੋਏ ਦਾਸ, ਆਪ ਕਰਾਏ ਸਚ ਵਰਤਾਰਾ । ਕਿਰਪਾ ਕਰੇ ਕਲ ਦਸਮੇਂ ਮਾਸ, ਆਪ ਬਿਠਾਏ ਚਰਨ ਦਵਾਰਾ । ਜਗਤ ਛੱਡਿਆ ਸਾਸ ਗਰਾਸ, ਭਰਮ ਭੁਲੇਖਾ ਸਰਬ ਨਿਵਾਰਾ । ਮਾਤ ਪਿਤ ਭਾਈ ਭੈਣ ਨਾਰੀ ਨਾ ਕੋਈ ਹੋਏ ਸਹਾਈ, ਕਿਰਪਾ ਕਰੇ ਆਪ ਗਿਰਧਾਰਾ । ਗੁਰਮੁਖਾਂ ਸਦ ਵਸੇ ਕੋਲ, ਦੇਵੇ ਦਰਸ ਅਗੰਮ ਅਪਾਰਾ । ਸਾਚੀ ਖੇਲ ਸਾਚੀ ਰਾਸ, ਜੋਤ ਸਰੂਪੀ ਖੇਲ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਿਰਪਾ ਕਰੇ ਨਿਹਕਲੰਕ ਨਰਾਇਣ ਨਰ ਅਵਤਾਰਾ । ਸਿੰਘ ਸਰਵਨ ਤੇਰੀ ਰੱਖੀ ਪਤਿ । ਪ੍ਰਭ ਅਬਿਨਾਸ਼ੀ ਆਪ ਉਠਾਏ ਸੋਹੰ ਸਾਚਾ ਬੀਜ ਬਿਜਾਏ ਆਤਮ ਸਾਚੇ ਵੱਤ । ਧੀਰਜ ਤਤ ਗਿਆਨ ਧਿਆਨ ਸਚ ਵਡਿਆਈ, ਆਪ ਰਖਾਏ ਆਪਣੀ ਪਤਿ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤ ਦਇਆ ਕਮਾਈ, ਲੋਕ ਪਰਲੋਕ ਚਰਨ ਪ੍ਰੀਤੀ ਦੇਵੇ ਸਾਚੀ ਮਤਿ । ਚਰਨ ਪ੍ਰੀਤੀ ਸਾਚਾ ਨਾਤਾ । ਪ੍ਰਭ ਅਬਿਨਾਸ਼ੀ ਜਗਤ ਪਛਾਤਾ । ਸੋਹੰ ਸ਼ਬਦ ਜਪਾਵੇ ਵਡ ਵਡ ਕਰਾਮਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਰੰਗ ਰੰਗਾਤਾ । ਆਪ ਰੰਗਾਏ ਰੰਗ ਮਜੀਠ । ਪ੍ਰਭ ਅਬਿਨਾਸ਼ੀ ਸਾਚਾ ਲਿਆ ਡੀਠ । ਬੇਮੁਖ ਕਲਜੁਗ ਜੀਵ ਅੰਤਕਾਲ ਸਭ ਹੋਏ ਢੀਠ । ਪ੍ਰਭ ਅਬਿਨਾਸ਼ੀ ਝੂਠੀ ਕਾਇਆ ਦੇਵੇ ਭੰਨ ਕੌੜੇ ਰੀਠ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕਾ ਏਕ ਸਭ ਥਾਈਂ ਵਸੀਠ । ਸਰਬ ਥਾਈਂ ਹਰਿ ਆਪੇ ਵਸੇ । ਗੁਰਮੁਖਾਂ ਰਾਹ ਸਾਚਾ ਦੱਸੇ । ਆਤਮ ਜੋਤ ਕਰੇ ਪਰਕਾਸ਼ ਕੋਟਨ ਕੋਟ ਕੋਟ ਰਵ ਸੱਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਆਤਮ ਦਰ ਦਵਾਰ ਵਸੇ । ਆਤਮ ਦਰ ਵੇਖ ਵਿਚਾਰੋ । ਪ੍ਰਭ ਅਬਿਨਾਸ਼ੀ ਰੰਗ ਕਰਤਾਰੋ । ਭਰਮ ਭੁਲੇਖਾ ਸਰਬ ਨਿਵਾਰੋ । ਮਦਿਰਾ ਮਾਸ ਨਾ ਝੱਖ ਮਾਰੋ । ਕਾਇਆ ਰਸ ਨਾ ਲਾਵੇ ਪਾਰੋ । ਪ੍ਰਭ ਸਾਚਾ ਗੁਰ ਸੰਗਤ ਹੋਏ

ਵਸ, ਸੋਹੰ ਸ਼ਬਦ ਹਰਿ ਭਰੇ ਭੰਡਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੋ । ਨਿਹਕਲੰਕ ਨਰਾਇਣ ਨਰ । ਸ੍ਰਿਸ਼ਟ ਸਬਾਈ ਬੰਦ ਹੋਇਆ ਦਰ । ਨਾ ਆਪ ਖੁਲ੍ਹਾਇਆ ਦਸਵਾਂ ਘਰ । ਗੁਰਮੁਖ ਵਿਰਲੇ ਪਾਇਆ, ਪ੍ਰਭ ਦੇਵੇ ਨਾਮ ਸਾਚਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਦੇਵੇ ਨਾਮ ਸਾਚਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਾਗ ਗੁਰਮੁਖ ਸਾਚੇ ਜਾਇਣ ਤਰ । ਬੇਮੁਖਾਂ ਆਤਮ ਬੰਦ ਰਖਾਇਆ । ਅਗਿਆਨ ਅੰਧੇਰ ਵਿਚ ਕੰਧ ਰਖਾਇਆ । ਪਰਮਾਨੰਦ ਸਭ ਗਵਾਇਆ । ਮਦਿਰਾ ਮਾਸ ਮੁਖ ਗੰਦ ਰਖਾਇਆ । ਬੱਤੀ ਦੰਦ ਨਾ ਪ੍ਰਭ ਅਬਿਨਾਸ਼ੀ ਰਸਨਾ ਗਾਇਆ । ਮਾਨਸ ਜਨਮ ਜਿਸ ਮਾਤ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨ ਲਾਗ ਏਕਾ ਰਸ ਸਾਚਾ ਪਾਇਆ । ਮਦਿਰਾ ਮਾਸੀ ਦੁਸ਼ਟ ਦੁਰਾਚਾਰੀ । ਪ੍ਰਭ ਸਾਚਾ ਦੇਵੇ ਦਰ ਦੁਰਕਾਰੀ । ਕਲਜੁਗ ਬੀਤਾ ਅੱਗੇ ਸਤਿਜੁਗ ਵਾਰੀ । ਗੁਰਮੁਖ ਸਾਚੇ ਸੰਤ ਜਨ ਪ੍ਰਭ ਸਚ ਲਗਾਏ ਵਿਚ ਮਾਤ ਸੱਚੀ ਫੁੱਲਵਾੜੀ । ਬੇਮੁਖ ਕਲਜੁਗ ਜੀਵਾਂ ਇਕੱਠੀ ਵੱਢੇ ਹਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੱਚੇ ਫਲ ਦੇਵੇ ਝਾੜੀ । ਕੱਚੇ ਫਲ ਜਾਇਣ ਝੜ । ਵਹਿੰਦੇ ਵਹਿਣ ਜਾਇਣ ਹੜ੍ਹ । ਚਾਰ ਕੁੰਟ ਮਰੇ ਲੜ । ਨਾ ਕੋਈ ਦੀਸੇ ਕਿਲ੍ਹਾ ਗੜ੍ਹ । ਬੈਠੇ ਕੋਈ ਨਾ ਅੰਦਰ ਵੜ । ਏਕਾ ਹੋਏ ਕੜ ਕੜ । ਗੁਰਮੁਖ ਸਾਚੇ ਪ੍ਰਭ ਅਬਿਨਾਸ਼ੀ ਫੜਿਆ ਲੜ । ਹਰਿ ਕੀ ਪੌੜੀ ਜਾਏ ਚੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਵਿਚ ਮਾਤ ਬਣਾਏ ਸਾਚਾ ਗੜ੍ਹ । ਆਪ ਉਠਾਏ ਬਲੀ ਬਲਵਾਨਾ । ਆਪ ਉਡਾਏ ਵਿਚ ਅਸਮਾਨਾਂ । ਆਪ ਲਗਾਏ ਅਗਨ ਵਿਚ ਬਬਾਨਾਂ । ਵੇਖੇ ਖੇਲ ਅੰਤਮ ਕਲ ਵਾਲੀ ਦੋ ਜਹਾਨਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਘਟਾਂ ਘਟ ਜਾਣੀ ਜਾਣਾ । ਅਗਨ ਜੋਤ ਆਪ ਲਗਾਏ । ਸ੍ਰਿਸ਼ਟ ਸਬਾਈ ਵਾਗ ਆਪਣੇ ਹੱਥ ਰਖਾਏ । ਸਾਚਾ ਤਾਗ ਤਨ ਤੁੜਾਏ । ਸਾਚਾ ਰਾਗ ਨਾ ਕੋਈ ਸੁਣਾਏ । ਝੂਠੇ ਧੰਦੇ ਲਾਗ ਮਾਨਸ ਜਨਮ ਗਏ ਗਵਾਏ । ਹੰਸ ਬਣੇ ਗੁਰਸਿਖ ਕਾਗ, ਮਦਿਰਾ ਮਾਸ ਰਹੇ ਰਸਨ ਲਗਾਏ । ਕੋਈ ਨਾ ਪਕੜੇ ਅੰਤ ਵਾਗ, ਜੋ ਦਰ ਸਾਚਾ ਗਏ ਭੁਲਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਮੁਖਾਂ ਲਏ ਅੰਤ ਛਡਾਏ । ਮਦਿਰਾ ਮਾਸੀ ਅੰਤ ਨਾ ਭੁੱਲ । ਕਲਜੁਗ ਮਾਇਆ ਵਿਚ ਨਾ ਰੁਲ । ਕੋਈ ਨਾ ਪਾਵੇ ਤੇਰਾ ਮੁੱਲ । ਸ਼ਬਦ ਅੰਧੇਰੀ ਜਾਏ ਝੁੱਲ । ਵੇਲੇ ਅੰਤ ਅੰਤ ਕਲਜੁਗ ਦਰ ਸਾਚਾ ਗਿਆ ਖੁਲ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਨਾਮ ਵਡ ਅਨਮੁਲ । ਵਡ ਨਾਮ ਘਰ ਸਾਚੇ ਪਾਓ । ਆਤਮ ਬੁਝੀ ਦੀਪ ਜਗਾਓ । ਆਪਣੀ ਭੁਲ ਆਪ ਬਖ਼ਸ਼ਾਓ । ਮਾਨਸ ਜਨਮ ਨਾ ਮਾਤ ਗਵਾਓ । ਮਾਤ ਕੁੱਖ ਸੁਫਲ ਕਰਾਓ । ਵੇਲੇ ਅੰਤ ਨਾ ਦੁਖ ਉਠਾਓ । ਬਣ ਸਾਚੇ ਸੰਤ, ਨਾਦ ਧੁਨ ਸ਼ਬਦ ਵਜਾਓ । ਮਿਲ ਸਾਚੇ ਕੰਤ, ਪ੍ਰਭ ਅਬਿਨਾਸ਼ੀ ਦਰ ਘਰ ਸਾਚੇ ਪਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਸਦ ਰਸਨਾ ਗਾਓ । ਰਸਨਾ ਗਾਓ ਗਹਿਰ ਗੰਭੀਰ । ਗੁਰਮੁਖ ਹੋਏ ਸ਼ਾਂਤ ਸਰੀਰ । ਸੋਹੰ ਪਿਲਾਏ ਅੰਮ੍ਰਿਤ ਸਾਚਾ ਸੀਰ । ਆਪ ਬੰਨ੍ਹਾਏ ਆਤਮ ਤੇਰੀ ਧੀਰ । ਅੰਮ੍ਰਿਤ ਮੇਘ ਬਰਖ਼ਾਏ ਹਰਿ ਸਾਚਾ ਨੀਰ । ਗੁਰਸਿਖ ਨਾ ਕਦੇ ਬਿਲਲਾਏ, ਪ੍ਰਭ ਹਉਮੇ ਕੱਢੇ ਪੀਰ । ਜੋ ਜਨ ਆਏ ਦਰਸ ਧਿਆਏ, ਪ੍ਰਭ ਕਿਰਪਾ ਕਰੇ ਅਖ਼ੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਈ ਦਵੈਤ ਦੇਵੇ ਚੀਰ । ਦੂਈ ਦਵੈਤ ਪੜਦਾ ਵੱਢ । ਜੋਤ ਜਗਾਵੇ ਗੁਰਮੁਖ ਤੇਰੀ ਆਤਮ ਅੰਧੇਰੀ


੪੨੧

ਕਾਇਆ ਖੱਡ । ਸਾਚਾ ਦਰਸ ਦਾਨ ਦਰ ਮੰਗ, ਪ੍ਰਭ ਅੱਗੇ ਦੋਵੇਂ ਹੱਥ ਅੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਡਾਏ ਜੋਤ ਸਰੂਪ ਸਾਚਾ ਲਡ । ਗੁਰ ਗੋਬਿੰਦ ਏਕਾ ਘਰ । ਗੁਰ ਗੋਬਿੰਦ ਏਕਾ ਦਰ । ਗੁਰ ਗੋਬਿੰਦ ਵੇਖ ਸਰ । ਗੁਰ ਗੋਬਿੰਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦਰ ਆਵੇ ਡਰ । ਬੇਮੁਖ ਆਪ ਵਿਚਾਰੇ । ਮਾਤਲੋਕ ਕਲ ਜਾਮਾ ਧਾਰੇ । ਰਾਮਦਾਸ ਤੇਰੇ ਦਰ ਦਵਾਰੇ । ਭੁੱਲੇ ਜੀਵ ਸਰਬ ਗਵਾਰੇ । ਸਰ ਅੰਮ੍ਰਿਤ ਤੇਰੇ ਖਾਲੀ ਹੋਏ ਭੰਡਾਰੇ । ਬੇਮੁਖ ਕਲਜੁਗ ਜੀਵ ਧੀਆਂ ਭੈਣਾਂ ਕਰਨ ਵਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰੇ । ਗੁਰ ਗੋਬਿੰਦ ਤੇਰੀ ਸਾਚੀ ਧਾਰ । ਕਲਜੁਗ ਵਰਤਿਆ ਵਿਚ ਸੰਸਾਰ । ਕਰਮਾਂ ਦਿਤੀ ਸਾਰੀ ਹਾਰ । ਬੇਮੁਖ ਜੀਵ ਕਲਜੁਗ ਮਾਣ ਗਵਾਇਆ, ਰਾਮਦਾਸ ਤੇਰੇ ਸਾਚੇ ਦਰ ਦਰਬਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਬੇਮੁਖਾਂ ਕਰੇ ਖੁਆਰ । ਭੁੱਲੇ ਜੀਵ ਵਡ ਗਿਆਨੀ । ਵਡ ਵਡ ਬਣੇ ਆਪ ਬੁਧ ਮਾਨੀ । ਆਪਣਾ ਆਪ ਨਾ ਸਕੇ ਪਛਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤ ਜੋਤ ਪਰਗਟਾਏ ਵਾਲੀ ਦੋ ਜਹਾਨੀ । ਬੇਮੁਖ ਪਕੜ ਪਛਾੜੇ ਝੂਠੇ ਸੰਤ । ਮਾਇਆਧਾਰੀ ਆਪ ਉਜਾੜੇ, ਮਾਇਆ ਪਾਏ ਜਗਤ ਬੇਅੰਤ । ਝੂਠੀ ਜੜ੍ਹ ਜਗਤ ਉਖਾੜੇ, ਪ੍ਰਭ ਅਬਿਨਾਸ਼ੀ ਸਾਚਾ ਕੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਖ਼ਾਕ ਮਿਲਾਏ ਝੂਠੇ ਜੀਵ ਜੰਤ । ਸਰ ਅੰਮ੍ਰਿਤ ਤੇਰਾ ਸਚ ਦਰਬਾਰਾ । ਬੇਮੁਖ ਜੀਆਂ ਨਾ ਵਿਚਾਰਾ । ਮਦਿਰਾ ਮਾਸੀ ਕਰਨ ਵਿਕਾਰਾ । ਆਤਮ ਹੋਏ ਸਰਬ ਦੁਖ ਭਾਰਾ । ਵੇਖੇ ਵਿਗਸੇ ਕਰੇ ਵਿਚਾਰਾ । ਅਚਰਜ ਖੇਲ ਅਪਰ ਅਪਾਰਾ । ਸ਼ਬਦ ਚਲਾਏ ਖੰਡਾ ਦੋ ਧਾਰਾ । ਵੇਖ ਵਿਚਾਰ ਕਰੇ ਕਰਤਾਰਾ । ਨਾਰੀ ਨਾਰਾ ਤੇਰੇ ਦਰ ਹੋਇਣ ਖੁਆਰਾ । ਪਰਗਟ ਜੋਤ ਨਿਹਕਲੰਕ ਮਾਨੀਆਂ ਅਭਿਮਾਨੀਆਂ ਵਡ ਵਡ ਅੰਧ ਅਗਿਆਨੀਆਂ ਸਿਰ ਫੇਰੇ ਆਰਾ । ਏਕਾ ਸ਼ਬਦ ਚੀਰ ਚਿਰਾਏ ਕਰੇ ਦੋ ਫਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਉਠਾਏ ਖੰਡਾ ਦੋ ਧਾਰਾ । ਬੇਮੁਖ ਜੀਵ ਆਪ ਉਠਾਏ । ਫੜ ਫੜ ਸਰ ਅੰਮ੍ਰਿਤ ਦੇ ਵਿਚ ਕੁਠਾਏ । ਕੁੱਠ ਕੁੱਠ ਮੁੱਠ ਮੁੱਠ ਪ੍ਰਭ ਦਰੋਂ ਧਕਾਏ । ਤੁਠ ਤੁਠ ਤੁਠ ਗੁਰਸਿਖਾਂ ਗਲੇ ਲਗਾਏ । ਮਾਝੇ ਦੇਸ ਵਿਚ ਏਕਾ ਮੁੱਠ ਸਿੰਘ ਰਹਿ ਜਾਏ । ਗੁਰ ਰਾਮਦਾਸ ਤੇਰੇ ਦਰ ਤੋਂ ਰੁੱਠ, ਬੇਮੁਖ ਹੋਏ ਸਰਬ ਨੱਠ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣਾ ਫੇਰ ਤੇਜ ਵਖਾਏ । ਅੰਮ੍ਰਿਤ ਸਰ ਹਰਿ ਲਿਖਤ ਲਿਖਾਏ । ਵਾਕ ਭਵਿਖਤ ਗੁਰਸਿਖ ਸੁਣਾਏ । ਲਿਖੀ ਲਿਖਤ ਨਾ ਕੋਇ ਮਿਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਭਰਮ ਭੁਲੇਖਾ ਸਰਬ ਕਢਾਏ । ਸਰ ਅੰਮ੍ਰਿਤ ਤੇਰੇ ਪੁਜਾਰੀ । ਦੂਤਾਂ ਦੁਸ਼ਟਾਂ ਕਰੇ ਖੁਆਰੀ । ਸਾਚੇ ਦਰ ਹੋਏ ਭਿਖਾਰੀ । ਲੁੱਟ ਲੁੱਟ ਖਾਇਣ ਮਾਇਆ ਧਾਰੀ । ਗੁਰ ਗੋਬਿੰਦ ਜੋ ਲਿਖਤ ਲਿਖਾਰੀ । ਵੇਲੇ ਅੰਤ ਕਲਜੁਗ ਹੋਈ ਸਰਬ ਆਤਮ ਅੰਧ ਅੰਧਿਆਰੀ । ਬੇਮੁਖ ਹੋਏ ਸਾਚੇ ਦਰ ਦਰਬਾਰ ਰਹੇ ਝੱਖ ਮਾਰੀ । ਦਿਵਸ ਰੈਣ ਰੈਣ ਦਿਵਸ ਰਹੇ ਰਾਤ ਅੰਧ ਅੰਧਿਆਰੀ । ਕੋਈ ਨਾ ਕਰੇ ਪਾਪਾਂ ਕਾਰੀ । ਵਡ ਵਡ ਹੋਏ ਮਦਿਰਾ ਮਾਸੀ ਜੀਵ ਆਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਸੀਸ ਸ਼ਬਦ ਫਿਰਾਏ ਆਰੀ । ਸਰਬ ਸੀਸ ਪ੍ਰਭ ਦੇਵੇ ਵੱਢ । ਰਾਮ ਦਾਸ ਤੇਰੇ ਘਰ ਸਾਚੇ ਵਿਚੋਂ ਦੇਵੇ ਕੱਢ । ਆਪ ਵਹਾਏ ਵਹਿੰਦੀ ਧਾਰ ਬਿਆਸਾ ਖੱਡ । ਬੋਟੀ ਬੋਟ ਤੁੜਾਏ ਖਵਾਏ ਮਛਲੀ ਡੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤ ਜੋਤ ਪਰਗਟਾਏ ਗੁਰਮੁਖਾਂ ਬਾਂਹੋਂ ਪਕੜ ਕਢਾਏ, ਆਪ ਲਡਾਏ ਆਪਣਾ ਲਡ । ਅੰਮ੍ਰਿਤ ਸਰ ਸਚ

ਦਰਬਾਰਾ । ਸੇਵਾ ਕਰੇ ਆਪ ਨਿਰੰਕਾਰਾ । ਸਿਰ ਉਠਾਏ ਭਰ ਭਰ ਗਾਰਾ । ਚਾਰ ਵਰਨ ਖੁਲ੍ਹਾਇਆ ਇਕ ਦਵਾਰਾ । ਬੇਮੁਖ ਹੰਕਾਰੀਆਂ ਨਾ ਵਕਤ ਵਿਚਾਰਾ । ਦੁਖ ਭੁੱਖ ਆਪਣੇ ਸੁਖ ਪ੍ਰਭ ਅਬਿਨਾਸ਼ੀ ਮਨੋਂ ਵਿਸਾਰਾ । ਬੇਮੁਖ ਹੋਏ ਵਡ ਵਡ ਮਨੁੱਖ, ਦੁਸ਼ਟ ਦੂਤ ਰਹੇ ਝੱਖ ਮਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਕਰੇ ਖੁਆਰਾ । ਸਚ ਸ਼ਬਦ ਜਗਤ ਢੰਡੋਰਾ । ਆਇਆ ਵਕ਼ਤ ਵੇਲਾ ਰਹਿ ਗਿਆ ਥੋੜਾ । ਆਪ ਕਟਾਏ ਬੇਮੁਖਾਂ ਭੋਰਾ ਭੋਰਾ । ਦਰ ਘਰ ਵਿਚੋਂ ਆਪ ਕਢਾਏ, ਗੁਰ ਰਾਮਦਾਸ ਤੇਰਾ ਧੰਨ ਚੁਰਾਇਆ ਚੋਰਾ । ਸਾਚਾ ਸ਼ਬਦ ਮਗਰ ਲਗਾਏ, ਆਪ ਕੱਢੇ ਥੋੜਾ ਥੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਲੀਆਂ ਵਿਚ ਫਿਰਾਏ ਮਗਰ ਪਵਾਏ ਢੋਰਾ । ਵਡ ਵਡ ਗ੍ਰੰਥੀ ਵਡ ਵਿਦਵਾਨੀ । ਮਾਇਆਧਾਰੀ ਹੋਏ ਅਭਿਮਾਨੀ । ਪ੍ਰਭ ਅਬਿਨਾਸ਼ੀ ਤੇਰੀ ਭੁੱਲੀ ਸਚ ਨਿਸ਼ਾਨੀ । ਏਕਾ ਲੱਗੇ ਸੋਹੰ ਸ਼ਬਦ ਤੀਰ ਕਾਨੀ । ਆਪੇ ਪਰਗਟ ਹੋਇਆ ਵਾਲੀ ਦੋ ਜਹਾਨੀ । ਖਾਲਸਾ ਪੰਥ ਦਾ ਬਣਿਆ ਬਾਨੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤੀ ਜੋਤ ਸਰੂਪ ਆਪਣੀ ਕਰੇ ਏਕਾ ਸਚ ਨਿਸ਼ਾਨੀ । ਅੰਮ੍ਰਿਤਸਰ ਸਾਚਾ ਘਰ ਆਵੇ ਡਰ । ਬੇਮੁਖ ਆਪਣਾ ਕੀਆ ਲੈਣ ਭਰ । ਪ੍ਰਭ ਅਬਿਨਾਸ਼ੀ ਖੇਲ ਰਿਹਾ ਕਰ । ਜਾਣੇ ਜਣਾਵੇ ਜੋ ਵਰਤੇ ਵਿਚ ਸਰ । ਬੇਮੁਖ ਤੀਰਥ ਨਹਾਵੇ, ਨਾ ਰੱਖੇ ਹਰਿ ਕਾ ਡਰ । ਕੋਟ ਅਪਰਾਧ ਕਮਾਵੇ, ਆਪਣਾ ਕੀਆ ਲੈਣ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਮੇਟ ਮਿਟਾਵੇ ਕਲਜੁਗ ਸਾਚਾ ਸਰ । ਸਾਚਾ ਸਰ ਆਪ ਮਿਟਾਏ । ਦਰ ਦਰਵਾਜ਼ਾ ਬੰਦ ਕਰਾਏ । ਸਚ ਅਨੰਦ ਨਾ ਕਿਸੇ ਦਿਖਾਏ । ਇੱਟ ਇੱਟ ਕੰਧ ਕੰਧ ਸਰਬ ਢਹਿ ਜਾਏ । ਬੰਦ ਬੰਦ ਸਰਬ ਕੱਟ ਜਾਏ । ਘਰ ਘਰ ਜੰਦ ਜੰਦ ਸਰਬ ਵੱਜ ਜਾਏ । ਮਦਿਰਾ ਮਾਸ ਗੰਦ ਗੰਦ ਸਰਬ ਮਿਟ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਏ । ਸਰ ਅੰਮ੍ਰਿਤ ਹੋਏ ਸੁੰਞ ਮਸਾਣ । ਅਗਨ ਜੋਤ ਸ਼ਬਦ ਆਣ । ਝੂਠੇ ਜੀਆਂ ਟੁੱਟੇ ਡਾਹਣ । ਆਪ ਗਵਾਏ ਮਾਣ ਅਭਿਮਾਨ । ਬੇਮੁਖ ਖਪਾਏ ਜੋ ਖਾਇਣ ਪੂਜਾ ਧਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਰਬ ਜੀਆਂ ਦਾ ਜਾਣੀ ਜਾਣ । ਪੂਜਾ ਧਾਨ ਜਿਸ ਜਨ ਖਾਧਾ । ਆਪ ਮਿਟਾਏ ਕੀਆ ਵਾਧਾ । ਨਰਕ ਨਿਵਾਸ ਰਖਾਏ ਨਾ ਜਾਣੇ ਸਾਧਨ ਸਾਧਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ਼ਬਦ ਲਿਖਾਏ ਬੋਧ ਅਗਾਧਾ । ਸ਼ਬਦ ਲਿਖਾਏ ਲੇਖ ਲਿਖਈਆ । ਆਪ ਡੁਬਾਏ ਝੂਠੀ ਨਈਆ । ਮੇਲ ਮਿਲਾਏ ਭੈਣ ਭਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚਾ ਲੇਖ ਲਿਖਈਆ । ਸਾਚਾ ਲੇਖ ਆਪ ਚੁਕਾਏ । ਬੇਮੁਖ ਸਾਰੇ ਆਣ ਮਿਟਾਏ । ਆਣ ਸ਼ਾਨ ਨਾ ਕਿਸੇ ਰਹਿਣ ਪਾਏ । ਗੁਰਮੁਖ ਸਾਚੇ ਭਗਤ ਭਗਵਾਨ ਮੇਲ ਮਿਲਾਏ । ਸੁੰਞ ਮਸਾਣ ਮਾਝਾ ਦੇਸ ਹੋ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਵਰਤਾਏ । ਮਾਝਾ ਦੇਸ ਹੋਏ ਵੈਰਾਨਾ । ਪ੍ਰਭ ਅਬਿਨਾਸ਼ੀ ਨਾ ਕਿਸੇ ਪਛਾਨਾ । ਜੋਤ ਸਰੂਪੀ ਪਹਰਿਆ ਬਾਨਾ । ਪਰਗਟਾਈ ਜੋਤ ਜਿਉਂ ਕ੍ਰਿਸ਼ਨਾ ਕਾਹਨਾ । ਆਪੇ ਪਕੜ ਪਛਾੜੇ ਜਿਉਂ ਰਾਵਣ ਰਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਬਣਾਏ ਚਤੁਰ ਸੁਜਾਨਾ । ਗੁਰਸਿਖਾਂ ਪ੍ਰਭ ਆਪ ਉਠਾਏ । ਸਚ ਸ਼ਬਦ ਸਚ ਘਰ ਜਣਾਏ । ਆਪਣੀ ਮਹਿੰਮਾ ਆਪ ਜਣਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਏ । ਵੇਲੇ ਅੰਤ ਜਾਏ ਉਠ । ਪ੍ਰਭ ਅਬਿਨਾਸ਼ੀ ਸਾਚਾ ਤੁੱਠ । ਗੁਰਸਿਖ ਕਰਾਏ ਏਕਾ ਮੁੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾ ਨੇੜ ਬਹਾਏ ਭਾਂਡੇ ਜੁੱਠ । ਸ਼ਬਦ ਮਾਰ ਪ੍ਰਭ ਸਾਚੇ

ਮਾਰੀ । ਦਰ ਦਰ ਘਰ ਘਰ ਹੋਏ ਖੁਆਰੀ । ਨਾ ਕੋਈ ਕਿਸੇ ਵਿਚਾਰੀ । ਦੁਖੀਆਂ ਦੁਖ ਲੱਗਾ ਅਤਿ ਭਾਰੀ । ਨਾ ਕੋਈ ਦਿਸੇ ਸ਼ਾਹ ਸਵਾਰੀ । ਸਾਚਾ ਸ਼ਾਹ ਆਪ ਗਿਰਧਾਰੀ । ਆਪੇ ਬੈਠਾ ਸਾਚੀ ਖੇਲ ਪਸਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਖੇਲ ਵਰਤਾਏ ਆਪਣਾ ਆਪ । ਜਨ ਭਗਤਾਂ ਮਿਟਾਏ ਤੀਨੋ ਤਾਪ । ਕੋਟਨ ਕੋਟ ਗਵਾਏ ਪਾਪ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਆਪੇ ਆਪ । ਸਦਾ ਸਹਾਈ ਆਪੇ ਹੋਏ । ਦੁਰਮਤ ਮੈਲ ਪਾਪਾਂ ਧੋਏ । ਗੁਰਸਿਖਾਂ ਭਾਗ ਜਗਾਏ ਸੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਨਾਮ ਰਿਦੇ ਪਰੋਏ । ਰਸਨਾ ਨਾਮ ਸਾਚਾ ਗਾਵਣਾ । ਪ੍ਰਭ ਅਬਿਨਾਸ਼ੀ ਸਾਚਾ ਪਾਵਣਾ । ਘਨਕਪੁਰ ਵਾਸੀ ਦਰਸ ਦਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਗਤ ਤੇਰਾ ਸਾਚਾ ਮੇਲ ਵਿਚ ਪਿੰਡ ਬੁੱਗੇ ਮੇਲ ਮਿਲਾਵਣਾ । ਬੁੱਗੇ ਖੇੜਾ ਹੋਏ ਇਕੱਠ । ਗੁਰਸਿਖ ਸਾਚਾ ਆਏ ਨੱਠ । ਸ੍ਰਿਸ਼ਟ ਸਬਾਈ ਉਲਟੀ ਲੱਠ । ਆਪ ਕਰਾਏ ਸਾਚੀ ਚੱਠ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਪਾਏ ਭੱਠ । ਸਾਧ ਸੰਗਤ ਸੰਗ ਰਲ । ਪ੍ਰਭ ਅਬਿਨਾਸ਼ੀ ਸੰਗ ਚਲ । ਆਪ ਕਰਾਏ ਜਲ ਥਲ । ਨਾ ਕੋਈ ਜਾਣੇ ਅੱਜ ਕੱਲ । ਪ੍ਰਭ ਕਾ ਭਾਣਾ ਨਾ ਜਾਏ ਟਲ । ਬੇਮੁਖ ਭੁਲਾਏ ਕਰ ਕਰ ਵਲ ਛਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਲਾਏ ਘੜੀ ਪਲ । ਸਾਧ ਸੰਗਤ ਸੰਗ ਰਲਾਏ । ਸਾਚਾ ਹਰਿ ਦਇਆ ਕਮਾਏ । ਪਾਰ ਬਿਆਸੋਂ ਚਰਨ ਟਿਕਾਏ । ਸਾਚੀ ਬੇੜੀ ਆਪ ਚੜ੍ਹਾਏ । ਸੋਹੰ ਚੱਪੂ ਨਾਮ ਲਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿੰਡ ਭੰਡਾਲ ਚਰਨ ਛੁਹਾਏ । ਪਿੰਡ ਭੰਡਾਲ ਧਾਮ ਨਿਆਰਾ । ਮਨੀ ਸਿੰਘ ਤੇਰਾ ਸਚ ਦਵਾਰਾ । ਪ੍ਰਭ ਅਬਿਨਾਸ਼ੀ ਕਰੇ ਖੇਲ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਪਾਵੇ ਸਾਰਾ । ਪਾਰ ਬਿਆਸੋਂ ਆਪੇ ਆਏ । ਦੁਆਬੇ ਮਾਲਵੇ ਹੋਏ ਦੁਹਾਏ । ਕਿਸੇ ਨਾ ਦਿਸੇ ਕੋਈ ਥਾਏਂ । ਸਾਰੇ ਭੱਜਣ ਵਾਹੋ ਦਾਹੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਜਗਾਏ । ਆਪਣੀ ਜੋਤ ਜਗਾਏ ਹਰਿ । ਆਪਣੀ ਕਿਰਪਾ ਦੇਵੇ ਕਰ । ਸਾਚਾ ਖੋਲ੍ਹ ਦੇਵੇ ਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਵਤਾਰ ਨਰ । ਨਰ ਅਵਤਾਰ ਕਿਰਪਾ ਧਾਰੇ । ਸ਼ਬਦ ਸਰੂਪੀ ਖੇਲ ਅਪਾਰੇ । ਸਾਚਾ ਖੇਲ ਰੰਗ ਕਰਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਚ ਮਾਲਵੇ ਹੋਏ ਉਜਿਆਰੇ । ਸਾਚਾ ਖੇਲ ਆਪ ਵਰਤੰਤਾ । ਜੋਤ ਜਗਾਏ ਸਾਚੇ ਸੰਤਾ । ਭਗਤ ਉਧਾਰੇ ਬਣਾਏ ਸਾਚੀ ਬਣਤਾ । ਮਹਾਰਾਜ ਸ਼ੇਰ ਸਿੰਘ ਬੇਅੰਤ ਬੇਅੰਤਾ । ਪ੍ਰਭ ਅਬਿਨਾਸ਼ੀ ਤੇਰੀ ਸਾਚੀ ਮਾਇਆ । ਗੁਰਸਿਖ ਪੱਲੇ ਤੇਰੀ ਛਤਰ ਛਾਇਆ । ਚਰਨ ਧੂੜ ਸਾਚਾ ਨਾਵ੍ਹਣ ਨਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਜੋਤ ਮੇਲ ਮਿਲਾਇਆ । ਪਿੰਡ ਭੰਡਾਲ ਹੋਏ ਵਹੀਰ । ਸਾਚਾ ਸ਼ਬਦ ਚਲੇ ਤੀਰ । ਗੁਰਸਿਖਾਂ ਕੱਟੇ ਗਲੋਂ ਜ਼ੰਜੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸ਼ਬਦ ਦੇਵੀਂ ਧੀਰ । ਸਚ ਸ਼ਬਦ ਦੇਵੇ ਸੰਦੇਸਾ । ਜੋਤ ਸਰੂਪੀ ਸਾਚਾ ਵੇਸਾ । ਵਡਿਆਏ ਪ੍ਰਭ ਮਾਝਾ ਦੇਸਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਗੁਰਸਿਖ ਪਰਵੇਸ਼ਾ । ਜੋਤ ਸਰੂਪੀ ਖੇਲ ਨਿਰਾਲਾ । ਨਾ ਕੋਈ ਜਾਣੇ ਹਰਿ ਘਰ ਦਰ ਜ਼ੰਜਾਲਾ । ਆਤਮ ਹੋਈ ਸਰਬ ਕੰਗਾਲਾ । ਵੇਲਾ ਅੰਤ ਨਾ ਕਿਸੇ ਸੰਭਾਲਾ । ਸੰਗ ਨਾ ਚਲੇ ਕੋਈ ਧਨ ਮਾਲਾ । ਸਚ ਦੀਪਕ ਨਾਮ ਨਾ ਕਿਸੇ ਬਾਲਾ । ਸੋਹੰ ਨਾ ਜਪਿਆ ਨਾਮ ਸੁਖਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਅੰਤਕਾਲ ਕਲਜੁਗ ਕਰੇ ਮੂੰਹ ਕਾਲਾ । ਕਿਰਪਾ ਕਰੇ ਹਰਿ ਜੂ ਹਰਿ ਰਾਏ । ਸਚ ਸ਼ਬਦ ਧੁਨ ਉਪਜਾਏ । ਚਾਰੇ ਰਾਣੇ ਲਏ ਉਠਾਏ । ਸੁੰਨ ਸਮਾਧ ਲਏ ਖੁਲਾਏ । ਆਦਿ ਜੁਗਾਦਿ ਸਾਚੋ ਸਾਚ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਦਇਆ ਕਮਾਏ । ਜੋਤ ਸਰੂਪੀ ਕਿਰਪਾ ਧਾਰ । ਰਾਣਿਆਂ ਜਾਏ ਦਰ ਦਵਾਰ । ਆਪਣਾ ਭੇਖ ਹਰਿ ਆਪੇ ਧਾਰ । ਸੋਹੰ ਦੇਵੇ ਸਚ ਹੁਲਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਵ ਖੁਲਾਰ । ਆਪ ਆਪਣਾ ਭੇਵ ਖੁਲ੍ਹਾਏ । ਦੇ ਦਰਸ ਹਰਿ ਚਿੰਤ ਮਿਟਾਏ । ਆਤਮ ਸਿੰਚ ਤਨ ਮਨ ਹਰਾ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਣੇ ਮਹਾਂਰਾਣੇ ਆਪ ਉਠਾਏ । ਆਤਮ ਦਰ ਆਪ ਖੁਲ੍ਹਾ ਕੇ । ਸੋਹੰ ਸ਼ਬਦ ਜਾਗ ਲਗਾ ਕੇ । ਆਤਮ ਤ੍ਰਿਖਾ ਅਗਨ ਬੁਝਾ ਕੇ । ਸੋਹੰ ਸਾਚਾ ਰਾਗ ਉਪਜਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਤਮ ਦਰ ਖੁਲ੍ਹਾ ਕੇ । ਸ਼ਬਦ ਸਰੂਪੀ ਢੋਲ ਵਜਾ ਕੇ । ਸ਼ਬਦ ਸਰੂਪੀ ਵੱਜੇ ਢੋਲ । ਪ੍ਰਭ ਅਬਿਨਾਸ਼ੀ ਦੇਵੇ ਪੜਦੇ ਖੋਲ੍ਹ । ਜੋਤ ਸਰੂਪੀ ਆਤਮ ਵਸੇ ਕੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪੂਰੇ ਤੋਲ ਦੇਵੇ ਤੋਲ । ਰਾਜੇ ਰਾਣਿਆਂ ਹੋਏ ਜਣਾਈ । ਸਾਚਾ ਸ਼ਬਦ ਕੰਨ ਸੁਣਾਈ । ਆਤਮ ਬੇੜਾ ਬੰਨ੍ਹ ਵਖਾਈ । ਬੱਧਾ ਮਨ ਨਾ ਕੋਈ ਛੁਡਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪ ਜਾਣੇ ਰਘੁਰਾਈ । ਵਰਤੇ ਖੇਲ ਰਾਜ ਦਰਬਾਰ । ਰਾਜੇ ਰਾਣੇ ਕਰਨ ਵਿਚਾਰ । ਕਿਸੇ ਨਾ ਆਵੇ ਕੋਈ ਸਾਰ । ਜਿਥੇ ਵਸੇ ਹਰਿ ਕਰਤਾਰ । ਕਿਰਪਾ ਕਰ ਰਾਹ ਸਾਚਾ ਦੱਸੇ, ਗੁਰਮੁਖ ਸਾਚੇ ਵਿੱਚ ਜੋਤ ਪਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਧਾਰ । ਆਪੇ ਆਏ ਆਪਣੇ ਘਰ । ਸਚ ਖੁਲ੍ਹਾਏ ਆਪਣਾ ਦਰ । ਮਸਤੂਆਣਾ ਮਾਤ ਸਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਮਸਤੂਆਣੇ ਆਏ ਹਰਿ । ਆਪਣਾ ਕਰਮ ਲਏ ਕਰ । ਚਾਰ ਵਰਨ ਸਚ ਤਖ਼ਤ ਬੈਠ ਪ੍ਰਭ ਸਾਚਾ ਦੇਵੇ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਨਰਾਇਣ ਅਵਤਾਰ ਨਰ । ਮਸਤੂਆਣਾ ਸਚ ਦਵਾਰਾ । ਚਾਰ ਵਰਨ ਹੋਏ ਭਿਖਾਰਾ । ਦਸ ਅਠ ਅਠਾਰਾਂ ਏਕਾ ਘਰ ਬਾਹਰਾ । ਊਚ ਨੀਚ ਨਾ ਕਿਸੇ ਵਿਚਾਰਾ । ਰਾਓ ਰੰਕ ਨਿਹਕਲੰਕ ਤੇਰੇ ਖੜੇ ਰਹਿਣ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਅਪਰ ਅਪਾਰਾ । ਅਪਰ ਅਪਾਰ ਆਪ ਅਪਰੰਪਰਾ । ਕਰੇ ਕਰਾਏ ਸਰਬ ਥਾਏ ਵਰਤੰਤਰਾ । ਸੋਹੰ ਨਾਮ ਜਪਾਏ ਚਾਰ ਵਰਨ ਗੁਰ ਸਾਚਾ ਮੰਤਰਾ । ਸਾਚਾ ਮੋਖ ਦਵਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੀ ਜਾਣੇ ਅੰਤਰਾ । ਅੰਤਰਜਾਮੀ ਪੁਰਖ ਬਿਧਾਤਾ । ਸਰਬ ਜੀਆਂ ਦਾ ਹੋਏ ਗਿਆਤਾ । ਸੋਹੰ ਦੇਵੇ ਸਾਚੀ ਦਾਤਾ । ਚਾਰ ਵਰਨ ਕਰੇ ਭੈਣ ਭਰਾਤਾ । ਆਪੇ ਹੋਏ ਪਿਤ ਮਾਤਾ । ਚਰਨ ਪ੍ਰੀਤੀ ਦੇਵੇ ਸਾਚਾ ਨਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਪੁਰਖ ਨਿਰੰਜਣ ਸਰਬ ਜੀਆਂ ਦਾ ਏਕਾ ਗਿਆਤਾ । ਇਕ ਦਾਤਾਰ ਵਿਚ ਵਰਭੰਡ । ਇਕ ਆਕਾਰ ਹੋਏ ਨਵਖੰਡ । ਇਕ ਵਿਹਾਰ ਹੋਏ ਵਿਚ ਵਰਭੰਡ । ਇਕ ਵਪਾਰ ਹੋਵੇ ਨਵ ਖੰਡ । ਇਕ ਰੁਜ਼ਗਾਰ ਹੋਵੇ ਵਰਭੰਡ । ਇਕ ਬਹਾਰ ਹੋਵੇ ਨਵਖੰਡ । ਇਕ ਸੰਸਾਰ ਹੋਏ ਵਰਭੰਡ । ਏਕਾ ਸ਼ਬਦ ਅਧਾਰ ਹੋਏ ਨਵਖੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਦੇਵੇ ਦੰਡ । ਸ੍ਰਿਸ਼ਟ ਸਬਾਈ ਇਕ ਅਧਾਰ । ਸ੍ਰਿਸ਼ਟ ਸਬਾਈ ਇਕ ਪਿਆਰ । ਸ੍ਰਿਸ਼ਟ ਸਬਾਈ ਇਕ ਸਰਕਾਰ । ਸ੍ਰਿਸ਼ਟ ਸਬਾਈ ਇਕ ਭਤਾਰ । ਸ੍ਰਿਸ਼ਟ ਸਬਾਈ

ਨਾ ਕੋਈ ਹੋਏ ਖੁਆਰ । ਸ੍ਰਿਸ਼ਟ ਸਬਾਈ ਨਾ ਕੋਈ ਕਰੇ ਝੂਠਾ ਵਣਜ ਵਪਾਰ । ਸ੍ਰਿਸ਼ਟ ਸਬਾਈ ਨਾ ਕੋਈ ਮੰਗੇ ਕਿਸੇ ਕੋਲੋਂ ਕੋਈ ਅਧਾਰ । ਸ੍ਰਿਸ਼ਟ ਸਬਾਈ ਪੂਰੇ ਤੋਲ ਤੁਲਾਏ, ਪ੍ਰਭ ਸਾਚਾ ਪਰਵਰਦਿਗਾਰ । ਸ੍ਰਿਸ਼ਟ ਸਬਾਈ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਕਿਰਪਾ ਕਰੇ ਅਪਾਰ । ਸ੍ਰਿਸ਼ਟ ਸਬਾਈ ਏਕਾ ਰਾਹ । ਸ੍ਰਿਸ਼ਟ ਸਬਾਈ ਏਕਾ ਥਾਂ । ਸ੍ਰਿਸ਼ਟ ਸਬਾਈ ਏਕਾ ਜਪੇ ਸੋਹੰ ਜਾਪੇ ਸਾਚਾ ਨਾਂ । ਸ੍ਰਿਸ਼ਟ ਸਬਾਈ ਏਕਾ ਪਾਰ ਵੇਲੇ ਅੰਤ ਪਕੜੇ ਬਾਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵਖੰਡ ਬਣਾਏ ਸਾਚਾ ਥਾਂ । ਨਵਖੰਡ ਪ੍ਰਿਥਮੀ ਨਾਵਾਂ ਦਰ । ਸਚ ਘਰ ਵਸੇ ਪ੍ਰਭ ਸਾਚਾ ਹਰਿ । ਸਤਿਜੁਗ ਸਾਚਾ ਖੁਲ੍ਹ ਜਾਏ ਦਰ । ਏਕਾ ਰੰਗ ਰੰਗਾਏ ਸ੍ਰਿਸ਼ਟ ਸਬਾਈ ਪ੍ਰਭ ਨਾਰੀ ਨਰ । ਏਕਾ ਸ਼ਬਦ ਜਪਾਏ, ਆਪ ਆਪਣੀ ਕਿਰਪਾ ਕਰ । ਸਾਚੇ ਤਖ਼ਤ ਆਪੇ ਆਪ ਸਜ ਜਾਏ, ਸਾਚਾ ਛਤਰ ਸੀਸ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚ ਜਗਦੀਸ ਵਿਚ ਹਰਿ । ਸਤਿ ਸਤਿ ਸਤਿ ਵਰਤਾਰਾ । ਸਤਿ ਸਤਿ ਸਤਿ ਵਿਹਾਰਾ । ਸਤਿ ਸਤਿ ਸਤਿ ਕਰਾਏ ਵਿਚ ਸੰਸਾਰਾ । ਯਤ ਯਤ ਯਤ ਰਹਿ ਜਾਏ ਸਭ ਨਾਰੀ ਨਾਰਾ । ਤਤ ਤਤ ਤਤ ਇਕ ਸੋਹੰ ਸ਼ਬਦ ਅਪਰ ਅਪਾਰਾ । ਮਤਿ ਮਤਿ ਮਤਿ ਪ੍ਰਭ ਆਪੇ ਪਾਏ ਸ੍ਰਿਸ਼ਟ ਸਬਾਈ ਘੜਨ ਭੰਨਣਹਾਰਾ । ਪਤਿ ਪਤਿ ਪਤਿ ਆਪ ਰਖਾਏ ਸਾਚਾ ਸੱਜਣ ਮੀਤ ਪਿਆਰਾ । ਵਥ ਵਥ ਵਥ ਸੋਹੰ ਬੀਜ ਬਿਜਾਏ ਤਨ ਬਣਾਏ ਸਚ ਕਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਗੁਰਸਿਖਾਂ ਦਸਮ ਦਵਾਰਾ । ਦਸਮ ਦਵਾਰਾ ਸੂਤਰ ਧਾਰ । ਸ਼ਬਦ ਗੁੰਝਾਰ, ਸਚ ਧੁਨਕਾਰ, ਗੁਰਮੁਖ ਸੁਨਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਕਿਰਪਾ ਕਰੇ ਅਪਾਰ । ਆਪ ਉਪਜਾਏ ਆਤਮ ਧੁਨ । ਗੁਰਮੁਖਾਂ ਖੁਲ੍ਹਾਏ ਕਾਇਆ ਸੁੰਨ । ਅੰਮ੍ਰਿਤ ਬੂੰਦ ਕਵਲ ਮੁਖ ਪਾਏ ਗੁਰਮੁਖ ਸਾਚਾ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਹਰਿ ਤੇਰੇ ਗੁਣ । ਕਵਣ ਗੁਣ ਹਰਿ ਆਪ ਵਖਾਣੇ । ਪ੍ਰਭ ਅਬਿਨਾਸ਼ੀ ਕੋਈ ਵਿਰਲਾ ਜਾਣੇ । ਜਿਸ ਚਲਾਏ ਆਪਣੇ ਭਾਣੇ । ਸੋ ਜਨ ਰੰਗ ਸਾਚਾ ਮਾਣੇ । ਸਾਚਾ ਦੇਵੇ ਨਾਮ ਨਿਧਾਨੇ । ਆਤਮ ਤੋੜੇ ਸਰਬ ਅਭਿਮਾਨੇ । ਏਕਾ ਬਖ਼ਸ਼ੇ ਚਰਨ ਧਿਆਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਦਾਨੇ । ਸਾਚਾ ਦਾਨ ਦੇਵੇ ਪੁਰਖ ਸੁਜਾਨ । ਸਾਚੀ ਦਰਗਹਿ ਪਾਵੇ ਮਾਣ । ਸਾਚੇ ਘਰ ਸਚ ਨਿਸ਼ਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿ ਪੁਰਖਾਂ ਮੇਲ ਮਿਲਾਏ ਜੋਤ ਜਗਾਏ ਜਗਤ ਜਹਾਨ । ਮੇਲ ਮਿਲਾਇਆ, ਕਰਮ ਕਮਾਇਆ । ਮਾਤਲੋਕ ਪ੍ਰਭ ਜਨਮ ਦਵਾਇਆ । ਪਰਗਟ ਜੋਤ ਦਰਸ ਦਿਖਾਇਆ । ਗੁਰਮੁਖਾਂ ਪ੍ਰਭ ਕਰ ਤਰਸ ਅੰਮ੍ਰਿਤ ਮੇਘ ਬਰਸਾਇਆ । ਅੰਮ੍ਰਿਤ ਮੇਘ ਬਰਸ ਆਤਮ ਤ੍ਰਿਖਾ ਬੁਝਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਧਰੇ ਪਾਰ ਜੋ ਜਨ ਤੇਰੀ ਚਰਨ ਧੂੜ ਨਹਾਇਆ । ਚਰਨ ਧੂੜ ਜੋ ਜਨ ਨਹਾਵੇ । ਪ੍ਰਭ ਅਬਿਨਾਸ਼ੀ ਰਸਨਾ ਗਾਵੇ । ਦਿਵਸ ਰੈਣ ਹਰਿ ਰਿਦੇ ਧਿਆਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਦਰਸ ਦਿਖਾਵੇ । ਦਰਸ ਦਿਖਾਵੇ ਦੀਨ ਦਿਆਲਾ । ਭਗਤ ਜਨਾਂ ਸਦ ਹੋਏ ਰਖਵਾਲਾ । ਸੋਹੰ ਸ਼ਬਦ ਜਪਾਵੇ ਗਲ ਪਾਵੇ ਸਾਚੀ ਮਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਜਗਤ ਧਨ ਮਾਲਾ । ਸੋਹੰ ਦੇਵੇ ਸਾਚਾ ਧਨ । ਗੁਰਸਿਖ ਆਤਮ ਜਾਏ ਮੰਨ । ਆਪਣਾ ਬੇੜਾ ਜਾਏ ਬੰਨ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਢਾਏ ਆਤਮ ਜਨ । ਆਤਮ ਜਨ ਆਪ ਚੁਕਾਏ । ਸਾਚਾ ਰਾਗ ਕੰਨ ਸੁਣਾਏ । ਸੋਹੰ ਜਾਗ ਤਨ ਲਗਾਏ ਤ੍ਰਿਖਾ ਆਗ

੪੨੯
੦੨

ਆਪ ਬੁਝਾਏ । ਜਿਉਂ ਬਿਦਰ ਅਲੂਣਾ ਖਾਇਆ ਸਾਗ, ਦਰ ਘਰ ਆਏ ਭੋਗ ਲਗਾਏ । ਆਪੇ ਪਕੜੇ ਤੇਰੀ ਵਾਗ, ਵੇਲੇ ਅੰਤ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਦਰਸ ਆ ਪਾਏ । ਜੋ ਜਨ ਆਏ ਤ੍ਰਿਖਾ ਵੰਤ । ਆਤਮ ਤ੍ਰਿਖਾ ਮਿਟਾਏ ਪ੍ਰਭ ਸਾਚਾ ਸੰਤ । ਸਾਚੀ ਬੂਝ ਬੁਝਾਏ ਆਪ ਬਣ ਜਾਏ ਸਾਚਾ ਕੰਤ । ਆਤਮ ਭੇਵ ਗੁਝ ਖੁਲ੍ਹਾਏ, ਆਪ ਮਿਟਾਏ ਝੂਠੀ ਚਿੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਬਣਤ । ਉਠ ਜੀਵ ਜਾਗ, ਕਿਉਂ ਕਲਜੁਗ ਸੋਇਆ । ਉਠ ਜੀਵ ਜਾਗ, ਕਿਉਂ ਸਾਚਾ ਵਕ਼ਤ ਖੋਇਆ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਜੋਤ ਜਗਾਈ ਭੇਵ ਖੁਲ੍ਹਾਏ ਦੋਐਂ ਦੋਆ । ਮਿਲੇ ਵਡਿਆਈ ਗੁਰਮੁਖ ਦਰ ਆਏ ਕੋਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਵਵਾਨ ਸੋਹੰ ਬੀਜ ਸਾਚਾ ਬੋਇਆ । ਉਠ ਜੀਵ ਜਾਗ, ਸੁਰਤ ਸੰਭਾਲੀ । ਉਠ ਜੀਵ ਜਾਗ, ਮਾਤਲੋਕ ਹਰਿ ਜੋਤ ਪਰਗਟਾਲੀ । ਉਠ ਜੀਵ ਜਾਗ, ਹਰਿ ਆਪੇ ਬਣਿਆ ਮਾਲੀ । ਉਠ ਜੀਵ ਜਾਗ, ਨਾ ਜਾਏ ਦਰ ਤੋਂ ਖਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤ ਜੋਤ ਪਰਗਟਾਏ ਵਾਲੀ ਦੋ ਜਹਾਨੀਂ । ਉਠ ਜੀਵ ਜਾਗ ਸੋਹੰ ਸ਼ਬਦ ਲਗਾਵੇ ਜਾਗ । ਉਠ ਜੀਵ ਜਾਗ, ਸੁਣ ਸਾਚਾ ਰਾਗ । ਉਠ ਜੀਵ ਜਾਗ, ਆਤਮ ਤ੍ਰਿਖਾ ਬੁਝਾਏ ਆਗ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੰਸ ਬਣਾਵੇ ਕਾਗ । ਉਠ ਜੀਵ ਜਾਗ, ਲੈ ਆਤਮ ਰਸ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਸੋਹੰ ਸ਼ਬਦ ਦੇਵੇ ਹੱਸ । ਉਠ ਜੀਵ ਜਾਗ, ਪ੍ਰਭ ਚਰਨੀ ਲਾਗ ਸਾਚਾ ਰਾਹ ਜਾਏ ਦੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਸਦ ਹੋਏ ਵਸ । ਉਠ ਜੀਵ ਜਾਗ, ਜਗਤ ਅੰਧੇਰਾ । ਉਠ ਜੀਵ ਜਾਗ, ਨਾਂ ਦਿਸੇ ਕਿਸੇ ਸੰਝ ਸਵੇਰਾ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਪਾਇਆ ਮਾਤ ਫੇਰਾ । ਉਠ ਜੀਵ ਜਾਗ, ਆਪ ਚੁਕਾਏ ਤੇਰਾ ਮੇਰਾ । ਉਠ ਜੀਵ ਜਾਗ, ਪ੍ਰਭ ਢਾਏ ਭਰਮ ਦਾ ਡੇਰਾ । ਉਠ ਜੀਵ ਜਾਗ, ਮਿਟੇ ਅੰਧੇਰੀ ਰਾਤ, ਗੁਰਸਿਖਾਂ ਹੋਇਆ ਸਵੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਵਸਾਏ ਤੇਰਾ ਆਤਮ ਨਗਰ ਖੇੜਾ । ਆਤਮ ਖੇੜਾ ਤੇਰਾ ਆਪੇ ਵਸੇ । ਹੋਏ ਪਰਕਾਸ਼ ਜੋਤ ਰਵ ਸੱਸੇ । ਅਗਿਆਨ ਅੰਧੇਰ ਤੇਰੇ ਦਰ ਤੇ ਨੱਸੇ । ਪ੍ਰਭ ਅਬਿਨਾਸ਼ੀ ਤੇਰੇ ਹਿਰਦੇ ਵਸੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਰ ਦਵਾਰਾ ਰਾਹ ਸਚ ਦੱਸੇ । ਗੁਰ ਚਰਨ ਸੀਸ ਨਿਵਾਇਆ । ਦੁਖ ਰੋਗ ਸਰਬ ਗਵਾਇਆ । ਚਿੰਤਾ ਸੋਗ ਹਰਿ ਮਿਟਾਇਆ । ਪਰਗਟ ਜੋਤ ਜੋਤ ਸਰੂਪ ਸਵਛ ਸਰੂਪੀ ਦਰਸ ਦਿਖਾਇਆ । ਗੁਰਸਿਖ ਕਰ ਦਰਸ ਅਮੋਘ, ਸਾਚਾ ਸਮਾਂ ਹਰਿ ਆਣ ਸੁਹਾਇਆ । ਸੋਹੰ ਸ਼ਬਦ ਸਾਚਾ ਜੋਗ, ਦੂਈ ਦਵੈਤ ਦੇ ਮਿਟਾਇਆ । ਸਾਚਾ ਰਸ ਰਸਨਾ ਲਿਆ ਭੋਗ, ਸੋਹੰ ਸਾਚਾ ਗਾਇਆ । ਕਲਜੁਗ ਮਾਇਆ ਝੂਠਾ ਲੋਭ, ਨਾ ਕੋਈ ਹੋਏ ਸਹਾਇਆ । ਆਪਣਾ ਆਪ ਲੈਣ ਸੋਧ, ਕਲਗੀਧਰ ਜਗਦੀਸ ਵਿਚ ਮਾਤ ਜੋਤ ਪਰਗਟਾਇਆ । ਵਡ ਜੋਧਾ ਵਡ ਜੋਧਨ ਜੋਧ, ਸੂਰਬੀਰ ਆਪ ਅਖਵਾਇਆ । ਬੇਮੁਖਾਂ ਜਾਏ ਸੋਧ, ਸੋਹੰ ਸ਼ਬਦ ਤੀਰ ਇਕ ਚਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਦਰ ਦਰਬਾਨ ਪੂਰਨ ਆਸ ਕਰਾਇਆ । ਦੁਖ ਰੋਗ ਲੱਥਾ ਦਰ । ਜੋ ਜਨ ਆਏ ਸਾਚੇ ਘਰ । ਕਰ ਦਰਸ ਕਲਜੁਗ ਜਾਇਣ ਤਰ । ਨਿਹਕਲੰਕ ਜੋਤ ਪਰਗਟਾਈ ਅਵਤਾਰ ਨਰ । ਸਾਚਾ ਸ਼ਬਦ ਡੰਕ ਵਜਾਈ, ਦਿਓ ਵਧਾਈ ਘਰ ਘਰ ਸੁਣੇ ਮਾਤਲੋਕ ਲੋਕਾਈ ਵੱਜੇ ਵਧਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖਾਂ ਚੁਕਾਏ ਸਰਬ ਡਰ । ਦੁਖ ਦਰਦ ਪ੍ਰਭ ਦੇਵੇ ਖੰਡ । ਗੁਰਸਿਖਾਂ

ਨਾ ਦੇਵੇ ਕਿਸੇ ਦੰਡ । ਭੰਨ ਵਖਾਏ ਪ੍ਰਭ ਕੱਚੇ ਅੰਡ । ਕਲਜੁਗ ਜੀਵ ਜੋ ਪਾਇਣ ਡੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਬੇਮੁਖਾਂ ਝੰਡ । ਦੁਖ ਦਰਦ ਹਰਿ ਦੇ ਨਿਵਾਰ । ਦਰ ਘਰ ਆਏ ਪ੍ਰਭ ਸਾਚਾ ਜਾਏ ਤਾਰ । ਸਾਚਾ ਸਰ ਸੱਚਾ ਦਰਬਾਰ । ਏਕਾ ਏਕ ਦੇਵੇ ਕਰ ਹੰਗਤਾ ਰੋਗ ਨਿਵਾਰ । ਆਤਮ ਖੁਲ੍ਹਾਏ ਸਾਚਾ ਦਰ, ਜੋ ਜਨ ਕਰੇ ਚਰਨ ਪਿਆਰ । ਅੰਤਕਾਲ ਨਾ ਜਾਏ ਮਰ, ਪ੍ਰਭ ਦੇਵੇ ਦਰਸ ਅਪਾਰ । ਆਪ ਵਸਾਏ ਸਾਚੇ ਘਰ, ਜਿਥੇ ਵਸੇ ਆਪ ਨਿਰੰਕਾਰ । ਗੁਰਮੁਖ ਸਾਚੇ ਜਾਇਣ ਤਰ, ਕਿਰਪਾ ਕਰੇ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪਰਗਟਾਏ ਲਾਇਆ ਸਚ ਦਰਬਾਰ । ਸਚ ਦਰਬਾਰਾ ਸਚ ਦਵਾਰਾ । ਗੁਰਸਿਖਾਂ ਵਖਾਏ ਆਪ ਨਿਰੰਕਾਰਾ । ਆਏ ਦਰ ਜਾਏ ਤਰ, ਚੁੱਕੇ ਡਰ ਨਾ ਜਾਏ ਮਰ, ਪਤਿ ਰੱਖੇ ਹਰਿ ਆਪ ਆਪ ਗਿਰਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਤਰਸ ਗੁਰਸਿਖਾਂ ਕਰੇ ਪਿਆਰਾ । ਗੁਰਸਿਖ ਹਰਿ ਕਰੇ ਪਿਆਰ । ਪ੍ਰੇਮ ਭਗਤ ਦੇ ਜਾਵੇ ਤਾਰ । ਪੂਰਨ ਕਾਮ ਸਚ ਧਾਮ ਹਰਿ ਚਰਨ ਦਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਤੇਰੇ ਦਵਾਰ, ਅੰਤਮ ਪਾਇਣ ਮੋਖ ਦਵਾਰ । ਮੋਖ ਦਵਾਰਾ, ਗੁਰ ਘਰ ਭਗਤ ਅਧਾਰਾ । ਗੁਰ ਘਰ ਜਨਮ ਸਵਾਰਾ । ਗੁਰ ਘਰ ਕਰਮ ਵਿਚਾਰਾ । ਗੁਰ ਘਰ ਭਰਮ ਨਿਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਮਰਨ ਸਵਾਰਾ । ਜਨਮ ਮਰਨ ਹਰਿ ਆਪ ਚੁਕਾਏ । ਝੂਠਾ ਭਰਮ ਸਰਬ ਗਵਾਏ । ਸਚ ਧਰਮ ਪ੍ਰਭ ਮਾਰਗ ਲਾਏ । ਸਾਰੰਗ ਧਰ ਆਪ ਅਖਵਾਏ । ਨਰ ਅਵਤਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਨਾਉਂ ਰਖਾਏ । ਸਚ ਧਾਮ ਗੁਰ ਚਰਨ ਛੁਹਾਏ । ਸਚ ਧਾਮ ਪ੍ਰਭ ਆਪ ਸੁਹਾਏ । ਗੁਰਸਿਖਾਂ ਗੁਰ ਸੰਗਤ ਬਣਾਏ । ਸਚ ਧਾਮ ਪ੍ਰਭ ਅਬਿਨਾਸ਼ੀ ਭੁੱਖ ਨੰਗ ਗਵਾਏ । ਸਚ ਧਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਅੰਗ ਸੰਗ ਸੁਹਾਏ । ਸਚ ਧਾਮ ਜਗਤ ਉਜਾਗਰ । ਸਚ ਧਾਮ ਗੁਰਸਿਖ ਬਣਾਏ ਪ੍ਰਭ ਸੋਹੰ ਸ਼ਬਦ ਸਚ ਸੁਦਾਗਰ । ਸਚ ਧਾਮ ਗੁਰਸਿਖਾਂ ਜੋਤ ਜਗਾਏ, ਪ੍ਰਭ ਝੂਠੀ ਕਾਇਆ ਗਾਗਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਭੰਡਾਰੇ ਆਪ ਭਰਾਏ ਆਤਮ ਗੁਰਸਿਖ ਸਾਗਰ । ਸਚ ਧਾਮ ਸਾਚਾ ਵੇਲਾ । ਸਚ ਧਾਮ ਪ੍ਰਭ ਮਿਲਿਆ ਸੱਜਣ ਸੁਹੇਲਾ । ਸਚ ਧਾਮ ਗੁਰਸਿਖਾਂ ਹੋਇਆ ਕਲਜੁਗ ਮੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਇਆ ਆਪਣਾ ਚੇਲਾ । ਸਚ ਧਾਮ ਧਰਮ ਜੋਤ । ਸਚ ਧਾਮ ਏਕਾ ਗੋਤ । ਸਚ ਧਾਮ ਆਪ ਖੁਲ੍ਹਾਏ ਆਤਮ ਸਾਰ ਸੋਤ । ਸਚ ਧਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਕਰ ਆਤਮ ਜਗਾਏ ਸਾਚੀ ਜੋਤ । ਸਚ ਧਾਮ ਸਚ ਦਰ । ਸਚ ਧਾਮ ਸਚ ਘਰ । ਸਚ ਧਾਮ ਆਇਆ ਹਰਿ । ਸਚ ਧਾਮ ਗੁਰਸਿਖਾਂ ਦੇਵੇ ਸੋਹੰ ਸਾਚਾ ਵਰ । ਸਚ ਧਾਮ ਮਾਤ ਜੋਤ ਪਰਗਟਾਈ, ਨਿਹਕਲੰਕ ਅਵਤਾਰ ਨਰ । ਸਚ ਧਾਮ ਅਵਤਾਰ ਨਰਿਆ । ਸਚ ਧਾਮ ਆਪ ਸੁਹਾਇਆ ਪ੍ਰਭ ਅਬਿਨਾਸ਼ੀ ਭਾਗ ਭਰਿਆ । ਸਾਚੇ ਧਾਮ ਗਾਇਆ ਗੁਰਸਿਖਾਂ ਆਸਾ ਵਰਿਆ । ਸਾਚਾ ਧਾਮ ਪਾਇਆ ਨਿਹਕਲੰਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਸਰੂਪੀ ਦਰ ਦਵਾਰ ਅੱਗੇ ਪੜਿਆ । ਸਚ ਧਾਮ ਸਚ ਦਵਾਰੀ । ਸਚ ਧਾਮ ਗੁਰਸਿਖ ਆਏ ਨਿਹਕਲੰਕ ਤੇਰੇ ਚਰਨ ਪੁਜਾਰੀ । ਸਚ ਧਾਮ ਸਚ ਰਾਮ ਸਾਚੀ ਜੋਤ ਜਗੇ ਨਿਰੰਕਾਰੀ । ਸਚ ਧਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਨ ਭਗਤਾਂ ਜਾਏ ਉਧਾਰੀ । ਸਚ ਧਾਮ ਚਰਨ ਦਵਾਰ । ਸਚ ਧਾਮ ਗੁਰ ਦਰਸ ਅਪਾਰ ।

ਸਚ ਧਾਮ ਕਰ ਕਿਰਪਾ ਜਾਏ ਤਾਰ । ਸਚ ਧਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਖ਼ਸ਼ੇ ਚਰਨ ਪਿਆਰ । ਸਚ ਧਾਮ ਚਰਨ ਧੂੜ । ਗੁਰਸਿਖ ਬਣਾਏ ਗੁਰ ਆਤਮ ਮੂੜ੍ਹ । ਆਤਮ ਕੱਟੇ ਮਾਇਆ ਜੂੜ । ਸੋਹੰ ਸ਼ਬਦ ਟਿਕਾਏ ਸਾਚੇ ਹੱਟੇ, ਰੰਗ ਚੜ੍ਹਾਏ ਏਕ ਗੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਪੀੜ ਪਿੜਾਏ ਵਿਚ ਸ਼ਬਦ ਸਰੂਪੀ ਬੂੜ । ਸਚ ਧਾਮ ਸ਼ਬਦ ਅਨਮੋਲ । ਸਚ ਧਾਮ ਗੁਰਸਿਖ ਸਾਚੇ ਦੋਏ ਚਰਨ ਤਨ ਮਨ ਘੋਲ । ਸਚ ਧਾਮ ਪ੍ਰਭ ਅਬਿਨਾਸ਼ੀ ਜੋਤ ਸਰੂਪ ਵਸਿਆ ਕੋਲ । ਸਚ ਧਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਤਮ ਪੜਦੇ ਦੇਵੇ ਖੋਲ੍ਹ । ਸਚ ਧਾਮ ਮਿਟੇ ਅੰਧੇਰਾ । ਸਚ ਧਾਮ ਦਿਸੇ ਸਵੇਰਾ । ਸਚ ਧਾਮ ਗੁਰਸਿਖਾਂ ਢਾਹੇ ਭਰਮਾਂ ਡੇਰਾ । ਸਚ ਧਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਲੱਖ ਚੁਰਸੀ ਗੇੜਾ । ਲੱਖ ਚੁਰਾਸੀ ਆਪ ਕਟਾਏ । ਚਰਨ ਦਾਸੀ ਆਪਣੀ ਆਪ ਕਰਾਏ । ਘਨਕਪੁਰ ਵਾਸੀ ਵਿਚ ਮਾਤ ਜੋਤ ਪਰਗਟਾਏ । ਸਾਚੀ ਜੋਤ ਜਗਤ ਪਰਕਾਸ਼ੀ, ਤੀਨ ਲੋਕ ਹੋਏ ਰੁਸ਼ਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਧਰੇ ਜੋ ਚਲੇ ਹਰਿ ਕੇ ਭਾਏ । ਹਰਿ ਕਾ ਭਾਣਾ ਵੇਖ ਵਿਚਾਰੋ । ਜਨਮ ਮਰਨ ਨਾ ਦੋਏ ਹਾਰੋ । ਸਾਚਾ ਧਰਮ ਗੁਰ ਚਰਨ ਪਿਆਰੋ । ਜਨਮ ਮਰਨ ਦੋਏ ਸਵਾਰੋ । ਅੰਤਕਾਲ ਨਾ ਹੋਏ ਖੁਆਰੋ । ਆਓ ਚਲ ਨਿਹਕਲੰਕ ਦਵਾਰੋ । ਅੰਤਕਾਲ ਕਲਜੁਗ ਉਤਰੇ ਪਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵੇ ਦਰਸ ਅਪਾਰੋ । ਆਪੇ ਦੇਵੇ ਦਰਸ ਅਮੋਘ । ਆਪ ਚੁਕਾਏ ਚਿੰਤਾ ਸੋਗ । ਸਚ ਸ਼ਬਦ ਗੁਰਸਿਖ ਸਾਚਾ ਜੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਰ ਘਰ ਆਏ ਰਸ ਸਾਚ ਭੋਗ । ਰਸਨਾ ਰਸ, ਆਤਮ ਵਸ, ਦੁਖੜੇ ਜਾਇਣ ਨੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਚਲਾਏ ਸਵਾਸ ਸਵਾਸ । ਸਵਾਸ ਸਵਾਸੀ ਪਵਣ ਰਾਸੀ । ਸਦ ਅਬਿਨਾਸ਼ੀ ਨਾ ਕਦੇ ਵਿਨਾਸੀ । ਗੁਰ ਸੰਗਤ ਤੇਰਾ ਹੋਇਆ ਦਾਸੀ । ਰਸਨ ਨਾ ਲਾਓ ਨਾ ਬਣ ਜਾਓ ਮਦਿਰਾ ਮਾਸੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਨਿਧ ਕਰਾਏ ਗੁਰਸਿਖ ਤੇਰੀ ਦਾਸੀ । ਨੌਂ ਨਿਧ ਹੋਏ ਤੇਰੇ ਦਾਸ । ਕਾਰਜ ਸਿੱਧ ਪ੍ਰਭ ਹਿਰਦੇ ਵਾਸ । ਦਰ ਘਰ ਦੁਖੜੇ ਹੋਇਣ ਨਾਸ । ਪ੍ਰਭ ਮਿਲਣ ਦੀ ਸਾਚੀ ਬਿਧ, ਸੋਹੰ ਜੀਵ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਕਰੇ ਪਰਕਾਸ਼ । ਸਾਚੀ ਜੋਤ ਆਪ ਜਗਾਏ । ਸੋਹੰ ਸਾਚਾ ਜੋ ਜਨ ਗਾਏ । ਹਿਰਦੇ ਵਾਚਾ ਹਰਿ ਦਰਸ ਦਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਉਪਰ ਤਰਸ ਕਮਾਏ । ਤਰਸ ਕਮਾਏ ਦੀਨ ਕਾ ਦਾਤਾ । ਗੁਰਮੁਖ ਸਾਚੇ ਹਰਿ ਰੰਗ ਰਾਤਾ । ਹਰਿ ਹਰਿ ਹਿਰਦੇ ਵਾਚੇ, ਸੋਹੰ ਦੇਵੇ ਸਾਚੀ ਦਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਗਵਾਏ ਗੁਰ ਸੰਗਤ ਤੇਰੀ ਅੱਜ ਦੀ ਬਿਰਥੀ ਰਾਤਾ । ਭਿੰਨੜੀ ਰੈਣ ਲੇਖੇ ਲਾਈ । ਗੁਰ ਸੰਗਤ ਤੇਰੇ ਮਨ ਵਧਾਈ । ਆਪੇ ਲਏ ਗੋਦ ਉਠਾਈ । ਜਿਉਂ ਨਾਨਕ ਅੰਗਦ ਅੰਗ ਲਗਾਈ । ਗੁਰ ਸੰਗਤ ਸਾਚਾ ਸੰਗ, ਗੁਰ ਚਰਨ ਨਿਭ ਜਾਈ । ਆਪੇ ਦੇਵੇ ਦਰਸ ਦਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਹੱਥ ਤੇਰੀ ਵਡਿਆਈ । ਭਿੰਨੜੀ ਰੈਣ ਗੁਰਸਿਖ ਸਾਚੇ ਸੰਤ ਜਨ ਤੇਰੇ ਪ੍ਰਭ ਅਬਿਨਾਸ਼ੀ ਚਰਨ ਬਹਿਣੇ । ਦਰ ਘਰ ਆਏ ਸਾਚੇ ਲੈਣ ਲਹਿਣੇ । ਆਤਮ ਤਨ ਪਹਿਨਾਏ ਪ੍ਰਭ ਸੋਹੰ ਸਾਚੇ ਗਹਿਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਦਰਸ ਦਿਖਾਏ ਗੁਰਸਿਖ ਤੀਜੇ ਨੈਣੇ । ਨੇਤਰ ਤੀਜੇ ਗੁਰਸਿਖ ਵੇਖ । ਪ੍ਰਭ ਬੈਠਾ ਧਾਰ ਜੋਤ ਸਰੂਪੀ ਭੇਖ । ਗੁਪਤ ਚਿਤਰ ਵਿਚ

੪੨੯ ੦੨

ਬੈਠਾ ਆਪ ਲਿਖਾਏ ਤੇਰੇ ਲੇਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਚਰਨ ਲਾਗ ਜਗਾਏ ਭਾਗ, ਉਪਜਾਏ ਰਾਗ, ਧੋਏ ਦਾਗ, ਆਪ ਮਿਟਾਏ ਬਿਧਨਾ ਲਿਖੇ ਲੇਖ । ਲਿਖੇ ਲੇਖ ਆਪ ਮਿਟਾਏ । ਸਾਚੇ ਲੇਖ ਫਿਰ ਲਿਖਾਏ । ਜੋਤ ਸਰੂਪੀ ਖੇਲ ਰਚਾਏ । ਵਡ ਵਡ ਔਲੀਏ ਸ਼ੇਖ਼ ਪ੍ਰਭ ਨਸ਼ਟ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅਲਖ ਅਲੇਖ ਸੋਹੰ ਸ਼ਬਦ ਚਲਾਏ । ਏਕਾ ਸ਼ਬਦ ਅਲਖ ਅਲੇਖਕ । ਆਪ ਮਿਟਾਏ ਸਾਚਾ ਭੇਖਕ । ਕਲਜੁਗ ਮਿਟਾਏ ਝੂਠੀ ਰੇਖਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰਾਏ ਬੁੱਧ ਬਿਬੇਕ । ਸਾਚੀ ਮਤਿ ਗੁਰਸਿਖ ਸਿੱਖ । ਸਾਚੇ ਲੇਖ ਪ੍ਰਭ ਦੇਵੇ ਲਿਖ । ਸਚ ਸ਼ਬਦ ਤੇਰੀ ਝੋਲੀ ਪਾਏ ਭਿੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸਿਖਿਆ ਦੇਵੇ ਗੁਰਸਿਖ ਲੈਣ ਸਿੱਖ । ਸਾਚੀ ਸਿਖਿਆ ਗੁਰ ਚਰਨ ਦਵਾਰੇ । ਮਾਨਸ ਜਨਮ ਨਾ ਜਗ ਵਿਚ ਹਾਰੇ । ਨਿਹਕਲੰਕ ਏਕ ਸਰਨ ਪੂਰਨ ਅਵਤਾਰੇ । ਵੇਲੇ ਅੰਤ ਸ੍ਰਿਸ਼ਟ ਸਬਾਈ ਹੋਏ ਖੁਆਰੇ । ਸੋਹੰ ਸ਼ਬਦ ਵੱਜੇ ਸਾਚਾ ਡੰਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੰਗ ਸੱਚਾ ਜਗਤ ਨਾ ਬਣੇ ਫੇਰ ਭਿਖਾਰੇ । ਜਗਤ ਭਿਖਾਰੀ ਹੋਏ ਜੀਵ ਸੰਸਾਰੀ । ਨਾ ਕੋਈ ਪਾਵੇ ਦਰ ਦਵਾਰੀ । ਦਰ ਦਰ ਹੋਏ ਖੁਆਰੀ । ਸਾਧਾਂ ਸੰਤਾਂ ਮਤਿ ਗਈ ਮਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿਨ ਅੰਤਾ ਪਰਗਟ ਜੋਤ ਆਪੇ ਕਰੇ ਕਾਰੀ । ਸੰਤ ਸੁਹੇਲੇ ਸੰਗ ਮੇਲੜਾ, ਚਰਨ ਲਾਗ ਜਾਓ ਤਰ । ਨਾ ਹੋਏ ਜਗਤ ਦੁਹੇਲੜਾ, ਸਚ ਘਰ ਤੋਂ ਆਏ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰੰਗ ਰਲੀਆਂ ਖੇਲੜਾ, ਕਰ ਦਰਸ ਜਾਓ ਤਰ । ਰੰਗ ਰਲੀ ਮਾਣੋ ਹਰਿ । ਆਤਮ ਕਲੀ ਪ੍ਰਭ ਦੇਵੇ ਧਰ । ਸਾਚੀ ਫਲੀ ਸ਼ਬਦ ਹਰਿ । ਗੁਰਮੁਖਾਂ ਮਿਲਿਆ ੪੩੦
੪੩੦ ਸਾਚਾ ਬਲੀ, ਜੀਵ ਸਰਨੀ ਜਾਏ ਪਰ । ਸੋਹੰ ਤਲੀ ਜੋਤ ਧਰੀ, ਵਲੀ ਛਲੀ ਸ੍ਰਿਸ਼ਟ ਸਬਾਈ ਜਾਏ ਹਰ । ਨੌਂ ਖੰਡ ਪ੍ਰਿਥਮੀ ਨਿਹਕਲੰਕ ਤੇਰੇ ਦਵਾਰ ਖੜੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤ ਪਰਗਟਾਏ ਗੁਰਸਿਖ ਧਿਆਏ ਨਾ ਲਾਏ ਘੜੀ ਪਲ । ਗੁਰਮੁਖ ਆਤਮ ਸਾਚੀ ਪ੍ਰੀਤ । ਪ੍ਰਭ ਮਿਲਣ ਦੀ ਰਾਖੇ ਨੀਤ । ਕਾਇਆ ਹੋਏ ਛਿੰਨ ਛਿੰਨ ਛਿੰਨ ਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤ ਜਗਾਏ ਗੁਰਸਿਖ ਸਾਚੇ ਵਿਚ ਮਾਤਲੋਕ ਸਦਾ ਰਹੇ ਅਤੀਤ । ਆਤਮ ਹੋਏ ਸਦਾ ਅਤੀਤੀ । ਰਾਖ ਏਕ ਚਰਨ ਪ੍ਰੀਤੀ । ਪਿਛਲੀ ਭੁਲ ਬਖ਼ਸ਼ਾਓ ਕੀਤੀ । ਆਏ ਪ੍ਰਭ ਪਰਖੇ ਨੀਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰਸਿਖਾਂ ਆਤਮ ਜੀਤੀ । ਆਤਮ ਆਪਣਾ ਜਾਓ ਜਿਤ । ਗੁਰ ਚਰਨ ਪ੍ਰੀਤੀ ਸਾਚਾ ਹਿੱਤ । ਪ੍ਰਭ ਅਬਿਨਾਸ਼ੀ ਜੋਤ ਪਰਗਟਾਏ ਗੁਰਸਿਖ ਤੇਰੇ ਦਰ ਦਵਾਰੇ ਨਿਤ ਨਵਿਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾ ਜੁਗੰਤਰ ਸਾਚਾ ਮਿਤ । ਮੀਤ ਪਿਆਰਾ ਪ੍ਰਭ ਗਿਰਧਾਰਾ । ਗੁਰਸਿਖਾਂ ਕਰੇ ਪਿਆਰਾ । ਆਵੇ ਜਾਵੇ ਵਾਰੋ ਵਾਰਾ । ਅਚਰਜ ਖੇਲ ਰੰਗ ਕਰਤਾਰਾ । ਭਰਮ ਭੁਲੇਖਾ ਪਾਏ ਜੀਵ ਗਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਪਿਲਾਏ ਸਾਚੀ ਧਾਰਾ । ਗੁਰ ਚਰਨ ਪਿਆਰਾ ਸਾਚੀ ਧਾਰਾ । ਗੁਰ ਚਰਨ ਮੋਖ ਦਵਾਰਾ । ਗੁਰ ਚਰਨ ਮੁਖ ਉਜਿਆਰਾ । ਗੁਰ ਚਰਨ ਭੁੱਖ ਨਿਵਾਰਾ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਕਰੇ ਵਪਾਰਾ । ਗੁਰ ਚਰਨ ਸਾਚਾ ਨੀਰ । ਗੁਰ ਚਰਨ ਸਾਚਾ ਪੀਰ । ਗੁਰ ਚਰਨ ਮਿਲੇ ਧੀਰ । ਗੁਰ ਚਰਨ ਦੇਵੇ ਪ੍ਰਭ ਅੰਮ੍ਰਿਤ ਸਾਚਾ ਸੀਰ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਗਟਾਈ ਵਡ ਪੀਰਨ ਪੀਰ ।

ਗੁਰ ਚਰਨ ਬੁੱਧ ਬਿਬੇਕ । ਗੁਰ ਚਰਨ ਸਾਚੀ ਟੇਕ । ਗੁਰ ਚਰਨ ਦਰਸ ਏਕ । ਗੁਰ ਚਰਨ ਨਾ ਲਾਗੇ ਸੇਕ । ਗੁਰ ਚਰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਆਪਣੀ ਟੇਕ । ਗੁਰ ਚਰਨ ਜਗਤ ਉਧਾਰ । ਗੁਰ ਚਰਨ ਪਤਤ ਸੁਧਾਰ । ਗੁਰ ਚਰਨ ਸ਼ਬਦ ਖਿੜੀ ਗੁਲਜ਼ਾਰ । ਗੁਰ ਚਰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਵਖਾਏ ਸਚ ਬਹਾਰ । ਗੁਰ ਚਰਨ ਗੁਰ ਰੂਪ । ਗੁਰ ਚਰਨ ਮਾਣ ਗਵਾਏ ਵਡ ਰਾਜਨ ਭੂਪ । ਗੁਰ ਚਰਨ ਜਨ ਮਸਤਕ ਛੁਹਾਏ ਬਹੁ ਦਰਸ ਦਿਖਾਏ ਬਿਨ ਰੰਗ ਰੂਪ । ਗੁਰ ਚਰਨ ਜੋ ਜਨ ਨੁਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਹੋਵੇ ਸਤਿ ਸਰੂਪ । ਗੁਰ ਚਰਨ ਗੁਰ ਦੀਦਾਰ । ਗੁਰ ਚਰਨ ਗੁਰਸਿਖ ਪਿਆਰ । ਗੁਰ ਚਰਨ ਆਤਮ ਦੁਖ ਦੇ ਨਿਵਾਰ । ਗੁਰ ਚਰਨ ਵਡ ਵਡ ਮੁਨ ਰਿਖ ਦੇਵੇ ਭਰਮ ਨਿਵਾਰ । ਗੁਰ ਚਰਨ ਲੇਖ ਸਾਚੇ ਦੇਵੇ ਲਿਖ, ਆਪੇ ਬਣੇ ਲੇਖ ਲਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਕਿਰਪਾ ਧਾਰ । ਗੁਰ ਚਰਨ ਜਗਨ ਨਾਥ । ਗੁਰ ਚਰਨ ਸਾਚਾ ਸਗਲ ਸਾਥ । ਗੁਰ ਚਰਨ ਲੱਗਣ ਇਕ ਰਘੁਨਾਥ । ਗੁਰ ਚਰਨ ਦੀਪਕ ਜਗਣ ਗਗਨ, ਆਪੇ ਬਣੇ ਸਾਚਾ ਸਾਥ । ਗੁਰ ਚਰਨ ਮਹਿੰਮਾ ਜਗਤ ਅਕਥ । ਗੁਰ ਚਰਨ ਗੁਰਸਿਖਾਂ ਮਿਲੇ ਸਾਚੀ ਵਥ । ਗੁਰ ਚਰਨ ਕਰ ਦਰਸ ਸਗਲ ਵਸੂਰੇ ਜਾਇਣ ਲੱਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖ ਦਰਦ ਗੁਰ ਸੰਗਤ ਜਾਏ ਮਥ । ਗੁਰ ਚਰਨ ਜੋ ਜਨ ਲਾਗਾ । ਕਾਇਆ ਰੋਗ ਦੁਖੜਾ ਭਾਗਾ । ਚਿੰਤਾ ਸੋਗ ਬੁਝੀ ਆਗਾ । ਗੁਰਮੁਖ ਸੋਇਆ ਕਲਜੁਗ ਜਾਗਾ । ਆਪ ਉਪਜਾਏ ਅਨਹਦ ਸਾਚਾ ਰਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਸਰਨੀ ਤੇਰੀ ਲਾਗਾ । ਅੰਮ੍ਰਿਤ ਆਤਮ ਗੁਰਸਿਖ ਭਰਿਆ । ਸਚ ਤਾਰੀ ਗੁਰਸਿਖ ਵਿਰਲਾ ਤਰਿਆ । ਆਤਮ ਸਤਿ ਸਰੂਰ ਅੰਦਰ ਜਿਸ ਜਨ ਸਾਚਾ ਵਰਿਆ । ਝੂਠੀ ਕਾਇਆ ਅੰਧੇਰ ਕੰਦਰ, ਬੇਮੁਖਾਂ ਤਨ ਆਏ ਡਰਿਆ । ਗੁਰਸਿਖਾਂ ਬਣਾਏ ਪ੍ਰਭ ਸਾਚਾ ਮੰਦਰ, ਅੰਮ੍ਰਿਤ ਆਤਮ ਭਰਿਆ । ਆਪ ਤੁੜਾਏ ਮਾਇਆ ਜੰਦਰ, ਦਸਮ ਦਵਾਰੀ ਅੱਗੇ ਖੜਿਆ । ਬੇਮੁਖ ਜੀਵ ਨਚਾਏ ਕਲਜੁਗ ਜਿਉਂ ਬੰਦਰ, ਨਾ ਕੋਇ ਫੜੇ ਲੜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਰਸਨਾ ਗਾਓ, ਸਦ ਸਦ ਸਦ ਆਪਣੇ ਵਿਚੋਂ ਪਾਓ, ਦਿਵਸ ਰੈਣ ਰਹੇ ਅੰਦਰ ਵੜਿਆ । ਅੰਮ੍ਰਿਤ ਮੇਘ ਆਪ ਬਰਸਾਇਆ । ਕਰ ਕਿਰਪਾ ਹਰਿ ਨਾਮ ਦਵਾਇਆ । ਸਾਚਾ ਧਾਮ ਆਪ ਸੁਹਾਇਆ । ਰਮਈਆ ਰਾਮ ਜੋਤ ਜਗਾਇਆ । ਘਨਈਆ ਸ਼ਾਮ ਇਕ ਰਘੁਰਾਇਆ । ਵੇਖੇ ਵੇਖ ਵਖਾਏ ਗੁਰਮੁਖਾਂ ਮਨ ਚਾਓ ਚੜ੍ਹਈਆ । ਭੇਖੀ ਭੇਖ ਵਟਾਏ, ਸਵਾਂਗੀ ਸਵਾਂਗ ਰਚਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਤਮ ਭੰਡਾਰੇ ਕਰੇ ਭਰਪੂਰ ਜੋ ਦਰ ਮੰਗਣ ਅਈਆ । ਜੋ ਜਨ ਆਏ ਨਾਮ ਭਿਖਾਰੀ । ਸੋਹੰ ਦੇਵੇ ਵਡ ਭੰਡਾਰੀ । ਆਪੇ ਖੋਲ੍ਹੇ ਤੇਰੀ ਦਸਮ ਦਵਾਰੀ । ਏਕਾ ਜੋਤ ਪ੍ਰਭ ਸਾਚਾ ਕਰੇ ਉਜਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਉਪਜਾਏ ਸਾਚੀ ਧੁਨਕਾਰੀ । ਸੋਹੰ ਸ਼ਬਦ ਏਕਾ ਧੁਨ । ਗੁਰਸਿਖ ਸੁਣ ਏਕਾ ਸ਼ਬਦ ਉਪਜਾਏ ਪ੍ਰਭ ਅਬਿਨਾਸ਼ੀ ਕੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਉਪਜਾਏ ਰੁਣ ਝੁਣ । ਆਤਮ ਧੁਨ ਸੱਚੀ ਧੁਨਕਾਰ । ਗੁਰਮੁਖ ਸਾਚਾ ਸੁਣੇ ਸ਼ਬਦ ਗੁੰਜਾਰ । ਏਕਾ ਸ਼ਬਦ ਰੈਣ ਰੈਣ ਦਿਵਸ ਏਕਾ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਬਖ਼ਸ਼ੇ ਕਰ ਚਰਨ ਪਿਆਰ । ਗੁਰਸਿਖ ਆਤਮ ਆਪ ਜਗਾਓ । ਪ੍ਰਭ ਅਬਿਨਾਸ਼ੀ ਵਰ ਘਰ ਸਾਚਾ

ਸਾਚਾ ਪਾਓ । ਆਤਮ ਜੀਵ ਜੰਦਰ ਸੋਹੰ ਜਪ ਰਸਨਾ ਆਪ ਖੁਲ੍ਹਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਟਨ ਕੋਟ ਦਰ ਆਏ ਪਾਪ ਗਵਾਓ । ਕੋਟਨ ਪਾਪ ਆਪ ਨਿਵਾਰੇ । ਤੀਨੋ ਤਾਪ ਪ੍ਰਭ ਸਾਚਾ ਮਾਰੇ । ਪਤਤ ਪਾਪੀ ਦਰ ਘਰ ਆਏ ਜੋ ਨਿਮਸਕਾਰੇ । ਅੰਮ੍ਰਿਤ ਮੇਘ ਮੁਖ ਚੁਆਏ ਗੁਣ ਅਵਗੁਣ ਨਾ ਹਰਿ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਸਦਾ ਭਰੇ ਰਹਿਣ ਭੰਡਾਰੇ । ਪ੍ਰਭ ਅਬਿਨਾਸ਼ੀ ਵਡ ਭੰਡਾਰ । ਕੋਟਨ ਕੋਟ ਖੜੇ ਦਵਾਰ । ਗੁਰਮੁਖ ਮੰਗਣ ਬਣ ਭਿਖਾਰ । ਪ੍ਰਭ ਅਬਿਨਾਸ਼ੀ ਦੇਵੇ ਨਾਮ ਦਾਨ, ਜੋ ਜਨ ਆਏ ਦਰਬਾਰ । ਕਿਰਪਾ ਕਰੇ ਆਪ ਭਗਵਾਨ, ਜੋਤ ਸਰੂਪੀ ਖੇਲ ਅਪਾਰ । ਆਪ ਬਣਾਏ ਗੁਰਸਿਖ ਚਤੁਰ ਸੁਜਾਨ, ਅੰਮ੍ਰਿਤ ਬਖ਼ਸ਼ੇ ਸਾਚੀ ਧਾਰ । ਆਪ ਬਿਠਾਏ ਵਿਚ ਬਬਾਣ, ਜਾ ਬਹਾਏ ਸਚ ਦਰਬਾਰ । ਆਪ ਚੁਕਾਏ ਜਮ ਕੀ ਕਾਨ, ਜੋਤ ਸਰੂਪੀ ਅਗੰਮ ਅਪਾਰ । ਗੁਰਸਿਖ ਤੇਰਾ ਮਾਣ ਤਾਣ ਗੁਰ ਚਰਨ ਦਵਾਰ । ਭਗਤ ਵਛਲ ਆਪ ਭਗਵਾਨ, ਤੇਰਾ ਸਾਚਾ ਸਚ ਸਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਪਾਰ ਕਰਾਏ, ਨਾ ਡੋਬੇ ਵਿਚ ਮੰਝਧਾਰ । ਗੁਰਸਿਖ ਗੁਰ ਤੇਰਾ ਵਿਚੋਲਾ । ਹਰਿ ਸ਼ਬਦ ਲਿਖਾਏ ਨਾ ਰੱਖੇ ਉਹਲਾ । ਪੰਚਮ ਜੇਠ ਬੇਮੁਖਾਂ ਖੋਲ੍ਹੇ ਪੋਲਾ । ਏਕਾ ਸ਼ਬਦ ਸ੍ਰਿਸ਼ਟ ਸਬਾਈ ਰਸਨਾ ਗਾਏ ਸੋਹੰ ਢੋਲਾ । ਏਕਾ ਸ਼ਬਦ ਵਿਚ ਪਵਣ ਚਲਾਏ, ਚਾਰ ਵਰਨ ਝੁਲਾਏ ਏਕ ਝੋਲਾ । ਸਾਚਾ ਸੀਸ ਹਰਿ ਜਗਦੀਸ, ਮਿਟਾਏ ਬੀਸ ਇਕੀਸ, ਗੁਰਸਿਖ ਸੱਜਣ ਸੁਹੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਗੁਰ ਨਾ ਕੋਈ ਜਾਣੇ ਦੁਹੇਲਾ । ਸਾਚਾ ਗੁਰ ਸਚ ਦਰਬਾਰੀ । ਪਰਮ ਪੁਰਖ ਆਪ ਨਿਰੰਕਾਰੀ । ਗੁਰਮੁਖ ਗੁਰਸਿਖ ਸੋਹਣ ਚਰਨ ਦਵਾਰੀ । ਸ੍ਰਿਸ਼ਟ ਸਬਾਈ ਕਰੇ ਪਨਹਾਰੀ । ਆਪਣੇ ਆਪ ਰਖਾਏ ਵਡੀ ਇਕ ਸਿਕਦਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸ਼ਾਹੋ ਚਿੱਟੇ ਅਸਵ ਅਸਵਾਰੀ । ਚਿੱਟੇ ਅਸਵ ਸਚ ਅਸਵਾਰ । ਪਵਣ ਸਰੂਪੀ ਚਤੁਰਭੁਜ ਗਿਰਧਾਰ । ਪਵਣ ਸਰੂਪੀ ਖੇਲ ਅਪਾਰ । ਵਡ ਵਡ ਭੂਪੀ ਨਾ ਪਾਵਣ ਸਾਰ । ਆਤਮ ਅੰਧ ਕੂਪੀ ਭੁੱਲੇ ਜੀਵ ਗਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਸਿਖ ਬੁਝਾਏ ਸਾਚਾ ਸਚ ਦਵਾਰ । ਦੁਖੀਏ ਜੀਵ ਦਰ ਬਿਲਲਾਇਣ । ਲਿਖਿਆ ਲੇਖ ਆਪਣਾ ਪਾਇਣ । ਭੈਣ ਭਾਈ ਨਾ ਕੋਇ ਛੁਡਾਇਣ । ਪਿੱਛਾ ਛੋੜ ਦੂਰ ਨੱਠ ਜਾਇਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਸੱਜਣ ਸੈਣ । ਸਿਰ ਪੈਰ ਤਨ ਦੁਖ । ਦਿਵਸ ਰੈਣ ਨਾ ਲੱਗੇ ਭੁੱਖ । ਸੁਫਲ ਹੋਈ ਨਾ ਅਜੇ ਕੁੱਖ । ਗਰਭਵਾਸ ਨਾ ਹੋਇਆ ਉਲਟਾ ਰੁੱਖ । ਜਗਤ ਤ੍ਰਿਸ਼ਨਾ ਨਾ ਉਤਰੀ ਭੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਉਤਾਰੇ ਸੰਸਾ ਦੁਖ । ਸੰਸਾ ਦੁਖ ਰੋਗ ਗਵਾਇਆ । ਦਰ ਆਇਆਂ ਹਰਿ ਮਾਣ ਦਵਾਇਆ । ਏਕਾ ਸ਼ਬਦ ਬਾਣ ਲਗਾਇਆ । ਪਵਣ ਮਸਾਣ ਕੋਈ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਰਨਾਇਆ । ਛਲ ਛਿਦਰ ਆਪ ਮਿਟਾਏ । ਟੂਣਾ ਜਾਦੂ ਕੋਈ ਰਹਿਣ ਨਾ ਪਾਏ । ਕਾਲ ਬਾਲ ਪ੍ਰਭ ਪਰੇ ਹਟਾਏ । ਸਚ ਥਾਨ ਸਚ ਵਸਤ ਵਿਚ ਤਨ ਟਿਕਾਏ । ਸਚ ਧਨ ਮਾਲ ਸੋਹੰ ਸ਼ਬਦ ਪ੍ਰਭ ਰਸਨ ਜਪਾਏ । ਸਚ ਕੁਠਾਲੀ ਦੇਵੇ ਗਾਲ, ਸੋਹੰ ਸੁਹਾਗਾ ਆਪ ਚੜ੍ਹਾਏ । ਆਤਮ ਦੀਪਕ ਦੇਵੇ ਬਾਲ, ਜੋ ਜਨ ਰਸਨਾ ਨਾਮ ਧਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੁਖੀਆਂ ਦੁਖ ਦੇ ਮਿਟਾਏ । ਦੁਖੀਆ ਦੁਖ ਜਗਤ ਜੰਜਾਲ । ਆਤਮ ਹੋਈ ਬੜੀ ਕੰਗਾਲ । ਨਾ ਘਰ ਦਿਸੇ ਕੋਈ ਧਨ ਮਾਲ । ਔਖੇ ਹੋਏ ਪਾਲਣੇ ਬਾਲ । ਕੋਈ ਨਾ ਤੋੜੇ

੪੩੨ ੦੨

ਰੋਗਾਂ ਜਾਲ । ਨੇੜੇ ਔਂਦਾ ਦਿਸੇ ਕਾਲ । ਕਾਇਆ ਬਖ਼ਸ਼ੇ ਜਿਸ ਅੰਤ ਡਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੇਵੇ ਸਵਾਸ ਸੁਖਾਲ । ਸੱਜੀ ਕੁੱਖ ਚੜ੍ਹਿਆ ਰੰਗ । ਖਿਟਾ ਰੰਗ ਹੋਇਆ ਭਰਨ । ਅੰਮ੍ਰਿਤ ਚਲੇ ਆਤਮ ਗੰਗ । ਸੋਹੰ ਸ਼ਬਦ ਰਸਨਾ ਗਾਏ ਚਾੜ੍ਹੇ ਸਾਚਾ ਰੰਗ । ਸਚ ਦਾਤ ਦਰ ਮੰਗਣ ਆਏ, ਪ੍ਰਭ ਪੂਰੀ ਕਰੇ ਮੰਗ । ਦਰ ਘਰ ਸਾਚੇ ਜੋ ਜਨ ਜਾਏ ਭੁੱਲ, ਅੰਤਕਾਲ ਪ੍ਰਭ ਦੇਵੇ ਟੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਹਾਈ ਹੋਏ ਅੰਗ ਸੰਗ । ਤਨ ਅੱਗ ਮਨ ਅਫਾਰ । ਕਾਇਆ ਉਪਰ ਰਹਿੰਦਾ ਭਾਰ । ਕੋਈ ਨਾ ਕਰੇ ਕਾਰ । ਕਾਲਜੇ ਪਵੇ ਸਦਾ ਘਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੁਖ ਦਰਦ ਦੇਵੇ ਨਿਵਾਰ । ਪੁੱਤ ਪੋਤਰੇ ਹੋਏ ਦੁਖ । ਸਰਬ ਜੀਆਂ ਦੀ ਮੰਗੇ ਸੁਖ । ਆਪ ਨਾ ਜਾਣੇ ਆਪਣਾ ਦੁੱਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਚਰਨ ਪ੍ਰੀਤੀ ਉਪਜੇ ਸਾਚਾ ਸੁੱਖ । ਪੁੱਤਰ ਧੀਆਂ ਨਾਰੀ ਪ੍ਰਭ ਕਰਾਏ ਦਰ ਤੇ ਕਾਰੀ । ਆਤਮ ਕਿਰਿਆ ਪ੍ਰਭ ਵਿਚਾਰੀ । ਜੋ ਜਨ ਆਇਆ ਆਸਾ ਧਾਰੀ । ਦੁਖ ਦਰਦ ਪ੍ਰਭ ਦੇ ਨਿਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਰੇ ਕਾਰੀ । ਸ਼ਬਦ ਪਿਆਰ ਜਿਸ ਮਨ ਰੱਖੀ ਆਸ । ਆਪ ਬੁਝਾਏ ਤ੍ਰਿਖਾ ਪਿਆਸ । ਇਕ ਕਰਾਏ ਸਚ ਘਰ ਵਾਸ । ਸੋਹੰ ਜਪਾਏ ਸਵਾਸ ਸਵਾਸ । ਸਾਚੀ ਜੋਤ ਕਰੇ ਪਰਕਾਸ਼ । ਸਚ ਘਰ ਦਿਸਾਵੇ ਸਾਚਾ ਵਾਸ । ਜੋ ਜਨ ਤਜਾਏ ਰਸਨਾ ਮਦਿਰਾ ਮਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਜਨ ਭਗਤਾਂ ਹੋਏ ਦਾਸ । ਚਰਨ ਪ੍ਰੀਤੀ ਮੰਗੇ ਦੋਏ ਜੋੜ । ਆਪ ਮਿਟਾਏ ਕਾਇਆ ਕੋਹੜ । ਸੋਹੰ ਸ਼ਬਦ ਚੜ੍ਹਾਏ ਸਾਚੇ ਘੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਸਾਚੇ ਦੀ ਸਚੀ ਲੋੜ । ਆਤਮ ਵਿਚਾਰੇ ਸ਼ਬਦ ਗੁਣ । ਆਪ ਉਪਜਾਏ ਏਕਾ ਧੁਨ । ਗੁਰਸਿਖਾਂ ਉਠਾਏ ਚੁਣ ਚੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੇਮੁਖਾਂ ਵਿਚੋਂ ਪੁਣ ਪੁਣ । ਆਤਮ ਰੱਖੇ ਭਰਮ ਭੁਲੇਖਾ । ਆਪ ਚੁਕਾਏ ਏਥੇ ਲੇਖਾ । ਦਰ ਘਰ ਜਾਏ ਪ੍ਰਭ ਸਾਚਾ ਆਪ ਭੁਲਾਏ ਨਾ ਜਾਣੇ ਕੋਈ ਭੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਮਿਟਾਏ ਝੂਠੀ ਰੇਖਾ । ਜੋ ਜਨ ਆਏ ਦਰ ਹੰਕਾਰੀ । ਪ੍ਰਭ ਸਾਚਾ ਕਰੇ ਖ਼ੁਆਰੀ । ਗੁਰ ਦਰ ਆਏ ਆਤਮ ਅੰਧ । ਔਖਾ ਹੋਇਆ ਬੰਦ ਬੰਦ । ਆਤਮ ਵੱਜੇ ਸਾਚਾ ਜੰਦ । ਆਪ ਤੁੜਾਏ ਪ੍ਰੇਮ ਤੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਬਣਾਏ ਆਤਮ ਅੰਧ । ਆਤਮ ਅਗਿਆਨੀ ਗੁਰ ਦਰ ਜੋ ਰਹੇ ਅਭਿਮਾਨੀ । ਹਰਾਮ ਖੋਰ ਲੱਖ ਚੁਰਾਸੀ ਵਿਚ ਭਵਾਨੀ । ਨਾ ਕੋਈ ਜਾਣੇ ਭੇਵ, ਆਵਣ ਜਾਵਣ ਖੇਲ ਰਚਾਨੀ । ਕਲਜੁਗ ਲਾਈ ਬੈਠਾ ਜ਼ੋਰ, ਬੇਮੁਖ ਦਿਵਸ ਰੈਣ ਪਛਾਨੀ । ਝੂਠਾ ਚਲਿਆ ਕਲਜੁਗ ਦੌਰ, ਸ੍ਰਿਸ਼ਟ ਸਬਾਈ ਕਰੇ ਬੇਈਮਾਨੀ । ਗੁਰਸਿਖਾਂ ਸਿਰ ਝੁੱਲੇ ਚੌਰ, ਗੁਰ ਪੂਰੇ ਦੀ ਇਹ ਨਿਸ਼ਾਨੀ । ਮਾਨਸ ਜਨਮ ਜਾਏ ਸੌਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਮਿਲਿਆ ਗੁਣ ਨਿਧਾਨੀ । ਗ਼ਰੀਬ ਅੰਞਾਣੇ ਬਾਲਿਆਂ ਪ੍ਰਭ ਮਾਣ ਦਵਾਏ । ਦੁਖ ਭੁੱਖ ਰੋਗ ਗਵਾਏ । ਪ੍ਰਭ ਮਾਣ ਰਖਾਏ ਆਪਣਾ ਵੇਲਾ ਆਪ ਨਿਭਾ ਲਿਆ, ਹਰਿ ਦਇਆ ਕਮਾਏ । ਰੈਣ ਸਬਾਈ ਪ੍ਰਭ ਅਬਿਨਾਸ਼ੀ ਰਸਨਾ ਗਾ ਲਿਆ, ਹਰਿ ਦੇਵੇ ਸਚ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਲਿਖਾ ਲਿਆ, ਤੋਟ ਰਹੇ ਨਾ ਰਾਈ । ਸਾਚੀ ਰੀਤੀ ਜਗਤ ਕਾਰ । ਸਾਚਾ ਕਰੇ ਜਗਤ ਵਿਹਾਰ । ਪ੍ਰਭ ਅਬਿਨਾਸ਼ੀ ਪਾਵੇ ਸਾਰ । ਦੁਖ ਰੋਗ ਭੁੱਖ ਦਏ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਲਿਖਾ ਜੋ ਜਨ

ਮੰਗੇ ਬਣ ਭਿਖਾਰ । ਭਿਖਾਰੀ ਮੰਗੇ ਸਾਚੀ ਭੀਖਿਆ । ਪ੍ਰਭ ਅਬਿਨਾਸ਼ੀ ਦੇਵੇ ਸਾਚੀ ਸੀਖਿਆ । ਆਪ ਮਿਟਾਏ ਬਿਧਨਾ ਲੀਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਕਰ ਜਾਣੋ ਦੇਵੇ ਸਾਚੀ ਸੀਖਿਆ । ਆਤਮ ਪ੍ਰੇਮ ਸ਼ਬਦ ਕਟਾਰ । ਸੋਹੰ ਸ਼ਬਦ ਸਾਚੀ ਧਾਰ । ਗੁਰਸਿਖ ਖੋਲ੍ਹੇ ਦਸਮ ਦਵਾਰ । ਜੋ ਜਨ ਪਾਵੇ ਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਜਨਮ ਮਰਨ ਦੇਵੇ ਸਵਾਰ । ਸਚ ਸ਼ਬਦ ਗੁਰ ਦਰ ਪਾਵਣਾ । ਦਿਵਸ ਰੈਣ ਰਸਨਾ ਗਾਵਣਾ । ਪੂਰ ਕਰਾਏ ਪ੍ਰਭ ਸਾਚਾ ਭਾਵਨਾ । ਦੂਰ ਕਰਾਏ ਆਤਮ       । ਨੂਰ ਚੜ੍ਹਾਏ ਸਚ ਰੰਗ ਸੁਹਾਵਣਾ । ਸਰਬ ਕਲਾ ਭਰਪੂਰ ਕਰਾਏ, ਜਿਸ ਜਨ ਸਾਚੇ ਰਸਨਾ ਗਾਵਣਾ । ਇਕ ਲੱਖ ਅੱਸੀ ਹਜ਼ਾਰ ਬੰਧਾਏ । ਭੂਤ ਪ੍ਰੇਤ ਕੋਈ ਨੇੜ ਨਾ ਪਾਏ । ਸੋਹੰ ਸ਼ਬਦ ਤੀਰ ਚਲਾਏ । ਤੀਨ ਲੋਆਂ ਵਿਚ ਫਿਰਾਏ । ਨਾਮ ਨਿਰਬਾਣ ਬਾਣ ਲਗਾਏ । ਸੋਹੰ ਆਣ ਸਰਬ ਰਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ । ਬੀਰ ਅਠਾਰਾਂ ਹੋਇਣ ਵਸ । ਸੋਹੰ ਸ਼ਬਦ ਚਲਾਇਆ ਕਸ । ਦਰ ਸਾਚੇ ਤੋਂ ਜਾਇਣ ਨੱਸ । ਦੋਏ ਜੋੜੇ ਕਰਨ ਬਸ ਬਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਸਰਬ ਭੱਸ । ਨਰ ਨਾਰੀ ਸਭ ਹੋਇਣ ਖੁਆਰ । ਦੁਸ਼ਟ ਦੁਰਾਚਾਰੀ ਕਰੇ ਖੁਆਰ । ਸੋਹੰ ਸ਼ਬਦ ਵਡ ਹਥਿਆਰ । ਫੜ ਫੜ ਮਾਰੇ ਦੁਸ਼ਟ ਦੁਰਾਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਰੇ ਖੁਆਰ । ਸਾਚਾ ਸ਼ਬਦ ਕੀਆ ਆਕਾਰ । ਬਚਨ ਤੇ ਬਾਹਰ ਖਾਏ ਮਾਰ । ਕਿਰਪਾ ਕਰੇ ਆਪ ਕਰਤਾਰ । ਸੰਤ ਕਾ ਦੋਖੀ ਹੋਏ ਖੁਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਏ ਖੰਡਾ ਦੋ ਧਾਰ । ਜੀਵ ਪਿੰਡ ਕਾਚਾ ਸ਼ਬਦ ਸਾਚਾ । ਗੁਰਮੁਖ ਸਾਚੇ ਹਿਰਦੇ ਵਾਚਾ । ਬੀਰ ਬੇਤਾਲਾ ਦਰ ਤੇ ਨਾਚਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਸ਼ਬਦ ਲਿਖਾਏ ਸਾਚੋ ਸਾਚਾ । ਹਾਕਨੀ ਡਾਕਨੀ ਸਰਬ ਬੰਧਾਏ । ਛਲ ਛਿਦਰ ਟੂਣਾ ਜਾਦੂ ਕੋਈ ਨੇੜ ਨਾ ਆਏ । ਕਾਲ ਬਾਲ ਜਗਤ ਜੰਜਾਲ ਪ੍ਰਭ ਦੂਰ ਕਰਾਏ । ਉਲਟ ਵਾਹੂ ਦੇ ਸਿਰ ਪਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਰਾਜਾ ਕਾ ਤੇਜ ਚੋਰ ਕਾ ਘੋਰ ਰੜਾ ਡੂੰਘਰ ਪ੍ਰਭ ਸਾਚਾ ਹੋਏ ਸਹਾਏ । ਦੀਨ ਦੁਨੀ ਦਾ ਪਾਤਸ਼ਾਹ, ਜੋ ਜਨ ਸਰਨੀਂ ਲਗ ਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰ ਕਿਰਪਾ ਪਾਰ ਲੰਘਾਏ । ਇਕ ਤਿੰਨ ਦੋ ਧੜ । ਦੁੱਖਾਂ ਰੋਗਾਂ ਬਣਿਆ ਗੜ੍ਹ । ਦਿਵਸ ਰੈਣ ਰਿਹਾ ਲੜ । ਨਾ ਕੋਈ ਮਿਟਾਵੇ, ਅੰਦਰ ਬੈਠਾ ਵੜ । ਸੋਹੰ ਸ਼ਬਦ ਜਪਾਏ, ਦਰ ਘਰ ਸਾਚੇ ਜਾਏ ਚੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਫੜਿਆ ਤੇਰਾ ਲੜ । ਸੁਰਤ ਸ਼ਬਦ ਪ੍ਰਭ ਦੇਵੇ ਵਰ । ਏਕ ਖੁਲ੍ਹਾਏ ਆਤਮ ਦਰ । ਸੱਚੋ ਸਚ ਦਿਸਾਵੇ ਖੁਲ੍ਹਾਏ ਸਾਚਾ ਦਰ । ਏਕਾ ਏਕ ਰਹਾਏ ਦੂਸਰ ਓਥੇ ਕੋਇ ਨਾ ਜਾਏ, ਸੁਖ ਸਾਚਾ ਥਾਨ ਸਾਚਾ ਪਾਏ, ਜੋ ਜਨ ਪਕੜੇ ਸਾਚਾ ਲੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਦਿਸਾਏ ਸਾਚਾ ਘਰ । ਸਚ ਧਿਆਨ ਬ੍ਰਹਮ ਗਿਆਨਾ । ਆਤਮ ਜੋਤ ਜਗੇ ਮਹਾਨਾ । ਸ਼ਬਦ ਚਲੇ ਸਾਚਾ ਬਿਧ ਨਾਨਾ । ਆਪੇ ਆਪ ਸੁਣਾਏ, ਘਰ ਸੁੱਤਿਆਂ ਕਾਨਾ । ਗੁਰਸਿਖ ਸਾਚਾ ਸੇਵ ਕਮਾਏ, ਸੋਹੰ ਬੰਨ੍ਹਾਇਆ ਹੱਥ ਸਾਚਾ ਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ ਦਾਨ ਵਡ ਦਾਨੀ ਦਾਨਾ । ਵਡ ਦਾਨ ਦੀਆ ਗੁਰ ਪੂਰੇ । ਅਨਹਦ ਸ਼ਬਦ ਉਪਜਾਏ ਸਾਚੀ ਤੂਰੇ । ਅਗਿਆਨ ਅੰਧੇਰ ਕਰਾਇਆ ਦੂਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ

ਭਰਪੂਰੇ । ਸਰਬ ਕਲਾ ਪ੍ਰਭ ਭਰਪੂਰ । ਆਪ ਉਪਜਾਏ ਜੋਤੀ ਨੂਰ । ਗੁਰਸਿਖ ਸਾਚੇ ਨਾਮ ਦਵਾਏ, ਆਲਸ ਨਿੰਦਰਾ ਕੀਨੀ ਦੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਸੂਰਬੀਰ । ਗੁਣ ਗਾਓ ਸਦ ਰਸਨਾ ਗੁਣ ਨਿਧ । ਕਾਰਜ ਸਾਰੇ ਹੋਵਣ ਸਿੱਧ । ਆਪ ਉਪਜਾਏ ਘਰ ਨਵ ਨਿਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਮੇਲ ਮਿਲਾਏ ਕਰਾਏ ਆਪਣੀ ਬਿਧ । ਸ਼ਬਦ ਦਾਨ ਦੇਵੇ ਗੁਰ ਪੂਰਾ । ਅਨਹਦ ਧੁਨ ਉਪਜਾਏ ਸਾਚੀ ਤੂਰਾ । ਗੁਰਸਿਖ ਉਤਰੇ ਬਚਨ ਪੂਰਾ । ਆਤਮ ਲੱਥੇ ਸਗਲ ਵਸੂਰਾ । ਮਦਿਰਾ ਮਾਸ ਜਾਣ ਜਿਉਂ ਕੌੜਾ ਅੱਕ ਧਤੂਰਾ । ਦਰ ਘਰ ਸਾਚੇ ਸ਼ਬਦ ਸਰੂਪੀ ਰੰਗ ਸਾਚਾ ਮਾਣ, ਆਤਮ ਜੋਤ ਜਗੇ ਜਿਉਂ ਕੋਹਤੂਰਾ । ਸੋਹੰ ਜਪੇ ਸਵਾਸ ਸਵਾਸੇ ਆਤਮ ਹੋਏ ਰਾਸੀ, ਪ੍ਰਭ ਸਾਚਾ ਕਰੇ ਬੰਦ ਖੁਲਾਸੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ ਸ਼ਬਦ ਕਟਾਏ ਰੋਗ ਮਿਟਾਏ ਕਾਇਆ ਸਤਿਗੁਰ ਪੂਰਾ । ਸ਼ਬਦ ਮੋਨ ਆਤਮ ਇਕ ਧਾਰੋ । ਪਵਣ ਸੁਰਤ ਹਰਿ ਹੁਲਾਰੇ । ਸਚ ਸ਼ਬਦ ਸੁਰਤ ਧੁਨਕਾਰੋ । ਅਕਾਲ ਮੂਰਤ ਦਰਸ ਦਵਾਰੋ । ਗੁਰਸਿਖ ਕਦੇ ਨਾ ਝੂਰਤ, ਹਰਿ ਦੇਵਣਹਾਰ ਭੰਡਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਰਸਨ ਉਚਾਰੋ । ਸਚ ਨਾਮ ਜਪੇ ਜੇਹਵਾ । ਫਲ ਅੰਮ੍ਰਿਤ ਖਾਏ ਸੋਹੰ ਸਾਚਾ ਮੇਵਾ । ਦੇਵੇ ਵਡਿਆਈ ਪ੍ਰਭ ਸਾਚਾ ਵਡ ਦੇਵੀ ਦੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ ਨਾ ਬਿਰਥਾ ਜਾਏ ਸੇਵਾ । ਗਾਓ ਗੁਣ ਗੁਰ ਗੋਬਿੰਦ । ਜੋਤ ਪਰਗਟਾਈ ਸੁਰਤ ਰਾਜੇ ਇੰਦ । ਗੁਰਸਿਖ ਉਪਜਾਏ ਬਣਾਏ ਸਾਚੀ ਬਿੰਦ । ਆਪ ਮਿਟਾਏ ਗੁਰਮੁਖਾਂ ਚਿੰਦ । ਬੇਮੁਖਾਂ ਨਸ਼ਟ ਕਰਾਏ, ਜੋ ਦਰ ਆਏ ਕਰ ਜਾਇਣ ਨਿੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤ ਜੋਤ ਪਰਗਟਾਈ, ਭਾਗ ਲਗਾਇਆ ਵਿਚ ਹਿੰਦ । ਭਾਰਤ ਜਾਗੀ ਹੋਏ ਵਡਭਾਗੀ । ਪ੍ਰਭ ਅਬਿਨਾਸ਼ੀ ਚਰਨ ਧੂੜ ਜਿਸ ਜਨ ਮਸਤਕ ਲਾਗੀ । ਸੋਈ ਕਿਸਮਤ ਜੁਗ ਚੋਥੇ ਜਾਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪੇ ਬਣੇ ਸ੍ਰਿਸ਼ਟ ਸਬਾਈ ਵਾਗੀ । ਧਰਤ ਮਾਤ ਏਕਾ ਧਵਲ । ਗੁਰਸਿਖ ਉਪਜਾਏ ਤੇਰੇ ਉਪਰ ਫੁੱਲ ਕਵਲ । ਜੋਤ ਸਰੂਪੀ ਵਿਚ ਰਿਹਾ ਮਵਲ । ਸ੍ਰਿਸ਼ਟ ਸਬਾਈ ਹੋਏ ਬਵਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਅਵਲ । ਏਕਾ ਏਕ ਇਕ ਕਰਤਾਰ । ਏਕਾ ਟੇਕ ਸਰਬ ਸੰਸਾਰ । ਸਤਿਜੁਗ ਸਾਚੇ ਕਰੇ ਬੁੱਧ ਬਿਬੇਕ, ਗੁਰਸਿਖਾਂ ਕਲ ਕਰਮ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਵਿਚ ਜਾਮਾ ਧਾਰ । ਸਤਿਜੁਗ ਸਾਚਾ ਸਚ ਵਰਤਾਵਣਾ । ਸਚ ਸਚ ਵਿਚ ਹਰਿ ਮਾਤ ਚਲਾਵਣਾ । ਰਚ ਰਚ ਰਚ ਗੁਰਮੁਖਾਂ ਹਿਰਦੇ ਰਚ ਵਿਚ ਸਮਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਫੜੇ ਗੁਰਸਿਖਾਂ ਦਾਮਨਾ । ਗੁਰਸਿਖ ਫੜਿਆ ਸਾਚਾ ਦਾਮਨ । ਪੂਰ ਕਰਾਏ ਹਰਿ ਸਚਾ ਕਾਮਨ । ਸੋਹੰ ਜਪਾਏ ਹਰਿ ਸਾਚਾ ਨਾਮਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਦਰਗਹਿ ਸਾਚੀ ਸਾਚਾ ਜਾਮਨ ਕਿਸ਼ਨਾ ਸ਼ਾਮਨ । ਸ਼ਬਦ ਨਿਸ਼ਾਨ ਚੁੱਕੇ ਕਾਨ । ਕਾਇਆ ਦੁਖ ਲੱਗਾ ਮਹਾਨ । ਨਾ ਮਿਲੇ ਖਾਣ ਪਕਾਣ । ਆਪ ਮਿਟਾਏ ਪਵਣ ਮਸਾਣ । ਐਵੇਂ ਭੁੱਲੇ ਜੀਵ ਅੰਞਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਰੇ ਪਛਾਣ । ਬੀਰ ਮਸਾਣੀ ਆਤਮ ਕੀਨੀ ਜਿਸ ਨੇ ਦਾਸ । ਸੀਨੇ ਨਿਕਲੇ ਨਾ ਸੁਖਾਲਾ ਸਵਾਸ । ਤਨ ਮਨ ਬੱਧਾ ਰਹੇ ਆਵੇ ਬਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਦੁਖ ਦਰਦ ਕਰੇ ਨਾਸ । ਮਨ ਚਿੰਤਾ ਆਤਮ ਘਾਰ । ਝੂਠਾ ਦਿਸੇ ਜਗਤ ਵਿਹਾਰ । ਦੁਖਾਂ ਦਰਦਾਂ ਪਾਇਆ

ਭਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਅਪਾਰ । ਦੁਖ ਰੋਗ ਲੱਗਾ ਤਨ । ਨਾ ਕੋਈ ਕੱਢੇ ਆਤਮ ਜਨ । ਵਾਂਗ ਤੰਦੂਰ ਤਪੇ ਤਨ । ਕਾਇਆ ਲਾਇਆ ਦੁੱਖਾਂ ਡੰਨ । ਪ੍ਰਭ ਅਬਿਨਾਸ਼ੀ ਸਭ ਦੇਵੇ ਭੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਿਰਪਾ ਕਰ ਬੇੜਾ ਦੇਵੇ ਬੰਨ੍ਹ । ਆਤਮ ਘੋਰ ਜੀਵ ਰੋਗੀ । ਸਾਚਾ ਸੁਖ ਨਾ ਅੰਨ ਦਿਨ ਭੋਗੀ । ਹੋਏ ਬੇਹਾਲ ਜਿਉਂ ਤਨ ਜੋਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰ ਕਿਰਪਾ ਤਾਰੇ ਰੋਗੀ । ਸ਼ੁਕਲਾ ਕਿਸ਼ਨਾ ਪਖ ਅੰਧੇਰਾ । ਕਾਇਆ ਤਨ ਨਾ ਕੋਈ ਜਾਣੇ ਹੇਰਾ ਫੇਰਾ । ਝੂਠਾ ਬੰਦ ਬੱਧਾ ਦੁੱਖਾਂ ਡੇਰਾ । ਕਿਰਪਾ ਕਰ ਆਪ ਕਟਾਏ ਘੇਰਾ । ਘੇਰ ਘਾਰ ਆਤਮ ਧਾਰ ਦੁਖ ਜਾਏ ਨਿਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆ ਕਰੇ ਨਬੇੜਾ । ਸਚ ਘਰ ਸਚ ਅਰਦਾਸਾ । ਪੂਰਨ ਦੇਵੇ ਹਰਿ ਪ੍ਰਭ ਭਰਵਾਸਾ । ਦੇਵੇ ਦਾਨ ਚਰਨ ਧਿਆਨ ਪੁਰਖ ਅਬਿਨਾਸ਼ਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਾਓ ਸਵਾਸ ਸਵਾਸਾ । ਸੋਹੰ ਸ਼ਬਦ ਸਚ ਧਰਵਾਸ । ਗੁਰਮੁਖ ਹਿਰਦੇ ਰੱਖੇ ਵਾਸ । ਰਸਨਾ ਜਪੇ ਸਵਾਸ ਸਵਾਸ । ਆਪੇ ਕਰੇ ਦੁਖੜੇ ਨਾਸ । ਸੁੱਕੇ ਰੁਖੜੇ ਹੋਏ ਵਾਸ । ਬਾਲਕ ਭੁੱਖੜੇ ਨਾ ਹੋਏ ਉਦਾਸ । ਉਜਲ ਮੁਖੜੇ ਜਿਸ ਵਸੇ ਪਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਪੂਰ ਕਰਾਏ ਆਸ । ਗੁਰ ਪਰਸਾਦ ਗੁਰ ਭੋਗ ਲਗਾਏ । ਸਾਧ ਸੰਗਤ ਮੁਖ ਚੋਗ ਚੁਗਾਏ । ਕਾਇਆ ਰੋਗ ਸੋਗ ਮਿਟਾਏ । ਸੋਹੰ ਸਾਚਾ ਯੋਗ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦਰਸ ਅਮੋਘ ਦਿਖਾਏ । ਗੁਰ ਪਰਸਾਦਿ ਗੁਰ ਪੂਰਾ ਪਾਇਆ । ਰੈਣ ਸਬਾਈ ਦਰ ਮੰਗਲ ਗਾਇਆ । ਭੈਣ ਭਾਈ ਸਾਕ ਸੱਜਣ ਸੈਣ ਤਰਾਇਆ । ਧੰਨ ਧੰਨ ਧੰਨ ਮਾਤ ਪਿਤਾ ਜਿਸ ਬਾਲਕ ਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਤੇਰੀ ਚਰਨੀ ਸੀਸ ਝੁਕਾਇਆ । ਗੁਰ ਪਰਸਾਦਿ ਗੁਰ ਪੂਰਾ ਜਾਣਿਆਂ । ਕਿਰਪਾ ਕਰੇ ਆਪ ਭਗਵਾਨਿਆਂ । ਰੈਣ ਸਬਾਈ ਰੰਗ ਸਾਚਾ ਮਾਣਿਆਂ । ਜਨ ਭੁਲ ਬਖ਼ਸ਼ਾਈ ਟੁੱਟਾ ਅਭਿਮਾਨਿਆਂ । ਮਨ ਵੱਜੀ ਵਧਾਈ ਸੋਹੰ ਸ਼ਬਦ ਹੱਥ ਬੱਧਾ ਗਾਨਿਆਂ । ਗੁਰਸਿਖ ਸਾਚੇ ਭੁਲ ਨਾ ਜਾਈ, ਕਲਜੁਗ ਮਾਇਆ ਵਿਚ ਰੁਲ ਨਾ ਜਾਈ, ਮਦਿਰਾ ਮਾਸ ਖਾ ਨਾ ਬਣ ਹੈਵਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੁਲ ਨਾ ਜਾਈ, ਰਲ ਝੂਠੇ ਯਾਰ ਸ਼ੈਤਾਨਿਆਂ । ਗੁਰ ਪਰਸਾਦਿ ਗੁਰ ਪਦ ਪਾਏ । ਗੁਰ ਪਰਸਾਦਿ ਗੁਰ ਸਦ ਘਰ ਲੈ ਜਾਏ । ਗੁਰ ਪਰਸਾਦਿ ਗੁਰਸਿਖਾਂ ਪ੍ਰਭ ਸਦ ਸਦ ਤਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਪਕੜ ਬਾਂਹੇ । ਗੁਰ ਪਰਸਾਦਿ ਗੁਰਸਿਖ ਜਾਣ । ਗੁਰ ਪਰਸਾਦਿ ਗੁਰਸਿਖ ਰਸਨਾ ਗਾਣ । ਗੁਰ ਪਰਸਾਦਿ ਗੁਰ ਅੰਮ੍ਰਿਤ ਸਚ ਵਖਾਣ । ਗੁਰ ਪਰਸਾਦਿ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਚਰਨੀ ਡਿਗਣ ਆਣ । ਗੁਰ ਪਰਸਾਦਿ ਆਤਮ ਚੀਤ । ਗੁਰ ਪਰਸਾਦਿ ਕਾਇਆ ਸੀਤ । ਗੁਰ ਪਰਸਾਦਿ ਪ੍ਰਭ ਦੇਵੇ ਗੁਰਸਿਖਾਂ ਚਰਨ ਪ੍ਰੀਤ । ਗੁਰ ਪਰਸਾਦਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਰੱਖੇ ਜਗਤ ਸੁਰਜੀਤ । ਗੁਰ ਪਰਸਾਦਿ ਸਭ ਦੁਖ ਗਵਾਇਆ । ਗੁਰ ਪਰਸਾਦਿ ਸਭ ਸੁਖ ਗੁਰ ਚਰਨ ਪਾਇਆ । ਗੁਰ ਪਰਸਾਦਿ ਉਤਰੀ ਭੁੱਖ ਹਰਿ ਦਰਸ਼ਨ ਪਾਇਆ । ਗੁਰ ਪਰਸਾਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਆਪ ਦਵਾਇਆ । ਗੁਰ ਪਰਸਾਦਿ ਗੁਰਸਿਖ ਖਾਏ ਮਾਨਸ ਜਨਮ ਨਾ ਬਿਰਥਾ ਜਾਏ । ਆਪਣਾ ਲੇਖਾ ਲਏ ਚੁਕਾਏ । ਵੇਖਾ ਵੇਖ ਜੋ ਰਹੇ ਸ਼ਰਮਾਏ । ਵੇਲੇ ਅੰਤ ਫਿਰਨ ਜਿਉਂ ਸੁੰਵੇ ਘਰ ਕਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ

ਦਰਗਹਿ ਨਾ ਦੇਵੇ ਥਾਏਂ । ਗੁਰ ਪਰਸਾਦ ਗੁਰ ਦਰ ਖਾਓ । ਗੁਰਸਿਖ ਸਾਚੇ ਬਣ ਅਮਰਾਪਦ ਪਾਓ । ਪ੍ਰਭ ਅਬਿਨਾਸ਼ੀ ਜੋਤ ਜਗਾਈ, ਕਰ ਦਰਸ ਸਚ ਘਰ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਸੇਵ ਸਦ ਸਦ ਕਮਾਓ । ਗੁਰ ਸੰਗਤ ਗੁਰ ਮਾਣ ਦਵਾਏ । ਸੰਗਤ ਗੁਰ ਇਕ ਥਾਂ ਬਹਾਏ । ਗੁਰ ਸੰਗਤ ਗੁਰ ਲੇਖੇ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸੇਵ ਲਗਾਏ । ਗੁਰ ਸੰਗਤ ਪ੍ਰਭ ਕਿਰਪਾ ਧਾਰੀ । ਸੰਗਤ ਗੁਰ ਸੋਹੇ ਸਚ ਦਵਾਰੀ । ਗੁਰ ਸੰਗਤ ਹਰਿ ਪੈਜ ਸਵਾਰੀ । ਜੋਤ ਸਰੂਪੀ ਮਾਤ ਆਏ ਕਲ ਕਲਗੀ ਅਵਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਭਿੰਨੀ ਰੈਨੜੀਏ ਤੇਰੇ ਸਾਚੇ ਲਹਿਣੇ । ਗੁਰ ਸੰਗਤ ਬਣਾਈ ਭਾਈ ਭੈਣੇ । ਕੋਈ ਨਾ ਵੇਖੇ ਝੂਠੇ ਨੈਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਗੁਰਸਿਖ ਚਰਨੀ ਬਹਿਣੇ ।

## * ਪਹਿਲੀ ਜੇਠ ੨੦੧੦ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ *

ਲੋਕਮਾਤ ਮਾਰ ਝਾਤ, ਕਲਜੁਗ ਅੰਧੇਰੀ ਰਾਤ । ਬਿਨ ਗੁਰ ਪੂਰੇ, ਕੋਇ ਨਾ ਪੁੱਛੇ ਤੇਰੀ ਵਾਤ । ਪ੍ਰਭ ਅਬਿਨਾਸ਼ੀ ਏਕਾ ਏਕ, ਬੈਠਾ ਰਹੇ ਸਦ ਇਕਾਂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਸਰਨ ਇਕ ਰਘੁਨਾਥ । ਏਕਾ ਨਾਤਾ ਦੇਵੇ ਗੰਢ । ਸਾਚਾ ਨਾਮ ਚਾਰ ਵਰਨ ਪ੍ਰਭ ਦੇਵੇ ਵੰਡ । ਸ਼ਬਦ ਪਵਣ ਪਵਣ ਸ਼ਬਦ ਏਕਾ ਰੂਪ ਆਪ ਸਮਾਏ, ਆਪ ਚਲਾਏ ਵਿਚ ਨਵ ਖੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਬੈਠਾ ਦੇ ਕਰ ਕੰਡ । ਖੰਡ ਬ੍ਰਹਿਮੰਡ ਵਰਭੰਡ, ਏਕਾ ਸ਼ਬਦ ਲਾਏ ਡੰਡ । ਨਾ ਕੋਈ ਪੂਜੇ ਕਰੀਰ ਜੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਜੋਤ ਵਰਤਾਏ ਵਿਚ ਵਰਭੰਡ । ਵਰਭੰਡੀ ਦੁਸ਼ਟਾਂ ਦੰਡੀ, ਆਪ ਮਿਟਾਏ ਭਰਮ ਭੁਲੇਖੇ ਜੀਵ ਘਮੰਡੀ । ਆਤਮ ਹੋਈ ਕਲਜੁਗ ਰੰਡੀ । ਏਕਾ ਸ਼ਬਦ ਸੋਹੰ ਪ੍ਰਭ ਹੱਥ ਉਠਾਏ ਚੰਡੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਕਰੇ ਵਰਭੰਡੀ । ਕਰੇ ਖੇਲ ਹੋਏ ਮੇਲ ਸੱਜਣ ਸੁਹੇਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਨ ਜੋਤ ਲਗਾਏ ਸ੍ਰਿਸ਼ਟ ਸਬਾਈ ਬਿਨ ਬਾਤੀ ਬਿਨ ਤੇਲ । ਸਚ ਸ਼ਬਦ ਸਚ ਫ਼ਰਮਾਣਾ । ਪੂਰਨ ਜੋਤ ਹਰਿ ਭਗਵਾਨਾ । ਗੁਰਮੁਖ ਸਾਚੇ ਸਦ ਸੁਖ ਹੇਤ, ਸੋਹੰ ਸਾਚਾ ਰਸਨਾ ਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਆਪਣਾ; ਖੇਲ ਰਚਾਨਾ । ਪੰਚਮ ਜੇਠ ਵਰਤੇ ਵਰਭੰਡ । ਜਗੇ ਜੋਤ ਵਿਚ ਨਵ ਖੰਡ । ਹੋਏ ਪਰਕਾਸ਼ ਵਿਚ ਬ੍ਰਹਿਮੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦੇਵੇ ਆਤਮ ਡੰਡ । ਪੰਚਮ ਜੇਠ ਹੋਏ ਵਿਹਾਰਾ । ਸਤਿਜੁਗ ਸਾਚੇ ਖੇਲ ਅਪਾਰਾ । ਵਰਤੇ ਵਰਤਾਵੇ ਵਿਚ ਸੰਸਾਰਾ । ਬਣਾਵੇ ਢਾਹਵੇ ਜਗਾਵੇ ਬੁਝਾਵੇ ਦੀਪਕ ਜੋਤੀ ਜੋਤ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਆਪਣੇ ਸੀਸ ਧਰੇ ਦਸਤਾਰਾ । ਹਰਿ ਜਗਦੀਸ ਗੁਰਸਿਖਾਂ ਕਰੇ ਪਿਆਰਾ । ਮੇਟ ਵਖਾਏ ਬੀਸ ਇਕੀਸ, ਲਿਖਤ ਲਿਖਾਏ ਅਪਰ ਅਪਾਰਾ । ਛਤਰ ਝੁੱਲੇ ਨਿਹਕਲੰਕ ਤੇਰੇ ਸੀਸ, ਸ੍ਰਿਸ਼ਟ ਸਬਾਈ ਚਰਨ ਭਿਖਾਰਾ । ਕੋਈ ਨਾ ਕਰੇ ਪ੍ਰਭ ਸਾਚੇ ਦੀ ਰੀਸ, ਰਾਜੇ ਰਾਣੇ ਚਲ ਆਇਣ ਦਵਾਰਾ । ਬੇਮੁਖ ਜਾਇਣ ਪੀਸ, ਕਲਜੁਗ ਅੰਤਮ ਹੋਏ ਖੁਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਵਰਤੇ ਵਰਤਾਵੇ ਵਿਚ ਸੰਸਾਰਾ । ਸੰਸਾਰੀ ਵਿਹਾਰੀ

ਗਿਰਧਾਰੀ ਸ੍ਰਿਸ਼ਟ ਸਬਾਈ ਪਾਸਾ ਹਾਰੀ । ਗੁਰਸਿਖ ਸਾਚਾ ਤਰੇ ਸਾਚੀ ਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਧਰੇ ਨਿਹਕਲੰਕ ਨਿਰੰਜਣ ਨਰ ਅਵਤਾਰੀ । ਜੋਤ ਨਿਰੰਜਣ ਰੰਗ ਅਪਾਰਾ । ਜੋਤ ਨਿਰੰਜਣ ਗੁਰਮੁਖ ਵਿਰਲਾ ਪਾਵੇ ਸਾਰਾ । ਜੋਤ ਨਿਰੰਜਣ ਗੁਰਸਿਖਾਂ ਦੇਵੇ ਆਤਮ ਜੋਤ ਅਧਾਰਾ । ਜੋਤ ਨਿਰੰਜਣ ਸੋਹੰ ਦੇਵੇ ਸਾਚਾ ਸ਼ਬਦ ਵਿਚ ਮਾਤ ਕਰੇ ਵਰਤਾਰਾ । ਜੋਤ ਨਿਰੰਜਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਅੰਤ ਏਕਾ ਏਕ ਓਅੰਕਾਰਾ । ਜੋਤ ਨਿਰੰਜਣ ਹਰਿ ਕਾ ਭੇਖ । ਜੋਤ ਨਿਰੰਜਣ ਗੁਰਸਿਖ ਸਾਚੇ ਨੇਤਰ ਪੇਖ । ਜੋਤ ਨਿਰੰਜਣ, ਮਸਤਕ ਸਾਚਾ ਲੇਖ । ਜੋਤ ਨਿਰੰਜਣ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸਾਚਾ ਰਿਹਾ ਵੇਖ । ਰਾਓ ਰੰਕ ਇਕ ਦਰਬਾਰ । ਰਾਓ ਰੰਕ ਇਕ ਕਰਤਾਰ । ਰਾਓ ਰੰਕ ਇਕ ਸਰਕਾਰ । ਰਾਓ ਰੰਕ ਇਕ ਵਿਹਾਰ । ਰਾਓ ਰੰਕ ਇਕ ਜੋਤ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਦੇਵੇ ਸੋਹੰ ਸ਼ਬਦ ਖੁਮਾਰ । ਰਾਓ ਰੰਕ ਇਕ ਦਵਾਰਾ । ਰਾਓ ਰੰਕ ਇਕ ਭੰਡਾਰਾ । ਰਾਓ ਰੰਕ ਇਕ ਵਰਤਾਰਾ । ਰਾਓ ਰੰਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਕਰਾਏ ਆਪਣੇ ਚਰਨ ਪਿਆਰਾ । ਰਾਓ ਰੰਕ ਇਕ ਧਾਰ । ਰਾਓ ਰੰਕ ਇਕ ਵਿਚਾਰ । ਰਾਓ ਰੰਕ ਇਕ ਸੰਗ ਸਾਚਾ ਚਰਨ ਪਿਆਰ । ਰਾਓ ਰੰਕ ਇਕ ਥਾਨ ਬੰਕ ਇਕ ਸ਼ਬਦ ਅਧਾਰ । ਰਾਓ ਰੰਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸੀ ਪੁਰੀ ਘਨਕ ਸੋਹੰ ਸ਼ਬਦ ਦੇਵੇ ਸਰਬ ਸੰਸਾਰ । ਰਾਓ ਰੰਕ ਉਧਾਰੇ । ਜਨ ਭਗਤ ਜੋਤ ਉਜਿਆਰੇ । ਪੂਰਬ ਕਰਮ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਪਾਵੇ ਸਾਰੇ । ਰਾਓ ਰੰਕ ਆਪ ਅਧਾਰਾ । ਚਾਰ ਵਰਨ ਇਕ ਦਵਾਰਾ । ਸੋਹੰ ਸ਼ਬਦ ਹਰਿ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਗਿਰਧਾਰਾ । ਰਾਓ ਰੰਕ ਆਏ ਦਰ ਚਰਨ ਸਰਨ ਲਾਗ ਜਾਏ ਤਰ । ਆਪ ਚੁਕਾਏ ਜਮ ਕਾ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਧਰ । ਰਾਓ ਰੰਕ ਏਕਾ ਰੰਗ । ਰਾਓ ਰੰਕ ਏਕਾ ਸੰਗ । ਰਾਓ ਰੰਕ ਦਰ ਘਰ ਮੰਗੇ ਏਕਾ ਸਾਚੀ ਮੰਗ । ਰਾਓ ਰੰਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਅੰਤ ਸਦਾ ਵਸੇ ਅੰਗ ਸੰਗ । ਅੰਗ ਸੰਗ ਸਦਾ ਸੁਹੇਲਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਆਪ ਕਰਾਏ ਵਿਛੜਿਆਂ ਕਲ ਮੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪ ਲਗਾਵੇ ਇਕ ਧਕੇਲਾ । ਸ੍ਰਿਸ਼ਟ ਸਬਾਈ ਇਕ ਧਕੇਲ । ਸ਼ੌਹ ਦਰਿਆਏ ਬੇੜਾ ਜਾਏ ਠੇਲ । ਜਨ ਭਗਤਾਂ ਕਰਾਏ ਆਪਣਾ ਮੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਦਾ ਸੁਹੇਲ । ਆਤਮ ਦੇਵੇ ਧੀਰ ਧਿਆਨਾ । ਗੁਰਸਿਖ ਲੇਵੇ ਚਤੁਰ ਸੁਜਾਨਾ । ਸੋਹੰ ਲਾਏ ਸਾਚਾ ਬਾਣਾ । ਏਕਾ ਸ਼ਬਦ ਸੁਣਾਏ ਕਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧੂੜ ਸਾਚਾ ਇਸ਼ਨਾਨਾ । ਚਰਨ ਧੂੜ ਸਾਚਾ ਇਸ਼ਨਾਨ । ਆਤਮ ਉਪਜੇ ਬ੍ਰਹਮ ਗਿਆਨ । ਦੇਵੇ ਦਰਸ ਗੁਣਵੰਤ ਗੁਣ ਗੁਣੀ ਨਿਧਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ । ਸਰਬ ਜੀਆਂ ਹਰਿ ਆਪ ਪਛਾਣੇ । ਖੋਟੇ ਖਰੇ ਆਪੇ ਜਾਣੇ । ਜੋ ਜਨ ਆਏ ਦਰੇ, ਸੋਹੰ ਦੇਵੇ ਨਾਮ ਨਿਧਾਨੇ । ਆਪ ਵਸਾਏ ਸਾਚੇ ਘਰੇ, ਜਿਥੇ ਵਸੇ ਆਪ ਭਗਵਾਨੇ । ਨਾ ਉਹ ਜਨਮੇ ਨਾ ਉਹ ਮਰੇ, ਚਰਨ ਲਾਗ ਗੁਰਸਿਖ ਤਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਮਹਾਨੇ । ਚਰਨ ਲਾਗ ਜਾਓ ਤਰ । ਪ੍ਰਭ ਅਬਿਨਾਸ਼ੀ ਕਿਰਪਾ ਦੇਵੇ ਕਰ । ਅਵਤਾਰ ਨਰ ਨਰਾਇਣ

ਦੇਵੇ ਸਾਚਾ ਵਰ । ਬੇਮੁਖਾ ਅੰਤਕਾਲ ਕਲ ਆਵੇ ਡਰ । ਗੁਰਸਿਖਾਂ ਮਿਲਿਆ ਪ੍ਰਭ ਸਾਚਾ ਹਰਿ । ਹਰਿ ਘਰ ਸਾਚਾ ਦੇਵੇ ਵਰ । ਖਾਲੀ ਭੰਡਾਰੇ ਦੇਵੇ ਭਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ । ਕਿਰਪਾ ਕਰੇ ਆਪ ਗਿਰਧਾਰਾ । ਸੋਹੰ ਦੇਵੇ ਨਾਮ ਭੰਡਾਰਾ । ਦੇਵਣਹਾਰ ਇਕ ਕਰਤਾਰਾ । ਕੋਟਨ ਕੋਟ ਖੜੇ ਦਵਾਰਾ । ਦਿਵਸ ਰੈਣ ਦੋਏ ਜੋੜ ਕਰਨ ਚਰਨ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮੰਗਣ ਸਚ ਦਵਾਰਾ । ਏਕਾ ਦਰ ਏਕਾ ਵਰ, ਤੀਨ ਲੋਕ ਏਕਾ ਆਕਾਰ । ਤੀਨ ਲੋਕ ਇਕ ਸਿਕਦਾਰ । ਤੀਨ ਲੋਕ ਇਕ ਭੰਡਾਰ । ਤੀਨ ਲੋਕ ਏਕਾ ਜੋਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਡ ਦਾਤਾ ਵਡ ਸਿਕਦਾਰ । ਏਕਾ ਜੋਤ ਏਕਾ ਕੰਤ । ਤੀਨ ਲੋਕ ਹਰਿ ਵਰਤੰਤ । ਸ਼ਬਦ ਸਰੂਪੀ ਸ੍ਰਿਸ਼ਟ ਸਬਾਈ ਦੇਵੇ ਸੋਹੰ ਸਾਚਾ ਮੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਮਹਿੰਮਾ ਜਗਤ ਅਗਣਤ । ਆਤਮ ਧਰ ਹਰਿ ਭਗਵਾਨਾ । ਸਾਚਾ ਘਰ ਜੋਤ ਮਹਾਨਾ । ਏਕਾ ਦਰ ਸਾਚਾ ਹਰਿ ਆਪੇ ਰੱਖੇ ਇਕ ਟਿਕਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਭੇਵ ਖੁਲ੍ਹਾਣਾ । ਏਕਾ ਹਰਿ ਏਕਾ ਓਟ । ਆਤਮ ਕੱਢੇ ਪਾਪਾਂ ਖੋਟ । ਏਕਾ ਸ਼ਬਦ ਸਾਚੀ ਚੋਟ । ਪ੍ਰਭ ਅਬਿਨਾਸ਼ੀ ਰਸਨਾ ਗਾਵੇ, ਕਦੇ ਨਾ ਆਵੇ ਤੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਾਪ ਉਤਾਰੇ ਕੋਟਨ ਕੋਟ । ਏਕਾ ਸ਼ਬਦ ਸਚ ਧੁਨਕਾਰੀ । ਰੁਣ ਝੁਣ ਰੰਗ ਅਪਾਰੀ । ਖੁੱਲੇ ਸੁੰਨ ਤੁਟੇ ਮੁਨ ਜੋਤ ਹੋਏ ਆਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਅਗੰਮ ਅਪਾਰੀ । ਆਤਮ ਖੁਲ੍ਹੇ ਦਰ ਦਰਵਾਜਾ । ਜਿਥੇ ਵਸੇ ਗਰੀਬ ਨਿਵਾਜਾ । ਅਨਹਦ ਸ਼ਬਦ ਅਨਾਹਤ ਵਾਜਾ । ਸ਼ਬਦ ਧੁਨ ਸਦ ਰਹੇ ਗਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਆਪ ਬਿਲੋਏ ਜਿਸ ਸਾਜਨ ਸਾਜਾ । ਆਤਮ ਦਰ ਆਪ ਖੁਲ੍ਹਾਏ । ਅੰਮ੍ਰਿਤ ਆਤਮ ਸਾਚਾ ਸਰ ਪ੍ਰਭ ਆਪ ਨੁਹਾਏ । ਕਰ ਦਰਸ ਕਲ ਜਾਏ ਤਰ, ਜੋਤ ਸਰੂਪੀ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ । ਸੁਰਤ ਸ਼ਬਦ ਸਚ ਘਰ ਵਾਸ । ਸੁਰਤ ਸ਼ਬਦ ਸਚ ਧਰਵਾਸ । ਸੁਰਤ ਸ਼ਬਦ ਸਚ ਸਵਾਸ । ਸੁਰਤ ਸ਼ਬਦ ਮਾਨਸ ਜਣਾਵੇ ਕਰਾਵੇ ਰਾਸ । ਸੁਰਤ ਸ਼ਬਦ ਗੁਰਸਿਖ ਉਪਜਾਏ ਜਿਉਂ ਚੰਦਨ ਪਰਭਾਸ । ਸੁਰਤ ਸ਼ਬਦ ਇਕ ਰੰਗ ਰੰਗਾਏ, ਆਪ ਕਰਾਏ ਆਪਣਾ ਦਾਸ । ਸੁਰਤ ਸ਼ਬਦ ਸਾਚਾ ਸੰਗ ਨਿਭਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਏਕਾ ਜੋਤ ਕਰੇ ਪਰਕਾਸ਼ । ਸੁਰਤ ਸ਼ਬਦ ਸਚ ਧਿਆਨਾ । ਸੁਰਤ ਸ਼ਬਦ ਗੁਰ ਗੁਰਸਿਖ ਦੇਵੇ ਆਤਮ ਧਰੇ ਹਰਿ ਧਿਆਨਾ । ਸੁਰਤ ਸ਼ਬਦ ਸ਼ਬਦ ਸੁਰਤ ਹਰਿ ਸਾਚਾ ਮੇਲ ਮਿਲਾਨਾ । ਸੁਰਤ ਸ਼ਬਦ ਸ਼ਬਦ ਦੀਪਕ ਜੋਤੀ ਜੋਤ ਜਗਾਣਾ । ਸੁਰਤ ਸ਼ਬਦ ਸ਼ਬਦ ਸੁਰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਨਾਮ ਨਿਸ਼ਾਨਾ । ਸੁਰਤ ਸ਼ਬਦ ਹਰਿ ਆਪ ਦਵਾਏ । ਏਕਾ ਏਕ ਧਿਆਨ ਚਰਨ ਰਖਾਏ । ਸੁਰਤ ਸ਼ਬਦ ਹਰਨ ਫਰਨ ਖੁਲ੍ਹਾਏ । ਸੁਰਤ ਸ਼ਬਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਏ । ਸੁਰਤ ਸ਼ਬਦ ਸੂਤਰ ਧਾਰ । ਸੁਰਤ ਸ਼ਬਦ ਗੁਰਸਿਖ ਦੇਵੇ ਕਰ ਪਿਆਰ । ਗੁਰਸਿਖ ਸਾਚੇ ਰਿਹਾ ਕਰਮ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਨਾਮ ਅਧਾਰ । ਸਾਚਾ ਨਾਮ ਇਕ ਅਧਾਰਾ । ਰਾਖੇ ਮਨ ਹਰਿਆ ਤਨ ਮਿਟਿਆ ਜਨ ਸੁਣਿਆ ਕੰਨ ਸੋਹੰ ਸ਼ਬਦ ਅਪਾਰਾ । ਨਾ ਲੱਗੇ ਸੰਨ੍ਹ, ਸਾਚੀ ਵਸਤ ਹਰਿ ਥਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਬਦ ਦੇਵੇ ਸਾਚੀ


੪੩੯
੦੨

ਧੁਨਕਾਰਾ । ਸਾਚੀ ਧੁਨ ਖੋਲ੍ਹੇ ਸੁੰਨ, ਗੁਰਮੁਖ ਦਰ ਟੁੱਟੇ ਮੁਨ, ਕਵਣ ਜਾਣੇ ਹਰਿ ਸਾਚੇ ਗੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਬਹਾਏ ਘਰ ਸਾਚੀ ਥਾਏਂ, ਅੰਤ ਪਕੜੇ ਬਾਂਹੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪੁਕਾਰ ਸੁਣ । ਸਚ ਸ਼ਬਦ ਧੀਰਜ ਸੰਤੋਖ । ਅੰਤਮ ਦੇਵੇ ਮੋਖ । ਆਤਮ ਤ੍ਰਿਸ਼ਨਾ ਮਿਟੇ ਭੋਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਫਲ ਕਰਾਏ ਮਾਤ ਕੋਖ । ਸ਼ਬਦ ਰੰਗ ਗੁਰਸਿਖ ਜਾਣ । ਸਾਚਾ ਸੰਗ ਇਕ ਭਗਵਾਨ । ਸਾਚੀ ਮੰਗ ਪ੍ਰਭ ਦਰ ਮੰਗ ਨਾਮ ਨਿਧਾਨ । ਹੋਏ ਸਹਾਈ ਅੰਗ ਸੰਗ ਦੇਵੇ ਜੋਤ ਆਤਮ ਮਹਾਨ । ਮਾਨਸ ਜਨਮ ਨਾ ਹੋਏ ਭੰਗ, ਲੱਖ ਚੁਰਾਸੀ ਵਿਚ ਸੁਲਤਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਚ ਸ਼ਬਦ ਦੇਵੇ ਦਾਨੀ ਦਾਨ । ਦਾਨੀ ਦਾਨ ਆਪ ਵਡ ਦਾਤਾ । ਸਰਬ ਜੀਆਂ ਕਾ ਆਪੇ ਗਿਆਤਾ । ਪੂਰਨ ਪੁਰਖ ਬਿਧਾਤਾ । ਸ੍ਰਿਸ਼ਟ ਸਬਾਈ ਲੇਖ ਲਿਖਾਤਾ । ਆਤਮ ਸਾਚਾ ਰੰਗ ਚੜ੍ਹਾਤਾ । ਕੱਟੇ ਭੁੱਖ ਨੰਗ, ਏਕਾ ਦੇਵੇ ਸਚ ਸੁਖ ਦਾਤਾ । ਸਚ ਸ਼ਬਦ ਆਤਮ ਚੜ੍ਹਾਏ ਕੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋ ਜਨ ਦਰ ਹੋਏ ਮੰਗ ਮੰਗਾਤਾ । ਦਰ ਮੰਗਣਾ ਮੂਲ ਨਾ ਸੰਗਣਾ । ਆਤਮ ਸਾਚਾ ਰੰਗਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਤਨ ਪਹਿਨਾਏ ਸੋਹੰ ਸਾਚਾ ਕੰਗਣਾ । ਅੰਮ੍ਰਿਤ ਵਰਖੇ ਸਾਚੀ ਧਾਰ । ਗੁਰ ਸੰਗਤ ਪ੍ਰਭ ਕਰੇ ਪਿਆਰ । ਆਤਮ ਤ੍ਰਿਖਾ ਦੇਵੇ ਨਿਵਾਰ । ਸਾਚੀ ਭੁੱਖ ਗੁਰ ਸ਼ਬਦ ਅਧਾਰ । ਸਾਚੀ ਸਿਖਿਆ ਗੁਰ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਮੁਖ ਚੁਆਏ ਦੁਖ ਰੋਗ ਦੇਵੇ ਨਿਵਾਰ । ਕਾਇਆ ਦੁਖ ਆਤਮ ਇਕਾਂਤੀ । ਆਤਮ ਬੂੰਦ ਦੇਵੇ ਅੰਮ੍ਰਿਤ ਸਵਾਂਤ ਸਵਾਂਤੀ । ਕਾਇਆ ਅਗਨ ਪ੍ਰਭ ਸ਼ਬਦ ਬੁਝਾਈ, ਲੱਗੇ ਲਗਨ ਦਿਵਸ ਰੈਣ ਮਗਨ, ਆਤਮ ਦੀਪਕ ਹੋਏ ਪਰਕਾਸ਼ ਵਿਚ ਮਾਤੀ । ਸੋਹੰ ਸ਼ਬਦ ਪ੍ਰਭ ਸਾਚਾ ਮੁਖ ਲਗਾਏ ਸਗਨ, ਦੇਵੇ ਦਰਸ ਸੁੱਤਿਆਂ ਰਾਤੀ । ਬੈਠਾ ਰਹੇ ਤੇਰੇ ਵਿਚ ਇਕਾਂਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸਵਾਸ ਸਵਾਸੀ । ਹਰਿ ਪ੍ਰਭ ਸਾਚਾ ਹੋਏ ਵਸ । ਸਾਚਾ ਘਰ ਸੋਹੰ ਸ਼ਬਦ ਤੀਰ ਚਲਾਏ ਕਸ । ਬਜਰ ਕਪਾਟੀ ਦੇਵੇ ਚੀਰ ਆਤਮ ਜੋਤ ਜਗਾਵੇ ਕੋਟ ਰਵ ਸਸ । ਤੇਰੇ ਆਤਮ ਦਰ ਦਵਾਰੇ ਵਸ । ਕੋਈ ਨਾ ਜਾਣੇ ਪੀਰ ਫ਼ਕੀਰ, ਪ੍ਰਭ ਸਾਚਾ ਹੋਇਆ ਕਿਸੇ ਨਾ ਵਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸਚ ਮਾਰਗ ਰਿਹਾ ਦਸ । ਅੰਮ੍ਰਿਤ ਪੀਓ ਨਿਰਮਲ ਜੀਓ, ਗੁਰ ਚਰਨ ਥੀਓ, ਗੁਰਸਿਖ ਸਾਚੇ ਸੰਤ ਰਸਨਾ ਮਦਿ ਸਾਚੀ ਪੀਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਜਾਪ ਜਪਾਏ, ਨਿਰਮਲ ਕਰਾਏ ਜੀਓ । ਜੀਆ ਦਾਨ ਦੇਵੇ ਭਗਵਾਨ । ਭਗਤ ਭਗਵਾਨ ਇਕ ਹੋ ਜਾਣ । ਜੋਤੀ ਜੋਤ ਸਰੂਪ ਇਕ ਰੰਗ ਰੰਗਾਣ । ਵਡ ਭੂਪੀ ਭੂਪ ਵਡ ਦਾਤਾ ਸ਼ਾਹ ਸੁਲਤਾਨ । ਬਿਨ ਰੰਗ ਰੂਪ ਨਾ ਜਾਣੇ ਜੀਵ ਅੰਞਾਣ । ਸ੍ਰਿਸ਼ਟ ਸਬਾਈ ਹੋਏ ਅੰਧ ਕੂਪੀ, ਗੁਰਮੁਖ ਵਿਰਲੇ ਚਤੁਰ ਸੁਜਾਨ । ਪ੍ਰਭ ਸਾਚਾ ਦਿਸੇ ਸਤਿ ਸਰੂਪੀ, ਏਕਾ ਜੋਤ ਜਗੇ ਮਹਾਨ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਵਿਸ਼ਨੂੰ ਭਗਵਾਨ । ਅੰਮ੍ਰਿਤ ਪੀਓ ਸਾਚਾ ਸੀਰ । ਦੂਈ ਦਵੈਤ ਦੇਵੇ ਚੀਰ । ਏਕਾ ਸ਼ਬਦ ਪਿਲਾਏ ਸਾਚਾ ਨੀਰ । ਗੁਰਸਿਖ ਆਤਮ ਆਪ ਬੰਧਾਏ ਪ੍ਰਭ ਸਾਚਾ ਸਾਚੀ ਧੀਰ । ਚਰਨ ਧੂੜ ਜਨ ਸਾਚਾ ਨਹਾਏ, ਹਉਮੇ ਕੱਢੇ ਪ੍ਰਭ ਆਤਮ ਪੀੜ । ਸੋਹੰ ਜਨ ਰਸਨਾ ਗਾਏ, ਆਪ ਪਹਿਨਾਏ ਬੰਧਾਏ ਸਿਰ ਸਾਚਾ ਚੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਗੁਰਸਿਖਾਂ ਸਾਚਾ ਦਸਤਗੀਰ । ਦਸਤਗੀਰ ਧੁਰ ਦਰਗਹਿ । ਜਿਥੇ


੪੪੦ ੦੨

ਵਸੇ ਬੇਪਰਵਾਹ । ਸਾਚਾ ਧਾਮ ਸਾਚਾ ਰਾਮ ਜਗੇ ਜੋਤ ਕੋਈ ਜਾਣੇ ਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ ਵਸੇ ਸਾਚੇ ਥਾਂ । ਸਾਚਾ ਧਾਮ ਸਚ ਕਰ ਜਾਣ । ਜੀਵ ਜੰਤ ਨਾ ਕਰੇ ਕੋਈ ਪਛਾਣ । ਓਥੇ ਹੋਏ ਨਾ ਕਦੇ ਸੁੰਞ ਮਸਾਣ । ਆਦਿ ਜੁਗਾਦਿ ਜੁਗੋ ਜੁਗ ਏਕਾ ਜੋਤ ਜਗੇ ਬਲੀ ਬਲਵਾਨ । ਜਿਨ ਮਿਲਿਆ ਹਰਿ ਸਾਚਾ ਕੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਭੋਗ ਲਗਾਏ ਹਰਿ ਘਰ ਮੰਦਰ । ਕਾਇਆ ਕੋਟ ਤੁੜਾਏ ਆਤਮ ਜੰਦਰ । ਸਾਚੀ ਜੋਤ ਜਗਾਏ ਵਿਚ ਅੰਧੇਰ ਕੰਦਰ । ਬੇਮੁਖ ਜੀਵ ਦਰ ਦਰ ਫਿਰਾਏ, ਫਿਰਨ ਜਿਉਂ ਬੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਗੁਰਸਿਖਾਂ ਸਦ ਵਸੇ ਅੰਦਰ । ਵਸੇ ਅੰਦਰ ਸਾਚੇ ਅਸਥਾਨ । ਸਾਚੀ ਜੋਤ ਹਰਿ ਭਗਵਾਨ । ਦੁਰਮਤ ਮੈਲ ਜਾਏ ਧੋਤ, ਕਿਰਪਾ ਕਰੇ ਗੁਣ ਨਿਧਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਤੋੜੇ ਸਰਬ ਅਭਿਮਾਨ । ਆਤਮ ਵਿਕਾਰ ਵੇਖ ਵਿਚਾਰ, ਮਾਰੇ ਸ਼ਬਦ ਕਟਾਰ, ਦੇਵੇ ਭਰਮ ਭਉ ਨਿਵਾਰ । ਸਾਚੀ ਜੋਤ ਕਰੇ ਅਕਾਰ । ਜੋ ਜਨ ਆਏ ਚਰਨ ਕਰੇ ਨਿਮਸਕਾਰ । ਵਰ ਘਰ ਸਾਚਾ ਪਾਵੇ, ਵਸੇ ਵਿਚ ਦਰਬਾਰ । ਅੰਮ੍ਰਿਤ ਆਤਮ ਤੀਰਥ ਨਹਾਏ, ਝੂਠੀ ਮੈਲ ਦੇਵੇ ਉਤਾਰ । ਸੋਹੰ ਸ਼ਬਦ ਰਸਨਾ ਗਾਏ, ਬਾਂਹੋਂ ਪਕੜ ਪ੍ਰਭ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਦੇ ਨਿਵਾਰ । ਭਰਮ ਭੁਲੇਖਾ ਦੇਵੇ ਕੱਢ । ਆਤਮ ਹੰਕਾਰ ਜਨ ਦੇਵੇ ਛੱਡ । ਦਰ ਦਵਾਰ ਮੰਗੇ ਦੋਵੇਂ ਹੱਥ ਅੱਡ । ਆਤਮ ਜੋਤ ਕਰੇ ਅਕਾਰ ਵਿਚ ਅੰਧੇਰੀ ਖੱਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੇਵੇ ਅਧਾਰ, ਸੋਹੰ ਬੀਜ ਆਤਮ ਬੀਜ ਅੱਗੇ ਲੈਣਾ ਵੱਢ । ਸੋਹੰ ਸਾਚਾ ਬੀਜ ਬਿਜਾਣਾ । ਗੁਰਮੁਖ ਸੋਇਆ ਆਪ ਜਗਾਣਾ । ਆਪ ਆਪਣੀ ਸਰਨ ਲਗਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਰਸ ਦਿਖਾਣਾ । ਦੁਖ ਰੋਗ ਪ੍ਰਭ ਦੇਵੇ ਨਿਵਾਰ । ਆਪੇ ਪਾਵੇ ਦਰ ਆਇਆ ਸਾਰ । ਸਾਚਾ ਦਰ ਦਵਾਰ ਜਨ ਮੰਗਣ ਬਣ ਭਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਜਪਾਏ, ਗੁਰਮੁਖਾ ਕਰ ਪਿਆਰ । ਗੁਰਸਿਖ ਸਾਚਾ ਮੰਗੇ ਦਰਸ ਭਿੱਖ । ਆਤਮ ਉਤਾਰੇ ਪ੍ਰਭ ਤ੍ਰਿਸ਼ਨਾ ਤ੍ਰਿਖ । ਕਲਜੁਗ ਨਾ ਲੱਗੇ ਮਾਇਆ ਦੁੱਖ, ਸਾਚਾ ਲੇਖ ਪ੍ਰਭ ਜਾਏ ਲਿਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਣ ਦਵਾਏ ਗੁਰਸਿਖ ਵਿਚ ਵਡ ਵਡ ਮੁਨ ਰਿਖ । ਆਤਮ ਧਰ ਧਿਆਨ, ਦਰ ਆਇਆ ਲਏ ਪਛਾਣ, ਆਤਮ ਰੋਗ ਲੱਗੇ ਦੁਖ ਭਾਰ । ਤੋੜੇ ਮਾਣ ਅਭਿਮਾਨ, ਏਕਾ ਰੰਗ ਰੰਗਾਏ ਬਿਰਧ ਬਾਲ । ਅਚਰਜ ਖੇਲ ਹਰਿ ਰਚਾਏ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਪਾਵੇ ਜੋ ਜਨ ਮੰਗੇ ਬਣ ਭਿਖਾਰ । ਮੰਗੇ ਦਰ ਹੋਏ ਭਿਖਾਰੀ । ਦੇਵੇ ਵਰ ਵਡ ਸੰਸਾਰੀ । ਜਾਓ ਤਰ ਹਰਿ ਚਰਨ ਨਿਮਸਕਾਰੀ । ਆਪ ਖੁਲ੍ਹਾਏ ਆਤਮ ਦਰ, ਸਾਚੀ ਲਾਏ ਜਿਥੇ ਤਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਬਹੱਤਰ ਨਾੜੀ । ਜੀਆਂ ਦਾਨ ਜੋਤ ਅਧਾਰ । ਆਪੇ ਰਿਹਾ ਪਸਰ ਪਸਾਰ । ਕਾਇਆ ਦੇ ਰਕਤ ਬੂੰਦ ਉਸਾਰ । ਸਾਚੀ ਸ਼ਕਤ ਧਰੇ ਜੋਤ ਅਪਾਰ । ਆਏ ਵਕ਼ਤ ਪ੍ਰਭ ਸਾਚਾ ਜਾਏ ਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬੇੜਾ ਲਾਏ ਪਾਰ । ਸੁਣੇ ਪੁਕਾਰ ਪ੍ਰਭ ਸਾਚਾ ਮੀਤਾ । ਗੁਰ ਚਰਨ ਪ੍ਰੀਤੀ ਗੁਰਸਿਖ ਰਖਾਏ ਚੀਤਾ । ਪਰਖੇ ਨੀਤੀ ਜੀਆ ਦਾਨ ਪ੍ਰਭ ਸਾਚੇ ਦੀਤਾ । ਅੰਤਮ ਔਧ ਘਟ ਬੀਤੀ, ਕਿਰਪਾ ਕਰ ਪ੍ਰਭ ਕਰੇ ਫੇਰ ਸੁਰਜੀਤਾ । ਕਾਇਆ ਹੋਏ ਸੀਤਲ ਸੀਤੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ

ਸ਼ਬਦ ਸੁਣਾਏ ਸਾਚੀ ਗੀਤਾ । ਵੇਲਾ ਅੰਤਮ ਆਤਮ ਕੰਧ । ਆਪ ਕਟਾਏ ਜਮ ਕਾ ਫੰਦ । ਦੁਖ ਰੋਗ ਮਿਟਾਏ, ਸੋਹੰ ਜਪਾਏ ਵਿਚ ਬੱਤੀ ਦੰਦ । ਕਾਇਆ ਕੋਹੜ ਹਟਾਏ, ਸੁਖੀ ਕਰਾਏ ਬੰਦ ਬੰਦ । ਟੁੱਟੀ ਗੰਢ ਵਖਾਏ, ਗੁਰਮੁਖ ਉਪਜਾਏ ਆਤਮ ਪਰਮਾਨੰਦ । ਬੇੜਾ ਬੰਨ੍ਹ ਤਰਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਘਰ ਚੜ੍ਹਾਏ ਸਾਚ ਚੰਦ । ਸਚ ਚੰਦ ਸਚ ਚੰਦਰਾਇਣ । ਕਿਰਪਾ ਕਰੇ ਆਪ ਨਰਾਇਣ ਦਰ ਘਰ ਸਾਚੇ ਗੁਰਮੁਖ ਸਾਚੇ ਸਦ ਰਹਿਣ । ਆਤਮ ਚੜ੍ਹਾਏ ਸਾਚਾ ਰੰਗ, ਸਾਚਾ ਸੁਖ ਵਿਚ ਮਾਤ ਦੇ ਲੈਣ । ਹੋਏ ਸਹਾਈ ਸਦਾ ਅੰਗ ਸੰਗ, ਮਹਾਰਾਜ ਸ਼ੇਰ ਸਿੰਘ ਦਰਸ਼ਨ ਪੇਖਣ ਤੀਜੇ ਨੈਣ । ਕਰ ਦਰਸ ਉਤਰੇ ਭੁੱਖ । ਮਾਤ ਗਰਭ ਨਾ ਹੋਏ ਉਲਟਾ ਰੁੱਖ । ਦਰ ਘਰ ਸਾਚੇ ਮੰਗ ਜੀਵ ਦਾਨ ਦੇਵੇ ਪ੍ਰਭ ਸਾਚਾ ਸੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਫਲ ਕਰਾਏ ਮਾਤ ਕੁੱਖ । ਮਾਤ ਗਰਭ ਆਪ ਕਟਾਇਆ । ਅੰਧ ਅੰਧੇਰ ਦੂਰ ਰਖਾਇਆ । ਹੇਰਾ ਫੇਰਾ ਸਰਬ ਚੁਕਾਇਆ । ਸਾਚਾ ਡੇਰਾ, ਸਿੰਘ ਠਾਕਰ ਗੁਰ ਚਰਨ ਚਾਰੋਂ ਤਰਫ ਪਾਏ ਘੇਰਾ, ਸੋਹੰ ਸ਼ਬਦ ਤੇਰੇ ਗਿਰਦ ਬਹਾਇਆ । ਦੂਤੀ ਦੁਸ਼ਟ ਨਾ ਕੋਈ ਨੇੜੇ ਆਇਆ । ਪ੍ਰਭ ਅਬਿਨਾਸ਼ੀ ਆਪਣਾ ਬਿਰਦ ਰਖਾਇਆ । ਕਲਜੁਗ ਮਿਟਾਏ ਝੂਠਾ ਝੇੜਾ ਜੋਤੀ ਜੋਤ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਤੇਰਾ ਦਾਈ ਦਾਇਆ । ਸਚ ਸਰਨਾਈ । ਗਿਆ ਤਰ ਦਰ ਸੀਸ ਝੁਕਾਈ । ਮੰਗਿਆ ਵਰ ਪ੍ਰਭ ਪੂਰ ਕਰਾਈ । ਅੰਤਕਾਲ ਪ੍ਰਭ ਸਾਚਾ ਲੈ ਜਾਏ ਸਾਚੇ ਘਰ, ਲੱਖ ਚੁਰਾਸੀ ਗੇੜ ਨਾ ਆਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਜੋਤ ਦੇਵੇ ਦਰਸ ਗੁਰਸਿਖਾਂ ਦੇਰ ਨਾ ਲਾਈ । ਨਾ ਦੂਰ ਨਾ ਦੁਰਾਡਾ । ਗੁਰਸਿਖਾਂ ਆਪ ਲਡਾਏ ਗੋਦੀ ਲਾਡਾ । ਪ੍ਰਭ ਅਬਿਨਾਸ਼ੀ ਸਤਿਗੁਰ ਡਾਹਢਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਇਕ ਰਘੁਰਾਈ ਗੁਰਸਿਖਾਂ ਮਾਣ ਰਖਾਏ, ਸਤਿਗੁਰ ਸਾਜਨ ਅਸਾਡਾ । ਸਾਜਨ ਮੀਤ ਉਲਟੀ ਚਲਾਏ ਜਗਤ ਰੀਤ । ਗੁਰਮੁਖ ਕਰੇ ਪਤਤ ਪੁਨੀਤ । ਸਾਚੇ ਘਰ ਹਰਿ ਵਾਸ ਰਖਾਏ, ਏਕ ਜੋਤ ਡਗਮਗਾਏ, ਆਪਣੀ ਸੇਵਾ ਆਪ ਲਗਾਏ ਦਰ ਬੈਠੇ ਸਰਬਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਘਰ ਸਾਚੇ ਬੈਠੇ ਗਾਏ ਗੀਤ । ਗਾਏ ਗੀਤ ਗੋਬਿੰਦ ਰਾਏ । ਚਰਨ ਪ੍ਰੀਤ ਸੇਵ ਕਮਾਏ । ਮਾਨਸ ਜਨਮ ਗਏ ਜਗ ਜੀਤ, ਧਰਮ ਰਾਏ ਨਾ ਦੇ ਸਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਚ ਘਰ ਵਾਸੀ ਬੈਕੁੰਠ ਨਿਵਾਸੀ ਸਚ ਧਾਮ ਰਹਾਏ । ਸਚ ਧਾਮ ਰੰਗ ਅਗੰਮਾ । ਆਪ ਮਿਟਾਏ ਜਗਤ ਭਰਮਾਂ । ਸੁਫਲ ਕਰਾਏ ਮਾਨਸ ਜਨਮਾ । ਜਗਤ ਰਖਾਇਆ ਧੀਰਜ ਧਰਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਰਖਾਏ ਗੁਰਸਿਖ ਤੇਰੀ ਸ਼ਰਮਾ । ਗੁਰ ਗੋਬਿੰਦ ਗੁਰ ਗੋਪਾਲ । ਗੁਰਸਿਖ ਉਠਾਏ ਜਿਉਂ ਗੋਦੀ ਮਾਤਾ ਬਾਲ । ਦਿਵਸ ਰੈਣ ਵਿਚ ਜੋਤੀ ਮਿਲਾਏ ਆਪੇ ਕਰੇ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਤਰਾਏ ਕਲਜੁਗ ਅਨਮੁਲੜਾ ਲਾਲ । ਅਨਮੁਲੜਾ ਲਾਲ ਵਣਜ ਵਪਾਰਾ । ਕੋਈ ਨਾ ਪਾਵੇ ਇਸ ਦੀ ਸਾਰਾ । ਹਿਰਦੇ ਵਸਿਆ ਮੁਰਾਰਾ । ਰਾਹ ਸਾਚਾ ਦੱਸਿਆ ਨਿਹਕਲੰਕ ਦਵਾਰਾ । ਗੁਰਮੁਖ ਆਏ ਘਰ ਸਾਚੇ ਵਸਿਆ, ਜਨਮ ਮਰਨ ਪ੍ਰਭ ਦੋਏ ਸਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੂਰਨ ਜੋਤ ਮਾਤ ਅਵਤਾਰਾ । ਪੂਰਨ ਜੋਤ ਪੂਰਨ ਭਗਵਾਨਾ । ਰਾਉ ਰੰਕ ਇਕ ਰੰਗ ਸਮਾਨਾ । ਥਾਉਂ ਬੰਕ ਸੁਹਾਨਾ । ਸਾਚਾ ਅੰਕ ਸੋਹੰ ਸ਼ਬਦ ਚਲਾਨਾ । ਵਜਾਨਾ ਡੰਕ ਉਠਾਏ ਰਾਉ ਰੰਕ, ਬੈਠੇ ਆਪ ਅਟੰਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨਾ । ਬੈਠੇ ਅਟੰਕ ਵਾਸੀ ਪੁਰੀ ਘਨਕ । ਗੁਰਮੁਖ ਉਠਾਏ ਸ਼ਬਦ ਲਗਾਏ ਤਨਕ । ਗੁਰਸਿਖ ਤਰਾਏ ਜਿਉਂ ਭਗਤ ਜਨਕ । ਆਦਿ ਜੁਗਾਦਿ ਜੁਗੋ ਜੁਗ ਮਾਤ ਜੋਤ ਪਰਗਟਾਏ ਬਾਰ ਅਨਕ । ਅਨਕ ਬਾਰ ਜੋਤ ਪਰਗਟਾਈ । ਚਾਰ ਵੇਦ ਕਥਨ ਨਾ ਜਾਈ । ਅਕਥ ਕਥਾ ਰਹੇ ਕਥਾਈ । ਸਚ ਵਸਤ ਕਿਸੇ ਹੱਥ ਨਾ ਆਈ । ਇੱਕਾ ਅਸਤ ਇਕ ਰਥਵਾਹੀ । ਏਕਾ ਵਸਤ ਸਰਬ ਟਿਕਾਈ । ਬੈਠੇ ਮਸਤ ਸਾਚੀ ਜੋਤ ਡਗਮਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੋੜ ਤੇਤੀਸ ਦਿਵਸ ਰੈਣ ਰਹੇ ਬਿਲਲਾਈ । ਕਰੋੜ ਤੇਤੀਸ ਦੇਵਤ ਸੁਰ । ਮੰਗਣ ਦਰਸ ਹਰਿ ਸਾਚੇ ਘਰ । ਨਾ ਮਿਟੇ ਹਰਸ, ਆਤਮ ਫੁਰਨਾ ਰਿਹਾ ਫੁਰ । ਪ੍ਰਭ ਅਬਿਨਾਸ਼ੀ ਕਰ ਤਰਸ, ਤੇਰੀ ਚਰਨੀ ਗਏ ਜੁਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਮੇਲ ਮਿਲਾਏ ਲਿਖਿਆ ਧੁਰ । ਲਿਖਿਆ ਲੇਖ ਸਚ ਦਰਬਾਰ । ਗੁਰਮੁਖ ਸਾਚੇ ਵੇਖ ਬਾਂਹੋਂ ਪਕੜ ਕਲ ਜਾਏ ਤਾਰ । ਆਪੇ ਕੱਢੇ ਭਰਮ ਭੁਲੇਖਾ, ਸਾਚਾ ਸ਼ਬਦ ਦੇਵੇ ਉਡਾਰ । ਸ੍ਰਿਸ਼ਟ ਸਬਾਈ ਵੇਖਾ ਵੇਖੀ, ਗੁਰਮੁਖ ਪੂਰਾ ਕਰੇ ਚਰਨ ਨਿਮਸਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਦੇਵੇ ਕਰਤਾਰ । ਸਾਚਾ ਰੰਗ ਨਾਮ ਚਲੂਲ । ਗੁਰਮੁਖ ਸਾਚੇ ਕਲਜੁਗ ਨਾ ਜਾਣਾ ਭੂਲ । ਪ੍ਰਭ ਅਬਿਨਾਸ਼ੀ ਜੋਤ ਪਰਗਟਾਈ ਹਰਿ ਸਾਚਾ ਕੰਤ ਕੰਤੂਲ । ਸਾਚੇ ਘਰ ਦੇ ਪੁਚਾਈ, ਸਚ ਪੰਘੂੜਾ ਸ਼ਬਦ ਝੂਲ । ਆਤਮ ਵੱਜੇ ਸਚ ਵਧਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੋਹੰ ਦੇਵੇ ਸਾਚਾ ਮੂਲ ।





* * * * *